ਰਾਜਨੀਤੀ ਸ਼ਾਸਤਰ

Political Science

(ਬਾਰ੍ਹਵੀਂ ਸ਼੍ਰੇਣੀ ਲਈ ਪਾਠ-ਪੁਸਤਕ)

J1Z5B8

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ
ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2025-26 ..... 63,789 ਕਾਪੀਆਂ

All rights, including those of translation, reproduction
and annotation etc., are reserved by the
Punjab Government.

ਕੋਆਰਡੀਨੇਟਰ : **ਰਾਮਿੰਦਰ ਜੀਤ ਸਿੰਘ ਵਾਸੂ,**
ਸਹਾਇਕ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. **ਨੋਵਾ ਪਬਲਿਕੇਸ਼ਨਜ਼**, C-51, ਫੋਕਲ ਪੁਆਇੰਟ, ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।

ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਸ਼੍ਰੇਣੀ ਲਈ ਵਿਸ਼ਾ ਰਾਜਨੀਤੀ ਸ਼ਾਸਤਰ ਦੀ ਪਾਠ -ਪੁਸਤਕ ਦਾ ਪਹਿਲਾ ਅੰਕ ਪੇਸ਼ ਕਰਦੇ ਹੋਏ ਮੈਨੂੰ ਅਤਿਅੰਤ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ। ਰਾਸ਼ਟਰੀ ਪਾਠ-ਕ੍ਰਮ ਫ਼ਰੇਮਵਰਕ ਦੀਆਂ ਸਿਫ਼ਾਰਸ਼ਾਂ ਅਨੁਸਾਰ ਵਿਦਿਆਰਥੀਆਂ ਦੀ ਸਕੂਲੀ ਪੜ੍ਹਾਈ ਨੂੰ ਅਸਲ ਜ਼ਿੰਦਗੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਹ ਪਾਠ-ਪੁਸਤਕ ਵਿਦਿਆਰਥੀ ਕੇਂਦਰਿਤ ਸਿੱਖਿਆ ਸਿਧਾਂਤ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ ਜੋ ਵਿਦਿਆਰਥੀਆਂ ਲਈ 'ਪੁਸਤਕ ਅਧਾਰਤ ਸਿੱਖਿਆ ਦੀ ਪਰੰਪਰਾ ਤੋਂ ਗਤੀਵਿਧੀ ਅਧਾਰਤ ਸਿੱਖਿਆ' ਵੱਲ ਵਧਣ ਦਾ ਇੱਕ ਅਗਾਂਹਵਧੂ ਕਦਮ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਿਆਰ ਕੀਤੀ ਗਈ ਇਸ ਪਾਠ-ਪੁਸਤਕ ਦੇ ਪਾਠ-ਕ੍ਰਮ ਵਿੱਚ ਤੁਲਨਾਤਮਕ ਰਾਜਨੀਤੀ, ਰਾਜਨੀਤਕ ਵਿਚਾਰਧਾਰਾਵਾਂ, ਭਾਰਤ ਤੇ ਪੰਜਾਬ ਦੀਆਂ ਰਾਜਨੀਤਕ ਪ੍ਰਕਿਰਿਆਵਾਂ ਅਤੇ ਭਾਰਤ ਤੇ ਵਿਸ਼ਵ ਦੀ ਰਾਜਨੀਤੀ ਆਦਿ ਵਿਸ਼ੇ ਸ਼ਾਮਲ ਕੀਤੇ ਗਏ ਹਨ।

ਹੱਥਲੀ ਪਾਠ-ਪੁਸਤਕ ਲਈ ਕੀਤੇ ਯਤਨਾਂ ਦੀ ਸਫ਼ਲਤਾ ਬਹੁਤ ਹੱਦ ਤੱਕ ਸਕੂਲ ਮੁਖੀਆਂ ਅਤੇ ਅਧਿਆਪਕਾਂ 'ਤੇ ਨਿਰਭਰ ਕਰਦੀ ਹੈ ਜੋ ਵਿਦਿਆਰਥੀਆਂ ਨੂੰ ਸਵੈ-ਅਧਿਐਨ ਅਤੇ ਰਚਨਾਤਮਕ ਰੁਚੀਆਂ ਉਜਾਗਰ ਕਰਨ ਲਈ ਪ੍ਰੇਰਿਤ ਕਰਨਗੇ ਤਾਂ ਜੋ ਉਹਨਾਂ ਅੰਦਰ ਰਚਨਾਤਮਕਤਾ ਦੇ ਗੁਣ ਉਤਪੰਨ ਹੋ ਸਕਣ। ਬੋਰਡ ਦੀ ਇਹ ਪਹਿਲਕਦਮੀ ਤਾਂ ਹੀ ਲੋੜੀਂਦੇ ਮੰਤਵ ਤੱਕ ਪੁੱਜ ਸਕੇਗੀ ਜੇਕਰ ਅਸੀਂ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਪ੍ਰਾਪਤ ਕਰਨ ਦੇ ਨਾਲ-ਨਾਲ ਅਧਿਆਪਨ- ਸਿੱਖਣ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਹਿੱਸੇਦਾਰ ਬਣਾ ਸਕੀਏ। ਪਾਠ-ਪੁਸਤਕ ਦੀ ਸਾਰਥਕਤਾ ਅਧਿਆਪਨ ਤੋਂ ਇਲਾਵਾ ਮੁਲਾਂਕਣ ਵਿਧੀ 'ਤੇ ਵੀ ਨਿਰਭਰ ਕਰੇਗੀ ਜੋ ਸਕੂਲ ਪੱਧਰ 'ਤੇ ਵਿਦਿਆਰਥੀਆਂ ਦੀ ਸਿੱਖਣ ਪ੍ਰਕਿਰਿਆ ਨੂੰ ਬੋਝਲ ਅਤੇ ਉਦਾਸੀਨ ਬਨਾਉਣ ਦੀ ਥਾਂ 'ਤੇ ਖੁਸ਼ਗਵਾਰ ਅਤੇ ਵਿਹਾਰਕ ਬਣਾਏਗੀ। ਪਾਠ-ਪੁਸਤਕ ਨੂੰ ਮਨੋਰੰਜਕ ਬਨਾਉਣ ਲਈ ਚਿੱਤਰਾਂ, ਰੌਚਕ ਉਦਾਹਰਨਾਂ ਅਤੇ ਗਤੀਵਿਧੀਆਂ ਆਦਿ ਨੂੰ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪਾਠ-ਪੁਸਤਕ ਨੂੰ ਤਿਆਰ ਕਰਨ ਲਈ ਪਾਠ-ਪੁਸਤਕ ਰਚਨਾ ਕਮੇਟੀ ਦੇ ਮੈਂਬਰ ਲੇਖਕਾਂ, ਸੋਧਕਾਂ ਤੇ ਅਨੁਵਾਦਕਾਂ ਵੱਲੋਂ ਕੀਤੇ ਗਏ ਸੁਹਿਰਦ ਯਤਨਾਂ ਦੀ ਭਰਪੂਰ ਸ਼ਲਾਘਾ ਕਰਦਾ ਹੈ ਜਿਨ੍ਹਾਂ ਨੇ ਪਾਠ-ਪੁਸਤਕ ਦੇ ਕਾਰਜ ਨੂੰ ਸੰਪੂਰਨ ਕਰਨ ਵਿੱਚ ਅਣਥੱਕ ਸਹਿਯੋਗ ਦਿੱਤਾ। ਬੋਰਡ ਭਵਿੱਖ ਵਿੱਚ ਪਾਠ-ਪੁਸਤਕ ਦੇ ਸੁਧਾਰ ਲਈ ਟਿੱਪਣੀਆਂ ਅਤੇ ਸੁਝਾਵਾਂ ਦਾ ਸਵਾਗਤ ਕਰਦਾ ਹੈ।

'ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ', ਪੰਜਾਬ।

ਚੇਅਰਮੈਨ,

ਪੰਜਾਬ ਸਕੂਲ ਸਿੱਖਿਆ ਬੋਰਡ।

ਪਾਠ-ਪੁਸਤਕ ਰਚਨਾ ਅਤੇ ਅਨੁਵਾਦ ਕਮੇਟੀ

ਲੇਖਕ :

1. ਪਰਮਿੰਦਰ ਸਿੰਘ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. (ਕੰ.) ਸੀਨੀ. ਸੈਕੰ. ਸਕੂਲ, ਸ਼ਹਿਣਾ।
2. ਸ਼ਿਵ ਸਿੰਘ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਚੌਵਾਸ ਜਖੇਪਲ।
3. ਪਰੁਲ ਸ਼ਰਮਾ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਮੰਡ।
4. ਰਾਜਵੀਰ ਕੌਰ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਕੁੱਲਬੁਰਛਾਂ।
5. ਪਰਮਿੰਦਰ ਸਿੰਘ, ਸਹਾਇਕ ਪ੍ਰੋਫ਼ੈਸਰ (ਰਾਜਨੀਤੀ ਸ਼ਾਸਤਰ), ਸ. ਰਜਿੰਦਰਾ ਕਾਲਜ, ਬਠਿੰਡਾ।
6. ਲਖਵੀਰ ਸਿੰਘ, ਸਹਾਇਕ ਪ੍ਰੋਫ਼ੈਸਰ (ਰਾਜਨੀਤੀ ਸ਼ਾਸਤਰ), ਸ. ਨਹਿਰੂ ਮੈਮੋਰੀਅਲ ਕਾਲਜ, ਮਾਨਸਾ।

ਸੋਧਕ :

1. ਸ਼ਿਵ ਸਿੰਘ ਕਣਕਵਾਲ, ਐਮ. ਏ., ਐਮ. ਫਿਲ (ਰਾਜਨੀਤੀ ਸ਼ਾਸਤਰ) J.R.F. ਪੌਲ ਸਾਇੰਸ।
2. ਪਰੁਲ ਸ਼ਰਮਾ, ਐਮ. ਏ., (ਰਾਜਨੀਤੀ ਸ਼ਾਸਤਰ) ਐਮ. ਐਡ., J.R.F. ਪੌਲ ਸਾਇੰਸ।
3. ਤਜਿੰਦਰ ਸਿੰਘ, ਐਮ. ਐਸ ਸੀ. (ਭੂਗੋਲ), ਐਮ. ਏ., (ਇਤਿਹਾਸ), ਬੀ ਐਡ।
4. ਧਰਮਿੰਦਰ ਸਿੰਘ ਬਨੇਰਾ, ਐਮ. ਏ., ਐਮ. ਫਿਲ (ਰਾਜਨੀਤੀ ਸ਼ਾਸਤਰ) J.R.F. ਪੌਲ ਸਾਇੰਸ।
5. ਲਖਵੀਰ ਸਿੰਘ ਕਨਸੂਹਾ, ਐਮ. ਏ., (ਰਾਜਨੀਤੀ ਸ਼ਾਸਤਰ) ਐਮ. ਐਡ. J.R.F. ਪੌਲ ਸਾਇੰਸ।

ਅਨੁਵਾਦਕ :

ਪੰਜਾਬੀ ਤੋਂ ਅੰਗਰੇਜ਼ੀ

1. ਮਨਜੀਤ ਕੌਰ ਮਾਨ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਰਾਏਸਰ ਪੰਜਾਬ (ਬਰਨਾਲਾ)
2. ਨਵਦੀਪ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਕੋਕਰੀ ਕਲਾਂ (ਮੋਗਾ)
3. ਮੁਹੰਮਦ ਦਾਊਦੇ ਆਲਮ, ਲੈਕਚਰਾਰ (ਰਾਜਨੀਤੀ ਸ਼ਾਸਤਰ), ਮੈਰੀਟੋਰੀਅਸ ਸੀਨੀ. ਸੈਕੰ. ਸਕੂਲ, ਪੀ. ਏ. ਪੀ. ਕੈਂਪੱਸ, ਜਲੰਧਰ
4. ਪਰੁਲ ਸ਼ਰਮਾ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਮੰਡ (ਜਲੰਧਰ)

ਪੰਜਾਬੀ ਤੋਂ ਹਿੰਦੀ

5. ਸੰਦੀਪ ਸਿੰਘ, ਲੈਕਚਰਾਰ (ਰਾਜਨੀਤੀ ਸ਼ਾਸਤਰ), ਸ. ਸੀਨੀ. ਸੈਕੰ. ਸਕੂਲ, ਘੁੱਦਾ (ਬਠਿੰਡਾ)
6. ਲਲਿਤਾ, ਹਿੰਦੀ ਮਿਸਟ੍ਰੈਸ, ਸ ਸੀਨੀ ਸੈਕੰ. ਸਕੂਲ, ਚੀਮਾ ਜੋਧਪੁਰ (ਬਰਨਾਲਾ)
7. ਅਰੁਣਾ ਡੋਗਰਾ ਸ਼ਰਮਾ, ਐੱਸ ਐੱਸ ਮਿਸਟ੍ਰੈਸ (ਰਿਟਾ), ਪੰਚਮ ਵਿਹਾਰ, ਸੈਕਟਰ -68, ਐੱਸ ਏ ਐੱਸ ਨਗਰ।
8. ਅਨੁਰਾਧਾ, ਲਾਇਬ੍ਰੇਰੀਅਨ, ਸ. ਸੀਨੀ. ਸੈਕੰ. ਸਕੂਲ, ਦਿੱਤੂਪੁਰ ਜੱਟਾਂ (ਪਟਿਆਲਾ)

ਵਿਸ਼ਾ-ਸੂਚੀ

ਲੜੀ ਨੰ., ਭਾਗ, ਇਕਾਈਆਂ ਤੇ ਅਧਿਆਇ		ਪੰਨਾ ਨੰ.
	ਭਾਗ-ੳ : ਤੁਲਨਾਤਮਕ ਰਾਜਨੀਤੀ	
	ਇਕਾਈ-I	
1.	ਤੁਲਨਾਤਮਕ ਰਾਜਨੀਤੀ; ਅਰਥ ਤੇ ਪ੍ਰਕਿਰਤੀ	1-10
2.	ਰਾਜਨੀਤਕ ਸਮਾਜੀਕਰਨ; ਅਰਥ ਅਤੇ ਸਾਧਨ (ਏਜੰਟ)	11-18
3.	ਰਾਜਨੀਤਕ ਸੱਭਿਆਚਾਰ; ਅਰਥ ਅਤੇ ਕਿਸਮਾਂ	19-25
	ਇਕਾਈ-II	
4.	ਰਾਜਨੀਤਕ ਪ੍ਰਨਾਲ਼ੀ ; ਅਰਥ ਅਤੇ ਕਾਰਜ	26-35
5.	ਲੋਕ-ਮੱਤ ; ਭੂਮਿਕਾ ਅਤੇ ਸਾਧਨ (ਏਜੰਟ)	36-42
	ਇਕਾਈ-III	
6.	ਨੌਕਰਸ਼ਾਹੀ ਜਾਂ ਅਫ਼ਸਰਸ਼ਾਹੀ	43-51
7.	ਚੋਣਕਾਰ ਤੰਤਰ ਜਾਂ ਚੋਣਕਾਰ ਪ੍ਰਨਾਲ਼ੀ	52-63
	ਇਕਾਈ-IV	
8.	ਸਿਆਸੀ ਪਾਰਟੀਆਂ ਅਤੇ ਪਾਰਟੀ ਪ੍ਰਥਾਵਾਂ	64-75
9.	ਸਰੋਕਾਰ ਸਮੂਹ ਦਬਾਅ ਗੁੱਟ	76-84
	ਭਾਗ-ਅ : ਰਾਜਨੀਤਕ ਵਿਚਾਰਧਾਰਾਵਾਂ	
	ਇਕਾਈ-V	
10.	ਉਦਾਰਵਾਦ	85-98
11.	ਮਾਰਕਸਵਾਦ	99-107
	ਇਕਾਈ-VI	
12.	ਮਹਾਤਮਾ ਗਾਂਧੀ ਦੇ ਸਮਾਜਿਕ-ਰਾਜਨੀਤਕ ਵਿਚਾਰ	108-115
13.	ਡਾ.ਬੀ.ਆਰ. ਅੰਬੇਦਕਰ ਦੇ ਸਮਾਜਿਕ-ਆਰਥਿਕ-ਰਾਜਨੀਤਕ ਵਿਚਾਰ	116-124

ਭਾਗ-ਏ : ਭਾਰਤ ਦੀਆਂ ਰਾਜਨੀਤਕ ਪ੍ਰਕਿਰਿਆਵਾਂ

ਇਕਾਈ-VII

14. ਸਥਾਨਕ ਸਵੈ-ਸ਼ਾਸਨ ; ਸੰਕਲਪ, ਢਾਂਚਾ ਅਤੇ ਕਾਰਜਵਿਧੀ (ਵੰਗਾਰਾਂ) 125-130

15. ਪੇਂਡੂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ 131-141

ਇਕਾਈ-VIII

16. ਪੰਜਾਬ ਦੀਆਂ ਰਾਜਨੀਤਕ ਪ੍ਰਕਿਰਿਆਵਾਂ 142-173

ਇਕਾਈ-IX

17. ਭਾਰਤ ਦਾ ਸੰਸਦੀ ਮਾਡਲ ; 174-186
ਵਿਲੱਖਣ ਵਿਸ਼ੇਸ਼ਤਾਵਾਂ ਅਤੇ ਵਿਰੋਧੀ ਧਿਰ ਦੀ ਭੂਮਿਕਾ

18. ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਅਤੇ ਆਰਥਿਕ ਤੱਤ 187-200

ਇਕਾਈ-X

19. ਰਾਸ਼ਟਰ ਨਿਰਮਾਣ ; ਪ੍ਰਕਿਰਿਆਵਾਂ ਅਤੇ ਸਮੱਸਿਆਵਾਂ 201-209

20. ਚੋਣ ਕਮਿਸ਼ਨ ; ਢਾਂਚਾ ਅਤੇ ਕਾਰਜ 210-218

ਭਾਗ-ਸ : ਭਾਰਤ ਅਤੇ ਵਿਸ਼ਵ

ਇਕਾਈ-XI

21. ਭਾਰਤ ਦੀ ਵਿਦੇਸ਼ ਨੀਤੀ : ਨਿਰਧਾਰਕ ਤੱਤ ਅਤੇ ਪ੍ਰਮੁੱਖ ਸਿਧਾਂਤ 219-227

22. ਭਾਰਤ ਅਤੇ ਸੰਯੁਕਤ ਰਾਸ਼ਟਰ, ਸਾਰਕ 228-239

ਇਕਾਈ-XII

23. ਭਾਰਤ ਦੇ ਪਾਕਿਸਤਾਨ, ਚੀਨ, ਰੂਸ ਅਤੇ ਸੰਯੁਕਤ ਰਾਜ ਅਮਰੀਕਾ ਨਾਲ ਸੰਬੰਧ 240-257

24. ਸੰਸਾਰ ਦੇ ਪ੍ਰਮੁੱਖ ਮਸਲੇ ; ਮਨੁੱਖੀ ਅਧਿਕਾਰ, ਨਿਸ਼ਸਤਰੀਕਰਨ, 258-272
ਵਿਸ਼ਵੀਕਰਨ ਅਤੇ ਪਰਵਾਸ ਤੇ ਅਵਾਸ

1 ਤੁਲਨਾਤਮਕ ਰਾਜਨੀਤੀ; ਅਰਥ ਤੇ ਪ੍ਰਕਿਰਤੀ
(Comparative Politics ; Meaning and Nature)

ਤੁਲਨਾਤਮਕ ਰਾਜਨੀਤੀ ਅਸਲ ਵਿੱਚ ਰਾਜਨੀਤੀ ਦੀ ਕਿਸਮ ਨਾ ਹੋ ਕੇ, ਰਾਜਨੀਤਕ ਪ੍ਰਬੰਧਾਂ ਦੇ ਅਧਿਐਨ ਦੀ ਵਿਧੀ ਹੈ। ਕਿਸੇ ਸਮਾਜ, ਰਾਜ (ਪ੍ਰਾਂਤ), ਦੇਸ਼ ਆਦਿ ਰਾਜਨੀਤਕ ਪ੍ਰਬੰਧ ਦਾ ਜਦੋਂ ਵੀ ਅਧਿਐਨ ਕਰਨਾ ਹੋਵੇ ਤਾਂ ਉੱਥੋਂ ਦੇ ਜਾਰੀ ਜਾਂ ਚਲੰਤ ਪ੍ਰਬੰਧ ਦੀ ਤੁਲਨਾ ਹੋਰ ਪ੍ਰਬੰਧਾਂ ਨਾਲ ਕਰਨ ਪਿੱਛੋਂ ਹੀ ਉਸ ਸਮਾਜ, ਰਾਜ (ਪ੍ਰਾਂਤ) ਜਾਂ ਦੇਸ਼ ਦਾ ਲੋੜੀਂਦਾ ਪ੍ਰਬੰਧ ਸਥਾਪਤ ਕਰਨ ਬਾਰੇ ਫ਼ੈਸਲਾ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ ਸੰਨ 1947 ਵਿੱਚ ਬਣੇ ਦੋ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਦੇ ਰਾਜਨੀਤਕ ਪ੍ਰਬੰਧਾਂ ਦੀ ਆਪਸੀ ਤੁਲਨਾ ਆਮ ਤੌਰ 'ਤੇ ਹੀ ਕੀਤੀ ਜਾਂਦੀ ਹੈ। ਇਵੇਂ ਹੀ, ਹਾਲ ਹੀ ਵਿੱਚ ਸਾਡੇ ਗੁਆਂਢੀ ਦੇਸ਼ ਨੇਪਾਲ ਵਿੱਚ ਨਵਾਂ ਸੰਵਿਧਾਨ ਲਾਗੂ ਕਰਨ ਵੇਲੇ ਭਾਰਤੀ ਸੰਵਿਧਾਨ ਸਮੇਤ ਕਈ ਦੇਸ਼ਾਂ ਦੇ ਸੰਵਿਧਾਨਾਂ ਅਤੇ ਦੇਸ਼ਾਂ ਦੇ ਰਾਜਨੀਤਕ ਪ੍ਰਬੰਧਾਂ ਦਾ ਤੁਲਨਾਤਮਕ ਅਧਿਐਨ ਕਰਕੇ ਨੇਪਾਲ ਦਾ ਸੰਵਿਧਾਨ ਤਿਆਰ ਕੀਤਾ ਗਿਆ।

ਭਾਰਤ ਵਿੱਚ ਵੀ ਸੰਨ 1947 ਤੋਂ ਬਾਅਦ ਸਥਾਪਤ ਕੀਤੀ ਗਈ ਸੰਵਿਧਾਨ ਸਭਾ ਨੇ ਅੰਗਰੇਜ਼ੀ ਹਕੂਮਤ ਤੋਂ ਪਹਿਲਾਂ ਦੇ ਹਿੰਦੋਸਤਾਨੀ ਖਿੱਤੇ ਵਿੱਚ ਪੈਂਦੇ ਰਾਜਤੰਤਰੀ ਰਾਜਾਂ ਅਤੇ ਸਮਕਾਲੀ ਦੇਸ਼ਾਂ ਦੇ ਰਾਜਨੀਤਕ ਪ੍ਰਬੰਧਾਂ ਦਾ ਤੁਲਨਾਤਮਕ ਅਧਿਐਨ ਕਰਨ ਮਗਰੋਂ ਹੀ ਭਾਰਤ ਵਿੱਚ ਲੋਕਤੰਤਰੀ ਰਾਜਨੀਤਕ ਪ੍ਰਬੰਧ ਲਾਗੂ ਕਰਨ ਹਿੱਤ ਲੋਕਤੰਤਰੀ ਪ੍ਰਕਿਰਿਆਵਾਂ ਦਾ ਪੂਰਕ ਸੰਵਿਧਾਨ ਤਿਆਰ ਕਰਕੇ 26 ਜਨਵਰੀ, 1950 ਨੂੰ ਲਾਗੂ ਕੀਤਾ।

ਤੁਲਨਾਤਮਕ ਰਾਜਨੀਤੀ ਦੇ ਅਧਿਐਨ ਵਿੱਚ ਰਾਜਨੀਤਕ ਪ੍ਰਕਿਰਿਆਵਾਂ ਦੇ ਪਹਿਲੂਆਂ ਦਾ (i) ਬਾਹਰੀ (External ਜਾਂ Inter) ਅਤੇ (Internal ਜਾਂ Intra) ਅੰਦੂਰਨੀ ਦੋ ਅਧਾਰਾਂ 'ਤੇ ਅਧਿਐਨ ਕੀਤਾ ਜਾ ਸਕਦਾ ਹੁੰਦਾ ਹੈ। ਬਾਹਰੀ ਤੁਲਨਾਤਮਕ ਅਧਿਐਨ ਵਜੋਂ ਦੇਸ਼ ਦੇ ਰਾਜਨੀਤਕ ਪ੍ਰਬੰਧ ਦੀ ਤੁਲਨਾ ਕਿਸੇ ਦੂਸਰੇ ਦੇਸ਼ ਦੇ ਰਾਜਨੀਤਕ ਪ੍ਰਬੰਧ ਨਾਲ ਕੀਤੀ ਜਾਂਦੀ ਹੈ। ਜਿਵੇਂ ਕਿ ਭਾਰਤ ਦੀ ਸੰਸਦੀ ਪ੍ਰਨਾਲ਼ੀ ਦੀ ਤੁਲਨਾ ਬਰਤਾਨਵੀਂ ਸੰਸਦੀ ਪ੍ਰਨਾਲ਼ੀ ਨਾਲ ਸਮਾਨਤਾਵਾਂ, ਵਖਰੇਵਿਆਂ ਅਤੇ ਵਿਲੱਖਣਤਾਵਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਰਤ ਦੇ ਸੰਘੀ ਢਾਂਚੇ ਦੀ ਤੁਲਨਾ ਸੰਯੁਕਤ ਰਾਜ ਅਮਰੀਕਾ ਦੇ ਸੰਘੀ ਢਾਂਚੇ ਅਤੇ ਕੈਨੇਡਾ ਦੇ ਸੰਘੀ ਢਾਂਚੇ ਨਾਲ਼ ਨੇੜਤਾਵਾਂ ਅਤੇ ਵਿਭਿੰਨਤਾਵਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ।

ਤੁਲਨਾਤਮਕ ਰਾਜਨੀਤੀ ਵਿੱਚ ਕਿਸੇ ਰਾਜਨੀਤਕ ਪ੍ਰਬੰਧ ਦੇ ਅੰਦਰੂਨੀ ਪਹਿਲੂਆਂ ਦੀ ਆਪਸੀ ਤੁਲਨਾ ਵੀ ਕੀਤੀ ਜਾਂਦੀ ਹੈ; ਜਿਵੇਂ ਕਿ ਰਾਜਨੀਤਕ ਢਾਂਚੇ ਦੇ ਤਿੰਨੋਂ ਪੱਖਾਂ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਦੇ ਕਾਰਜਾਂ ਤੇ ਪ੍ਰਬੰਧਾਂ ਦੀ ਆਪਸੀ ਤੁਲਨਾ, ਸਰਕਾਰਾਂ ਦੀਆਂ ਨੀਤੀਆਂ, ਫ਼ੈਸਲਿਆਂ ਦੀ ਆਪਸੀ ਤੁਲਨਾ, ਸਰੋਕਾਰ ਸਮੂਹਾਂ ਦੀ ਕਾਰਜਸ਼ੈਲੀ, ਰਾਜਨੀਤਕ ਸਭਿਆਚਾਰਾਂ, ਨੌਕਰਸ਼ਾਹੀ ਦੇ ਕੰਮਕਾਜੀ ਰੱਵਈਏ ਤੇ ਕਾਰਜਾਂ ਦਾ ਸਿੱਟਿਆਂ, ਰਾਜਨੀਤਕ ਦਲਾਂ (ਪਾਰਟੀਆਂ) ਦੀਆਂ ਵੱਖੋ-ਵੱਖ ਵਿਚਾਰਧਾਰਵਾਂ ਆਦਿ ਦੀ ਆਪਸੀ ਤੁਲਨਾ ਕਰਕੇ ਪ੍ਰਬੰਧ ਦਾ ਅਧਿਐਨ ਕੀਤਾ ਜਾਂਦਾ ਹੈ।

ਅੰਦਰੂਨੀ (Intra) ਤੁਲਨਾਮਤਕ ਅਧਿਐਨ ਦੀ ਇੱਕ ਹੋਰ ਉਦਾਹਰਣ ਵਜੋਂ ਪੰਜਾਬ ਦੀ ਰਾਜਨੀਤਕ, ਆਰਥਿਕ, ਸਮਾਜਿਕ ਆਦਿ ਪ੍ਰਬੰਧਾਂ, ਖਾਸਕਰ ਕੁਦਰਤੀ ਸਰੋਤਾਂ ਪ੍ਰਤੀ ਰਾਜਨੀਤਕ ਵਤੀਰਿਆਂ ਦੀ ਤੁਲਨਾ ਭਾਰਤ ਦੇ ਕਿਸੇ ਹੋਰ ਰਾਜ (ਪ੍ਰਾਂਤ) ਦੇ ਅਜਿਹੇ ਹੀ ਪਹਿਲੂਆਂ ਨਾਲ ਕੀਤੀ ਜਾ ਸਕਦੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਲਕਾਨਾ ਹੱਕਾਂ ਸੰਬੰਧੀ ਸੰਵਿਧਾਨਕ ਤੇ ਕਨੂੰਨੀ ਪੱਖਾਂ ਦੇ ਅਧਿਐਨ ਲਈ ਕਾਵੇਰੀ ਦਰਿਆ ਦੇ ਪਾਣੀਆਂ ਦੀ ਵੰਡ ਸੰਬੰਧੀ ਕਨੂੰਨੀ ਪੱਖਾਂ ਦੀ ਆਪਸੀ ਤੁਲਨਾ ਕਰਕੇ ਦਰਿਆਈ ਪਾਣੀਆਂ ਦੇ ਮਾਮਲੇ ਨੂੰ ਸਮਝਿਆ ਜਾ ਸਕਦਾ ਹੈ।

ਮਨੱਖੀ ਸਮਾਜ ਲਈ ਰਾਜਨੀਤੀ ਜ਼ਰੂਰੀ ਕਿਉਂ ?

ਮਨੁੱਖ ਅਤੇ ਹੋਰ ਜੀਵਾਂ ਵਿੱਚ ਡਰ, ਤੈਅ ਆਦਿ ਕੁਦਰਤੀ ਪ੍ਰਵਿਰਤੀਆਂ ਵਜੋਂ ਹੀ ਸ਼ਾਮਲ ਹੁੰਦੇ ਹਨ। ਇਸ ਤੋਂ ਇਲਾਵਾ ਇਹ ਵਰਤਾਰੇ ਕਿਸੇ ਬਾਹਰੀ ਸ਼ਕਤੀ (ਤਾਕਤ), ਵਸਤੂ, ਵਿਅਕਤੀ ਜਾਂ ਕਿਸੇ ਪ੍ਰਨਾਲ਼ੀ (ਸਿਸਟਮ) ਰਾਹੀਂ ਪੈਦਾ

ਕੀਤੇ ਹੋਏ ਵੀ ਹੋ ਸਕਦੇ ਹਨ, ਆਮ ਧਾਰਨਾ ਹੈ ਕਿ ਡਰ ਜਾਂ ਭੈਅ ਸਿਰਫ਼ ਕੁਦਰਤੀ ਵਰਤਾਰੇ ਹੀ ਹਨ ਪਰ ਰਾਜਨੀਤੀ ਦੇ ਖੇਤਰ ਵਿਚ ਕੀਤੇ ਅਧਿਐਨ ਸਾਨੂੰ ਸੱਪਸ਼ਟ ਕਰਦੇ ਹਨ ਕਿ ਭੈਅ, ਸਮਾਜ ਦੇ ਆਮ ਵਰਗ ਵਿੱਚ ਜਾਣਬੁੱਝ ਕੇ ਪੈਦਾ ਕੀਤਾ ਜਾਣ ਵਾਲਾ ਸਿਆਸੀ ਸਾਧਨ ਵੀ ਹੋ ਸਕਦਾ ਹੈ। ਅਕਸਰ ਹੀ ਇਹ ਵਿਚਾਰ ਸੁਣਿਆ ਜਾਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜਾਂ ਕਰਤਾਰ ਸਿੰਘ ਸਰਾਭਾ ਵਰਗੇ ਯੋਧੇ ਪੈਦਾ ਤਾਂ ਹੋਣੇ ਚਾਹੀਦੇ ਹਨ ਪਰ ਇਹ ਪ੍ਰਬੰਧ ਕੁੱਝ ਅਜਿਹਾ ਰਹੇ ਕਿ ਸਾਡੇ ਘਰ ਦੇ ਕਿਸੇ ਮੈਂਬਰ ਨੂੰ ਉਹਨਾਂ ਯੋਧਿਆਂ ਵਾਂਗ ਸ਼ਾਹਦਤ ਨਾ ਦੇਣੀ ਪਏ। ਇਹੀ ਡਰ ਦੀ ਉਹ ਕਿਸਮ ਹੈ ਜੋ ਕਿਸੇ ਰਾਜਨੀਤਕ ਪ੍ਰਬੰਧ ਜਾਂ ਵਿਵਸਥਾ ਤੋਂ ਪੈਦਾ ਹੁੰਦਾ ਹੈ। ਇਸ ਲਈ ਮਨੁਖੀ ਸਮਾਜ ਦੇ ਆਮ ਵਰਗ ਵਿੱਚ ਭਾਵੇਂ ਕੋਈ ਧਾਰਮਿਕ ਸਮੂਹ ਹੋਏ, ਭਾਸ਼ਾਈ ਸਮੂਹ ਹੋਵੇ ਜਾਂ ਕਿਸੇ ਪ੍ਰਕਾਰ ਦਾ ਘੱਟ ਗਿਣਤੀ ਵਰਗ ਹੋਵੇ, ਅਜਿਹੇ ਲੋਕਾਂ ਵਿਚ ਅਜਿਹਾ ਡਰ ਜਾਂ ਭੈਅ ਰਾਜਨੀਤਕ ਪ੍ਰਬੰਧ ਵਿਚੋਂ ਉਪਜਣਾ ਸੰਭਵ ਹੁੰਦਾ ਹੈ। ਇਸਦੇ ਸਿੱਟੇ ਵੱਜੋਂ ਸਮਾਜ ਦੇ ਉਸ ਆਮ ਵਰਗ ਦੇ ਮੈਂਬਰ ਜਾਂ ਘੱਟ ਗਿਣਤੀ ਸਮੂਹ ਜਾਂ ਫਿਰ ਦਬੇ ਕੁਚਲੇ ਵਰਗਾਂ ਨਾਲ ਸਬੰਧਤ ਲੋਕ ਸਾਰੇ ਰਾਜਨੀਤਕ ਪ੍ਰਬੰਧ ਨੂੰ ਨਫ਼ਰਤ ਕਰਦੇ ਹੋਏ ਉਸਨੂੰ ਬੇਇਮਾਨੀ ਦੇ ਪੱਖੋਂ ਸ਼ੈਤਾਨੀ ਰੂਪ ਵਿਚ ਦੇਖਣ ਲੱਗ ਪੈਂਦੇ ਹਨ। ਸਮਾਜ ਦੇ ਅਜਿਹੇ ਅੰਗ ਰਾਜਨੀਤੀ ਤੋਂ ਦੂਰ ਰਹਿਣ ਜਾਂ ਆਪਣੇ-ਆਪ ਨੂੰ ਰਾਜਨੀਤੀ ਤੋਂ ਨਿਰਲੇਪ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਬਹੁਤੀ ਵਾਰ ਤਾਂ ਅਜਿਹਾ ਮਾਹੌਲ ਜਾਂ ਵਰਤਾਰਾ ਸਿਰਜਿਆ ਹੀ ਇਸ ਲਈ ਜਾਂਦਾ ਹੈ ਕਿ ਸਿਆਸਤਦਾਨ ਸੱਤ੍ਹਾ ਉੱਤੇ ਕਾਬਜ਼ ਰਹਿ ਸਕਣ ਅਤੇ ਆਮ ਲੋਕ ਉਹਨਾਂ ਲਈ ਕੋਈ ਵੰਗਾਰ ਨਾ ਪੇਸ਼ ਕਰਨ।

ਰਾਜਨੀਤੀ ਮਨੁੱਖੀ ਜੀਵਨ ਦਾ ਕੁਦਰਤੀ ਵਰਤਾਰਾ (Natural tendency) ਹੈ ਜਿਸਨੂੰ ਮਨੁਖੀ ਸਬੰਧਾਂ, ਸਮਾਜ ਢਾਂਚੇ ਅਤੇ ਆਰਥਿਕ ਪ੍ਰਬੰਧ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਲੋਕਾਂ ਦਾ ਰਾਜਨੀਤੀ ਪ੍ਰਤੀ ਨਜ਼ਰੀਆ ਭਾਵੇਂ ਕੁਝ ਵੀ ਹੋਵੇ, ਰਾਜਨੀਤਕ ਫ਼ੈਸਲਿਆਂ ਦਾ ਸਿੱਧਾ ਅਸਰ ਲੋਕਾਂ ਉਪਰ ਪੈਂਦਾ ਹੀ ਹੈ। ਰਾਜਨੀਤੀ ਸੰਬੰਧੀ ਮਹੱਤਵਪੂਰਨ ਕਥਨ ਹੈ ਕਿ ਤੁਸੀਂ ਰਾਜਨੀਤੀ ਵਿੱਚ ਕੋਈ ਦਿਲਚਸਪੀ ਰੱਖੋ ਜਾ ਨਾਂਹ ਪਰ ਰਾਜਨੀਤੀ ਤੁਹਾਡੇ ਵਿਚ ਜ਼ਰੂਰ ਦਿਲਚਸਪੀ ਰੱਖਦੀ ਹੈ। ਇਸ ਲਈ ਜਦੋਂ ਤੱਕ ਮਨੁੱਖੀ ਸਮਾਜ ਦੀ ਹੋਂਦ ਹੈ, ਉਦੋਂ ਤੱਕ ਰਾਜਨੀਤੀ ਵੀ ਮਨੁਖੀ ਸਮਾਜ ਵਿਚ ਮੌਜੂਦ ਰਹੇਗੀ।

ਮਨੁਖੀ ਸਮਾਜ ਵਿਚ ਰਾਜਨੀਤੀ ਉਦੋਂ ਆਰੰਭ ਹੋਈ ਜਦੋਂ ਮਾਨਵ ਨੇ ਆਪਣੀਆਂ ਲੋੜਾਂ, ਸੁਰੱਖਿਆ ਅਤੇ ਹੋਰ ਹਿੱਤਾਂ ਵਾਸਤੇ ਇਕੱਠੇ ਰਹਿਣਾ ਸ਼ੁਰੂ ਕੀਤਾ। ਇਸ ਸੰਬੰਧੀ ਵਿਚਾਰਵਾਨ ਅਰਸਤੂ (Aristotle) ਦਾ ਮੱਤ ਹੈ ਕਿ ਵਿਅਕਤੀ ਰਾਜਨੀਤਕ ਪ੍ਰਾਣੀ ਹੈ ਅਤੇ ਜਿਹੜਾ ਵਿਅਕਤੀ ਸਮਾਜ ਦਾ ਅੰਗ ਨਹੀਂ ਉਹ ਜਾਂ ਤਾਂ ਪਸ਼ੂ ਹੈ ਜਾਂ ਕੋਈ ਦੇਵਤਾ। ਇਸ ਤਰ੍ਹਾਂ ਅਰਸਤੂ ਨੇ ਰਾਜਨੀਤੀ ਨੂੰ ਨਾ-ਟਾਲਣਯੋਗ ਮਨੁਖੀ ਵਰਤਾਰਾ (ਸੁਭਾਅ) ਕਰਾਰ ਦਿੱਤਾ ਹੈ। ਮਨੁੱਖੀ ਸਮਾਜ ਦੀ ਸਭ ਤੋਂ ਵੱਧ ਸਿਰਕੱਢ ਮਨੁੱਖੀ ਕਿਰਿਆ ਹੀ ਇਹ ਹੈ ਜੋ ਮਨੁੱਖ ਨੂੰ ਹੋਰ ਜੀਵਾਂ ਤੇ ਪਰਜਾਤੀਆਂ ਨਾਲੋਂ ਵੱਖ ਕਰਦੀ ਹੈ।

सरकार (Government)

ਸਰਕਾਰ ਉਹ ਉੱਚ-ਪੱਧਰੀ ਰਾਜਨੀਤਕ ਢਾਂਚਾ ਹੈ ਜਿਸ ਵਿੱਚ ਰਾਸ਼ਟਰਪਤੀ ਪ੍ਰਧਾਨ-ਮੰਤਰੀ ਅਤੇ ਹੋਰ ਉੱਚ ਸ਼ਕਤੀਸ਼ਾਲੀ ਅਹੁੱਦੇ ਸ਼ਾਮਲ ਹੁੰਦੇ ਹਨ, ਇਸ ਤੋਂ ਇਲਾਵਾ ਪੁਲੀਸ, ਹਥਿਆਰਬੰਦ ਸੈਨਾਵਾਂ, ਨੌਕਰਸ਼ਾਹ ਅਤੇ ਜੱਜ ਵੀ। ਇਨ੍ਹਾਂ ਦੁਆਰਾ ਲੋਕਾਂ ਵਾਸਤੇ ਸਮਾਜਿਕ, ਆਰਥਿਕ ਆਦਿ ਪੱਖਾਂ ਤੋਂ ਸਮੂਹਿਕ ਫ਼ੈਸਲੇ ਲਏ ਜਾਂਦੇ ਹਨ ਜੋ ਕਿ ਸਾਰੀਆਂ ਸਮੁਦਾਈਆਂ ਲਈ ਇਹ ਮੰਨਣੇ ਲਾਜ਼ਮੀ ਵੀ ਹੁੰਦੇ ਹਨ।

ਕਾਰਲ ਮਾਰਕਸ (KARL MARX) ਦਾ ਵੀ ਮੱਤ ਹੈ ਕਿ ਜਦੋਂ ਨਿੱਜੀ ਸੰਪੱਤੀ ਮਨੁੱਖੀ ਸਮਾਜ ਵਿਚ ਉਤਪੰਨ ਹੋਈ, ਉਦੋਂ ਹੀ ਸਮਾਜ ਵਿੱਚ ਵਰਗ ਸੰਘਰਸ਼ (ਰਾਜਨੀਤੀ) ਉਤਪੰਨ ਹੋਇਆ। ਮਨੁੱਖੀ ਸਮਾਜ ਨੇ ਆਪਣੇ ਹਾਲਾਤ ਅਤੇ ਲੋੜਾਂ ਦੇ ਆਧਾਰ 'ਤੇ ਰਾਜ ਅਤੇ ਸਰਕਾਰ ਆਦਿ ਰਾਜਨੀਤਕ ਪ੍ਰਬੰਧਕ ਸੰਸਥਾਵਾਂ ਹੋਂਦ ਵਿਚ ਲਿਆਂਦੀਆਂ। ਵਿਚਾਰਵਾਨ ਗ੍ਰਾਮਸੀ (GRAMSCI) ਅਨੁਸਾਰ ਵਰਗ ਸੰਘਰਸ਼ ਦੇ ਸਿੱਟੇ ਵਜੋਂ ਉਤਲਾ ਢਾਂਚਾ ਜਾਂ Super Strucrture ਸਥਾਪਤ ਹੋਇਆ। ਇਸ ਉਤਲੇ ਢਾਂਚੇ (ਭਾਵ ਰਾਜ ਅਤੇ ਸਰਕਾਰ) ਨੇ ਲੋਕਾਂ ਦੀਆਂ ਸਮਾਜਿਕ, ਆਰਥਿਕ ਅਤੇ ਖਾਸਕਰ ਸੁਰੱਖਿਆ ਲੋੜਾਂ ਲਈ ਕਾਰਜ ਕਰਦਿਆਂ ਸਮੁਦਾਇਕ ਸਮੂਹਿਕ ਫ਼ੈਸਲੇ (Community Collective Decisions) ਲੈਣੇ ਸ਼ੁਰੂ ਕਰ ਦਿੱਤੇ।

ਸਮਾਂ ਬੀਤਣ ਨਾਲ ਲੋਕਾਂ ਦੀਆਂ ਲੋੜਾਂ, ਮੰਗਾਂ ਅਤੇ ਸਮੱਸਿਆਵਾਂ ਵਿੱਚ ਵਾਧਾ ਹੋਣ ਦੇ ਨਾਲ ਨਾਲ ਰਾਜ ਅਤੇ ਸਰਕਾਰ ਦੇ ਰੂਪਾਂ, ਕਾਰਜਾਂ, ਸ਼ਕਤੀਆਂ ਅਤੇ ਮੁਕੰਮਲ ਢਾਂਚਿਆਂ ਦਾ ਵਿਸਥਾਰ ਵੀ ਹੁੰਦਾ ਗਿਆ। ਇਸ ਤਰ੍ਹਾਂ ਮੌਜੂਦਾ ਰਾਜਨੀਤਕ ਪ੍ਰਬੰਧ (Political Regime) ਗੁੰਝਲਦਾਰ ਅਤੇ ਤਾਕਤਵਰ ਬਣ ਗਿਆ ਹੈ ਜਿਸ ਨਾਲ ਮਨੁੱਖੀ ਸਮਾਜ ਦਾ ਧੁਰਾ ਹੀ ਰਾਜਨੀਤੀ ਬਣ ਗਈ ਹੈ। ਰਾਜਨੀਤੀ ਦਾ ਰੂਪ-ਸਰੂਪ ਬਦਲਣ ਨਾਲ ਹੀ ਮਨੁਖੀ ਸਮਾਜ ਦਾ ਮੁਹਾਂਦਰਾ ਵੀ

ਤਬਦੀਲ ਹੁੰਦਾ ਹੈ। ਰਾਜਨੀਤੀ ਅਜਿਹੀ ਸਮੂਹਿਕ ਫੈਸਲਿਆਂ ਦੀ ਪ੍ਰਕਿਰਿਆ ਹੈ ਜਿਸ ਨਾਲ ਝਗੜਿਆਂ ਤੇ ਯੁੱਧਾਂ ਨੂੰ ਹੋਣ ਤੋਂ ਰੋਕਿਆ ਜਾ ਸਕਦਾ ਹੈ। ਸਮੱਸਿਆਵਾਂ ਤੇ ਆਪਸੀ ਹਿੱਤਾਂ ਦੇ ਟਕਰਾਓ ਨੂੰ ਕੂਟਨੀਤਕ ਢੰਗ ਨਾਲ ਹੱਲ ਕਰਨ ਦੀ ਪ੍ਰਕਿਰਿਆ ਹੀ ਰਾਜਨੀਤੀ ਦਾ ਸਾਰਥਕ ਪੱਖ ਹੈ।

ਸ਼ੁੱਧ ਵਿਵਾਦ ਯੁੱਧ ਹੈ।
ਸ਼ੁੱਧ ਸਹਿਯੋਗ ਸੱਚਾ ਪਿਆਰ ਹੈ।
ਰਾਜਨੀਤੀ ਦੋਹਾਂ ਦਾ ਮਿਸ਼ਰਣ ਹੈ।
ਮਾਈਕਲ ਲੇਵਰ

ਵਿਚਾਰਵਾਨ ਰਾਬਰਟ ਡਾਹਲ ਦਾ ਵੀ ਮੰਨਣਾ ਹੈ ਕਿ ਰਾਜਨੀਤੀ ਲੋਕ ਸਮੂਹਾਂ ਵਿਚ ਪੈਦਾ ਹੋਏ ਮਸਲਿਆਂ ਅਤੇ ਮੁੱਦਿਆਂ ਦਾ ਸਮੂਹਿਕ ਫੈਸਲਾ ਹੁੰਦਾ ਹੈ। ਰਾਜਨੀਤੀ ਵਿਚ ਲੋਕਾਂ ਦੀਆਂ ਤਰਜੀਹਾਂ, ਸੂਚਨਾਵਾਂ ਤੇ ਗਿਆਨ ਨੂੰ ਘੜਿਆ, ਬਦਲਿਆ ਅਤੇ ਇਕ ਖ਼ਾਸ ਸਾਂਚੇ ਦੇ ਰੂਪ ਵਿਚ ਢਾਲਿਆ ਜਾਂਦਾ ਹੈ।

ਰਾਜਨੀਤੀ ਦਾ ਘੇਰਾ ਸਰਕਾਰ ਦੇ ਪ੍ਰਬੰਧ ਦੇ ਘੇਰੇ ਨਾਲੋਂ ਵੱਡਾ ਹੁੰਦਾ ਹੈ ਜਿਸ ਵਿਚ ਸਰਕਾਰ ਦੀ ਕਾਰਜਸ਼ੈਲੀ ਅਤੇ ਹਰ ਉਹ ਘਟਨਾ ਜਿਹੜੀ ਅਸਿੱਧੇ ਜਾਂ ਸਿੱਧੇ ਰੂਪ ਨਾਲ ਲੋਕਾਂ ਨਾਲ ਸਬੰਧਤ ਹੋਏ, ਰਾਜਨੀਤੀ ਦੇ ਪ੍ਰਭਾਵ ਦੇ ਦਾਇਰੇ ਵਿੱਚ ਆ ਜਾਂਦੀ ਹੈ। ਰਾਜਨੀਤੀ ਨਾਲ ਸਬੰਧਤ ਵਿਚਾਰਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਰਾਜਨੀਤੀ ਲੋਕਾਂ ਅਤੇ ਲੋਕ ਸਮੂਹਾਂ ਦਾ ਸ਼ਕਤੀ (ਸੱਤ੍ਹਾ) ਲਈ ਸੰਘਰਸ਼ ਹੈ ਤਾਂ ਜੋ ਉਹ ਸਾਧਨਾਂ ਉਪਰ ਕੰਟਰੋਲ ਕਰਕੇ ਆਪਣੇ ਹਿੱਤਾਂ ਸੰਬੰਧੀ ਵੱਧ ਤੋਂ ਵੱਧ ਲਾਹਾ ਲੈ ਸਕਣ। ਰਾਜਨੀਤੀ ਦੀ ਵਰਤਮਾਨ ਪ੍ਰਕਿਰਿਆ ਅਜਿਹੀ ਹੈ ਕਿ ਇਕ ਦੇਸ਼ ਦੀ ਰਾਜਨੀਤੀ ਦੂਸਰੇ ਦੇਸ਼ ਦੀ ਰਾਜਨੀਤੀ ਉਤੇ ਵੀ ਅਸਰਪਾਊ ਹੁੰਦੀ ਹੈ। ਉਦਾਹਰਣ ਵਜੋਂ ਸੰਯੁਕਤ ਰਾਜ ਅਮਰੀਕਾ ਦੀ ਕਰੰਸੀ ਭਾਵ ਅਮਰੀਕੀ ਡਾਲਰ ਦੀਆਂ ਕੀਮਤਾਂ ਵਿਚ ਬਦਲਾਓ ਆਉਣ ਨਾਲ ਸੰਸਾਰ ਦੇ ਕਈ ਦੇਸ਼ਾਂ ਦੀ ਅਰਥ ਵਿਵਸਥਾ ਵਿੱਚ ਵੀ ਬਦਲਾਅ ਆ ਸਕਦਾ ਹੈ ਕਿਉਂਕਿ ਕੌਮਾਂਤਰੀ ਅਰਥ ਵਿਵਸਥਾਵਾਂ ਅਮਰੀਕੀ ਡਾਲਰ ਨੂੰ ਅਰਥ ਵਿਵਸਥਾ ਦਾ ਅਧਾਰ ਮੰਨਦੀਆਂ ਹਨ। ਇਸ ਤਰ੍ਹਾਂ ਰਾਜਨੀਤਕ ਪ੍ਰਕਿਰਿਆਵਾਂ ਦਾ ਤੁਲਨਾਤਮਕ ਅਧਿਐਨ ਜ਼ਰੂਰੀ ਹੋ ਜਾਂਦਾ ਹੈ।

ਤੁਲਨਾਮਤਕ ਰਾਜਨੀਤੀ, ਕਿਸੇ ਦੇਸ਼ ਦੇ ਅੰਦਰਲੇ ਰਾਜਨੀਤਕ ਤੰਤਰਾਂ ਦੇ ਵੱਖ-ਵੱਖ ਭਾਗਾਂ ਦੀ ਤੁਲਨਾ ਦੂਸਰੇ ਮੁਲਕਾਂ ਦੇ ਅੰਦਰਲੇ ਰਾਜਨੀਤਕ ਤੰਤਰਾਂ ਤੇ ਪ੍ਰਕਿਰਿਆਵਾਂ ਨਾਲ ਕਰਕੇ ਪ੍ਰਬੰਧ ਨੂੰ ਸਮਝਣਾ ਸੰਭਵ ਬਣਾਉਂਦੀ ਹੈ। ਤੁਲਨਾਤਮਕ ਰਾਜਨੀਤੀ ਅਧਿਐਨ ਵਿੱਚ ਵਿੱਚ ਭਿੰਨ ਅਹਿਮ ਸਵਾਲਾਂ ਦੇ ਜਵਾਬ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਪਹਿਲਾ, ਵਿਅਕਤੀ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਨਾਲ ਸਬੰਧਤ ਰਾਜਨੀਤੀ ਕਿਹੜੇ ਤੇ ਕਿਹੋ ਜਿਹੇ ਫ਼ੈਸਲੇ ਕਰਦੀ ਹੈ? ਦੂਸਰਾ, ਜੋ ਫ਼ੈਸਲੇ ਲਏ ਜਾਂਦੇ ਹਨ ਜਾਂ ਲੈਣੇ ਹੁੰਦੇ ਹਨ ਉਹਨਾਂ ਦਾ ਅਧਾਰ ਕੀ ਹੈ ਭਾਵ ਇਸ ਵਿਚ ਲੋਕਾਂ ਦੇ ਵਿਚਾਰ ਜਾਂ ਰਾਇ ਨੂੰ ਥਾਂ ਦਿੱਤੀ ਜਾਂਦੀ ਹੈ ਜਾਂ ਫਿਰ ਸੱਤ੍ਹਾਧਾਰੀ ਦਲ ਵਲੋਂ ਲੋਕਾਂ ਦੀ ਰਾਇ ਨੂੰ ਅਣਗੌਲਿਆ ਹੀ ਕੀਤਾ ਜਾਂਦਾ ਹੈ? ਤੀਸਰਾ, ਰਾਜਨੀਤੀ ਵਿਚ ਲਏ ਫ਼ੈਸਲਿਆਂ ਦਾ ਰਾਜਨੀਤਕ ਤੰਤਰ ਦੇ ਅੰਦਰਲੇ ਮਾਹੌਲ (ਵਾਤਾਵਰਣ) ਅਤੇ ਕੌਮਾਂਤਰੀ ਵਾਤਾਵਰਣ 'ਤੇ ਕੀ ਅਤੇ ਕਿਹੋ ਜਿਹਾ ਅਸਰ ਹੁੰਦਾ ਹੈ?

ਤੁਲਨਾਤਮਕ ਰਾਜਨੀਤੀ ਅਧਿਐਨ ਇਸ ਗੱਲ ਵਿਚ ਦਿਲਚਸਪੀ ਨਹੀਂ ਰੱਖਦੇ ਕਿ ਰਾਜਨੀਤੀ ਵਿਚ ਲੋਕਾਂ ਦੀ ਸਾਂਝੇਦਾਰੀ ਚੰਗੀ ਹੈ ਜਾਂ ਮਾੜੀ। ਸਗੋਂ ਇਸ ਪੱਖ ਵੱਲ ਵੱਧ ਤਵੱਜੋ ਦਿੱਤੀ ਜਾਂਦੀ ਹੈ ਕਿ ਲੋਕਾਂ ਦੀ ਸਾਂਝੇਦਾਰੀ ਦਾ ਰੂਪ ਤੇ ਕਿਸਮ ਕਿਹੋ ਜਿਹੀ ਹੈ।

ਤੁਲਨਾਤਮਕ ਰਾਜਨੀਤੀ ਅਧਿਐਨ ਕਿਸ ਦੋ ਮੁਲਕਾਂ ਵਿਚਾਲੇ ਚੱਲ ਰਹੇ ਯੁੱਧ ਦਾ ਅਧਿਐਨ ਇਸ ਪੱਖੋਂ ਨਹੀਂ ਕਰਦਾ ਕਿ ਕੌਣ ਜਿੱਤੇਗਾ ਕੌਣ ਹਾਰੇਗਾ ਸਗੋਂ ਤੁਲਨਾਮਤਕ ਰਾਜਨੀਤੀ ਦਾ ਧਿਆਨ ਇਹਨਾਂ ਗੱਲਾ ਵੱਲ ਹੋਵੇਗਾ ਕਿ ਦੋਂ ਮੁਲਕਾਂ ਵਿੱਚ ਸੱਤ੍ਹਾਧਾਰੀ ਦਲ ਕਿਹੜੇ ਹਨ, ਕੂਟਨੀਤੀ ਨਾਲੋਂ ਜੰਗੂ ਨੂੰ ਕਿਉਂ ਤਰਜੀਹ ਦਿੱਤੀ ਗਈ, ਦੋ ਮੁਲਕਾਂ ਕੋਲ ਜੰਗ ਦੇ ਹਥਿਆਰ ਤੇ ਗੋਲਾ ਬਾਰਦੂ ਕਿਹੜੇ ਮੁਲਕ ਦੀਆਂ ਸਨਅਤਾਂ ਤੋਂ ਆਇਆ ਤੇ ਦੋਹਾਂ ਮੁਲਕਾਂ ਦੀ ਜੰਗ ਤੋਂ, ਤੀਸਰੇ ਕਿਹੜੇ ਮੁਲਕ ਦੇ ਰਾਜਨੀਤਕ ਹਿੱਤਾਂ ਨੂੰ ਜ਼ਿਆਦਾ ਮੁਨਾਫ਼ਾ ਹੋਵੇਗਾ। ਇਸ ਤਰ੍ਹਾਂ ਤੁਲਨਾਤਮਕ ਰਾਜਨੀਤੀ ਇੱਕ ਮੁਲਕ ਦੇ ਅੰਦਰਲੇ ਢਾਂਚਿਆਂ ਵਿੱਚ ਅਤੇ ਕੌਮਾਂਤਰੀ (ਅੰਤਰਰਾਸ਼ਟਰੀ) ਪੱਧਰ ਉਤੇ ਸ਼ਕਤੀ ਸਬੰਧਾਂ ਉੱਤੇ ਹੀ ਧਿਆਨ ਖਿੱਚਦੀ ਹੈ ਭਾਵ ਸ਼ਕਤੀ ਸੰਘਰਸ਼ਾਂ, ਸ਼ਕਤੀ ਦੀ ਰੂਪ ਰੇਖਾ ਅਤੇ ਸ਼ਕਤੀ ਸੰਤੁਲਨ (Balance of Power) ਤੇ ਤਰਤੀਬ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

ਤੁਲਨਾਤਮਕ ਰਾਜਨੀਤੀ ਦਾ ਇਤਿਹਾਸਕ ਪਿਛੋਕੜ
(Historical Background of Comparative Politics)

ਨਗਰ ਰਾਜਾਂ (City States) ਦੇ ਦੌਰ ਸਮੇਂ ਅਰਸਤੂ ਨੇ ਤੁਲਨਾਤਮਕ ਰਾਜਨੀਤੀ ਦੇ ਅਧਿਐਨ ਦੀ ਸ਼ੁਰੂਆਤ ਕੀਤੀ। ਉਸਨੇ ਵੱਖੋ-ਵੱਖਰੇ 158 ਸੰਵਿਧਾਨਾਂ ਦਾ ਤੁਲਨਾਤਮਕ ਅਧਿਐਨ ਕੀਤਾ ਅਤੇ ਸਰਕਾਰਾਂ ਦਾ ਵਰਗੀਕਰਨ ਕਰਕੇ ਸਰਕਾਰਾਂ ਦੇ ਤਿੰਨ ਰੂਪਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਸੀ। ਇਸੇ ਕਾਰਨ ਅਰਸਤੂ ਨੂੰ ਤੁਲਨਾਤਮਕ ਰਾਜਨੀਤੀ ਦਾ ਪਿਤਾਮਾ ਕਿਹਾ ਜਾਂਦਾ ਹੈ।

ਰੂਪ	ਇੱਕ ਸ਼ਾਸਕ (one)	ਕੁਝ ਸ਼ਾਸਕ (few)	ਬਹੁਤ ਸਾਰੇ ਸ਼ਾਸਕ (many)
ਸ਼ੁੱਧ ਰੂਪ	ਬਾਦਸ਼ਾਹੀ	ਅਲਪਤੰਤਰ	ਲੋਕਤੰਤਰ
ਵਿਗੜਿਆ ਰੂਪ	ਤਾਨਾਸ਼ਾਹੀ	ਕੁਲੀਨਤੰਤਰ	ਭੀੜਤੰਤਰ

ਅਰਸਤੂ ਦੁਆਰਾ ਸਰਕਾਰਾਂ ਦਾ ਵਰਗੀਕਰਨ ਦਾ ਨਮੂਨਾ

ਇੱਥੇ ਇੱਕ ਗੱਲ ਵਰਣਨਯੋਗ ਹੈ ਕਿ ਤੁਲਨਾਤਮਕ ਰਾਜਨੀਤੀ ਅਤੇ ਤੁਲਨਾਤਮਕ ਸਰਕਾਰ ਵਿਚ ਵੱਡਾ ਫ਼ਰਕ (ਅੰਤਰ) ਹੈ। ਤੁਲਨਾਤਮਕ ਸਰਕਾਰ ਵਿਚ ਰਸਮੀ ਸੰਸਥਾਵਾਂ ਦੀ ਬਣਤਰ ਅਤੇ ਕਾਰਜ ਸ਼ਕਤੀਆਂ ਦਾ ਅਧਿਐਨ ਹੀ ਕੀਤਾ ਜਾਂਦਾ ਹੈ ਜਦੋਂਕਿ ਤੁਲਨਾਤਮਕ ਰਾਜਨੀਤੀ ਵਿਚ ਰਸਮੀ ਸੰਸਥਾਵਾਂ ਦੇ ਨਾਲ-ਨਾਲ ਗੈਰ ਰਸਮੀ ਸੰਸਥਾਵਾਂ ਅਤੇ ਹਰ ਉਸ ਗੈਰ ਰਾਜਨੀਤਕ ਪੱਖ ਜਾਂ ਤੱਤ ਦਾ ਅਧਿਐਨ ਵੀ ਕੀਤਾ ਜਾਂਦਾ ਹੈ ਜਿਹੜਾ ਕਿਸੇ ਵੀ ਰੂਪ ਵਿਚ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ ਜਾਂ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ ਜਾਂ ਰਾਜਨੀਤੀ ਤੋਂ ਪ੍ਰਭਾਵਿਤ ਹੁੰਦਾ ਹੋਵੇ।

ਤੁਲਨਾਤਮਕ ਰਾਜਨੀਤੀ ਦੀ ਪ੍ਰਕਿਰਤੀ ਜਾਂ ਸੁਭਾਅ ਤੇ ਖੇਤਰ (Nature and scope of Comparative Politics) ਨੂੰ ਸਮਝਣ ਲਈ ਅਸੀ ਕੁਝ ਸੰਸਥਾਵਾਂ, ਵਿਅਕਤੀਆਂ ਅਤੇ ਦ੍ਰਿਸ਼ਟੀਕੋਣਾਂ ਉਤੇ ਤੁਲਨਾਤਮਕ ਰਾਜਨੀਤਕ ਗਤੀਵਿਧੀਆਂ ਦੇ ਲਾਗੂ ਹੋਣ ਜਾਂ ਕਾਰਜ ਕਰਨ ਸੰਬੰਧੀ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਦੇ ਹਾਂ।

1. ਸੰਸਥਾਵਾਂ (Institutions) : ਸੰਸਥਾਵਾਂ ਕਿਸੇ ਸੰਗਠਨ ਜਾਂ ਪ੍ਰਨਾਲ਼ੀ ਦੇ ਵਿਕਾਸ ਅਤੇ ਸਥਿਰਤਾ ਲਈ ਬਹੁਤ ਅਹਿਮ ਹਨ। ਇਹ ਪ੍ਰਨਾਲੀ ਦੀ ਹੋਂਦ ਨੂੰ ਬਣਾ ਕੇ ਰੱਖਦੀਆਂ ਹਨ ਅਤੇ ਸੰਗਠਨ ਦੀ ਦਸ਼ਾ ਤੇ ਦਿਸ਼ਾ (ਰੂਪ-ਰੇਖਾ) ਨੂੰ ਹਾਲਾਤ ਅਨੁਸਾਰ ਢਾਲਦੀਆਂ ਹਨ।

ਸੰਸਥਾਵਾਂ ਸਮਾਜ ਦੀਆਂ ਰਹੁ-ਰੀਤਾਂ, ਇਤਿਹਾਸ, ਸੂਝ, ਯਾਦਾਂ ਅਤੇ ਸੱਭਿਆਚਾਰ ਮੁਲਾਂ ਦਾ ਪ੍ਰਤੀਕ। ਚਿੰਨ੍ਹ ਹੁੰਦੀਆਂ ਹਨ। ਇਹ ਲੋਕਾਂ ਵਿਚ ਰਾਜਨੀਤਕ-ਸਮਾਜਿਕ ਪ੍ਰਬੰਧ ਪ੍ਰਤੀ ਲੋਕ ਭਰੋਸਾ ਪੈਦਾ ਕਰਦੀਆਂ ਅਤੇ ਕਾਇਮ ਰੱਖਣ ਵਿੱਚ ਮਦਦ ਕਰਦੀਆਂ ਹਨ।



ਸੰਸਾਰ ਭਰ ਵਿੱਚ ਹਕੂਮਤ ਦੀਆਂ ਕਿਸਮਾਂ ਦੀ ਨੁਮਾਇੰਦਗੀ ਕਰਦੀਆਂ ਇਮਾਰਤਾਂ ਦਾ ਇਕ ਕੋਲਾਜ

ਸੰਸਥਾਵਾਂ ਆਪਣੇ ਸਮਾਜ ਦੇ ਲੋਕਾਂ ਤੇ ਸੰਸਥਾਵਾਂ ਵਿਚ ਕੰਮ ਕਰਨ ਵਾਲੇ ਕਾਰਜ ਕਰਤਿਆਂ ਦੇ ਹਿੱਤਾਂ (Interests) ਨੂੰ ਪੂਰਾ ਕਰਨ ਦੇ ਮੌਕੇ ਪੈਦਾ ਕਰਦੀਆਂ ਹਨ ਅਤੇ ਸਮਾਜ ਦੁਆਰਾ ਸਥਾਪਤ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਸਹਾਇਕ ਹੁੰਦੀਆਂ ਹਨ।

ਉਦਾਰਵਾਦੀ ਲੋਕਤੰਤਰ ਵਿਚ ਵਿਧਾਨਪਾਲਿਕਾ ਕਾਰਜਪਾਲਿਕਾ ਤੇ ਨਿਆਂਪਾਲਿਕਾ ਅਜਿਹੀਆਂ ਹੀ ਰਸਮੀ ਰਾਜਨੀਤਕ ਸੰਸਥਾਵਾਂ ਹਨ ਜਿਹਨਾਂ ਦੀ ਸਥਾਪਨਾ ਸੰਵਿਧਾਨ ਅਧੀਨ ਕੀਤੀ ਜਾਂਦੀ ਹੈ ਅਤੇ ਨਿਸਚਤ ਕਾਰਜ-ਸ਼ਕਤੀਆਂ ਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਹਨ। ਇਹਨਾਂ ਰਾਜਨੀਤਕ ਸੰਸਥਾਵਾਂ ਦੀ ਆਪਣੀ ਕਨੂੰਨੀ ਤੇ ਸੰਵਿਧਾਨਕ ਪਛਾਣ ਹੁੰਦੀ ਹੈ। ਇਹਨਾਂ ਸੰਸਥਾਵਾਂ ਵਿੱਚ, ਵਿਆਪਕ ਰੂਪ ਨਾਲ ਨੌਕਰਸ਼ਾਹੀ, ਸਥਾਨਕ ਸਵੈ ਸਸ਼ਾਨ (ਪੰਚਾਇਤਾਂ ਤੇ ਨਗਰਪਾਲਿਕਾਵਾਂ) ਅਤੇ ਚੋਣ ਕਮਿਸ਼ਨ ਜਿਹੀਆਂ ਸੰਸਥਾਵਾਂ ਵੀ ਸ਼ਾਮਲ ਹਨ। ਇਹਨਾਂ ਤੋਂ ਇਲਾਵਾ ਸ਼ਕਤੀ ਲਈ ਸੰਘਰਸ਼ ਵਿੱਚ ਆਉਣ ਵਾਲੇ ਰਾਜਨੀਤਕ ਦਲਾਂ ਦਾ ਭੂਮਿਕਾ ਨਿਭਾਉਣੇ ਵੀ ਇਨ੍ਹਾਂ ਸੰਸਥਾਵਾਂ ਦੇ ਅਧੀਨ ਹੀ ਆਉਂਦਾ ਹੈ। ਰਾਜਨੀਤਕ ਸੰਸਥਾਵਾਂ ਦਾ ਇਤਿਹਾਸਕ ਪਿਛੋਕੜ, ਸਮਾਜਿਕ ਢਾਂਚਾ, ਭੂਗੋਲਿਕ ਪ੍ਰਭਾਵ ਅਤੇ ਅਰਥ ਚਾਰਾ ਇੱਕ ਦੇਸ਼ ਤੋਂ ਦੂਸਰੇ ਦੇਸ਼ ਵੱਖਰਾ ਤੇ ਨਿਵੇਕਲਾ ਹੁੰਦਾ ਹੈ।

ਵਿਸ਼ਵਭਰ ਵਿਚ ਪ੍ਰਤੀਨਿਧ ਲੋਕਤੰਤਰ ਦੀਆਂ ਮੁੱਢਲੀਆਂ ਰਾਜਨੀਤਕ ਸੰਸਥਾਵਾਂ

	ਸੰਸਥਾਵਾਂ ਦੀ ਕਿਸਮ (Types of Institutions)	ਸੰਸਥਾਵਾਂ ਵਿਚ ਵਿਲੱਖਣਤਾ (Variations in Institutions)
1.	ਚੋਣ ਪ੍ਰਨਾਲ਼ੀ	ਅਨੁਪਾਤਕ ਜਾਂ ਬਹੁਮਤ ਪ੍ਰਨਾਲ਼ੀ
2.	ਵਿਧਾਨਪਾਲਿਕਾ	ਇੱਕ ਸਦਨੀ ਜਾਂ ਦੋ ਸਦਨੀ
3.	ਸਰਕਾਰ ਦਾ ਢਾਂਚਾ	ਇਕਾਤਮਕ ਜਾਂ ਸੰਘਾਤਮਕ
4.	ਕੇਂਦਰੀ ਕਾਰਜਪਾਲਿਕਾ	ਸੰਸਦੀ ਜਾਂ ਪ੍ਰਧਾਨਗੀ
5.	ਨਿਆਂਇਕ ਪੁਨਰ ਨਿਰੀਖਣ	ਮਜ਼ਬੂਤ ਜਾਂ ਕਮਜ਼ੋਰ
6.	ਸਥਾਨਕ ਸਵੈ ਸ਼ਾਸਨ	ਕਮਜ਼ੋਰ ਜਾਂ ਮਜ਼ਬੂਤ ਖੁਦਮੁਖਤਿਆਰੀ
7.	ਸਿਵਲ ਸੇਵਾਵਾਂ	ਲਾਭ ਅਧਾਰਤ ਜਾਂ ਯੋਗਤਾ ਅਧਾਰਤ (Spoil System) (Merit System)
8.	ਘੱਟ ਗਿਣਤੀਆਂ ਦੀ ਰਾਖੀ	ਕਮਜ਼ੋਰ ਜਾਂ ਮਜ਼ਬੂਤ
9.	ਜਨਮਤ (Referendum)	ਪ੍ਰਚਲਤ ਜਾਂ ਅਪ੍ਰਚਲਤ

ਰਾਜਨੀਤਕ ਸੰਸਥਾਵਾਂ ਸਰਕਾਰ ਦੇ ਅਜਿਹੇ ਔਜ਼ਾਰ ਹਨ ਜਿਨ੍ਹਾਂ ਰਾਹੀਂ ਰਾਜਨੀਤਕ ਮੁੱਦਿਆਂ ਨੂੰ ਘੜਿਆ ਵੀ ਜਾਂਦਾ ਹੈ ਅਤੇ ਹੱਲ ਕਰਨ ਦਾ ਯਤਨ ਵੀ ਕੀਤਾ ਜਾਂਦਾ ਹੈ।

ਕਾਰਲ ਮਾਰਕਸ ਅਨੁਸਾਰ ਰਾਜਨੀਤਕ ਸੰਸਥਾਵਾਂ ਆਰਥਿਕ ਢਾਂਚੇ ਉਪਰ ਬਣਿਆ ਉਹ ਉਪ-ਢਾਂਚਾ ਹੈ ਜਿਸ ਦੁਆਰਾ ਸ਼ੋਸ਼ਣ ਕਰਨ ਵਾਲੇ ਵਰਗਾਂ (ਪੂੰਜੀਪਤੀਆਂ) ਦੇ ਹਿੱਤਾਂ ਦੀ ਰਾਖੀ ਕੀਤੀ ਜਾਂਦੀ ਹੈ ਅਤੇ ਕਮਜ਼ੋਰ ਤੇ ਸ਼ੋਸ਼ਿਤ ਵਰਗਾਂ ਨੂੰ ਨਰਮੀ (Consent) ਅਤੇ ਸਖ਼ਤੀ (Coercive) ਢੰਗਾਂ ਨਾਲ ਦਬਾਇਆ ਜਾਂਦਾ ਹੈ।

ਦੂਜੇ ਪਾਸੇ ਜੌਹਨ ਲੌਕ ਅਨੁਸਾਰ ਰਾਜਨੀਤਕ ਸੰਸਥਾਵਾਂ ਵਿਅਕਤੀ ਦੇ ਜੀਵਨ, ਸੁਤੰਤਰਤਾ ਅਤੇ ਸੰਪੱਤੀ ਦੀ ਰਾਖੀ ਕਰਦੀਆਂ ਹਨ। ਤੁਲਾਨਤਮਕ ਰਾਜਨੀਤਕ ਵਿਚ ਸੰਸਥਾਵਾਂ ਦੀ ਭੂਮਿਕਾ ਅਤੇ ਕਾਰਜਸ਼ੈਲੀ ਦਾ ਅਧਿਐਨ ਕੇਂਦਰੀ ਸਥਾਨ ਰੱਖਦਾ ਹੈ।

2. ਵਿਅਕਤੀ (Individuals) : ਮਨੋਵਿਗਿਆਨਕ ਅਧਾਰਾਂ 'ਤੇ ਤੁਲਨਾਮਤਕ ਰਾਜਨੀਤੀ ਸੰਬੰਧੀ, 1950 ਵੇਂ ਅਤੇ 1960 ਵੇਂ ਦਹਾਕਿਆਂ ਵਿੱਚ ਰਸਮੀ ਤੇ ਕਨੂੰਨੀ ਰਾਜਨੀਤਕ ਸੰਸਥਾਵਾਂ ਦੇ ਢਾਂਚਿਆਂ ਅਤੇ ਕਾਰਜਾਂ ਨਾਲੋਂ ਵਿਅਕਤੀ ਦੇ ਵਿਹਾਰ, ਆਦਤਾਂ, ਦ੍ਰਿਸ਼ਟੀਕੋਣਾਂ, ਸੋਚਾਂ ਅਤੇ ਲਗਾਅ ਆਦਿ ਮਨੋਭਾਵਾਂ ਨੂੰ ਅਧਿਐਨ ਦਾ ਮੁੱਖ ਬਿੰਦੂ ਮੰਨਿਆ ਜਾਣ

ਲੱਗਾ। ਸੰਸਥਾਵਾਂ ਦੇ ਅਧਿਐਨ ਨਾਲੋਂ ਵਿਅਕਤੀ ਉਤੇ ਧਿਆਨ ਕੇਂਦਰਤ ਹੋਇਆ ਅਤੇ ਇਸ ਕ੍ਰਾਂਤੀ ਜਾਂ ਬਦਲਾਅ ਨੂੰ ਵਿਹਾਰਵਾਦ ਦੀ ਕ੍ਰਾਂਤੀ ਦਾ ਨਾਂ ਦਿੱਤਾ ਜਾਣ ਲੱਗਾ।

ਡੇਵਿਡ ਈਸਟਨ ਨੂੰ ਇਸ ਸੋਚ ਅਧੀਨ ਵਿਹਾਰਵਾਦ ਦਾ ਪਿਤਾਮਾ ਕਿਹਾ ਜਾਂਦਾ ਹੈ। ਰਾਜਨੀਤਕ ਵਿਦਵਾਨਾਂ ਦਾ ਮੱਤ ਇਹ ਸੀ ਕਿ ਵਿਅਕਤੀ ਆਪਣੇ ਰਾਜਨੀਤਕ ਜੀਵਨ ਵਿਚ ਬਹੁਤ ਵੱਖੋ-ਵੱਖਰੀਆਂ ਭੂਮਿਕਾਵਾਂ ਨਿਭਾਉਂਦਾ ਹੈ ਜਿਵੇਂ ਮੱਤਦਾਤਾ, ਰਾਜਨੀਤਕ ਦਲ ਦਾ ਮੈਂਬਰ, ਦਬਾਓ ਸਮੂਹਾਂ ਦਾ ਮੈਂਬਰ, ਲੋਕਰਾਏ ਰੱਖਣ ਵਾਲਾ ਅਤੇ ਚੰਗੇ ਨਾਗਰਿਕ ਆਦਿ ਸਭ ਕਿਰਦਾਰ ਨਿਭਾਉਂਦਾ ਹੈ। ਇਸ ਲਈ ਸੰਸਥਾਵਾਂ ਨਾਲੋਂ ਵਿਅਕਤੀ ਦਾ ਵਿਹਾਰ, ਚੋਣ ਪ੍ਰਨਾਲ਼ੀ ਨਾਲੋਂ ਮਤਦਾਤਾ, ਵਿਧਾਨਪਾਲਿਕਾ ਨਾਲੋਂ ਵਿਧਾਨਕਾਰਾਂ, ਪ੍ਰਧਾਨਗੀ ਪ੍ਰਨਾਲੀ ਨਾਲੋਂ ਰਾਸ਼ਟਰਪਤੀ ਨਿਆਪਾਲਿਕਾ ਨਾਲੋਂ ਜੱਜਾਂ ਦੇ ਵਿਹਾਰ ਪ੍ਰਤੀ ਹਾਲਾਤ ਦੇ ਅਨੁਸਾਰ ਧਿਆਨ ਦਾ ਕੇਂਦਰ ਹੋਣਾ ਜ਼ਰੂਰੀ ਹੈ। ਸਮਾਜ ਵਿੱਚ ਵੱਖੋ ਵੱਖਰੇ ਕਾਰਜ ਕਰਤਿਆਂ ਨੂੰ ਰਾਜਨੀਤੀ ਦੇ ਪ੍ਰਿਜ਼ਮ (Prism) ਵਿੱਚੋਂ ਦੇਖਿਆ ਜਾਣਾ ਰਾਜਨੀਤੀ ਦੇ ਗਿਆਨ ਜਾਂ ਖੇਡ ਨੂੰ ਸਮਝਣ ਦਾ ਵਿਲੱਖਣ ਢੰਗ ਹੀ ਵਿਹਾਰਵਾਦ ਕਹਾਉਂਦਾ ਹੈ।

ਵਿਅਕਤੀ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਦੀ ਹੀ ਉਪਜ ਹੁੰਦਾ ਹੈ। ਇੱਕ ਵਿਅਕਤੀ ਦੀ ਰਾਜਨੀਤਕ ਪ੍ਰੇਰਣਾ, ਸੋਚ, ਭਰੋਸਾ, ਨਜ਼ਰੀਆ ਅਤੇ ਸਵੈਮਾਨ ਉਸਦੇ ਸਮਾਜ ਦੇ ਰਾਜਨੀਤਕ ਸਮਾਜਿਕ ਅਤੇ ਆਰਥਿਕ ਜੀਵਨ ਦਾ ਮਿਲਗੋਭਾ ਹੀ ਹੈ ਜੋ ਉਸਨੂੰ ਰਾਜਨੀਤੀ ਵਿੱਚ ਮੁੱਖ ਭਾਗੀਦਾਰ ਬਣਾਉਂਦਾ ਹੈ। ਵਿਹਾਰਵਾਦੀ ਵਿਦਵਾਨਾਂ ਅਨੁਸਾਰ "ਵਿਅਕਤੀ ਹੀ ਰਾਜਨੀਤੀ ਦੀ ਜੜ੍ਹ ਹੈ" (The Root is Man). ਸਰਕਾਰ ਦੁਆਰਾ ਸਮਾਜਿਕ ਅਤੇ ਆਰਥਿਕ ਲੋੜਾਂ ਸੰਬੰਧੀ ਜੋ ਵੀ ਫੈਸਲੇ ਲਏ ਜਾਂਦੇ ਹਨ ਜਾਂ ਨੀਤੀਆਂ ਬਣਾਈਆਂ ਜਾਂਦੀਆਂ ਹਨ ਉਹਨਾਂ ਦਾ ਅਸਲ ਤੇ ਅਖੀਰਲਾ ਮਕਸਦ ਵਿਅਕਤੀ ਦੇ ਹਿੱਤਾਂ ਦੀ ਪੂਰਤੀ ਹੀ ਹੁੰਦਾ ਹੈ। ਉਦਾਹਰਣ ਵਜੋਂ ਸਰਵ ਉਚ ਅਦਾਲਤ ਦੇ ਸਾਬਕਾ ਮੁੱਖ ਜੱਜ ਪੀ. ਐਨ. ਭਾਗਵਤੀ (P.N. BHAGWATI) ਨੇ ਜਨਤਕ ਹਿੱਤ ਮੁਕੱਦਮਾ (PUBLIC INTEREST LITIGATION – PIL) ਦੀ ਸ਼ੁਰੂਆਤ ਕਰਕੇ ਭਾਰਤੀ ਸਮਾਜ ਦੇ ਗਰੀਬ ਤੇ ਦੱਬੇ ਕੁਚਲੇ ਲੋਕਾਂ ਲਈ ਨਿਆਂ ਦੀ ਪਹਿਲ ਕੀਤੀ।

ਤੁਲਨਾਤਮਕ ਰਾਜਨੀਤੀ ਵਿਚ ਕੇਵਲ ਵਿਸ਼ਿਸ਼ਟ ਵਰਗ (Elite Class) ਦੇ ਵਿਹਾਰ ਦਾ ਅਧਿਐਨ ਨਹੀਂ ਕੀਤਾ ਜਾਂਦਾ ਸਗੋਂ ਆਮ ਵਰਗਾਂ ਦੇ ਲੋਕਾਂ ਦੇ ਵਿਹਾਰ ਨੂੰ ਵਿਸ਼ੇਸ਼ ਤਵੱਜੋ ਵੀ ਦਿੱਤੀ ਜਾਂਦੀ ਹੈ।

3. ਢਾਂਚਾ ਜਾਂ ਸੰਰਚਨਾ (Structure) : ਢਾਂਚਾ ਜਾਂ ਸੰਰਚਨਾ ਸ਼ਬਦ ਦਾ ਘੇਰਾ ਸੰਸਥਾ ਨਾਲੋਂ ਵਿਸ਼ਾਲ ਅਤੇ ਵਿਆਪਕ ਹੈ। ਢਾਂਚਾ ਜਾਂ ਸੰਰਚਨਾ ਨੂੰ ਸ਼ਾਬਦਿਕ ਰੂਪ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਛੋਟੀਆਂ-ਛੋਟੀਆਂ ਕੜੀਆਂ ਆਪਸ ਵਿਚ ਜੁੜ ਕੇ ਇੱਕ ਵੱਡੀ ਬਨਾਵਟ ਦਾ ਰੂਪ ਬਣਦੀਆਂ ਹਨ ਭਾਵ Construction of a Whole ਉਦਾਹਰਨ ਵਜੋਂ ਜਿਵੇਂ ਮਨੁੱਖੀ ਸਰੀਰ ਦਾ ਪਿੰਜਰ ਛੋਟੀਆਂ-ਛੋਟੀਆਂ ਹੱਡੀਆਂ ਆਪਸ ਵਿੱਚ ਜੁੜ ਕੇ ਬਣਦਾ ਹੈ ਅਤੇ ਇੱਕ ਪੂਰਾ ਮਨੁੱਖੀ ਸਰੀਰ ਢਾਂਚਾ ਤਿਆਰ ਹੁੰਦਾ ਹੈ।

ਉਸੇ ਤਰ੍ਹਾਂ ਰਾਜਨੀਤਕ ਢਾਂਚਾ, ਸਮਾਜ ਦੇ ਵਖੋ-ਵੱਖਰੇ ਸ਼ਕਤੀਸ਼ਾਲੀ ਸ੍ਰੇਸਟ ਵਰਗਾਂ, ਰਾਜਨੀਤਕ ਦਲਾਂ, ਧਾਰਮਿਕ ਸਮੂਹਾਂ, ਵੱਡੇ ਵਪਾਰਕ ਅਦਾਰਿਆਂ ਅਤੇ ਸੈਨਿਕ ਵਰਗਾਂ ਦਾ ਰਾਜਨੀਤਕ ਤੰਤਰ ਜਾਂ ਸ਼ਾਸਨ ਨਾਲ ਸਬੰਧਾਂ ਦਾ ਨੈਟਵਰਕ (ਜਾਲ) ਹੁੰਦਾ ਹੈ ਜੋ ਰਾਜਨੀਤਕ ਸ਼ਾਸਨ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ ਜਾਂ ਫਿਰ ਪੁਰਾਣੇ ਰਾਜਨੀਤਕ ਸ਼ਾਸਨ ਦੇ ਕਮਜ਼ੋਰ ਹੋਣ ਨਾਲ ਨਵੇਂ ਤੰਤਰ ਨੂੰ ਸਿਰਜਣ ਦੀ ਕੋਸ਼ਿਸ਼ ਕਰਦਾ ਹੈ।

ਸੋ ਢਾਂਚੇ ਦੀਆਂ ਕੜੀਆਂ ਆਪਸ ਵਿਚ ਅੰਤਰ ਕਿਰਿਆ ਕਰਦੀਆਂ ਹਨ ਕਿਉਂਕਿ ਉਹ ਕਈ ਰੂਪਾਂ ਵਿੱਚ ਆਪਸ ਵਿੱਚ ਅੰਤਰ ਨਿਰਭਰ ਹਨ ਤੇ ਇੱਕ ਦੂਜੇ ਦੇ ਹਿੱਤਾਂ ਦੀ ਪੂਰਤੀ ਕਰਦੀਆਂ ਹਨ।

ਇਸ ਰਾਜਨੀਤਕ ਢਾਂਚੇ ਵਿਚ ਹਰ ਵਰਗ ਜਾਂ ਸਮੂਹ ਆਪਣੇ ਪ੍ਰਭਾਵ ਜਾਂ ਹੋਂਦ ਨੂੰ ਰਾਜਨੀਤਕ ਤੰਤਰ ਵਿਚ ਬਣਾਈ ਰੱਖਣ ਲਈ ਕਾਰਜ ਕਰਦਾ ਰਹਿੰਦਾ ਹੈ।

ਰਾਜਨੀਤਕ ਢਾਂਚੇ ਵਿਚ ਰਾਜਨੀਤਕ ਸੰਸਥਾਵਾਂ (ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ) ਦਾ ਵਿਅਕਤੀਆਂ ਦੇ ਸਮੂਹਾਂ ਨਾਲ ਅੰਤਰ ਸੰਬੰਧ ਹੁੰਦੇ ਹਨ। ਕਾਰਲ ਮਾਰਕਸ ਅਨੁਸਾਰ ਸਮਾਜ ਸ਼ੁਰੂ ਤੋਂ ਹੀ ਆਰਥਿਕ ਢਾਂਚੇ ਉਪਰ ਰਾਜਨੀਤਕ ਢਾਂਚੇ ਨੂੰ ਖੜ੍ਹਾ ਕਰਦਾ ਹੈ ਸਿੱਟੇ ਵਜੋਂ ਸਮਾਜਿਕ ਢਾਂਚਾ ਇਹੋ ਜਿਹਾ ਹੀ ਬਣ ਜਾਂਦਾ ਹੈ। ਅੰਟੈਨੀਉ ਗ੍ਰਾਮਸੀ ਨੇ ਵੀ ਕਾਰਲ ਮਾਰਕਸ ਦੇ ਵਿਚਾਰ ਨੂੰ ਅੱਗੇ ਵਧਾਉਂਦੇ ਹੋਏ ਕਿਹਾ ਕਿ ਢਾਂਚੇ ਦਾ ਉਪਢਾਂਚਾ (Super Structure) ਪਹਿਲਾਂ ਤੋਂ ਚਲੇ ਆ ਰਹੇ ਢਾਂਚੇ ਦੀ ਚੌਧਰ (Hegemony) ਨੂੰ ਹੀ ਮਜ਼ਬੂਤੀ ਤੇ ਸਥਿਰਤਾ ਪ੍ਰਦਾਨ ਕਰਦਾ ਹੈ।

ਤੁਲਨਾਤਮਕ ਰਾਜਨੀਤੀ ਵਿਚ ਢਾਂਚਿਆਂ ਦੀ ਅੰਤਰ ਨਿਰਭਰਤਾ ਅੰਤਰ ਕਿਰਿਆ ਅਤੇ ਢਾਂਚੇ ਦੁਆਰਾ ਪੈਦਾ ਕੀਤੇ ਰਾਜਨੀਤਕ ਆਰਥਿਕ ਵਾਤਵਾਰਣ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

4. ਚੇਤੰਨ ਚੋਣ (Rational Choice) : ਵਿਲੀਅਮ ਰੀਕਰ (William Riker) ਦਾ ਮੰਨਣਾ ਹੈ ਕਿ ਸਮਾਜ ਦੀਆਂ ਤਰਜੀਹਾਂ (Preferences) ਨਹੀਂ ਹੁੰਦੀਆਂ ਬਲਕਿ ਵਿਅਕਤੀਆਂ ਦੀਆਂ ਤਰਜੀਹਾਂ ਬਣਦੀਆਂ ਹਨ। ਵਿਅਕਤੀ ਬੁੱਧੀਮਾਨ ਹੁੰਦਾ ਹੈ ਅਤੇ ਉਸ ਕੋਲ ਸੁਚੇਤ ਗਿਆਨ ਵੀ ਹੁੰਦਾ ਹੈ। ਉਹ ਆਪਣੇ ਬੁਰੇ ਭਲੇ (Interests) ਬਾਰੇ ਦੂਜਿਆਂ ਤੋਂ ਵੱਧ ਜਾਣਦਾ ਹੁੰਦਾ ਹੈ। ਇਸ ਲਈ ਵਖੋ-ਵੱਖਰੇ ਹਲਾਤ ਵਿੱਚ ਜਦੋਂ ਕਦੇ ਉਸਨੂੰ ਬਹੁਤਿਆਂ ਵਿੱਚੋਂ ਕੁਝ ਚੋਣ ਕਰਨ ਦਾ ਮੌਕਾ ਮਿਲਦਾ ਹੈ, ਉਹ ਆਪਣੀ ਤਰਕ ਸੋਚ ਦੁਆਰਾ ਬਹੁਤ ਸਾਰੇ ਹਿੱਤਾਂ ਵਿਚੋਂ ਸਭ ਤੋਂ ਮੁੱਢਲੇ ਜ਼ਰੂਰੀ ਹਿੱਤਾਂ ਨੂੰ ਚੁਣਦਾ ਹੈ ਜਾਂ ਪਹਿਲ ਦਿੰਦਾ ਹੈ। ਇਸ ਤਰ੍ਹਾਂ ਬਾਅਦ ਵਿੱਚ ਵਿਅਕਤੀਆਂ ਦੀਆਂ ਤਰਜੀਹਾਂ ਸਮਾਜ ਦੀਆਂ ਸਮੂਹਿਕ ਤਰਜੀਹਾਂ (ਲੋੜਾਂ) ਬਣ ਜਾਂਦੀਆਂ ਹਨ।

ਹੈਰਲਡ ਲਾਮਵੈਲ ਦਾ ਕਹਿਣਾ ਹੈ ਕਿ ਰਾਜਨੀਤੀ ਹੈ ਹੀ ਇਹ ਕਿ ਕੋਈ ਰਾਜਨੀਤੀ ਵਿਚੋਂ ਕੀ ਅਤੇ ਕਿੰਨਾ ਪ੍ਰਾਪਤ ਕਰਦਾ ਹੈ, "Who gets, What, When, How!" ਭਾਵ ਰਾਜਨੀਤੀ, ਮਨਾਫ਼ਿਆਂ ਨੂੰ ਵੰਡਣ ਦਾ ਹੀ ਵਿੱਲਖਣ ਢੰਗ ਹੈ। ਹਰ ਵਿਅਕਤੀ ਆਪਣੇ ਹਿੱਤਾਂ ਦੀ ਵੱਧ ਤੋਂ ਵੱਧ ਪੂਰਤੀ ਚਾਹੁੰਦਾ ਹੈ ਇਸੇ ਲਈ ਵਿਅਕਤੀ ਦੇ ਆਰਥਿਕ ਪੱਖ ਦੀ ਚੋਣ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਉਦਾਹਰਣ ਦੇ ਤੌਰ 'ਤੇ ਮਤੱਦਾਤਾ ਜਦੋਂ ਵੋਟ ਪਾਉਣ ਲਈ ਮਤਦਾਨ ਸਥਾਨ (Polling Both) 'ਤੇ ਜਾਂਦਾ ਹੈ ਤਾਂ ਕਿਹੜੇ ਰਾਜਨੀਤਕ ਦਲ ਨੂੰ ਆਪਣਾ ਮੱਤ ਦੇਣਾ ਹੈ ਅਤੇ ਕਿਹੜੇ ਰਾਜਨੀਤਕ ਦਲ ਦੇ ਚੋਣ ਵਾਅਦੇ (ਗਾਰੰਟੀਆਂ) ਉਸਦੇ ਹਿੱਤਾਂ ਨੂੰ ਸਭ ਤੋਂ ਵੱਧ ਪੂਰਾ ਕਰਨ ਦੇ ਸੰਭਾਵੀ ਹਨ, ਨੂੰ ਧਿਆਨ ਵਿਚ ਰੱਖ ਕੇ ਵੋਟ (ਮੱਤ) ਪਾਉਂਦਾ ਹੈ।

ਇਸੇ ਤਰ੍ਹਾਂ ਰਾਜਨੀਤਕ ਦਲ ਦੀ ਚੋਣਾਂ ਵਿੱਚ ਜਿੱਤ ਲਈ ਅਜਿਹੇ ਲਾਲਚੀ ਜਾਂ ਲੁਭਾਵਣੇ ਵਾਅਦੇ ਜਾਂ ਨੀਤੀਆਂ ਨੂੰ ਚੋਣ ਮੈਨੀਫੈਸਟੋ (Election Manifesto) ਵਿਚ ਸ਼ਾਮਲ ਕਰਦੇ ਹਨ ਕਿ ਵਿਅਕਤੀ ਇਹ ਨੀਤੀਆਂ ਜਾਂ ਵਾਅਦਿਆਂ ਨਾਲ ਪ੍ਰਭਾਵਿਤ ਹੋ ਕੇ ਉਹਨਾਂ ਦੇ ਹਿੱਤ (ਪੱਖ) ਵਿਚ ਮੱਤ ਦੇਵੇ ਅਤੇ ਉਹ ਜਿੱਤ ਪ੍ਰਾਪਤ ਕਰਨ ਸਕਣ।

ਵਿਅਕਤੀਆਂ ਦੇ ਹਿੱਤ ਕੇਵਲ ਆਰਥਿਕ ਮੁਨਾਫ਼ਿਆਂ ਤੱਕ ਹੀ ਸੀਮਤ ਨਹੀਂ, ਬਲਕਿ ਇਹਨਾਂ ਦੇ ਨਾਲ-ਨਾਲ ਪਛਾਣ (Identity) ਅਤੇ ਨਸਲ (Ethnicity) ਦੇ ਹਿੱਤਾਂ ਨੂੰ ਵੀ ਤਰਜੀਹ ਦਿੰਦੇ ਹਨ।

5. ਰਾਜਨੀਤਕ ਆਰਥਿਕਤਾ (Political Economy) : ਤੁਲਨਾਤਮਕ ਰਾਜਨੀਤੀ ਵਿਚ ਰਾਜਨੀਤਕ-ਆਰਥਿਕਤਾ ਦੇ ਸਬੰਧਾਂ ਨੂੰ ਸਮਝਿਆ ਜਾਂਦਾ ਹੈ। ਆਰਥਿਕ ਕਿਰਿਆਵਾਂ (ਉਤਪਾਦਨ, ਵਟਾਂਦਰਾਂ ਤੇ ਉਪਭੋਗ) ਜਿੱਥੇ ਰਾਜਨੀਤਕ ਤੰਤਰ ਦੁਆਰਾ ਕੰਟੋਰਲ ਕੀਤੀਆਂ ਜਾਂਦੀਆਂ ਹਨ ਉਥੇ ਹੀ ਆਰਥਿਕ ਕਿਰਿਆਵਾਂ ਦਾ ਰਾਜਨੀਤਕ ਸਤ੍ਰਾ (ਤੰਤਰ) ਦੀਆਂ ਰਣਨੀਤੀਆਂ ਤੇ ਫੈਸਲਿਆਂ ਉਤੇ ਡੂੰਘਾ ਅਸਰ ਦੇਖਣ ਨੂੰ ਮਿਲਦਾ ਹੈ। ਸੋ ਰਾਜਨੀਤਕ-ਆਰਥਿਕਤਾ ਤੋਂ ਭਾਵ ਰਾਜਨੀਤਕ ਕਿਰਿਆਵਾਂ ਅਤੇ ਆਰਥਿਕ ਕਿਰਿਆਵਾਂ ਦੇ ਪਰਸਪਰ (ਆਪਸੀ) ਸੰਬੰਧਾਂ ਤੋਂ ਹੈ।

ਜਿਹੜਾ ਦੇਸ਼ (ਮੁਲਕ) ਆਰਿਥਕ ਤੌਰ 'ਤੇ ਜ਼ਿਆਦਾ ਮਜ਼ਬੂਤ ਤੇ ਸਥਿਰ ਰਹਿੰਦਾ ਹੈ ਉਸਦੀ ਰਾਜਨੀਤਕ ਪ੍ਰਨਾਲ਼ੀ ਵੀ ਸਥਿਰ ਤੇ ਮਜ਼ਬੂਤ ਰਹਿੰਦੀ ਹੈ ਕਿਉਂਕਿ ਅਜਿਹੇ ਰਾਜਨੀਤਕ ਤੰਤਰ ਵਿਚ ਲੋਕਾਂ ਦੀਆਂ ਮੰਗਾਂ (ਨਿਵੇਸ਼) ਨੂੰ ਅਸਾਨੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਜਿਥੇ ਰਾਜਨੀਤਕ ਤੰਤਰ ਦੀ ਕਾਰਜ-ਸ਼ੈਲੀ ਠੀਕ ਜਾਂ ਨਾ ਹੋਵੇ ਜਾਂ ਕਮਜ਼ੋਰ ਹੋਵੇ ਉਥੇ ਆਰਥਿਕ ਕਿਰਿਆਵਾਂ ਵੀ ਕਮਜ਼ੋਰ ਰਹਿਣਗੀਆਂ।

ਉਦਾਹਰਣ ਦੇ ਤੌਰ 'ਤੇ ਭਾਰਤ ਵਿਚ 1990 ਵੇਂ ਦੇ ਦਹਾਕੇ ਵਿਚ ਭਾਰਤੀ ਅਰਥਵਿਵਸਥਾ ਦਾ ਡਾਂਵਾਡੋਲ ਹੋਣ ਕਾਰਨ ਰਾਜਨੀਤਕ ਢਾਂਚੇ ਵਿਚ ਸੰਸਥਾਗਤ (Institutional) ਤਬਦੀਲੀਆਂ ਕਰਨੀਆਂ ਪਈਆਂ ਅਤੇ ਦੇਸ਼ ਵਿਚ ਨਵੀਂ ਆਰਥਿਕ ਨੀਤੀ-1991 (ਉਦਾਰੀਕਰਨ, ਨਿੱਜੀਕਰਨ, ਵਿਸ਼ਵੀਕਰਨ) ਅਪਨਾਉਣੀ ਪਈ ਜਿਸਦੇ ਫਲਸਰੂਪ ਨਿੱਜੀ ਵਪਾਰ (Private Business Trade) ਕੌਮਾਂਤਰੀ ਨਿੱਜੀ ਕੰਪਨੀਆਂ (MNCs) ਨੂੰ ਦੇਸ਼ ਵਿਚ ਸਥਾਪਤ ਕਰਨ ਦਾ ਰਾਹ ਪੱਧਰਾ ਹੋਇਆ। ਇਸਦਾ ਅਸਰ ਇਹ ਹੋਇਆ ਕਿ 21 ਵੀਂ ਸਦੀ ਦੇ ਪਹਿਲੇ ਢਾਈ ਦਹਾਕਿਆਂ ਵਿਚ ਲੋਕ ਭਲਾਈ ਨੀਤੀਆਂ ਦਾ ਬਜਟ ਵਿਚੋਂ ਹਿੱਸਾ ਘਟਣ ਲੱਗਾ ਤੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਵੀ ਸ਼ੁਰੂ ਹੋ ਗਿਆ। ਇਕ ਹੋਰ ਉਦਾਹਰਣ ਦੇ ਤੌਰ 'ਤੇ ਕੌਮਾਂਤਰੀ ਮੁਦਰਾ ਕੋਸ਼ (International Monetary Fund) ਅਤੇ ਵਿਸ਼ਵ ਬੈਂਕ (World Bank) ਦੀਆਂ ਕਰਜ਼ਾ ਨੀਤੀਆਂ ਦਾ ਤੀਸਰੀ ਦੁਨੀਆਂ ਦੇ ਪ੍ਰਭੂਸੱਤਾ ਅਤੇ ਖ਼ੁਦ ਮੁਖਤਿਆਰੀ 'ਤੇ ਡੂੰਘਾ ਅਸਰ ਵੇਖਣ ਨੂੰ ਮਿਲਿਆ ਹੈ।

6. ਵਿਚਾਰ ਜਾਂ ਵਿਚਾਰਧਾਰਾ (Idea or Ideology) : ਰਾਜਨੀਤੀ ਸ਼ਾਸਤਰ ਦੇ ਵਿਸ਼ੇ ਦਾ ਜਿਵੇਂ-ਜਿਵੇਂ ਵਿਕਾਸ ਹੋਇਆ, ਸਮੇਂ-ਸਮੇਂ 'ਤੇ ਅਲੱਗ ਅਤੇ ਵਿੱਲਖਣ ਵਿਚਾਰਧਾਰਾਵਾਂ ਦਾ ਜਨਮ ਤੇ ਵਿਕਾਸ ਹੋਇਆ। ਬਹੁਤ ਸਾਰੀਆਂ ਵਿਚਾਰਧਾਰਾਵਾਂ ਵਿਚੋਂ ਮਾਰਕਸਵਾਦੀ, ਉਦਾਰਵਾਦੀ, ਸਮਾਜਵਾਦੀ, ਪੂੰਜੀਵਾਦੀ, ਲੋਕਤੰਤਰੀ, ਨਾਜ਼ੀਵਾਦ, ਫ਼ਾਸੀਵਾਦ ਅਤੇ ਸਰਵੱਸਤ੍ਰਵਾਦੀ ਆਦਿ ਮਹੱਤਵਪੂਰਨ ਵਿਚਾਰਧਾਰਾਵਾਂ ਹੋਂਦ ਵਿਚ ਆਇਆਂ ਜਿਹਨਾਂ ਨੇ ਸਮਾਜ ਦੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਤੰਤਰ ਅਤੇ ਢਾਂਚੇ ਨੂੰ ਨਵਾਂ ਰੰਗ ਰੂਪ ਦਿੱਤਾ ਅਤੇ ਇਕ ਖ਼ਾਸ ਦਿਸ਼ਾ ਪ੍ਰਦਾਨ ਕੀਤੀ।

ਹਰ ਦੇਸ਼ ਦੇ ਰਾਜਨੀਤਕ ਤੰਤਰ ਦਾ ਅਧਾਰ ਉਥੋਂ ਦਾ ਰਾਜਨੀਤਕ ਸੱਭਿਆਚਾਰ ਹੁੰਦਾ ਹੈ ਅਤੇ ਰਾਜਨੀਤਕ ਸੱਭਿਆਚਾਰ ਸਮਾਜ ਦੇ ਵਿਚਾਰਾਂ, ਸੋਚਾਂ, ਕਦਰਾਂ-ਕੀਮਤਾਂ, ਰੀਤਾਂ, ਦ੍ਰਿਸ਼ਟੀਕੋਣ ਅਤੇ ਭਰੋਸਿਆਂ ਦਾ ਚਿੰਨ੍ਹ ਹੁੰਦਾ ਹੈ। ਸੱਭਿਆਚਾਰ ਇਕ ਮਹਤੱਵਪੂਰਨ ਪੱਖ ਵਿਚਾਰਧਾਰਾ ਵੀ ਰਹਿੰਦਾ ਹੈ ਜਿਹੜਾ ਰਾਜਨੀਤਕ ਤੰਤਰ ਦੀ ਬਣਤਰ ਅਤੇ ਕਾਰਜਸ਼ੀਲਤਾ ਕਾਰਜਸ਼ੈਲੀ ਉਤੇ ਡੂੰਘੀ ਅਸਰ ਪਾਉਂਦੀ ਹੈ।

ਉਦਾਹਰਣ ਦੇ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਦੀ ਅਰਥ ਵਿਵਸਥਾ ਉਦਾਰਵਾਦੀ (ਪੂੰਜੀਵਾਦ) ਵਿਚਾਰਧਾਰਾ 'ਤੇ ਨਿਰਭਰ ਹੈ ਇਸ ਲਈ ਅਮਰੀਕੀ ਸਮਾਜ ਵਿਚ ਨਿੱਜੀ ਹਿੱਤਾਂ ਅਤੇ ਨਿੱਜੀਕਰਨ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ। ਅਮਰੀਕੀ ਰਾਜਨੀਤਕ ਪ੍ਰਨਾਲੀ ਵੀ ਅਜਿਹੀਆਂ ਨੀਤੀਆਂ ਦਾ ਸਮਰਥਨ ਕਰਦੀ ਹੈ। ਦੂਜੇ ਪਾਸੇ ਕਿਊਬਾ ਅਤੇ ਸਾਮਵਾਦੀ ਚੀਨ, ਸਮਾਜਵਾਦੀ ਅਤੇ ਸਾਮਵਾਦੀ (Communism) ਵਿਚਾਰਾਂ ਨੂੰ ਆਪਣੇ ਤੰਤਰ ਅਤੇ ਢਾਂਚਿਆਂ ਵਿਚ ਮਿਲਾ ਕੇ ਰੱਖਦੇ ਹਨ ਜਿਸਦੇ ਫਲਸਰੂਪ ਇਹਨਾਂ ਦੇਸ਼ਾਂ ਵਿੱਚ ਨਿੱਜੀ ਹਿੱਤਾਂ ਨਾਲੋਂ ਸਮੁਦਾਇਕ ਹਿੱਤਾਂ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਹੈ। ਉਹ ਆਰਥਿਕ ਕਿਰਿਆਵਾਂ ਪੂਰੀ ਤਰ੍ਹਾਂ ਨਾਲ ਸਰਕਾਰ ਦੇ ਅਧਿਕਾਰ ਹੇਠ ਨਿਸਚਤ ਕੀਤੀਆਂ ਜਾਂਦੀਆਂ ਹਨ ਪਰ ਕਾਰਲ ਮਾਰਕਸ ਵਿਚਾਰਧਾਰਾ ਨੂੰ ਇਕ ਭਰਮਪੂਰਨ ਚੇਤਨਾ (False Conciousness) ਆਖਦਾ ਹੈ। ਉਸ ਅਨੁਸਾਰ ਇਹ ਅਜਿਹੇ ਮੁੱਲਾਂ, ਵਿਚਾਰਾਂ ਅਤੇ ਸੋਚਾਂ ਦਾ ਸਮੂਹ ਹੈ ਜਿਹੜਾ ਉਸ ਵਰਗ ਦਾ ਹਮਾਇਤੀ ਹੈ ਜਿਸਦਾ ਸਮਾਜ ਦੇ ਉਤਪਾਦਨ ਦੇ ਸਾਧਨਾਂ ਉਪਰ ਅਧਿਕਾਰ ਹੈ ਅਤੇ ਸ਼ੋਸ਼ਿਤ ਵਰਗਾਂ ਉਪਰ ਅਨਿਆਂਪੂਰਨ ਦਬਦਬਾ ਬਣਾ ਕੇ ਰੱਖਣ ਵਿਚ ਉਹਨਾਂ ਦੀ ਮਦਦ ਕਰਦਾ ਹੈ।

7. ਕੌਮਾਂਤਰੀ ਮੇਲ-ਮਿਲਾਪ (International Interaction) : ਕੋਈ ਵੀ ਰਾਜਨੀਤਕ ਢਾਂਚਾ ਜਾਂ ਤੰਤਰ ਵਿਸ਼ਵ ਸਮਾਜ ਤੋਂ ਇੱਕਲਿਆਂ ਰਹਿ ਕੇ ਕਾਰਜ ਜਾਂ ਆਪਣੇ ਉਦੇਸ਼ਾਂ (ਹਿੱਤਾਂ) ਨੂੰ ਪੂਰਾ ਨਹੀਂ ਕਰ ਸਕਦਾ। ਕਿਸੇ ਵੀ ਰਾਜਨੀਤਕ ਤੰਤਰ (ਪ੍ਰਨਾਲ਼ੀ) ਨੂੰ ਆਪਣੀ ਹੋਂਦ ਬਣਾਈ ਰੱਖਣ ਅਤੇ ਲਗਾਤਾਰ ਚਲਦੇ ਰਹਿਣ ਲਈ ਬੇਰੋਕ ਨਿਵੇਸ਼-ਨਿਕਾਸ ਕਾਰਜਾਂ ਨੂੰ ਕਰਦੇ ਰਹਿਣ ਹੁੰਦਾ ਹੈ ਅਤੇ ਨਿਵੇਸ਼ ਨਿਕਾਸ ਕਰਦੇ ਹੋਏ ਰਾਜਨੀਤਕ ਤੰਤਰ ਦੇ ਅੰਦਰਲੇ ਅਤੇ ਬਾਹਰਲੇ ਵਾਤਾਵਰਣ (ਹਾਲਾਤ) ਨੂੰ ਧਿਆਨ ਵਿਚ ਵੀ ਰੱਖਣਾ ਪੈਂਦਾ ਹੈ। ਇੱਕ ਰਾਜਨੀਤਕ ਤੰਤਰ ਦੇ ਕਾਰਜਾਂ ਦਾ ਅਸਰ ਦੂਸਰੀਆਂ ਰਾਜਨੀਤਕ ਪ੍ਰਨਾਲ਼ੀਆਂ ਦੇ ਕਾਰਜਾਂ ਅਤੇ ਵਾਤਾਵਰਣ 'ਤੇ ਵੀ ਪੈਂਦਾ ਹੈ।

ਉਦਾਹਰਣ ਵਜੋਂ ਜੇਕਰ ਚੀਨ ਦੀ ਸਰਕਾਰ ਦੁਆਰਾ ਆਪਣੇ ਉਤਪਾਦਨ ਦੇ ਨਿਰਯਾਤ (Export) ਉਪਰ ਪਾਬੰਦੀ (ਰੋਕਾਂ) ਲਗਾ ਦਿੱਤੀ ਜਾਵੇ ਜਾਂ ਉਤਪਾਦਨ ਦੇ ਮੁੱਲ ਵਿਚ ਅਥਾਹ ਵਾਧਾ ਕੀਤਾ ਜਾਵੇ ਤਾਂ ਉਸਦਾ ਅਸਰ ਭਾਰਤ ਦੀ ਘਰੇਲੂ ਮਾਰਕੀਟ 'ਤੇ ਵੀ ਪਏਗਾ। ਭਾਰਤ ਦੇ ਬਾਜ਼ਾਰਾਂ ਵਿਚ ਦੋ ਅਸਰ ਹੋਣ ਦੀ ਸੰਭਾਵਨਾ ਹੈ। ਇੱਕ, ਬਾਜ਼ਾਰ ਵਿਚ ਚੀਨ ਤੋਂ ਦਰਾਮਦ ਜਾਂ ਆਯਾਤ (Import) ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਪੂਰਤੀ ਘੱਟ ਜਾਵੇਗੀ, ਦੂਸਰਾ ਇਹ ਵੀ ਹੋ ਸਕਦਾ ਹੈ ਆਯਾਤ ਵਸਤੂਆਂ ਦਾ ਭਾਰਤ ਵਿਚ ਹੀ ਉਤਪਾਦਨ ਕਰਕੇ ਪੂਰਤੀ ਵਧਾਈ ਜਾ ਸਕਦੀ ਹੈ ਤੇ ਬੇਰੁਜ਼ਗਾਰੀ ਨੂੰ ਘੱਟ ਕੀਤਾ ਜਾ ਸਕਦਾ ਹੈ।

ਸੋ ਕੋਮਾਂਤਰੀ ਪੱਧਰ 'ਤੇ ਮੁਲਕਾਂ ਦੀਆਂ ਰਣਨੀਤੀਆਂ ਅਤੇ ਆਪਸੀ ਸਬੰਧਾਂ ਦੀ ਅੰਤਰ ਕਿਰਿਆ ਤੇ ਨਿਰਭਰਤਾ ਤੁਲਨਾਤਮਕ ਰਾਜਨੀਤੀ ਦੇ ਲਈ ਅਧਿਐਨ ਦਾ ਮਹੱਤਵਪੂਰਨ ਵਿਸ਼ਾ ਹੈ।

ਉਪਰੋਕਤ ਬਹੁਤ ਸਾਰੇ ਪੱਖਾਂ ਤੋਂ ਇਹ ਕਿਆਸ ਲਗਾਏ ਜਾ ਸਕਦੇ ਹਨ ਕਿ ਤੁਲਨਾਤਮਕ ਰਾਜਨੀਤੀ ਕਿਸੇ ਇੱਕ ਪੱਖ ਦੇ ਸਬੰਧ ਵਿਚ ਅਧਿਐਨ ਨਹੀਂ ਸਗੋਂ ਰਾਜਨੀਤੀ ਨੂੰ ਸਮਝਣ ਲਈ ਵੱਖ-ਵੱਖ ਢੰਗਾਂ, ਪੱਖਾਂ, ਵਿਚਾਰਾਂ ਤੇ ਨਜ਼ਰੀਏ ਨੂੰ ਅਪਨਾਉਣਾ ਜ਼ਰੂਰੀ ਹੈ। ਤੁਲਨਾਤਮਕ ਰਾਜਨੀਤੀ ਦੇ ਹੋਰ ਦ੍ਰਿਸ਼ਟੀਕੋਣਾਂ ਜਿਵੇਂ ਪ੍ਰਨਾਲ਼ੀ (System) ਪ੍ਰਨਾਲ਼ੀ ਤੇ ਕਾਰਜ (System and Functions) ਅਤੇ ਮਾਰਕਸਵਾਦੀ (Marxist) ਆਦਿ ਨੂੰ ਅੱਗੇ ਆਉਣ ਵਾਲੇ ਅਧਿਆਇਆਂ ਵਿਚ ਸਮਝਣ ਦੀ ਕੋਸ਼ਿਸ਼ ਕਰਾਂਗੇ।

ਤੁਲਨਾਤਮਕ ਰਾਜਨੀਤੀ ਦੀ ਮਹੱਤਤਾ
(Importance of Comparative Politics)

ਰਾਜਨੀਤੀ ਸ਼ਾਸਤਰ/ਵਿਗਿਆਨ ਦੇ ਵਿਦਿਆਰਥੀ ਦੀ ਰਾਜਨੀਤਕ ਚੇਤਨਾ ਅਤੇ ਵਿਆਪਕ ਸਮਝ ਲਈ ਤੁਲਨਾਤਮਕ ਰਾਜਨੀਤੀ ਦਾ ਵਿਸ਼ਾ ਹੇਠ ਦਿੱਤੇ ਪੱਖ ਤੋਂ ਮਹੱਤਵਪੂਰਨ ਹੈ।

- **ਰਾਜਨੀਤਕ ਸੂਝ ਵਿੱਚ ਵਾਧਾ (Broadening the Political Understanding) :** ਤੁਲਨਾਤਮਕ ਰਾਜਨੀਤੀ ਦੇ ਅਧਿਐਨ ਨਾਲ ਰਾਜਨੀਤੀ ਵਿਗਿਆਨ ਦੇ ਵਿਦਿਆਰਥੀ ਨੂੰ ਦੁਨੀਆਂ ਭਰ ਵਿੱਚ ਵਾਪਰਦੀਆਂ ਰਾਜਨੀਤਕ ਘਟਨਾਵਾਂ ਤੇ ਰਾਜਨੀਤਕ ਹਾਲਾਤ ਬਾਰੇ ਪਤਾ ਲੱਗਦਾ ਹੈ ਅਤੇ ਵੱਖੋ-ਵੱਖ ਮੁਲਕਾਂ ਦੀਆਂ ਰਾਜਨੀਤਕ ਸ਼ਾਸਨ ਪ੍ਰਨਾਲ਼ੀਆਂ, ਰਾਜਨੀਤਕ ਸੰਸਥਾਵਾਂ, ਰਾਜਨੀਤਕ ਪ੍ਰਕਿਰਿਆਵਾਂ ਦੀ ਤੁਲਨਾ ਕਰਨ ਅਤੇ ਸਮਝਣ ਦਾ ਗਿਆਨ ਹਾਸਲ ਹੁੰਦਾ ਹੈ। ਇਹ ਗਿਆਨ ਅਤੇ ਤਜ਼ਰਬੇ ਵਿਦਿਆਰਥੀ ਨੂੰ ਆਪਣੇ ਸਥਾਨਕ, ਸੂਬਾਈ ਤੇ ਰਾਸ਼ਟਰੀ ਪੱਧਰ ਦੀਆਂ ਰਾਜਨੀਤਕ ਘਟਨਾਵਾਂ, ਰਾਜਨੀਤਕ ਫੈਸਲਿਆਂ ਅਤੇ ਰਾਜਨੀਤਕ ਢਾਂਚਿਆਂ ਨੂੰ ਸਹੀ ਢੰਗ ਤਰੀਕਿਆਂ ਨਾਲ ਜਾਨਣ ਦੇ ਸਮਰੱਥ ਹੋਣ ਦਾ ਅਧਾਰ ਬਣਦਾ ਹੈ। ਦੇਸ਼ ਦੇ ਰਾਜਨੀਤਕ ਢਾਂਚਿਆਂ ਦੀ ਬਣਤਰ ਅਤੇ ਉਹਨਾਂ ਦੀ ਕਾਰਜਸ਼ੈਲੀ ਦੀ ਬਣਤਰ ਅਤੇ ਉਹਨਾਂ ਦੀ ਕਾਰਜਸ਼ੈਲੀ ਤੇ ਕਾਰਗੁਜ਼ਾਰੀ ਨੂੰ ਸਮਝ ਕੇ ਰਾਜਨੀਤਕ ਬਦਲ (Political Alternatives) ਦੀਆਂ ਸੰਭਾਵਾਨਾਵਾਂ ਵੱਧਦੀਆਂ ਹਨ ਅਤੇ ਇਸਦਾ ਦੂਰ ਅੰਦੇਸ਼ੀ ਅਸਰ ਵਿਦਿਆਰਥੀ ਦੀ ਆਪਣੇ ਜੀਵਨ ਵਿੱਚ ਰਾਜਨੀਤੀ ਵਿੱਚ ਭਾਗੀਦਾਰੀ ਜਾਂ ਹਿੱਸੇਦਾਰੀ ਉੱਪਰ ਵੀ ਪੈਂਦਾ ਹੈ।
- **ਤੀਸਰੀ ਦੁਨੀਆਂ ਦੇ ਦੇਸ਼ਾਂ ਲਈ ਮਹੱਤਵਪੂਰਨ (Important For Third World Countries) :** ਤੁਲਨਾਤਮਕ ਰਾਜਨੀਤੀ ਦੇ ਅਧਿਐਨ ਦੇ ਪੁਰਾਣੇ ਢੰਗ ਵਿਚ ਕੇਵਲ ਉਦਯੋਗਿਕ ਪੱਖੋਂ ਵਿਕਸਿਤ ਪੱਛਮ ਦੇ ਦੇਸ਼ਾਂ (ਭਾਵ ਆਰਥਿਕ ਤੌਰ 'ਤੇ ਅਮੀਰ ਦੇਸ਼ਾਂ) ਦੇ ਰਾਜਨੀਤਕ ਢਾਂਚਿਆਂ, ਰਾਜਨੀਤਕ ਸੰਸਥਾਵਾਂ ਅਤੇ ਉਹਨਾਂ ਦੇ ਸੰਵਿਧਾਨਕ ਰੂਪਾਂ ਦਾ ਹੀ ਅਧਿਐਨ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਉਨ੍ਹਾਂ ਪੱਛਮੀ ਮੁਲਕਾਂ ਦੇ ਰਾਜਨੀਤਕ ਤੰਤਰ ਦੇ ਨਮੂਨੇ ਨੂੰ ਸਰਵ ਉੱਤਮ ਰੂਪ ਵਿਚ ਪੇਸ਼ ਕਰਕੇ ਪੂਰੀ ਦੁਨੀਆਂ ਦੇ ਦੇਸ਼ਾਂ ਉਪਰ ਉਹੀ ਰਾਜਨੀਤਕ ਢਾਂਚਾ ਥੋਪਣ ਦਾ ਯਤਨ ਕੀਤਾ ਜਾਂਦਾ ਸੀ। ਤੀਸਰੀ ਦੁਨੀਆਂ ਦੇ ਦੇਸ਼ਾਂ (ਭਾਵ ਅਪਲ ਵਿਕਸਿਤ ਤੇ ਬਰਤਾਨਵੀ ਸਾਮਰਾਜ ਤੋਂ ਨਵੇਂ ਆਜ਼ਾਦ ਹੋਏ ਮੁਲਕਾਂ) ਦੇ ਰਾਜਨੀਤਕ ਤੰਤਰ ਜਾਂ ਉਹਨਾਂ ਦੀਆਂ ਪਰੰਪਰਾਗਤ ਰਾਜਨੀਤਕ ਸਮਝ ਨੂੰ ਬਕਾਇਦਾ ਨਕਾਰਿਆ ਵੀ ਜਾਂਦਾ ਸੀ।

  ਆਧੁਨਿਕ ਤੁਲਨਾਤਮਕ ਰਾਜਨੀਤੀ ਦੇ ਅਧਿਐਨ ਵਿਚ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਅੰਦਰੂਨੀ ਹਾਲਾਤ ਅਤੇ ਰਾਜਨੀਤਕ ਘਟਨਾਵਾਂ ਅਤੇ ਇਤਿਹਾਸਕ ਪਿਛੋਕੜ ਉਤੇ ਵੀ ਧਿਆਨ ਕੇਂਦਰਤ ਕੀਤਾ ਗਿਆ ਹੈ ਤਾਂ ਜੋ ਇਹ ਦੇਸ਼ ਘਰੇਲੂ ਆਰਥਿਕ ਸਰੋਤਾਂ ਅਤੇ ਸਮਾਜਿਕ ਤਾਣੇ ਬਾਣੇ ਅਨੁਸਾਰ ਆਪਣੀਆਂ ਰਾਜਨੀਤਕ ਸੰਸਥਾਵਾਂ ਅਤੇ ਰਾਜਨੀਤਕ ਪ੍ਰਕਿਰਿਆਵਾਂ ਦਾ ਵਿਕਾਸ ਕਰ ਸਕਣ। ਇਹਨਾਂ ਮੁਲਕਾਂ ਨੂੰ ਦੂਸਰਾ ਫਾਇਦਾ ਇਹ ਹੋਵੇਗਾ ਕਿ ਇਹਨਾਂ ਦੀਆਂ ਰਾਜਨੀਤਕ ਪ੍ਰਨਾਲ਼ੀਆਂ ਤੇ ਕਾਰਜਸ਼ੈਲੀ ਉੱਪਰ ਉਪ ਨਿਵੇਸ਼ਵਾਦ ਤੇ ਬਸਤੀਵਾਦ ਨੀਤੀਆਂ ਦਾ ਅਸਰ ਘੱਟ ਹੋਵੇ।
- **ਤੁਲਨਾਤਮਕ ਰਾਜਨੀਤੀ ਵਿਚ ਸਮਾਜ ਸ਼ਾਸਤਰ, ਮਾਨਵ ਵਿਗਿਆਨ, ਮਨੋਵਿਗਿਆਨ ਅਤੇ ਅਰਥਸ਼ਾਸਤਰ ਦਾ ਯੋਗਦਾਨ (Contribution of Sociology, Psychology, Anthropolgy and Economics in Comparative Politics) :** ਤੁਲਨਾਤਮਕ ਰਾਜਨੀਤੀ ਵਿਚ ਸਮਾਜਿਕ ਵਿਗਿਆਨ ਦੇ ਅਲੱਗ-ਅਲੱਗ ਵਿਸ਼ਿਆਂ ਦਾ ਮਹੱਤਵਪੂਰਨ ਯੋਗਦਾਨ ਰਹਿੰਦਾ ਹੈ। ਤੁਲਨਾਤਮਕ ਰਾਜਨੀਤੀ ਨੇ ਰਾਜਨੀਤਕ ਸਮਾਜੀਕਰਨ ਅਤੇ ਰਾਜਨੀਤਕ ਸੱਭਿਆਚਾਰ ਜਿਹੇ ਤੱਤ ਸਮਾਜ ਸ਼ਾਸਤਰ ਤੋਂ ਗ੍ਰਹਿਣ ਕੀਤੇ। ਇਸੇ ਤਰ੍ਹਾਂ ਰਾਜਨੀਤੀ ਵਿਚ ਇਕ ਵਿਅਕਤੀ ਦਾ ਵਿਹਾਰ ਉਸਦੇ ਹਿੱਤਾਂ ਦਾ ਮਹੱਤਵ ਮਨੋਵਿਗਿਆਨ ਨੇ ਸਮਝਾਇਆ। ਸਰਕਾਰ ਦੁਆਰਾ ਬਜਟ ਦਾ ਵਧੀਆ ਉਪਭੋਗ ਜਾਂ ਉਤਪਾਦਨ ਸੰਬੰਧੀ ਫ਼ੈਸਲੇ ਕਰਨ ਵਿਚ ਅਰਥ ਸ਼ਾਸਤਰ ਦਾ ਯੋਗਦਾਨ ਵੀ ਮਹੱਤਵਪੂਰਨ ਹੈ।

ਅੰਤ ਵਿੱਚ ਸਿੱਟਾ ਨਿਕਲਦਾ ਹੈ ਕਿ ਤੁਲਨਾਤਮਕ ਰਾਜਨੀਤੀ ਕੇਵਲ ਦੋ ਮੁਲਕਾਂ ਦੀਆਂ ਰਾਜਨੀਤਕ ਪ੍ਰਨਾਲ਼ੀਆਂ ਦੇ ਸਾਂਝੇ ਅਤੇ ਵਿਲੱਖਣ ਪੱਖਾਂ ਦਾ ਹੀ ਅਧਿਐਨ ਨਹੀਂ ਸਗੋਂ ਇਕ ਰਾਜਨੀਤਕ ਪ੍ਰਨਾਲ਼ੀ ਵਿਚ ਮਿਲਦੇ ਰਾਜਨੀਤਕ ਢਾਂਚਿਆਂ ਦੀਆਂ ਕੜੀਆਂ ਰਾਜਨੀਤਕ ਸੱਭਿਆਚਾਰ ਜਾਂ ਸਥਾਨਕ ਅਤੇ ਰਾਸ਼ਟਰੀ ਰਾਜਨੀਤੀ ਦਾ ਆਪਸੀ ਤੁਲਨਾਤਮਕ ਅਧਿਐਨ ਵੀ ਹੈ। ਤੁਲਨਾਤਮਕ ਰਾਜਨੀਤੀ ਨੂੰ ਵੱਖ ਵੱਖ ਸਮਝ ਜਾਂ ਦ੍ਰਿਸ਼ਟੀ ਕੋਣਾਂ ਨਾਲ ਦੇਖਿਆ ਜਾ ਸਕਦਾ ਹੈ ਅਤੇ ਰਾਜਨੀਤਕ ਸੰਸਥਾਵਾਂ, ਵਿਅਕਤੀ ਦੇ ਵਿਹਾਰ, ਹਿੱਤਾਂ, ਵਿਚਾਰਧਾਰਾਂ ਅਤੇ ਕੌਮਾਂਤਰੀ ਵਾਤਾਵਰਣ ਆਦਿ ਨੂੰ ਕੇਂਦਰ ਵਿਚ ਰੱਖਿਆ ਜਾ ਸਕਦਾ ਹੈ। ਇਸ ਨਾਲ ਇਕ ਵਿਦਿਆਰਥੀ ਆਪਣੀ ਰਾਜਨੀਤਕ ਸੂਝ ਅਤੇ ਸਮਝ ਵਿੱਚ ਵਾਧਾ ਕਰ ਸਕੇਗਾ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਜਾਂ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ—

ੳ. ਤੁਲਨਾਤਮਕ ਰਾਜਨੀਤੀ ਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ ?

(i) ਪਲੈਟੋ (ii) ਮੈਕਿਆਵਲੀ

(iii) ਰੂਸੋ (iv) ਅਰਸਤੂ

ਅ. ਭਾਰਤ ਦੀ ਸੰਸਦੀ ਪ੍ਰਣਾਲੀ ਦੀ ਤੁਲਨਾ ਕਿਸ ਦੇਸ਼ ਦੀ ਪ੍ਰਣਾਲੀ ਨਾਲ ਕੀਤੀ ਜਾਂਦੀ ਹੈ ?

(i) ਬ੍ਰਿਟੇਨ ਦੀ (ii) ਅਮਰੀਕਾ ਦੀ

(iii) ਯੂਨਾਨ ਦੀ (iv) ਪਾਕਿਸਤਾਨ ਦੀ

ੲ. ਅਰਸਤੂ ਨੇ ਕਿੰਨੇ ਸੰਵਿਧਾਨਾਂ ਦਾ ਤੁਲਨਾਤਮਕ ਅਧਿਐਨ ਕੀਤਾ ਸੀ ?

(i) 100 (ii) 200

(iii) 158 (iv) 168

ਸ. "ਰਾਜਨੀਤੀ ਹੈ ਹੀ ਇਹ ਕਿ ਕੋਈ ਰਾਜਨੀਤੀ ਵਿੱਚੋ ਕੀ ਅਤੇ ਕਿੰਨਾ ਪ੍ਰਾਪਤ ਕਰਦਾ ਹੈ।"

(i) ਪਲੈਟੋ (ii) ਮੈਕਿਆਵਲੀ

(iii) ਰੂਸੋ (iv) ਅਰਸਤੂ

ਹ. ਤੁਲਨਾਤਮਕ ਸਰਕਾਰ ਅਤੇ ਤੁਲਨਾਤਮਕ ਰਾਜਨੀਤੀ ਵਿਚਾਲੇ ਕੋਈ ਅੰਤਰ ਨਹੀ ਹੈ ? (ਠੀਕ ਗਲਤ)

ਕ. ਅਰਸਤੂ ਅਨੁਸਾਰ ਮਨੁੱਖ ਇਕ ਰਾਜਨੀਤਕ ਪ੍ਰਾਣੀ ਹੈ ? (ਠੀਕ ਗਲਤ)

ਖ. ਭਾਰਤ ਵਿੱਚ ਰਨਤਕ ਹਿੱਤ ਮੁਕੱਦਮੇ ਦੀ ਸ਼ੁਰੂਆਤ ਕਿਸਨੇ ਕੀਤੀ ਸੀ ?

ਗ. ਭਾਰਤ ਵਿੱਚ ਉਦਾਰੀਕਰਨ, ਨਿਜੀਕਰਨ ਅਤੇ ਵਿਸ਼ਵੀਕਰਨ ਕਦੋਂ ਤੋਂ ਸ਼ੁਰੂ ਹੋਇਆ ?

ਘ. ਤੀਸਰੀ ਦੁਨੀਆ ਦੇ ਦੇਸ਼ ਕਿਨ੍ਹਾਂ ਦੇਸ਼ਾਂ ਨੂੰ ਕਿਹਾ ਜਾਂਦਾ ਹੈ ?

ਙ. ਕਿਸ ਗੁਆਂਢੀ ਦੇਸ਼ ਵਿੱਚ ਨਵਾਂ ਸੰਵਿਧਾਨ ਲਾਗੂ ਹੋਇਆ ਹੈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਤੁਲਨਾਤਮਕ ਰਾਜਨੀਤੀ ਤੋਂ ਕੀ ਭਾਵ ਹੈ ?

ਅ. ਤੁਲਨਾਤਮਕ ਸਰਕਾਰ ਤੋਂ ਤੁਸੀਂ ਕੀ ਸਮਝਦੇ ਹੋ ?

ੲ. ਤੁਲਨਾਤਮਕ ਰਾਜਨੀਤੀ ਦੇ ਅਧਿਐਨ ਅਤੇ ਰਾਜਨੀਤਕ ਪ੍ਰਕਿਰਿਆਵਾਂ ਦੇ ਪਹਿਲੂਆਂ ਬਾਰੇ ਲਿਖੋ।

ਸ. ਅਰਸਤੂ ਦੁਆਰਾ ਸਰਕਾਰਾਂ ਦੇ ਵਰਗੀਕਰਨ ਦਾ ਨਮੂਨਾ ਲਿਖੋ।

ਹ. ਵਿਸ਼ਵਭਰ ਵਿੱਚ ਪ੍ਰਤੀਨਿਧ ਲੋਕਤੰਤਰ ਵਿੱਚ ਮੁੱਢਲੀਆਂ ਚਾਰ ਰਾਜਨੀਤਕ ਸੰਸਥਾਵਾਂ ਦੇ ਨਾਮ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ—

ੳ. ਤੁਲਨਾਤਮਕ ਰਾਜਨੀਤੀ ਦੇ ਵੱਖ ਵੱਖ ਪਹਿਲੂਆਂ ਦਾ ਵਰਨਣ ਕਰੋ।

ਅ. ਤੁਲਨਾਤਮਕ ਰਾਜਨੀਤੀ ਦੇ ਖੇਤਰ ਬਿਆਨ ਕਰੋ।

2

ਰਾਜਨੀਤਕ ਸਮਾਜੀਕਰਨ; ਅਰਥ ਅਤੇ ਸਾਧਨ (ਏਜੰਟ)

[Political Socialisation, Meaning and Means, (Agents)]

ਲਾਹੌਰ ਦਰਬਾਰ ਵਜੋਂ ਜਾਣੇ ਜਾਂਦੇ, ਪੰਜਾਬ ਦੇ ਸਿੱਖ ਸਾਮਰਾਜ ਦੇ ਅੰਤਮ ਹੁਕਮਰਾਨ ਮਹਾਰਾਜਾ ਦਲੀਪ ਸਿੰਘ ਜਿਨ੍ਹਾਂ ਦੀ ਉਮਰ ਸੰਨ 1843 ਵਿੱਚ ਮਹਾਰਾਜਾ ਬਣਨ ਵੇਲੇ, ਸਿਰਫ਼ 05 ਸਾਲ ਦੀ ਹੀ ਸੀ, ਨੂੰ ਪੰਜਾਬ ਦੀ ਹੁਕਮਰਾਨੀ ਤੋਂ ਵੱਖ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਮਾਤਾ ਮਹਾਰਾਣੀ ਜਿੰਦ ਕੌਰ ਤੋਂ ਵੀ ਵੱਖ ਕਰਕੇ ਮਈ, 1854 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਸਾਜ਼ਿਸ਼ ਤਹਿਤ ਬਰਤਾਨੀਆਂ ਭੇਜ ਦਿੱਤਾ ਜਿੱਥੇ ਮਹਾਰਾਜਾ ਦਲੀਪ ਸਿੰਘ ਦਾ ਪਾਲਣ ਪੋਸ਼ਣ ਬਰਤਾਨਵੀ ਹਕੂਮਤ ਦੀ ਦੇਖ ਰੇਖ ਹੇਠ ਈਸਾਈ ਰਵਾਇਤਾਂ ਅਨੁਸਾਰ ਡਾ. ਜੌਹਨ ਲੌਗਿਨ (Dr. John Login) ਅਤੇ ਉਸਦੀ ਲੇਡੀ ਲੇਨਾ (Lady Lena) ਨੇ ਕੀਤਾ।

ਬਰਤਾਨਵੀਂ ਹਕੂਮਤ ਨੇ ਇਸ ਕਾਰਵਾਈ ਨਾਲ ਤਿੰਨ ਪ੍ਰਾਪਤੀਆਂ ਕਰਨੀਆਂ ਚਾਹੀਆਂ। ਪਹਿਲੀ; ਪੰਜਾਬ ਨੂੰ ਉਸਦੀ ਆਪਣੀ ਸਰਕਾਰ ਤੋਂ ਵਿਰਵਾ ਕਰ ਦਿੱਤਾ। ਦੂਸਰਾ; ਨਾਬਾਲਗ ਦਲੀਪ ਸਿੰਘ ਨੂੰ ਉਨ੍ਹਾਂ ਦੀ ਹੀ ਮਾਤਾ ਮਹਾਰਾਣੀ ਜਿੰਦ ਕੌਰ ਤੋਂ ਦੂਰ ਕਰ ਦਿੱਤਾ। ਤੀਸਰਾ; ਕੰਵਰ ਦਲੀਪ ਸਿੰਘ ਨੂੰ ਉਨ੍ਹਾਂ ਦੀ ਜੱਦੀ ਅਮੀਰ ਵਿਰਾਸਤ ਤੋਂ ਦੂਰ ਕਰਕੇ ਬੇਗਾਨੀਆਂ ਕਦਰਾਂ-ਕੀਮਤਾਂ ਦੇ ਹਵਾਲੇ ਕਰ ਦਿੱਤਾ।



ਮਹਾਰਾਜਾ ਦਲੀਪ ਸਿੰਘ ਦਾ ਚਿੱਤਰ

ਬਰਤਾਨਵੀਂ ਹੁਕਮਤ ਦਾ ਉਦੇਸ਼ ਪੰਜਾਬ ਵਿਚਲੇ ਸਿੱਖ ਰਾਜ ਨੂੰ ਜੜ੍ਹੋਂ ਖ਼ਤਮ ਕਰਨਾ ਸੀ ਜਿਸਨੇ ਲਗਭਗ ਨੌਂ ਦਹਾਕੇ ਅੰਗਰੇਜ਼ ਹਕੂਮਤ ਨੂੰ ਦੱਖਣੀ ਏਸ਼ਿਆਈ ਖਿੱਤੇ ਉੱਤੇ ਪੂਰਨ ਹੁਕਮਰਾਨ ਬਣਨ ਤੋਂ ਰੋਕੀ ਰੱਖਿਆ ਸੀ ਅਤੇ ਉਹ ਸਿੱਖ ਰਾਜ ਦੇ ਆਖਰੀ ਬਾਦਸ਼ਾਹ ਤੇ ਹੁਕਮਰਾਨੀ ਸੋਚ, ਇੱਛਾ ਤੇ ਸੂਝ ਨੂੰ ਜੜ੍ਹੋਂ ਖ਼ਤਮ ਕਰਕੇ, ਕੰਵਰ ਦਲੀਪ ਸਿੰਘ ਨੂੰ ਬਰਤਾਨਵੀਂ ਰਾਜਨੀਤਕ ਪ੍ਰਨਾਲ਼ੀ ਪੱਖੀ ਬਣਾ ਦੇਣ ਦੇ ਇਛੁੱਕ ਸਨ। ਇਸੇ ਲਈ ਕੰਵਰ ਦਲੀਪ ਸਿੰਘ ਨੂੰ ਭੋਗ-ਵਿਲਾਸ ਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਾਰਵਾਈਆਂ ਗਈਆਂ ਤੇ ਪੰਜਾਬ ਦੇ ਆਖਰੀ ਰਾਜੇ ਜਿਸਨੂੰ ਪੰਜਾਬ ਮਹਾਰਾਜਾ ਮੰਨਦਾ ਸੀ, ਨੂੰ ਰਾਜਕੁਮਾਰ (Prince) ਆਖ ਕੇ ਸੰਬੋਧਨ ਕਰਦਿਆਂ ਅਹਿਸਾਸ ਕਰਵਾਇਆ ਜਾਣ ਲੱਗਾ ਕਿ ਉਹ ਹੁਕਮਰਾਨ ਨਹੀਂ ਸੀ। ਦਲੀਪ ਸਿੰਘ, ਬਰਤਾਨਵੀਂ ਹੁਕਮਰਾਨੀ ਸਮਾਜ ਵਿੱਚ 'ਬਲੈਕ ਪ੍ਰਿੰਸ' ਵਜੋਂ ਸਥਾਪਤ ਕੀਤੇ ਗਏ। ਇਸ ਸਥਾਪਨਾ ਲਈ ਉਨ੍ਹਾਂ ਨੂੰ ਬਕਾਇਦਾ **'ਬਲੈਕ ਪ੍ਰਿੰਸ ਆਫ਼ ਪਰਥਸ਼ਾਇਰ'** ਦਾ ਖ਼ਿਤਾਬ ਦਿੱਤਾ ਗਿਆ। ਸੰਨ 1861 ਵਿੱਚ ਜਦੋਂ ਦਲੀਪ ਆਪਣੀ ਮਾਂ ਮਹਾਰਾਣੀ ਜਿੰਦ ਕੌਰ ਨੂੰ ਕਲੱਕਤਾ ਵਿਖੇ, ਲਗਭਗ ਤੇਰਾਂ ਸਾਲਾਂ ਬਾਅਦ ਮਿਲੇ ਤਾਂ ਦਲੀਪ ਸਿੰਘ ਦੇ ਈਸਾਈ ਢੰਗ ਦੇ ਰਹਿਣ-ਸਹਿਣ ਨੂੰ ਜਾਣ ਕੇ ਦੁਖੀ ਹੋਈ ਮਹਾਰਾਣੀ ਜਿੰਦ ਕੌਰ ਦਲੀਪ ਸਿੰਘ ਨੂੰ ਉਨ੍ਹਾਂ ਦੇ ਆਪਣੇ ਪੁਰਖਿਆਂ ਦੀਆਂ ਦਿੱਤੀਆਂ ਕੁਰਬਾਨੀਆਂ ਅਤੇ ਸਿੱਖ ਸਾਮਰਾਜ ਬਾਰੇ ਦੱਸਿਆ ਜਿਸ ਨਾਲ ਦਲੀਪ ਸਿੰਘ ਦੇ ਸੀਨੇ ਅੰਦਰ ਆਪਣੇ ਮੁਲਕ (ਪੰਜਾਬ) ਉਸਦੀ ਮਿੱਟੀ ਤੇ ਆਪਣੇ ਲੋਕਾਂ ਲਈ ਰੋਹ ਪੈਦਾ ਹੋਇਆ ਅਤੇ ਦਲੀਪ ਸਿੰਘ ਨੇ ਨਾ ਸਿਰਫ਼ ਮੁੜ ਸਿੱਖੀ ਰੀਤਾਂ ਨੂੰ ਅਪਣਾਇਆ ਸਗੋਂ ਪੰਜਾਬ ਨੂੰ ਅਜ਼ਾਦ ਕਰਾਉਣ ਦਾ ਨਿਸਚਾ ਵੀ ਕੀਤਾ।

ਇਹ ਇਤਿਹਾਸਕ ਘਟਨਾ ਜਿੱਥੇ ਇੱਕ ਬੱਚੇ ਦੇ ਕਿਰਦਾਰ ਨੂੰ ਬਦਲਣ ਅਤੇ ਕਈ ਸਾਲ ਉਸਨੂੰ ਆਪਣੀ ਮਿੱਟੀ, ਮੁਲਕ ਤੇ ਮਾਂ ਤੋਂ ਵੱਖ ਕਰਕੇ ਰੱਖਣ ਦੀ ਹੈ, ਉਥੇ ਹੀ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਰਾਹੀਂ ਬਰਤਾਨਵੀਂ ਹਿੱਤਾਂ ਲਈ ਕੰਵਰ ਦਲੀਪ ਸਿੰਘ ਦੇ ਨਜ਼ਰੀਏ ਬਦਲੇ ਜਾਣ ਦੀ ਰੂਹ ਕੰਬਾਊ ਉਦਾਹਰਣ ਵੀ ਹੈ। ਸਮਾਜੀਕਰਨ ਉਨ੍ਹਾਂ ਢੰਗ-ਤਰੀਕਿਆਂ ਦਾ ਨਾਮ ਵੀ ਹੈ, ਜਿਨ੍ਹਾਂ ਰਾਹੀਂ ਕਿਸੇ ਵਿਅਕਤੀ ਦੇ ਜੀਵਨ ਢੰਗ ਨੂੰ ਕਿਸੇ ਖਾਸ ਸਮਾਜ ਦੇ ਰੀਤੀ-ਰਿਵਾਜਾਂ, ਵਿਸ਼ਵਾਸਾਂ ਅਤੇ ਨਿਯਮਾਂ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਕਿਸੇ ਵਿਅਕਤੀ ਦੇ ਵਿਹਾਰ ਨੂੰ ਕਿਸੇ ਦੇਸ਼ ਦੀ ਰਾਜਨੀਤਕ ਪ੍ਰਨਾਲ਼ੀ ਦੇ ਨਿਯਮਾਂ, ਭਰੋਸਿਆਂ, ਵਫ਼ਾਦਾਰੀਆਂ ਅਤੇ ਦ੍ਰਿਸ਼ਟੀਕੋਣਾਂ ਅਨੁਸਾਰ ਬਨਾਉਣ ਜਾਂ ਢਾਲਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਤਾਂ ਇਸਨੂੰ ਪ੍ਰਕਿਰਿਆ ਰਾਜਨੀਤਕ ਸਮਾਜੀਕਰਨ ਕਿਹਾ ਜਾਂਦਾ ਹੈ।

'ਰਾਜਨੀਤਕ ਸਮਾਜੀਕਰਨ' ਦੀ ਧਾਰਣਾਂ ਐੱਚ. ਐੱਚ. ਹੈਮੇਨ (H. H. Hyman) ਦੁਆਰਾ ਦਿੱਤੀ ਗਈ ਹੈ ਜਿਸ ਅਨੁਸਾਰ ਰਾਜਨੀਤਕ ਸਮਾਜੀਕਰਨ ਰਾਜਨੀਤਕ ਮੁੱਲਾਂ ਦਾ ਲਗਾਤਾਰ ਵਗਦਾ ਪ੍ਰਵਾਹ ਹੈ ਜੋ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਨੂੰ ਆਪ ਹੰਢਾਇਆ ਹੋਇਆ ਸਮਾਜਿਕ ਵਿਹਾਰ ਸਿਖਾਉਂਦਾ ਹੈ।

ਸਮਾਜੀਕਰਨ ਉਮਰ ਭਰ ਚੱਲਣ ਵਾਲੀ ਅਤੇ ਕਦੇ ਵੀ ਨਾ ਰੁਕਣ ਵਾਲੀ ਮਨੋਵਿਗਿਆਨਕ ਪ੍ਰਕਿਰਿਆ ਹੈ ਕਿਉਂਕਿ ਇਹ ਵਿਅਕਤੀ ਦੇ ਸੋਚਣ ਢੰਗਾਂ ਵਿਹਾਰ ਦੇ ਤਰੀਕਿਆਂ ਨਾਲ ਜੁੜੀ ਹੋਈ ਹੈ।

ਰਾਜਨੀਤਕ ਸਮਾਜੀਕਰਨ ਵਿਚ ਇੱਕ ਰਾਸ਼ਟਰ ਪ੍ਰਤੀ ਲਗਾਅ ਜਾਂ ਵਫ਼ਾਦਾਰੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਕਈ ਵਾਰ ਕਿਸੇ ਖ਼ਾਸ ਵਿਚਾਰਧਾਰਾ ਪ੍ਰਤੀ ਝੁਕਾਅ ਵੀ ਪੈਦਾ ਕਰਨਾ ਹੁੰਦਾ ਹੈ। ਇਸ ਤੋਂ ਇਲਾਵਾ ਸਮਾਜ ਪ੍ਰਤੀ ਕਰੱਤਵਾਂ ਅਤੇ ਅਧਿਕਾਰ ਪ੍ਰਤੀ ਚੇਤਨਾ ਜਗਾਉਣਾ ਵੀ ਰਾਜਨੀਤਕ ਸਮਾਜੀਕਰਨ ਦਾ ਹੀ ਉਦੇਸ਼ ਹੁੰਦਾ ਹੈ।

ਰਾਜਨੀਤਕ ਸਮਾਜੀਕਰਨ ਵਿੱਚ ਸ਼ਾਮਲ ਹੈ ; ਰਾਜਨੀਤਕ ਪ੍ਰਨਾਲੀ ਪ੍ਰਤੀ, ਰਾਜਨੀਤਕ ਸੰਸਥਾਵਾਂ ਅਤੇ ਢਾਂਚਿਆਂ ਪ੍ਰਤੀ ਵਿਸ਼ਵਾਸ ਕਾਇਮ ਕਰਨਾ ਆਦਿ ਤਾਂ ਜੋ ਇਹਨਾਂ ਸੰਸਥਾਵਾਂ ਅਤੇ ਢਾਂਚਿਆਂ ਲਈ ਵਿਅਕਤੀਆਂ ਨੂੰ ਮੈਂਬਰ ਦੇ ਰੂਪ ਵਿਚ ਤਿਆਰ ਕੀਤਾ ਜਾ ਸਕੇ। ਇਸ ਤੋਂ ਇਲਾਵਾ ਵਿਅਕਤੀਆਂ ਵਿਚ ਚਲੰਤ ਰਾਜਨੀਤਕ ਘਟਨਾਵਾਂ, ਮੁੱਦਿਆਂ, ਨੀਤੀਆਂ ਅਤੇ ਰਾਜਨੀਤਕ ਆਗੂਆਂ ਦੀ ਅਗਵਾਈ ਸਬੰਧੀ ਜਾਣਕਾਰੀ ਪੇਸ਼ ਕਰਨਾ ਅਤੇ ਉਹਨਾਂ ਦਾ ਨਜ਼ਰੀਏ ਬਨਾਉਣਾ ਵੀ ਰਾਜਨੀਤਕ ਸਮਾਜੀਕਰਨ ਹੈ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਰਾਜਨੀਤਕ ਸਮਾਜੀਕਰਨ, ਰਾਜਨੀਤਕ ਸੱਭਿਆਚਾਰ ਨੂੰ ਕਾਇਮ ਰੱਖਦੇ ਹੋਵੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁਚਾਉਣ ਤੇ ਲੋੜ ਅਨੁਸਾਰ ਤਬਦੀਲੀ ਸਵੀਕਾਰ ਕਰਨ ਦੀ ਪ੍ਰਕਿਰਿਆ ਹੈ। ਰਾਜਨੀਤਕ ਸਮਾਜੀਕਰਨ ਦੇ ਦੋ ਰੂਪ ਹਨ, (i) ਪ੍ਰਗਟ ਜਾਂ ਪ੍ਰਤੱਖ ਰਾਜਨੀਤਕ ਸਮਾਜੀਕਰਨ ਅਤੇ (ii) ਛੁਪਿਆ ਜਾਂ ਅਪ੍ਰਤੱਖ ਰਾਜਨੀਤਕ ਸਮਾਜੀਕਰਨ।

(i) ਪ੍ਰਤੱਖ ਰਾਜਨੀਤਕ ਸਮਾਜੀਕਰਨ (Manifest or direct Political Socialisation) : ਪ੍ਰਤੱਖ ਰਾਜਨੀਤਕ ਸਮਾਜੀਕਰਨ ਤੋਂ ਭਾਵ ਹੈ, ਪ੍ਰਤੱਖ ਢੰਗ ਰਾਹੀਂ ਰਾਜਨੀਤਕ ਪ੍ਰਨਾਲ਼ੀ ਪ੍ਰਤੀ ਗਿਆਨ ਜਾਂ ਜਾਣਕਾਰੀ ਪ੍ਰਾਪਤ ਕਰਨਾ। ਇਸ ਰੂਪ ਵਿੱਚ ਬੱਚੇ ਜਾਂ ਵਿਅਕਤੀ ਨੂੰ ਰਾਜਨੀਤਕ ਵਿਹਾਰ ਕਰਨ ਲਈ, ਉਚੇਚੇ ਤੌਰ 'ਤੇ ਰਾਜਨੀਤਕ ਪ੍ਰਨਾਲ਼ੀ ਦੇ ਉਦੇਸ਼ਾਂ, ਢਾਂਚਿਆਂ, ਵਿਚਾਰਧਰਾਵਾਂ ਅਤੇ ਰਾਜਨੀਤਕ ਮੁੱਲਾਂ ਨਾਲ ਵੱਖ-ਵੱਖ ਸਾਧਨਾਂ ਰਾਹੀ ਸਿਖਲਾਈ ਦਿੱਤੀ ਜਾਂਦੀ ਹੈ। ਰਾਜਨੀਤਕ ਸਮਾਜੀਕਰਨ ਦਾ ਇਹ ਰੂਪ ਸਾਮਵਾਦੀ ਰਾਜਨੀਤਕ ਢਾਂਚਿਆਂ ਵਿੱਚ ਮਿਲਦਾ ਹੈ। ਉਦਾਹਰਨ ਦੇ ਤੌਰ 'ਤੇ ਚੀਨ, ਉੱਤਰੀ ਕੋਰੀਆ ਆਦਿ ਸਾਮਵਾਦੀ ਦੇਸ਼ਾਂ ਵਿੱਚ ਅਜਿਹੀ ਸਿਖਲਾਈ ਪ੍ਰਚਲਤ ਹੈ।

(ii) ਛੁਪਿਆ ਜਾਂ ਅਪ੍ਰਤੱਖ ਰਾਜਨੀਤਕ ਸਮਾਜੀਕਰਨ (Latent or Indirect Political Socialisation) : ਛੁਪਿਆ ਜਾਂ ਅਪ੍ਰਤੱਖ ਰਾਜਨੀਤਕ ਸਮਾਜੀਕਰਨ ਤੋਂ ਭਾਵ ਹੈ ਕਿ ਜਦੋਂ ਵਿਅਕਤੀ ਆਪ, ਆਪਣੇ ਨਿੱਜੀ ਤਜ਼ਰਬਿਆਂ, ਸਵੈ ਅਨੁਭਵ (Self-Observation) ਗੈਰ ਰਸਮੀ ਢੰਗਾਂ ਜਾਂ ਸੰਸਥਾਵਾਂ (ਜਿਵੇਂ; ਪਰਿਵਾਰ, ਸੰਚਾਰ ਸਾਧਨਾਂ, ਦੋਸਤਾਂ ਆਦਿ) ਰਾਹੀ ਰਾਜਨੀਤਕ ਘਟਨਾਵਾਂ, ਮੁੱਦਿਆਂ, ਰਾਜਨੀਤਕ ਸੰਸਥਾਵਾਂ ਦੀ ਬਣਤਰ ਅਤੇ ਕਾਰਜਸ਼ੈਲੀ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਮਝ ਬਣਾਉਂਦ ਹੈ, ਤਾਂ ਇਹ ਪ੍ਰਕਿਰਿਆ ਅਪ੍ਰੱਤਖ ਰਾਜਨੀਤਕ ਸਮਾਜੀਕਰਨ ਕਹਾਉਂਦੀ ਹੈ। ਰਾਜਨੀਤਕ ਸਮਾਜੀਕਰਨ ਦਾ ਇਹ ਰੂਪ ਉਦਾਰਵਾਦੀ ਲੋਕਤੰਤਰੀ ਦੇਸ਼ਾਂ ਸੰਯੁਕਤ ਰਾਜ ਅਮਰੀਕਾ, ਫ਼ਰਾਂਸ, ਭਾਰਤ ਆਦਿ ਵਿੱਚ ਦੇਖਣ ਨੂੰ ਮਿਲਦਾ ਹੈ।

ਰਾਜਨੀਤਕ ਸਮਾਜੀਕਰਨ ਦੀ ਲੋੜ ਰਾਜਨੀਤਕ ਪ੍ਰਨਾਲ਼ੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਹੁੰਦੀ ਹੈ। ਵਿਅਕਤੀ ਰਾਜਨੀਤਕ ਪ੍ਰਨਾਲ਼ੀ ਦੇ ਢਾਂਚਿਆਂ ਅਤੇ ਕਾਰਜਸ਼ੀਲਤਾ ਬਾਰੇ ਜਾਣਕਾਰੀ ਹੋਣ ਨਾਲ, ਰਾਜਨੀਤਕ ਪ੍ਰਨਾਲ਼ੀ ਸਬੰਧੀ ਸਮਝ ਬਣਾਉਂਦਾ ਹੈ ਅਤੇ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਕੋਸ਼ਿਸ ਕਰਦਾ ਹੈ। ਇਸ ਨਾਲ ਰਾਜਨੀਤਕ ਪ੍ਰਨਾਲ਼ੀ ਵਿਚ ਲੋਕਾਂ ਦੀ ਭਰੋਸੇ ਯੋਗਤਾ ਵੱਧਦੀ ਹੈ।

ਰਾਜਨੀਤਕ ਸਮਾਜੀਕਰਨ ਮੌਜੂਦਾ ਸੱਤ੍ਹਾ ਵਿਚ ਯਕੀਨ ਬਨਾਉਣ ਦਾ ਅਧਾਰ ਤਿਆਰ ਕਰਦਾ ਹੈ। ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਰਾਹੀ ਅਜਿਹੀਆਂ ਰਾਜਨੀਤਕ ਸੂਚਨਾਵਾਂ ਅਤੇ ਨਿਯਮਾਂ, ਨੀਤੀਆਂ ਆਦਿ ਦਾ ਪ੍ਰਚਾਰ ਕੀਤਾ ਜਾਂਦਾ ਹੈ ਜਿਸ ਨਾਲ ਲੋਕਾਂ ਦੇ ਮਨਾਂ ਵਿਚ ਪੈਦਾ ਹੋਣ ਵਾਲੀਆਂ ਭਾਵਨਾਵਾਂ ਵਿਰੋਧ ਦੀਆਂ ਨੂੰ ਦਬਾਇਆ ਜਾ ਸਕੇ।

ਵਿਚਾਰਵਾਨ ਅੰਟਨੀਉ ਗ੍ਰਾਮਸੀ ਦੇ ਵਿਚਾਰ ਅਨੁਸਾਰ ਪੂੰਜੀਵਾਦੀ ਸਮਾਜ ਵਿੱਚ ਲੋਕਾਂ ਦੇ ਮਨਾਂ ਅੰਦਰ ਰਾਜਨੀਤਕ ਸਤ੍ਹਾ ਪ੍ਰਤੀ ਸਹਿਮਤੀ ਦੀ ਭਾਵਨਾ ਪੈਦਾ ਕਰਨ ਲਈ ਇੱਕ ਸੱਭਿਅਕ ਸਮਾਜ (Civil Society) ਦਾ ਨਿਰਮਾਣ ਕੀਤਾ ਜਾਂਦਾ ਹੈ। ਇਸ ਸੱਭਿਅਕ ਸਮਾਜ ਦੀਆਂ ਵੱਖ-ਵੱਖ ਸੰਸਥਾਵਾਂ (ਜਿਵੇਂ ਪਰਿਵਾਰ, ਸਕੂਲ, ਧਾਰਮਿਕ ਸੰਸਥਾਵਾਂ) ਅਤੇ ਵਿਚਾਰਧਾਰਾਵਾਂ ਰਾਹੀਂ ਲੋਕਾਂ ਨੂੰ ਰਾਜਨੀਤਕ ਪ੍ਰਨਾਲੀ ਦੇ ਫੈਸਲਿਆਂ ਨੂੰ ਮੰਨਣ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਰਾਜਨੀਤਕ ਢਾਂਚਿਆਂ ਵਿਚ ਪੁਰਜਿਆਂ (Parts) ਵਾਂਗ ਫਿੱਟ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਸੋ ਹਰ ਤਰ੍ਹਾਂ ਦੇ ਸਮਾਜ ਵਿਚ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਚਲਦੀ ਰਹਿੰਦੀ ਹੈ ਅਤੇ ਸਮਾਜ ਦੀ ਰਾਜਨੀਤਕ ਪ੍ਰਨਾਲੀ ਦੇ ਅਨੁਸਾਰ ਵਿਅਕਤੀਆਂ ਦੇ ਰਾਜਨੀਤਕ ਵਿਹਾਰ ਨੂੰ ਢਾਲਿਆ ਜਾਂਦਾ ਹੈ।

ਰਾਜਨੀਤਕ ਸਮਾਜੀਕਰਨ ਦੀਆਂ ਸੰਸਥਾਵਾਂ ਅਤੇ ਸਾਧਨ ਜਾਂ ਏਜੰਟ
(Institutions and Agents of Political Sociolisation)

ਰਾਜਨੀਤਕ ਸਮਾਜੀਕਰਨ ਦੇ ਏਜੰਟਾਂ ਤੋਂ ਭਾਵ ਉਹਨਾਂ ਸੰਸਥਾਵਾਂ ਤੇ ਸਾਧਨਾਂ ਤੋਂ ਹੈ ਜਿਨ੍ਹਾਂ ਰਾਹੀ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ ਅਤੇ ਸੰਸਥਾਵਾਂ ਲੋਕਾਂ ਨੂੰ ਰਾਜਨੀਤਕ ਸੱਭਿਆਚਾਰ ਸਿਖਾਉਂਦੀ ਹਨ। ਇਨ੍ਹਾਂ ਸਾਧਨਮ ਦੀ ਵਰਣਨ ਇਸ ਪ੍ਰਕਾਰ ਹੈ।



ਰਾਜਨੀਤਕ ਸਮਾਜੀਕਰਨ ਲਈ ਪ੍ਰਯੋਗ ਕੀਤੇ ਜਾਂਦੇ ਤੱਤ

(1) ਪਰਿਵਾਰ (Family) : ਪਰਿਵਾਰ ਨੂੰ ਨਾਗਰਿਕ ਗੁਣਾਂ ਦਾ ਪੰਘੂੜਾ ਜਾਂ ਨਰਸਰੀ ਵੀ ਕਿਹਾ ਜਾਂਦਾ ਹੈ। ਪਰਿਵਾਰ ਵਿਚ ਗ੍ਰਹਿਣ ਕੀਤੇ ਗੁਣਾਂ ਅਤੇ ਪ੍ਰਭਾਵਾਂ ਦਾ ਮਨੁੱਖੀ ਜੀਵਨ ਉਪਰ ਡੂੰਘਾ ਅਸਰ ਪੈਂਦਾ ਹੈ ਅਤੇ ਇਹ ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਦਾ ਅਧਾਰ ਤਿਆਰ ਕਰਦੇ ਹਨ। ਪਰਿਵਾਰ, ਸਮਾਜ ਦੇ ਰੀਤੀ ਰਿਵਾਜਾਂ, ਆਦਤਾਂ ਤੇ ਮੁੱਲਾਂ ਨੂੰ ਸਿੱਖਣ-ਸਿਖਾਉਣ ਦਾ ਮਹੱਤਵਪੂਰਨ ਪੜਾਅ ਹੈ। ਪਰਿਵਾਰ ਦੇ ਮੈਂਬਰ ਵਿੱਚ ਮਾਤਾ-ਪਿਤਾ, ਭੈਣ ਭਰਾ ਅਤੇ ਦਾਦਾ-ਦਾਦੀ ਮੁੱਖ ਤੌਰ 'ਤੇ ਸਮਾਜੀਕਰਨ ਦੇ ਖ਼ਾਸ ਸਰੋਤ ਹਨ। ਅਸੀਂ ਰਾਜਨੀਤਕ ਸਮਾਜੀਕਰਨ ਦੇ ਅਰਥਾਂ ਨੂੰ ਜਿਵੇਂ ਸਮਝਿਆ ਹੈ ਕਿ ਰਾਜਨੀਤਕ ਸਮਾਜੀਕਰਨ ਰਾਜਨੀਤਕ ਪ੍ਰਨਾਲੀ ਪ੍ਰਤੀ ਵਿਸ਼ਵਾਸਾਂ, ਸੋਚਾਂ, ਗਿਆਨ ਤੇ ਦ੍ਰਿਸ਼ਟੀਕੋਣਾਂ ਨੂੰ ਸਿੱਖਣ ਦਾ ਵਰਤਾਰਾ ਹੈ, ਇਸੇ ਤਰ੍ਹਾਂ ਆਰੰਭ ਵਿੱਚ ਪਰਿਵਾਰ ਵਿੱਚ ਸਾਰੇ ਮੈਂਬਰਾਂ ਦਾ ਰਾਜਨੀਤਕ ਗਿਆਨ ਤੇ ਰਾਜਨੀਤਕ ਵਿਹਾਰ ਹੀ ਪਰਿਵਾਰ ਦੇ ਦੂਸਰੇ ਮੈਂਬਰਾਂ ਦੇ ਰਾਜਨੀਤਕ ਗਿਆਨ ਤੇ ਵਿਹਾਰ ਦਾ ਅਧਾਰ ਬਣਦਾ ਹੈ ਅਤੇ ਕਈ ਢੰਗਾਂ ਨਾਲ ਗਿਆਨ ਅਤੇ ਵਿਹਾਰ ਦੇ ਪੱਖਾਂ ਨੂੰ ਨਿਰਧਾਰਤ ਕਰਦਾ ਹੈ। ਹਰ ਬੱਚਾ ਘਰ ਵਿੱਚ ਰਹਿੰਦੇ ਹੋਏ, ਮਾਪਿਆਂ ਵੱਲੋਂ ਕੀਤੇ ਜਾਂਦੇ ਕਾਰਜਾਂ ਅਤੇ ਨਿਭਾਈਆਂ ਜਾਂਦੀਆਂ ਜ਼ਿੰਮੇਵਾਰੀਆਂ ਨੂੰ ਦੇਖਦਾ ਹੈ, ਪਰਿਵਾਰ ਦੇ ਮੈਂਬਰਾਂ ਵੱਲੋਂ ਵੱਖ-ਵੱਖ ਹਾਲਾਤ ਵਿਚ ਲਏ ਜਾਂਦੇ ਫੈਸਲਿਆਂ ਨੂੰ ਦੇਖਦਾ ਅਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਵੇਂ ਹੀ ਜਦੋਂ ਘਰ ਵਿਚ ਪਰਿਵਾਰਕ, ਮੈਂਬਰ ਰਾਜਨੀਤਕ ਮੁੱਦਿਆਂ ਉਤੇ ਆਪਸ ਵਿੱਚ ਵਿਚਾਰ ਵਟਾਂਦਰਾ ਕਰਦੇ ਹਨ ਤਾਂ ਉਹ ਬੱਚਾ ਰਾਜਨੀਤਕ ਪ੍ਰਨਾਲ਼ੀ ਦੇ ਮੁੱਦਿਆਂ, ਰਾਜਨੀਤਕ ਢਾਂਚਿਆਂ ਦੀ ਬਣਤਰ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਆਦਿ ਬਾਰੇ ਵੀ ਆਪਣੀ ਜਾਣਕਾਰੀ ਤੇ ਗਿਆਨ ਵਿੱਚ ਵਾਧਾ ਕਰਦਾ ਹੈ ਅਤੇ ਕੁਦਰਤੀ ਹੀ ਆਪਣੀ ਰਾਜਨੀਤਕ ਸਮਝ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਤਰ੍ਹਾਂ ਤੇ ਘਰ ਵਿੱਚ ਰਹਿੰਦਿਆਂ ਬੱਚਾ ਪਰਿਵਾਰ ਵਿੱਚ ਮਿਲਣ ਵਾਲੀਆਂ ਸਹੂਲਤਾਂ ਨੂੰ ਮਾਣਦਾ ਹੈ ਅਤੇ ਇਸ ਤਰ੍ਹਾਂ ਬੱਚੇ ਦੇ ਮਨ ਵਿੱਚ ਇੱਛਾਵਾਂ ਅਤੇ ਮੰਗਾਂ (Demands) ਪੈਦਾ ਹੋਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਅਤੇ ਇਹ ਇੱਛਾਵਾਂ ਅਤੇ ਮੰਗਾਂ ਆਉਣ ਵਾਲੇ ਸਮੇਂ ਵਿੱਚ ਅਧਿਕਾਰਾਂ ਦਾ ਰੂਪ ਧਾਰ ਲੈਂਦੀਆਂ ਹਨ। ਬੱਚੇ ਅੰਦਰ ਪਰਿਵਾਰਕ ਮੈਂਬਰਾਂ ਦੇ ਛੋਟੇ-ਛੋਟੇ ਕੰਮਾਂ ਵਿਚ ਸਹਿਯੋਗ ਦੀ ਭਾਵਨਾ, ਕਰੱਤਵਾਂ ਪ੍ਰਤੀ ਦ੍ਰਿੜ੍ਹਤਾ ਦਾ ਅਧਾਰ ਪੈਦਾ ਕਰਦੀ ਹੈ।

ਦਾਦਾ ਜੀ, ਦਾਦੀ ਜੀ ਪਰਿਵਾਰਾਂ ਦੇ ਬਜ਼ੁਰਗ ਮੈਂਬਰ ਹੁੰਦੇ ਹਨ। ਉਨ੍ਹਾਂ ਦਾ ਰਾਜਨੀਤਕ ਜੀਵਨ ਦੀ ਸਮਝ ਦਾ ਲੰਬਾ ਅਤੇ ਜਾਣਕਾਰੀ ਭਰਪੂਰ ਤਜ਼ਰਬਾ ਅਤੇ ਰਾਜਨੀਤਕ ਪ੍ਰਨਾਲ਼ੀ ਅਤੇ ਰਾਜਨੀਤਕ ਵਿਹਾਰ ਪ੍ਰਤੀ ਵੱਖਰਾ ਨਜ਼ਰੀਆ ਵੀ ਹੁੰਦਾ ਹੈ। ਇਸ ਲਈ ਜਦੋਂ ਦਾਦਾ-ਦਾਦੀ ਬਚਪਨ ਵਿਚ ਆਪਣੇ ਪੋਤਿਆਂ-ਪੋਤੀਆਂ ਨੂੰ ਰਾਜਿਆਂ ਮਹਾਰਾਜਿਆਂ ਦੀ ਕਹਾਣੀਆਂ ਅਤੇ ਇਤਿਹਾਸ ਦੀਆਂ ਤੇ ਰਾਜਨੀਤਕ ਘਟਨਾਵਾਂ ਬਾਰੇ ਦੱਸਦੇ ਹਨ ਤਾਂ ਬੱਚਿਆਂ ਨੂੰ ਤਾਨਾਸ਼ਾਹੀ, ਰਾਜਤੰਤਰ ਅਤੇ ਲੋਕਤੰਤਰ ਜਿਹੀਆਂ ਧਾਰਨਾਵਾਂ ਦਾ ਵੀ ਅਸਿੱਧਾ ਗਿਆਨ ਹੁੰਦਾ ਹੈ। ਇਸ ਤਰ੍ਹਾਂ ਪਰਿਵਾਰ, ਬੱਚੇ ਅਤੇ ਹੋਰ ਪਰਿਵਾਰ ਮੈਬਰਾਂ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਦਾ ਕੇਂਦਰੀ ਧੁਰਾ ਹੋ ਨਿਬੜਦੇ ਹਨ।

(2) ਵਿੱਦਿਅਕ ਸੰਸਥਾਵਾਂ (Educational Institutions) : ਪਰਿਵਾਰ ਤੋਂ ਬਾਅਦ ਇੱਕ ਬੱਚੇ ਅਤੇ ਵਿਅਕਤੀ ਲਈ ਰਾਜਨੀਤਕ ਸਮਾਜੀਕਰਨ ਦਾ ਦੂਸਰਾ ਮੁੱਖ ਸਰੋਤ (ਸਾਧਨ ਜਾਂ ਏਜੰਟ) ਵਿੱਦਿਅਕ ਸੰਸਥਾਵਾਂ ਹੁੰਦੀਆਂ ਹਨ। ਇਹ ਵਿਦਿਅਕ ਸੰਸਥਾਵਾਂ ਸਕੂਲ, ਕਾਲਜ, ਯੂਨੀਵਰਸਿਟੀਆਂ, ਜਨਤਕ ਲਾਇਬ੍ਰੇਰੀਆਂ ਤਾਂ ਹਨ ਹੀ ਸਗੋਂ ਸਿਵਲ ਸੇਵਾਵਾਂ ਆਦਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਵਾਲੇ ਕੋਚਿੰਗ ਕੇਂਦਰ ਵੀ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਦੇ ਰਸਮੀ (ਪ੍ਰਤੱਖ ਰਾਜਨੀਤਕ ਗਿਆਨ ਤੇ ਜਾਣਕਾਰੀ) ਢੰਗ ਨਾਲ ਸਿਖਾਉਣ ਵਾਲੇ ਮਹੱਤਵਪੂਰਨ (ਏਜੰਟ) ਹਨ।

ਸਕੂਲ ਪੱਧਰ 'ਤੇ ਵਿਦਿਆਰਥੀਆਂ ਵਿਚ ਨਾਗਰਿਕ ਗੁਣ ਭਰਨ ਲਈ ਪਾਠ-ਪੁਸਤਕਾਂ ਅਤੇ ਸਿਲੇਬਸਾਂ ਵਿਚ ਰਾਜਨੀਤਕ ਸੰਸਥਾਵਾਂ, ਸੰਵਿਧਾਨਿਕ ਨਿਯਮਾਂ, ਕਰੱਤਵਾਂ, ਅਧਿਕਾਰਾਂ ਆਦਿ ਦੀ ਜਾਣਕਾਰੀ ਦਿੱਤੀ ਜਾਣਾ, ਸਕੂਲਾਂ ਵਿਚ ਵੱਖ-ਵੱਖ ਦਿਨ ਜਿਵੇਂ ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਜਾਂ ਸੰਵਿਧਾਨਿਕ ਦਿਵਸ ਮਨਾਏ ਜਾਂਦੇ ਹਨ ਆਦਿ ਉਸੇ ਪ੍ਰਕਿਰਿਆ ਦੇ ਸਰੋਤ ਹਨ। ਅਜਿਹੇ ਮੌਕਿਆਂ ਉਤੇ ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਭਾਗ ਲੈਂਦੇ ਹਨ। ਸੰਵਿਧਾਨਕ ਸੰਸਥਾਵਾਂ ਦੀ ਜਾਣਕਾਰੀ ਸਬੰਧੀ ਕੁਈਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਵਿਦਿਆਰਥੀ ਬਹਿਸ ਮੁਕਾਬਲਿਆਂ, ਪੋਸਟਰ, ਮਾਡਲ ਵਿੱਚ ਹਿੱਸਾ ਲੈਂਦੇ ਹਨ। ਸਕੂਲ ਦੀ ਸਵੇਰ ਦੀ ਸਭਾ ਵਿੱਚ, ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਨੈਤਿਕ ਮੁੱਲਾਂ ਆਦਿ ਦੇਸ਼-ਵਿਦੇਸ਼ ਵਿਚ ਵਾਪਰਦੀਆਂ ਰਾਜਨੀਤਕ ਘਟਨਾਵਾਂ ਤੇ ਚਲੰਤ ਰਾਜਨੀਤਕ ਮੁੱਦਿਆਂ ਦੀ ਜਾਣਕਾਰੀ ਦੇਣ ਦਾ ਮਹੱਤਵਪੂਰਨ ਸਰਗਰਮੀ ਕੀਤੀ ਜਾਂਦੀ ਹੈ। ਕਾਲਜ ਅਤੇ ਯੂਨੀਵਰਸਿਟੀਆਂ ਜਿਹੇ ਵਿਦਿਅਕ ਖੇਤਰ ਰਾਜਨੀਤਕ ਸਮਾਜੀਕਰਨ ਦੇ ਉਤੱਮ ਸਥਾਨ ਹਨ। ਯੂਨੀਵਰਸਿਟੀਆਂ ਅਜਿਹੇ ਵਿਦਿਅਕ ਕੇਂਦਰ ਹਨ ਜਿਥੇ ਵੱਖ-ਵੱਖ ਰਾਜਨੀਤਕ ਸਮੱਸਿਆਵਾਂ ਅਤੇ ਮੁੱਦਿਆਂ ਡੂੰਘੀ ਖੋਜ ਕੀਤੀ ਜਾਂਦੀ ਹੈ ਅਤੇ ਨਵੇਂ ਹੱਲ ਲੱਭਣ ਦਾ ਆਪਣੇ ਪੱਧਰਾਂ 'ਤੇ ਕੀਤੇ ਜਾਂਦੇ ਹਨ। ਰਾਜਨੀਤਕ ਨੀਤੀਆਂ ਅਤੇ ਘਟਨਾਵਾਂ ਦੇ ਵੱਖ-ਵੱਖ ਕਾਰਕਾਂ ਦੇ ਅਧਿਐਨ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਇਹ ਕੇਂਦਰ ਸੁਚਾਰੂ ਵਿਚਾਰ-ਵਟਾਂਦਰੇ ਦੀ ਨਿੱਘੀ ਥਾਂ ਵੀ ਹੁੰਦੇ ਹਨ ਜਿੱਥੇ ਚਲੰਤ ਮੁੱਦਿਆਂ ਅਤੇ ਵੱਖੋ-ਵੱਖਰੇ ਵਿਸ਼ਿਆਂ ਉਪਰ ਸੈਮੀਨਾਰ, ਕਾਨਫ਼ਰੰਸਾਂ ਤੇ ਵਿਚਾਰ ਗੋਸ਼ਟੀਆਂ ਵੀ ਕਰਵਾਈਆਂ ਜਾਂਦੀਆਂ ਹਨ।

ਵਿਅਕਤੀ 'ਰਾਜਨੀਤੀ ਸਰਗਰਮੀਆਂ ਵਿਚ ਭਾਗ ਲੈਣਾ, ਵਿਦਿਆਰਥੀ ਜੀਵਨ ਵਿੱਚ ਹੀ ਸਿੱਖਦਾ ਹੈ। ਵਿਦਿਆਰਥੀ ਜੱਥੇਬੰਦੀਆਂ, ਕਾਲਜ ਜਾਂ ਯੂਨੀਵਰਸਿਟੀਆਂ ਵਿੱਚ ਚੋਣਾਂ ਵਿੱਚ ਹਿੱਸਾ ਲੈਂਦੀਆਂ ਹਨ ਅਤੇ ਚੁਣੇ ਵਿਦਿਆਰਥੀ ਹੀ ਵਿਦਿਆਰਥੀ ਪੱਧਰ ਦੇ ਵੱਖ-ਵੱਖ ਅਹੁਦੇਦਾਰਾਂ ਵਜੋਂ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਹਨ।

ਐਮ. ਕੇ. ਗਾਂਧੀ ਆਖਦੇ ਹਨ, "ਸਿੱਖਿਆ ਤੋਂ ਮੇਰਾ ਭਾਵ ਹੈ ਬੱਚੇ ਅਤੇ ਮਨੁੱਖ ਦੇ ਸਰੀਰ, ਦਿਮਾਗ ਅਤੇ ਆਤਮਾ ਵਿੱਚੋਂ ਉੱਤਮ ਨੂੰ ਬਾਹਰ ਪ੍ਰਗਟ ਕਰਨਾ।" **M. K. Gandhi** Says, "By Education, I mean all around drawing out of the best in child and Man body and spirit".

ਇਵੇਂ, ਵਿਦਿਅਕ ਸੰਸਥਾਵਾਂ ਅਤੇ ਅਦਾਰਿਆਂ ਦਾ ਵਿਦਿਆਰਥੀ ਜੀਵਨ ਦੌਰਾਨ ਰਾਜਨੀਤਕ ਸਮਾਜੀਕਰਨ ਕੀਤੇ ਜਾਣ ਵਿੱਚ ਅਹਿਮ ਰੋਲ ਹੁੰਦਾ ਹੈ।

(3) ਜਨ ਸੰਚਾਰ ਮਾਧਿਅਮ ਸੋਸ਼ਲ ਮੀਡੀਆ ਅਤੇ ਛਪਾਈ ਮਾਧਿਅਮ (Mass Media, Social Media and Print Media) : ਜਨ ਸੰਚਾਰ ਦੇ ਮਾਧਿਅਮ, ਸੋਸ਼ਲ ਮੀਡੀਆ ਅਤੇ ਛਾਪਈ ਮਾਧਿਅਮ ਰਾਜਨੀਤਕ ਸੂਚਨਾਵਾਂ ਅਤੇ ਜਾਣਕਾਰੀਆਂ ਦੇ ਸੰਚਾਰ ਦਾ ਮਹੱਤਵਪੂਰਨ ਅਤੇ ਭਰੋਸੇਮੰਦ ਸਾਧਨ ਹੁੰਦੇ ਹਨ। ਜਨ ਸੰਚਾਰ ਦੇ ਸਾਧਨਾਂ ਵਿੱਚ ਟੈਲੀਵਿਜ਼ਨ ਅਤੇ ਰੇਡੀਓ, ਸੋਸ਼ਲ ਮੀਡੀਆ ਵਿੱਚ ਫੇਸਬੁੱਕ, (Facebook) ਵੱਟਸਐਪ (Whatsapp) ਯੂ-ਟਿਊਬ (Youtube) ਐਕਸ (X) ਇੰਸਟਗ੍ਰਾਮ (Instagram) ਟੈਲੀਗ੍ਰਾਮ (Telegram) ਅਤੇ ਛਪਾਈ ਮਾਧਿਅਮਾਂ ਵਿੱਚ ਵੱਖ-ਵੱਖ ਖੇਤਰੀ, ਕੌਮੀ ਅਤੇ ਕੌਮਾਂਤਰੀ ਭਾਸ਼ਾਵਾਂ ਵਿੱਚ ਛੱਪਦੇ ਅਖ਼ਬਾਰ (The Hindu, The Indian Express, The York Times, The Gudadian), ਹਫ਼ਤਾਵਾਰੀ ਅਤੇ ਮਹੀਨਾਵਾਰੀ ਰਸਾਲੇ ਤੇ ਮੈਗਜ਼ੀਨ (EPW Economic and Political Weekly, Down to Earth, ਯੋਜਨਾਂ (Yojana)

ਆਦਿ ਸੰਚਾਰ ਸਾਧਨਾਂ ਦੀਆਂ ਉਦਾਹਰਣਾਂ ਹਨ। ਇਸ ਤੋਂ ਇਲਾਵਾ ਸਾਹਿਤਕ ਪੁਸਤਕਾਂ ਵੀ ਵਿਅਕਤੀਆਂ ਦਾ ਰਾਜਨੀਤਕ ਸਮਾਜੀਕਰਨ ਕਰਦੀਆਂ ਹਨ।

ਇਹ ਸਾਰੇ ਸਾਧਨ ਰਾਜਨੀਤੀ ਸੂਚਨਾਵਾਂ ਅਤੇ ਜਾਣਕਾਰੀਆਂ ਦੇ ਸੰਚਾਰ ਲੋਕਾਂ ਤੱਕ ਕਰਕੇ ਉਨ੍ਹਾਂ ਦੇ ਰਾਜਨੀਤੀ ਸਮਾਜੀਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਇਹਨਾਂ ਸੰਚਾਰ ਸਾਧਨਾਂ ਦਾ ਨਿਰਪੱਖ ਤੇ ਈਮਾਨਦਾਰ ਰਹਿਣਾ ਬਹੁਤ ਜ਼ਰੂਰੀ ਹੈ। ਰਾਜਨੀਤੀ ਸੱਭਿਆਚਾਰ ਦਾ ਦੂਜੀਆਂ ਪੀੜ੍ਹੀਆਂ ਨੂੰ ਪੁਚਾਉਣਾ ਰਾਜਨੀਤੀ ਪ੍ਰਨਾਲੀ ਦੀ ਕਾਰਜਸ਼ੀਲਤਾ ਅਤੇ ਸਥਿਰਤਾ ਲਈ ਬਹੁਤ ਜ਼ਰੂਰੀ ਹੈ। ਇਸ ਲਈ ਰਾਜਨੀਤੀ ਸੱਭਿਆਚਾਰ ਦੇ ਵਾਹਕ ਦੇ ਰੂਪ ਵਿਚ ਰਾਜਨੀਤੀ ਸਮਾਜੀਕਰਨ ਦੇ ਸਾਧਨਾਂ ਦੀ ਭੂਮਿਕਾ ਮਹੱਤਵਪੂਰਨ ਹੈ।

ਰਾਜਨੀਤਕ ਪ੍ਰਨਾਲ਼ੀ ਵਿਚ ਲੋਕਾਂ ਦਾ ਭਰੋਸਾ ਉਦੋਂ ਹੀ ਬਣਦਾ ਹੈ ਜਦੋਂ ਸਰਕਾਰ ਦੀਆਂ ਨੀਤੀਆਂ ਅਤੇ ਕਾਰਜਾਂ ਹੀ ਸਹੀ ਜਾਣਕਾਰੀ ਤੇ ਸੂਚਨਾ ਪਾਰਦਰਸ਼ੀ ਢੰਗ ਨਾਲ ਲੋਕਾਂ ਤੱਕ ਪੁੱਜਦੀ ਹੈ। ਇਸਦੇ ਉਲਟ ਜਦੋਂ ਇਹਨਾਂ ਸੰਚਾਰ ਸਾਧਨਾਂ ਉਪਰ ਸੌੜੇ ਸਿਆਸੀ ਹਿਤਾਂ ਲਈ ਸਰਕਾਰੀ/ਰਾਜਨੀਤਕ ਕੰਟਰੋਲ ਹੁੰਦਾ ਹੈ ਜਾਂ ਸੂਚਨਾਵਾਂ ਅਤੇ ਅਸਲ ਮੁੱਦਿਆਂ ਨੂੰ ਗਲਤ ਢੰਗਾਂ ਉਭਾਰਿਆ ਜਾਂਦਾ ਹੈ ਅਤੇ ਝੂਠੀਆਂ ਖ਼ਬਰਾਂ (Fake News) ਫੈਲਾਈਆਂ ਜਾਂਦੀਆਂ ਹਨ ਤਾਂ ਲੋਕਾਂ ਦੇ ਵਿਸ਼ਵਾਸ ਅਤੇ ਭਰੋਸਿਆਂ ਵਿੱਚ ਕਮੀ ਆਉਂਦੀ ਹੈ ਜਿਸਦਾ ਅਸਰ ਸਰਕਾਰ ਅਤੇ ਲੋਕਾਂ ਵਿਚ ਵੱਖ-ਵੱਖ ਮੁੱਦਿਆਂ 'ਤੇ ਟਕਰਾਅ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ।

ਕਈ ਵਾਰ ਬਹੁਤੇ ਸਾਰੇ ਦੇਸ਼ਾਂ ਵਿੱਚ ਸੰਚਾਰ ਸਾਧਨਾਂ ਦੇ ਦੁਆਰਾ ਲੋਕਾਂ ਦੀ ਰਾਜਨੀਤਕ ਸੋਚ, ਤਰਕ, ਵਿਚਾਰ ਅਤੇ ਦ੍ਰਿਸ਼ਟੀਕੋਣ ਖ਼ਾਸ ਢੰਗ ਨਾਲ ਘੜਵਾ ਕੇ ਜਾਂ ਵਖਰੀ ਕਿਸਮ ਦੇ ਰੂਪ ਵਿਚ ਢਾਲ ਕੇ, ਭਾਸ਼ਾਈ, ਧਾਰਮਿਕ ਤੇ ਨਸਲੀ ਘੱਟ ਗਿਣਤੀ ਸਮੁਦਾਈਆਂ ਉਪਰ ਦਬਾਅ ਬਣਾਇਆ ਜਾਂਦਾ ਹੈ ਜਾਂ ਨਵੇ ਬਿਰਤਾਂਤ ਘੜੇ ਜਾਂਦੇ ਹਨ ਤੇ ਲੋਕ ਮੁੱਦੇ, ਦ੍ਰਿਸ਼ਟੀਕੋਣ ਆਦਿ ਰਾਜਨੀਤਕ ਜੀਵਨ ਤੋਂ ਦੂਰ ਹਾਸ਼ੀਏ 'ਤੇ ਸੁੱਟਣ ਦਾ ਯਤਨ ਕੀਤਾ ਜਾਂਦਾ ਹੈ।

ਚੋਣਾਂ ਦੇ ਸਮੇਂ ਵੀ ਸੰਚਾਰ ਸਾਧਨਾਂ ਦਾ ਵੱਖਰਾ ਹੀ ਰੂਪ ਦੇਖਣ ਨੂੰ ਮਿਲਦਾ ਹੈ। ਇਕ ਕਿਆਸ ਅਨੁਸਾਰ ਚੋਣਾਂ ਸਮੇਂ ਜਿਸ ਵੀ ਰਾਜਨੀਤਕ ਦਲ ਜਾਂ ਨਿੱਜੀ ਅਦਾਰਿਆਂ ਕਿਸੇ ਖ਼ਾਸ ਰਾਜਨੀਤਕ ਦਲਾਂ ਦਾ ਸਮਰਥਨ ਕਰਨ ਵਾਲੇ ਦਾ ਇਹਨਾਂ ਸੂਚਨਾਵਾਂ ਤੇ ਜਾਣਕਾਰੀ ਵਾਲੇ ਸਾਧਨਾਂ ਉੱਤੇ ਕੰਟਰੋਲ ਰਹਿੰਦਾ ਹੈ, ਅਜਿਹੇ ਅਦਾਰੇ ਜਿਸ ਵੀ ਪਾਰਟੀ ਜਾਂ ਦਲ ਨੂੰ ਸਮਰਥਨ ਕਰਨ, ਉਸ ਦਲ ਦੀ ਚੋਣਾਂ ਵਿੱਚ ਜੇਤੂ ਰਹਿਣ ਦੀ ਸੰਭਾਵਨਾ ਵੱਧ ਜਾਂਦੀ ਹੈ।

(4) ਹਿੱਤ ਸਮੂਹਾਂ ਅਤੇ ਦਬਾਅ ਸਮੂਹਾਂ ਦੀ ਭੂਮਿਕਾ (Role of Interest group & Pressure group) : ਹਿੱਤ ਸਮੂਹ ਉਹ ਸਮੂਹ ਹਨ ਜੋ ਆਪਣੀਆਂ ਸਾਂਝੀਆਂ ਮੰਗਾਂ, ਸਮੱਸਿਆਵਾਂ, ਹਿੱਤਾਂ ਜਾਂ ਸਾਂਝੇ ਉਦੇਸ਼ ਲਈ ਸੰਗਠਤ ਰੂਪ ਨਾਲ ਇੱਕਠੇ ਹੁੰਦੇ ਹਨ। ਹਿੱਤ ਸਮੂਹ ਜਦੋਂ ਆਪਣੀਆਂ ਮੰਗਾਂ ਅਤੇ ਸਮੱਸਿਆਵਾਂ ਲਈ ਸਰਕਾਰ ਨੂੰ ਮੰਗਾਂ ਮੰਨਣ ਲਈ ਮਨਾਉਂਦੇ ਜਾਂ ਮਜਬੂਰ ਕਰਦੇ ਹੋਣ ਤਾਂ ਇਹ ਹਿੱਤ ਸਮੂਹ, ਦਬਾਅ ਸਮੂਹਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਇਸ ਲਈ ਇਹਨਾਂ ਸਮੂਹਾਂ ਦਾ ਰਾਜਨੀਤਕ ਪ੍ਰਨਾਲੀ ਦੀਆਂ ਨੀਤੀਆਂ ਅਤੇ ਕਾਰਜਸ਼ੀਲਤਾ ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਸੰਪਰਕ ਬਣਿਆ ਰਹਿੰਦਾ ਹੈ, ਜੋ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਬਣਾਈ ਰੱਖਦੇ ਹਨ। ਇਹ ਹਿੱਤ ਸਮੂਹ ਅਤੇ ਦਬਾਅ ਸਮੂਹ ਆਪਣੀਆਂ ਮੰਗਾਂ ਅਤੇ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਦੇ ਵੱਖੋ-ਵੱਖ ਅੰਗਾਂ (ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ) ਅਤੇ ਸਰਕਾਰੀ ਅਧਿਕਾਰੀਆਂ (ਨੌਕਰਸ਼ਾਹੀ) ਨਾਲ ਸੰਪਰਕ ਕਰਦੇ ਹਨ ਅਤੇ ਬਿਨੈ-ਪੱਤਰਾਂ ਰਾਹੀਂ, ਮੰਗ-ਪੱਤਰਾਂ ਰਾਹੀਂ ਆਪਣੀ ਗੱਲ ਉਹਨਾਂ ਅੱਗੇ ਰੱਖਦੇ ਹਨ। ਇਸ ਨਾਲ ਹਿੱਤ ਸਮੂਹਾਂ ਅਤੇ ਦਬਾਅ ਸਮੂਹਾਂ ਨੂੰ ਸਰਕਾਰ ਦੇ ਰਵੱਈਏ ਅਤੇ ਕੰਮ ਕਰਨ ਦੀ ਸ਼ੈਲੀ ਦਾ ਸਕਾਰਾਤਮਕ (Positive) ਅਤੇ ਨਕਾਰਾਤਮਕ (Negative) ਪ੍ਰਤੀਕਿਰਿਆ ਬਾਰੇ ਗਿਆਨ ਹੁੰਦਾ ਹੈ। ਸਰਕਾਰ ਨੂੰ ਵੀ ਨੀਤੀਆਂ ਦੇ ਨਿਰਮਾਣ ਦੀ ਵਿਸ਼ਾ ਵਸਤੂ ਪ੍ਰਾਪਤ ਹੁੰਦੀ ਹੈ।

ਜੇਕਰ ਹਿੱਤ ਸਮੂਹਾਂ ਨੂੰ ਲੱਗਦਾ ਹੈ ਕਿ ਸਰਕਾਰ ਉਹਨਾਂ ਦੀਆਂ ਮੰਗਾਂ ਜਾਂ ਸਮੱਸਿਆਵਾਂ ਵੱਲ ਬਿਲਕੁਲ ਧਿਆਨ ਦੇਣ ਦੇ ਰੋਅ 'ਚ ਨਹੀਂ, ਤਾਂ ਇਹ ਹਿੱਤ ਸਮੂਹ ਸਰਕਾਰ ਨੂੰ ਮਜਬੂਰ ਕਰਨ ਲਈ ਧਰਨੇ-ਪ੍ਰਦਰਸ਼ਨ, ਹੜਤਾਲ ਕਰਕੇ, ਚੋਣਾਂ ਵਿਚ ਵਿਰੋਧੀ ਰਾਜਨੀਤਕ ਦਲ ਦਾ ਸਮਰਥਨ ਕਰਕੇ, ਕੌਮੀ ਬੰਦ ਜਾਂ ਸੂਬਾਈ ਬੰਦ, ਰੇਲਾਂ ਰੋਕ ਆਦਿ ਢੰਗਾਂ ਨਾਲ ਆਪਣਾ ਰੋਸ ਪ੍ਰਗਟ ਕਰਦੇ ਹਨ।

ਬਹੁਤ ਸਾਰੇ ਦੇਸ਼ਾਂ ਵਿੱਚ ਵੱਡੇ-ਵੱਡੇ ਆਰਥਿਕ ਅਦਾਰੇ ਵਪਾਰਕ ਅਤੇ ਕਾਰੋਬਾਰੀ ਸਮੂਹ ਆਪਣੇ ਨਿੱਜੀ ਹਿੱਤਾਂ ਲਈ ਰਾਜਨੀਤਕ ਦਲਾਂ ਨੂੰ (ਜੋ ਸੱਤ੍ਹਾ ਵਿੱਚ ਹੈ ਜਾਂ ਜਿਸਦੀ ਚੋਣਾਂ ਵਿਚ ਜਿੱਤਣ ਦੀ ਸੰਭਾਵਨਾ ਹੋਵੇ) ਪਾਰਟੀ ਫ਼ੰਡ ਵਜੋਂ ਵੱਡੀਆਂ ਰਕਮਾਂ ਦਾਨ ਵਿੱਚ ਦਿੰਦੇ ਹਨ ਤਾਂ ਜੋ ਸੱਤ੍ਹਾ ਦਲ ਉਹਨਾਂ ਦੇ ਪੱਖ ਲਈ ਨੀਤੀਆਂ ਅਤੇ ਯੋਜਨਾਵਾਂ ਬਣਾਵੇ। ਭਾਰਤ ਵਿਚ ਜਿਵੇਂ

ਚੋਣ ਬੌਂਡ (Election Bonds) ਦੇ ਰੂਪ ਵਿਚ ਹਰ ਰਾਜਨੀਤਕ ਦਲ ਚੋਣਾਂ ਵਿਚ ਕਰੋੜਾਂ ਰੁਪਏ ਕਮਾਉਂਦਾ ਅਤੇ ਖਰਚਦਾ ਹੈ ਜਿਸ ਨਾਲ ਚੋਣਾਂ ਖਰਚੀਲੀਆਂ ਬਣਦੀਆਂ ਜਾ ਰਹੀਆਂ ਹਨ ਅਤੇ ਆਮ ਨਾਗਰਿਕ ਨਾ ਸਿਰਫ਼ ਚੋਣ ਉਮੀਦਵਾਰ ਬਣਨ ਦੇ ਸੁਪਨੇ ਤੋਂ ਦੂਰ ਹੁੰਦਾ ਜਾ ਰਿਹਾ ਹੈ ਸਗੋਂ ਚੋਣ ਪ੍ਰਨਾਲ਼ੀ ਵਿੱਚ ਵੋਟ ਦੇਣ ਤੋਂ ਇਲਾਵਾ ਹਰ ਪੱਖੋਂ ਨਿਰਾਰਥਕ ਹੁੰਦਾ ਜਾ ਰਿਹਾ ਹੈ। ਹਿੱਤ ਸਮੂਹ ਦੀਆਂ ਕਾਰਜਵਿਧੀਆਂ ਅਤੇ ਉਹਨਾਂ ਦਾ ਮੈਂਬਰ ਬਣਨ ਨਾਲ ਵਿਅਕਤੀ ਆਪਣਾ ਰਾਜਨੀਤਕ ਵਿਹਾਰ ਤੈਅ ਕਰਦਾ ਹੈ ਅਤੇ ਸਾਂਝੇ ਉਦੇਸ਼ਾਂ ਦੀ ਪ੍ਰਾਪਤੀ ਲਈ ਤਿਆਗ ਅਤੇ ਸੰਘਰਸ਼ ਕਰਨਾ ਸਿੱਖਦਾ ਹੈ।

(5) ਰਾਜਨੀਤਕ ਅਤੇ ਸਮਾਜਿਕ ਅੰਦੋਲਨ (Political and Social Movements) : ਰਾਜਨੀਤਕ ਅਤੇ ਸਮਾਜਿਕ ਅੰਦੋਲਨਾਂ ਨੇ ਵੀ ਸਮੇਂ-ਸਮੇਂ ਤੇ ਰਾਜਨੀਤਕ ਸਮਾਜੀਕਰਨ ਵਿੱਚ ਤਕੜਾ ਯੋਗਦਾਨ ਪਾਇਆ ਹੈ। ਅਮਰੀਕਾ ਦੀ ਆਜ਼ਾਦੀ ਦੀ ਲੜਾਈ (ਸੰਨ 1776) ਨੇ ਬਰਤਾਨਵੀ ਸਾਮਰਾਜ ਦੇ ਅੱਤਿਆਚਾਰਾਂ ਨੂੰ ਖ਼ਤਮ ਕਰਕੇ ਸੁਤੰਤਰਤਾ ਪ੍ਰਾਪਤ ਕੀਤੀ ਅਤੇ ਦੁਨੀਆਂ ਦੇ ਪਹਿਲੇ ਲਿਖਤੀ ਸੰਵਿਧਾਨ ਦੁਆਰਾ ਲੋਕਤੰਤਰ ਅਤੇ ਸ਼ਕਤੀਆਂ ਦੇ ਵਖਰੇਵੇਂ ਦੇ ਢਾਂਚੇ ਨੂੰ ਸਥਾਪਤ ਕਰਨ ਦਾ ਮੁੱਢ ਬੱਝਿਆ। ਫ਼ਰਾਂਸ ਦੀ ਕ੍ਰਾਂਤੀ (ਸੰਨ 1789) ਨੇ ਜ਼ਿੰਮੀਦਾਰੀ ਢਾਂਚੇ (Feudal System) ਨੂੰ ਖ਼ਤਮ ਕੀਤਾ ਅਤੇ ਫਰਾਂਸ ਦੇ ਅਸੀਮਤ ਰਾਜਤੰਤਰ ਨੂੰ ਉਲਟਾ ਕੇ ਸੁਤੰਤਰਤਾ (Liberty), ਸਮਾਨਤਾ (Equality) ਅਤੇ ਭਰਾਤਰੀ ਭਾਵ (ਭਾਈਚਾਰਾ/Fraternity) ਜਿਹੇ ਮਹੱਤਵਪੂਰਨ ਵਿਚਾਰਾਂ ਨੂੰ ਉਭਰਿਆ।

ਸੰਨ 1917 ਵਿੱਚ ਰੂਸ ਦੀ ਕ੍ਰਾਂਤੀ, (Russian Revolution) ਨੇ ਰੂਸ ਵਿੱਚ ਤਾਨਾਸ਼ਾਹੀ ਸਮਰਾਜ ਨੂੰ ਬਦਲ ਦਿੱਤਾ ਅਤੇ ਦੁਨੀਆਂ ਦੀ ਪਹਿਲੀ ਸਮਾਜਵਾਦੀ ਵਿਚਾਰਧਾਰਾ ਉਤੇ ਅਧਾਰਤ ਲੈਨਿਨ (Lennin) ਦੀ ਅਗਵਾਈ ਵਿਚ ਸਰਕਾਰ ਬਣੀ ਤੇ ਰੂਸ ਵੀ ਸੋਵੀਅਤ ਸੰਘ (U.S.S.R.–Union of Soviet Socialist Republic) ਬਣਿਆ। ਦੱਖਣੀ ਅਫ਼ਰੀਕਾ ਦੇ ਪਹਿਲੇ ਸਿਆਹ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਸੰਸਥਾਗਤ ਨਸਲੀ ਵਿਤਕਰੇ (Apartheid, a policy of segregation on ground of race) ਦੇ ਖਿਲਾਫ਼ 27 ਸਾਲਾਂ ਦੀ ਜੇਲ੍ਹ ਕੱਟੀ ਅਤੇ ਲੰਬੇ ਸੰਘਰਸ਼ ਤੋਂ ਬਾਅਦ 27 ਅਪ੍ਰੈਲ, 1994 ਨੂੰ ਆਜ਼ਾਦੀ ਪ੍ਰਾਪਤ ਕੀਤੀ।

ਭਾਰਤ ਵਿੱਚ ਸੰਨ 1857 ਵਿੱਚ ਅੰਗਰੇਜ਼ਾਂ ਖਿਲਾਫ਼ ਸੈਨਿਕ ਵਿਦਰੋਹ ਅਤੇ ਬਾਅਦ ਵਿੱਚ ਸੁਤੰਤਰਤਾ ਲਈ ਲੜੇ ਵੱਖ-ਵੱਖ ਅੰਦੋਲਨਾਂ ਨੇ ਭਾਰਤੀਆਂ ਅੰਦਰ ਰਾਜਨੀਤਕ ਚੇਤਨਾ, ਏਕਤਾ ਅਤੇ ਜਾਗਰੂਕਤਾ ਪੈਦਾ ਕੀਤੀ। ਇਸੇ ਤਰ੍ਹਾਂ ਸਮਾਜਿਕ ਅੰਦੋਲਨ ਦੀ ਰਾਜਨੀਤਕ ਜਾਗਰੂਕਤਾ ਅਤੇ ਚੇਤਨਾ ਪੈਦਾ ਕਰਦੇ ਹਨ। ਬਰਤਾਨਵੀਂ ਹਕੂਮਤ ਸਮੇਂ ਭਾਰਤ ਵਿਚ ਜਾਤੀ ਵਿਤਕਰੇ ਖਿਲਾਫ਼ ਚਲਾਏ ਅੰਦੋਲਨ (ਸਵੈਮਾਨ ਅੰਦੋਲਨ ਈ. ਵੀ. ਪੈਰੀਆਰ ਰਾਮਾ ਸਵਾਮੀ) ਡਾ. ਬੀ. ਆਰ. ਅੰਬਦੇਕਰ ਦੁਆਰਾ ਚਲਾਏ ਦਲਿਤ ਅੰਦੋਲਨ ਅਤੇ ਮੰਦਰ ਅੰਦਰ ਦਾਖਲ (Temple Entry movement) ਆਦਿ ਸਮਾਜਿਕ ਅੰਦੋਲਨਾਂ ਨੇ ਰਾਜਨੀਤਕ ਸਮਾਜੀਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

(6) ਰਾਜਨੀਤਕ ਦਲਾਂ ਦੀ ਭੂਮਿਕਾ (Role of Political parties) : ਰਾਜਨੀਤਕ ਦਲ ਆਧੁਨਿਕ ਲੋਕਤੰਤਰ ਦਾ ਮਜ਼ਬੂਤ ਅਧਾਰ ਹੁੰਦੇ ਹਨ। ਸਾਮਵਾਦੀ ਦੇਸ਼ਾਂ (ਚੀਨ, ਰੂਸ, ਕਿਊਬਾ ਆਦਿ) ਵਿੱਚ ਇੱਕ ਖ਼ਾਸ ਵਿਚਾਰਧਾਰਾ 'ਤੇ ਅਧਾਰਤ ਰਾਜਨੀਤਕ ਦਲ ਮੌਜੂਦ ਹਨ। ਰਾਜਨੀਤਕ ਦਲ ਹਮੇਸ਼ਾਂ ਸੱਤ੍ਹਾ ਪ੍ਰਾਪਤੀ ਜਾਂ ਸੱਤ੍ਹਾ ਵਿਚ ਕਾਬਜ਼ ਰਹਿਣ ਲਈ ਰਾਜਨੀਤਕ ਗਤੀਵਿਧੀਆਂ ਵਿੱਚ ਸ਼ਾਮਲ ਰਹਿੰਦੇ ਹਨ ਅਤੇ ਲੋਕਾਂ ਨੂੰ ਆਪਣੇ ਨਾਲ ਜੁੜਣ ਲਈ ਪ੍ਰੇਰਤ ਕਰਦੇ ਹਨ। ਸੱਤ੍ਹਾ ਵਿਚ ਰਾਜਨੀਤਕ ਦਲ ਲੋਕਾਂ ਨੂੰ ਆਪਣੀ ਸਰਕਾਰ ਦੀਆਂ ਪ੍ਰਾਪਤੀ ਦੀ ਜਾਣਕਾਰੀ ਅਤੇ ਸੂਚਨਾਵਾਂ ਵੱਖ-ਵੱਖ ਢੰਗਾਂ ਨਾਲ ਪਰੋਸਦੇ ਰਹਿੰਦੇ ਹਨ ਤਾਂ ਜੋ ਲੋਕਾਂ ਦਾ ਉਹਨਾਂ ਦੇ ਰਾਜਨੀਤਕ ਦਲਾਂ ਦੀਆਂ ਨੀਤੀਆਂ ਅਤੇ ਵਿਚਾਰਧਾਰਾਵਾਂ ਵਿੱਚ ਭਰੋਸਾ ਬਣਿਆ ਰਹੇ ਅਤੇ ਸਰਕਾਰ ਦੇ ਖਿਲਾਫ਼ ਅਲੋਚਕਾਂ ਵਾਲਾ ਵਤੀਰਾ/ਵਿਹਾਰ ਨਾ ਬਣੇ।

ਇਸੇ ਤਰ੍ਹਾਂ ਸੱਤ੍ਹਾ ਤੋਂ ਬਾਹਰ ਭਾਵ ਵਿਰੋਧੀ ਰਾਜਨੀਤਕ ਦਲ ਸਰਕਾਰ ਦੀਆਂ ਗਲਤ ਨੀਤੀਆਂ ਦੀ ਜਾਣਕਾਰੀ ਲੋਕਾਂ ਨੂੰ ਦਿੰਦੇ ਹਨ। ਇਸ ਤਰ੍ਹਾਂ ਦੋਨੋਂ ਢੰਗਾਂ ਰਾਹੀਂ ਲੋਕਾਂ ਵਿੱਚ ਰਾਜਨੀਤਕ ਚੇਤਨਾ ਬਣਨ ਨਾਲ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਵੀ ਚਲਦੀ ਰਹਿੰਦੀ ਹੈ।

ਇਸਦੇ ਨਾਲ ਹੀ ਚੋਣਾਂ ਦਾ ਸਮਾਂ ਲੋਕਾਂ ਲਈ ਰਾਜਨੀਤਕ ਸਮਾਜੀਕਰਨ ਦਾ ਚੰਗਾ ਮੌਕਾ ਪ੍ਰਦਾਨ ਕਰਦਾ ਹੈ। ਚੋਣਾਂ ਸਮੇਂ ਰਾਜਨੀਤਕ ਦਲ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਘਰ, ਮਹੱਲੇ, ਪਿੰਡਾਂ, ਸ਼ਹਿਰਾਂ ਅਤੇ ਜਨਤਕ ਥਾਵਾਂ 'ਤੇ ਜਾ ਕੇ ਪ੍ਰਚਾਰ ਕਰਦੇ ਹਨ। ਲੋਕਾਂ ਨੂੰ ਆਪਣੀ ਪਾਰਟੀ ਦੇ ਚੋਣ ਮਨੋਰਥ ਪੱਤਰ (Election Manifesto) ਬਾਰੇ ਜਾਣਕਾਰੀ ਦਿੰਦੇ ਹਨ। ਲੋਕਾਂ ਕੋਲ ਵੀ ਮੌਕਾ ਹੁੰਦਾ ਹੈ ਕਿ ਉਹ ਆਪਣੀਆਂ ਮੰਗਾਂ ਨੂੰ ਰਾਜਨੀਤਕ ਦਲਾਂ ਦੇ ਉਮੀਦਵਾਰਾਂ ਤੱਕ ਪੁਚਾਉਣ।

(7) ਸਰਕਾਰ ਦੀ ਭੂਮਿਕਾ (Role of Government) : ਸਰਕਾਰ ਦੇ ਤਿੰਨੋ ਅੰਗ; ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਅਤੇ ਹੋਰ ਸੰਵਿਧਾਨਕ ਸੰਸਥਾਵਾਂ (ਚੋਣ ਕਮਿਸ਼ਨ, ਨੌਕਰਸ਼ਾਹੀ) ਰਾਜਨੀਤਕ ਸਮਾਜੀਕਰਨ ਦੇ ਲਈ ਮਹੱਤਵਪੂਰਨ ਏਜੰਟ ਅਤੇ ਰਾਜਨੀਤਕ ਕਾਰਜ-ਕਰਤਾ ਹੁੰਦੇ ਹਨ। ਸਰਕਾਰ ਦੀਆਂ ਇਹਨਾਂ ਰਸਮੀ ਸੰਸਥਾਵਾਂ ਅਤੇ ਢਾਂਚਿਆਂ ਦਾ ਆਮ ਲੋਕਾਂ ਨਾਲ ਸਿੱਧਾ ਰਬਤਾ ਜਾਰੀ ਰਹਿੰਦਾ ਹੈ। ਲੋਕ ਆਪਣੀਆਂ ਸਮੱਸਿਆਵਾਂ ਤੇ ਮੰਗਾਂ ਇਹਨਾਂ ਰਸਮੀ ਸੰਸਥਾਵਾਂ ਨੂੰ ਨਿਵੇਸ਼ਾਂ ਪ੍ਰਤੀ ਫੈਸਲੇ ਅਤੇ ਨੀਤੀਆਂ (ਨਿਕਾਸ ਦੇ ਕਾਰਜ) ਬਣਾਉਂਦੀ ਹੈ। ਇਹਨਾਂ ਫੈਸਲਿਆਂ ਅਤੇ ਨੀਤੀਆਂ ਪ੍ਰਤੀ ਲੋਕਾਂ ਦਾ ਪ੍ਰਤੀਕਿਰਿਆ (Feedback) ਸਰਕਾਰ ਲਈ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਇਸਦਾ ਭਾਵ ਇਹ ਵੀ ਹੈ ਕਿ ਸਰਕਾਰ ਨੀਤੀਆਂ, ਯੋਜਨਾਵਾਂ ਤੇ ਲੋਕ ਭਲਾਈ ਪ੍ਰੋਗਰਾਮ ਬਨਾਉਣ ਸਮੇਂ ਲੋਕਾਂ ਦੀ ਰਾਇ ਨੂੰ ਧਿਆਨ ਵਿੱਚ ਰੱਖਦੀ ਹੈ ਅਤੇ ਉਹਨਾਂ ਨਾਲ ਸੰਪਰਕ ਬਣਾ ਕੇ ਸੂਚਨਾਵਾਂ ਦਾ ਆਦਾਨ-ਪ੍ਰਦਾਨ ਕਰਦੀ ਹੈ। ਇਹ ਸੰਪਰਕ ਹੀ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਸਥਿਰਤਾ ਦਿੰਦਾ ਹੈ।

(8) ਸ਼ੈਣੀ ਸਮੂਹ (Peer groups) : ਸ਼ੈਣੀ ਸਮੂਹ ਵੀ ਰਾਜਨੀਤਕ ਸਮਾਜੀਕਰਨ ਦੇ ਏਜੰਟ ਹਨ। ਹਰ ਵਿਅਕਤੀ ਆਪਣੇ ਜੀਵਨ ਵਿੱਚ ਸਮਾਜਿਕ ਸਮੂਹਾਂ ਅਤੇ ਰੁਜ਼ਗਾਰ ਵਾਲੀ ਥਾਵਾਂ ਉਪਰ ਦੂਸਰੇ ਵਿਅਕਤੀਆਂ ਨਾਲ ਵਿਚਰਦਾ ਹੈ. ਸਮਾਜਿਕ ਸਮਾਗਮਾਂ ਅਤੇ ਨਾਲ ਕੰਮ ਵਾਲੇ ਸਾਥੀ ਰਾਜਨੀਤਕ ਮੁੱਦਿਆਂ, ਰਾਜਨੀਤਕ ਘਟਨਾਵਾਂ ਅਤੇ ਰਾਜਨੀਤਕ ਮਸਲਿਆਂ 'ਤੇ ਆਪਣੇ ਨਿੱਜੀ ਤਜ਼ਰਬੇ ਇੱਕ ਦੂਜੇ ਨਾਲ ਸਾਂਝੇ ਕਰਦੇ ਰਹਿੰਦੇ ਹਨ। ਹਰੇਕ ਸਾਥੀ ਦੇ ਰਾਜਨੀਤਕ ਵਿਚਾਰਾਂ, ਸੱਚਾਂ ਅਤੇ ਰਾਜਨੀਤਕ ਵਿਹਾਰ ਦਾ ਅਸਰ ਦੂਜਿਆਂ ਉਪਰ ਸੁਭਾਵਕ ਤੌਰ 'ਤੇ ਪੈਂਦਾ ਹੀ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ :—

ੳ. ਲਾਹੌਰ ਦਰਬਾਰ ਦੇ ਆਖਰੀ ਮਹਾਰਾਜੇ ਦਾ ਕੀ ਨਾਮ ਸੀ ?

(i) ਮਹਾਰਾਜਾ ਸ਼ੇਰ ਸਿੰਘ (ii) ਮਹਾਰਾਣੀ ਜਿੰਦ ਕੌਰ

(iii) ਮਹਾਰਾਜਾ ਨੌਂ-ਨਿਹਾਲ ਸਿੰਘ (iv) ਮਹਾਰਾਜਾ ਦਲੀਪ ਸਿੰਘ

ਅ. ਮਹਾਰਾਜਾ ਦਲੀਪ ਸਿੰਘ ਦੀ ਪੰਜਾਬੀ ਪਛਾਣ ਨੂੰ ਅੰਗਰੇਜ਼ੀ ਸਮਾਜੀਕਰਨ ਰਾਹੀਂ ਬਦਲ ਕੇ ਕਿਹੜਾ ਨਾਮ ਦਿੱਤਾ ਗਿਆ ?

(i) ਸਵਰਨ ਸਿੰਘ (ii) ਗ੍ਰੇਟ ਕਿੰਗ

(iii) ਬਲੈਕ ਪ੍ਰਿੰਸ (iv) ਸ਼ਾਹੀ ਰਾਜਕੁਮਾਰ

ੲ. ਅੰਗਰੇਜ਼ਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਦੇ ਵਿਚਾਰਾਂ ਅਤੇ ਸੱਭਿਆਚਾਰ ਨੂੰ ਬਦਲਣ ਲਈ ਵਰਤੀ ਗਈ ਵਿਧੀ ਨੂੰ ਅਸੀਂ ਕੀ ਕਹਿੰਦੇ ਹਾਂ ?

(i) ਰਾਜਨੀਤਕ ਸਮਾਜੀਕਰਨ (ii) ਆਰਥਿਕ ਸਮਾਜੀਕਰਨ

(iii) ਮੁੱਢਲੀ ਪਛਾਣ (iv) ਸਹਾਇਕ ਪਛਾਣ

ਸ. "ਪੂੰਜੀਵਾਦ ਸਮਾਜ ਵਿੱਚ ਲੋਕਾਂ ਦੇ ਮਨਾਂ ਅੰਦਰ ਰਾਜਨੀਤਕ ਸਤ੍ਹਾ ਪ੍ਰਤੀ ਸਹਿਮਤੀ ਦੀ ਭਾਵਨਾ ਪੈਦਾ ਕਰਨ ਲਈ ਸੱਭਿਅਕ ਸਮਾਜ ਦਾ ਨਿਰਮਾਣ ਕੀਤਾ ਜਾਂਦਾ ਹੈ ?" ਇਹ ਕਥਨ ਕਿਸਦਾ ਹੈ ?

ਹ. ਰਾਜਨੀਤਕ ਸਮਾਜੀਕਰਨ ਦੇ ਕਿਸੇ ਇੱਕ ਸਾਧਨ ਦਾ ਨਾਮ ਲਿਖੋ ?

ਕ. ਫਰਾਂਸ ਦੀ ਕ੍ਰਾਂਤੀ ਕਦੋਂ ਹੋਈ ?

ਖ. ਸੰਨ 1917 ਵਿੱਚ ਰੂਸ ਦੀ ਕ੍ਰਾਂਤੀ ਰਾਹੀਂ ਕਿਹੜੀ ਵਿਚਾਰਧਾਰਾ ਲਾਗੂ ਕੀਤੀ ਗਈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ :—

ੳ. ਮਹਾਰਾਜਾ ਦਲੀਪ ਸਿੰਘ ਸਮਾਜਿਕ ਅਤੇ ਰਾਜਨੀਤਕ ਸਮਾਜੀਕਰਨ ਉਪਰ ਨੋਟ ਲਿਖੋ।

ਅ. ਪ੍ਰਤੱਖ ਰਾਜਨੀਤਕ ਸਮਾਜੀਕਰਨ ਤੋਂ ਕੀ ਭਾਵ ਹੈ ?

ੲ. ਅਪ੍ਰਤੱਖ ਜਾ ਗੁਪਤ ਰਾਜਨੀਤਕ ਸਮਾਜੀਕਰਨ ਬਾਰੇ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ :—

ੳ. ਰਾਜਨੀਤਕ ਸਮਾਜੀਕਰਨ ਦੇ ਸਾਧਨਾਂ ਦਾ ਵਰਨਣ ਕਰੋ।

ਅ. ਰਾਜਨੀਤਕ ਸਮਾਜੀਕਰਨ ਦਾ ਅਰਥ ਅਤੇ ਕਿਸਮਾਂ ਦਾ ਵਰਨਣ ਕਰੋ।

3

ਰਾਜਨੀਤਕ ਸੱਭਿਆਚਾਰ; ਅਰਥ ਅਤੇ ਕਿਸਮਾਂ

[Political Culture ; Meaning and Types]

ਭਾਰਤ ਦੇ ਸਿਆਤਦਾਨ ਸ਼੍ਰੀ ਲਾਲ ਬਹਾਦਰੀ ਸ਼ਾਸਤਰੀ ਦਾ ਨਾਂ ਅੱਜ ਵੀ ਬੜੇ ਮਾਣ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਭਾਰਤ ਦੇ ਦੂਸਰੇ ਪ੍ਰਧਾਨਮੰਤਰੀ ਵੀ ਸਨ। ਉਨ੍ਹਾਂ ਦੀ ਪਛਾਣ ਸਾਦਾ ਜੀਵਨ ਅਤੇ ਵਿੱਲਖਣ ਸੂਝਬੂਝ ਸੀ। ਉਹਨਾਂ ਦੀ ਅਗਵਾਈ ਵਿੱਚ ਪਾਕਿਸਤਾਨ ਨਾਲ ਸੰਨ 1965 ਦੀ ਜੰਗ ਵਿਚ ਜਿੱਤ ਪ੍ਰਾਪਤ ਹੋਈ ਅਤੇ ਇਸੇ ਦੌਰਾਨ ਉਨ੍ਹਾਂ ਪੱਖੋਂ ਭਾਰਤ ਨੂੰ ਅਨਾਜ ਦੇ ਉਤਪਾਦਨ ਦੇ ਵੱਲੋਂ ਆਤਮ ਨਿਰਭਰ ਬਨਾਉਣ ਵਿੱਚ ਭਾਰਤ ਦੇ ਕਿਸਾਨਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਉਹ ਸਬਰ, ਤਿਆਗ ਅਤੇ ਨੈਤਿਕ ਮੁੱਲਾਂ ਨਾਲ ਭਰਪੂਰ ਸ਼ਖਸ਼ੀਅਤ ਸੀ। ਇਸ ਸੰਬੰਧੀ ਦੋ ਘਟਨਾਵਾਂ ਗਵਾਹ ਹਨ–ਪਹਿਲੀ ਸੰਨ 1956 ਵਿੱਚ ਤਾਮਿਲਨਾਡੂ ਦੇ ਇੱਕ ਇਲਾਕੇ ਅਰੀਆਲੂਰ ਵਿੱਚ ਇੱਕ ਰੇਲ ਦੁਰਘਟਨਾ ਹੋਈ। ਇਸ ਹਾਦਸੇ, ਵਿਚ ਲਗਭਗ 150 ਯਾਤਰੀ ਮਾਰੇ ਗਏ। ਸ਼ਾਸਤਰੀ ਜੀ ਉਸ ਸਮੇਂ ਕੇਂਦਰੀ ਰੇਲ ਮੰਤਰੀ ਸਨ ਤੇ ਉਹਨਾਂ ਇਸ ਹਾਦਸੇ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਮੰਤਰੀ ਮੰਡਲ ਵਿੱਚੋਂ ਅਸਤੀਫ਼ਾ (ਤਿਆਗ–ਪੱਤਰ) ਦੇ ਦਿੱਤਾ। ਦੂਸਰੀ ਘਟਨਾ ਇਹ ਕਿ ਜਦੋਂ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕੀ ਤਾਂ ਉਨ੍ਹਾਂ ਦੀ ਧੋਤੀ ਉਤੇ ਟਾਕੀ ਲੱਗੀ ਹੋਈ ਸੀ ਜੋ ਉਨ੍ਹਾਂ ਉਸ ਸਵੇਰੇ ਹੀ ਧੋਤੀ ਫ਼ਟੀ ਹੋਣ ਕਾਰਨ ਲਗਵਾਈ ਸੀ ਪਰ ਨਵੀਂ ਧੋਤੀ ਨਹੀਂ ਸੀ ਖਰੀਦਵਾਈ। ਲਾਲ ਬਹਾਦਰ ਸਾਸਤਰੀ ਜੀ ਦਾ ਜ਼ਿਕਰ ਇਸ ਅਧਿਆਇ ਵਿੱਚ ਇਸ ਲਈ ਕੀਤਾ ਗਿਆ ਹੈ ਕਿਉਂਕਿ ਭਾਰਤ ਵਿੱਚ ਆਪਣਾ ਸੰਵਿਧਾਨ ਲਾਗੂ ਹੋਣ ਤੋਂ ਮਗਰੋਂ ਅਪਣਾਈ ਗਈ ਚੋਣ ਵਿਧੀ ਰਾਹੀਂ ਪਹਿਲਾਂ ਸ਼੍ਰੀ ਜਵਾਹਰ ਲਾਲ ਨਹਿਰੂ ਤੇ ਫ਼ਿਰ ਲਾਲ ਬਹਾਦਰ ਸ਼ਾਸਤਰੀ ਨੇ ਦੇਸ਼ ਵਿੱਚ ਵਿਕਾਸਮੁਖੀ ਅਤੇ ਜ਼ਿੰਮੇਵਾਰੀ ਭਰਪੂਰ ਸਿਆਸੀ ਜਾਂ ਰਾਜਨੀਤਕ ਸਭਿਆਚਾਰਾਂ ਦੀ ਨੀਂਹ ਰੱਖੀ। ਨਹਿਰੂ ਜੀ ਨੇ ਨਵ ਵਿਕਾਸ ਮੁਖੀ ਰਾਜਨੀਤਕ ਸਭਿਆਚਾਰ ਅਪਣਾਇਆ ਜਦੋਂ ਕਿ ਸ਼ਾਸਤਰੀ ਜੀ ਨੇ ਲੋਕ ਪੱਖੀ ਰਾਜਨੀਤਕ ਸਭਿਆਚਾਰ ਅਪਣਾਇਆ ਹਾਲਾਂਕਿ ਦੋਹੇਂ ਕਿਸਮਾਂ ਦੇ ਸਭਿਆਚਾਰਾਂ ਦਾ ਭਾਰਤ ਦੀ ਨਵ–ਉਸਾਰੀ ਲਈ ਆਪੋ–ਆਪਣਾ ਵੱਡਾ ਤੇ ਮਹੱਤਵਪੂਰਨ ਯੋਗਦਾਨ ਸੀ। ਇਸ ਤਰ੍ਹਾਂ ਕੋਈ ਵੀ ਦੇਸ਼ ਆਪਣੇ ਸ਼ਾਸਨ ਪ੍ਰਬੰਧ ਲਈ ਵੱਖ–ਵੱਖ ਵਿਸ਼ਵਾਸ, ਪ੍ਰਥਾਵਾਂ, ਕਦਰਾਂ–ਕੀਮਤਾਂ ਦੀ ਸਿਰਜਣਾ ਕਰਦੀ ਹੈ ਜਿਸਨੂੰ ਸਮੇਂ–ਸਮੇਂ ਤੇ ਵੱਖ–ਵੱਖ ਸਖ਼ਸ਼ੀਅਤ, ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ ਜਿੰਨ੍ਹਾਂ ਦੇ ਅਧਾਰ ਤੇ ਬਣੇ ਰਾਜਨੀਤਕ ਪ੍ਰਤੀਕ ਵੀ ਲੋਕ ਮਨਾਂ ਵਿੱਚ ਰਾਜਨੀਤਕ ਢਾਂਚੇ ਦੀ ਤਸਵੀਰ/ਅਕਸ ਦੀ ਝਲਕ ਪੈਦਾ ਕਰਦੇ ਹਨ। ਕਿਸੇ ਮੁਲਕ ਦਾ ਰਾਜਨੀਤਕ ਸੱਭਿਆਚਾਰ ਉਸਦੇ ਸਮੁੱਚੇ ਸੱਭਿਆਚਾਰ ਦਾ ਹੀ ਅੰਗ ਹੁੰਦਾ ਹੈ।



ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ (ਖੱਬਿਓਂ , ਸੱਜੇ ਵੱਲ) ਲਾਲ ਬਹਾਦਰ ਸ਼ਾਸਤਰੀ, ਜਵਾਹਰ ਲਾਲ ਨਹਿਰੂ ਅਤੇ ਸਾਬਕਾ ਵਿਦੇਸ਼ ਮੰਤਰੀ ਸਵਰਨ ਸਿੰਘ ਦੀ ਫ਼ਾਈਲ ਤਸਵੀਰ

ਰਾਜਨੀਤਕ ਸੱਭਿਆਚਾਰ
(Political Culture)

ਧਰਤੀ ਉੱਪਰ ਵਸਦੇ ਕਿਸੇ ਖਿੱਤੇ ਦੇ ਲੋਕਾਂ ਨੇ ਆਪਣੀ ਭਾਸ਼ਾ, ਪਹਿਰਾਵਾ, ਲੋਕ ਗੀਤ ਆਦਿ ਵਿੱਲਖਣਤਾਵਾਂ ਨੂੰ ਸਿਰਜਿਆ ਹੁੰਦਾ ਹੈ। ਲੋਕਾਂ ਦੀ ਇਸ ਜੀਵਨ ਜਾਂਚ ਨੂੰ ਸਾਂਝੇ ਰੂਪ ਵਿੱਚ ਸੱਭਿਆਚਾਰ ਕਿਹਾ ਜਾਂਦਾ ਹੈ। ਸੱਭਿਆਚਾਰ ਬਾਰੇ ਅਸੀਂ ਆਪਣੀ ਬਾਰ੍ਹਵੀਂ ਸ਼੍ਰੇਣੀ ਦੀ ਪੰਜਾਬੀ ਲਾਜ਼ਮੀ ਦੀ ਪਾਠ ਪੁਸਤਕ ਵਿੱਚ ਵਿਸਥਾਰ ਨਾਲ ਪੜ੍ਹਿਆ ਹੈ। ਇਸ ਅਧਿਆਇ ਵਿਚ ਅਸੀ ਸੱਭਿਆਚਾਰ ਦੀ ਰਾਜਨੀਤਕ ਪਹਿਲੂ ਬਾਰੇ ਪੜ੍ਹਾਂਗੇ।

ਸੱਭਿਆਚਾਰ ਸ਼ਬਦ ਲਾਤੀਨੀ (Latin) ਭਾਸ਼ਾ ਦੇ ਸ਼ਬਦ 'ਕਲਟਸ' (Cultus) ਤੋਂ ਲਿਆ ਹੈ ਜਿਸਦਾ ਅਰਥ ਹੈ ਜੋਤਣਾ ਜਾਂ ਕਾਸ਼ਤ ਕਰਨਾ/ਨਿਖਾਰਨਾ।

ਉਸ ਖਾਸ ਖਿੱਤੇ ਵਿੱਚ ਵਸਦੇ ਲੋਕਾਂ ਨੇ ਆਪਣੀ ਭੂਗੋਲਿਕ ਸਥਿਤੀ, ਇਤਿਹਾਸਕ ਸਮਝ ਅਤੇ ਆਰਥਿਕ ਸਮਾਜਿਕ ਹਾਲਤਾਂ ਅਨੁਸਾਰ ਆਪਣੀਆਂ ਰਾਜਨੀਤਕ ਸੰਸਥਾਵਾਂ (Political Institutions) ਜਿਵੇਂ ਕਨੂੰਨ ਬਣਾਉਣ, ਕਨੂੰਨ ਲਾਗੂ ਕਰਨ ਅਤੇ ਕਨੂੰਨ ਅਨੁਸਾਰ ਨਿਆਂ ਆਦਿ ਲਈ ਸਿਰਜਿਆ ਹੁੰਦਾ ਹੈ, ਇਹਨਾਂ ਸੰਸਥਾਵਾਂ ਪ੍ਰਤੀ ਲੋਕਾਂ ਦੇ ਵਿਸ਼ਵਾਸਾਂ, ਕਦਰਾਂ-ਕੀਮਤਾਂ, ਭਾਵਨਾਵਾਂ ਅਤੇ ਨਜ਼ਰੀਆ ਬਣਦਾ ਹੈ। ਲੋਕ ਵੱਖ-ਵੱਖ ਸੰਸਥਾਵਾਂ ਜਿਵੇਂ ਸੰਵਿਧਾਨ, ਸਿਆਸੀ ਪਾਰਟੀਆਂ, ਸਰਕਾਰ ਬਾਰੇ ਅਲੱਗ-ਅਲੱਗ ਵਿਸ਼ਵਾਸ ਤੇ ਨਜਰੀਆ ਰੱਖਦੇ ਹਨ। ਇਸੇ ਤਰ੍ਹਾਂ ਦੀਆਂ ਸੰਸਥਾਵਾਂ ਵੀ ਵੱਖ-ਵੱਖ ਲੋਕ ਸਮੂਹਾਂ ਪ੍ਰਤੀ ਆਪਣਾ ਨਜ਼ਰੀਆਂ ਵਿਕਸਿਤ ਕਰਦੀਆਂ ਹਨ। ਸੰਸਥਾਵਾਂ ਅਤੇ ਲੋਕਾਂ ਦਰਮਿਆਨ ਇਹ ਨਜ਼ਰੀਆ ਵਿਲੱਖਣ ਕਿਸਮ ਦੀ ਰਾਜਨੀਤਕ ਪ੍ਰਕਿਰਿਆ ਨੂੰ ਜਨਮ ਦਿੰਦਾ ਹੈ ਉਦਾਹਰਨ ਦੇ ਤੌਰ 'ਤੇ ਭਾਰਤ ਅਤੇ ਬਰਤਾਨੀਆ ਵਿੱਚ ਸੰਸਦੀ ਸਰਕਾਰ (Parliamentry Govt.) ਅਪਣਾਈ ਗਈ ਹੈ। ਪਰੰਤੂ ਦੋਵਾਂ ਮੁਲਕਾਂ ਵਿੱਚ ਅਲੱਗ-ਅਲੱਗ ਢੰਗ ਨਾਲ ਕਾਰਜ ਕਰ ਰਹੀ ਹੈ।

ਰਾਜਨੀਤਕ ਸੰਸਥਾਵਾਂ ਲੋਕਾਂ ਦੇ ਸੁਭਾਅ (Nature) ਨਜ਼ਰੀਆਂ (Attitude) ਵਿਸ਼ਵਾਸ (Beliefs) ਅਤੇ ਕਦਰਾਂ ਕੀਮਤਾਂ (Values) ਦੇ ਆਧਾਰ 'ਤੇ ਬਣਦੀਆਂ ਅਤੇ ਕਾਰਜ ਕਰਦੀਆਂ ਹਨ। ਲੋਕਾਂ ਅਤੇ ਰਾਜਨੀਤਕ ਸੰਸਥਾਵਾਂ ਦਰਮਿਆਨ ਸਦਾ ਹੀ ਸਬੰਧ ਬਣੇ ਰਹਿੰਦੇ ਹਨ ਅਤੇ ਇਹ ਇਕ ਦੂਜੇ ਨੂੰ ਪ੍ਰਭਾਵਿਤ ਕਰਦੀ ਅਤੇ ਪ੍ਰਭਾਵਿਤ ਹੁੰਦੇ ਰਹਿੰਦੇ ਹਨ। ਇਹ ਆਪਸੀ ਲੈਣ-ਦੇਣ ਹਰ ਮੁਲਕ ਵਿੱਚ ਵਿਲੱਖਣ ਰਾਜਨੀਤਕ ਪ੍ਰਕਿਰਿਆਵਾਂ (Political Process) ਨੂੰ ਜਨਮ ਦਿੰਦਾ ਹੈ।



ਰਾਜਨੀਤਕ ਸਭਿਆਚਾਰ ਨੂੰ ਜਨਮ ਦੇਣ ਵਾਲੀਆਂ ਅੰਤਰ ਸਬੰਧਤ ਪ੍ਰਕਿਰਿਆਵਾਂ

ਰਾਜਨੀਤਕ ਸੰਸਥਾਵਾਂ ਅਤੇ ਲੋਕਾਂ ਦੇ ਆਪਸੀ ਲੈਣ-ਦੇਣ ਤੇ ਸੰਬੰਧਾਂ ਨਾਲ ਉਪਜੀਆਂ ਲੋਕ ਨੀਤੀਆਂ (Public Policy) ਦੀ ਪ੍ਰਕਿਰਿਆ ਨੂੰ ਰਾਜਨੀਤਕ ਪ੍ਰਕਿਰਿਆ ਕਿਹਾ ਜਾਂਦਾ ਹੈ। ਇਸ ਵਿੱਚ ਵੱਖ-ਵੱਖ ਲੋਕ ਸਮੂਹ ਅਤੇ ਰਾਜਨੀਤਕ ਸੰਸਥਾਵਾਂ ਦੇ ਨਾਲ-ਨਾਲ ਸਿਆਸੀ ਨੇਤਾਵਾਂ ਅਤੇ ਲੋਕ ਮਤ ਦਰਮਿਆਨ ਆਪਸੀ ਵਿਚਾਰ ਵਟਾਂਦਰਾ ਚਲਦਾ ਰਹਿੰਦਾ ਹੈ। ਰਾਜਨੀਤਕ ਸੱਭਿਆਚਾਰ ਲੋਕਾਂ ਦੇ ਮਨਾਂ/ਮਨੋਬਿਰਤੀ ਦੇ ਝੁਕਾਵਾਂ/ਝੁਕਾਅ (Orientations) ਨਾਲ ਸਬੰਧਤ ਹੈ ਭਾਵ ਲੋਕ ਸਿਆਸੀ ਪਾਰਟੀਆਂ (Political Parties), ਸਰਕਾਰ (Government), ਸੰਵਿਧਾਨ (Constitution) ਆਦਿ ਬਾਰੇ ਜਿਵੇਂ ਦੇ ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਚਿੰਨ੍ਹ/ਪ੍ਰਤੀਕ ਪੇਸ਼ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਕਿਸੇ ਦੇਸ ਦੇ ਲੋਕਾਂ ਦੀ ਉਥੋਂ ਦੇ

ਸੰਵਿਧਾਨ, ਸਰਕਾਰ ਜਾਂ ਕੰਮ ਕਰਨ ਦੇ ਤਰੀਕਿਆਂ ਉਪਰ ਕਿੰਨਾ ਅਤੇ ਕਿਵੇਂ ਦਾ ਵਿਸ਼ਵਾਸ ਅਤੇ ਸਮਝ ਹੈ। ਭਾਵਨਾਤਮਕ ਤੌਰ 'ਤੇ ਲੋਕ ਆਪਣੀ ਸਰਕਾਰ, ਕਨੂੰਨਾਂ, ਪ੍ਰਕਿਰਿਆਵਾ ਪ੍ਰਤੀ ਕਿੰਨੇ ਇਮਾਨਦਾਰ ਅਤੇ ਅੱਪਣਤ ਜਾਂ ਬੇਗਾਨਗੀ ਰੱਖਣ ਵਾਲੇ ਹਨ।

ਰਾਜਨੀਤਕ ਸੱਭਿਆਚਾਰ ਬਾਰੇ ਕੁਝ ਪਰਿਭਾਸ਼ਾਵਾਂ
(Some Definitions about Political Culture)

ਐਲਨ. ਆਰ. ਬਲ. (Allan R. Boll) ਦਾ ਵਿਚਾਰ ਹੈ ਕਿ "ਰਾਜਨੀਤਕ ਸੱਭਿਆਚਾਰ ਲੋਕਾਂ ਦੇ ਮਨੋਭਾਵਾਂ, ਕਦਰਾਂ-ਕੀਮਤਾਂ, ਵਿਸ਼ਵਾਸ ਅਤੇ ਸਮਾਜ ਦੀਆਂ ਅਜਿਹੀਆਂ ਭਾਵਨਾਵਾਂ ਦੇ ਉਸ ਸੰਗ੍ਰਹਿ ਤੋਂ ਬਣਦਾ ਹੈ ਜਿਸ ਦਾ ਸਬੰਧ ਰਾਜਨੀਤਕ ਪ੍ਰਨਾਲ਼ੀ ਅਤੇ ਰਾਜਨੀਤਕ ਸਵਾਲਾਂ ਨਾਲ ਹੁੰਦਾ ਹੈ।"

ਐਲਮੰਡ ਅਤੇ ਪੌਵੈਲ (Almond & Powell) ਅਨੁਸਾਰ "ਰਾਜਨੀਤਕ ਸੱਭਿਆਚਾਰ ਕਿਸੇ ਵੀ ਰਾਜਨੀਤਕ ਪ੍ਰਨਾਲ਼ੀ ਦੇ ਮੈਂਬਰਾਂ ਵਿਚ ਰਾਜਨੀਤੀ ਪ੍ਰਤੀ ਪਾਏ ਜਾਣ ਵਾਲੇ ਰੁਝਾਨਾਂ (Tendencies) ਤੇ ਜਜਬਾਤਾਂ (Emotions) ਦਾ ਸਰੂਪ ਹੈ। ਇਹ ਲੋਕਾਂ ਦਾ ਸਾਂਝਾ ਸੁਭਾਅ ਹੈ।"

ਰਾਜਨੀਤਕ ਸੱਭਿਆਚਾਰ ਦੇ ਅਰਥ ਅਤੇ ਪਰਿਭਾਸ਼ਾਵਾਂ ਤੋਂ ਅਸੀਂ ਸਮਝੇ ਹਾਂ ਕਿ ਇਹ ਰਾਜਨੀਤੀ-ਸ਼ਾਸਤਰ ਵਿਚ ਉਤਰੀ ਨਵੀਂ ਧਾਰਨਾ ਹੈ। ਇਹ ਲੋਕਾਂ ਦੇ ਵਿਸ਼ਵਾਸ, ਕਦਰਾਂ-ਕੀਮਤਾਂ, ਨਜ਼ਰੀਆਂ ਦਾ ਅਧਿਐਨ ਹੈ ਜੋ ਵੱਖ-ਵੱਖ ਰਾਜਨੀਤਕ ਸੰਸਥਾਵਾਂ ਪ੍ਰਤੀ ਵਿਅਕਤ ਕੀਤਾ ਜਾਂਦਾ ਹੈ ਇਹ ਵਰਤਾਰਾ ਲੋਕਾਂ ਦੇ ਸੁਭਾਵ ਵਿਚੋਂ ਪ੍ਰਗਟ ਹੁੰਦਾ ਹੈ ਜੋ ਰਾਜਨੀਤਕ ਸੰਸਥਾਵਾਂ ਅਤੇ ਲੋਕਾਂ ਦਰਮਿਆਨ ਸਬੰਧ ਦਰਸਾਉਂਦਾ ਹੈ। ਰਾਜਨੀਤਕ ਸੱਭਿਆਚਾਰ ਨੂੰ ਹੋਰ ਡੂੰਘਾਈ ਵਿੱਚ ਸਮਝਣ ਲਈ ਇਸਦੇ ਪੱਖਾਂ ਨੂੰ ਸਮਝਣਾ ਜਰੂਰੀ ਹੈ।

ਰਾਜਨੀਤਕ ਸੱਭਿਆਚਾਰ ਦੇ ਪਹਿਲੂ (Aspects of Political Culture) ਕਿਸੇ ਦੇਸ਼ ਦੇ ਰਾਜਨੀਤਕ ਸਭਿਆਚਾਰ ਨੂੰ ਸਮਝਣ ਲਈ ਉਸ ਦੇਸ਼ ਦੇ ਲੋਕਾਂ ਦੀ ਆਪਣੇ ਰਾਜਨੀਤਕ ਢਾਂਚੇ ਦੀ ਪ੍ਰਤੀ ਸਮਝ, ਨੇਜਡਕਾ ਕੇ ਮੁਲਾਂਕਣ ਕਰਨ ਦੀ ਸਮਰੱਥਾ ਦਾ ਅਧਿਐਨ ਕਰਨਾ ਜਰੂਰੀ ਹੈ।

ਰਾਜਨੀਤਕ ਸਭਿਆਚਾਰ ਦੇ ਪੱਖ/ਪਹਿਲੂ



ਰਾਜਨੀਤਕ ਸਭਿਆਚਾਰ ਦੇ ਪੱਖ

1. ਰਾਜਨੀਤਕ ਸੱਭਿਆਚਾਰ ਦਾ ਗਿਆਨਤਮਕ ਪਹਿਲੂ (Cognitive aspect of Political Culture) : ਲੋਕ ਆਪਣੇ ਦੇਸ਼ ਦੇ ਰਾਜਨੀਤਕ ਢਾਂਚੇ, ਰਾਜਨੀਤਕ ਪ੍ਰਕਿਰਿਆ, ਨੀਤੀਆਂ, ਸੰਸਥਾਵਾਂ ਅਤੇ ਮੁੱਦਿਆਂ ਆਦਿ ਸੰਬੰਧੀ ਕਿੰਨਾ ਗਿਆਨ ਹੈ ਇਹ ਰਾਜਨੀਤਕ ਜਾਣਕਾਰੀ ਅਤੇ ਗਿਆਨ ਵਿਅਕਤੀਆਂ ਨੂੰ ਆਪਣੇ ਰਾਜਨੀਤਕ ਢਾਚੇ ਦੇ ਕਾਰਜ ਕਰਨ ਦੇ ਢੰਗਾਂ ਪ੍ਰਤੀ ਜਾਗਰੂਕ ਕਰਦਾ ਹੈ ਕਿਉਂਕਿ ਰਾਜਨੀਤਕ ਢਾਂਚੇ ਦੀ ਸਮਝ ਹੋਣ ਤੇ ਹੀ ਲੋਕ ਇਸ ਵਿੱਚ ਭਾਗ ਲੈ ਸਕਦੇ ਹਨ ਅਤੇ ਅਪਣੇ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਮਾਣ ਸਕਣਗੇ ਤੇ ਕਰਤੱਵਾਂ ਦੀ ਪਾਲਣ ਕਰ ਸਕਣਗੇ ਜਿਸ ਨਾਲ ਲੋਕਾਂ ਅਤੇ ਰਾਜਨੀਤਕ ਢਾਂਚੇ ਦਾ ਵਿਕਾਸ ਹੋਵੇਗਾ। ਵਰਤਮਾਨ ਸਮੇਂ ਲੋਕਤੰਤਰੀ ਯੁੱਗ ਵਿੱਚ ਸ਼ਾਸਨ ਦੀ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਸਾਰੇ ਨਾਗਰਿਕ ਨੂੰ ਦੇਸ਼ ਦੇ ਸੰਵਿਧਾਨ, ਪਾਰਟੀ ਬਣਾਉਣ, ਵੋਟ ਪਾਉਣ ਆਦਿ ਦੀ ਸਮਝ ਹੋਣੀ ਜ਼ਰੂਰੀ ਹੈ ਤਾਂ ਹੀ ਲੋਕ ਇਸ ਵਿੱਚ ਭਾਗ ਲੈ ਸਕਣਗੇ। ਉਸੇ ਤਰ੍ਹਾਂ ਰੋਜ਼ - ਮਰ੍ਹਾ ਜ਼ਿੰਦਗੀ ਦੇ ਕੰਮ ਜਿਵੇਂ ਰਿਹਾਇਸ਼ੀ ਸਰਟੀਫ਼ਿਕੇਟ, ਆਮਦਨ ਸਰਟੀਫ਼ਿਕੇਟ, ਬੁਢਾਪਾ ਪੈਨਸ਼ਨ, ਸਰਕਾਰ ਤੋਂ ਗ੍ਰਾਂਟਾਂ ਦੀ ਮੰਗ ਜਾਂ ਸ਼ਿਕਾਇਤ ਆਦਿ ਦੇ ਨਿਪਟਾਰੇ ਲਈ ਬਣੇ ਵੱਖ-ਵੱਖ ਦਫ਼ਤਰਾਂ, ਅਹੁੱਦੇਦਾਰਾਂ ਅਤੇ ਸਬੰਧਤ ਨਿਯਮਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਦੁਨੀਆਂ ਦੇ ਵਿੱਚ ਵਸਦੇ ਲੋਕਾਂ ਨੂੰ ਅਪਣੇ ਰਾਜਨੀਤਕ ਢਾਂਚਿਆਂ ਸਬੰਧੀ

ਗਿਆਨ ਉਥੋਂ ਦੀਆਂ ਘਰੇਲੂ ਹਾਲਤਾਂ ਅਨੁਸਾਰ ਵੱਖੋ-ਵੱਖਰਾ ਹੋ ਸਕਦਾ ਹੈ। ਬਰਤਾਨੀਆਂ ਵਿੱਚ ਲੋਕ ਵੱਧ ਜਾਗਰੂਕ ਮੰਨੇ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਆਪਣੇ ਰਾਜਨੀਤਕ ਢਾਂਚੇ ਬਾਰੇ ਵੱਧ ਜਾਗਰੂਕ ਮੰਨਿਆ ਹੈ ਇਸਦੇ ਉਲਟ ਏਸ਼ੀਆ ਅਤੇ ਅਫ਼ਰੀਕਾ ਦੇ ਲੋਕਾਂ ਨੂੰ ਅਪਣੇ ਰਾਜਨੀਤਕ ਢਾਂਚੇ ਬਾਰੇ ਅਵੇਸਲੇ ਮੰਨਿਆ ਜਾਂਦਾ ਹੈ ਇਸ ਲਈ ਸਬੰਧਤ ਰਾਜਨੀਤਕ ਢਾਚਿਆਂ ਵਿੱਚ ਸੁਧਾਰ ਦੀ ਗੁਜਾਇਸ਼ ਬਣੀ ਰਹਿੰਦੀ ਹੈ।

2. ਰਾਜਨੀਤਕ ਢਾਂਚੇ ਦਾ ਜ਼ਜਬਾਤੀ ਪੱਖ (Emotional aspect of Political Culture) : ਲੋਕਾਂ ਦੀ ਉਹ ਭਾਵਨਾਵਾਂ ਜਿਨ੍ਹਾਂ ਰਾਹੀਂ ਲੋਕ ਆਪਣੇ ਰਾਜਨੀਤਕ ਢਾਂਚੇ, ਪ੍ਰਕਿਰਿਆ, ਨੀਤੀਆਂ ਆਦਿ ਵਿੱਚ ਰੁਚੀ ਲੈਂਦੇ ਹਨ ਜਾਂ ਇਹਨਾਂ ਸਰਗਰਮੀਆਂ ਤੋਂ ਦੂਰ ਰਹਿਣ ਦਾ ਫੈਸਲੇ ਲੈਂਦੇ ਹਨ। ਇਸਦਾ ਨਤੀਜਾ ਲੋਕ ਰਾਜਨੀਤੀ ਵਿੱਚ ਜਾਂ ਤਾਂ ਭਾਗੀਦਾਰ (Participate) ਬਣਦੇ ਹਨ ਜਾਂ ਰਾਜਨੀਤੀ ਵਿੱਚ ਆਪਣੀ ਭੂਮਿਕਾ ਨੂੰ ਸੀਮਤ ਕਰ ਲੈਂਦੇ ਹਨ। ਜਿਸ ਖਿੱਤੇ ਵਿੱਚ ਲੋਕਾਂ ਦੁਆਰਾ ਰਾਜਨੀਤਕ ਸੰਸਥਾਵਾਂ, ਪ੍ਰਥਾਵਾਂ ਨਾਲ ਜਜ਼ਬਾਤੀ ਸਾਂਝ ਜੁੜੀ ਹੁੰਦੀ ਹੈ ਉੱਥੇ ਲੋਕ ਸੰਸਥਾਵਾਂ ਦੁਆਰਾ ਲਏ ਫੈਸਲਿਆਂ ਦਾ ਪਾਲਣ ਤਨੋਂ-ਮਨੋਂ ਕਰਦੇ ਹਨ ਅਤੇ ਲੋਕਾਂ ਦੀ ਰਾਜਨੀਤਕ ਸੰਸਥਾਵਾਂ ਨਾਲ ਇਹ ਸਾਂਝ ਰਾਜਨੀਤਕ ਸੰਸਥਾਵਾਂ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ ਅਤੇ ਸਮੂਹ ਸ਼ਾਸਨ ਪ੍ਰਬੰਧ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਉਪਜਦੀ ਹੈ। ਬਰਤਾਨਵੀ ਆਪਣੀਆਂ ਪੁਰਾਤਨ ਸੰਸਥਾਵਾਂ ਨਾਲ ਭਾਵਨਾਤਮਕ ਸਾਂਝ ਰੱਖਦੇ ਹਨ। ਲੋਕਤੰਤਰ ਦੇ ਸਮੇਂ ਵਿੱਚ ਬਰਤਾਨੀਆਂ ਅਤੇ ਕੁਝ ਹੋਰ ਦੇਸ਼ਾਂ ਨੇ ਰਾਜਸ਼ਾਹੀ/ਤਾਜ ਦੀ ਸੰਸਥਾ ਨੂੰ ਕਾਇਮ ਰੱਖਿਆ ਹੈ ਕਿਉਂ ਜੋ ਰਾਜਨੀਤਕ ਸੰਸਥਾਵਾਂ ਦੀ ਲਗਾਤਾਰਤਾ ਲੋਕਾਂ ਮਨਾਂ ਵਿਚ ਆਪਣਾ ਸਥਾਨ ਰੱਖਦੀ ਹੈ। ਫ਼ਰਾਂਸ (France) ਦੇ ਲੋਕ ਆਪਣੀਆਂ ਰਾਜਨੀਤਕ ਸੰਸਥਾਵਾਂ ਨੂੰ ਮੁੜ-ਉਸਾਰੀ ਕਰਨ ਵਿਚ ਵਿਸ਼ਵਾਸ ਰੱਖਦੇ ਹਨ ਭਾਵ ਉਹ ਪੁਰਾਣੀਆਂ ਸੰਸਥਾਵਾਂ ਨੂੰ ਖ਼ਤਮ ਕਰਕੇ ਨਵੀਆਂ ਰਾਜਨੀਤਕ ਸੰਸਥਾਵਾਂ ਦੀ ਸਿਰਜਣਾ ਕਰਨ ਵਿਚ ਯਕੀਨ ਕਰਦੇ ਹਨ।

ਦੇਸ਼ ਵਿਚ ਵਸਦੇ ਲੋਕਾਂ ਦੀ ਭਾਵਨਾਤਮਕ ਸਾਂਝ ਵਿੱਚ ਵਖਰੇਵੇਂ ਹੁੰਦੇ ਹਨ। ਕਈ ਵਾਰ ਲੋਕ ਸਮੂਹ ਆਪਣੇ ਆਪ ਨੂੰ ਦੇਸ਼ ਤੋਂ ਦੂਰ ਸਮਝਣ ਲੱਗਦੇ ਹਨ। ਜਰਮਨੀ ਵਿਚ ਹਿਟਲਰ ਦੇ ਸਮੇਂ ਯਹੂਦੀਆਂ ਨਾਲ ਸਰੇਆਮ ਧੱਕਾ ਕੀਤਾ ਗਿਆ ਜੋ ਯਹੂਦੀਆਂ ਦੇ ਜਜ਼ਬਾਤੀ ਪੱਖ ਤੋਂ ਕਾਫ਼ੀ ਜ਼ਿਆਦਾ ਜਰਮਨੀ ਦੀਆਂ ਰਾਜਨੀਤਕ ਸੰਸਥਾਵਾਂ ਜਿਵੇਂ ਅਦਾਲਤਾਂ, ਫੌਜ, ਪੁਲਿਸ ਆਦਿ ਦੀ ਪੱਖਪਾਤੀ ਕਾਰਗੁਜ਼ਾਰੀ ਦੇਸ਼ ਵਿੱਚ ਬੇਗਾਨਗੀ ਦੀ ਭਾਵਨਾ ਪੈਦਾ ਕਰਦੀ ਰਹੀ ਹੈ। ਇਸ ਤੋਂ ਉਲਟ ਨਿਰਪੱਖ ਰਵੱਈਆ ਸਾਰੇ ਸਮੂਹਾਂ/ਗੁੱਟਾਂ ਵਿੱਚ ਏਕੇ ਦੀ ਭਾਵਨਾ ਪੈਦਾ ਕਰਦਾ ਹੈ।

3. ਰਾਜਨੀਤਕ ਸੱਭਿਆਚਾਰ ਦਾ ਮੁਲਾਂਕਣਕਾਰੀ/ਪਰਖ ਪਹਿਲੂ/ਪੱਖ (Political Culture & Evaluative Aspect) : ਰਾਜਨੀਤਕ ਢਾਂਚੇ ਬਾਰੇ ਲੋਕ ਗਿਆਨ ਅਤੇ ਜਜ਼ਬਾਤੀ ਸਾਂਝ ਜਾਂ ਬੇਗਾਨਗੀ ਦਾ ਅਹਿਸਾਸ ਰੱਖਣ ਦੇ ਨਾਲ-ਨਾਲ ਲੋਕ ਰਾਜਨੀਤਕ ਢਾਂਚੇ ਅਤੇ ਪ੍ਰਕਿਰਿਆਵਾਂ ਨੂੰ ਆਪਣੀ ਸਮਝ ਅਨੁਸਾਰ ਪਰਖਦੇ ਹਨ। ਵੱਖ-ਵੱਖ ਲੋਕ ਸਮੂਹ ਪਰਖ ਕਰਦੇ ਸਮੇਂ ਅਲੱਗ-ਅਲੱਗ ਸਿੱਟਿਆਂ 'ਤੇ ਵੀ ਪਹੁੰਚਦੇ ਹਨ। ਸਰਕਾਰੀ ਅਦਾਰਿਆਂ/ਸੰਸਥਾਵਾਂ ਵਿੱਚ ਆਪਣੇ ਕੰਮਕਾਜ ਸੰਬੰਧੀ ਆਮ ਤੌਰ 'ਤੇ ਨਾਗਰਿਕ ਦਾ ਵਾਹ ਵਾਸਤਾ ਵੱਖ-ਵੱਖ ਕਰਮਚਾਰੀਆਂ/ਅਹੁਦੇਦਾਰਾਂ ਨਾਲ ਪੈਂਦਾ ਹੈ। ਦਫ਼ਤਰਾਂ ਵਿੱਚ ਹੁੰਦੀ ਖ਼ੱਜਲ਼ ਖੁਆਰੀ ਤੋਂ ਤਜਰਬਾ ਲੈ ਕੇ ਨਾਗਰਿਕ ਸਬੰਧਤ ਸੰਸੰਥਾਵਾਂ ਦੇ ਕੰਮਕਾਜ ਦਾ ਮੁਲਾਂਕਣ ਕਰਦੇ ਹਨ। ਸਰਕਾਰ ਨਵੇਂ ਕਨੂੰਨਾਂ ਦਾ ਨਿਰਮਾਣ ਦੇਸ਼ ਦੇ ਪ੍ਰਬੰਧ ਨੂੰ ਚਲਾਉਣ ਲਈ ਕਰਦੀ ਹੈ। ਕਈ ਵਾਰ ਕਾਨੂੰਨ, ਸੰਵਿਧਾਨ ਦੀ ਮੂਲ ਭਾਵਨਾ ਜਾਂ ਮਾਨਵੀ ਕਦਰਾਂ-ਕੀਮਤਾਂ ਦੀ ਉਲੰਘਣਾ ਕਰਦਾ ਹੈ। ਹਰਮਨ-ਪਿਆਰੀ ਸਰਕਾਰ ਜਜ਼ਬਾਤੀ ਤੌਰ 'ਤੇ ਅਤੇ ਬਹੁਮਤ ਦੇ ਸਹਾਰੇ ਅਜਿਹੇ ਕਾਨੂੰਨਾਂ ਨੂੰ ਲਾਗੂ ਵੀ ਕਰ ਦਿੰਦੀ ਹੈ। ਨਾਗਰਿਕਾਂ ਦੀ ਮੁਲਾਂਕਣ ਕਰਨ ਦੀ ਯੋਗਤਾ/ਸਮਰੱਥਾ ਹੀ ਕਿਸੇ ਦੇਸ਼ ਦੀ ਰਾਜਨੀਤਕ ਪ੍ਰਨਾਲ਼ੀ ਦੀ ਸਥਿਤੀ ਦੀ ਅਸਲ ਤਸਵੀਰ ਪੇਸ਼ ਕਰਦੀ ਹੈ। ਗੈਰ-ਲੋਕਤੰਤਰਕ ਕਾਨੂੰਨਾਂ ਜਾਂ ਅਦੇਸ਼ਾਂ ਦਾ ਵਿਰੋਧ ਵੀ ਨਾਗਰਿਕਾਂ ਦੀ ਮੁਲਾਂਕਣ ਕਰਨ ਦੀ ਸਮਰੱਥਾ 'ਤੇ ਨਿਰਭਰ ਕਰਦਾ ਹੈ।

ਰਾਜਨੀਤਕ ਸੱਭਿਆਚਾਰ ਦੇ ਗਿਆਨਤਮਕ, ਜਜ਼ਬਾਤੀ ਅਤੇ ਮੁਲਾਂਣਕਾਰੀ ਪੱਖਾਂ ਬਾਰੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਅਸੀਂ ਰਾਜਨੀਤਕ ਸੱਭਿਆਚਾਰ ਨੂੰ ਕੁਝ ਹੱਦ ਤੱਕ ਸਮਝਣ ਵਿਚ ਕਾਮਯਾਬ ਹੋਏ ਹਾਂ। ਕਿਸੇ ਸਮਾਜ ਦੇ ਰਾਜਨੀਤਕ ਸੱਭਿਆਚਾਰ ਨੂੰ ਪਰਖਣ ਲਈ ਇਹਨਾਂ ਤਿੰਨਾਂ ਪੱਖਾਂ ਨੂੰ ਅਧਾਰ ਮੰਨਣਾ ਪੈਂਦਾ ਹੈ ਕਿਉਂਕਿ ਕਿਸੇ ਸਮਾਜ ਵਿਚਲਾ ਰਾਜਨੀਤਕ ਸੱਭਿਆਚਾਰ ਦੀ ਪਰਖ ਇਹਨਾਂ ਪੱਖਾਂ ਦੀ ਸਮਝ ਤੋਂ ਬਗੈਰ ਸੰਭਵ ਨਹੀਂ। ਰਾਜਨੀਤਕ ਢਾਂਚੇ ਬਾਰੇ ਗਿਆਨ ਦੀ ਘਾਟ, ਜਜ਼ਬਾਤੀ ਤੌਰ 'ਤੇ ਅੰਧਭਗਤੀ ਜਾਂ ਬੇਗਾਨਗੀ ਅਤੇ ਪਰਖਣ (ਮੁਲਾਂਕਣ) ਦੀ ਯੋਗਤਾ ਦੀ ਘਾਟ ਹੋਣ 'ਤੇ ਉਹ ਰਾਜਨੀਤਕ ਸੱਭਿਆਚਾਰ ਪਿਛਾਂਹ ਖਿੱਚੂ/ਪਛਾੜਿਆ ਹੋਇਆ ਮੰਨਿਆ ਜਾਂਦਾ ਹੈ। ਇਸਦੇ ਉਲਟ ਰਾਜਨੀਤਕ ਢਾਂਚੇ ਬਾਰੇ ਸੰਪੂਰਨ ਗਿਆਨ, ਜਜ਼ਬਾਤੀ ਸੰਤੁਲਨ ਅਤੇ ਮੁਲਾਂਕਣਕਾਰੀ ਯੋਗਤਾ ਅਗਾਂਹ-ਵਾਧੂ ਰਾਜਨੀਤਕ ਸੱਭਿਆਚਾਰ ਦਾ ਪ੍ਰਗਟਾਵਾ ਕਰਦੇ ਹਨ।

ਇਸਦੇ ਨਾਲ ਲੋਕ ਰਾਜਨੀਤੀ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਰਾਜਨੀਤਕ ਸੱਭਿਆਚਾਰ ਦੀਆਂ ਕਿਸਮਾਂ
(Types of Political Culture)

ਰਾਜਨੀਤਕ ਸੱਭਿਆਚਾਰ ਦੇ ਵੱਖ-ਵੱਖ ਪੱਖਾਂ ਦੇ ਅਧਾਰ ਅਤੇ ਰਾਜਨੀਤੀ ਵਿੱਚ ਲੋਕਾਂ ਦੀ ਭੂਮਿਕਾ ਜਾਂ ਹਿੱਸੇਦਾਰੀ ਦੇ ਅਧਾਰ 'ਤੇ ਆਲਮੰਡ ਤੇ ਪੌਵੇਲ ਨੇ ਇਸਨੂੰ ਤਿੰਨ ਪ੍ਰਮੁੱਖ ਕਿਸਮਾਂ ਵਿੱਚ ਵੰਡਿਆ ਹੈ।



ਆਲਮੰਡ ਤੇ ਪੌਵੇਲ ਅਨੁਸਾਰ ਰਾਜਨੀਤਕ ਸੱਭਿਆਚਾਰ ਦੀਆਂ ਕਿਸਮਾਂ

(i) ਸੰਕੀਰਨ ਜਾਂ ਸੀਮਤ ਰਾਜਨੀਤਕ ਸੱਭਿਆਚਾਰ (Parochial Political Culture) : ਸੰਕੀਰਨ ਜਾਂ ਸੀਮਤ ਰਾਜਨੀਤਕ ਸੱਭਿਆਚਾਰ ਸਧਾਰਨ, ਪਰੰਪਰਾਗਤ ਅਤੇ ਘੱਟ ਵਿਕਸਿਤ (ਅਵਿਕਸਤਿ) ਸਮਾਜਾਂ ਵਿਚ ਪਾਇਆ ਜਾਂਦਾ ਹੈ। ਅਜਿਹੇ ਸਮਾਜਾਂ ਵਿੱਚ ਸੱਤ੍ਹਾ ਉੱਤੇ ਕਾਬਜ਼ ਵਿਸ਼ੇਸ਼ ਵਰਗਾਂ (Elite Classes) ਦੇ ਲੋਕ ਗਿਣਤੀ ਵਿਚ ਭਾਵੇਂ ਥੋੜ੍ਹੇ ਹੀ ਹੁੰਦੇ ਹਨ ਪਰ ਰਾਜਨੀਤਕ ਪ੍ਰਨਾਲੀ ਦੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਕਰਤਿਆਂ (Actors) ਦੇ ਰੂਪ ਵਿਚ ਮੁੱਖ ਭੂਮਿਕਾਵਾਂ ਨਿਭਾਉਂਦੇ ਹਨ ਅਤੇ ਰਾਜਨੀਤਕ ਪ੍ਰਕਿਰਿਆ ਦੇ ਮੁੱਖ ਹਿੱਸੇਦਾਰ ਰਹਿੰਦੇ ਹਨ। ਸਮਾਜ ਦੀ ਬਹੁ ਗਿਣਤੀ ਨੂੰ ਰਾਜਨੀਤਕ ਪ੍ਰਨਾਲ਼ੀ, ਇਸਦੇ ਢਾਂਚਿਆਂ, ਸੰਸਥਾਵਾਂ ਅਤੇ ਰਾਜਨੀਤਕ ਫ਼ੈਸਲਿਆਂ ਤੇ ਨੀਤੀਆਂ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੁੰਦਾ ਅਤੇ ਨਾ ਹੀ ਅਜਿਹੀ ਕੋਈ ਉਨ੍ਹਾਂ ਵਿਚ ਰਾਜਨੀਤਕ ਦਿਲਚਸਪੀ ਹੁੰਦੀ ਹੈ। ਅਜਿਹੇ ਸਮਾਜਾਂ ਦੇ ਜ਼ਿਆਦਤਰ ਲੋਕ ਸਥਾਨਕ ਢੰਗਾਂ ਨਾਲ ਹੀ ਜੀਵਨ ਗੁਜ਼ਾਰਾ ਕਰਦੇ ਹਨ। ਦੁਨੀਆਂ ਭਰ ਦੇ ਜ਼ਿਆਦਾਤਰ ਕਬੀਲਿਆਂ ਅਤੇ ਜੰਗਲਾਂ ਪਹਾੜਾਂ ਵਿਚ ਰਹਿਣ ਵਾਲੇ ਲੋਕਾਂ ਵਿਚ ਇਹ ਝੁਕਾਅ ਦੇਖਣ ਨੂੰ ਮਿਲਦਾ ਹੈ ਤੇ ਉਹ ਆਧੁਨਿਕ ਰਾਜਨੀਤਕ ਜੀਵਨ ਮਾਡਲ ਤੋਂ ਦੂਰ ਰਹਿ ਕੇ ਹੀ ਖੁਸ਼ ਰਹਿੰਦੇ ਹਨ।

(ii) ਅਧੀਨ ਰਾਜਨੀਤਕ ਸੱਭਿਆਚਾਰ (Subject Political Culture) : ਅਧੀਨ ਰਾਜਨੀਤਕ ਸੱਭਿਆਚਾਰ ਵਿਕਾਸਸ਼ੀਲ ਦੇਸ਼ਾਂ, ਜਿਵੇਂ ਭਾਰਤ, ਪਾਕਿਸਤਾਨ, ਚੀਨ ਆਦਿ ਸਮਾਜਾਂ ਵਿਚ ਦੇਖਣ ਨੂੰ ਮਿਲਦਾ ਹੈ। ਅਜਿਹੇ ਸਮਾਜਾਂ ਦੀ ਅਵਾਮ (ਪਰਜਾ) ਰਾਜਨੀਤਕ ਪ੍ਰਕਿਰਿਆ ਵਿਚ ਜ਼ਿਆਦਾ ਰੁਚੀ ਨਹੀ ਦਿਖਾਉਂਦੇ ਪਰ ਉਹ ਰਾਜਨੀਤਕ ਪ੍ਰਕਿਰਿਆ ਵਿਚ ਲੈ ਜਾਂਦੇ ਫ਼ੈਸਲਿਆਂ ਅਤੇ ਨੀਤੀਆਂ ਦੇ ਅਸਰ ਨੂੰ ਸਮਝਦੇ ਹਨ। ਉਹ ਰਾਜਨੀਤੀ ਦੀ ਜ਼ਿਆਦਾ ਸਮਝ ਨਹੀਂ ਰੱਖਦੇ ਹਨ ਰਾਜਨੀਤਕ ਪ੍ਰਨਾਲ਼ੀ ਦੀ ਕਾਰਜਸ਼ੀਲਤਾ ਪ੍ਰਤੀ ਪ੍ਰਤੀਕਿਰਿਆ ਜਰੂਰ ਦਿੰਦੇ ਹਨ। ਇਸ ਲਈ ਅਜਿਹੇ ਸਮਾਜਾਂ ਦੀ ਪਰਜਾ ਜਾਂ ਤਾਂ ਸਬੰਧਤ ਰਾਜਨੀਤਕ ਪ੍ਰਨਾਲ਼ੀ ਪ੍ਰਤੀ ਬਹੁਤ ਜ਼ਿਆਦਾ ਲਗਾਓ ਰੱਖਦੇ ਹਨ ਜਾਂ ਉਸ ਪ੍ਰਨਾਲ਼ੀ ਵਿਰੁੱਧ ਵਿਦਰੋਹ ਦਾ ਰਾਹ ਅਖ਼ਤਿਆਰ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਭਾਰਤ ਵਿਚ ਜਦੋਂ ਅੰਗਰੇਜ਼ੀ ਹਕੂਮਤ ਦਾ ਰਾਜ ਸੀ ਤਾਂ ਉਹਨਾਂ ਦੀਆਂ ਨੀਤੀਆਂ ਅਤੇ ਫ਼ੈਸਲਿਆਂ ਦਾ ਹਿੰਦੁਸਤਾਨ ਦੀ ਜਨਤਾ ਦੁਆਰਾ ਵਿਰੋਧ ਕੀਤਾ ਗਿਆ। ਇਸਦੇ ਨਤੀਜੇ ਵਜੋਂ ਲੋਕਾਂ ਨੇ ਅੰਗਰੇਜ਼ੀ ਹਕੂਮਤ ਖਿਲਾਫ਼ ਰਾਜਨੀਤਕ ਅੰਦੋਲਨਾਂ ਵਿਚ ਭਾਰਤੀ ਰਾਜਨੀਤਕ ਲੀਡਰਾਂ ਦਾ ਵੱਧ-ਚੜ੍ਹ ਦੇ ਸਾਥ ਦਿੱਤਾ ਅਤੇ ਦੇਸ਼ ਨੂੰ ਆਜ਼ਾਦ ਕਰਵਾਇਆ। ਹਿੰਦੁਸਤਾਨ ਦੀ ਜਨਤਾ ਰਾਜਨੀਤਕ ਸੁਤੰਤਰਤਾ ਤਾਂ ਪ੍ਰਾਪਤ ਕਰਨਾ ਚਾਹੁੰਦੀ ਸੀ ਪਰ ਉਹ ਰਾਜਨੀਤਕ ਹਿੱਸੇਦਾਰਾਂ ਦੀ ਭੂਮਿਕਾ ਵਾਲੇ ਅਹੁਦਿਆਂ 'ਤੇ ਕਦੇ ਵੀ ਬੈਠੇ ਨਹੀਂ ਅਤੇ ਨਾ ਹੀ ਰਾਜਨੀਤਕ ਨੀਤੀਗਤ ਫ਼ੈਸਲਿਆਂ ਵਿਚ ਸ਼ਾਮਲ ਹੋਏ। ਭਾਰਤ ਦੇ ਲੋਕ ਸੱਤ੍ਹਾ ਦੇ ਤਬਾਦਲੇ ਤੋਂ ਬਾਅਦ ਸਿਰਫ਼ ਵੋਟ ਪਾਉਣ ਦੇ ਅਧਿਕਾਰ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਰਾਜਨੀਤਕ ਪ੍ਰੀਕਿਰਿਆ ਅਤੇ ਫ਼ੈਸਲਿਆਂ ਵਿੱਚ ਲੋਕਾਂ ਦੀ ਪ੍ਰਤੱਖ ਸਹਿਭਾਗਤਾ ਨਾਂ-ਮਾਤਰ ਹੀ ਹੈ। ਇਸੇ ਲਈ ਲੋਕਾਂ ਦੀਆਂ ਆਸਾਂ ਉਹਨਾਂ ਦੇ ਰਾਜਨੀਤਕ ਪ੍ਰਤੀਨਿਧਾਂ ਦੀ ਰਾਜਨੀਤਕ ਨੀਤ (Political will) ਦੇ ਆਸਰੇ ਹੀ ਰਹਿ ਗਈਆਂ ਹਨ।

(iii) ਹਿੱਸੇਦਾਰ ਜਾਂ ਸਾਂਝੀਦਾਰ ਰਾਜਨੀਤਕ ਸੱਭਿਆਚਾਰ (Participant Political Culture) : ਹਿੱਸੇਦਾਰ ਰਾਜਨੀਤੀ ਸੱਭਿਆਚਾਰ ਉਦਯੋਗਿਕ ਪੱਖ ਤੋਂ ਵਿਕਸਿਤ ਸਮਾਜਾਂ ਵਿਚ ਪਾਇਆ ਜਾਂਦਾ ਹੈ ਜਿਵੇਂ ਸੰਯੁਕਤ ਰਾਜ ਅਮੀਰਕਾ ਅਤੇ ਯੂ. ਕੇ. ਆਦਿ। ਇਹਨਾਂ ਦੇਸਾਂ ਵਿੱਚ ਬਹੁ-ਗਿਣਤੀ ਲੋਕ ਆਪਣੀ ਰਾਜਨੀਤਕ ਅਧਿਕਾਰਾਂ ਅਤੇ ਕਰੱਤਵਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ। ਰਾਜਨੀਤਕ ਪ੍ਰਕਿਰਿਆਵਾਂ ਅਤੇ ਰਾਜਨੀਤਕ ਢਾਂਚਿਆਂ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮਾਂ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਉਂਦੇ ਹਨ। ਰਾਜਨੀਤਕ ਫ਼ੈਸਲਿਆਂ 'ਤੇ ਆਪਣੀ ਰਾਏ ਰੱਖਦੇ ਹਨ ਅਤੇ ਸਰਕਾਰ ਦੀਆਂ ਨੀਤੀਆਂ ਦੀ ਆਚੋਲਨਾ ਵੀ ਕਰਦੇ ਹਨ। ਸੁਤੰਤਰ ਅਤੇ ਨਿਰਪੱਖ ਪ੍ਰੈਸ ਅਤੇ ਮੀਡੀਆ ਦੀ ਭੂਮਿਕਾ ਵੀ ਬਹੁਤ ਸਕਾਰਾਤਮਕ ਰਹਿੰਦੀ ਹੈ। ਸਰਕਾਰਾਂ ਲੋਕਾਂ ਅਤੇ ਵਿਦਵਾਨਾਂ ਦੀ ਰਾਏ ਅਤੇ ਵਿਚਾਰਾਂ ਦੀ ਪੂਰੀ ਕਦਰ ਕਰਦੀਆਂ ਹਨ। ਲਾਜ਼ਮੀ ਮੱਤਦਾਨ ਵਾਲੇ ਦੇਸ਼ (Compulsory Voting) ਆਸਟਰੇਲੀਆ, ਬੈਲਜੀਅਮ, ਬ੍ਰਿਟੇਨ, ਅਰਜਨਟੀਨਾ ਅਜਿਹੇ ਦੇਸ਼ ਹਨ ਜਿਥੇ ਨਾਗਰਿਕਾਂ ਲਈ ਮਤਦਾਨ ਕਰਨਾ ਲਾਜ਼ਮੀ ਹੈ, ਜੇਕਰ ਕੋਈ ਨਾਗਰਿਕ ਮਤਦਾਨ ਨਹੀ ਕਰਦਾ ਹੈ ਤਾਂ ਉਸਨੂੰ ਕੋਈ ਜੁਰਮਨਾ ਜਾਂ ਸਜ਼ਾ ਦਿੱਤੀ ਜਾ ਸਕਦੀ ਹੈ।

ਰਾਜਨੀਤਕ ਸੱਭਿਆਚਾਰ, ਰਾਜਨੀਤਕ ਪ੍ਰਨਾਲ਼ੀ ਅਤੇ ਸਮੁਦਾਇ ਦੇ ਇਤਿਹਾਸ, ਰੀਤੀ-ਰਿਵਾਜਾਂ, ਪਰੰਪਰਾਵਾਂ ਅਤੇ ਮੁੱਲਾਂ ਨੂੰ ਸੰਭਾਲ ਕੇ ਰੱਖਦਾ ਹੈ। ਇਸ ਨਾਲ ਸਮਾਜ ਦੇ ਵੱਖ-ਵੱਖ ਸਮੁਦਾਇਆਂ ਅਤੇ ਵਰਗਾਂ ਵਿਚ ਭਾਈਚਾਰਕ ਸਾਂਝ ਅਤੇ ਏਕਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ।

ਰਾਜਨੀਤਕ ਸੱਭਿਆਚਾਰ ਅਗਲੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਰਾਜਨੀਤਕ ਸੂਝ ਪ੍ਰਦਾਨ ਕਰਦਾ ਹੈ। ਇਸ ਨਾਲ ਰਾਜਨੀਤਕ ਪ੍ਰਨਾਲ਼ੀ ਪ੍ਰਤੀ ਭਰੋਸੇ ਅਤੇ ਲਗਾਓ ਦੇ ਮਨੋਭਾਵ ਪੈਦਾ ਕੀਤੇ ਜਾ ਸਕਦੇ ਹਨ। ਦੇਸ਼ ਅੰਦਰ ਲੋਕਤੰਤਰੀ ਮੁੱਲਾਂ ਨੂੰ ਸਥਾਪਤ ਕਰਨ ਅਤੇ ਕਾਇਮ ਰੱਖਣ ਵਿਚ ਰਾਜਨੀਤਕ ਸੱਭਿਆਚਾਰ ਦੀ ਅਹਿਮ ਭੂਮਿਕਾ ਰਹਿੰਦੀ ਹੈ।

ਹਰੇਕ ਦੇਸ਼ ਦਾ ਇੱਕ ਅਜਿਹਾ ਮਾਹੌਲ ਹੁੰਦਾ ਹੈ ਜੋ ਰਾਜਨੀਤਕ ਕਿਰਿਆਵਾਂ, ਰਾਜਨੀਤਕ ਘਟਨਾਵਾਂ ਨੂੰ ਇਕ ਮੋੜ ਦਿੰਦਾ ਹੈ। ਇਹ ਮਾਹੌਲ ਦੀ ਰਾਜਨੀਤਕ ਸੱਭਿਆਚਾਰ ਦਾ ਰੂਪ ਬਣਦਾ ਹੈ। ਰਾਜਨੀਤਕ ਸੱਭਿਆਚਾਰ ਪੂਰੀ ਰਾਜਨੀਤਕ ਪ੍ਰਨਾਲ਼ੀ ਵਿਚ ਭੂਮਿਕਾਵਾ ਨਿਭਾਉਣ ਵਾਲਿਆਂ ਅਤੇ ਆਮ ਲੋਕਾਂ ਦੀ ਜੀਵਨ ਜਿਉਣ ਜਾਂ ਜੀਵਨ ਸ਼ੈਲੀ ਦਾ ਸਲੀਕਾ ਹੈ। ਹਰ ਰਾਜਨੀਤਕ ਪ੍ਰਨਾਲ਼ੀ ਦਾ ਰਾਜਨੀਤਕ ਸੱਭਿਆਚਾਰ ਵਿੱਲਖਣ ਹੁੰਦਾ ਹੈ ਪਰ ਇਹ ਦੂਸਰੀਆਂ ਰਾਜਨੀਤਕ ਪ੍ਰਨਾਲ਼ੀਆਂ ਦੇ ਰਾਜਨੀਤਕ ਸੱਭਿਆਚਾਰਾਂ ਨੂੰ ਪਰਸਪਰ ਪ੍ਰਭਾਵਿਤ ਕਰਦਾ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ :—

ੳ. ਸੱਭਿਆਚਾਰ ਸ਼ਬਦ ਲਾਤੀਨੀ ਭਾਸ਼ਾ ਦੇ ਕਿਸ ਸ਼ਬਦ ਤੋਂ ਬਣਿਆ ਹੈ ?

(i) ਕਲਟਸ (ii) ਦਬਾਅ

(iii) ਸਮਾਜ (iv) ਲਿਬਰ

ਅ. ਰੇਲ ਹਾਦਸੇ ਤੋਂ ਬਾਅਦ ਅਸਤੀਫ਼ਾ ਦੇਣ ਦੀ ਕਾਰਵਾਈ ਕਰਦਿਆਂ ਲਾਲ ਬਹਾਦਰ ਸ਼ਾਸਤਰੀ ਜੀ ਨੇ ਕਿਸ ਸੱਭਿਆਚਾਰ ਦੀ ਨੀਂਹ ਰੱਖੀ ?

(i) ਲਾਪਰਵਾਹ (ii) ਗੈਰ ਜ਼ਿੰਮੇਵਾਰ

(iii) ਜ਼ਿੰਮੇਵਾਰ ਅਤੇ ਜਵਾਬ ਦੇਹ (iv) ਅਣਦੇਖਿਆ ਕਰਨਾ

ਇ. ਰਾਜਨੀਤਕ ਸੱਭਿਆਚਾਰ ਦੀਆਂ ਕਿਸਮਾਂ ਵਿੱਚ ਹੇਠ ਲਿਖਿਆਂ ਵਿੱਚੋਂ ਕੀ ਸ਼ਾਮਲ ਨਹੀਂ ਹੈ ?

(i) ਸੰਕੀਰਨ ਜਾਂ ਸੀਮਤ (ii) ਅਧੀਨ ਰਾਜਨੀਤਕ

(iii) ਹਿੱਸੇਦਾਰ ਜਾਂ ਸਾਂਝੀਦਾਰ (iv) ਦਲ ਬਦਲੀ

ਸ. 'ਅਧੀਨ ਸੱਭਿਆਚਾਰ' ਸੰਬੰਧੀ ਕਿਸੇ ਇੱਕ ਦੇਸ਼ ਦਾ ਨਾਮ ਲਿਖੋ।

ਹ. 'ਹਿੱਸੇਦਾਰ ਰਾਜਨੀਤਕ ਸੱਭਿਆਚਾਰ' ਦੀ ਉਦਾਹਰਣ ਇੱਕ ਦੇਸ਼ ਦਾ ਨਾਮ ਲਿਖੋ।

ਕ. 'ਸਿਵਕ ਕਲਚਰ' ਕਿਤਾਬ ਦਾ ਲੇਖਕ ਕੌਣ ਹੈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ :—

1. ਰਾਜਨੀਤਕ ਸੱਭਿਆਚਾਰ ਤੋਂ ਕੀ ਭਾਵ ਹੈ ?
2. ਰਾਜਨੀਤਕ ਸੱਭਿਆਚਾਰ ਦੇ ਜ਼ਜਪਾਤੀ ਪੱਖ ਬਾਰੇ ਲਿਖੋ।
3. ਰਾਜਨੀਤਕ ਸੱਭਿਆਚਾਰ ਵਿੱਚ ਮੁਲਾਕਣਕਾਰੀ ਪੱਖ ਦੀ ਭੂਮਿਕਾ ਨਿਭਾਉਂਦਾ ਹੈ ?
4. ਅਧੀਨ ਸੱਭਿਆਚਾਰ ਕਿਹੜਾ ਹੁੰਦਾ ਹੈ ?
5. ਭਾਰਤ ਵਿੱਚ ਜ਼ਿੰਮੇਵਾਰੀ ਸੱਭਿਆਚਾਰ ਨਾਲ ਸੰਬੰਧਤ ਘਟਨਾਂ ਦਾ ਜ਼ਿਕਰ ਕਰੋ।

III. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ :—

1. ਰਾਜਨੀਤਕ ਸੱਭਿਆਚਾਰ ਤੋਂ ਕੀ ਭਾਵ ਹੈ ? ਇਸਦੇ ਵੱਖ-ਵੱਖ ਪਹਿਲੂਆਂ ਦਾ ਵਰਨਣ ਕਰੋ।
2. ਰਾਜਨੀਤਕ ਸੱਭਿਆਚਾਰ ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ।

4

ਰਾਜਨੀਤਕ ਪ੍ਰਨਾਲ਼ੀ ; ਅਰਥ ਅਤੇ ਕਾਰਜ

[Political System ; Meaning and Functions]

ਰਾਜਨੀਤਕ ਪ੍ਰਨਾਲ਼ੀ ਸ਼ਬਦ/ਧਾਰਨਾ ਆਧੁਨਿਕ ਰਾਜਨੀਤੀ ਵਿਗਿਆਨ ਦਾ ਪ੍ਰਮੁੱਖ ਅਧਾਰ ਹੈ। ਰਾਜਨੀਤੀ ਵਿਗਿਆਨ ਵਿਚ ਅਧਿਐਨ ਦੇ ਖੇਤਰ ਨੇ ਜੀਵ ਵਿਗਿਆਨ (BIiology) ਦਾ ਸਹਾਰਾ ਲੈ ਕੇ ਰਾਜਨੀਤਕ ਪ੍ਰਕਿਆਵਾਂ, ਰਾਜਨੀਤਕ ਢਾਂਚਿਆਂ, ਰਾਜਨੀਤਕ ਘਟਨਾਵਾਂ ਅਤੇ ਹੋਰ ਗੈਰ-ਰਾਜਨੀਤਕ ਤੱਤਾਂ/ਪ੍ਰਭਾਵਾਂ ਦੇ ਆਪਸੀ ਮੇਲ ਅਤੇ ਅਟੁੱਟ ਸਬੰਧਾਂ ਨੂੰ ਸਮਝਣ ਦਾ ਨਵਾਂ ਤਰੀਕਾ/ਢੰਗ ਦਿੱਤਾ। ਜਿਸਨੂੰ ਪ੍ਰਨਾਲ਼ੀ ਦ੍ਰਿਸ਼ਟੀਕੋਣ (System approach) ਵੀ ਕਿਹਾ ਜਾਂਦਾ ਹੈ।

ਰਾਜਨੀਤਕ ਪ੍ਰਨਾਲ਼ੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ, (i) ਰਾਜਨੀਤਕ ਅਤੇ (ii) ਪ੍ਰਨਾਲ਼ੀ (System)। ਪ੍ਰਨਾਲ਼ੀ ਵੱਖ-ਵੱਖ ਤੱਤਾਂ/ਅੰਗਾਂ (Elements) ਦੇ ਆਪਸ ਵਿੱਚ ਮਿਲ ਕੇ ਅਤੇ ਜੁੜ ਕੇ ਕਿਸੇ ਮਸ਼ੀਨ ਵਾਂਗ ਪੂਰੀ ਬਣਤਰ (Whole Structure) ਕਾਇਮ ਕਰਦੀ ਹੈ। ਪ੍ਰਨਾਲ਼ੀ ਤੱਤਾਂ ਦੇ ਸੁਮੇਲ ਦਾ ਅਖੀਰਲਾ ਰੂਪ ਹੁੰਦਾ ਹੈ। ਪ੍ਰਨਾਲ਼ੀ ਦੇ ਤੱਤ ਆਪਸ ਵਿੱਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਜੁੜੇ ਹੁੰਦੇ ਹਨ ਅਤੇ ਹਰੇਕ ਤੱਤ ਦਾ ਦੂਸਰੇ ਤੱਤਾਂ ਦੇ ਕਾਰਜ ਕਰਨ ਦੇ ਢੰਗ ਉਪਰ ਅਸਰ ਜ਼ਰੂਰ ਪੈਂਦਾ ਹੈ ਜਿਸਦਾ ਅਸਰ ਅੰਤ ਵਿਚ ਪੂਰੀ ਪ੍ਰਨਾਲ਼ੀ ਦੀ ਬਣਤਰ ਅਤੇ ਕਾਰਜਸ਼ੀਲਤਾ 'ਤੇ ਪੈਦਾ ਹੈ।

ਪ੍ਰਨਾਲ਼ੀ ਸ਼ਬਦ ਨੂੰ ਸਮਝਣ ਲਈ ਮਨੁੱਖੀ ਸਰੀਰ ਦੀ ਬਣਤਰ, ਸਰੀਰ ਦੇ ਵੱਖ-ਵੱਖ ਅੰਗਾਂ ਦੀ ਕਾਰਜਸ਼ੀਲਤਾ ਅਤੇ ਇੱਕ ਅੰਗ ਦੀ ਦੂਸਰੇ ਅੰਗਾਂ ਉਪਰ ਅੰਤਰ ਨਿਰਭਰਤਾ ਅਤੇ ਅੰਤਰ ਕਿਰਿਆਵਾਂ ਰਾਹੀਂ ਵੀ ਸਮਝਿਆ ਜਾ ਸਕਦਾ ਹੈ।

ਮਨੁੱਖ ਦਾ ਸਰੀਰ ਵੱਖ-ਵੱਖ ਅੰਗਾਂ (Organs) ਅਤੇ ਤੱਤਾਂ ਦੀ ਬਣਤਰ ਦਾ ਰੂਪ ਹੈ। ਸਰੀਰ ਦੇ ਹਰੇਕ ਅੰਗ ਦੀ ਆਪਣੇ ਆਪ ਵਿੱਚ ਅਤੇ ਸਰੀਰ ਦੇ ਦੂਸਰੇ ਅੰਗਾਂ ਦੀ ਕਾਰਜਸ਼ੀਲਤਾ ਲਈ ਬਹੁਤ ਮਹੱਤਤਾ ਤੇ ਨਿਭਰਤਾ ਹੁੰਦੀ ਹੈ ਜੋ ਅੰਗਾਂ ਦੀ ਸਹੀ ਕਾਰਜਸ਼ੀਲਤਾ ਉਪਰ ਅਸਰ ਪਾਉਂਦੀ ਹੈ। ਜਿਵੇਂ ਮਨੁੱਖ ਦਾ ਦਿਲ (Heart) ਕੇਵਲ ਧੜਕਣ (Heart Beat) ਦਾ ਹੀ ਕੰਮ ਨਹੀਂ ਕਰਦਾ ਸਗੋਂ ਸਰੀਰ ਦੇ ਦੂਸਰੇ ਅੰਗਾਂ ਅਤੇ ਭਾਗਾਂ ਵਿੱਚ ਖ਼ੂਨ ਅਤੇ ਆਕਸੀਜਨ ਨੂੰ ਭੇਜਦਾ ਹੈ। ਸਰੀਰ ਦੇ ਅੰਦਰਲੇ ਗੰਦੇ ਲਹੂ ਨੂੰ ਸਾਫ਼ ਕਰਨ ਦਾ ਕਾਰਜ ਕਰਦਾ ਹੈ। ਜੇਕਰ ਮਨੁੱਖੀ ਦਿਲ ਸਹੀ ਕੰਮ ਨਹੀਂ ਕਰਦਾ ਤਾਂ ਸਰੀਰ ਦੇ ਦੂਸਰੇ ਭਾਗਾਂ 'ਤੇ ਮਾੜਾ ਅਸਰ ਹੁੰਦਾ ਹੈ, ਚੁਸਤੀ ਘੱਟ ਜਾਵੇਗੀ ਅਤੇ ਦਿਮਾਗ ਦੀ ਸੋਚਣ ਪ੍ਰਕੀਰਿਆ/ਸੋਚਣ ਸ਼ਕਤੀ ਵਿਚ ਘਾਟ ਆਉਣ ਦੀ ਸੰਭਾਵਨਾ ਬਣ ਜਾਵੇਗੀ।

ਮਨੁੱਖੀ ਅੰਗ ਪ੍ਰਨਾਲ਼ੀ



ਰਾਜਨੀਤਕ ਪ੍ਰਨਾਲ਼ੀਆਂ ਨੂੰ ਸੇਧ ਦੇਣ ਵਾਲੀਆਂ ਮਨੁੱਖੀ ਸਰੀਰ ਦੀਆਂ ਪ੍ਰਨਾਲ਼ੀਆਂ

ਇਵੇਂ ਪ੍ਰਨਾਲ਼ੀ ਸਮਾਨ ਰੂਪ ਨਾਲ ਮਨੁੱਖੀ ਸਰੀਰ ਵਾਂਗ ਹੁੰਦੀ ਹੈ ਜੋ ਵੱਖ-ਵੱਖ ਅੰਗਾਂ (Elements) ਤੋਂ ਮਿਲ ਕੇ ਬਣਦੀ ਹੈ। ਹਰੇਕ ਅੰਗ/ਭਾਗ ਦਾ ਆਪਣਾ ਕੰਮ ਹੁੰਦਾ ਹੈ। ਇੱਕ ਭਾਗ ਦੇ ਕੀਤੇ, ਕਾਰਜਾਂ ਦੇ ਸਿੱਟਿਆਂ ਦਾ ਪ੍ਰਭਾਵ ਦੂਸਰੇ ਭਾਗ ਦੇ ਕਾਰਜਾਂ ਉਪਰ ਜ਼ਰੂਰ ਪੈਂਦਾ ਹੈ। ਪ੍ਰਨਾਲ਼ੀ ਵਿੱਚ ਨਿਰੰਤਰ ਅੰਤਰ ਕਿਰਿਆਵਾਂ ਅਤੇ ਗਤੀਵਿਧੀਆਂ ਚਲਦੀਆਂ ਰਹਿੰਦੀਆਂ ਹਨ। **'ਰਾਜਨੀਤਕ'** (Political) ਸ਼ਬਦ ਤੋਂ ਭਾਵ ਅਜਿਹੇ ਸੰਗਠਨ ਤੋਂ ਹੁੰਦਾ ਹੈ ਜਿਸ ਕੋਲ ਸਮਾਜ ਦੇ ਹਿੱਤਾਂ ਲਈ ਜਾਂ ਸਮਾਜ ਵਿੱਚ ਮੌਜੂਦ ਸਮੁਦਾਈਆਂ ਲਈ ਜਨਤਕ ਫ਼ੈਸਲੇ (Public Decisions) ਲੈਣ ਤਾ ਇਖ਼ਤਿਆਰ (Authority) ਹੁੰਦਾ ਹੈ। ਇਹ ਰਾਜਨੀਤਕ ਸੰਗਠਨ ਸਮਾਜ ਵਿੱਚ ਕਨੂੰਨ ਵਿਵਸਥਾ ਬਣਾਈ ਰੱਖਣ, ਆਰਥਿਕ ਕਿਰਿਆਵਾਂ ਨੂੰ ਨਿਯਮਤ ਤੇ ਕੰਟਰੋਲ ਵਿੱਚ ਰੱਖਣ, ਲੋਕਾਂ ਦੀ ਸੁਰੱਖਿਆ ਦਾ ਧਿਆਨ ਰੱਖਣ ਅਤੇ ਰਾਜਾਂ ਲਈ ਜਾਂ ਮੁਲਕ ਵਿਚ ਰਾਜਨੀਤਕ, ਆਰਥਿਕ ਅਤੇ ਸਮਾਜਿਕ ਨਿਆਂ, ਸਮਾਨਤਾ ਤੇ ਸੁਤੰਤਰਤਾ ਸਥਾਪਤ ਕਰਨ ਦਾ ਜ਼ਿੰਮੇਵਾਰ ਹੁੰਦਾ ਹੈ। ਇਹ ਰਾਜਨੀਤਕ ਸੰਗਠਨ ਹੋਰ ਸਮਾਜਿਕ ਤੇ ਆਰਥਿਕ ਅਦਾਰਿਆਂ, ਸੰਗਠਨਾਂ ਤੇ ਨਿੱਜੀ ਸੰਸਥਾਵਾਂ ਤੋਂ ਵਿੱਲਖਣ ਅਤੇ ਸਰਵ ਉੱਤਮ ਹੁੰਦਾ ਹੈ ਕਿਉਂਕਿ ਰਾਜਨੀਤਕ ਸੰਗਠਨ ਦੇ ਫ਼ੈਸਲੇ ਇਹਨਾਂ ਸਾਰਿਆਂ ਉੱਤੇ ਲਾਜ਼ਮੀ ਤੌਰ 'ਤੇ ਲਾਗੂ ਹੁੰਦੇ ਹਨ ਅਤੇ ਬੰਧਨਕਾਰੀ ਜਾਂ ਜਬਰੀਂ ਵੀ ਹੁੰਦੇ ਹਨ।

ਇਸ ਤਰ੍ਹਾਂ ਰਾਜਨੀਤਕ ਅਤੇ ਪ੍ਰਨਾਲੀ ਸ਼ਬਦਾਂ ਦੇ ਸੁਮੇਲ ਦਾ ਭਾਵ ਕਿ ਰਾਜਨੀਤਕ ਪ੍ਰਨਾਲ਼ੀ ਅਜਿਹੀ ਪ੍ਰਨਾਲ਼ੀ ਹੈ ਜਿਸ ਵਿੱਚ ਲੋਕਾਂ, ਸਰਕਾਰਾਂ, ਸਮਾਜਿਕ ਸੰਸਥਾਵਾਂ, ਆਰਥਿਕ ਸੰਗਠਨਾਂ ਅਤੇ ਹੋਰ ਸਿਆਸੀ ਸੰਸਥਾਵਾਂ ਦੀਆਂ ਆਪਸ ਵਿੱਚ ਚਲਦੀਆਂ ਗਤੀਵਿਧੀਆਂ ਦੇ ਤਾਣੇ-ਬਾਣੇ ਦਾ ਨੈਟਵਰਕ (ਜਾਲ) ਸ਼ਾਮਲ ਹੁੰਦਾ ਹੈ। ਇਸ ਸਾਰੇ ਨੈਟਵਰਕ ਨੂੰ ਪ੍ਰਨਾਲ਼ੀ ਦੇ ਢਾਂਚਿਆਂ ਅਤੇ ਉਪ ਢਾਂਚਿਆਂ ਦਾ ਨਾਂ ਦਿੱਤੇ ਜਾ ਸਕਦੇ ਹਨ ਤੇ ਹਰ ਇੱਕ ਢਾਂਚਾ (Element) ਅਤੇ ਉਸਦੀਆਂ ਨਿਭਾਈਆਂ ਗਤੀਵਿਧੀਆਂ ਦਾ ਪ੍ਰਤੱਖ ਅਤੇ ਅਪ੍ਰਤੱਖ ਰੂਪ ਨਾਲ ਰਾਜਨੀਤਕ ਮੱਹਤਵ ਹੁੰਦਾ ਹੈ। ਇਸ ਤੋਂ ਇਲਾਵਾ ਰਾਜਨੀਤਕ ਪ੍ਰਨਾਲ਼ੀ ਅਤੇ ਇਸਦੇ ਅੰਗ (Structures) ਅਤੇ ਢਾਂਚੇ ਰਾਜਨੀਤਕ ਵਾਤਾਵਰਨ ਮਨੁੱਖੀ ਸਬੰਧਾਂ ਦੁਆਰਾ ਪੈਦਾ ਕੀਤੇ ਸਿਆਸੀ ਮਾਹੌਲ ਵਿੱਚ ਕਾਰਜ ਕਰਦੇ ਹਨ ਜਿਹੜਾ ਇੱਕ ਰਾਜਨੀਤਕ ਪ੍ਰਨਾਲ਼ੀ ਦੀ ਬਣਤਰ, ਕਾਰਜਸ਼ੀਲਤਾ (Functioning) ਅਤੇ ਵਿਸ਼ੇਸ਼ ਹਿੱਤਾਂ ਨੂੰ ਨਿਸਚਤ ਤੇ ਨਿਰਧਾਰਤ (Determine) ਕਰਦਾ ਹੈ।

ਰਾਜਨੀਤਕ ਪ੍ਰਨਾਲ਼ੀ ਨੂੰ ਦੋ ਤਰ੍ਹਾਂ ਦਾ ਵਾਤਾਵਰਨ ਪ੍ਰਭਾਵਿਤ ਕਰਦਾ ਹੈ; (i) ਅੰਦਰੂਨੀ ਵਾਤਾਵਰਨ ਅਤੇ (ii) ਬਾਹਰੀ ਵਾਤਾਵਰਨ।

(i) ਰਾਜਨੀਤਕ ਪ੍ਰਨਾਲ਼ੀ ਦੇ ਅੰਦਰੂਨੀ ਵਾਤਾਵਰਨ ਤੋਂ ਭਾਵ ਦੇਸ਼ ਦੇ ਅੰਦਰ ਚੱਲ ਰਹੀਆਂ ਸਮਾਜਿਕ, ਆਰਥਿਕ ਤੇ ਰਾਜਨੀਤਕ ਕਿਰਿਆਵਾਂ ਦੇ ਵਰਤਮਾਨ ਹਾਲਾਤ ਤੋਂ ਹੈ। ਸਮਾਜਿਕ ਹਲਾਤਾਂ ਤੋਂ ਇਲਾਵਾ ਸਮਾਜਿਕ ਸਮੂਹਾਂ (ਧਾਰਮਿਕ, ਸਮਾਜਿਕ, ਭਾਸ਼ਾਈ ਤੇ ਨਸਲੀ, ਜਾਤੀ ਸਮੂਹਾਂ) ਵਿੱਚ ਆਪਸੀ ਏਕਤਾ, ਮਿਲਵਰਤਨ ਤੇ ਭਾਈਚਾਰਾ, ਘੱਟ ਗਿਣਤੀਆਂ ਦੀ ਸੁਰੱਖਿਆ, ਕਮਜ਼ੋਰ ਵਰਗਾਂ (ਅਨੁਸੂਚਿਤ ਜਾਂਤੀਆਂ, ਅਨੁਸੂਚਿਤ ਕਬੀਲਿੱਆਂ, ਬੱਚਿਆਂ, ਔਰਤਾਂ) ਦੇ ਹੱਕਾਂ ਦੀ ਰਾਖੀ, ਧਾਰਮਿਕ ਸਮੂਹਾਂ ਵਿਚ ਆਪਸੀ ਨੇੜਤਾ ਤੇ ਸਹਿਣਸ਼ੀਲਤਾ ਅਤੇ ਲੋਕਾਂ ਵਿਚ ਸਿੱਖਿਆ ਦੇ ਪੱਧਰ ਆਦਿ ਆਪਸੀ ਕਿਰਿਆਵਾਂ ਅੰਦਰੂਨੀ ਰਾਜਨੀਤਕ ਵਾਤਾਵਰਨ ਸਿਰਜਦੇ ਹਨ। ਆਰਥਿਕ ਤੌਰ ਤੇ ਪ੍ਰਤੀ ਵਿਅਕਤੀ ਆਮਦਨ, ਦੇਸ਼ ਵਿਚ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਭ੍ਰਿਸ਼ਟਾਚਾਰ ਦੀ ਦਰ, ਦੇਸ਼ ਦੀ ਅਰਥ ਵਿਵਸਥਾ ਦੀ ਪੂੰਜੀਵਾਦੀ, ਸਮਾਜਵਾਦੀ ਤੇ ਸਿਮਰਤ ਜਾਂ ਕੋਈ ਹੋਰ ਵਿਚਾਰਧਾਰਾ ਆਦਿ ਵੀ ਦੇਸ਼ ਦੇ ਅੰਦਰੂਨੀ ਵਾਤਾਵਰਨ ਨੇ ਸਿਰਜਕ ਬਣਦੇ ਹਨ। ਰਾਜਨੀਤਕ ਤੌਰ 'ਤੇ ਦੇਸ਼ ਦੇ ਵਾਸੀ ਆਪਣੇ ਦੇਸ਼ ਦੀ ਰਾਜਨੀਤਕ ਪ੍ਰਨਾਲ਼ੀ ਵਿਚ ਕਿਵੇਂ ਦਾ ਵਿਸ਼ਵਾਸ ਰੱਖਦੇ ਹਨ ਤੇ ਲੋਕਾਂ ਨੂੰ ਪ੍ਰਾਪਤ ਹੱਕ, ਆਪਣੀਆਂ ਮੰਗਾਂ ਸਰਕਾਰ ਅੱਗੇ ਰੱਖਣ ਦੀ ਖੁੱਲ੍ਹ, ਲੋਕਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਪ੍ਰਤੀ ਸਰਕਾਰ ਦਾ ਰੁਖ ਆਦਿ ਵੀ ਰਾਜਨੀਤਕ ਪ੍ਰਨਾਲੀ ਦੇ ਅੰਦਰੂਨੀ ਵਾਤਾਵਰਨ ਨੂੰ ਤਿਆਰ ਕਰਦੇ ਹਨ। ਉਪਰੋਕਤ ਤੱਤਾਂ ਸੰਬੰਧੀ ਸਪੱਸ਼ਟਤਾ ਸੂਚਨਾ ਤੇ ਜਾਣਕਾਰੀ ਦੇ ਸਾਧਨਾਂ (ਅਖਬਾਰਾਂ, ਟੀ. ਵੀ. ਨਿਊਜ਼ ਚੈਨਲਾਂ ਭਾਵ ਮੀਡੀਆਂ) ਪ੍ਰੈਸ ਰਾਹੀਂ ਮਿਲਦੀ ਹੈ ਜਿਸਦੀ ਸੁਤੰਤਰਤਾ, ਨਿਰਪੱਖਤਾ ਤੇ ਈਮਾਨਦਾਰੀ ਵੀ ਅੰਦਰੂਨੀ ਵਾਤਾਵਰਨ ਦੀ ਸਿਰਜਣਾ ਲਈ ਵਿਸ਼ੇਸ਼ ਤੱਤ ਬਣ ਜਾਂਦੇ ਹਨ।

(ii) ਰਾਜਨੀਤਕ ਪ੍ਰਨਾਲ਼ੀ ਦੇ ਬਾਹਰੀ ਵਾਤਾਵਰਤਨ ਤੋਂ ਭਾਵ ਦੂਸਰੇ ਦੇਸ਼ਾਂ ਦੀਆਂ ਰਾਜਨੀਤਕ ਪ੍ਰਨਾਲ਼ੀਆਂ ਦੇ ਨਾਲ ਸਬੰਧ ਅਤੇ ਕੌਮਾਂਤਰੀ (International) ਪੱਧਰ 'ਤੇ ਦੇਸ਼ਾਂ ਵਿਚ ਚਲਦੀਆਂ ਆਰਥਿਕ, ਕੂਟਨੀਤਕ ਅਤੇ ਰਾਜਨੀਤਕ ਕਿਰਿਆਵਾਂ ਅਤੇ ਗਤੀਵਿਧੀਆਂ, ਵੱਖ-ਵੱਖ ਤਰ੍ਹਾਂ ਦੀਆਂ ਵਾਪਰਦੀਆਂ ਘਟਨਾਵਾਂ ਆਦਿ ਤੋਂ ਹੈ।

ਵਰਤਮਾਨ ਵਿੱਚ ਦੁਨੀਆਂ ਦੇ ਸਾਰੇ ਮੁਲਕ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਾਰਨ ਇੱਕ ਦੂਜੇ ਉੱਤੇ ਵਪਾਰਕ ਪੱਖੋਂ ਨਿਰਭਰ ਹੁੰਦੇ ਹਨ। ਕੋਈ ਵੀ ਦੇਸ਼ ਆਪਣੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਦਾ ਹੱਲ ਦੂਸਰੇ ਦੇਸ਼ਾਂ ਨਾਲ ਨਿਯਤ ਵਪਾਰ ਭਾਵ ਆਯਾਤ-ਨਿਰਯਾਤ ਦੀਆਂ ਨੀਤੀਆਂ ਤੋਂ ਬਿਨਾਂ ਨਹੀਂ ਕਰ ਸਕਦਾ। ਵਿਸ਼ਵੀਕਰਨ ਦੇ ਦੌਰ ਵਿਚ ਵਿਸ਼ਵ ਦੀ ਅਰਥ ਵਿਵਸਥਾ ਕਾਫ਼ੀ ਹੱਦ ਤੱਕ ਇਕਹਿਰੀ ਜਿਹੀ ਬਣ ਗਈ ਹੈ। ਇਸਦਾ ਆਧਾਰ ਇਹ ਹੋਇਆ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਪੈਦਾ ਹੋਣ

ਵਾਲੀ ਮਹਿੰਗਾਈ, ਮੰਦੀ ਅਤੇ ਤੇਜ਼ੀ ਅਤੇ ਹਰ ਇੱਕ ਰਾਜਨੀਤਕ ਪ੍ਰਨਾਲ਼ੀ ਵੀ ਅਰਥ ਵਿਵਸਥਾ ਨੂੰ ਖੁਸ਼ਹਾਲ ਜਾ ਕੰਗਾਲ ਕਰ ਸਕਦੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ, ਇਕ ਦੇਸ਼ ਦੇ ਦੂਸਰੇ ਦੇਸ਼ ਨਾਲ ਕੀਤੇ ਸਮਝੌਤੇ, ਸੰਧੀਆਂ ਜਾਂ ਵਾਪਰੀਆਂ ਰਾਜਨੀਤਕ ਘਟਨਾਵਾਂ ਦੂਸਰੇ ਮੁਲਕ ਦੀ ਰਾਜਨੀਤਕ ਪ੍ਰਨਾਲ਼ੀ ਨੂੰ ਪਰੇਸ਼ਨ/ਪ੍ਰਭਾਵਿਤ ਕਰਦੀਆਂ ਹਨ। ਉਦਾਹਰਨ ਦੇ ਤੌਰ 'ਤੇ ਚੀਨ ਅਤੇ ਪਾਕਿਸਤਾਨ ਦਾ ਇੱਕ ਆਰਥਿਕ ਸਮਝੌਤਾ 'ਇੱਕ ਪੱਟੀ ਇੱਕ ਰਾਹ' (One Belt One Road) ਭਾਰਤ ਦੀ ਰਾਜਨੀਤਕ ਅਤੇ ਕੂਟਨੀਤਕ ਤਾਕਤ ਨੂੰ ਕਮਜ਼ੋਰ ਕਰਦਾ ਹੈ। ਭਾਰਤ ਦਾ ਦਾਅਵਾ ਹੈ ਕਿ ਚੀਨ ਅਤੇ ਪਾਕਿਸਤਾਨ ਦਾ ਇਹ ਸਮਝੌਤਾ ਭਾਰਤ ਦੀ ਪ੍ਰਭੁੱਸਤਾ ਏਕਤਾ ਅਤੇ ਖੇਤਰੀ ਅਖੰਡਤਾ ਲਈ ਖ਼ਤਰਾ ਹੈ ਕਿਉਂਕਿ ਇਹ ਪੱਟੀ ਅਤੇ ਰਾਹ ਭਾਰਤ ਦੇ ਉਸ ਦਾਅਵੇ ਵਾਲੇ ਖੇਤਰ ਵਿਚ ਬਣ ਰਿਹਾ ਹੈ ਜੋ ਪਾਕਿਸਤਾਨ ਦੇ ਕਬਜ਼ੇ ਹੇਠ ਹੈ।

ਇਸ ਤੋਂ ਇਲਾਵਾ ਦਹਿਸ਼ਤਗਰਦ ਸੰਗਠਨਾਂ ਦੀਆਂ ਹਿੰਸਕ ਘਟਨਾਵਾਂ, ਵਾਤਾਵਰਨ ਨਾਲ ਸਬੰਧਤ ਪੈਰਿਸ ਸੰਧੀਆਂ ਦੀਆਂ ਸ਼ਰਤਾਂ, ਲੋਕਤੰਤਰ ਦੇ ਨਾਂ 'ਤੇ ਸ਼ਕਤੀਸ਼ਾਲੀ ਦੇਸਾਂ ਵਲੋਂ ਦੂਸਰੇ ਦੇਸਾਂ ਵਿਚ ਕੀਤੀ ਜਾਂਦੀ ਘੁਸਪੈਠ (Interference), ਵੱਖ-ਵੱਖ ਦੇਸ਼ਾਂ ਵਿਚ ਘੱਟ ਗਿਣਤੀਆਂ ਉਤੇ ਨਸਲੀ ਅਤੇ ਧਾਰਮਿਕ ਹਮਲੇ ਆਦਿ ਵੀ ਬਾਹਰੀ ਜਾਂ ਕੌਮਾਂਤਰੀ ਵਾਤਾਵਰਣ ਦਾ ਨਿਰਮਾਣ ਕਰਦੇ ਹਨ। ਸਗੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਰਾਜਨੀਤਕ ਪ੍ਰਨਾਲ਼ੀ ਦਾ ਅੰਦਰੂਨੀ ਵਾਤਾਵਰਨ ਅਤੇ ਬਾਹਰੀ ਵਾਤਾਵਰਨ ਹੀ ਰਾਜਨੀਤਕ ਪ੍ਰਨਾਲ਼ੀ ਨੂੰ ਕਾਰਜ ਕਰਨ ਦਾ ਕੱਚਾ ਮਾਲ ਵੀ ਤਿਆਰ ਕਰਕੇ ਦਿੰਦੇ ਹਨ। ਇਸੇ ਲਈ ਰਾਜਨੀਤਕ ਪ੍ਰਨਾਲ਼ੀ ਲਈ ਦੋ ਤਰ੍ਹਾਂ ਦਾ ਵਾਤਾਵਰਨ ਬਹੁਤ ਅਰਥ ਭਰਪੂਰ ਮਹੱਤਤਾ ਰੱਖਦੇ ਹਨ।

ਰਾਜਨੀਤਕ ਪ੍ਰਨਾਲ਼ੀ ਦੇ ਵਾਤਾਵਰਨ ਤੋਂ ਬਾਅਦ ਰਾਜਨੀਤਕ ਪ੍ਰਨਾਲ਼ੀ ਦੇ ਦੋ ਮੁੱਖ ਢਾਂਚੇ ਹਨ ਜੋ ਆਪੋ-ਆਪਣੇ ਪੱਧਰ 'ਤੇ ਕਾਰਜ ਭੂਮਿਕਾਵਾਂ ਨਿਭਾਉਂਦੇ ਹਨ ਅਤੇ ਰਾਜਨੀਤਕ ਪ੍ਰਨਾਲ਼ੀ ਨੂੰ ਦਿਸ਼ਾ ਦੇਣ ਅਤੇ ਚਲਾਉਣ ਲਈ ਵੀ ਮਹੱਤਵਪੂਰਨ ਹਨ। ਰਾਜਨੀਤਕ ਪ੍ਰਨਾਲ਼ੀ ਦੀਆਂ ਮੁੱਖ ਕਿਸਮਾਂ ਦੇ ਢਾਂਚੇ ਹਨ-(i) ਰਸਮੀ ਢਾਂਚੇ ਜਾਂ ਸੰਸਥਾਵਾਂ (Formal Structures) ਅਤੇ (ii) ਗ਼ੈਰ ਰਸਮੀ ਢਾਂਚੇ ਜਾਂ ਸੰਸਥਾਵਾਂ (Informal Structures)

(i) ਰਸਮੀ ਢਾਂਚੇ ਜਾਂ ਸੰਸਥਾਵਾਂ (Formal Structures) ਰਸਮੀ ਸੰਸਥਾਵਾਂ ਜਾਂ ਢਾਂਚੇ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਕੋਲ ਜਨਤਕ ਫ਼ੈਸਲੇ ਲੈਣ ਅਤੇ ਸਰਕਾਰੀ ਨੀਤੀਆਂ, ਪ੍ਰੋਗਰਾਮ ਤੈਅ ਕਰਨ ਦਾ ਇਖ਼ਤਿਆਰ (Authority) ਜਾਂ ਅਧਿਕਾਰ ਹੁੰਦਾ ਹੈ। ਇਨ੍ਹਾਂ ਸੰਸਥਾਵਾਂ ਲਈ ਨਿਯਮ, ਅਧਿਕਾਰ, ਸਮਾਂ-ਸਾਰਣੀ, ਸਥਾਨ ਅਤੇ ਵਿਸ਼ਾ ਨਿਸਚਤ ਹੁੰਦੇ ਹਨ। ਰਸਮੀ ਢਾਂਚੇ ਜਾਂ ਸੰਸਥਾਵਾਂ ਮੁੱਖ ਤੌਰ 'ਤੇ ਉਦਾਰਵਾਦੀ ਲੋਕਤੰਤਰੀ ਪ੍ਰਨਾਲ਼ੀ ਵਿੱਚ ਹੀ ਸਥਾਪਤ ਕੀਤੇ ਜਾਂਦੇ ਹਨ। ਇਹਨਾਂ ਰਸਮੀ ਸੰਸਥਾਵਾਂ ਦਾ ਅਧਾਰ ਸੰਵਿਧਾਨ ਹੁੰਦਾ ਹੈ ਜਾਂ ਫਿਰ ਸਰਕਾਰ ਦੇ ਕਿਸੇ ਕਾਨੂੰਨ ਜਾਂ ਆਦੇਸ਼ ਤਹਿਤ ਵੀ ਸਕਦੇ ਸਥਾਪਤ ਕੀਤੇ ਸਕਦੇ ਹਨ। ਇਹਨਾਂ ਸੰਸਥਾਵਾਂ ਕੋਲ ਉਚਿਤਤਾ ਪੂਰਨ ਦਬਾਓ ਕਾਰੀ ਸ਼ਕਤੀ (Legistimate Coecive Power) ਹੁੰਦੀ ਹੈ।

ਭਾਵ ਇਹਨਾਂ ਸੰਸਥਾਵਾਂ ਕੋਲ ਫੈਸਲੇ ਲੈਣ ਅਤੇ ਨੀਤੀਆਂ ਲਾਗੂ ਕਰਨ ਦੀ ਸ਼ਕਤੀ ਹੈ। ਇਹਨਾਂ ਦੇ ਫ਼ੈਸਲਿਆਂ ਤੇ ਕਨੂੰਨਾਂ ਦੀ ਜੇਕਰ ਕੋਈ ਉਲੰਘਣਾ ਕਰਦਾ ਹੈ ਤਾਂ ਉਸਨੂੰ ਸਜ਼ਾ ਦਿੱਤੀ ਜਾ ਸਕਦੀ ਹੈ। ਇਸ ਲਈ ਇਹਨਾਂ ਸੰਸਥਾਵਾਂ ਅਤੇ ਢਾਂਚਿਆਂ ਵਲੋਂ ਲੈਣ ਜਾਣੇ ਵਾਲੇ ਫ਼ੈਸਲੇ ਬੰਧਨਕਾਰੀ ਅਤੇ ਲਾਜ਼ਮੀ ਹੁੰਦੇ ਹਨ।

ਰਸਮੀ ਢਾਂਚੇ ਤੇ ਸੰਸਥਾਵਾਂ

(i) ਸਰਕਾਰ ਦੇ ਤਿੰਨ ਅੰਗ

(A) ਵਿਧਾਨਪਾਲਿਕਾ-(ਸੰਸਦ, ਸੂਬਿਆਂ ਦੇ ਵਿਧਾਨਮੰਡਲ)

(B) ਕਾਰਜਪਾਲਿਕਾ (ਰਾਜਨੀਤਕ ਕਾਰਜਪਾਲਿਕਾ)-(ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਮੰਤਰੀ ਪ੍ਰੀਸ਼ਦ, ਰਾਜਪਾਲ, ਮੁੱਖ ਮੰਤਰੀ ਤੇ ਸੂਬਾਈ ਮੰਤਰੀ ਪ੍ਰੀਸ਼ਦ, ਅਟਾਰਨੀ ਜਰਨਲ, ਐਡਵੋਕੇਟ ਜਰਨਲ)

(C) ਨਿਆਂਪਾਲਿਕਾ-(ਸਰਵ ਉੱਚ ਅਦਾਲਤ, ਉੱਚ ਅਦਾਲਤਾਂ ਅਤੇ ਜਿਲ੍ਹਾ ਅਦਾਲਤਾਂ ਆਦਿ)

(D) ਚੋਣ ਕਮਿਸ਼ਨ-ਭਾਰਤ ਦਾ ਚੋਣ ਕਮਿਸ਼ਨ, ਸੂਬਿਆਂ ਦਾ ਰਾਜ ਚੋਣ ਕਮਿਸ਼ਨ

(E) ਨੌਕਰਸ਼ਾਹੀ-ਸਰਕਾਰੀ ਅਧਿਕਾਰੀ (ਸਿਵਲ ਸੇਵਾਵਾਂ ਦੇ ਅਧਿਕਾਰੀ)

ਸਥਾਈ ਕਾਰਜਪਾਲਿਕਾ-ਡਿਪਟੀ ਕਮਿਸ਼ਨਰ, ਸਬ ਡਿਵੀਜ਼ਨਲ ਮੈਜਿਸਟਰੇਟ (SDM), ਤਹਿਸੀਲਦਾਰ, ਬੀ. ਡੀ. ਪੀ.ਓ. ਆਦਿ

(F) ਸਥਾਨਕ ਸੰਸਥਾਵਾਂ-(Local Governments) ਗ੍ਰਾਮ ਪੰਚਾਇਤਾਂ, ਨਗਰ ਨਿਗਮ ਆਦਿ

(G) ਹੋਰ ਸੰਵਿਧਾਨਿਕ ਸੰਸਥਾਵਾਂ–ਵਿੱਤ ਕਮਿਸ਼ਨ, UPSC ਆਦਿ

(H) ਐਕਟ ਤਹਿਤ ਸਥਾਪਤ ਸੰਸਥਾਵਾਂ/ਬੋਰਡ–ਪੰਜਾਬ ਸਕੂਲ ਸਿੱਖਿਆ ਬੋਰਡ, PSPCL ਪੰਜਾਬ ਅਰਬਨ ਯੋਜਨਾ ਤੇ ਵਿਕਾਸ ਅਥਾਰਟੀ (PUDA) ਆਦਿ

(ii) ਗੈਰ ਰਸਮੀ ਸੰਸਥਾਵਾਂ (Informal Structures) : ਗੈਰ ਰਸਮੀ ਸੰਸਥਾਵਾਂ ਢਾਂਚੇ ਰਾਜਨੀਤਕ ਪ੍ਰਨਾਲ਼ੀ ਦੇ ਅਹਿਮ ਅਤੇ ਮਹੱਤਵਪੂਰਨ ਅੰਗ ਜਾਂ ਭਾਗ ਹਨ। ਇਹ ਸੰਸਥਾਵਾਂ ਲੋਕਾਂ ਜਾਂ ਲੋਕ ਸਮੂਹਾਂ ਤੋਂ ਬਣੀਆਂ ਹੁੰਦੀਆਂ ਹਨ ਜੋ ਆਪਣੀਆਂ ਮੰਗਾਂ ਅਤੇ ਜ਼ਰੂਰਤਾਂ ਦੇ ਹੱਲ ਲਈ ਰਸਮੀ ਸੰਸਥਾਵਾਂ ਉਤੇ ਨਿਰਭਰ ਵੀ ਕਰਦੀਆਂ ਹਨ। ਰਾਜਨੀਤਕ ਪ੍ਰਨਾਲ਼ੀ ਨੂੰ ਸਥਿਰ ਤੇ ਮਜ਼ਬੂਤ ਬਣਾਉਣ ਲਈ ਗ਼ੈਰ ਰਸਮੀ ਸੰਸਥਾਵਾਂ ਸਹਾਇਕ ਹੁੰਦੀਆਂ ਹਨ ਤੇ ਹਰ ਤਰ੍ਹਾਂ ਨਾਲ ਰਾਜਨੀਤਕ ਪ੍ਰਨਾਲ਼ੀ ਨੂੰ ਸਮਰਥਨ ਵੀ ਦਿੰਦੀਆਂ ਹਨ। ਰਾਜਨੀਤਕ ਪ੍ਰਕਿਰਿਆ ਵਿਚ ਇਹਨਾਂ ਸਮੂਹਾਂ ਦੀ ਕਿਰਿਆਸ਼ੀਲ ਭਾਗੀਦਾਰੀ ਰਹਿੰਦੀ ਹੈ। ਇਹਨਾਂ ਗ਼ੈਰ ਰਸਮੀ ਸਮੂਹਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਹੀ ਰਸਮੀ ਸੰਸਥਾਵਾਂ ਲਈ ਨੀਤੀਆਂ ਤੇ ਫ਼ੈਸਲਿਆਂ ਦਾ ਰੂਪ ਧਾਰਦੀਆਂ ਹਨ। ਰਸਮੀ ਢਾਂਚਿਆਂ ਅਤੇ ਗੈਰ ਰਸਮੀ ਢਾਂਚਿਆਂ ਦੀ ਆਪਸੀ ਅੰਤਰ ਕਿਰਿਆ ਅਤੇ ਅੰਤਰ ਨਿਰਭਰਤਾ ਰਾਜਨੀਤਕ ਪ੍ਰਨਾਲ਼ੀ ਦੀ ਕਾਰਜਸ਼ੀਲਤਾ (Functioning) ਦਾ ਅਧਾਰ ਹੁੰਦੀ ਹੈ। ਇਹ ਲੋਕ ਸਮੂਹ ਵੱਖ–ਵੱਖ ਅਧਾਰਾ ਅਤੇ ਕਾਰਨਾਂ ਕਰਕੇ ਵੱਖ–ਵੱਖਰੇ ਰੂਪਾਂ ਵਿਚ ਦਿਖਾਈ ਦਿੰਦੇ ਹਨ। ਜਿਵੇਂ ਜਾਤੀ ਅਧਾਰਤ ਸਮੂਹ, ਧਰਮ ਅਧਾਰਤ ਸਮੂਹ, ਭਾਸ਼ਾਈ ਸਮੂਹ, ਸੱਭਿਆਚਾਰਕ ਸਮੂਹ, ਘੱਟ ਗਿਣਤੀਆਂ ਅਤੇ ਔਰਤਾਂ ਦੇ ਹੱਕਾਂ ਲਈ ਬਣੇ ਸਮੂਹ, ਕਿਸਾਨਾਂ ਦੇ ਹੱਕਾਂ ਲਈ ਬਣੇ ਕਿਸਾਨ ਸਮੂਹ, ਕਿਸਾਨ ਅੰਦੋਲਨ, ਵਿਦਿਆਰਥੀ ਜੱਥੇਬੰਦੀਆਂ, ਸਰਕਾਰੀ ਕਰਮਚਾਰੀ ਦਲ, ਵਪਾਰ ਸਮੂਹ ਅਤੇ ਮਜ਼ਦੂਰ ਸਮੂਹ ਆਦਿ ਹਿੱਤ ਸਮੂਹ ਅਤੇ ਦਬਾਅ ਸਮੂਹ। ਇਹਨਾਂ ਸਮੂਹਾਂ ਤੋਂ ਇਲਾਵਾਂ ਰਾਜਨੀਤਕ ਪਾਰਟੀਆਂ/ਦਲ ਵੀ ਗੈਰ ਰਸਮੀ ਸੰਸਥਾਵਾਂ ਦੇ 'ਤੌਰ ਤੇ ਮੁੱਖ ਭੂਮਿਕਾਵਾਂ ਨਿਭਾਉਂਦੇ ਹਨ।

ਗੈਰ ਰਸਮੀ ਸੰਸਥਾਵਾਂ/ਢਾਂਚੇ (Informal Structures/Institutions)

1. ਰਾਜਨੀਤਕ ਦਲ:–ਭਾਰਤੀ ਨੈਸ਼ਨਲ ਕਾਂਗਰਸ (INC), ਭਾਰਤੀ ਜਨਤਾ ਪਾਰਟੀ (BJP), ਆਮ ਆਦਮੀ ਪਾਰਟੀ (AAP), ਸ਼੍ਰੋਮਣੀ ਅਕਾਲੀ ਦਲ (SAD) ਆਦਿ
2. ਧਾਰਮਿਕ ਸਮੂਹ–ਸਿੰਘ ਸਭਾ ਗੁਰਦੁਆਰਾ ਕਮੇਟੀ
3. ਸੱਭਿਆਚਾਰਕ ਸਮੂਹ–ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
4. ਸਮਾਜਿਕ ਤੇ ਵਾਤਾਵਰਨ ਅੰਦੋਲਨ–ਚਿਪਕੋ ਅੰਦੋਲਨ, ਨਰਮਦਾ ਬਚਾਓ ਅੰਦੋਲਨ, ਦਲਿਤ ਅੰਦੋਲਨ (Panthar movement)
5. ਕਿਸਾਨ ਸਮੂਹ–ਸੰਯੁਕਤ ਕਿਸਾਨ ਮੋਰਚਾ (SKM), ਭਾਰਤੀ ਕਿਸਾਨ ਯੂਨੀਅਨ (BKU)
6. ਵਪਾਰਕ ਸਮੂਹ–ਮਲਟੀਨੈਸ਼ਨਲ ਕੰਪਨੀਆਂ (MNCs), FICCI, ਰਿਲਾਇੰਸ ਇੰਡਸਟਰੀ (Reliance Industries), ਅਦਾਨੀ ਗਰੁੱਪ HCL ਟੈਕਨੌਲੋਜੀ ਆਦਿ
7. ਕਰਮਚਾਰੀ ਸਮੂਹ–ਡੈਮੋਕ੍ਰੇਟਿਕ ਟੀਚਰਜ਼ ਫੈਡਰੇਸ਼ਨ (DTF).

ਰਾਜਨੀਤਕ ਪ੍ਰਨਾਲ਼ੀ ਦੀਆਂ ਮੁੱਖ ਵਿਸ਼ੇਸ਼ਤਾਵਾਂ:

(ੳ) ਰਾਜਨੀਤਕ ਪ੍ਰਨਾਲ਼ੀ ਦਾ ਸਬੰਧ ਮੁੱਖ ਤੌਰ 'ਤੇ ਰਾਜਨੀਤਕ ਪ੍ਰਕਿਰਿਆਵਾਂ ਵਿਚ ਨਿਵੇਸ਼–ਨਿਕਾਸ ਕਾਰਜਾਂ ਨਾਲ ਹੁੰਦਾ ਹੈ।

(ਅ) ਰਾਜਨੀਤਕ ਪ੍ਰਨਾਲ਼ੀ ਹਰ ਦੇਸ਼ ਵਿੱਚ ਮੌਜੂਦ ਹੁੰਦੀ ਹੈ ਭਾਵੇਂ ਇਸਦੇ ਕਾਰਜ ਕਰਨ ਦਾ ਢੰਗ ਵੱਖਰਾ ਹੋਵੇ।

(ੲ) ਰਾਜਨੀਤਕ ਪ੍ਰਨਾਲ਼ੀ, ਆਪਣੇ ਰਾਜਨੀਤਕ ਸੱਭਿਆਚਾਰ ਅਤੇ ਰਾਜਨੀਤਕ ਸਮਾਜੀਕਰਨ ਉਪਰ ਨਿਰਭਰ ਕਰਦੀ ਹੈ।

(ਸ) ਰਾਜਨੀਤਕ ਪ੍ਰਨਾਲ਼ੀ ਦੇ ਦੋ ਮੁੱਖ ਢਾਂਚੇ ਰਸਮੀ ਅਤੇ ਗ਼ੈਰ ਰਸਮੀ ਸਰੂਪ ਦੇ ਹੁੰਦੇ ਹਨ।

ਹ) ਰਾਜਨੀਤਕ ਪ੍ਰਨਾਲੀ, ਰਾਜ ਦੇ ਨਾਲੋਂ ਭਿੰਨ ਹੈ ਕਿਉਂਕਿ ਰਾਜਨੀਤਕ ਪ੍ਰਨਾਲ਼ੀ ਰਾਜ ਵਿੱਚ ਰਾਜਨੀਤਕ ਪ੍ਰਕਿਰਿਆਵਾਂ ਦੀ ਕਾਰਜ਼ਸ਼ੀਲਤਾ (Functioning) ਦਾ ਨਾਮ ਹੈ।

(ਕ) ਸਰਕਾਰ, ਰਾਜਨੀਤਕ ਪ੍ਰਨਾਲ਼ੀ ਦਾ ਕੰਮ ਕਰਨ ਵਾਲਾ ਰਸਮੀ ਢਾਂਚਾ ਹੈ।

(ਖ) ਰਾਜਨੀਤਕ ਪ੍ਰਨਾਲ਼ੀ, ਆਰਥਿਕ ਪ੍ਰਨਾਲ਼ੀ ਅਤੇ ਸਮਾਜਿਕ ਪ੍ਰਨਾਲ਼ੀ ਨਾਲੋਂ ਆਪਣੀਆਂ ਨਿਭਾਈਆਂ ਜਾਂਦੀਆਂ ਭੂਮਿਕਾਵਾਂ (Roles) ਕਾਰਨ ਭਿੰਨ ਹੈ। ਇਸ ਲਈ ਵਿਅਕਤੀਆਂ (Actors) ਦੀਆਂ ਭੂਮਿਕਾਵਾਂ ਰਾਜਨੀਤਕ ਪ੍ਰਨਾਲ਼ੀ ਲਈ ਮਹੱਤਵਪੂਰਨ ਹਨ ਅਤੇ ਇਹ ਭੂਮਿਕਾਵਾਂ ਰਾਜਨੀਤਕ ਪ੍ਰਨਾਲ਼ੀ ਦੀਆਂ ਸੀਮਾਵਾਂ ਨੂੰ ਤੈਅ ਕਰਦੀਆਂ ਹਨ।

(ਗ) ਰਾਜਨੀਤਕ ਪ੍ਰਨਾਲ਼ੀ ਦਾ ਹਰ ਭਾਗ ਆਪੋ ਆਪਣਾ ਨਿਯਤ ਵਿਸ਼ੇਸ਼ ਕਾਰਜ ਨਿਭਾਉਂਦਾ ਹੈ। ਪ੍ਰਨਾਲ਼ੀ ਦੇ ਕਾਰਜਾਂ ਸੰਬੰਧੀ ਵਿਚਾਰਵਾਨਾਂ ਡੇਵਿਡ ਈਸਟਨ (David Easton) ਅਤੇ ਜੀ. ਏ. ਐਲਮੰਡ (G.A. Almond) ਦੇ ਨਿਵੇਸ਼ ਨਿਕਾਸ ਕਾਰਜਾਂ ਦੇ ਸਿਰਲੇਖ ਹੇਠ ਆਪਣਾ ਦਿੱਤਾ ਹੈ ਯਤਨ ਕਰੀਏ।

ਡੇਵਿਡ ਈਸਟਨ ਦਾ ਰਾਜਨੀਤਕ ਪ੍ਰਨਾਲ਼ੀ ਦਾ ਨਮੂਨਾ ਜਾਂ ਮਾਡਲ (David Easton's Political System Model) : ਉਨ੍ਹਾਂ ਦੀ ਇਹ ਦੇਣ ਡੇਵਿਡ ਇਸਟਨ ਨੂੰ ਰਾਜਨੀਤਕ ਪ੍ਰਨਾਲ਼ੀ ਦਾ ਮਾਡਲ ਸਭ ਤੋਂ ਪਹਿਲਾਂ ਦੇਣ ਕਾਰਨ ਰਾਜਨੀਤਕ ਪ੍ਰਨਾਲ਼ੀ ਦਾ ਪਿਤਾਮਾ ਬਣਾਉਂਦੀ ਹੈ। ਉਨ੍ਹਾਂ ਦੀਆਂ ਦੋ ਮਹੱਤਵਪੂਰਨ ਰਚਨਾਵਾਂ। The Political System, An Inquiry into the state of Political Science, 1953 and An approach to the Analysis of Polticial System, 1957 ਹਨ। ਡੇਵਿਡ ਈਸਟਨ ਅਨੁਸਾਰ ਰਾਜਨੀਤੀ ਦੀ ਪ੍ਰਕਿਰਿਆ ਸਮਾਜਿਕ ਪ੍ਰਕਿਰਿਆਵਾਂ ਨਾਲ ਸਬੰਧਤ ਹੈ ਇਸੇ ਲਈ ਰਾਜਨੀਤੀ, ਕਦਰਾਂ-ਕੀਮਤਾਂ ਦੀ ਸੱਤ੍ਹਾਵਾਦੀ ਵੰਡ (Authority allocation of Values) ਹੁੰਦੀ ਹੈ। ਭਾਵ ਸਮਾਜ ਦੇ ਲੋਕਾਂ ਵਿਚ ਰਾਜਨੀਤਕ ਜਾਂ ਸਿਆਸੀ ਵਸਤਾਂ ਅਤੇ ਸੇਵਾਵਾਂ ਜਿਵੇਂ ਕਿ ਨਿਆਂ, ਬਰਬਾਰੀ, ਕਨੂੰਨ-ਨਿਯਮਾਂ, ਅਧਿਕਾਰਾਂ, ਸਮਾਜਿਕ ਆਰਥਿਕ ਸੁਰੱਖਿਆ, ਏਕਤਾ ਅਤੇ ਭਾਈਚਾਰਕ ਨੈਤਿਕ ਮੁੱਲਾਂ ਆਦਿ ਦੀ ਵੰਡ ਸੱਤ੍ਹਾ ਵੱਲੋਂ ਕੀਤੀ ਜਾਂਦੀ ਹੈ। ਸੱਤ੍ਹਾ (Authority) ਤੋਂ ਭਾਵ ਹੈ ਕਿ ਜਿਨ੍ਹਾਂ ਕੋਲ ਰਾਜਨੀਤਕ ਸ਼ਕਤੀ ਜਾਂ ਅਧਿਕਾਰ ਹੈ, ਉਹਨਾਂ ਵੱਲੋਂ ਹੀ ਸਮਾਜ ਵਿੱਚ ਸਿਆਸੀ ਵਿਸ਼ੇਸ਼ਤਾਵਾਂ ਦੀ ਵੰਡ ਕੀਤੀ ਜਾਂਦੀ ਹੈ। ਰਾਜਨੀਤਕ ਪ੍ਰਕਿਰਿਆ ਦੀ ਸੱਤ੍ਹਾਵਾਦੀ ਵੰਡ ਦੀ ਪ੍ਰਕਿਰਿਆ ਦੇ ਤੱਤਾਂ ਨੂੰ ਡੇਵਿਡ ਈਸਟਨ ਨੇ ਤਿੰਨ ਪੱਖਾਂ/ਵਰਗਾਂ ਵਿੱਚ ਵੰਡ ਕੇ ਮਾਡਲ ਰਾਹੀਂ ਦਰਸਾਇਆ ਹੈ।

(ੳ) ਨਿਵੇਸ਼ (Inputs)

(ਅ) ਨਿਕਾਸ (Outputs)

(ਏ) ਮਹੌਲ (Environments)

ਰਾਜਨੀਤਕ ਪ੍ਰਨਾਲ਼ੀ ਦੇ ਇਨ੍ਹਾਂ ਤਿੰਨ ਤੱਤਾਂ ਦੇ ਵੇਰਵੇ ਇਸ ਪ੍ਰਕਾਰ ਹਨ।

(ੳ) ਨਿਵੇਸ਼ (Inputs) : ਲੋਕਾਂ ਦੀਆਂ ਮੰਗਾਂ ਅਤੇ ਜ਼ਰੂਰਤਾਂ (ਸਮੱਸਿਆਵਾਂ) ਨੂੰ ਮਾਡਲ ਵਿੱਚ ਨਿਵੇਸ਼ ਦੇ ਰੂਪ ਵਿਚ ਦਰਸਾਇਆ ਗਿਆ ਹੈ। ਮੰਗਾਂ ਰਾਜਨੀਤਕ ਪ੍ਰਨਾਲ਼ੀ ਨੂੰ ਕੰਮ ਕਰਨ ਦੀ ਦਿਸ਼ਾ ਪ੍ਰਦਾਨ ਕਰਦੀਆਂ ਹਨ ਅਤੇ ਸਮਾਜ ਦੇ ਉਦੇਸ਼ਾਂ, ਜਿਹਨਾਂ ਨੂੰ ਰਾਜਨੀਤਕ ਪ੍ਰਨਾਲ਼ੀ ਦੇ ਪੂਰਾ ਕਰਨਾ ਹੁੰਦਾ ਹੈ, ਨਿਰਧਾਰਨ ਕਰਨ ਵਿੱਚ ਵੀ ਮਦਦ ਕਰਦੀਆਂ ਹਨ। ਇਹ ਮੰਗਾਂ (ਨਿਵੇਸ਼) ਰਾਜਨੀਤਕ ਪ੍ਰਨਾਲ਼ੀ ਲਈ ਕੱਚਾ ਮਾਲ (Raw Materials) ਹਨ ਜਿਹਨਾਂ ਤੋਂ ਹੀ ਜਨਤਕ ਨੀਤੀਆਂ ਬਣਾਈਆਂ, ਕਨੂੰਨ ਘੜੇ ਅਤੇ ਫ਼ੈਸਲੇ ਕੀਤੇ ਜਾਂਦੇ ਹਨ। ਇਹ ਮੰਗਾਂ ਮੁਖ ਤੌਰ 'ਤੇ ਗ਼ੈਰ ਰਸਮੀ ਸਮੂਹਾਂ ਜਾਂ ਸੰਸਥਾਵਾਂ ਦੁਆਰਾ ਵੱਖ-ਵੱਖ ਸੰਚਾਰ ਸਾਧਨਾਂ ਰਾਹੀਂ ਰਾਜਨੀਤਕ ਪ੍ਰਨਾਲ਼ੀ ਤੱਕ ਪਹੁੰਚਾਈਆਂ ਜਾਂਦੀਆਂ ਹਨ।

ਮੰਗਾਂ (ਨਿਵੇਸ਼ਾਂ) ਨੂੰ ਚਾਰ ਉਪ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ।



ਡੇਵਿਡ ਈਸਟਨ ਦਾ ਰਾਜਨੀਤਕ ਪ੍ਰਨਾਲ਼ੀ ਦਾ ਮਾਡਲ

(i) ਵਸਤਾਂ ਅਤੇ ਸੇਵਾਵਾਂ ਦੀ ਵੰਡ ਦੀ ਮੰਗ (Demands For allocation of goods and services) : ਇਸਦਾ ਅਰਥ ਲੋਕਾਂ ਵਲੋਂ ਸਹਿਤ, ਸਿੱਖਿਆ, ਰੁਜ਼ਗਾਰ, ਸੜਕਾਂ, ਆਵਾਜਾਈ ਦੀਆਂ ਸਹੂਲਤਾਂ ਆਦਿ ਦੀ ਮੰਗ ਕਰਨਾ।

(ii) ਵਿਹਾਰ ਨੂੰ ਨਿਯਮਤ ਕਰਨ ਦੀ ਮੰਗ (Demands for the regulation of behaviour) : ਇਸਦਾ ਅਰਥ ਲੋਕਾਂ ਵਲੋਂ ਅਜਿਹੇ ਨਿਯਮਾਂ ਜਾਂ ਕਨੂੰਨਾਂ ਦੀ ਮੰਗ ਕਰਨਾ ਜਿਸ ਨਾਲ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ, ਜਰੂਰਤ ਦੀਆਂ ਚੀਜਾਂ ਦੀ ਪੂਰਤੀ ਬਣੀ ਰਹੀ, ਮਹਿੰਗਾਈ ਤੇ ਬਾਜ਼ਾਰ ਦੀਆਂ ਸ਼ਕਤੀਆਂ ਉਪਰ ਸਰਕਾਰ ਦਾ ਕੰਟਰੋਲ ਹੋਵੇ ਆਦਿ।

(iii) ਰਾਜਨੀਤਕ ਪ੍ਰਨਾਲ਼ੀ ਵਿੱਚ ਹਿੱਸੇਦਾਰੀ ਦੀ ਮੰਗ (Demands for Participation in the Political System) : ਲੋਕਾਂ ਵੱਲੋਂ ਵੋਟ ਦੇ ਅਧਿਕਾਰ ਦੀ ਮੰਗ, ਜਨਤਕ ਪਦਵੀਆਂ ਉਪਰ ਚੁਣੇ ਜਾਣ ਦੇ ਸਮਾਨ ਮੌਕੇ, ਚੋਣਾਂ ਲੜਨ ਦਾ ਅਧਿਕਾਰ ਆਦਿ।

(iv) ਸੂਚਨਾ ਸੰਚਾਰ ਦੀ ਮੰਗ (Demands for Communication and Information) : ਲੋਕਾਂ ਵਲੋਂ ਸਰਕਾਰ ਦੁਆਰਾ ਕੀਤੇ ਜਾਂਦੇ ਕਾਰਜਾਂ, ਬਣਾਈਆਂ ਜਾਂਦੀਆਂ ਨੀਤੀਆਂ ਅਤੇ ਕੀਤੇ ਜਾਂਦੇ ਫ਼ੈਸਲਿਆਂ ਦੀ ਜਾਣਕਾਰੀ, ਸੂਚਨਾ ਮੰਗਣਾ ਆਦਿ।

ਡੇਵਿਡ ਈਸਟਨ ਨੇ ਨਿਵੇਸ਼ਾਂ ਦੇ ਦੂਜੇ ਰੂਪ, ਸਮਰਥਨ (Support) ਨੂੰ ਵੀ ਅਹਿਮ ਸਥਾਨ ਦਿੱਤਾ ਹੈ। ਲੋਕਾਂ ਵਲੋਂ ਮੰਗਾਂ ਮੰਗੇ ਜਾਣ ਦੇ ਨਾਲ-ਨਾਲ ਸਮਰਥਨ ਪ੍ਰਦਾਨ ਕੀਤਾ ਜਾਣਾ ਵੀ ਜ਼ਰੂਰੀ ਹੈ। ਲੋਕਾਂ ਦਾ ਇਹ ਸਮਰਥਨ ਰਾਜਨੀਤਕ ਪ੍ਰਨਾਲ਼ੀ ਨੂੰ ਊਰਜਾ ਪ੍ਰਦਾਨ ਕਰਦਾ ਹੈ ਤੇ ਰਾਜਨੀਤਕ ਪ੍ਰਨਾਲ਼ੀ ਵਿੱਚ ਲੋਕਾਂ ਦੇ ਵਿਸ਼ਵਾਸ ਵਧਾਉਂਦਾ ਅਤੇ ਰਾਜਨੀਤਕ ਪ੍ਰਨਾਲ਼ੀ ਦੀ ਕਾਰਜਸ਼ੈਲੀ ਨੂੰ ਨਿਖਾਰਦਾ ਹੈ। ਡੇਵਿਡ ਈਸਟਨ ਦੇ ਮਾਡਲ ਵਿੱਚ ਨਿਵੇਸ਼ਾਂ ਦੇ ਰੂਪ ਵਿਚ ਸਮਰਥਨ ਨੂੰ ਵੀ ਚਾਰ ਉਪ ਵਰਗਾਂ ਵਿੱਚ ਵੰਡਿਆ ਹੈ।

(i) ਵਸਤਾਂ ਤੇ ਸੇਵਾਵਾਂ ਦੇ ਰੂਪ ਵਿਚ ਸਮਰਥਨ (Material Support) : ਸਰਕਾਰ ਨੂੰ ਟੈਕਸ ਦੇਣਾ, ਜਨਤਕ ਹਿੱਤਾਂ ਲਈ ਸੇਵਾਵਾਂ ਦੇਣਾਂ ਜਾਂ ਪੁਲਿਸ/ਫੌਜ ਵਿਚ ਭਰਤੀ ਹੋਣਾ ਆਦਿ।

(ii) ਨਿਯਮਾਂ ਦੀ ਪਾਲਣਾ ਕਰਨਾ (Obedience to Law and Rules) : ਲੋਕਾਂ ਦੁਆਰਾ ਸੰਵਿਧਾਨ, ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨਾ ਅਤੇ ਉਹਨਾਂ ਦੀ ਉਲੰਘਣਾ ਨਾ ਕਰਦਾ।

(iii) ਹਿੱਸੇਦਾਰੀ ਕਰਕੇ ਸਮਰਥਨ (Participatory Support) : ਲੋਕਾਂ ਵਲੋਂ ਚੋਣਾਂ ਸਮੇਂ ਆਪਣੇ ਵੋਟ ਦੇ ਅਧਿਕਾਰੀ ਦੀ ਵਰਤੋਂ ਕਰਨਾ, ਚੋਣਾਂ ਵਿਚ ਕਿਸੇ ਵੀ ਰਾਜਨੀਤਕ ਦਲ ਦੇ ਉਮੀਦਵਾਰਾਂ ਨੂੰ ਸਮਰਥਨ ਦੇਣਾ, ਰਾਜਨੀਤਕ ਪ੍ਰੀਕਿਰਿਆਵਾਂ ਵਿਚ ਭਾਗੀਦਾਰੀ ਕਰਨਾ ਆਦਿ।

(iv) ਸੂਚਨਾ-ਜਾਣਕਾਰੀ ਦੇ ਰੂਪ ਵਿਚ ਸਮਰਥਨ (Support through communciation information means) : ਸਰਕਾਰ ਨੂੰ ਬਹੁਤ ਸਾਰੀ ਜਾਣਕਾਰੀ ਤੇ ਸੂਚਨਾਵਾਂ ਨੀਤੀਆਂ ਬਣਾਉਣ ਲਈ ਜ਼ਰੂਰੀ ਹੁੰਦੀਆਂ ਹਨ। ਇਸਦੇ ਨਾਲ ਹੀ ਸਰਕਾਰੀ ਤੇ ਸੰਵਿਧਾਨਿਕ ਪਦਵੀਆਂ, ਰਾਸ਼ਟਰੀ ਝੰਡੇ, ਰਾਸ਼ਟਰੀ ਗੀਤ ਆਦਿ ਦਾ ਸਨਮਾਨ ਆਦਿ ਵੀ ਰਾਜਨੀਤਕ ਪ੍ਰਨਾਲ਼ੀ ਨੂੰ ਸਮਰਥਨ ਪ੍ਰਦਾਨ ਕਰਦੇ ਹਨ।

(ਅ) ਨਿਕਾਸ (Output) : ਡੇਵਿਡ ਈਸਟਨ ਦੇ ਮਾਡਲ ਅਨੁਸਾਰ ਨਿਕਾਸ ਉਹ ਫ਼ੈਸਲੇ ਹਨ ਜਿਹੜੇ ਰਾਜਨੀਤਕ ਪ੍ਰਨਾਲ਼ੀ ਵਲੋਂ ਨਿਵੇਸ਼ਾਂ (ਮੰਗਾਂ) ਦੇ ਰੂਪ ਵਿਚ ਆਈਆਂ ਮੰਗਾਂ ਸਬੰਧੀ ਲਏ ਜਾਂਦੇ ਹਨ। ਫ਼ੈਸਲੇ ਲੈਣ ਦਾ ਇਹ ਕੰਮ ਰਸਮੀ ਸੰਸਥਾਵਾਂ ਜਾਂ ਢਾਂਚਿਆਂ ਦਾ ਹੁੰਦਾ ਹੈ। ਰਸਮੀ ਢਾਂਚੇ ਮੰਗਾਂ, ਜਰੂਰਤਾਂ ਅਤੇ ਸਮੱਸਿਆਵਾਂ ਦੇ ਅਧਾਰ 'ਤੇ ਨੀਤੀਆਂ ਬਣਾਉਂਦੇ ਹਨ ਅਤੇ ਉਹਨਾਂ ਨੀਤੀਆਂ ਨੂੰ ਲਾਗੂ ਕਰਨ ਦਾ ਭਰਪੂਰ ਯਤਨ ਕਰਦੇ ਹਨ। ਜੇਕਰ ਰਾਜਨੀਤਕ ਪ੍ਰਨਾਲ਼ੀ ਦੀਆਂ ਨੀਤੀਆਂ ਜਾਂ ਫ਼ੈਸਲੇ ਲੋਕਾਂ ਨੂੰ ਅਣਉਚਿੱਤ ਲੱਗਣ ਤਾਂ ਉਹ ਨਿਆਂਪਾਲਿਕਾ ਜੋ ਕਿ ਰਾਜਨੀਤਕ ਪ੍ਰਨਾਲ਼ੀ ਦਾ ਇਕ ਰਸਮੀ ਅੰਗ ਹੈ, ਕੋਲ ਜਾਂਦੇ ਹਨ ਤਾਂ ਨਿਆਂਪਾਲਿਕਾ ਅਜਿਹੇ ਗ਼ੈਰ ਕਾਨੂੰਨੀ ਜਾਂ ਅਸੰਵਿਧਾਨਕ ਫ਼ੈਸਲਿਆਂ ਨੂੰ ਰੱਦ ਜਾਂ ਖਾਰਜ ਕਰ ਸਕਦੀ ਹੈ। ਮਾਡਲ ਅਨੁਸਾਰ ਨਿਕਾਸਾਂ ਨੂੰ ਵੀ ਚਾਰ ਉਪ ਵਰਗਾਂ ਵਿਚ ਵੰਡਿਆ ਹੈ।

(i) ਲੋਕਾਂ ਤੋਂ ਕਰ, ਫ਼ੀਸ ਜਾਂ ਵਿਅਕਤੀਗਤ ਸੇਵਾਵਾਂ ਲੈਣ।

(ii) ਸਰਕਾਰ ਦੁਆਰਾ ਲੋਕਾਂ ਦੇ ਵਿਹਾਰ ਨੂੰ ਨਿਯਮਤ ਕਰਨ ਦੇ ਨਿਯਮ ਤੇ ਕਨੂੰਨ ਬਣਾਉਣ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣਾ।

(iii) ਸਰਕਾਰ ਦੁਆਰਾ ਲੋਕਾਂ ਨੂੰ ਸਹਿਤ, ਸਿੱਖਿਆ, ਰੁਜ਼ਗਾਰ ਅਤੇ ਮਨੋਰੰਜਨ ਆਦਿ ਸਹੂਲਤਾਂ ਪ੍ਰਦਾਨ ਕਰਨਾ। ਜਨਤਕ ਪਦਵੀਆਂ ਲਈ ਇਕ ਬਰਾਬਰ ਮੌਕੇ ਪੈਦਾ ਕਰਨ ਦੇ ਯਤਨ ਕਰਨਾ।

(iv) ਚਿੰਨ੍ਹਾਂ ਦੇ ਰੂਪ ਵਿਚ ਨਿਕਾਸ ਕਰਨਾ; ਭਾਵ ਰਾਸ਼ਟਰੀ ਕਦਰਾਂ ਕੀਮਤਾਂ ਦਾ ਪ੍ਰਸਾਰ, ਰਾਸ਼ਟਰੀ ਚਿੰਨ੍ਹਾਂ ਦਾ ਪ੍ਰਦਰਸ਼ਨ ਅਤੇ ਜਨਤਕ ਨੀਤੀਆਂ ਦੀ ਸਚਨਾਵਾਂ ਲੋਕਾਂ ਤੱਕ ਪਹੁੰਚਾਉਣੀਆਂ।

(ਏ) ਮਹੌਲ (Environment) : ਡੇਵਿਡ ਈਸਟਨ ਦੇ ਮਾਡਲ ਅਨੁਸਾਰ ਰਾਜਨੀਤਕ ਪ੍ਰਨਾਲ਼ੀ ਦਾ ਅੰਦਰੂਨੀ ਅਤੇ ਬਾਹਰੀ ਮਹੌਲ ਰਾਜਨੀਤਕ ਪ੍ਰਨਾਲ਼ੀ ਦੀ ਦਿਸ਼ਾ, ਕਾਰਜਸ਼ੀਲਤਾ ਅਤੇ ਉਦੇਸ਼ਾਂ ਨੂੰ ਨਿਰਧਾਰਤ ਕਰਦਾ ਹੈ। ਰਾਜਨੀਤਕ ਪ੍ਰਨਾਲ਼ੀ ਦਾ ਮਹੌਲ ਮੰਗਾਂ ਨੂੰ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਅਤੇ ਮੰਗਾਂ ਪ੍ਰਤੀ ਲਏ ਜਾਂਦੇ ਫ਼ੈਸਲੇ ਵੀ ਮਹੌਲ ਤੋਂ ਪ੍ਰਭਾਵਿਤ ਹੁੰਦੇ ਹਨ।

ਰਾਜਨੀਤਕ ਪ੍ਰਨਾਲ਼ੀ ਦੇ ਮਾਡਲ ਵਿਚ ਤਿੰਨੇ ਤੱਤਾਂ ਵਿਚ ਅੰਤਰ ਕਿਰਿਆ ਨੂੰ ਅਹਿਮ ਕੜੀ ਸੁਚਾਰੂ ਢੰਗ ਨਾਲ ਚਲਾਉਣ ਵਿਚ ਮਦਦ ਕਰਦੀ ਹੈ ਜਿਸਨੂੰ ਪ੍ਰਤੀ-ਪੁਸ਼ਟੀ ਸੂਚਨਾ ਜਾਂ Feedback ਕਿਹਾ ਜਾਂਦਾ ਹੈ। ਫੀਡਬੈਕ ਪ੍ਰਕਿਰਿਆ ਦੋ ਪਾਸੀ ਪ੍ਰਕਿਰਿਆ ਹੈ (Two ways Process) ਹੈ ਜਿਸ ਵਿੱਚ ਨਿਵੇਸ਼ਾਂ (ਮੰਗਾਂ ਦੀ ਸੂਚਨਾਵਾਂ) ਅਤੇ ਨਿਕਾਸਾਂ (ਫ਼ੈਸਲਿਆਂ ਦੀ ਸੂਚਨਾ) ਦੀਆਂ ਸੂਚਨਾਵਾਂ ਅਤੇ ਜਾਣਕਾਰੀਆਂ ਦਾ ਆਦਾਨ-ਪ੍ਰਦਾਨ ਹੋਣ ਦੇ ਨਾਲ ਲੋਕਾਂ ਦੀ ਨਿਕਾਸਾਂ ਸਬੰਧੀ ਪ੍ਰਤੀਕਿਰਿਆ (Response) ਜਾਂ ਤਸੱਲੀ ਦਾ ਪਤਾ ਲਗੱਦਾ ਹੈ। ਜੇਕਰ ਰਾਜਨੀਤਕ ਪ੍ਰਨਾਲ਼ੀ ਤੇ ਫ਼ੈਸਲਿਆਂ (ਨਿਕਾਸਾਂ) ਅਤੇ ਨੀਤੀਆਂ ਤੋਂ ਲੋਕ ਖੁਸ਼ ਅਤੇ ਸੰਤੁਸ਼ਟ ਹਨ ਤਾਂ ਲੋਕ ਰਾਜਨੀਤਕ ਪ੍ਰਨਾਲ਼ੀ ਵਿਚ ਹੋਰ ਭਰੋਸਾ ਕਰਦੇ ਹੋਏ ਹਰ ਤਰ੍ਹਾਂ ਦਾ ਸਮਰਥਨ ਵੀ ਕਰਦੇ ਹਨ, ਇਸ ਨਾਲ ਰਾਜਨੀਤਕ ਪ੍ਰਨਾਲ਼ੀ ਦੀ ਕਾਰਜਸ਼ੈਲੀ ਵੀ ਚੰਗੇਰੀ ਬਣਦੀ ਹੈ।

ਜੀ. ਏ. ਆਲਮੰਡ ਅਤੇ ਪਾਵੈਲ ਦਾ ਮਾਡਲ (Model of Political System G. A. Almond and Powell) : ਜੀ. ਏ. ਆਲਮੰਡ ਅਤੇ ਪਾਵੈਲ ਨੇ ਰਾਜਨੀਤਕ ਪ੍ਰਨਾਲ਼ੀ (Political System) ਦਾ ਅਧਿਐਨ ਢਾਂਚਾਗਤ-ਕਾਰਜਾਤਮਕ ਦ੍ਰਿਸ਼ਟੀਕੋਣ (Sturctural Functional Approach) ਤੋਂ ਕੀਤਾ ਹੈ। ਐਲਮੰਡ ਅਨੁਸਾਰ (ਸਾਰੀਆਂ) ਰਾਜਨੀਤਕ ਪ੍ਰਨਾਲ਼ੀਆ ਕੁਝ ਸੰਸਥਾਵਾਂ ਦੀਆਂ ਬਣਾਈਆਂ ਹੁੰਦੀਆਂ ਹਨ। ਰਾਜਨੀਤਕ ਪ੍ਰਨਾਲ਼ੀ ਦੇ ਢਾਂਚੇ ਜਾਂ ਸੰਸਥਾਵਾਂ ਆਪਣੇ ਕੁਝ ਵਿਸ਼ੇਸ਼ ਕਾਰਜ ਜੋ ਇੱਕ ਤੋਂ ਵੱਧ ਤਰ੍ਹਾਂ ਦੇ ਕਾਰਜ ਕਰਦੇ ਹਨ। ਰਾਜਨੀਤਕ ਪ੍ਰਨਾਲ਼ੀ ਆਪਣੀ ਰਾਜਨੀਤਕ ਸੱਭਿਆਚਾਰ ਜਿਹੜਾ ਪਰੰਪਰਾਗਤ ਤੇ ਆਧੁਨਿਕ ਤੱਤਾਂ ਦਾ ਮਿਸ਼ਰਣ ਹੁੰਦਾ ਹੈ, ਤੋਂ ਬਹੁਤ ਪ੍ਰਭਾਵਿਤ ਰਹਿੰਦੀ ਹੈ।

ਐਲਮੰਡ ਅਤੇ ਪਾਵੈਲ ਨੇ ਆਪਣੀ ਰਚਨਾ ਤੁਲਨਾਤਮਕ ਰਾਜਨੀਤੀ : ਇੱਕ ਵਿਕਾਸਾਤਮਕ ਦ੍ਰਿਸ਼ਟੀਕੋਣ-1966) (Comparative Politics : A Development Approach) ਵਿੱਚ ਰਾਜਨੀਤਕ ਪ੍ਰਨਾਲ਼ੀ ਦੇ ਸੱਤ ਕਾਰਜਾਂ ਦਾ ਵਰਣਨ ਕੀਤਾ ਜਿਹਨਾਂ ਨੂੰ ਨਿਵੇਸ਼ ਕਾਰਜਾਂ ਅਤੇ ਨਿਕਾਸ ਕਾਰਜਾਂ ਵਿਚ ਵਰਗੀਕਰਨ ਕੀਤਾ ਗਿਆ ਜੋ ਇਸ ਪ੍ਰਕਾਰ ਹਨ:-



ਐਲਮੰਡ ਅਤੇ ਪਾਵੈਲ ਦਾ ਰਾਜਨੀਤਕ ਪ੍ਰਨਾਲੀ ਦਾ ਮਾਡਲ

(ਓ) ਰਾਜਨੀਤਕ ਸਮਾਜੀਕਰਨ ਅਤੇ ਭਰਤੀ (Political Socialisation and Recuritment) : ਐਲਮੰਡ ਅਤੇ ਪਾਵੈਲ ਨੇ ਰਾਜਨੀਤਕ ਪ੍ਰਨਾਲ਼ੀ ਦਾ ਪਹਿਲਾ ਨਿਵੇਸ਼ ਕਾਰਜ ਰਾਜਨੀਤਕ ਸਮਾਜੀਕਰਨ ਅਤੇ ਭਰਤੀ ਨੂੰ ਮੰਨਿਆ ਗਿਆ ਹੈ।

ਰਾਜਨੀਤਕ ਸਮਾਜੀਕਰਨ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਰਾਜਨੀਤਕ ਪ੍ਰਨਾਲ਼ੀ ਦੇ ਰਾਜਨੀਤਕ ਸੱਭਿਆਚਾਰ ਬਾਰੇ ਲੋਕਾਂ ਨੂੰ ਸਿਖਾਇਆ ਜਾਂਦਾ ਹੈ ਅਤੇ ਰਾਜਨੀਤਕ ਸੱਭਿਆਚਾਰ ਲੋਕਾਂ ਦੇ ਰਾਜਨੀਤਕ ਵਿਹਾਰ, ਸੋਚਣ ਦੇ ਢੰਗਾਂ, ਅਤੇ ਨਜ਼ਰੀਏ ਨੂੰ ਢਾਲਣ ਦਾ ਯਤਨ ਕੀਤਾ ਜਾਂਦਾ ਹੈ। ਲੋਕਾਂ ਦੇ ਮਨਾਂ ਵਿਚ ਰਾਸ਼ਟਰ (ਰਾਜਨੀਤਕ ਪ੍ਰਨਾਲ਼ੀ) ਪ੍ਰਤੀ ਪਿਆਰ, ਲਗਨ, ਵਫ਼ਾਦਾਰੀ, ਤਿਆਗ ਦੀ ਭਾਵਨਾ, ਕਰੱਤਵਾਂ ਪ੍ਰਤੀ ਦ੍ਰਿੜ੍ਹਤਾ ਜਿਹੇ ਗੁਣਾਂ ਨੂੰ ਭਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਰਾਜਨੀਤਕ ਪ੍ਰਨਾਲ਼ੀ ਦੇ ਕਨੂੰਨਾਂ, ਸੰਵਿਧਾਨ ਅਤੇ ਨਿਯਮਾਂ ਦੀ ਪਾਲਣਾ ਕਰਨਾ ਸਿਖਾਇਆ ਜਾਂਦਾ ਹੈ ਅਤੇ ਰਾਜਨੀਤਕ ਸੂਚਨਾਵਾਂ ਅਤੇ ਜਾਣਕਾਰੀਆਂ ਦਾ ਲੋਕਾਂ ਵਿਚ ਪ੍ਰਚਾਰ ਕੀਤਾ ਜਾਂਦਾ ਹੈ। ਭਾਵ ਲੋਕਾਂ ਦੇ ਕਿਰਦਾਰਾਂ ਨੂੰ ਰਾਜਨੀਤਕ ਪ੍ਰਨਾਲ਼ੀ ਵਿਚ ਭੂਮਿਕਾਵਾਂ ਨਿਭਾਉਣ ਲਈ ਤਿਆਰ ਕੀਤਾ ਜਾਂਦਾ ਹੈ। ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਵਿਅਕਤੀ ਸਰਕਾਰੀ ਕਨੂੰਨਾਂ, ਆਦੇਸ਼ਾਂ, ਫ਼ੈਸਲਿਆਂ ਆਦਿ ਦਾ ਸਨਮਾਨ ਕਰਨਾ ਵੀ ਸਿੱਖਦਾ ਹੈ। ਸਧਾਰਨ ਸ਼ਬਦਾਂ ਵਿਚ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਦੁਆਰਾ ਲੋਕਾਂ ਨੂੰ ਰਾਜਨੀਤਕ ਕਰਤਿਆਂ (ਰਸਮੀ ਢਾਂਚਿਆਂ ਦੇ ਮੈਂਬਰਾਂ ਜਾਂ ਗ਼ੈਰ ਰਸਮੀ ਢਾਂਚਿਆਂ ਦੇ ਮੈਂਬਰ) ਦੇ ਅਹੁਦਿਆਂ ਉਤੇ ਭੂਮਿਕਾਵਾਂ ਨਿਭਾਉਣ ਲਈ ਰਾਜਨੀਤਕ ਪ੍ਰਕਿਰਿਆਵਾਂ ਵਿਚ ਭਰਤੀ ਕਰਨ ਦਾ ਯਤਨ ਕੀਤਾ ਜਾਂਦਾ ਹੈ। ਰਾਜਨੀਤਕ ਸਮਾਜੀਕਰਨ ਅਤੇ ਭਰਤੀ ਦਾ ਮੁੱਖ ਕੰਮ ਪਰਿਵਾਰ, ਸਿੱਖਿਆ ਸੰਸਥਾਵਾਂ, ਰਾਜਨੀਤਕ ਦਲ, ਜਲ ਸੰਚਾਰ ਦੇ ਸਾਧਨ ਮੁੱਖ ਤੌਰ 'ਤੇ ਕਰਦੇ ਹਨ।

ਨਿਵੇਸ਼ ਕਾਰਜ ਰਾਜਨੀਤਕ ਸਮਾਜੀਕਰਨ ਅਤੇ ਭਰਤੀ ਰਾਜਨੀਤਕ ਪ੍ਰਨਾਲ਼ੀ ਦੇ ਢਾਂਚੇ ਪਰਿਵਾਰ, ਸਿੱਖਿਆ ਸੰਸਥਾਵਾਂ, ਜਨ ਸੰਚਾਰ ਸਾਧਨ, ਪੀਅਰ ਗਰੁੱਪ ਰਾਜਨੀਤਕ ਦਲ, ਸੋਸ਼ਲ ਮੀਡੀਆ

(ਅ) ਹਿੱਤ ਸਪੱਸ਼ਟੀਕਰਨ ਤੇ ਹਿੱਤ ਸਮੂਹ/ਦਬਾਅ ਸਮੂਹ ਦੀ ਭੂਮਿਕਾ (Interest Articulation and Role of Interest group Pressure group) : ਐਲਮੰਡ ਅਤੇ ਪਾਵੈਲ ਦੁਆਰਾ ਰਾਜਨੀਤਕ ਪ੍ਰਨਾਲ਼ੀ ਦਾ ਦੂਸਰਾ ਨਿਵੇਸ਼ ਕਾਰਜ ਹਿੱਤ ਸਪੱਸ਼ਟੀਕਰਨ ਨੂੰ ਦੱਸਿਆ ਹੈ। ਸਮਾਜ ਵਿਚ ਹਰ ਇੱਕ ਵਿਅਕਤੀ ਦੀਆਂ ਹਜ਼ਾਰਾਂ ਹੀ ਨਿੱਜੀ (ਵਿਅਕਤੀਗਤ) ਤੌਰ 'ਤੇ ਮੰਗਾਂ, ਇੱਛਾਵਾਂ ਅਤੇ ਸਮੱਸਿਆਵਾਂ ਹੋ ਸਕਦੀਆਂ ਹਨ। ਹਰ ਵਿਅਕਤੀ ਦੀ ਮੰਗ (Demands) ਜਾਂ ਇੱਛਾਵਾਂ ਉਤੇ ਰਾਜਨੀਤਕ ਪ੍ਰਨਾਲ਼ੀ ਦੀਆਂ ਨੀਤੀਆਂ ਜਾਂ ਕਨੂੰਨ ਬਣਾਉਣ ਸੰਭਵ ਨਹੀਂ ਕਿਉਂਕਿ ਇੱਕ ਤਾਂ ਇਹਨਾਂ ਮੰਗਾਂ ਨੂੰ ਪੂਰਾ ਕਰਨ ਵਾਲੇ ਕੁਦਰਤੀ ਅਤੇ ਹੋਰ ਸਾਧਨਾਂ ਦੀ ਘਾਟ ਹੈ ਅਤੇ ਦੂਸਰਾਂ ਇਹਨਾਂ ਉਤੇ ਨੀਤੀਆਂ ਰਾਜਨੀਤਕ ਪ੍ਰਨਾਲੀ ਦੀ ਕਾਰਜਸ਼ੀਲਤਾ ਨੂੰ ਗੁੰਝਲਦਾਰ ਬਣਾ ਦੇਣਗੀਆਂ।

ਇਸ ਲਈ ਲੋਕਾਂ ਦੁਆਰਾ ਇੱਕਠੇ ਹੋ ਕੇ ਸਮੂਹ ਬਣਾ ਕੇ ਆਪਣੀਆਂ ਸਾਂਝੀਆਂ ਮੰਗਾਂ ਜਾਂ ਸਮੱਸਿਆਵਾਂ ਨੂੰ ਸੱਪਸ਼ਟ ਤੌਰ 'ਤੇ ਤਰਜੀਹਾਂ ਦਿੱਤੀਆਂ ਜਾਂਦੀਆਂ ਹਨ। ਇਸੇ ਪ੍ਰਕਿਰਿਆ ਨੂੰ ਹਿੱਤ ਸੱਪਸ਼ਟੀਕਰਨ ਦਾ ਨਾਂ ਐਲਮੰਡ ਤੇ ਪਾਵੈਲ ਨੇ ਦਿੱਤਾ ਹੈ। ਲੋਕ ਦੁਆਰਾ ਸਾਂਝੀਆਂ ਮੰਗਾਂ, ਉਦੇਸ਼ਾਂ ਅਤੇ ਹਿੱਤਾਂ ਨੂੰ ਲੈ ਕੇ ਜੋ ਸਮੂਹ ਬਣਾਏ ਜਾਂਦੇ ਹਨ ਉਹ ਸਮੂਹਾਂ ਨੂੰ ਹੀ ਹਿੱਤ ਸਮੂਹ ਕਹਿੰਦੇ ਹਨ। ਇਹ ਹਿੱਤ ਸਮੂਹ ਜਦੋਂ ਆਪਣੇ ਹਿੱਤਾਂ ਜਾਂ ਉਦੇਸ਼ ਲਈ ਸਰਕਾਰ 'ਤੇ ਨੀਤੀਆਂ, ਕਨੂੰਨ ਅਤੇ ਫ਼ੈਸਲੇ ਲੈਣ ਲਈ ਵੱਖ-ਵੱਖ ਸਾਧਨਾਂ (ਬਿਨੈ-ਪੱਤਰ, ਧਾਰਨਿਆਂ, ਮੁਜ਼ਾਹਰਿਆਂ, ਪ੍ਰਦਰਸ਼ਨਾਂ, ਰੈਲੀਆਂ, ਹੜਤਾਲਾਂ, ਸੰਚਾਰ ਸਾਧਨ ਆਦਿ) ਰਾਹੀਂ ਦਬਾਅ ਪਾਉਂਦੇ ਹਨ ਤਾਂ ਉਹਨਾਂ ਹਿੱਤ ਸਮੂਹਾਂ ਨੂੰ ਹੀ ਦਬਾਅ ਸਮੂਹ ਕਹਿੰਦੇ ਹਨ। ਇਹ ਹਿੱਤ ਸਮੂਹ ਜਾਂ ਦਬਾਅ ਸਮੂਹ ਰਾਜਨੀਤਕ ਪ੍ਰਨਾਲ਼ੀ ਨੂੰ ਨੀਤੀਆਂ ਅਤੇ ਜਨਤਕ ਫ਼ੈਸਲੇ ਲੈਣ ਵਿਚ ਕੱਚੇ ਮਾਲ ਦੇ ਰੂਪ ਵਿਚ ਮੰਗਾਂ। ਸਮੱਸਿਆਵਾਂ ਦੀ ਸਮੱਗਰੀ ਪ੍ਰਦਾਨ ਕਰਦੇ ਹਨ। ਚੋਣਾਂ ਵਿਚ ਕਿਸੇ ਰਾਜਨੀਤਕ ਦਲ ਦੇ ਉਮੀਦਵਾਰ ਦੇ ਪੱਖ ਵਿਚ ਪ੍ਰਚਾਰ ਵਿਚ ਮਦਦ ਕਰਦੇ ਹਨ ਅਤੇ ਚੋਣਾਂ ਵਿਚ ਰਾਜਨੀਤਕ ਦਲਾਂ ਨੂੰ ਧਨ ਦੇ ਰੂਪ ਵਿਚ ਵੀ ਸਮਰਥਨ ਕਰਦੇ ਹਨ।

(ਏ) ਹਿੱਤ ਸਮੂਹੀਕਰਨ ਅਤੇ ਰਾਜਨੀਤਕ ਦਲ (Interest Aggregation and Political Parties) : ਐਲਮੰਡ ਅਤੇ ਪਾਵੈਲ ਅਨੁਸਾਰ ਤੀਸਰਾ ਨਿਵੇਸ਼ ਕਾਰਜ ਹਿੱਤ ਸਮੂਹੀਕਰਨ ਹੈ, ਹਿੱਤ ਸਮੂਹੀਕਰਨ ਦੀ ਪ੍ਰਕਿਰਿਆ ਦਾ ਇੱਕ ਕਾਰਜ ਰਾਜਨੀਤਕ ਦਲਾਂ ਦੁਆਰਾ ਕੀਤਾ ਜਾਂਦਾ ਹੈ। ਹਿੱਤ ਸਮੂਹੀਕਰਨ ਦਾ ਅਰਥ ਵੱਖ-ਵੱਖ ਹਿੱਤ ਸਮੂਹਾਂ ਅਤੇ ਦਬਾਅ ਸਮੂਹਾਂ ਦੁਆਰਾ ਪੇਸ਼ ਕੀਤੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਇੱਕ ਨਿਯਮਬੱਧ ਅਤੇ ਨੀਤੀਗਤ (Policy Pattern) ਢੰਗ ਨਾਲ ਨੀਤੀਆਂ ਅਤੇ ਜਨਤਕ ਪ੍ਰੋਗਰਾਮਾਂ ਦੇ ਰੂਪ ਵਿਚ ਉਲੀਕਣਾ ਹੈ। ਇਹ ਨਿਵੇਸ਼ ਕਾਰਜ ਚੋਣਾਂ ਸਮੇਂ ਬਾਖ਼ੂਬੀ ਦਿਖਾਈ ਦਿੰਦਾ ਹੈ। ਜਦੋਂ ਚੋਣਾਂ ਵਿਚ ਰਾਜਨੀਤਕ ਦਲਾਂ ਦੇ ਉਮੀਦਵਾਰ ਵੋਟਾਂ ਮੰਗਣ ਲਈ ਘਰ-ਘਰ ਜਾਂ ਬਜ਼ਾਰਾਂ ਸ਼ਹਿਰ ਵਿਚ ਜਾਂਦੇ ਹਨ ਤਾਂ ਲੋਕ ਆਪਣੀਆਂ ਮੰਗਾਂ ਅਤੇ ਸਮੱਸਿਆਵਾਂ ਉਹਨਾਂ ਨੂੰ ਦਸਦੇ ਹਨ। ਰਾਜਨੀਤਕ ਦਲ ਫਿਰ ਉਹਨਾਂ ਮੰਗਾਂ ਐਤ ਸਮੱਸਿਆਵਾਂ ਦੇ ਹੱਲਾਂ ਨੂੰ ਤਰਜੀਹਾਂ ਦੇ ਕੇ ਆਪਣੇ ਚੋਣ ਵਾਅਦਿਆਂ ਦੇ ਪੱਤਰ (Pamphlet) ਅਤੇ ਚੋਣ ਮੈਨੀਫੈਸਟੋ (Election Manifesto) ਵਿਚ ਛਪਾਉਂਦੇ ਹਨ ਐਤ ਲੋਕਾਂ ਨੂੰ ਵਾਅਦੇ ਅਤੇ ਗਰੰਟੀਆਂ ਦਿੰਦੇ ਹਨ। ਜੇਕਰ ਅਜਿਹੇ ਰਾਜਨੀਤਕ ਦਲ ਚੋਣਾਂ ਵਿੱਚ ਜਿੱਤ ਕੇ

ਸੱਤ੍ਹਾ ਵਿਚ ਆਉਂਦੇ ਹਨ ਤਾਂ ਲੋਕਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦੇ ਹੱਲ ਨਾਲ ਸਬੰਧਤ ਨੀਤੀਆਂ ਅਤੇ ਜਨਤਕ ਫ਼ੈਸਲੇ ਲਏ ਜਾਂਦੇ ਹਨ।

(ਸ) ਰਾਜਨੀਤਕ ਸੰਚਾਰ (Political Communication) : ਰਾਜਨੀਤਕ ਸੰਚਾਰ, ਰਾਜਨੀਤਕ ਪ੍ਰਨਾਲ਼ੀ ਦਾ ਚੌਥਾ ਨਿਵੇਸ਼ ਕਾਰਜ ਹੈ। ਇਸ ਦਾ ਭਾਵ ਲੋਕਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦੀ ਸੂਚਨਾ ਅਤੇ ਜਾਣਕਾਰੀ ਸਰਕਾਰੀ ਅਤੇ ਜਨਤਕ ਫ਼ੈਸਲੇ ਲੈਣ ਵਾਲੇ ਰਸਮੀ ਢਾਂਚਿਆਂ ਤੱਕ ਪਹੁੰਚਣਾ ਅਤੇ ਸਰਕਾਰ ਦੇ ਫ਼ੈਸਲਿਆਂ ਦਾ ਲੋਕਾਂ ਤੱਕ ਪਹੁੰਚਣਾ ਵੀ ਰਾਜਨੀਤਕ ਸੰਚਾਰ ਦੀ ਪ੍ਰਕਿਰਿਆ ਰਾਹੀਂ ਹੀ ਸੰਭਵ ਹੋ ਸਕਦਾ ਹੈ। ਸੰਚਾਰ ਦਾ ਮਤਲਬ ਸੂਚਨਾਵਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ।

ਰਾਜਨੀਤਕ ਸੰਚਾਰ ਦੇ ਮੁੱਖ ਸਾਧਨ ਅਖ਼ਬਾਰ, ਟੀ. ਵੀ., ਰੇਡਿਉ, ਸ਼ੋਸ਼ਲ ਮੀਡੀਆਂ, ਮੰਗ ਪੱਤਰਾਂ ਰਾਹੀਂ ਬਿਨੈ ਪੱਤਰ ਆਦਿ ਹਨ।

ਨਿਕਾਸ ਕਾਰਜ
(Output Fucntions)

ਨਿਯਮ ਨਿਰਮਾਣ ਦਾ ਕਾਰਜ (Rule Making Function) : ਐਲਮੰਡ ਅਤੇ ਪਾਵੈਲ ਅਨੁਸਾਰ ਨਿਯਮ ਨਿਰਮਾਣ ਦਾ ਕਾਰਜ ਮੁੱਖ ਤੌਰ ਤੇ ਵਿਧਾਨਪਾਲਿਕਾ ਜਿਹੇ ਰਸਮੀ ਢਾਂਚਿਆਂ ਦੁਆਰਾ ਕੀਤਾ ਜਾਂਦਾ ਹੈ। ਇਸ ਨਿਕਾਸ ਵਿਚ ਲੋਕਾਂ ਦੀਆਂ ਪੇਸ਼ ਕੀਤੀਆਂ ਮੰਗਾਂ ਜਾਂ ਸਮੱਸਿਆਵਾਂ ਨਾਲ ਸਬੰਧਤ ਨੀਤੀਆਂ ਅਤੇ ਨਿਯਮ ਬਣਾਏ ਜਾਂਦੇ ਹਨ। ਵਿਧਾਨਪਾਲਿਕਾ ਦੇ ਨਾਲ-ਨਾਲ ਕਾਰਜਪਾਲਿਕਾਵਾਂ ਦੇ ਆਦੇਸ਼ (Orders) ਤੇ ਰਾਸ਼ਟਰਪਤੀ/ਰਾਜਪਾਲ ਦੁਆਰਾ ਜਾਰੀ ਅਧਿਆਦੇਸ਼ (Ordinances) ਵੀ ਕਨੂੰਨ/ ਨਿਯਮ ਨਿਰਮਾਣ ਦਾ ਕਾਰਜ ਕਰਦੇ ਹਨ। ਸਰਵ ਉਚ ਅਦਾਲਤ/ਉਚ ਅਦਾਲਤਾਂ ਵਲੋਂ ਸੁਣਾਏ ਗਏ ਫ਼ੈਸਲੇ ਦੀ ਰਾਜਨੀਤਕ ਪ੍ਰਨਾਲ਼ੀ ਦੀ ਨਿਯਮ ਨਿਰਮਾਣ ਕਾਰਜ ਵਿਚ ਸਹਾਇਕ ਹੁੰਦੇ ਹਨ।

ਨਿਯਮਾਂ ਨੂੰ ਲਾਗੂ ਕਰਨਾ (Rule-Application) : ਰਾਜਨੀਤਕ ਦਲ ਪ੍ਰਨਾਲ਼ੀ ਦਾ ਨਿਕਾਸ ਕਾਰਜ ਕੇਵਲ ਨਿਯਮ ਨਿਰਮਾਣ ਤੱਕ ਹੀ ਸੀਮਤ ਨਹੀਂ, ਸਗੋਂ ਰਾਜਨੀਤਕ ਪ੍ਰਨਾਲ਼ੀ ਦੇ ਬਣਾਏ ਕਨੂੰਨ ਤੇ ਨਿਯਮਾਂ ਨੂੰ ਵਾਸਤਵਿਕ ਰੂਪ ਵਿਚ ਲਾਗੂ ਕਰਨਾ ਹੀ ਹੁੰਦਾ ਹੈ। ਲੋਕ ਹਿੱਤ ਜਾਂ ਪ੍ਰਸ਼ਾਸਨਕ ਚਲਾਉਣ ਲਈ ਜੋ ਵੀ ਨੀਤੀਆਂ ਬਣਾਈਆਂ ਜਾਂਦੀਆਂ ਹਨ ਉਹਨਾਂ ਨੂੰ ਰਾਜਨੀਤਕ ਕਾਰਜਪਾਲਿਕਾ (ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਮੰਤਰੀ ਪ੍ਰੀਸ਼ਦ ਆਦਿ) ਅਤੇ ਸਥਾਈ ਕਾਰਜਪਾਲਿਕਾ (ਨੌਕਰਸ਼ਾਹੀ, ਸਰਕਾਰੀ ਅਧਿਕਾਰੀ) ਦੁਆਰਾ ਲਾਗੂ ਕੀਤਾ ਜਾਂਦਾ ਹੈ।

ਨਿਯਮਾਂ ਅਨੁਸਾਰ ਨਿਆਂ ਕਰਨਾ (Rule Adjuction) : ਨਿਯਮਾਂ ਅਨੁਸਾਰ ਨਿਆਂ ਕਰਨ ਦਾ ਨਿਕਾਸ ਕਾਰਜ ਨਿਆਂਪਾਲਿਕਾ ਵਰਗੇ ਰਾਜਨੀਤਕ ਪ੍ਰਨਾਲ਼ੀ ਦੇ ਢਾਂਚੇ ਕਰਦੇ ਹਨ। ਰਾਜਨੀਤਕ ਪ੍ਰਨਾਲ਼ੀ ਦੇ ਸਾਰੇ ਢਾਂਚਿਆਂ ਦੁਆਰਾ ਮਿਲ ਕੇ ਨੀਤੀਆਂ ਬਣਾਈਆਂ ਅਤੇ ਕਨੂੰਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਰਾਜਨੀਤਕ ਪ੍ਰਨਾਲ਼ੀ ਦੇ ਢਾਂਚਿਆਂ ਦੀ ਕੰਮ ਦੀ ਪ੍ਰਕਿਰਿਆ ਵੀ ਸੰਵਿਧਾਨ ਦੇ ਨਿਯਮਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ। ਇਸ ਲਈ ਨਿਯਮਾਂ ਅਤੇ ਕਨੂੰਨ ਜਾਂ ਸੰਵਿਧਾਨ ਦੀ ਰਾਖੀ ਨਿਆਂਪਾਲਿਕਾ ਦੁਆਰਾ ਕੀਤੀ ਜਾਂਦੀ ਹੈ। ਲੋਕਾਂ ਲਈ ਨਿਆਂ ਦੀ ਵਿਵਸਥਾ ਕਰਨਾ ਦੀ ਨਿਆਂਪਾਲਿਕਾ ਦਾ ਨਿਕਾਸ ਕਾਰਜ ਹੈ। ਇਸ ਲਈ ਜੇਕਰ ਰਾਜਨੀਤਕ ਪ੍ਰਨਾਲ਼ੀ ਦੇ ਹੋਰ ਢਾਂਚਿਆਂ ਦੁਆਰਾ ਨਿਯਮਾਂ ਜਾਂ ਸੰਵਿਧਾਨ ਦੀ ਉਲੰਘਣਾ ਹੋਵੇ ਜਾਂ ਵਿਧਾਨਪਾਲਕਾ ਅਤੇ ਕਾਰਜਪਾਲਿਕਾ ਦੇ ਬਣਾਏ ਕਨੂੰਨਾਂ ਅਤੇ ਜਾਰੀ ਆਦੇਸ਼ਾਂ ਅਨਿਆਂਪੂਰਨ ਹੋਣ ਭਾਵ ਲੋਕ ਲਈ ਉੱਚਿਤ ਨਾ ਹੋਣ ਤਾਂ ਨਿਆਂਪਾਲਿਕਾ ਨਿਯਮਾਂ ਅਨੁਸਾਰ ਨਿਆਂ ਕਰਨ ਦਾ ਨਿਕਾਸ ਕਾਰਜ ਕਰਦੀ ਹੈ।

ਰਾਜਨੀਤਕ ਪ੍ਰਨਾਲ਼ੀ ਦੇ ਮਾਡਲਾਂ ਦੀ ਮਹੱਤਤਾ (Importance of Political System's models) : ਡੇਵਿਡ ਈਸਟਨ ਅਤੇ ਐਲਮੰਡ ਦੇ ਰਾਜਨੀਤਕ ਪ੍ਰਨਾਲ਼ੀ ਦੇ ਮਾਡਲ ਤੁਲਨਾਤਮਕ ਰਾਜਨੀਤੀ ਲਈ ਬਹੁਤ ਮਹੱਤਵਪੂਰਨ ਹਨ। ਦੋਵੇ ਮਾਡਲ ਰਾਜਨੀਤਕ ਪ੍ਰਨਾਲ਼ੀ ਦੇ ਵੱਖ-ਵੱਖ ਰਸਮੀ ਢਾਂਚਿਆਂ ਅਤੇ ਗ਼ੈਰ ਰਸਮੀ ਢਾਂਚਿਆਂ ਦੀ ਬਣਤਰ ਅਤੇ ਉਹਨਾਂ ਦੀ ਕਾਰਜਸ਼ੀਲਤਾ (Functioning) ਦੀ ਵਿਆਖਿਆ ਆਪੋ-ਆਪਣੇ ਡੰਗ ਨਾਲ ਕਰਦੇ ਹਨ। ਦੋ ਮਾਡਲਾਂ ਵਿਚ ਸਾਂਝ ਹੈ ਕਿ ਰਾਜਨੀਤਕ ਪ੍ਰਨਾਲ਼ੀ ਦੇ ਨਿਵੇਸ਼ ਕਾਰਜਾਂ (Demands/Inputs) ਅਤੇ ਨਿਕਾਸ ਕਾਰਜ਼ਾਂ (Ouptuts/Decisions) ਨੂੰ ਇਕੋ ਜਿਹੀ ਭਾਸ਼ਾ ਵਿੱਚ ਇਸ ਪੱਖ ਤੇ ਵੀ ਜ਼ੋਰ ਦਿੱਤਾ ਗਿਆ ਹੈ। ਰਾਜਨੀਤਕ ਪ੍ਰਨਾਲ਼ੀ ਵਿਚ ਅੰਦੂਰਨੀ ਵਾਤਾਵਰਨ ਅਤੇ ਬਾਹਰੀ ਵਾਤਾਵਰਨ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਪ੍ਰਨਾਲ਼ੀ ਦੀ ਧਾਰਨਾ ਮੁੱਖ ਰੂਪ ਵਿੱਚ ਕਿਸ ਵਿਸ਼ੇ ਵਿੱਚੋਂ ਲਈ ਗਈ ਹੈ ?

(i) ਬਨਸਪਤੀ ਵਿਗਿਆਨ (ii) ਜੀਵ ਵਿਗਿਆਨ

(iii) ਭੌਤਿਕ ਵਿਗਿਆਨ (iv) ਰਸਾਇਣ ਵਿਗਿਆਨ

ਅ. ਰਾਜਨੀਤਕ ਪ੍ਰਨਾਲ਼ੀ ਨੂੰ ਕਿਸ ਤਰ੍ਹਾਂ ਦਾ ਵਾਤਾਵਰਨ ਪ੍ਰਭਾਵਿਤ ਕਰਦਾ ਹੈ ?

(i) ਅੰਦਰੂਨੀ ਵਾਤਾਵਰਣ (ii) ਬਾਹਰੀ ਵਾਤਾਵਰਣ

(iii) ਸ਼ੁੱਧ ਵਾਤਾਵਰਣ (iv) ਅੰਦਰੂਨੀ ਅਤੇ ਬਾਹਰੀ ਵਾਤਾਵਰਣ

ੲ. ਰਾਜਨੀਤਕ ਪ੍ਰਨਾਲ਼ੀ ਦਾ ਗੈਰ-ਰਸਮੀ ਢਾਂਚੇ ਇੰਨ੍ਹਾਂ ਵਿੱਚੋਂ ਕਿਹੜਾ ਨਹੀਂ ਹੈ ?

(i) ਵਿਧਾਨਪਾਲਿਕਾ (ii) ਚੋਣ ਕਮਿਸ਼ਨ

(iii) ਨੌਕਰਸ਼ਾਹੀ (iv) ਧਾਰਮਿਕ ਸਮੂਹ

ਸ. ਰਾਜਨੀਤਕ ਪ੍ਰਨਾਲ਼ੀ ਦੇ ਕਿਸੇ ਇੱਕ ਰਸਮੀ ਢਾਂਚੇ ਦਾ ਨਾਂ ਲਿਖੋ।

ਹ. ਰਾਜਨੀਤਕ ਪ੍ਰਨਾਲ਼ੀ ਦਾ ਕੋਈ ਇੱਕ ਨਿਵੇਸ਼ ਕਾਰਜ ਲਿਖੋ।

ਕ. ਰਾਜਨੀਤਕ ਪ੍ਰਨਾਲ਼ੀ ਦਾ ਕੋਈ ਇੱਕ ਨਿਕਾਸ ਕਾਰਜ ਲਿਖੋ।

ਖ. ਰਾਜਨੀਤਕ ਪ੍ਰਨਾਲ਼ੀ ਦੀ ਧਾਰਨਾ ਦਾ ਜਨਮਦਾਤਾ ਕੌਣ ਹੈ ?

ਗ. ਆਲਮੰਡ ਅਤੇ ਪਾਵਲ ਅਨੁਸਾਰ ਰਾਜਨੀਤਕ ਪ੍ਰਨਾਲ਼ੀ ਦਾ ਕੋਈ ਇੱਕ ਕੰਮ ਲਿਖੋ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਰਾਜਨੀਤਕ ਅਤੇ ਪ੍ਰਨਾਲ਼ੀ ਸ਼ਬਦ ਤੋਂ ਕੀ ਭਾਵ ਹੈ ?

ਅ. ਰਾਜਨੀਤਕ ਪ੍ਰਨਾਲ਼ੀ ਦੀ ਪਰਿਵਰਤਕ ਪ੍ਰਕਿਰਿਆ ਤੋਂ ਕੀ ਭਾਵ ਹੈ ?

ੲ. ਫੀਡ ਬੈਂਕ ਲੂਪ ਵਿਵਸਥਾ ਦੀ ਵਿਆਖਿਆ ਕਰੋ।

ਸ. ਰਾਜਨੀਤਕ ਸੰਚਾਰ ਅਤੇ ਹਿੱਤ ਸਮੂਹੀਕਰਨ ਬਾਰੇ ਲਿਖੋ।

ਹ. ਹਿੱਤ ਸਪਸ਼ਟੀਕਰਨ ਅਤੇ ਦਬਾਅ ਸਮੂਹ ਬਾਰੇ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਡੇਵਿਡ ਈਸਟਨ ਅਨੁਸਾਰ ਰਾਜਨੀਤਕ ਪ੍ਰਨਾਲ਼ੀ ਦੇ ਕੰਮਾਂ ਦਾ ਵਰਨਣ ਕਰੋ।

ਅ. ਆਲਮੰਡ ਦੁਆਰਾ ਰਾਜਨੀਤਕ ਪ੍ਰਨਾਲ਼ੀ ਦੇ ਕਿਹੜੇ ਕੰਮਾਂ ਦੀ ਵਿਆਖਿਆ ਕੀਤੀ ਗਈ ਹੈ ?

ੲ. ਰਾਜਨੀਤਕ ਪ੍ਰਨਾਲ਼ੀ ਦਾ ਅਰਥ ਅਤੇ ਵਿਸ਼ੇਸ਼ਤਾਵਾਂ ਲਿਖੋ।

5

ਲੋਕ-ਮੱਤ ; ਭੂਮਿਕਾ ਅਤੇ ਸਾਧਨ (ਏਜੰਟ)

[Public Opinion ; Role and Means (Agents)]

ਰਾਜਨੀਤਕ ਕਾਰਜ ਖੇਤਰ ਦਾ ਪਸਾਰ ਜਨਤਕ ਮੁੱਦਿਆਂ ਤੋਂ ਲੈ ਕੇ ਨਿੱਜੀ (ਸੌਂੜੇ) ਹਿੱਤਾਂ ਤੱਕ ਵੀ ਹੋ ਸਕਦਾ ਹੁੰਦਾ ਹੈ। ਵਿਅਕਤੀ ਦੇ ਹਿੱਤ ਅਤੇ ਵਿਅਕਤੀਆਂ ਦੇ ਸਮੂਹਾਂ ਦੇ ਹਿੱਤ, ਰਾਜਨੀਤਕ ਮੁੱਦਿਆਂ, ਰਾਜਨੀਤਕ ਪ੍ਰਕਿਰਿਆਵਾਂ (Political Processes) ਅਤੇ ਰਾਜਨੀਤਕ ਘਟਨਾਵਾਂ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੁੰਦੇ ਹਨ। ਰਾਜਨੀਤਕ ਪ੍ਰਨਾਲ਼ੀ ਵਿੱਚ ਕਈ ਵਾਰ ਨਵੇਂ ਮੁੱਦੇ ਪੈਦਾ ਵੀ ਕੀਤੇ ਜਾਂਦੇ ਹਨ ਤਾਂ ਜੋ ਕੁੱਝ ਹੋਰ ਮਹੱਤਵਪੂਰਨ ਅਤੇ ਗੰਭੀਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਇਆ ਜਾ ਸਕੇ ਅਤੇ ਮੁੱਦਿਆਂ ਨੂੰ ਦੀ ਅਸਲੀਅਤ ਨੂੰ ਲੋਕਾਂ ਤੋਂ ਛੁਪਾਇਆ ਜਾ ਸਕੇ। ਇਸੇ ਲਈ ਜਨਤਕ ਅਤੇ ਲੋਕ ਮੁੱਦਿਆਂ (Public Issues) ਪ੍ਰਤੀ ਲੋਕਾਂ ਦਾ ਸੁਚੇਤ ਅਤੇ ਜਾਗਰੂਕ ਰਹਿਣਾ ਬਹੁਤ ਜ਼ਰੂਰੀ ਬਣ ਜਾਂਦਾ ਹੈ।

ਵਿਦਿਆਰਥੀ ਜੀਵਨ ਵਿੱਚ ਪੜ੍ਹਨ-ਸਿੱਖਣ ਦੌਰਾਨ ਕਦੇ-ਕਦੇ ਸਮਾਜ ਦੇ ਕਈ ਗੰਭੀਰ ਮੁੱਦਿਆਂ ਅਤੇ ਸਮੱਸਿਆਵਾਂ ਬਾਰੇ ਜਾਣਕਾਰੀ ਤੇ ਫ਼ਿਕਰ ਮਨਾਂ ਵਿੱਚ ਪੈਦਾ ਹੁੰਦਾ ਹੈ। ਫਿਰ ਆਪਣੇ ਅਧਿਆਪਕਾਂ ਤੋਂ ਪੁੱਛਣ ਲਈ ਵਿਭਿੰਨ ਤਰ੍ਹਾਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਬਾਰੇ ਸਵਾਲ ਮਨਾਂ ਵਿੱਚ ਪੈਦਾ ਹੁੰਦੇ ਹਨ।



ਲੋਕਮਤ ਵਿੱਚ ਲੋਕਾਂ ਦੀ ਵੱਖੋ-ਵੱਖਰੀ ਰਾਏ ਨੂੰ ਪ੍ਰਗਟਾਉਂਦੀ ਤਸਵੀਰ

ਕੌਮੀ ਪੱਧਰ 'ਤੇ ਵੱਖ-ਵੱਖ ਸੂਬਿਆਂ ਦੀਆਂ ਆਪਣੀਆਂ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਸਮੱਸਿਆਵਾਂ ਹੁੰਦੀਆਂ ਹਨ। ਇਸੇ ਤਰ੍ਹਾਂ ਪੰਜਾਬ ਵੀ ਅਜਿਹੇ ਹੀ ਗੰਭੀਰ ਮੁੱਦਿਆਂ ਅਤੇ ਸਮੱਸਿਆਵਾਂ ਨਾਲ ਉਲਝਿਆ ਹੋਇਆ ਹੈ। ਇਹਨਾਂ ਮੁੱਦਿਆਂ ਵਿਚ ਨਸ਼ਾਖੋਰੀ (ਸੰਥੈਟਿਕ ਡਰੱਗ/ਚਿੱਟਾ, ਹੈਰੋਇਨ) ਤੇ ਸ਼ਰਾਬਖੋਰੀ ਆਦਿ, ਬੇਰੁਜ਼ਗਾਰੀ 'ਗੈਂਗਸਟਰ ਕਾਰਵਾਈਆਂ ਦਾ ਵੱਧਦਾ ਦਬਦਬਾ, ਜ਼ਮੀਨੀ ਪੱਧਰ 'ਤੇ ਪਾਣੀ ਦਾ ਘਟੱਦਾ ਪੱਧਰ, ਪੰਜਾਬ ਦੇ ਦਰਿਆਵਾਂ ਦਾ ਰਿਪੇਰੀਅਨ ਸਿਧਾਂਤ ਦੇ ਉਲਟ ਗੈਰ ਰਿਪੇਰੀਅਨ ਸੂਬਿਆਂ ਨੂੰ ਜਾਂਦੇ ਮਿਲੀਅਨਾਂ ਹੈਕਟੇਅਰ ਫੁੱਟ ਪਾਣੀ ਦਾ ਮੁਫ਼ਤ ਵਹਾਅ, ਬੇਰੁਜ਼ਗਾਰੀ ਕਾਰਨ ਪੰਜਾਬੀ ਜਵਾਨੀ ਦਾ ਵੱਧਦਾ ਪ੍ਰਵਾਸ, ਦਿਨੋ-ਦਿਨ ਮਰ ਰਹੀ ਕਿਸਾਨੀ, ਮਹਿੰਗਾਈ ਆਦਿ ਨੇ ਪੰਜਾਬ ਦੀ ਰਾਜਨੀਤੀ ਤੇ ਸਮਾਜਿਕ-ਆਰਥਿਕ ਜੀਵਨ ਨੂੰ ਕਾਫ਼ੀ ਉਥੱਲ ਪੁੱਥਲ ਕੀਤਾ ਹੋਇਆ ਹੈ।

ਇਸ ਤੋਂ ਇਲਾਵਾ ਆਰਥਿਕ ਪੱਖ ਤੋਂ, ਜਲੰਧਰ ਦੇ ਮਸ਼ਹੂਰ ਖੇਡਾਂ ਦੇ ਸਮਾਨ ਦੇ ਉਦਯੋਗ, ਪੰਜਾਬ ਦਾ ਮਨਚੈਸਟਰ ਕਹਾਉਂਦੇ ਲੁਧਿਆਣਾ ਸ਼ਹਿਰ ਦਾ ਕੱਪੜਾ ਉਦਯੋਗ ਅਤੇ ਗੋਬਿੰਦਗੜ ਦਾ ਲੋਹਾ ਇਸਪਾਤ ਢਲਾਈ ਉਦਯੋਗ ਦਾ ਕਮਜ਼ੋਰ ਤੇ

ਖ਼ਸਤਾ ਹਾਲਾਤ ਦਾ ਸਾਹਮਣਾ ਕਰਨਾ ਅਤੇ ਪੰਜਾਬ ਵਿਚ ਛੋਟੇ ਘਰੇਲੂ ਉਦਯੋਗਾਂ ਦੀ ਗਿਣਤੀ ਵੀ ਹੋਰ ਸੂਬਿਆਂ ਦੇ ਮੁਕਾਬਲਤਨ ਨਾਂ ਮਾਤਰ ਰਹਿ ਜਾਣਾ ਪ੍ਰਮੁੱਖ ਮੁੱਦੇ ਹਨ। ਬੋਲੀ ਦੇ ਆਧਾਰ 'ਤੇ ਬਣੇ ਸੂਬਿਆਂ ਦੇ ਬਾਵਜੂਦ ਪੰਜਾਬੀ ਮਾਂ – ਬੋਲੀ ਦੇ ਅਧਾਰ 'ਤੇ ਸੂਬਾ ਸੰਨ 1947 ਜਾਂ 1956 ਵਿੱਚ ਨਹੀਂ ਸਗੋਂ ਸੰਘਰਸ਼ ਤੇ ਸ਼ਹਾਦਤਾਂ ਦੇਣ ਮਗਰੋਂ ਸੰਨ 1966 ਵਿੱਚ ਹੋਂਦ ਵਿੱਚ ਆਇਆ ਜੋ ਕਿ ਪੰਜਾਬੀ ਨਾਲ ਜੁੜੀ ਅਣਖੀ ਪਛਾਣ ਲਈ ਆਪਣੇ ਸੁੰਘੜੇ ਪਸਾਰ ਕਾਰਨ, ਵੰਗਾਰ ਬਣਿਆ ਰਿਹਾ। ਪੰਜਾਬੀ ਸਿਰਫ਼ ਬੋਲੀ ਹੀ ਨਹੀਂ ਸਗੋਂ ਜੀਵਨ ਜਾਂਚ ਹੈ ਜਿਸਨੂੰ ਸਭ ਤੋਂ ਵੱਡੀ ਢਾਹ ਬੇਰੁਜ਼ਗਾਰੀ ਕਾਰਨ ਪੈਦਾ ਹੋਈ ਪਰਵਾਸ ਦੀ ਬਿਰਤੀ ਤੋਂ ਲੱਗੀ ਹੈ।

ਪੰਜਾਬ ਦਾ ਜਵਾਨੀ ਦੇ ਪਰਵਾਸ ਕਾਰਨ ਭਾਰਤ ਦੇ ਪੂਰਬੀ ਸੂਬਿਆਂ ਤੋਂ ਆਵਾਸ ਅਤੇ ਪੱਛਮੀਕਰਨ ਤੋਂ ਹੁੰਦੇ ਹੋਏ ਵਿਸ਼ਵੀਕਰਨ ਦੀ ਝੋਲੀ ਵਿੱਚ ਜਾ ਪੈਣ ਦੀ ਪ੍ਰਵਿਰਤੀ ਨੇ ਪੰਜਾਬ ਤੇ ਪੰਜਾਬੀਆਂ ਲਈ ਸਦੀਵੀ ਜਿਹੇ ਸੰਕਟ ਪੈਦਾ ਕੀਤੇ ਹਨ।

ਇਸੇ ਤਰ੍ਹਾਂ ਦੇ ਮੁੱਦਿਆਂ ਬਾਰੇ ਸੋਚਦੇ-ਸੋਚਦੇ ਲੋਕਾਂ ਦਾ ਵੱਖ-ਵੱਖ ਘਟਨਾਵਾਂ ਤੇ ਸਮੱਸਿਆਵਾਂ ਪ੍ਰਤੀ ਵਿਚਾਰ (thought) ਬਣਦਾ ਹੈ ਜੋ ਅੱਗੇ ਵੱਧ ਕੇ ਨਜ਼ਰੀਏ (vision) ਦਾ ਰੂਪ ਧਾਰਦਾ ਹੈ। ਲੋਕ ਆਪਣੀ ਰਾਇ ਰੱਖਣਾ ਸਿੱਖਦੇ ਹਨ। ਇਸ ਸਾਰੀ ਪ੍ਰਕਿਰਿਆ ਨੂੰ ਲੋਕ ਮੱਤ ਦਾ ਨਾਂ ਦਿੱਤਾ ਜਾਂਦਾ ਹੈ।

ਸਧਾਰਨ ਤੇ ਸੰਖੇਪ ਸ਼ਬਦਾਂ ਵਿੱਚ ਲੋਕਮੱਤ ਦਾ ਭਾਵ ਸਮਾਜ ਦੇ ਗੰਭੀਰ ਮੁੱਦਿਆਂ, ਸਮੱਸਿਆਵਾਂ ਅਤੇ ਘਟਨਾਵਾਂ ਪ੍ਰਤੀ ਲੋਕਾਂ ਦੇ ਵਿਚਾਰਾਂ ਅਤੇ ਰਾਇ ਤੋਂ ਹੈ। ਇਹਨਾਂ ਮੁੱਦਿਆਂ ਅਤੇ ਸਮੱਸਿਆਵਾਂ ਦਾ ਸਬੰਧ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ, ਵਾਤਾਵਰਨ ਆਦਿ ਪੱਖਾਂ ਨਾਲ ਹੋ ਸਕਦਾ ਹੈ। ਲੋਕਮੱਤ ਦਾ ਉਦੇਸ਼ ਜਨਤਕ ਭਲਾਈ (Public welfare) ਹੀ ਹੁੰਦਾ ਹੈ। ਲੋਕ-ਮੱਤ ਵਿਚ ਜੀਵਨ ਦੇ ਚਲੰਤ ਮਾਮਲਿਆਂ ਪ੍ਰਤੀ ਸਮਾਜ ਦੇ ਇਕ ਵਰਗ ਦੁਆਰਾ ਆਪਣੇ ਵਿਚਾਰ ਲਗਾਤਾਰ ਸਮਾਜ ਵਿਚ ਰੱਖੇ ਜਾਂਦੇ ਹਨ ਅਤੇ ਨਜ਼ਰੀਏ ਸਾਂਝੇ ਕੀਤੇ ਜਾਂਦੇ ਹਨ। ਇਹ ਵਿਚਾਰ (ਲੋਕਮਤ) ਕਿਸੇ ਵਿਅਕਤੀ ਦੇ ਉਪਰ ਜਬਰੀਂ ਥੋਪਿਆ ਨਹੀਂ ਹੁੰਦਾ ਸਗੋਂ ਸਹਿਜ ਭਾਵ ਨਾਲ ਸਵੈ-ਰੂਪ ਧਾਰਨ ਕਰਦਾ ਹੈ। ਲੋਕਮਤ ਦਾ ਬਹੁਗਿਣਤੀ ਅਤੇ ਕਿਸੇ ਖ਼ਾਸ ਸ਼ਖਸੀਅਤ ਦੇ ਵਿਚਾਰਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ ਸਗੋਂ ਇਹ ਤਾਂ ਤਰਕ ਅਧਾਰਤ, ਲੋਕ ਹਿੱਤਾਂ (People's Interests) ਪ੍ਰਤੀ ਲੋਕਾਂ ਦੀ ਆਮ ਸਹਿਮਤੀ (General agreement) ਨਾਲ ਬਣਦਾ ਹੈ ਅਤੇ ਲੋਕ-ਮੱਤ, ਲੋਕਾਂ ਦੀ ਸੁਤੰਤਰ ਰਾਇ ਹੁੰਦੀ ਹੈ।

ਲੋਕ-ਮੱਤ ਦੀ ਲੋਕਤੰਤਰੀ ਪ੍ਰਨਾਲ਼ੀ ਵਿਚ ਭੂਮਿਕਾ
(Role of Public Opinion in Democratic System)

(1) ਲੋਕਤੰਤਰ ਹੀ ਅਧਾਰ (Based on Democarcy) : ਲੋਕਤੰਤਰ ਵਿਚ ਸੰਵਿਧਾਨਿਕ ਸ਼ਕਤੀ ਦਾ ਸੋਮਾ ਲੋਕ ਹੁੰਦੇ ਹਨ ਅਤੇ ਹਰ ਸਰਕਾਰ ਲੋਕਾਂ ਦੁਆਰਾ ਹੀ ਚੁਣੀ ਜਾਂਦੀ ਹੈ। ਇਸ ਲਈ ਆਦਰਸ਼ ਅਨੁਸਾਰ ਸਰਕਾਰ ਦੀਆਂ ਨੀਤੀਆਂ ਦਾ ਉਦੇਸ਼ ਜਨਤਕ ਭਲਾਈ ਹੋਣਾ ਚਾਹੀਦਾ ਹੈ। ਲੋਕ-ਮੱਤ, ਸਰਕਾਰ ਨੂੰ ਵੱਖ-ਵੱਖ 'ਜਨਤਕ ਮੁੱਦਿਆਂ' ਉਤੇ ਗੰਭੀਰਤਾ ਨਾਲ ਫ਼ੈਸਲਾ ਕਰਨ ਲਈ ਦਬਾਅ ਦਾ ਕੰਮ ਕਰਦਾ ਹੈ। ਲੋਕ-ਮੱਤ, ਸਰਕਾਰ ਨੂੰ ਸੰਵਿਧਾਨਿਕ ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਪ੍ਰਸ਼ਾਸਨ ਚਲਾਉਣ ਲਈ ਵੀ ਪ੍ਰੇਰਿਤ ਕਰਦਾ ਅਤੇ ਸੰਵਿਧਾਨ ਅਤੇ ਲੋਕਾਂ ਪ੍ਰਤੀ ਜਵਾਬਦੇਹ ਵੀ ਬਣਾਉਂਦਾ ਹੈ।

(2) ਰਾਜਨੀਤਕ ਭਾਗੀਦਾਰੀ ਦਾ ਰੂਪ (Form of Political Participation) : ਲੋਕ-ਮੱਤ, ਲੋਕਤੰਤਰੀ ਪ੍ਰਨਾਲ਼ੀ ਵਿੱਚ ਰਾਜਨੀਤਕ ਭਾਗੀਦਾਰੀ/ਹਿੱਸੇਦਾਰੀ ਦੇ ਰੂਪ ਵਜੋਂ ਵੀ ਕਾਰਜ ਕਰਦਾ ਹੈ। ਦੇਸ਼ ਵਿੱਚ ਬਹੁਤ ਸਾਰੀਆਂ ਸਮਾਜਿਕ ਤੇ ਅਪਾਰਿਕ ਬੁਰਾਈਆਂ/ਸਮੱਸਿਆਵਾਂ ਹੁੰਦੀਆਂ ਹਨ। ਲੋਕ-ਮੱਤ ਦੁਆਰਾ ਅਜਿਹੀਆਂ ਸਮਾਜਿਕ ਸਮੱਸਿਆਵਾਂ ਤੇ ਮੁੱਦਿਆਂ (ਜਾਤੀਗਤ ਭੇਦਭਾਵ, ਲਿੰਗ ਵਿਤਕਰਾ ਆਦਿ) ਅਤੇ ਆਰਥਿਕ ਸਮੱਸਿਆਵਾਂ (ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਆਦਿ) ਨੂੰ ਲੋਕ ਹਿੱਤ ਲਈ ਸਰਕਾਰਾਂ ਅੱਗੇ ਪੇਸ਼ ਕੀਤਾ ਜਾਂਦਾ ਹੈ। ਲੋਕ-ਮੱਤ ਦੁਆਰਾ ਲੋਕਾਂ ਅਤੇ ਸਰਕਾਰਾਂ ਵਿਚ ਮੰਗਾਂ ਤੇ ਫ਼ੈਸਲਿਆਂ ਸਬੰਧੀ ਰਾਜਨੀਤਕ ਸੰਚਾਰ ਚਲਦਾ ਹੈ। ਇਸ ਤਰ੍ਹਾਂ ਲੋਕ-ਮੱਤ ਰਾਜਨੀਤਕ ਹਿੱਸੇਦਾਰੀ ਵਿੱਚ ਲੋਕਾਂ ਨੂੰ ਭਾਗ ਲੈਣ ਲਈ ਜਾਗਰੂਕ ਵੀ ਕਰਦਾ ਹੈ।

(3) ਲੋਕ-ਮੱਤ ਦੁਆਰਾ ਜਨਤਕ ਮੁੱਦਿਆਂ ਨੂੰ ਉਜਾਗਰ ਕਰਨਾ (To raise Public issues through Public Opinion) : ਸਮਾਜ ਵਿੱਚ ਵੱਖ-ਵੱਖ ਧਰਮਾਂ, ਜਾਤਾਂ, ਭਾਸ਼ਾਵਾਂ, ਖਿੱਤਿਆਂ ਅਤੇ ਵਿਚਾਰਧਰਾਵਾਂ ਵਾਲੇ ਲੋਕ ਵਸਦੇ ਹਨ। ਸਮਾਜਾਂ ਦੇ ਕਈ ਵਰਗ ਅਜਿਹੇ ਵੀ ਹੁੰਦੇ ਹਨ ਜਿਹੜੇ ਸਮਾਜਿਕ ਅਤੇ ਆਰਥਿਕ ਰੂਪ ਨਾਲ ਦੂਸਰੇ ਵਰਗਾਂ ਤੋਂ ਪਿਛੜੇ ਹੁੰਦੇ ਹਨ। ਅਜਿਹੇ ਕਮਜ਼ੋਰ ਅਤੇ ਪਿਛੜੇ ਵਰਗਾਂ ਦੇ ਹਿੱਤਾਂ ਦੀ ਗੱਲ, ਕੇਵਲ ਲੋਕਾਂ ਦੇ ਸਾਂਝੇ ਵਿਚਾਰਾਂ ਭਾਵ ਲੋਕ-ਮੱਤ ਰਾਹੀਂ ਹੀ ਕੀਤੀ ਜਾ ਸਕਦੀ ਹੈ। ਸਦੀਆਂ ਤੋਂ ਰਾਜਨੀਤਕ ਪ੍ਰਨਾਲ਼ੀਆਂ ਵਿਚ ਇਹਨਾਂ ਦੇ ਮੁੱਦਿਆਂ ਅਤੇ ਮੰਗਾਂ ਨੂੰ ਦਰਕਿਨਾਰ ਹੀ ਕੀਤਾ ਜਾਂਦਾ ਹੈ ਕਿਉਂਕਿ ਇਹਨਾਂ ਵਰਗਾਂ ਦੀ ਵਿਸ਼ੇਸ਼ ਸ਼੍ਰੇਸ਼ਠ ਰਾਜਨੀਤਕ ਜਮਾਤ (Elite Class) ਦੇ ਲੋਕਾਂ ਲਈ ਕੋਈ ਰਾਜਨੀਤਕ ਅਤੇ

ਆਰਥਿਕ ਮਹੱਤਤਾ ਨਹੀਂ ਹੁੰਦੀ। ਇਸ ਲਈ ਸਮਾਜ ਦੇ ਦਬੇ-ਕੁਚਲੇ ਅਤੇ ਪਿਛੜੇ ਵਰਗਾਂ ਦੇ ਲੋਕਾਂ ਦੇ ਹਿੱਤਾਂ ਦੀ ਅਵਾਜ਼ ਕੇਵਲ ਲੋਕਮਤ ਦੁਆਰਾ ਹੀ ਉਠਾਈ ਜਾ ਸਕਦੀ ਹੈ।

(iv) ਨੀਤੀਆਂ-ਕਾਨੂੰਨ ਬਣਾਉਣ ਵਿਚ ਸਹਾਇਕ (Help in Policies-Law Making) : ਸਰਕਾਰਾਂ, ਹਮੇਸ਼ਾਂ ਲੋਕਾਂ ਦੇ ਵਿਚਾਰਾਂ ਅਤੇ ਲੋਕ-ਮੱਤ ਤੋਂ ਪ੍ਰਭਾਵਿਤ ਰਹਿੰਦੀਆਂ ਹਨ। ਕਿਸੇ ਮੁੱਦੇ, ਘਟਨਾ ਜਾਂ ਸਮੱਸਿਆ ਸੰਬੰਧੀ ਸਰਕਾਰ ਦਾ ਧਿਆਨ ਲੋਕ-ਮੱਤ ਰਾਹੀਂ ਖਿੱਚਿਆ ਯਾ ਸਕਦਾ ਹੈ। ਲੋਕ-ਮੱਤ, ਸਰਕਾਰ ਉਪਰ ਜਨਤਕ ਹਿੱਤਾਂ ਲਈ ਨੀਤੀਆਂ ਬਨਾਉਣ ਲਈ ਦਬਾਅ ਬਣਾ ਕੇ ਰੱਖਦੀ ਹੈ। ਉਦਾਹਰਨ ਦੇ ਤੌਰ 'ਤੇ ਨਿਰਭਿਆ ਕੇਸ 2012 (Nirbhaya Cases 2012) ਤੋਂ ਬਾਅਦ ਭਾਰਤੀ ਅਫਰਾਧੀ ਕਨੂੰਨ (Indian Criminal Law) ਵਿੱਚ ਸੋਧਾਂ ਕਰਕੇ ਕੁਝ ਹੋਰ ਸਖ਼ਤ ਧਾਰਾਵਾਂ ਜੋੜੀਆਂ ਗਈਆਂ।

(v) ਲੋਕਾਂ ਦੇ ਅਧਿਕਾਰਾਂ ਅਤੇ ਹੱਕਾਂ ਦੀ ਰਾਖੀ (Protection of Rights of the People) : ਲੋਕਾਂ ਦੇ ਅਧਿਕਾਰਾਂ ਅਤੇ ਹੱਕਾਂ ਦੀ ਰਾਖੀ ਵਿਚ ਵੀ ਲੋਕਮੱਤ ਦੀ ਅਹਿਮ ਭੂਮਿਕਾ ਰਹੀ ਹੈ। ਲੋਕ-ਮੱਤ ਇੱਕ ਅਜਿਹੀ ਬਲਕਾਰੀ ਊਰਜਾ ਵਾਂਗ ਹੈ ਜੋ ਸਮਾਜਿਕ ਅਤੇ ਰਾਜਨੀਤਕ ਅੰਦੋਲਨਾਂ ਨੂੰ ਵੀ ਜਨਮ ਦਿੰਦੀ ਹੈ। ਉਦਾਹਰਨ ਵਜੋਂ ਅਮਰੀਕਾ ਵਿੱਚ ਨਸਲ ਅਤੇ ਰੰਗ ਅਧਾਰਤ ਹੋਣ ਵਾਲੇ ਵਿਤਕਰੇ ਨੂੰ ਲੋਕਮਤ ਰਾਹੀਂ ਹੀ ਦਬਾਇਆ ਜਾ ਸਕਦਾ ਹੈ। ਵੇਰਵਿਆਂ ਅਨੁਸਾਰ, ਅਮਰੀਕਾ ਵਿੱਚ ਸੰਨ 2020 ਵਿੱਚ 'Black Lives Matter' ਦਾ ਅੰਦੋਲਨ ਰੰਗ ਦੇ ਅਧਾਰ 'ਤੇ ਕਾਲੇ ਲੋਕਾਂ ਦੇ ਹੱਕਾਂ ਲਈ ਉਠਿਆ। ਇਸੇ ਤਰ੍ਹਾਂ ਤਰ੍ਹਾਂ ਪੁਲਿਸ ਦੁਆਰਾ ਕੀਤੇ ਜਾਂਦੇ ਝੂਠੇ ਮੁੱਕਦਮਿਆਂ, ਜਾਂ ਝੂਠੇ ਮੁਕਾਬਲੇ, ਜ਼ਬਰੀਂ ਨਜ਼ਰਬੰਦੀ ਤੇ ਖ਼ਤਰਨਾਕ ਅਪਰਾਧਕ ਕਾਨੂੰਨਾਂ ਪ੍ਰਤੀ ਲੋਕ-ਮੱਤ ਲੋਕਾਂ ਦੇ ਹੱਕਾਂ ਤੇ ਸੁਤੰਤਰਤਾ ਦੀ ਰਾਖੀ ਕਰਨ ਵਿਚ ਸਹਾਇਕ ਹੁੰਦੀ ਹੈ।

ਲੋਕ-ਮੱਤ ਦਾ ਨਿਰਮਾਣ ਕਰਨ ਵਾਲੇ ਵੱਖ-ਵੱਖ ਸਾਧਨ ਜਾਂ ਏਜੰਸੀਆਂ
(Various means and agencies for formulating of Public Opinion) :

(i) ਰਾਜਨੀਤਕ ਸਮਾਜੀਕਰਨ

(ii) ਪ੍ਰੈੱਸ (ਛਪਾਈ ਮੀਡੀਆ)

(iii) ਰੇਡੀਓ ਅਤੇ ਟੀ. ਵੀ. (ਇਲੈਕਟ੍ਰਾਨਿਕ ਮੀਡੀਆ)

(iv) ਸਿਨੇਮਾ

(v) ਦਬਾਅ ਸਮੂਹ

(vi) ਜਨਤਕ ਬੈਠਕਾਂ

(vii) ਰਾਜਨੀਤਕ ਦਲ

(viii) ਸਿੱਖਿਆ ਸੰਸਥਾਵਾਂ

ਇਹਨਾਂ ਸਾਧਨਾਂ ਅਤੇ ਏਜੰਸੀਆਂ ਦੀ ਲੋਕ-ਮੱਤ ਦੇ ਨਿਰਮਾਣ ਭੂਮਿਕਾ ਜਾਂ ਰੋਲ ਦਾ ਵਰਣਨ ਇਸ ਪ੍ਰਕਾਰ ਹੈ:-

(i) ਰਾਜਨੀਤਕ ਸਮਾਜੀਕਰਨ (Political Socialisation) : ਰਾਜਨੀਤਕ ਸਮਾਜੀਕਰਨ ਲੋਕਾਂ ਵਿਚ ਲੋਕ-ਮੱਤ ਦੇ ਨਿਰਮਾਣ ਦਾ ਸਭ ਤੋਂ ਵੱਡਾ ਸਾਧਨ ਹੈ। ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਨਾਲ ਇੱਕ ਵਿਅਕਤੀ ਰਾਜਨੀਤਕ ਮੁੱਦਿਆਂ, ਸਮੱਸਿਆਵਾਂ ਅਤੇ ਰਾਜਨੀਤਕ ਘਟਨਾਵਾਂ ਸਬੰਧੀ ਆਪਣੇ ਵਿਹਾਰ ਨੂੰ ਨਿਯਮਤ ਕਰਦਾ ਹੈ ਅਤੇ ਆਪਣੇ ਵਿਚਾਰਾਂ ਨੂੰ ਪ੍ਰਤੱਖ ਅਤੇ ਅਪ੍ਰਤੱਖ ਢੰਗ ਨਾਲ ਠੋਸ ਰੂਪ ਵੀ ਪ੍ਰਦਾਨ ਕਰਦਾ ਹੈ। ਵਿਅਕਤੀ, ਸਮਾਜ ਵਿਚ ਬਚਪਨ ਤੋਂ ਆਖੀਰਲੇ ਸਾਹਾਂ ਤੱਕ ਮੌਜੂਦ ਸਮਾਜਿਕ ਨਿਯਮਾਂ, ਕਨੂੰਨਾਂ, ਸਮਾਜਿਕ ਅਤੇ ਰਾਜਨੀਤਕ ਕਦਰਾਂ-ਕੀਮਤਾਂ (ਮੁੱਲਾਂ) ਨੂੰ ਦੇਖਦਾ ਅਤੇ ਆਪਣੀ ਸਮਝ ਨੂੰ ਬਨਾਉਣ ਵਿਚ ਲੱਗਿਆ ਰਹਿੰਦਾ ਹੈ। ਰਾਜਨੀਤਕ ਸਮਾਜੀਕਰਨ ਵਿਚ ਬੱਚੇ ਦੇ ਪਰਿਵਾਰਕ ਮੈਬਰਾਂ ਦਾ ਬਹੁਤ ਵੱਡਾ ਯੋਗਦਾਨ ਰਹਿੰਦਾ ਹੈ। ਪਰਿਵਾਰਕ ਮੈਂਬਰ ਘਰ ਵਿਚ ਕਿਸੇ-ਨਾ-ਕਿਸੇ ਸਮਾਜਿਕ ਤੇ ਆਰਥਿਕ-ਰਾਜਨੀਤਕ ਮੁੱਦਿਆਂ ਅਤੇ ਸਮੱਸਿਆਵਾਂ 'ਤੇ ਗੱਲਬਾਤ-ਚਰਚਾ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਨੇੜਲਾ ਸਮਾਜ, ਭਾਵ ਗੁਆਂਢੀ ਅਤੇ ਵਿਅਕਤੀ ਦੇ ਦੋਸਤ-ਮਿੱਤਰ ਵੀ ਵਿਅਕਤੀ ਦੀ ਸੋਚ ਅਤੇ ਵਿਚਾਰਾਂ ਦਾ ਨਿਰਮਾਣ ਕਰਦੇ ਹਨ।

(ii) ਪ੍ਰੈੱਸ (Press) : ਪ੍ਰੈੱਸ ਜਾਂ ਪ੍ਰਿੰਟ ਮੀਡੀਆ ਭਾਵ ਹੈ ਅਖ਼ਬਾਰ, ਸਮਾਂ-ਬੱਧ ਰਸਾਲੇ, ਉਚੇਚੇ ਰਸਾਲੇ (ਜਰਨਲ), ਜਾਂ ਹੋਰ ਛਪੇ ਪਰਚੇ ਆਦਿ। ਇਹਨਾਂ ਵਿੱਚ ਰੋਜ਼-ਮਰ੍ਹਾ ਦੀ ਜਿੰਦਗੀ ਦੇ ਵੱਖ-ਵੱਖ ਪਹਿਲੂਆਂ, ਚਲੰਤ ਮੁੱਦਿਆਂ (Current issues) ਅਤੇ ਪੱਖਾਂ ਸਬੰਧੀ ਖਬਰਾਂ, ਖਬਰ ਪੜ-ਚੋਲ, ਲੇਖ, ਕਵਿਤਾਵਾਂ, ਕਥਾ-ਕਹਾਣੀਆਂ, ਵੇਰਵੇ-ਬਿਓਰੇ ਅਤੇ ਇਵੇਂ ਹੀ ਵਿਭਿੰਨ ਤਰ੍ਹਾਂ

ਦੀਆਂ ਗਿਆਨਮਈ ਸੂਚਨਾਵਾਂ ਛਪਦੀਆਂ ਰਹਿੰਦੀਆਂ ਹਨ। ਹਿਨਾਂ ਛਪਾਈ ਸਾਧਨਾਂ ਵਿੱਚ ਵਿਸ਼ਾ ਮਾਹਰਾਂ, ਵਿਦਵਾਨਾਂ, ਸਮਾਜਿਕ ਹਸਤੀਆਂ ਅਤੇ ਆਮ ਲੋਕਾਂ ਵੱਲੋਂ ਵੀ ਆਪਣੇ ਵਿਚਾਰ ਅਤੇ ਲੋਕ ਮੁੱਦਿਆਂ 'ਤੇ ਆਪਣਾ ਨਜ਼ਰੀਆਂ ਸਾਂਝਾ ਕੀਤਾ ਜਾਂਦਾ ਹੈ। ਹਿਨਾਂ ਅਖਬਾਰਾਂ, ਰਸਾਲਿਆਂ ਆਦਿ ਨੂੰ ਪੜ੍ਹਨ ਤੇ ਰਾਬਤਾ ਕਾਇਮ ਕਰਨ ਨਾਲ ਵੀ ਲੋਕਾਂ ਦੀ ਸੋਚ ਵਿੱਚ ਵਾਧਾ ਹੁੰਦਾ ਹੈ ਅਤੇ ਬਦਲਾਅ ਵੀ ਆਉਂਦਾ ਹੈ ਜੋ ਲੋਕ-ਮੱਤ ਦੇ ਨਿਰਮਾਣ ਵਿਚ ਮਦਦ ਕਰਦਾ ਹੈ।

(iii) ਸਿਨੇਮਾ ਅਤੇ ਸੋਸ਼ਲ ਮੀਡੀਆ ਅਦਾਰੇ (Cinema and Social Media Platforms) : ਸਿਨੇਮਾ ਸਮਾਜਿਕ ਜੀਵਨ ਨੂੰ ਪਰਦੇ ਉਤੇ ਪੇਸ਼ ਕਰਨ ਦਾ ਪੁਰਾਣਾ ਸ੍ਰੋਤ ਹੈ ਜੋ ਲੋਕਾਂ ਦੀ ਮਹੱਤਵਪੂਰਨ ਮੁੱਦਿਆਂ, ਸਮੱਸਿਆਵਾਂ, ਆਰਥਿਕ ਪ੍ਰਕਿਰਿਆਵਾਂ ਅਤੇ ਸਿਆਸੀ ਖੇਡਾਂ ਨੂੰ ਮਨੋਰੰਜਨਕ ਢੰਗ ਨਾਲ ਪਰਦੇ 'ਤੇ ਪੇਸ਼ ਕਰਦਾ ਹੈ। ਸਿਨੇਮੇ ਤੋਂ ਇਲਾਵਾ ਸਟੇਜਾਂ 'ਤੇ ਪੇਸ਼ ਕੀਤੇ ਜਾਂਦੇ ਨਾਟਕ ਅਤੇ ਹੋਰ ਸਟੇਜੀ ਵਿਧੀਆਂ ਮਨੁੱਖੀ ਜੀਵਨ ਦੀ ਅਸਲੀਅਤ ਨੂੰ ਦਰਸਾਉਂਦੇ ਹਨ ਅਤੇ ਲੋਕਾਂ ਵਿੱਚ ਨਵੇਂ



ਅਜੋਕੇ ਸਮੇ ਸੋਸ਼ਲ ਮੀਡੀਆ ਦੀ ਵਰਤੋਂ ਦਾ ਲੋਕ ਮਨਾਂ ਉਪਰ ਪ੍ਰਭਾਵ ਦਰਸਾਉਂਦਾ ਚਿੱਤਰ

ਵਿਚਾਰਾਂ ਅਤੇ ਸੋਚਾਂ ਨੂੰ ਜਨਮ ਦਿੰਦੇ ਹਨ। ਇਸ ਨਾਲ ਲੋਕ-ਮੱਤ ਦਾ ਨਿਰਮਾਣ ਹੁੰਦਾ ਹੈ।

ਇਸ ਦੇ ਨਾਲ ਹੀ ਸੋਸ਼ਲ ਮੀਡੀਆ ਅਦਾਰੇ ਜਿਨ੍ਹਾਂ ਵਿੱਚ ਯੂਟਿਊਬ (Youtube), ਫੇਸਬੁੱਕ (Facebook), ਵ੍ਹਟਸਅੱਪ (Whatsapp), ਐਕਸ (X), ਇੰਸਟਾਗ੍ਰਾਮ Instagram ਅਤੇ ਫਿਲਮਾਂ ਤੇ ਨਾਟ ਪੇਸ਼ਕਾਰੀਆਂ ਨਾਲ ਭਰਪੂਰ ਵੈਬਸੀਰੀਜ਼ (Web-Series-Netflix, Prime Videos) ਮਹੱਤਵਪੂਰਨ ਹਨ, ਸਮਾਜਿਕ, ਆਰਿਥਕ, ਇਤਿਹਾਸਕ, ਸਿਆਸੀ ਅਤੇ ਸੰਵੇਦਨਸ਼ੀਲ ਮੁੱਦਿਆਂ, ਵਿਸ਼ਿਆਂ ਉਪਰ ਕਈ ਤਰੀਕਿਆਂ ਨਾਲ ਪੇਸ਼ਕਾਰੀਆਂ ਕੀਤੀਆਂ ਜਾਂਦੀਆਂ ਹਨ। ਨੌਜਵਾਨ ਪੀੜ੍ਹੀ ਇਹਨਾਂ ਅਦਾਰਿਆਂ ਵੱਲ ਬਹੁਤ ਤੇਜ਼ੀ ਨਾਲ ਆਰਕਸ਼ਿਤ (Attractive) ਹੁੰਦੇ ਹਨ। ਇਹ ਪਲੇਟਫਾਰਮ ਸੂਚਨਾਵਾਂ, ਜਾਣਕਾਰੀਆਂ ਤੇ ਚਲੰਤ ਘਟਣ ਵਾਲੀਆਂ ਘਟਨਾਵਾਂ ਨੂੰ ਮਿੰਟਾਂ-ਸਕਿੰਟਾਂ ਵਿਚ ਲੋਕਾਂ ਤੱਕ ਪਹੁੰਚਾ ਦਿੰਦੇ ਹਨ। ਬਹੁਤ ਵਾਰੀ ਝੂਠੀਆਂ ਅਤੇ ਅਫ਼ਵਾਹ ਭਰਪੂਰ ਖ਼ਬਰਾਂ, ਭੜਕਾਊ ਤੇ ਹਿੰਸਕ ਸਮਗਰੀ ਵੀ ਇਵੇਂ ਹੀ ਤੇਜ਼ੀ ਨਾਲ ਫ਼ੈਲਦੀ ਹੈ ਪਰ ਫਿਰ ਵੀ ਸੋਸ਼ਲ ਮੀਡੀਆ ਹਰ

ਢੰਗ ਨਾਲ ਲੋਕਮੱਤ ਉੱਤੇ ਅਸਰਪਾਊ ਹੁੰਦੇ ਹਨ। ਲੋਕਮੱਤ ਦੇ ਨਿਰਮਾਣ ਦੇ ਵਿਭਿੰਨ ਸਾਧਨ ਤੇ ਏਜੰਸੀਆਂ ਕਾਰਜ ਕਰਦੀਆਂ ਹਨ।

(iv) ਰੇਡੀਓ ਅਤੇ ਟੈਲੀਵਿਜ਼ਨ (Radio & Telvision) : ਚਾਰ ਦਹਾਕਿਆਂ ਤੋਂ ਟੈਲੀਵਿਜ਼ਨ ਅਤੇ ਪਿਛਲੇ ਲਗਭਗ ਸੱਠ-ਸੱਤਰ ਸਾਲਾਂ ਤੋਂ ਰੇਡੀਓ ਲੋਕਾਂ ਲਈ ਸੂਚਨਾਵਾਂ, ਜਾਣਕਾਰੀਆਂ ਅਤੇ ਦੇਸ਼-ਵਿਦੇਸ਼ ਵਿਚ ਵਾਪਰੀਆਂ ਘਟਨਾਵਾਂ ਦੀਆਂ ਖ਼ਬਰਾਂ ਅਤੇ ਖ਼ਬਰਾਂ ਅਧਾਰਤ ਕਈ ਪ੍ਰੋਗਰਾਮ, ਵਾਰਤਾਵਾਂ ਆਦਿ ਪੇਸ਼ ਕਰਦੇ ਹਨ ਜੋ ਲੋਕ ਮੱਤ ਦਾ ਅਧਾਰ ਬਣਦੇ ਹਨ। ਇਨ੍ਹਾਂ ਦੀ ਜਾਣਕਾਰੀ ਦੇ ਸਰੋਤ ਭਰੋਸੇ ਯੋਗ ਹੁੰਦੇ ਹਨ। ਜ਼ਿਆਦਾਤਰ ਸਰਕਾਰੀ ਖ਼ਬਰ ਏਜੰਸੀਆਂ ਹੁੰਦੀਆਂ ਹਨ। ਰੇਡੀਓ ਅਤੇ ਟੈਲੀਵਿਜ਼ਨ ਦੁਆਰਾ ਲੋਕ ਮੁੱਦਿਆਂ ਅਤੇ ਚਲੰਤ ਘਟਨਾਵਾਂ ਉਪਰ ਗੰਭੀਰਤਾ ਨਾਲ ਚਰਚਾ ਕੀਤੀ ਜਾਂਦੀ ਹੈ। ਰੇਡੀਓ ਪ੍ਰਸਾਰਨ 'ਤੇ ਮਾਹਰਾਂ ਨੂੰ ਵਾਰਤਾਵਾਂ ਲਈ ਬੁਲਾਇਆ ਜਾਂਦਾ ਹੈ ਅਤੇ ਲੋਕ ਵੀ ਚਿੱਠੀਆਂ ਅਤੇ ਫੋਨ ਕਾਲਾਂ ਰਾਂਹੀ ਉਹਨਾਂ ਤੋਂ ਅਹਿਮ ਸਵਾਲ ਪੁੱਛਦੇ ਹਨ। ਟੈਲੀਵਿਜ਼ਨ ਦੇ ਜਾਣਕਾਰੀ ਨਾਲ ਭਰਪੂਰ ਚੈਨਲਾਂ ਉਪਰ ਵੱਖ-ਵੱਖ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ, ਘਟਨਾਵਾਂ ਉਪਰ ਮਾਹਿਰਾਂ ਦੁਆਰਾ ਪੱਖ-ਵਿੱਪਖ ਦੇ ਰੂਪ ਵਿਚ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸੋ ਰੇਡੀਓ ਅਤੇ ਟੈਲੀਵਿਜ਼ਨ ਲੋਕ-ਮੱਤ ਦੇ ਰਿਨਮਾਣ ਦਾ ਤਾਕਤਵਰ ਸਾਧਨ ਹਨ।

(v) ਸਿੱਖਿਆ ਸੰਸਥਾਵਾਂ (Educational Institutions) : ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਜ਼ਰੂਰੀ ਸੰਸਥਾਵਾਂ ਹਨ। ਸਮਾਜਿਕ ਅਤੇ ਬੌਧਿਕ ਗੁਣਾਂ ਨੂੰ ਨਿਖਾਰਨ ਲਈ ਵਿਦਿਆਰਥੀ ਲਈ ਇਹਨਾਂ ਸੰਸਥਾਵਾਂ ਵਿੱਚ ਵੱਖ-ਵੱਖ ਵਿਸ਼ਿਆਂ ਰਸਮੀ ਗਿਆਨ ਦਿੱਤਾ ਜਾਂਦਾ ਹੈ। ਇੱਕ ਚੰਗਾ ਅਧਿਆਪਕ ਚੰਗੀ ਕਿਤਾਬ ਵਰਗਾ ਹੁੰਦਾ ਹੈ ਜਿਹੜਾ ਵਿਦਿਆਰਥੀਆਂ ਦਾ ਲੋਕ ਹਿੱਤ ਮੁੱਦਿਆਂ, ਸਮਾਜਿਕ ਸਰੋਕਾਰਾਂ ਅਤੇ ਨੈਤਿਕ ਮੁੱਲਾਂ ਨਾਲ ਮਿਲਾਪ ਕਰਵਾਉਂਦਾ ਹੈ। ਇਸਦੇ ਨਾਲ ਹੀ ਵਿਦਿਆਰਥੀ ਇਤਿਹਾਸ, ਸਮਾਜਿਕ ਵਿਗਿਆਨਾਂ ਅਤੇ ਸਾਹਿਤ ਕਿਤਾਬਾਂ ਪੜ੍ਹਦਾ ਹੈ ਜਿਸ ਨਾਲ ਉਸਦਾ ਬੌਧਿਕ ਵਿਕਾਸ ਹੋਮ ਦੇ ਨਾਲ-ਨਾਲ ਚੰਗੇ ਵਿਚਾਰਾਂ ਨੂੰ ਆਪਣੇ ਅੰਦਰ ਪਾਲਦਾ ਹੈ ਜੋ ਅੱਗੇ ਜਾ ਕੇ ਲੋਕ-ਮੱਤ ਦੇ ਨਿਰਮਾਣ ਦਾ ਅਧਾਰ ਬਣਦੇ ਹਨ।

(vi) ਜਨਤਕ ਰੈਲੀਆਂ ਅਤੇ ਲੋਕ ਬੈਠਕਾਂ (Public Rallies and Public Meetings) : ਲੋਕਤੰਤਰੀ ਦੇਸ਼ਾਂ ਵਿੱਚ ਲੋਕਾਂ ਨੂੰ ਸਮਹੂ ਅਤੇ ਸੰਗਠਨ ਬਨਾਉਣ ਦਾ ਅਧਿਕਾਰ ਹੁੰਦਾ ਹੈ। ਸਮਾਜ ਵਿਚ ਲੋਕਾਂ ਦਾ ਇੱਕ ਅਜਿਹਾ ਵਰਗ ਵੀ ਹੁੰਦਾ ਹੈ ਜੋ ਸਮਾਜ ਅਤੇ ਦੇਸ਼ ਦੀਆਂ ਸਮੱਸਿਆਵਾਂ ਨਾਲ ਜਨਤਕ ਤੌਰ 'ਤੇ ਨਜਿੱਠਣ ਦਾ ਉਪਰਲਾ ਵੀ ਕਰਦੇ ਹਨ। ਅਜਿਹੇ ਵਰਗ ਲੋਕਾਂ ਮੁੱਦਿਆਂ ਪ੍ਰਤੀ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਰੈਲੀਆਂ, ਬੈਠਕਾਂ, ਸੈਮੀਨਾਰਾਂ, ਕਾਨਫ਼ਰੰਸਾਂ ਅਤੇ ਵਰਕਸ਼ਾਪਾਂ ਦਾ ਪ੍ਰਬੰਧ ਵੀ ਕਰਦੇ ਹਨ। ਆਪਣੇ ਪ੍ਰੋਗਰਾਮਾਂ ਉਪਰ ਸਮਾਜ ਦੀਆਂ ਵੱਡੀਆਂ ਹਸਤੀਆਂ ਨੂੰ ਸੱਦਾ ਦਿੰਦੇ ਹਨ ਤਾਂ ਜੋ ਲੋਕਾਂ ਨੂੰ ਆਪਣੇ ਨਾਲ ਜੋੜਿਆ ਜਾ ਸਕੇ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਆਪਣੇ ਸੰਗਠਨ ਦੀਆਂ ਸੰਸਥਾਵਾਂ ਖੋਲ੍ਹਦੇ ਹਨ ਤੇ ਲੋਕਾਂ ਵਿਚ ਪ੍ਰਚਾਰ ਕਰਦੇ ਹਨ। ਇਹ ਮੁੱਦੇ ਵਾਤਾਵਰਨ ਸੰਭਾਲ, ਨਸ਼ਿਆਂ ਦੀ ਰੋਕਥਾਮ, ਪ੍ਰਦੂਸ਼ਣ ਦੀ ਰੋਕਥਾਮ ਅਤੇ ਧਾਰਮਿਕ ਭਾਈਚਾਰਕ ਸਾਂਝ ਵਧਾਉਣ ਆਦਿ ਨਾਲ ਵੀ ਸਬੰਧਤ ਹੋ ਸਕਦੇ ਹਨ।

(vii) ਰਾਜਨੀਤਕ ਦਲ (Political Parties) : ਰਾਜਨੀਤਕ ਦਲ ਲੋਕਾਂ ਦੇ ਸਿਆਸੀ ਨਜ਼ਰੀਏ ਅਤੇ ਵਿਚਾਰਾਂ ਨੂੰ ਬਦਲਣ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦੇ ਹਨ। ਰਾਜਨੀਤਕ ਦਲਾਂ ਦਾ ਮੁੱਖ ਉਦੇਸ਼ ਰਾਜਨੀਤਕ ਸ਼ਕਤੀ ਪ੍ਰਾਪਤ ਕਰਕੇ ਸੱਤ੍ਹਾ (ਸਰਕਾਰ) 'ਤੇ ਕਾਬਜ਼ ਰਹਿਣਾ ਹੀ ਹੁੰਦਾ ਹੈ। ਇਹ ਰਾਜਨੀਤਕ ਸ਼ਕਤੀ ਲੋਕਤੰਤਰੀ ਸਾਸ਼ਨ ਪ੍ਰਬੰਧ ਵਿੱਚ ਲੋਕਾਂ ਕੋਲ ਵੋਟ ਦੇ ਅਧਿਕਾਰ ਦੇ ਰੂਪ ਵਿੱਚ ਹੁੰਦੀ ਹੈ। ਇਸ ਲਈ ਰਾਜਨੀਤਕ ਦਲ ਲੋਕ ਮੁੱਦਿਆਂ ਨਾਲ ਜੁੜਦੇ ਹਨ। ਲੋਕਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਨੀਤੀਗਤ ਰੂਪ ਪ੍ਰਦਾਨ ਕਰਦੇ ਹਨ। ਚੋਣਾਂ ਵਿਚ ਚੋਣ ਵਾਅਦਿਆਂ ਰਾਂਹੀ ਲੋਕਾਂ ਦੇ ਵਿਚਾਰ ਨੂੰ ਅਕਾਰ ਦੇਣ ਦਾ ਯਤਨ ਕਰਦੇ ਹਨ। ਰਾਜਨੀਤਕ ਦਲ ਲੋਕਾਂ ਨੂੰ ਸਰਕਾਰਾਂ ਦੀਆਂ ਨੀਤੀਆਂ ਅਤੇ ਫ਼ੈਸਲਿਆਂ ਦਾ ਆਲੋਚਨਾਤਮਕ ਪੱਖ ਨਾਲ ਅਧਿਐਨ ਕਰਕੇ ਲੋਕਾਂ ਤੱਕ ਸਹੀ ਜਾਣਕਾਰੀ ਪਹੁੰਚਾਉਣ ਵਿਚ ਮਦਦ ਕਰਦੇ ਹਨ। ਸੰਵਿਧਾਨ ਸੰਬੰਧੀ ਜਾਣਕਾਰੀ ਅਤੇ ਕਨੂੰਨੀ ਸਬੰਧੀ ਗਿਆਨ ਤੋਂ ਲੋਕਾਂ ਨੂੰ ਜਾਣੂ ਕਰਾਉਣ ਦਾ ਕਾਰਜ ਕਰਕੇ ਲੋਕਾਂ ਨੂੰ ਰਾਜਨੀਤਕ ਤੌਰ 'ਤੇ ਜਾਗਰੂਕ ਕਰਦੇ ਹਨ। ਇਹਨਾਂ ਕਾਰਨਾਂ ਕਰਕੇ ਲੋਕਾਂ ਦੇ ਵਿਚਾਰਾਂ ਅਤੇ ਲੋਕ-ਮੱਤ ਦੇ ਨਿਰਮਾਣ ਵਿਚ ਰਾਜਨੀਤਕ ਦਲ ਕਿਰਿਆਸ਼ੀਲ ਰੋਲ (Active Role) ਅਦਾ ਕਰਦੇ ਹਨ।

(viii) ਸਿਰਕੱਢ ਵਿਅਕਤੀਆਂ ਦੀਆਂ ਜੀਵਨੀਆਂ ਅਤੇ ਰਚਨਾਵਾਂ (Biographics and works of the Legend Personalities) : ਨਾਮਵਰ ਵਿਅਕਤੀਆਂ ਦੀਆਂ ਜੀਵਨੀਆਂ ਅਤੇ ਉਹਨਾਂ ਦੀਆਂ ਰਚਨਾਵਾਂ ਵੀ ਲੋਕਾਂ ਨੂੰ ਜੀਵਨ ਪੰਧ ਵਿੱਚ ਮਾਰਗ ਦਰਸ਼ਨ ਕਰਦੀਆਂ ਹਨ, ਵਿਚਾਰ ਅਤੇ ਦ੍ਰਿਸ਼ਟੀਕੋਣ ਬਣਾਉਂਦੀਆਂ ਹਨ, ਤਬਦੀਲ ਕਰਦੀਆਂ ਹਨ, ਸੇਧ ਦਿੰਦੀਆਂ ਹਨ।

ਲੋਕ ਉਹਨਾਂ ਦੇ ਜੀਵਨ ਦੇ ਫ਼ੈਸਲਿਆਂ ਅਤੇ ਸਿਧਾਤਾਂ ਨੂੰ ਪੜ੍ਹਦੇ ਹਨ ਅਤੇ ਉਸ ਤਜ਼ਰਬੇ ਤੇ ਸੋਚ-ਮੁਤਾਬਕ ਆਪਣਏ ਆਪ ਨੂੰ ਸੇਧ ਦਿੰਦੇ ਹਨ। ਡਾ. ਬੀ. ਆਰ ਅੰਬੇਦਕਰ ਦੀ ਜੀਵਨੀ 'ਵੀਜ਼ਾ ਦੀ ਉਡੀਕ' (Waiting for a visa) ਇੱਕ ਵਿਅਕਤੀ ਦੇ ਜੀਵਨ ਸੰਘਰਸ਼, ਤਿਆਗ ਜ਼ੁਲਮਾਂ ਦੀ ਦਾਸਤਾਨ ਨੂੰ ਦਰਸਾਉਂਦੀ ਹੈ ਅਤੇ 'ਜਾਤੀ ਦਾ ਖ਼ਾਤਮਾ' (Annihilation of Caste) ਰਚਨਾ ਜਾਤੀ ਪ੍ਰਥਾ ਦੇ ਖਿਲਾਫ਼ ਜੋ ਕੇ ਧਰਮ ਦੀ ਆੜ 'ਤੇ ਅਧਾਰਤ ਸੀ ਨੂੰ ਖ਼ਤਮ ਕਰਕੇ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੀ ਹੈ। ਉਥੇ ਹੀ ਸ਼ਹੀਦ ਭਗਤ ਸਿੰਘ ਦੀ ਕਿਤਾਬ 'ਮੈਂ ਨਾਸਤਿਕ ਕਿਉਂ ਹਾਂ' (Why I am an Atheist) 1930 ਵਿੱਚ ਲਾਹੌਰ ਕੇਂਦਰੀ ਜੇਲ੍ਹ ਵਿੱਚ ਲਿਖਿਆ ਲੇਖ ਹੈ। ਇਹ ਲੇਖ ਤਰਕ ਅਤੇ ਵਿਸ਼ਵਾਸ ਅਧਾਰਤ ਹੈ ਜਿਸ ਵਚੋਂ ਧਾਰਮਿਕ ਫ਼ਲਸਫੇ (Religious Philosophy) ਨੂੰ ਸਮਝਣ ਦੀ ਸੇਧ ਪ੍ਰਾਪਤ ਹੁੰਦੀ ਹੈ। ਇਵੇਂ ਹੀ ਦੱਖਣੀ ਅਫ਼ਰੀਕੀ ਆਗੂ ਨੈਲਸਨ ਮੰਡੇਲਾ ਦੀ ਸਵੈ ਜੀਵਨੀ; Long walk to Freedom ਆਪਣੇ ਆਪ ਵਿੱਚ ਹੀ ਮਿਸਾਲੀ ਕਿਰਤ ਹੈ ਜੋ ਵਰਤਮਾਨ ਗ਼ੁਲਾਮ ਦੇ ਸਭਿਆਚਾਰ ਦੀ ਰਾਜਨੀਤਕ ਵਿਥਿਆ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਲੋਕਮਤ ਦਾ ਨਿਰਮਾਣ ਕਰਨ ਵਾਲੇ ਸਾਧਨ ਹਨ।

(i) ਮੀਡੀਆ (ii) ਵਿਦਿਅਕ ਅਦਾਰੇ

(iii) ਰਾਜਨੀਤਕ ਸਾਹਿਤ (iv) ਸਾਰੇ

ਅ. ਜਾਤੀ ਦਾ ਖਾਤਮਾ ਕਿਤਾਬ ਦਾ ਲੇਖਕ ਕੌਣ ਹੈ ?

(i) ਜੋਤੀਬਾ ਰਾਓ ਫੂਲੇ (ii) ਡਾ. ਬੀ ਆਰ ਅੰਬੇਦਕਰ

(iii) ਸਵਿਤਰੀ ਬਾਈ ਫੂਲੇ (iv) ਮਹਾਤਮਾ ਗਾਂਧੀ

ੲ. ਸ਼ੋਸਲ ਮੀਡੀਆ ਵਰਤਮਾਨ ਸਮੇਂ ਰਾਜਨੀਤੀ ਵਿੱਚ ਕਿਸਨੂੰ ਵੱਧ ਪ੍ਰਭਾਵਿਤ ਕਰ ਰਿਹਾ ਹੈ ?

(i) ਲੋਕਮਤ ਨੂੰ (ii) ਰੀਤੀ-ਰਿਵਾਜਾਂ ਨੂੰ

(iii) ਸੱਭਿਆਚਾਰ ਨੂੰ (iv) ਸਮਾਜਿਕਤਾ ਨੂੰ

ਸ. .....ਸੋਸ਼ਲ ਸਾਈਟਸ ਦਾ ਲੋਕਮਤ ਉਪਰ ਬਹੁਤ ਪ੍ਰਭਾਵ ਪੈ ਰਿਹਾ ਹੈ ?

ਹ. "ਵੀਜੇ ਲਈ ਇੰਤਜਾਰ" ਪੁਸਤਕ .....ਦੁਆਰਾ ਲਿਖੀ ਗਈ ਹੈ।

ਕ. ਪੰਜਾਬ ਦੀ ਜਵਾਨੀ ਵੱਡੇ ਪੱਧਰ ਤੇ ਵਿਦੇਸ਼ੀ ਵੱਲ ..... ਕਰ ਰਹੀ ਹੈ।

ਖ. ਲੋਕਮਤ ਅਤੇ ਬਹੁਮਤ ਵਿੱਚ ਕੋਈ ਫਰਕ ਨਹੀਂ ਹੈ। (ਠੀਕ ਗਲਤ)

ਗ. ਪੰਜਾਬ ਦਾ ਪਾਣੀ ਗੈਰ ਰਿਪੇਅਰਨ ਸੂਬਿਆ ਨੂੰ ਜਾ ਰਿਹਾ ਹੈ। (ਠੀਕ ਗਲਤ)

ਘ. ਲੋਕਮਤ ਜਨਤਕ ਮੁੱਦਿਆ ਨੂੰ ਉਜਾਗਰ ਕਰਦਾ ਹੈ। (ਠੀਕ ਗਲਤ)

ਙ. ਲੋਕਮਤ ਨੂੰ ਪ੍ਰਭਾਵਿਤ ਕਰਨ ਵਾਲਾ ਸਮਾਜਿਕ ਤੱਤ ਲਿਖੋ।

ਚ. ਲੋਕਮਤ ਦੇ ਨਿਰਮਾਣ ਦੇ ਬਿਜਲਈ ਸਾਧਨ ਦਾ ਨਾਮ ਲਿਖੋ।

ਛ. ਲੋਕਮਤ ਦੇ ਨਿਰਮਾਣ ਦੇ ਬਿਜਲਈ ਸਾਧਨ ਦਾ ਨਾਮ ਲਿਖੋ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਲੋਕਮਤ ਤੋਂ ਤੁਹਾਡਾ ਕੀ ਭਾਵ ਹੈ ?

ਅ. ਲੋਕਮਤ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ।

ੲ. ਲੋਕਮਤ ਦੀ ਲੋਕਤੰਤਰ ਵਿੱਚ ਮਹੱਤਤਾ ਬਾਰੇ ਲਿਖੋ।

ਸ. ਆਦਰਥ ਸਿਖਿਆ ਪ੍ਰਣਾਲੀ ਸਵਰਥ ਲੋਕਮਤ ਦੇ ਨਿਰਮਾਣ ਲਈ ਕਿਵੇ ਸਹਾਇਕ ਹੈ ?

ਹ. ਲੋਕਮਤ ਵਿੱਚ ਬਿਰਤਾਂਤ ਦੀ ਮਹੱਤਤਾ ਬਾਰੇ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਲੋਕਮਤ ਦੇ ਨਿਰਮਾਣ ਕਰਨ ਵਾਲੇ ਸਾਧਨਾਂ ਦਾ ਵਰਨਣ ਕਰੋ।

ਅ. ਲੋਕਮਤ ਦੀਆਂ ਵਿਸ਼ੇਸ਼ਤਾਵਾਂ ਲਿਖੋ।

ੲ. ਸਵਰਥ ਲੋਕਮਤ ਦੇ ਨਿਰਮਾਣ ਲਈ ਸਹਾਇਕ ਤੱਤਾਂ ਲਈ ਸੁਝਾਅ ਦਿਓ।

6

ਨੌਕਰਸ਼ਾਹੀ ਜਾਂ ਅਫ਼ਸਰਸ਼ਾਹੀ

[Bureaucracy]

ਤੁਸੀਂ ਬੀਤੇ ਸਮਿਆਂ ਵਿੱਚ ਹਕੂਮਤ ਕਰਨ ਵਾਲੇ ਰਾਜਿਆਂ ਜਾਂ ਬਾਦਸ਼ਾਹਾਂ ਬਾਰੇ ਤਾਂ ਸੁਣਿਆ ਹੀ ਹੋਵੇਗਾ! ਕੁਝ ਹੁਕਮਰਾਨ ਚੰਗੇ ਕਹਾਉਂਦੇ ਸਨ ਤੇ ਕੁਝ ਮਾੜੇ ਵੀ। ਕੀ ਤੁਸੀਂ ਦੱਸ ਸਕਦੇ ਹੋ ਕਿ ਉਹ ਚੰਗੇ ਜਾ ਮਾੜੇ ਕਿਹੜੇ ਪੱਖੋਂ ਸਨ? ਅਸਲ ਵਿੱਚ ਇਹ ਪੱਖ ਹੀ ਪ੍ਰਸ਼ਾਸਨਿਕ ਪੱਖ ਹੁੰਦਾ ਹੈ। ਹੁਣ ਰਾਜਿਆਂ-ਰਾਣੀਆਂ ਦਾ ਜ਼ਮਾਨਾ ਲੰਘ ਗਿਆ ਹੈ ਤੇ ਅਜੋਕੇ ਰਾਜ ਸਥਾਪਤ ਹੋ ਗਏ ਹਨ ਜਿਨ੍ਹਾਂ ਦੇ ਪ੍ਰਬੰਧ ਸਰਕਾਰਾਂ ਚਲਾਉਂਦੀਆਂ ਹਨ। ਹੁਣ ਦੀਆਂ ਸਰਕਾਰਾਂ ਨੂੰ ਵੀ ਅਸੀਂ ਚੰਗੀਆਂ ਜਾਂ ਮਾੜੀਆਂ ਦੀ ਤਸ਼ਬੀਹ ਦਿੰਦੇ ਹਾਂ ਤੇ ਅਜਿਹੀ ਵਿਸ਼ੇਸ਼ਤਾ ਜਾਂ ਤਸ਼ਬੀਹ ਦੇਣ ਦਾ ਅਧਾਰ ਵੀ ਪ੍ਰਸ਼ਾਸਿਕ ਪ੍ਰਬੰਧ ਹੀ ਹੁੰਦਾ ਹੈ। ਜ਼ਿਆਦਾਤਰ ਪ੍ਰਸ਼ਾਸਨਿਕ ਤੋਂ ਸਿੱਧਾ-ਪੁੱਧਰਾ ਭਾਵ ਹੈ; ਲੋਕ ਪ੍ਰਸ਼ਾਸਨ।

ਲੋਕ ਪ੍ਰਸ਼ਾਸਨ ਕੀ ਹੈ ?

(What is Public Administration?)

ਲੋਕ ਪ੍ਰਸ਼ਾਸਨ ਤੋਂ ਭਾਵ ਸਰਕਾਰਾਂ ਵੱਲੋਂ ਤਿਆਰ ਕੀਤੇ ਜਾਂਦੇ ਉਸ ਢਾਂਚੇ ਤੋਂ ਹੈ ਜਿਸ ਵਿੱਚ ਸਾਰੀਆਂ ਕੋਸ਼ਿਸ਼ਾਂ ਅਤੇ ਤਾਕਤਾਂ ਵਧੀਆ ਲੋਕ ਸੇਵਾਵਾਂ ਦੇ ਪ੍ਰਬੰਧ ਤੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਦੇ ਉਦੇਸ਼ ਵੱਲ ਸੇਧਤ ਹੁੰਦੀਆਂ ਹਨ। ਲੋਕ ਪ੍ਰਸ਼ਾਸਨ ਦਾ ਧੁਰਾ ਲੋਕਾਂ ਦੀ ਸਰਕਾਰ ਦੀਆਂ ਸੇਵਾਵਾਂ ਤੋਂ ਸੰਤੁਸ਼ਟੀ ਹੋਣਾ ਹੀ ਹੁੰਦਾ ਹੈ।

ਕੀ ਤੁਸੀਂ ਇਹ ਨਹੀਂ ਮਹਿਸਸੂ ਕਰਦੇ ਕਿ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਨਾ ਜਾਂ ਲੋਕ ਭਲਾਈ ਨੂੰ ਯਕੀਨੀ ਬਣਾਉਣਾ ਵੱਡੀ ਵੰਗਾਰ ਵਰਗੇ ਕਾਰਜ ਹਨ? ਆਓ ਆਪਣੇ ਦੇਸ਼ ਦੀ ਹੀ ਉਦਾਹਰਣ ਲੈਂਦੇ ਹਾਂ; ਭਾਰਤ ਖੇਤਰਫਲ ਪੱਖੋਂ ਸੰਸਾਰ ਦਾ ਸੱਤਵਾਂ ਵੱਡਾ ਦੇਸ਼ ਹੈ ਜਦੋਂ ਕਿ ਅਬਾਦੀ ਪੱਖੋਂ ਪਹਿਲੇ ਨਬੰਰ 'ਤੇ ਹੈ। ਸਾਨੂੰ ਇੱਕ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਖੁਸ਼, ਸੰਤੁਸ਼ਟ ਤੇ ਖੁਸ਼ਹਾਲ ਰੱਖਣਾ ਹੀ ਕਈ ਵਾਰ ਔਖਾ ਹੋ ਜਾਂਦਾ ਹੈ ਤਾਂ ਇੰਨੇ ਵੱਡੇ ਦੇਸ਼ ਦੀ ਇੰਨੀ ਵੱਡੀ ਅਬਾਦੀ ਦਾ ਪ੍ਰਬੰਧ ਜਿਸ ਵਿੱਚ ਸਭ ਦੀਆਂ ਲੋੜਾਂ ਦੀ ਪ੍ਰਾਪਤੀ ਕੀਤੀ ਜਾਣੀ ਹੋਵੇ, ਵਿਸ਼ਾਲ ਜਾਂ ਵਿਸਤ੍ਰਿਤ ਕਾਰਜ ਹੈ। ਇਹ ਕਥਾ ਜਾਂ ਹਾਲ ਇੱਕ ਰਾਸ਼ਟਰ (ਰਾਜ ਜਾਂ ਦੇਸ਼) ਦਾ ਹੀ ਨਹੀਂ ਹੈ ਸਗੋਂ ਸੰਸਾਰ ਭਰ ਵਿੱਚ ਅਜਿਹੇ ਕਈ ਰਾਸ਼ਟਰ ਹਨ। ਆਓ ਪ੍ਰਸ਼ਾਸਨ ਬਾਰੇ ਹੋਰ ਸਮਝੀਏ:-



ਸਰਕਾਰੀ ਦਫਤਰਾਂ ਦੇ ਕੰਮਕਾਜ ਦਾ ਦ੍ਰਿਸ਼

ਲੋਕਤੰਤਰ ਵਿੱਚ ਲੋਕ ਆਪਣੀ ਸਰਕਾਰ ਚੁਣਦੇ ਹਨ ਤੇ ਹਰ ਸਰਕਾਰ ਦਾ ਮੁੱਢਲਾ ਫ਼ਰਜ਼ ਹੀ ਦੇਸ਼ ਦਾ ਪ੍ਰਸ਼ਾਸਨਿਕ ਪ੍ਰਬੰਧ ਚਲਾਉਣਾ ਹੁੰਦਾ ਹੈ ਜਦੋਂ ਕਿ ਲੋਕ ਭਲਾਈ ਦੇ ਸਾਰੇ ਕਾਰਜ ਸਰਕਾਰ ਦੇ ਤਿੰਨ ਅੰਗਾਂ ਜ਼ਰੀਏ ਕੀਤੇ ਜਾਂਦੇ ਹਨ:- (i) ਵਿਧਾਨ ਪਾਲਿਕਾ (ਕਾਨੂੰਨ ਬਨਾਉਣ ਵਾਲਾ ਅੰਗ), (ii) ਕਾਰਜਪਾਲਿਕਾ (ਕਨੂੰਨ ਲਾਗੂ ਕਰਨ ਵਾਲਾ ਤੇ ਪ੍ਰਸ਼ਾਸਨਿਕ ਅੰਗ), (iii) ਨਿਆਂਪਾਲਿਕਾ (ਕਨੂੰਨ ਦੀ ਰੱਖਿਆ ਕਰਨ ਵਾਲਾ ਅੰਗ)।

ਇਸ ਵਿੱਚ ਕੋਈ ਸ਼ੱਕ ਨਹੀਂ ਕੀ ਪ੍ਰਸ਼ਾਸਨਿਕ ਕਾਰਜਾਂ ਲਈ ਸਰਕਾਰ ਹੀ ਮੁੱਖ ਤੌਰ 'ਤੇ ਜ਼ਿੰਮੇਵਾਰੀ ਹੁੰਦੀ ਹੈ ਪਰ ਹੁਣ ਸਾਨੂੰ ਇਹ ਸਪਸ਼ਟ ਹੈ ਕਿ ਸਰਕਾਰ ਦੇ ਸਾਰੇ ਅੰਗਾਂ ਵਿੱਚੋਂ ਕਾਰਜਪਾਲਿਕਾ ਪ੍ਰਮੁੱਖ ਅੰਗ ਹੈ ਜੋ ਕਿ ਕਨੂੰਨ ਨੂੰ ਲਾਗੂ ਕਰਨ ਅਤੇ ਪ੍ਰਸ਼ਾਸਨਿਕ ਕਾਰਜਾਂ ਲਈ ਜ਼ਿੰਮੇਵਾਰ ਹੈ। ਕੀ ਹੁਣ ਇਹ ਮੰਨ ਲਿਆ ਜਾਵੇ ਕਿ ਕਾਰਜਪਾਲਿਕਾ ਇੱਕਲੀ ਹੀ ਸਾਰੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਸੰਭਾਲ ਸਕਦੀ ਹੈ? ਇਸਦਾ ਜਵਾਬ ਹੈ, ਨਾਂਹ। ਕਾਰਜਾਪਲਿਕਾ ਨੂੰ ਸਹਾਇਤਾ ਦੀ ਲੋੜ ਹੁੰਦੀ ਹੈ। ਇਸੇ ਮੌਕੇ ਹੀ ਅਫ਼ਸਰਸ਼ਾਹੀ ਜਾਂ ਨੌਕਰਸ਼ਾਹੀ ਦੀ ਲੋੜ ਪੈਦਾ (ਉਤਪੰਨ) ਹੁੰਦੀ ਹੈ ਜਾਂ ਇਹ ਕਹਿ ਲਿਆ ਜਾਵੇ ਕਿ ਨੌਕਰਸ਼ਾਹਾਂ ਜਾਂ ਅਫ਼ਸਰਾਂ ਦੀ ਹੋਂਦ ਤੋਂ ਇਲਾਵਾ ਕੋਈ ਰਾਹ ਬੱਚਦੀ ਹੀ ਨਹੀਂ।

ਕਾਰਜਪਾਲਿਕਾ ਵਿੱਚ ਸ਼ਾਮਲ ਚੋਣਾਂ ਰਾਹੀਂ ਚੁਣੇ ਹੋਏ ਮੈਂਬਰ ਇੱਕਲਿਆਂ ਹੀ ਸਾਰਾ ਪ੍ਰਸ਼ਾਸਕੀ ਭਾਰ ਨਹੀਂ ਝੱਲ ਸਕਦੇ ਅਤੇ ਇਸੇ ਲਈ ਉਨਾਂ ਦੀ ਸਹਾਇਕ, ਸਮਾਨੰਤਰ ਕਾਮਿਆਂ ਦੀ ਤਾਕਤ ਲੋੜੀਂਦੀ ਹੁੰਦੀ ਹੈ ਜੋ ਕਾਬਲ ਹੋਣ, ਕਿੱਤਾ ਮੁਖੀ ਪਹੁੰਚ ਰੱਖਦੇ ਹੋਣ, ਜੁਗਤੀ ਹੋਣ ਅਤੇ ਮੁਕਾਬਲੇ ਦੇ ਖੁਲੇ ਇਮਤਿਹਾਨ ਵਿੱਚੋਂ ਮੈਰਿਟ ਦੇ ਅਧਾਰ 'ਤੇ ਚੁਣੇ ਗਏ ਹੋਣ। ਉਹ ਚੋਣਾਂ ਵਿੱਚ ਚੁਣੇ ਗਏ ਮੈਂਬਰਾਂ ਨਾਲ ਰਲ਼ ਕੇ ਲੋਕ ਭਲਾਈ ਦੇ ਕਾਰਜ (ਪ੍ਰਸ਼ਾਸਨਿਕ ਕਾਰਜ) ਨਿਭਾਉਂਦੇ ਹਨ। ਇਨ੍ਹਾਂ ਸਿਖਲਾਈ ਪ੍ਰਾਪਤ ਤੇ ਕੰਮ-ਕਾਜੀ ਰੁਚੀ ਦੇ ਮਾਲਕ, ਜੁਗਤੀ ਅਧਿਕਾਰੀਆਂ ਨੂੰ ਹੀ ਅਫ਼ਸਰ ਸ਼ਾਹ ਜਾਂ ਨੌਕਰਸ਼ਾਹ (Bureaucrats) ਕਿਹਾ ਜਾਂਦਾ ਹੈ ਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਨੌਕਰਸ਼ਾਹੀ ਜਾਂ ਅਫ਼ਸਰਸ਼ਾਹੀ (Bureaucracy) ਨੂੰ ਹੀ ਸਿਵਲ ਸੇਵਾਵਾਂ (Civil Services) ਜਾਂ ਲੋਕ ਸੇਵਾਵਾਂ (Public Services) ਵੀ ਆਖਦੇ ਹਨ। ਸਿਵਲ ਸੇਵਾਵਾਂ ਤੋਂ ਭਾਵ ਸਰਵਉੱਚ ਸ਼੍ਰੇਣੀ ਦੀਆਂ ਸੇਵਾਵਾਂ ਹੁੰਦਾ ਹੈ ਨਾ ਕਿ ਸਾਰੀਆਂ ਹੀ ਸਿਵਲ ਜਾਂ ਨਾਗਰਿਕ ਸੇਵਾਵਾਂ। ਇਵੇਂ ਸਿਵਲ ਸੇਵਾਵਾਂ, ਉੱਚ ਪੱਧਰੀ (ਉੱਚ ਪ੍ਰਸ਼ਾਸਨਿਕ ਸੇਵਾਵਾਂ) ਨੌਕਰਸ਼ਾਹੀ ਜਾਂ ਅਫ਼ਸਰਸ਼ਾਹਾਂ ਦੀਆਂ ਸੇਵਾਵਾਂ ਦਾ ਨਾਮ ਬਣ ਜਾਂਦਾ ਹੈ।

ਕਾਰਜਪਾਲਿਕਾ ਦੇ ਚੁਣੇ ਹੋਏ ਮੈਂਬਰਾਂ ਨੂੰ ਰਾਜਨੀਤਕ ਕਾਰਜਪਾਲਿਕਾ ਅਤੇ ਮੁਕਾਬਲਿਆਂ ਦੀਆਂ ਪ੍ਰੀਖਿਆਵਾਂ ਵਿੱਚੋ ਚੋਣ ਮਗਰੋਂ ਸਾਹਮਣੇ ਆਏ ਮੈਬਰਾਂ ਨੂੰ ਸਥਾਈ ਕਾਰਜਪਾਲਿਕਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਾਰਜਪਾਲਿਕਾ, ਪ੍ਰਸ਼ਾਸਨਿਕ ਕਾਰਜਾਂ ਹਿੱਤ ਰਾਜਨੀਤਕ ਜਾਂ ਸਿਆਸੀ ਕਾਰਜਪਾਲਿਕਾ ਦੇ ਸਹਾਇਕ ਵਜੋਂ ਕਾਰਜ ਕਰਦੀ ਹੈ।

ਉਪਰੋਕਤ ਤੋਂ ਅਸੀਂ ਸਹਿਜੇ ਹੀ ਸਮਝ ਸਕਦੇ ਹਾਂ ਕਿ ਕਾਰਜਪਾਲਿਕਾ ਦੀਆਂ ਦੋ ਕਿਸਮਾਂ ਹੁੰਦੀਆਂ ਹਨ; (ੳ) ਰਾਜਨੀਤਕ ਜਾਂ ਸਿਆਸੀ ਕਾਰਜਪਾਲਿਕਾ ਤੇ (ਅ) ਗ਼ੈਰ ਰਾਜਨੀਤਕ ਜਾਂ ਸਥਾਈ ਕਾਰਜਪਾਲਿਕਾ।

(ੳ) ਰਾਜਨੀਤਕ ਜਾਂ ਅਸਥਾਈ ਕਾਰਜਪਾਲਿਕਾ (Political Executive) : ਚੋਣਾਂ ਰਾਹੀਂ ਚੁਣੇ ਗਏ ਨੁਮਾਇੰਦੇ, ਸਿਆਸੀ ਆਗੂ ਤੇ ਰਾਜਨੀਤੀਵਾਨ ਰੱਲ਼-ਮਿਲ਼ ਕੇ ਜਾਂ ਵਿਧਾਨ ਪਾਲਿਕਾ ਵਿੱਚ ਬਹੁਮਤ ਦੇ ਅਧਾਰ 'ਤੇ ਮੰਤਰੀ ਮੰਡਲ ਰਾਹੀਂ ਅਸਥਾਈ ਕਾਰਜਪਾਲਿਕਾ ਬਣਦੇ ਹਨ। ਇਸ ਸਿਰਲੇਖ ਵਿੱਚ ਸ਼ਬਦ ਰਾਜਨੀਤੀ ਜਾਂ ਸਿਆਸਤ ਤੋਂ ਭਾਵ ਦੇਸ਼ ਦੇ ਲੋਕਾਂ ਵੱਲੋਂ ਆਗੂਆਂ ਨੂੰ ਬਖਸ਼ੀ ਗਈ ਰਾਜਨੀਤਕ ਜਾਂ ਸਿਆਸਤ ਤਾਕਤ ਤੋਂ ਉਪਜਦਾ ਹੈ ਤੇ ਅਜਿਹੇ ਆਗੂ ਉਨ੍ਹਾਂ ਲੋਕਾਂ ਨੂੰ ਵੀ ਜਵਾਬਦੇਹ ਹੁੰਦੇ ਹਨ। ਉਨ੍ਹਾਂ ਦੀ ਰਾਜਨੀਤਕ ਜਾਂ ਸਿਆਸਤ ਹਕੂਮਤ ਵਿੱਚ ਮਿਆਦ ਬਦਲਦੀ ਰਹਿੰਦੀ ਹੈ ਤੇ ਆਗੂ ਵੀ ਬਦਲਦੇ ਰਹਿੰਦੇ ਹਨ। ਉਹ ਤਜ਼ਰਬੇਕਾਰ ਵੀ ਹੋ ਸਕਦੇ ਹਨ ਤੇ ਨਵ-ਉਪਜੇ ਵੀ, ਸਿੱਖਿਅਤ ਤੇ ਜੁਗਤੀ ਵੀ ਹੋ ਸਕਦੇ ਹੁੰਦੇ ਹਨ ਅਤੇ ਅਨਪੜ੍ਹ ਤੇ ਮਹਿਜ਼ ਜੁਗਾੜੂ ਵੀ।

(ਅ) ਗ਼ੈਰ ਸਿਆਸੀ ਜਾਂ ਸਥਾਈ ਕਾਰਜਪਾਲਿਕਾ (Non-Political/Permanent Executive) : ਸਥਾਈ ਕਾਰਜਪਾਲਿਕਾ ਵਿੱਚ, ਪ੍ਰਸ਼ਾਸਨਿਕ ਪੱਖੋਂ ਨਿਪੁੰਨ ਤੇ ਸਮਰੱਥ ਅਧਿਕਾਰੀ ਜਿੰਨ੍ਹਾਂ ਨੂੰ ਅਫ਼ਸਰਸ਼ਾਹ ਜਾਂ ਸਿਵਲ ਨੌਕਰਸ਼ਾਹ ਕਿਹਾ ਜਾਂਦਾ ਹੈ, ਸ਼ਾਮਲ ਹੁੰਦੇ ਹਨ। ਉਹ ਗ਼ੈਰ ਰਾਜਨੀਤਕ ਜਾਂ ਗ਼ੈਰ ਸਿਆਸੀ ਇਸ ਲਈ ਕਹਾਉਂਦੇ ਹਨ ਕਿਉਂਕਿ ਉਨਾਂ ਹੀ ਭਰਤੀ, ਸਭਨਾਂ ਲਈ ਖੁੱਲ੍ਹੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਰਾਹੀਂ (ਮੈਰਿਟ ਤੇ ਅਧਾਰ 'ਤੇ) ਕੀਤੀ ਜਾਂਦੀ ਹੈ। ਸਿਵਲ ਨੌਕਰਸ਼ਾਹਾਂ ਨੂੰ ਉਨ੍ਹਾਂ ਦੇ ਮੈਰਿਟਕ੍ਰਮ ਅਤੇ ਪਹਿਲ ਦੇ ਅਧਾਰ 'ਤੇ ਤਿਆਰ ਕੀਤੀ ਜਾਂਦੀ ਤਰਤੀਬੀ ਦਰਜੇਬੰਦੀ ਅਨੁਸਾਰ ਤਾਇਨਾਤ ਕੀਤਾ ਜਾਂਦਾ ਹੈ। ਉਹ ਨਿਯਮ-ਕਨੂੰਨ ਦੇ ਢਾਂਚੇ ਵਿੱਚ ਰਹਿ ਕੇ (ਨਿਯਮਬੱਧ ਕਾਰਵਾਈ) ਹੀ ਕੰਮ ਕਰਦੇ ਹਨ ਅਤੇ ਸਰਕਾਰਾਂ ਤਬਦੀਲ ਹੋਣ ਦੀ ਸੂਰਤ ਵਿੱਚ ਵੀ ਉਹ ਆਪਣੀ ਕੰਮ-ਕਾਜੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ (ਸਥਾਈ ਕੰਮ-ਕਾਜੀ ਜ਼ਿੰਮੇਵਾਰੀ) ਹੁੰਦੇ। ਉਨ੍ਹਾਂ ਦਾ ਇਹ ਨੌਕਰੀ-ਪੇਸ਼ਾ ਵੀ ਸਥਾਈ ਹੁੰਦਾ ਹੈ ਤੇ ਸਮਾਂ-ਬੱਧ ਤਰੱਕੀਆਂ ਵੀ ਮਿਲਦੀਆਂ ਰਹਿੰਦੀਆਂ ਹਨ। ਉਹ ਮਾਇਕ ਜਾਂ ਆਰਥਿਕ ਤੌਰ 'ਤੇ ਬਹੁਤ ਸੁਰੱਖਿਅਤ ਹੁੰਦੇ ਹਨ ਅਤੇ ਸੇਵਾ ਦੌਰਾਨ ਤੇ ਸੇਵਾਵਾਂ ਤੋਂ ਬਾਅਦ ਵੀ ਕਈ ਫ਼ਾਇਦੇ ਪ੍ਰਾਪਤ ਕਰਦੇ ਹਨ। ਉਹ ਪੜ੍ਹੇ-ਲਿਖੇ ਹੁੰਦੇ ਹਨ, ਸਿਖਲਾਈ ਪ੍ਰਾਪਤ ਹੁੰਦੇ ਹਨ ਅਤੇ ਸਿਰ ਦੇ ਨਿਪੁੰਨ ਹੁੰਦੇ ਹਨ।

ਉਪਰ ਵਿਆਖਿਆ ਕੀਤੇ ਰਾਜਨੀਤਕ ਜਾਂ ਸਿਆਸੀ ਕਾਰਜਪਾਲਿਕਾ ਅਧਿਕਾਰੀ ਅਤੇ ਸਥਾਈ ਜਾਂ ਗ਼ੈਰ ਸਿਆਸੀ ਕਾਰਜਪਾਲਿਕਾ ਅਧਿਕਾਰੀ ਸਾਂਝੇ ਤੌਰ 'ਤੇ ਤੇ ਕਾਰਜਪਾਲਿਕਾ ਅਖਵਾਉਂਦੇ ਹਨ।

ਸਿਵਲ ਸੇਵਾਵਾਂ ਕੀ ਹਨ ?
(What is a Civil Service?)

ਜੇ ਕੋਈ ਸੇਵਾ ਸੈਨਿਕ ਸੇਵਾ ਨਾ ਹੋਵੇ, ਸਿਵਲ ਸੇਵਾ ਕਹਾਉਂਦੀ ਹੈ।

ਨੌਕਰਸ਼ਾਹੀ ਜਾਂ ਅਫ਼ਸਰਸ਼ਾਹੀ (ਬਿਊਰੋਕ੍ਰੇਸੀ-Bureaucracy) ਦਾ ਲਫ਼ਜ਼ੀ ਅਰਥ : ਨੌਕਰਸ਼ਾਹੀ ਜਾਂ ਅਫ਼ਸਰਸ਼ਾਹੀ, ਅੰਗਰੇਜ਼ੀ ਦੇ ਸ਼ਬਦ 'ਬਿਊਰੋਕ੍ਰੇਸੀ' ਦਾ ਪੰਜਾਬੀ ਅਨੁਵਾਦ (ਉਲੱਥਾ) ਹੈ। ਬਿਊਰੋਕ੍ਰੇਸੀ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ; ਬਿਊਰੋ (ਫ਼ਰਾਂਸੀਸੀ ਸ਼ਬਦ) ਜਿਸਦਾ ਭਾਵ ਹੈ, ਦਫ਼ਤਰੀ ਮੇਜ਼ ਅਤੇ ਕਰੇਸੀ (ਯੂਨਾਨੀ ਸ਼ਬਦ) ਦਾ ਭਾਵ ਹੈ ਹਕੂਮਤ। ਸ਼ਬਦਾਂ ਨੂੰ ਜੋੜ ਕੇ ਬਣੇਂ ਸ਼ਬਦ ਦਾ ਅਰਥ ਰੱਲ਼ਕੇ ਬਣਦਾ ਹੈ; ਦਫ਼ਤਰੀ ਮੇਜ਼ਾ ਤੇ ਬੈਠਕ ਹਕੂਮਤ ਕਰਨ ਵਾਲੇ ਵਿਅਕਤੀ, ਮੁੱਢਲੇ ਤੌਰ 'ਤੇ ਪ੍ਰਸ਼ਾਸਕੀ ਅਫ਼ਸਰ। ਪੰਜਾਬੀ ਵਿੱਚ ਇਨ੍ਹਾਂ ਉੱਚ-ਪੱਧਰੀ ਅਫ਼ਸਰਾਂ ਜਾਂ ਉੱਚ-ਪੱਧਰੀ ਨੌਕਰੀਆਂ ਕਰਨ ਵਾਲੇ ਸਰਕਾਰੀ ਨੌਕਰਾਂ ਨੂੰ ਨੌਕਰਸ਼ਾਹ ਜਾਂ ਅਫ਼ਸਰਸ਼ਾਹ ਕਹਿ ਦਿੱਤਾ ਜਾਂਦਾ ਹੈ।

ਕੀ ਤੁਸੀਂ ਜਾਣਦੇ ਹੋ ?

- 'ਬਿਊਰੋਕ੍ਰੇਸੀ' ਸਭ ਤੋਂ ਪਹਿਲਾਂ ਸੰਨ 1746 ਵਿੱਚ ਫ਼ਰਾਂਸ ਦੇ ਅਰਥਸ਼ਾਸਤਰੀ ਵਿਨਸੈਂਟ ਡੀ. ਗੁਰਨੇਇ ਨੇ ਘੜ੍ਹਿਆ ਸੀ।
- 'ਬਿਊਰੋਕ੍ਰੇਸੀ' ਦੀ ਪਹਿਲੀ ਵਾਰ ਸਿਲਸਲੇਵਾਰ ਤੇ ਵਿਗਿਆਨਕ ਵਿਧੀ ਨਾਲ ਖੋਜ ਕਰਨ ਦਾ ਸਿਹਰਾ ਜਰਮਨੀ ਦੇ ਸਮਾਜਸ਼ਾਸਤਰੀ ਮੈਕਸ ਵੈਬਰ ਦੇ ਸਿਰ ਬੱਝਦਾ ਹੈ।

ਅਫ਼ਸਰਸ਼ਾਹੀ/ਨੌਕਰਸ਼ਾਹੀ ਦੇ ਕਾਰਜ ਤੇ ਕਰਮ (Functions and Role of Bureaucracy) : ਸ਼ੁਰੂਆਤੀ ਸ਼ਹਿਰ ਰਾਜਾਂ (City States) ਵਿੱਚ ਪ੍ਰਸ਼ਾਸਕੀ ਪ੍ਰਬੰਧ ਬਹੁਤ ਸਰਲ ਸੀ ਪਰ ਮੌਜੂਦਾ ਰਾਸ਼ਟਰਾਂ (Nation States) ਵਿੱਚ ਪ੍ਰਸ਼ਾਸਕੀ ਪ੍ਰਬੰਧ ਵੰਗਾਰਮਈ, ਜਟਿੱਲ ਤੇ ਬਹੁ-ਪਰਤੀ ਹੈ। ਅਫ਼ਸਰਸ਼ਾਹੀ ਜਾਂ ਨੌਕਰਸ਼ਾਹੀ ਦਾ ਕਰਮ-ਕਾਰਜ ਰਾਜਨਤੀਕ ਜਾਂ ਸਿਆਸੀ ਕਾਰਜਪਾਲਿਕਾ ਨਾਲ ਰੱਲ਼ ਕੇ ਬਹੁ ਪਰਤੀ ਵੰਗਰਾਂ ਨਾਲ ਨਜਿੱਠਣਾ ਅਤੇ ਭਲਾਈ ਕਾਰਜ ਕਰਨਾ ਹੁੰਦਾ ਹੈ।

(i) ਕਨੂੰਨ ਅਤੇ ਨੀਤੀਆਂ ਘੜ੍ਹਨਾ ਵਿਧਾਨਕਾਰੀ ਭੂਮਿਕਾ (Legistlave Role) : ਕਨੂੰਨ ਬਣਾਉਣੇਂ ਅਸਲ ਵਿੱਚ ਵਿਧਾਨਪਾਲਿਕਾ ਦਾ ਕਰਮ ਹੈ ਪਰ ਸਮੇਂ ਦੀ ਥੁੜ੍ਹ, ਕੰਮ ਦੇ ਬੋਝ ਅਤੇ ਵਿਧਾਨਕਾਰੀ ਕਾਰਜਾਂ ਨਾਲ ਸਬੰਧਤ ਤਕਨੀਕੀ ਔਕੜਾਂ ਕਾਰਨ ਕਨੂੰਨ ਘੜ੍ਹਨ ਦਾ ਕੰਮ ਕਾਰਜਪਾਲਿਕਾ ਨੂੰ ਵੀ ਸੌਂਪ ਦਿੱਤਾ ਜਾਂਦਾ ਹੈ। ਕਾਰਜਪਾਲਿਕਾ ਨੂੰ ਵਿਧਾਨਕਾਰੀ ਜ਼ਿੰਮੇਵਾਰੀ ਸੌਂਪ ਜਾਣ ਦੀ ਪ੍ਰਕਿਰਿਆ ਨੂੰ ਸੌਂਪੀ ਵਿਧਾਨਕਾਰੀ (ਜਾਂ ਕਾਰਜਕਾਰਨੀ ਵਿਧਾਨਕਾਰੀ) ਵੀ ਕਿਹਾ ਜਾਂਦਾ ਹੈ। ਅਸਲ ਵਿੱਚ ਸਿਆਸੀ ਕਾਰਜਪਾਲਿਕਾ ਦੇ ਕਈ ਨਵ ਚੁਣੇਂ ਮੈਂਬਰ ਕਨੂੰਨ ਘੜ੍ਹਨ ਨਾਲ ਸਬੰਧਤ ਤਕਨੀਕੀ ਗੁੰਝਲਦਾਰ ਨੂੰ ਸਮਝਣੇਂ ਅਸਮਰੱਥ ਹੁੰਦੇ ਹਨ ਤੇ ਇਸੇ ਲਈ ਤਜ਼ਰਬੇਕਾਰ ਅਫ਼ਸਰਸ਼ਾਹਾਂ ਦੀ ਸਲਾਹ ਅਤੇ ਗਿਆਨ ਉੱਤੇ ਨਿਰਭਰ ਕਰਦੇ ਹਨ। ਇਸ ਤਰ੍ਹਾਂ ਕਾਰਜਪਾਲਿਕਾ ਨੂੰ ਵਿਧਾਨਕਾਰੀ ਤਾਕਤਾਂ ਸੌਂਪੇ ਜਾਣ ਤੋਂ ਸਿੱਧਾ ਭਾਵ ਅਫ਼ਸਰਸ਼ਾਹੀ/ਨੌਕਰਾਸ਼ਾਹੀ ਨੂੰ ਵਿਧਾਨਕਾਰੀ ਕਾਰਜ ਸੌਂਪਣਾਂ। ਦੂਸਰੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਅਫ਼ਸਰਸ਼ਾਹਾਂ ਜਾਂ ਨੌਕਰਸ਼ਾਹਾਂ ਪ੍ਰਮੁੱਖ ਨੀਤੀਘੜੇ ਬਣ ਜਾਂਦੇ ਹਨ।



(ii) ਨੀਤੀਆਂ ਲਾਗੂ ਕਰਨਾ (ਕਾਰਜਕਾਰੀ ਭੂਮਿਕਾ) (Exceutive Role) : ਅਫ਼ਸਰਸ਼ਾਹੀ ਜਾਂ ਨੌਕਰਸ਼ਾਹੀ ਦਾ ਮੁੱਢਲਾ ਕਾਰਜ ਹੀ ਸਿਆਸੀ ਜਾਂ ਰਾਜਨੀਤਕ ਕਾਰਜਕਾਰਨੀ ਵੱਲੋਂ ਲਏ ਗਏ ਨੀਤੀਗਤ ਫ਼ੈਸਲਿਆਂ ਨੂੰ ਲਾਗੂ ਕਰਨਾ ਹੁੰਦਾ ਹੈ ਜੋ ਕਿ ਕਿਸੇ ਰਾਜ ਦੀ ਵਿਕਾਸ ਪ੍ਰਕਿਰਿਆ ਦੀ ਨੀਂਹ ਮੰਨੇ ਜਾਂਦੇ ਹਨ। ਇੱਥੇ ਇਹ ਵਰਣਨਯੋਗ ਹੈ ਕਿ ਭਾਰਤ ਦੇ ਸੰਵਿਧਾਨ ਵਿੱਚ ਸ਼ਾਮਲ 'ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ' ਕਲਿਆਣਕਾਰੀ ਰਾਜ ਦੀ ਸਥਾਪਨਾ ਦੇ ਟੀਚੇ ਦੀ ਪ੍ਰਾਪਤੀ ਲਈ ਹੀ ਸ਼ਾਮਲ ਕੀਤੇ ਗਏ ਹਨ। ਅਫ਼ਸਰਸ਼ਾਹੀ ਜਾਂ ਨੌਕਰਸ਼ਾਹੀ ਦੀ ਸਹਾਇਤਾ ਜਾਂ ਸਹਾਇਕ ਕਾਰਜ ਤੋਂ ਬਿਨਾਂ ਵਿਕਾਸ ਪ੍ਰਕਿਰਿਆ ਅਸੰਭਵ ਜਿਹਾ ਕਾਰਜ ਬਣ ਸਕਦਾ ਹੈ। ਇਸ ਮਨੋਰਥ ਲਈ ਗ਼ੈਰ-ਸਿਆਸੀ ਕਾਰਜਪਾਲਿਕਾ, ਸਿਆਸੀ ਜਾਂ ਰਾਜਨੀਤਕ ਕਾਰਜਪਾਲਿਕਾ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਦੀ ਹੈ।

(iii) ਪ੍ਰਸ਼ਾਸਕੀ ਯੋਜਨਾਬੰਦੀ ਅਤੇ ਕਾਰਜ (Adminsitrative Role) : ਸਿਵਲ ਸੇਵਾਵਾਂ ਸਥਾਪਤ ਕਰਨ ਦਾ ਪ੍ਰਮੁੱਖ ਨਿਸ਼ਾਨਾ ਹੈ, ਲੱਖਾਂ ਲੋਕ ਦੀਆਂ ਆਸਾਂ ਅਤੇ ਇਛਾਵਾਂ ਸਬੰਧੀ ਪੂਰਾ ਉਤਰਨ ਲਈ ਰਾਜਨੀਤਕ ਕਾਰਜਪਾਲਿਕਾ ਨੂੰ ਤਾਕਤਵਰ ਸਹਾਇਤਾ ਪ੍ਰਦਾਨ ਕਰਨਾ। ਇਸ ਪੱਖ ਲਈ, ਲੋਕ ਪ੍ਰਸ਼ਾਸਨ ਦੀ ਰੀੜ ਦੀ ਹੱਡੀ ਕਹਾਉਣ ਵਾਲੇ ਸਿਵਲ ਸੇਵਾਵਾਂ ਦੇ ਸ਼ਾਹ-ਅਫ਼ਸਰ ਪ੍ਰਸ਼ਾਸਨਿਕ ਯੋਜਨਾਬੰਦੀ ਵਿੱਚ ਸਭ ਤੋਂ ਵੱਧ ਸਹਾਈ ਹੁੰਦੇ ਹਨ। ਪ੍ਰਸ਼ਾਸਨ ਚਲਾਉਣ ਵਿੱਚ ਸੋਚ ਅਤੇ ਸੂਝ ਇਨ੍ਹਾਂ ਅਧਿਕਾਰੀਆਂ ਦੀ ਹੀ ਹੁੰਦੀ ਹੈ।

(iv) ਲੋਕ ਸੰਪਰਕ ਕਾਇਮ ਰੱਖਣਾ ਜਾਂ ਸਰਕਾਰੀ ਭੂਮਿਕਾ (Public Role) : ਅਫ਼ਸਰਸ਼ਾਹ/ਨੌਕਰਸ਼ਾਹ, ਸਿਆਸੀ ਜਾਂ ਰਾਜਨੀਤਕ ਕਾਰਜਪਾਲਿਕਾ ਅਤੇ ਲੋਕਾਂ ਵਿਚਲੇ ਸੰਪਰਕ ਸੂਤਰ ਜਾਂ ਕੜੀ ਦਾ ਕਾਰਜ ਕਰਦੇ ਹਨ। ਕੋਈ ਵੀ ਵਿਅਕਤੀ ਆਪਣੀਆਂ ਔਕੜਾਂ ਦੇ ਹੱਲ ਲਈ ਜਾਂ ਤਾਂ ਚੁਣੇ ਹੋਏ ਪ੍ਰਤੀਨਿਧ ਤੱਕ ਪਹੁੰਚ ਕਰਦਾ ਹੈ ਜਾਂ ਫੇਰ ਸਿਵਲ ਸੇਵਾ ਅਧਿਕਾਰੀ ਤੱਕ। ਇਸ ਤਰ੍ਹਾਂ ਅਫ਼ਸਰਸ਼ਾਹੀ ਜਾਂ ਨੌਕਰਸ਼ਾਹੀ ਲੋਕ ਭਲਾਈ ਦੇ ਹੱਕ ਵਿੱਚ ਆਪਣੇ ਅਖਤਿਆਰਾਂ ਦੀ ਵਰਤੋਂ ਕਰਦੇ ਹਨ।

(v) ਝਗੜਿਆਂ ਦਾ ਨਿਪਟਾਰਾ (Judicial Role) : ਸਿਵਲ ਸੇਵਾ ਅਧਿਕਾਰੀਆਂ ਦੀ ਹੈਸੀਅਤ ਵਿੱਚ ਉਹ ਪ੍ਰਸ਼ਾਸਨਿਕ ਝਗੜਿਆਂ ਦੇ ਨਿਪਟਾਰੇ ਕਰਦੇ (ਅਰਧ ਨਿਆਂਇਕ ਕਾਰਜ) ਹਨ ਜੋਂ ਨਾਗਰਿਕਾਂ ਤੇ ਰਾਜ ਜਾਂ ਸਰਕਾਰ ਵਿਚਾਲੇ ਖੜ੍ਹੇ ਹੁੰਦੇ ਹਨ। ਇਸ ਮਕਸਦ ਲਈ ਕਈ ਟ੍ਰਿਬਿਊਨਲ (ਜੋ ਅਦਾਲਤਾਂ ਵਾਂਗੂੰ ਕੰਮ ਕਰਦੇ ਹਨ) ਸਥਾਪਤ ਕੀਤੇ ਜਾਂਦੇ ਹਨ ਜੋ ਅਦਾਲਤਾਂ ਦੇ ਨਿਆਂਇਕ ਪ੍ਰਬੰਧ ਤੋਂ ਇਲਾਵਾ ਨਿਆਂਇਕ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੀ ਪ੍ਰਮੁੱਖ ਜ਼ਿੰਮੇਵਾਰੀ ਹੀ ਨਾਗਰਿਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਅਤੇ ਨਿਪਟਾਰਾ ਕਰਨਾ ਹੁੰਦਾ ਹੈ।

ਸਿਆਸੀ ਕਾਰਜਪਾਲਿਕਾ ਨਾਲ ਸਬੰਧ (ਮੰਤਰੀ ਅਫ਼ਸਰਸ਼ਾਹ ਸਬੰਧ) : ਪ੍ਰਸ਼ਾਸਨਿਕ ਮਸ਼ੀਨਰੀ ਦੇ ਸਾਵੇਂ-ਪੱਧਰੇ ਅਤੇ ਨਿਪੁੰਨ ਚੱਲਣ ਲਈ ਰਾਜਨੀਤਕ ਕਾਰਜਪਾਲਿਕਾ ਅਤੇ ਸਿਵਲ ਸੇਵਾ ਅਧਿਕਾਰੀਆਂ ਦਾ ਆਪਸੀ ਤਾਲਮੇਲ ਅਤੇ ਸਬੰਧ ਤਾਕਤਵਰ ਤੇ ਮਿਲਾਪੜੇ ਹੋਣਾ ਬਹੁਤ ਜ਼ਰੂਰੀ ਹੈ। ਰਾਜਨੀਤਕ ਜਾਂ ਸਿਆਸੀ ਕਾਰਜਪਾਲਿਕਾ ਨੂੰ ਸੱਤ੍ਹਾ ਅਤੇ ਤਾਕਤ ਚੋਣਾਂ ਰਾਹੀਂ ਆਮ ਲੋਕਾਂ ਤੋਂ ਮਿਲਦੀ ਹੈ। ਦੂਸਰੇ ਪਾਸੇ ਸਿਵਲ ਸੇਵਾ ਅਧਿਕਾਰੀ ਖੁਲ੍ਹੇ ਮੁਕਾਬਲੇ ਵਿੱਚੋਂ ਚੁਣਿਆ ਜਾਂਦਾ ਹੈ ਤੇ ਉਸਦੀ ਤਾਕਤ ਲਿਆਕਤ ਅਤੇ ਪ੍ਰਸ਼ਾਸਨਿਕ ਰੁਤਬਾ ਹੁੰਦੀ ਹੈ। ਕੋਈ ਵੀ ਲੋਕਤੰਤਰੀ ਸਰਕਾਰ ਆਮ ਲੋਕ ਇੱਛਾ ਦੇ ਸਿਧਾਂਤ ਤੇ ਚਲਦੀ ਹੋਣ ਕਾਰਨ ਉਸਦੀ ਤਰਜਮਾਨੀ ਰਾਜਨੀਤਕ ਜਾਂ ਸਿਆਸੀ ਕਾਰਜਪਾਲਿਕਾ ਕਰਦੀ ਹੈ ਅਤੇ ਸਿਵਲ ਸੇਵਾ ਅਧਿਕਾਰੀ ਜਾਂ ਨੌਕਰਸ਼ਾਹ ਉਸਦੇ ਮਾਤ ਹਿਤ ਹੁੰਦੇ ਹਨ।

ਸਿਆਸੀ ਅਤੇ ਗ਼ੈਰ ਸਿਆਸੀ ਕਾਰਜਪਾਲਿਕਾ ਵਿਚਾਲ਼ੇ ਆਪਸੀ ਸਬੰਧੀ ਦੋ ਸਿਧਾਂਤਾਂ ਉਤੇ ਅਧਾਰਤ ਹੁੰਦਾ ਹੈ; (i) ਨਿਰਪੱਖਤਾ ਜਾਂ ਬੇਲਾਗਤਾ (Neutrality) ਅਤੇ (ii) ਗੁੰਮਨਾਮੀ (Anonymity)

1. ਨਿਰਪੱਖਤਾ ਜਾਂ ਨਿਰਪੇਲਤਾ (Neutrality) : ਸਿਵਲ ਸੇਵਾਵਾਂ ਵਿੱਚ ਬੇਲਾਗ ਜਾਂ ਨਿਰਪੱਖ ਹੋ ਕੇ ਕਾਰਜ ਕਰਨ ਦੀ ਰਵਾਇਤ ਬਰਤਾਨੀਆਂ ਵਿੱਚ ਉਪਜੀ। ਇਸਦਾ ਹਵਾਲਾ ਹੈ, ਸਿਵਲ ਸੇਵਾਵਾਂ ਦੀ ਤਾਸੀਰ ਗ਼ੈਰ-ਸਿਆਸੀ ਤੇ ਬੇਲਾਗ (ਨਿਰਲੇਪ) ਹੋਣਾ। ਇਸਦਾ ਸਪਸ਼ਟ ਅਰਥ ਹੈ ਕਿ ਸਿਵਲ ਸੇਵਾ ਅਧਿਕਾਰੀਆਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਲਗਨ ਤੇ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ, ਬਿਨਾਂ ਕਿਸੇ ਸਿਆਸੀ ਜਾਂ ਹੁਕਮਰਾਨ ਸਰਕਾਰ ਵੱਲ ਝੁਕਾਅ ਦੇ। ਉਨ੍ਹਾਂ ਨੂੰ ਆਪਣੇ ਆਪ ਨੂੰ ਸਿਆਸਤ ਤੋਂ ਦੂਰ ਰੱਖਦਿਆਂ, ਆਪਣੇ ਉਤੇ ਕੋਈ ਸਿਆਸਤ ਰੰਗਤ ਨਹੀਂ ਚੜ੍ਹਨ ਦੇਣੀਂ ਚਾਹੀਦੀ।

ਜਦੋਂ ਅਫ਼ਸਰਸ਼ਾਹੀ ਜਾਂ ਨੌਕਰਸ਼ਾਹੀ ਜਦੋਂ ਕਿਸੇ ਸਿਆਸੀ ਜਮਾਤ (ਪਾਰਟੀ) ਦੇ ਪੱਖ ਵਿੱਚ ਭੁਗਤਣ ਲੱਗ ਪਵੇ ਅਤੇ ਸਿਵਲ ਸੇਵਾ ਅਧਿਕਾਰੀਆਂ ਦਾ ਨਿਰਪੱਖ ਜਾਂ ਬੇਲਾਗ ਨਾ ਰਹਿ ਕੇ ਸਿਆਸੀ ਝੁਕਾਅ ਪ੍ਰਤੱਖ ਹੋ ਜਾਵੇ ਤਾਂ ਅਫ਼ਸਰਸ਼ਾਹੀ ਦੇ ਇਸ ਚਰਿੱਤਰ ਨੂੰ ਸਿਆਸਤ ਰੰਗੀ ਜਾ ਉਲਾਰ ਅਫ਼ਸਰਸ਼ਾਹੀ ਵਜੋਂ ਜਾਣਿਆ ਜਾਂਦਾ ਹੈ।

2. ਗੁੰਮਨਾਮੀ (Anonymity) : ਗੁੰਮਨਾਮੀ ਦੇ ਨਿਯਮ ਤੋਂ ਭਾਵ ਹੈ ਕਿ ਸਿਵਲ ਸੇਵਾਵਾਂ ਦੇ ਅਧਿਕਾਰੀ ਬਿਨਾਂ ਕਿਸੇ ਸਿਫ਼ਤ ਜਾਂ ਇਲਜ਼ਾਮਬਾਜ਼ੀ ਤੋਂ, ਪਰਦੇ ਪਿੱਛੇ ਰਹਿ ਕੇ ਕਾਰਜ ਕਰਨ। ਸਿਆਸੀ ਕਾਰਜਪਾਲਿਕਾ (ਮੰਤਰੀ ਆਦਿ) ਲੋਕ ਪ੍ਰਤੀਨਿਧ

ਹੁੰਦੇ ਹਨ ਅਤੇ ਆਪਣੇ ਹਰ ਕਦਮ ਅਤੇ ਫ਼ੈਸਲੇ ਲਈ ਲੋਕਾਂ ਅੱਗੇ ਜਵਾਬਦੇਹ ਹੁੰਦੇ ਹਨ ਜਦੋਂ ਕਿ ਸਿਵਲ ਸੇਵਾਵਾਂ ਦੇ ਅਧਿਕਾਰਿਆਂ ਭਾਵ ਅਫ਼ਸਰਸ਼ਾਹਾਂ ਦਾ ਕੰਮ ਪ੍ਰਸ਼ਾਸਨਿਕ ਕਾਰਜਾਂ ਵਿੱਚ ਮੰਤਰੀਆਂ ਦੀ ਸਹਾਇਤਾ ਕਰਨਾ ਹੁੰਦਾ ਹੈ। ਇਸ ਤਰ੍ਹਾਂ ਨਾ ਤਾਂ ਉਹ ਤਕਨੀਕੀ ਤੌਰ ਤੇ ਲੋਕਾਂ ਅੱਗੇ ਸਿੱਧੇ ਜ਼ਿਮੇਵਾਰ ਠਹਿਰਾਏ ਜਾ ਸਕਦੇ ਹਨ ਤੇ ਨਾ ਹੀ ਉਹ ਲੋਕਾਂ ਵਿੱਚ ਅਜਿਹਾ ਕੋਈ ਭਾਵ ਪੈਦਾ ਕਰਦੇ ਹਨ।

ਅਫ਼ਸਰਸ਼ਾਹੀ ਦੀਆਂ ਕਮੀਆਂ ਜਾਂ ਘਾਟਾਂ

ਪ੍ਰਸ਼ਾਸਨਿਕ ਕੰਮਾਂ ਦੀ ਗੁੰਝਲਦਾਰ ਤਾਸੀਰ ਅਤੇ ਵਿਸਤ੍ਰਿਤ ਜ਼ਿੰਮੇਵਾਰੀਆਂ ਨੇ ਅਫ਼ਸਰਸ਼ਾਹਾਂ ਦੀ ਭੂਮਿਕਾ ਵਿੱਚ ਅਥਾਹ ਵਾਧਾ ਕਰਦਿਆਂ, ਤਾਕਤਾਂ ਵੀ ਉਨ੍ਹਾਂ ਦੇ ਹੀ ਹੱਥੀਂ ਕੇਂਦਰਿਤ ਕਰ ਦਿੱਤੀਆਂ ਹਨ। ਅਸੀਮ ਸਮੇਂ ਤੋਂ ਹੀ ਸੱਤ੍ਹਾ ਦੀ ਤਾਕਤ ਨੇ ਮਨੁੱਖ ਅੰਦਰ ਭ੍ਰਿਸ਼ਟ ਪ੍ਰਵਿਰਤੀ ਪੈਦਾ ਵੀ ਕੀਤੀ ਹੈ। ਇਹ ਅਖਾਣ ਹੀ ਬਣ ਗਿਆ ਹੈ, ਅਖਤਿਆਰੀ ਤਾਕਤ ਭ੍ਰਿਸ਼ਟ ਬਣਾਉਂਦੀ ਹੈ ਅਤੇ ਸੰਪੂਰਨ ਤਾਕਤ, ਸੰਪੂਰਨ ਭ੍ਰਿਸ਼ਟ।

1. ਅਤਿ ਫੁਰਤੀਲੀ ਅਫ਼ਸਰਸ਼ਾਹੀ (Bureaucratic Activism) : ਇਸਦਾ ਭਾਵ ਹੈ ਕਿ ਅਫ਼ਸਰਸ਼ਾਹੀ ਨੇ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਪਾਲਿਕਾ, ਸਾਰੇ ਹੀ ਖੇਤਰਾਂ ਵਿੱਚ ਬੜੀ ਚੁਸਤ-ਫੁਰਤ ਭੂਮਿਕਾ ਨਿਭਾਉਣੀ ਅਰੰਭ ਕੀਤੀ ਹੈ ਤੇ ਆਪਣੀ ਪ੍ਰਸ਼ਾਸਨਿਕ ਭੂਮਿਕਾ ਤੋਂ ਕਿਤੇ ਅਗਾਂਹ ਲੰਘ ਗਏ ਹਨ। ਨਵੀਂ ਉਸਰ ਰਹੀ ਇਸ ਪ੍ਰਕਿਰਿਆ ਨੂੰ ਨਵ ਤਾਨਾਸ਼ਾਹੀ ਅਫ਼ਸਰਸ਼ਾਹੀ ਖਤਰੇ ਦਾ ਖਦਸ਼ੇ ਵੱਲ ਵੀ ਇਸ਼ਾਰਾ ਕਰਦਾ ਹੈ।



ਅਫ਼ਸਰਸ਼ਾਹੀ ਵਿੱਚ ਕਮੀਆਂ

2. ਸਿਆਸਤ-ਰੰਗੀ ਅਫ਼ਸਰਸ਼ਾਹੀ (Politicised Bureaucracy) : ਆਸ ਕੀਤੀ ਜਾਂਦੀ ਹੈ ਕਿ ਅਫ਼ਸਰਸ਼ਾਹੀ ਨਿਰਲੇਪ ਅਤੇ ਬੇਲਾਗ ਢੰਗ ਨਾਲ ਕਾਰਜ ਕਰੇ ਪਰ ਵੇਖਿਆ ਗਿਆ ਹੈ ਕਿ ਨੌਕਰਸ਼ਾਹ, ਸੱਤਾਧਾਰੀ ਸਿਆਸੀ ਪਾਰਟੀ ਵੱਲ ਉਲੱਰ ਜਾਂਦੇ ਹਨ ਅਤੇ ਉਨ੍ਹਾਂ ਦੇ ਪੱਖ ਵਿੱਚ ਹੀ ਭੁਗਤਦੇ ਹਨ। ਅਫ਼ਸਰਸ਼ਾਹਾਂ ਨੌਕਰਸ਼ਾਹਾਂ ਦੇ ਇਸ ਝੁਕਾਅ ਤੇ ਸਿਆਸੀ ਰੰਗਤ ਨੂੰ ਹੀ ਸਿਆਸੀਕ੍ਰਿਤ ਜਾਂ ਸਿਆਸਤ-ਰੰਗੀ ਜਾਂ ਉਲਾਰ ਅਫ਼ਸਰਸ਼ਾਹੀ ਦੀ ਤਸ਼ਬੀਰ ਦਿੱਤੀ ਜਾਂਦੀ ਹੈ ਜੋ ਕਿ ਵਿਕਾਸਮੁਖੀ ਟੀਚਿਆਂ ਲਈ ਮਾਰੂ ਸਿੱਧ ਹੁੰਦੀ ਹੈ।

3. ਸੱਤ੍ਹਾ ਦੀ ਭ੍ਰਿਸ਼ਟ ਪਕੜ (Corrupting Influence of power) : ਅਫ਼ਸਰਸ਼ਾਹਾਂ ਨੌਕਰਸ਼ਾਹਾਂ ਦੇ ਹੱਥੀ ਦਿੱਤੀ ਗਈ ਸੱਤ੍ਹਾ ਜਾਂ ਤਾਕਤ ਅਕਸਰ ਹੀ ਉਨ੍ਹਾਂ ਉਤੇ ਭ੍ਰਿਸ਼ਟ ਪਕੜ ਬਣਾ ਲੈਂਦੀ ਹੈ। ਬਹੁਤ ਵਾਰ ਉਨ੍ਹਾਂ ਉਤੇ ਵੱਢੀ ਲੈਣ, ਗ਼ੈਰ-ਕਾਨੂੰਨੀ ਗਤੀਵਿਧੀਆਂ, ਲਿਹਾਜ਼ਦਾਰੀ (ਪੱਖਪਾਤ) ਆਦਿ ਜਿਹੇ ਦੋਸ਼ ਲੱਗਦੇ ਹਨ ਜਿਨ੍ਹਾਂ ਦਾ ਸਿੱਟਾ ਪ੍ਰਸ਼ਾਸਨਿਕ ਟੀਚਿਆਂ ਦੀ ਪ੍ਰਾਪਤੀ ਵਿੱਚ ਅੜਿੱਕਾ ਬਣਨ ਤੋਂ ਇਲਾਵਾ ਦੇਸ਼ ਦੇ ਅਤੇ ਸਮਾਜ ਦੇ ਪ੍ਰਸ਼ਾਸਕੀ ਤਾਣੇ-ਬਾਣੇ ਨੂੰ ਕਮਜ਼ੋਰ ਕਰਦਾ ਹੈ।

4. ਸ਼੍ਰੇਣੀ ਜਾਂ ਵਰਗ ਚੇਤਨਾ (Class Consciousness) : ਸਿਵਲ ਸੇਵਾ ਅਧਿਕਾਰੀ ਜਾਂ ਅਫ਼ਸਰਸ਼ਾਹ ਯੋਗ, ਨਿਪੁੰਨ ਅਤੇ ਲਿਆਕਤੇ ਹੋਣ ਕਾਰਨ, ਸਮਾਜਿਕ ਵਰਗੀਕਰਣ ਵਿੱਚ ਆਪਣੇ-ਆਪ ਨੂੰ ਉੱਚ ਸ਼੍ਰੇਣੀ ਦਾ ਮੰਨਣ ਲੱਗ ਪੈਂਦੇ ਹਨ ਕਿਉਂਕਿ ਉਨ੍ਹਾਂ ਵਿੱਚ ਸ਼੍ਰੇਣੀ ਜਾਂ ਵਰਗ ਚੇਤਨਾ ਪ੍ਰਬਲ ਹੋ ਜਾਂਦੀ ਹੈ। ਉਨ੍ਹਾਂ ਦੇ ਕਮ-ਕਾਜੀ ਰੁੱਤਬੇ ਨਾਲ ਸੱਤਾ ਦੀ ਤਾਕਤ ਅਤੇ ਸਤਿਕਾਰ ਜੁੜੇ ਹੋਣ ਕਾਰਨ ਉਨ੍ਹਾਂ ਵਿੱਚ ਅਹਿਮ ਹੋਣ ਦੀ ਭਾਵਨਾ ਆ ਜਾਂਦੀ ਹੈ ਜੋ ਸਮਾਜ ਵਿੱਚ ਵਰਗ ਵਖਰੇਵਿਆਂ ਦੀ ਨੀਂਹ ਰੱਖਦੀ ਹੈ।

5. ਜ਼ਿੰਮੇਵਾਰੀ ਤੇ ਜਵਾਬਦੇਹੀ (Responsibility and accountability) : ਅਫ਼ਸਰਸ਼ਾਹੀ ਆਪਣੇ ਹਰ ਕਰਮ ਲਈ ਸਿੱਧੇ ਤੌਰ ਤੇ ਮੰਤਰੀਆਂ (ਸਿਆਸੀ ਕਾਰਜਪਾਲਿਕਾ) ਅਤੇ ਅਸਿੱਧੇ ਤੌਰ ਤੇ ਲੋਕਾਂ ਅੱਗੇ ਜ਼ਿੰਮੇਵਾਰ ਤੇ ਜਵਾਬਦੇਹ ਹੁੰਦੀ ਹੈ ਕਿਉਂਕਿ ਮੰਤਰੀ ਹੀ ਪ੍ਰਸ਼ਾਸਨ ਦੇ ਫ਼ੈਸਲਿਆਂ ਸੰਬੰਧੀ ਲੋਕਾਂ ਅੱਗੇ ਸਿੱਧੇ ਜਵਾਬਦੇਹ ਹੁੰਦੇ ਹਨ। ਇਵੇਂ ਆਪਣੇ ਕਰਮਾਂ ਦੀ ਜ਼ਿੰਮੇਵਾਰੀ ਸਿਆਸੀ ਕਾਰਜਪਾਲਿਕਾ ਦੇ ਸਿਰ ਸੁੱਟ ਕੇ ਅਫ਼ਸਰਸ਼ਾਹੀ ਤਬਾਹਕੁੰਨ ਵੀ ਹੋ ਸਕਦੀ ਹੁੰਦੀ ਹੈ ਅਤੇ ਦੂਸਰੇ ਪਾਸੇ ਅਫ਼ਸਰਸ਼ਾਹੀ ਜੇ ਸਿੱਧੇ ਤੌਰ ਤੇ ਲੋਕਾਂ ਨਾਲ ਸੰਪਰਕ ਵਿੱਚ ਹੋ ਜਾਵੇ ਤਾਂ ਉਨ੍ਹਾਂ ਨਾਲ ਮਾਲਕਾਂ ਵਾਂਗ ਪੇਸ਼ ਆਉਣ ਲੱਗ ਪੈਂਦੇ ਹਨ।

6. ਲਾਲ ਫ਼ੀਤਾਸ਼ਾਹੀ (Red Tapism) : ਇਸਦਾ ਭਾਵ ਹੈ, ਕੰਮ ਨੂੰ ਸੰਕੋਚਵੇਂ ਹੱਥੀਂ ਕਰਦਿਆਂ ਵਾਧੂ ਕਾਗਜ਼ੀ ਕਾਰਵਾਈ ਕਰਨੀ ਤੇ ਲੋੜੋਂ ਵੱਧ ਦੇਰ ਲਾਉਣੀ। ਅਫ਼ਸਰਸ਼ਾਹੀ ਨਾਲ ਜੁੜ ਅਜਿਹੀ ਬਦੀ ਹੈ ਜੋ ਬਹੁਤੀ ਵਾਰ ਸਰਕਾਰੀ ਤੰਤਰ

ਉਤੇ ਬੇਭਰੋਸਗੀ ਪੈਦਾ ਕਰ ਦਿੰਦੀ ਹੈ ਤੇ ਨਾਗਰਿਕਾਂ ਦੀਆਂ ਔਕੜਾਂ ਵੀ ਅਣਗੁਲਝੀਆਂ ਹੀ ਰਹਿ ਜਾਂਦੀਆਂ ਹਨ। ਪ੍ਰਸ਼ਾਸਨ ਪ੍ਰਤੀ ਸ਼ਿਕਾਇਤਾਂ ਵੱਧਦੀਆਂ ਹਨ। ਡਿਜੀਟਲ ਕ੍ਰਾਂਤੀ ਨੇ ਇਸ ਪਾਸੇ ਕੁਝ ਵਧੀਆਂ ਸਿੱਟੇ ਕੱਢ ਵਿਖਾਏ ਹਨ ਪਰ ਸਾਰਾ ਪ੍ਰਬੰਧ ਕਾਬੂ ਆਉਣ ਵਿੱਚ ਹਾਲੇ ਚਿਰ ਲੱਗੇਗਾ।

7. ਅਫ਼ਸਰਸ਼ਾਹੀ ਦੀ ਭਰਤੀ (ਸਿਵਲ ਸੇਵਾਵਾਂ) : ਅਫ਼ਸਰਾਂ ਦੀ ਭਰਤੀ ਤੋਂ ਭਾਵ ਹੈ, ਸਿਵਲ ਸੇਵਾਵਾਂ ਦੇ ਸਿਖਿਅਤ ਤੇ ਕਾਬਲ ਨੌਕਰਸ਼ਾਹਾਂ ਨੂੰ ਉਨ੍ਹਾਂ ਦੇ ਰੁੱਤਬੇ ਅਨੁਸਾਰ ਸੇਵਾਵਾਂ ਵਿੱਚ ਚੋਣ ਕਰ ਕੇ ਅਸਾਮੀਆਂ ਉਤੇ ਤਾਇਨਾਤ ਕਰਨਾ। ਇਹੀ ਵਿਅਕਤੀ ਪ੍ਰਸ਼ਾਸਨ ਚਲਾਉਂਦੇ ਹਨ ਅਤੇ ਸਿਆਸੀ ਕਾਰਜ ਪਾਲਿਕਾ ਨਾਲ ਰੱਲ ਕੇ ਲੋਕਾਂ ਦੀ ਲੋੜ ਅਨੁਸਾਰ ਸੇਵਾ ਕਰਦੇ ਹਨ। ਅਫ਼ਸਰਸ਼ਾਹਾਂ ਜਾਂ ਨੌਕਰਸ਼ਾਹਾਂ ਦੀ ਭਰਤੀ ਵਿੱਚ ਦੋ ਪ੍ਰਥਾਵਾਂ ਨਾਲ ਕੀਤੀ ਜਾਂਦੀ ਭਰਤੀ ਹੀ ਮੁੱਖ ਤੌਰ ਤੇ ਸਾਹਮਣੇ ਆਉਂਦੀ ਹੈ–

ੳ) ਚਹੇਤਿਆਂ ਦੀ ਚੋਣ ਦੀ ਪ੍ਰਥਾ (Spoils system) : ਇਸ ਚੋਣ ਪ੍ਰਥਾ ਵਿੱਚ ਭਰਤੀ ਦਾ ਅਧਾਰ ਸਿਆਸੀ ਪੱਧਰ ਤੇ ਕਿਸੇ ਚਹੇਤੇ ਪੱਖ ਨਾਲ ਸੰਬੰਧਤ ਹੋਣਾ ਹੀ ਹੁੰਦਾ ਹੈ। ਸਿਆਸੀ ਕਾਰਜਪਾਲਿਕਾ ਆਪਣੇ ਨੇੜਲੇ ਤੇ ਚਹੇਤੇ ਵਿਅਕਤੀਆਂ ਨੂੰ ਇਸ ਪ੍ਰਥਾ ਅਧੀਨ ਅਫ਼ਸਰਸ਼ਾਹੀ ਦਾ ਹਿੱਸਾ ਬਣਾ ਲੈਂਦੀ ਹੈ। ਇਸ ਤਰ੍ਹਾਂ ਅਫ਼ਸਰਸ਼ਾਹੀ ਦਾ ਇੱਕ ਹਿੱਸਾ ਹੀ ਭਰਤੀ ਕੀਤਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਅਜਿਹੀ ਪ੍ਰਥਾ ਦਾ ਪ੍ਰਮੁੱਖ ਘਰ ਮੰਨਿਆ ਜਾਂਦਾ ਹੈ ਜਿੱਥੇ ਹੁਕਮਰਾਨ ਪਾਰਟੀ ਦੇ ਮੈਂਬਰਾਂ ਨੂੰ ਅਹੁੱਦੇ ਬਖ਼ਸ਼ ਦਿੱਤੇ ਜਾਂਦੇ ਹਨ। ਇਸ ਨੂੰ ਸਰਪਰਸਤੀ ਪ੍ਰਥਾ ਵੀ ਕਿਹਾ ਜਾਂਦਾ ਹੈ।

ਅ) ਕਾਬਲੀਅਤ ਅਧਾਰਤ ਚੋਣ ਦੀ ਪ੍ਰਥਾ (Merit System) : ਸਿਵਲ ਸੇਵਾਵਾਂ ਵਿੱਚ ਇਸ ਪ੍ਰਥਾ ਰਾਹੀ ਕੀਤੀ ਜਾਂਦੀ ਚੋਣ, ਖੁੱਲੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਦੇ ਅਧਾਰ ਤੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਭਰਤੀ ਵਿੱਚ ਸਿਆਸੀ ਕਾਰਜਪਾਲਿਕਾ ਦੀ ਕੋਈ ਭੂਮਿਕਾ ਨਹੀਂ ਹੁੰਦੀ ਅਤੇ ਹਰ ਸਿੱਖਿਅਤ ਵਿਅਕਤੀ ਨੂੰ ਸਿਵਲ ਸੇਵਾਵਾਂ ਵਿੱਚ ਸ਼ਾਮਲ ਹੋਣ ਲਈ ਇਕੋ ਜਿਹਾ ਹੀ ਮੌਕਾ ਮਿਲਦਾ ਹੈ। ਇਸ ਨਾਲ ਚੋਣ ਨਿਰਪੱਖ ਹੋ ਜਾਂਦੀ ਹੈ।

> ਚੀਨ, ਸੰਸਾਰ ਦਾ ਉਹ ਪ੍ਰਥਮ ਦੇਸ਼ ਹੈ ਜਿਸ ਨੇ ਮੈਰਿਟ (ਕਾਬਲੀਅਤ) ਦੇ ਸਿਧਾਂਤ ਤੇ ਵਿਗਿਆਨਕ ਢੰਗ ਦੀ ਭਰਤੀ ਪ੍ਰਕਿਰਿਆ ਦੂਸਰੀ ਸਦੀ ਈਸਾ ਪੂਰਵ ਅਪਣਾਈ ਜੋ ਮੈਂਡਰੀਅਨ ਸਿਸਟਮ ਕਹਾਈ।

ਕਾਬਲੀਅਤ ਅਧਾਰਤ ਚੋਣ ਪ੍ਰਥਾ ਜਾਂ ਮੈਰਿਟ ਸਿਸਟਮ ਕਿਸੇ ਵੀ ਭਰਤੀ ਪ੍ਰਕਿਰਿਆ ਲਈ ਸਭ ਤੋਂ ਵੱਧ ਢੁੱਕਵਾਂ ਤੇ ਠੋਸ ਲੱਗਦਾ ਹੈ ਕਿਉਂਕਿ ਇਹ ਸਿਆਸੀ ਸਰਪ੍ਰਸਤੀ ਤੇ ਭਾਈ-ਭਤੀਜਾਵਾਦ ਦੀ ਸੰਭਾਵਨਾ ਨੂੰ ਉੱਕਾ ਹੀ ਖ਼ਤਮ ਕਰ ਦਿੰਦਾ ਹੈ। ਇਸ ਚੋਣ ਪ੍ਰਥਾ ਰਾਹੀਂ, ਖੁਲ੍ਹੀ (ਸਭਨਾਂ ਨੂੰ ਮੌਕਾ ਦਿੰਦੀ) ਮੁਕਾਬਲਾ ਪ੍ਰੀਖਿਆ ਲਈ ਜਾਂਦੀ ਹੈ ਅਤੇ ਕਾਬਲੀਅਤ ਦੇ ਆਧਾਰ ਤੇ ਚੋਣ ਕਰ ਲਈ ਜਾਂਦੀ ਹੈ। ਸਿਵਲ ਸੇਵਾ ਅਧਿਕਾਰੀਆਂ ਦੀ ਚੋਣ ਤੇ ਤਾਇਨਾਤੀ ਲਈ ਇਹੀ ਪਾਰਦਰਸ਼ੀ ਢੰਗ ਅਪਣਾਇਆ ਜਾਂਦਾ ਹੈ। ਮੈਰਿਟ ਸਿਸਟਮ ਪ੍ਰਚਲਤ ਹੋਣ ਤੋਂ ਪਹਿਲਾਂ ਚਹੇਤਿਆਂ ਦੀ ਚੋਣ ਦੀ ਪ੍ਰਥਾ ਜਾਂ ਸਪੋਆਇਲਜ਼ ਸਿਸਟਮ ਪ੍ਰਚਲਤ ਸੀ।

ਸੋਚੋ ਤੇ ਦੱਸੋ

ਭਰਤੀ ਦੇ ਸਪੋਆਇਲਜ਼ ਸਿਸਟਮ ਦੇ ਕੀ ਗੁਣ ਜਾਂ ਔਗੁਣ ਹੋ ਸਕਦੇ ਹਨ ? ਅਧਿਆਪਕ ਜੀ ਨਾਲ ਵਿਚਾਰ ਸਾਂਝੇ ਕਰੋ—

ਭਾਰਤ ਵਿੱਚ ਸਿਵਲ ਸੇਵਾਵਾਂ
(Civil Services in India)

ਭਾਰਤ ਵਿੱਚ, ਡਿਪਟੀ ਕਮਿਸ਼ਨਰ ਦਾ ਆਹੁਦਾ ਤਾਂ ਜ਼ਰੂਰ ਹੀ ਸੁਣਿਆ ਹੋਵੇਗਾ, ਇਹ ਵੀ ਸੁਣਿਆ ਹੋਵੇਗਾ ਕਿ ਮੈਂ ਆਈ.ਏ.ਐੱਸ ਅਧਿਕਾਰੀ ਬਣਨਾ ਹੈ, ਆਈ.ਪੀ.ਐੱਸ ਅਧਿਕਾਰੀ ਬਣਨਾ ਹੈ ਆਦਿ। ਤੁਸੀਂ ਵੀ ਅਜਿਹਾ ਟੀਚਾ ਆਪਣੇ ਲਈ ਮਿੱਥਿਆ ਹੋਵੇਗਾ। ਫ਼ਿਲਮਾਂ ਵਿੱਚ ਅਧਿਕਾਰੀ ਵੇਖੇ ਹੋਣਗੇ, ਕਾਰਾਂ-ਗੱਡੀਆਂ ਉਤੇ ਰੰਗਦਾਰ ਲਾਈਟਾਂ ਵਾਲੇ ਸਿਗਨਲ ਵੇਖੇ ਹੋਣਗੇ। ਮੁਕਦੀ ਗੱਲ, ਇਨ੍ਹਾਂ ਅਹੁਦਿਆਂ ਤੇ ਅਧਿਕਾਰਿਆਂ ਨਾਲ ਸ਼ਾਨੋ-ਸ਼ੌਕਤ ਜੁੜੀ ਹੁੰਦੀ ਹੈ।

ਕੀ ਤੁਸੀਂ ਇਹ ਜਾਣਨ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਭਾਰਤ ਵਿੱਚ ਆਈ.ਏ.ਐੱਸ ਤੇ ਆਈ.ਪੀ.ਐੱਸ ਅਧਿਕਾਰੀ ਕਿਵੇਂ ਬਣਿਆ ਜਾ ਸਕਦਾ ਹੈ ? ਉਨ੍ਹਾਂ ਦੀ ਭੂਮਿਕਾ ਤੇ ਜ਼ਿਮੇਵਾਰੀ ਕੀ ਹੁੰਦੀ ਹੈ ? ਉਨ੍ਹਾਂ ਸਾਰਿਆਂ ਨੂੰ ਹੀ ਅਫ਼ਸਰਸ਼ਾਹ (ਸਿਵਲ ਨੌਕਰਸ਼ਾਹ) ਆਖਦੇ ਹਨ ਜੋ ਦੇਸ਼ ਦਾ ਪ੍ਰਸ਼ਾਸਨ ਚਲਾਉਂਦੇ ਹਨ। ਭਾਰਤ ਵਿੱਚ ਸਿਵਲ ਸੇਵਾਵਾਂ ਤਿੰਨ ਵਰਗਾਂ ਵਿੱਚ ਵੰਡ ਸਕਦੇ ਹਾਂ—

ੳ) ਸਰਬਭਾਰਤੀ ਸੇਵਾਵਾਂ (All India Services) (ਕੇਂਦਰ ਤੇ ਸੂਬਾਈ, ਦੋਹੇਂ ਸਰਕਾਰਾਂ ਲਈ)

ਅ) ਕੇਂਦਰੀ ਸੇਵਾਵਾਂ (Central Services)(ਕੇਂਦਰ ਸਰਕਾਰ ਦੀ ਸੇਵਾ ਲਈ)

ਏ) ਸੂਬਾਈ ਸੇਵਾਵਾਂ (State Services) (ਸੂਬਾਈ ਸਰਕਾਰਾਂ ਦੀ ਸੇਵਾ ਲਈ)

ਇੱਥੇ ਇਹ ਜਾਨਣਾਂ ਵੀ ਜ਼ਰੂਰੀ ਹੈ ਕਿ ਸਾਰੀਆਂ ਸਿਵਲ ਸੇਵਾਵਾਂ ਹੀ ਭਾਰਤੀ ਅਫ਼ਸਰਸ਼ਾਹੀ ਦਾ ਹਿੱਸਾ ਨਹੀਂ ਹੁੰਦੀਆਂ ਸਗੋਂ ਸਿਰਫ਼ ਸਰਬ ਭਾਰਤੀ ਸੇਵਾਵਾਂ ਅਤੇ ਕੇਂਦਰ ਸਰਕਾਰ ਤੇ ਸੂਬਾਈ ਸਰਕਾਰਾਂ ਦੇ ਉੱਚ ਅਹੁਦੇ ਹੀ ਅਫ਼ਸਰਸ਼ਾਹੀ ਦਾ ਅੰਗ ਬਣਦੇ ਹਨ।

ਸਰਬ ਭਾਰਤੀ ਸੇਵਾਵਾਂ ਅਤੇ ਉੱਚ ਕੇਂਦਰੀ ਸੇਵਾਵਾਂ ਦੀ ਭਰਤੀ ਸੰਘ ਲੋਕ ਸੇਵਾ ਕਮਿਸ਼ਨ (UPSC) ਅਤੇ ਉੱਚ ਸੂਬਾਈ ਸੇਵਾਵਾਂ ਦੀ ਭਰਤੀ ਸੂਬਾਈ ਲੋਕ ਸੇਵਾ ਕਮਿਸ਼ਨਾਂ (SPSCs) ਵੱਲੋਂ ਕੀਤੀ ਜਾਂਦੀ ਹੈ। ਪੰਜਾਬ ਦੇ ਸੂਬਾਈ ਲੋਕ ਸੇਵਾ ਕਮਿਸ਼ਨ ਦਾ ਨਾਮ, ਪੰਜਾਬ ਲੋਕ ਸੇਵਾ ਕਮਿਸ਼ਨ (PPSC) ਹੈ।



ਪਟਿਆਲਾ ਸਥਿੱਤ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਦਫ਼ਤਰ ਦਾ ਬਾਹਰੀ ਦ੍ਰਿਸ਼

ਹਣ ਤੁਸੀਂ ਸਹਿਜੇ ਹੀ ਦੱਸ ਸਕਦੇ ਹੋ ਕਿ ਸਾਡੇ ਦੇਸ਼ ਵਿੱਚ ਅਫ਼ਸਰਸ਼ਾਹੀ ਕਾਇਮ ਕਰਨ ਲਈ ਕਿਹੜੀ ਕਿਸਮ ਦੀ ਪ੍ਰਥਾ ਰਾਹੀਂ ਭਰਤੀ ਕੀਤੀ ਜਾਂਦੀ ਹੈ, ਇੱਥੇ ਲਿਖੋ.....

ਸਪਸ਼ਟ ਹੈ ਕਿ ਜੇ ਤੁਸੀਂ ਸਿਵਲ ਸੇਵਾ ਅਧਿਕਾਰੀ (ਆਈ.ਏ.ਐੱਸ ਜਾ ਆਈ.ਪੀ.ਐੱਸ) ਬਣਨਾ ਹੈ ਤਾਂ ਤੁਸੀਂ ਖੁੱਲ੍ਹੀ ਮੁਕਾਬਲਾ ਪ੍ਰੀਖਿਆ ਵਿੱਚ ਭਾਗ ਲੈ ਕੇ ਲਿਆਕਤ ਤੇ ਨਿਪੁੰਨਤਾ ਦਾ ਭਾਗੀਦਾਰ ਬਣਨਾ ਹੋਵੇਗਾ।

ਇਵੇਂ ਕਰੋ

ਭਾਰਤ ਵਿੱਚ ਸਿਵਲ ਸੇਵਾਵਾਂ ਅਧਿਕਾਰੀ ਬਣਨ ਦੇ ਢੰਗ ਬਾਰੇ ਜਾਣਕਾਰੀ ਪ੍ਰਾਪਤ ਕਰੋ। ਪ੍ਰੀਖਿਆ ਦੇ ਵੱਖ-ਵੱਖ ਪੜਾਅ ਕਿਹੜੇ-ਕਿਹੜੇ ਹਨ, ਲਾਜ਼ਮੀ ਯੋਗਤਾਵਾਂ ਕੀ ਹਨ ? ਅਧਿਆਪਕ ਜੀ ਦੀ ਸਹਾਇਤਾ ਵੀ ਲਓ—

ਇਹ ਤੱਥ ਜਾਣੋ—

- ਸਰਬ ਭਾਰਤੀ ਸੇਵਾਵਾਂ ਸਭ ਤੋਂ ਵੱਧ ਵੱਕਾਰੀ ਮੰਨੀਆਂ ਜਾਂਦੀਆਂ ਹਨ—
- ਆਈ.ਏ.ਐੱਸ (IAS –ਭਾਰਤੀ ਪ੍ਰਸ਼ਾਸਕੀ ਸੇਵਾ)
- ਆਈ.ਪੀ.ਐੱਸ (IPS–ਭਾਰਤੀ ਪੁਲੀਸ ਸੇਵਾ)
- ਆਈ.ਐੱਫ਼.ਐੱਸ (IFS–ਭਾਰਤੀ ਵਿਦੇਸ਼ ਸੇਵਾ)

ਸਰਕਾਰ ਵੱਲਭ ਭਾਈ ਪਟੇਲ (ਭਾਰਤ ਦੇ ਲੋਹ-ਪੁਰਸ਼) ਨੂੰ ਸਰਬ ਭਾਰਤੀ ਸੇਵਾਵਾਂ ਦਾ ਪਿਤਾਮਾ ਮੰਨਿਆ ਜਾਂਦਾ ਹੈ।

ਸੰਘ ਲੋਕ ਸੇਵਾ ਕਮਿਸ਼ਨ (UPSC) ਬਾਰੇ

ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐੱਸ.ਸੀ) ਸੰਵਿਧਾਨਕ ਸੰਸਥਾ ਹੈ ਅਤੇ ਭਾਰਤ ਦੇ ਸੰਵਿਧਾਨ ਦੇ ਹਿੱਸੇ ਵਿੱਚ ਆਰਟੀਕਲ 315 ਤੋਂ 323 ਤੱਕ ਇਸਦੀ ਰਚਨਾ, ਤਾਕਤਾਂ ਤੇ ਭੂਮਿਕਾ ਬਾਰੇ ਸਪਸ਼ਟ ਕਰਦੇ ਹਨ। ਇਸਦੇ ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। ਇਹ ਭਾਰਤ ਵਿੱਚ ਲਿਆਕਤ ਅਧਾਰਤ ਚੋਣ ਪ੍ਰਥਾ ਉਤੇ ਨਜ਼ਰ ਰੱਖਣ ਦਾ ਕਾਰਜ ਕਰਦਾ ਹੈ।

सत्यमेव जयते
UPSC

ਪ੍ਰਸ਼ਾਸਨ ਦੇ ਵਧਦੇ ਮਹੱਤਵ ਅਤੇ ਦੱਬਦਬੇ ਕਾਰਨ ਕਈ ਵਾਰ ਅਫ਼ਸਰਸ਼ਾਹੀ ਨੂੰ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਪਾਲਿਕਾ ਤੋਂ ਬਾਅਦ ਚੌਥੀ ਸ਼ਾਖਾ ਦਾ ਨਾਮ ਵੀ ਦੇ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਪ੍ਰਸ਼ਾਸਨ ਦਾ ਲੇਹ ਥੰਮ ਮੰਨਿਆ ਜਾਂਦਾ ਹੈ। ਇਹ ਸਿਆਸੀ ਕਾਰਜਪਾਲਿਕਾ ਨਾਲ ਮੋਢਾ ਜੋੜ ਕੇ ਕਾਰਜ ਕਰਨ ਵਾਲੀ ਕਾਮਿਆਂ ਦੀ ਫੌਜ ਹੁੰਦੀ ਹੈ ਜਿਨ੍ਹਾਂ ਦੇ ਜ਼ਿੰਮੇ ਦਿਨ-ਪ੍ਰਤੀ-ਦਿਨ ਦਾ ਪ੍ਰਸ਼ਾਸਨ ਚਲਾਉਣ ਤੋਂ ਇਲਾਵਾ ਲੋਕ ਭਲਾਈ ਦੇ ਕਾਰਜ ਕਰਨੇ ਵੀ ਹੁੰਦੇ ਹਨ। ਇਨ੍ਹਾਂ ਸੇਵਾਵਾਂ ਨਾਲ ਜੁੜੀ ਸ਼ਾਨ ਤੇ ਸੱਤਾਮਈ ਤਾਕਤ, ਨਾਮ-ਖ਼ਾਸ, ਤਨਖਾਹਾਂ-ਭੱਤੇ ਤੇ ਲਾਭਾਂ ਕਾਰਨ ਇਹ ਸੇਵਾਵਾਂ ਸੁਪਨਮਈ ਮੰਨੀਆਂ ਜਾਂਦੀਆਂ ਹਨ। ਇਹੀ ਅਫ਼ਸਰਸਾਹੀ ਤੇ ਇਹੀ ਨੌਕਰਸ਼ਾਹ ਪ੍ਰਸ਼ਾਸਕੀ ਪਦਕ੍ਰਮ ਵਿੱਚ ਟੀਸੀ ਤੇ ਮੰਨੇ ਜਾਂਦੇ ਹਨ। ਇਹੀ ਨੌਕਰਸ਼ਾਹ ਲੋਕ ਪ੍ਰਸ਼ਾਸਨ ਲਈ ਮੋਟੇ ਤੌਰ ਤੇ ਸਭ ਤੋਂ ਵੱਧ ਜ਼ਿੰਮੇਵਾਰ ਹੁੰਦੇ ਹਨ। ਅਫ਼ਸਰਸ਼ਾਹੀ ਕਿਸੇ ਦੇਸ਼ ਦੀ ਅਸਲੋਂ ਰੀੜ੍ਹ ਦੀ ਹੱਡੀ ਹੁੰਦੀ ਹੈ ਜਿਸਦੀਆਂ ਜਿੰਮੇਵਾਰੀਆਂ ਵੱਡੀਆਂ ਹੁੰਦੀਆਂ ਹਨ ਤਾਂ ਜੋ ਵਿਕਾਸਸ਼ੀਲ ਅਤੇ ਵਿਕਾਸ ਤੋਂ ਸੱਖਣੇ ਦੇਸ ਕੋਈ ਪ੍ਰਾਪਤੀਆਂ ਕਰ ਸਕਣ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. 'ਨੌਕਰਸ਼ਾਹੀ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

(i) ਮੰਤਰੀ (ii) ਅਸੈਨਿਕ ਸੇਵਾਵਾਂ
(iii) ਕਰਮਚਾਰੀ (iv) ਪ੍ਰਧਾਨ ਮੰਤਰੀ

ਅ. 'ਬਿਊਰੋਕ੍ਰੇਸੀ' ਸ਼ਬਦ ਸਭ ਤੋਂ ਪਹਿਲਾਂ ਕਿਸੇ ਘੜਿਆ ਸੀ ?

(i) ਅਰਸਤੂ (ii) ਕ੍ਰਾਸੀਰਾਮ
(iii) ਵਿਨਸੈਂਟ ਡੀ ਗੁਰਨੇਇ (iv) ਮੈਕਮ ਸੂਲਰ

ਇ. ਵਧੀਆਂ ਨੌਕਰਸ਼ਾਹੀ ਸੇਵਾਵਾਂ ਲਈ ਨੌਕਰਸਾਹਾਂ ਵਿੱਚ ਕਿਹੜਾ ਔਗੁਣ ਨਹੀਂ ਹੋਣਾ ਚਾਹੀਦਾ ?

(i) ਪੜ੍ਹਨਾ (ii) ਇਮਾਨਦਾਰੀ
(iii) ਪੱਖਪਾਤ (iv) ਮਿਹਨਤੀ

ਇ. ਵਧੀਆ ਨੌਕਰਸ਼ਾਹੀ ਸੇਵਾਵਾਂ ਲਈ ਨੌਕਰਸ਼ਾਹਾਂ ਵਿੱਚ ਕਿਹੜਾ ਔਗੁਣ ਨਹੀਂ ਹੋਣਾ ਚਾਹੀਦਾ ?

(i) ਪੜ੍ਹਨਾ (ii) ਇਮਾਨਦਾਰੀ
(iii) ਪੱਖਪਾਤ (iv) ਮਿਹਨਤੀ

ਸ. ਕਿਸ ਦੇਸ਼ ਨੇ ਸਭ ਤੋਂ ਪਹਿਲਾਂ ਵਿਗਿਆਨਕ ਢੰਗ ਅਤੇ ਮੈਰਿਟ ਦੇ ਅਧਾਰ ਤੇ ਭਰਤੀ ਸ਼ੁਰੂ ਕੀਤੀ ਸੀ ?

(i) ਰੂਸ (ii) ਭਾਰਤ
(iii) ਅਮਰੀਕਾ (iv) ਚੀਨ

ਹ. ਬਿਊਰੋਕ੍ਰੇਸੀ ਸ਼ਬਦ .....ਅ....ਸ਼ਬਦਾਂ ਦੇ ਮੇਲ ਤੋਂ ਬਣਿਆ ਹੈ।

ਕ. ਲੋਕ ਸੇਵਕਾਂ ਦੀ ਭਰਤੀ ਲੋਕਾਂ ਨੂੰ .....ਦੇਣ ਲਈ ਕੀਤੀ ਜਾਂਦੀ ਹੈ ?

ਖ. ਪੰਜਾਬ ਪਬਲਿਕ ਸਰਵਿਸ ਕਮਿਸ਼ਨ ਪੰਜਾਬ ਦੇ ਨੌਕਰਸ਼ਾਹਾਂ ਦੀ ..... ਕਰਦੀ ਹੈ।

ਗ. ਲੋਕਾਂ ਨਾਲ ਸੰਪਰਕ ਅਤੇ ਲੋਕ ਸੇਵਾਵਾਂ ਦੇਣਾ ਨੌਕਰਸ਼ਾਹੀ ਦਾ ਮੁੱਖ ਕੰਮ ਹੈ। (ਠੀਕ ਗਲਤ)

ਘ. ਅਫਸਰਾਂ ਨੂੰ ਮੰਤਰੀਆਂ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਨੀ ਹੁੰਦੀ। (ਠੀਕ ਗਲਤ)

ਙ. ਸੈਨਾ ਦੇ ਅਹੁਦਿਆਂ ਨੂੰ ਵੀ ਨੌਕਰਸ਼ਾਹੀ ਵਿੱਚ ਸ਼ਾਮਿਲ ਕੀਤਾ ਗਿਆ ਹੈ। (ਠੀਕ ਗਲਤ)

ਚ. ਬਿਊਰੋ ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ ?

ਛ. ਬਿਊਰੋ ਸ਼ਬਦ ਦਾ ਕੀ ਭਾਵ ਹੈ ?

ਜ. ਕੇਸੀਆਂ ਸ਼ਬਦ ਤੋਂ ਕੀ ਭਾਵ ਹੈ ?

ਝ. ਸੰਘੀ ਸਰਕਾਰ ਦੁਆਰਾ ਨੌਕਰਸ਼ਾਹਾਂ ਨੂੰ ਭਰਤੀ ਕਰਨ ਵਾਲੀ ਸੰਸਥਾ ਕਿਹੜੀ ਹੈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ਉ. ਬਿਊਰੋਕ੍ਰੇਸੀ ਤੋਂ ਕੀ ਭਾਵ ਹੈ ?

ਅ. ਬਣਨ ਲਈ ਘੱਟੋ ਘੱਟ ਯੋਗਤਾ ਬਾਰੇ ਲਿਖੋ।

ਏ. ਪੰਜਾਬ ਸਿਵਲ ਸਰਵਿਸ ਬਾਰੇ ਲਿਖੋ।

ਸ. ਲਾਲ ਫੀਤਾਸ਼ਾਹੀ ਤੋਂ ਕੀ ਭਾਵ ਹੈ ?

ਹ. ਨੌਕਰਸ਼ਾਹੀ ਵਿੱਚ ਨਿਰਪੱਖਤਾ ਦੀ ਮਹੱਤਤਾ ਦੱਸੋ।

III. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ਉ. ਨੌਕਰਸ਼ਾਹੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਅ. ਭਰਤੀ ਦੀਆਂ ਕਿਸਮਾਂ ਅਤੇ ਤਰੀਕਿਆਂ ਦਾ ਵਰਨਣ ਕਰੋ।

ਏ. ਅਫਸਰਸ਼ਾਹੀ ਦੀ ਕਮੀਆਂ ਬਾਰੇ ਲਿਖਦੇ ਹੋਏ ਇਸ ਵਿੱਚ ਸੁਧਾਰ ਲਈ ਸੁਝਾਅ ਦਿਓ।

7

ਚੋਣਕਾਰ ਤੰਤਰ ਜਾਂ ਚੋਣਕਾਰ ਪ੍ਰਨਾਲ਼ੀ
[Electoral System]

ਅਸੀਂ ਦਾਅਵਾ ਕਰਦੇ ਹਾਂ ਕਿ ਭਾਰਤ, ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਇਹ ਦਾਅਵਾ ਵੀ ਹੈ ਕਿ ਸੰਯੁਕਤ ਰਾਜ ਅਮਰੀਕਾ ਸੰਸਾਰ ਦਾ ਸਭ ਤੋਂ ਵੱਧ ਤਾਕਤਵਰ ਲੋਕਤੰਤਰ ਹੈ। ਤੁਸੀਂ ਇਹ ਵੀ ਸੁਣਿਆ ਹੋਵੇਗਾ ਕਿ ਸਾਡਾ ਗੁਆਂਢੀ ਦੇਸ਼ ਨੇਪਾਲ ਰਾਜਾਸ਼ਾਹੀ ਤੋਂ ਲੋਕਤੰਤਰ ਵੱਲ ਮੁੜਿਆ ਹੈ। ਇਹ ਵੀ ਸੁਣਿਆ ਹੋਵੇਗਾ ; ਲੋਕਤੰਤਰ ਖਤਰੇ ਵਿੱਚ ਹੈ, ਲੋਕਤੰਤਰ ਨੂੰ ਵੰਗਾਰਾਂ ਦਰਪੇਸ਼ ਹਨ, ਲੋਕਤੰਤਰ ਜ਼ਿੰਦਾਬਾਦ ਆਦਿ। ਇਸ ਸਭ ਕੁਝ ਦਾ ਕੀ ਅਰਥ ਹੈ ? ਇਸ ਸਭ ਕੁਝ ਦਾ ਇਸ਼ਾਰਾ ਕਿਹੜੇ ਪਾਸੇ ਵੱਲ ਹੈ ? ਸਭ ਦਾ ਇਸ਼ਾਰਾ ਇਸ ਤੱਥ ਵੱਲ ਹੈ ਕਿ ਲੋਕਤੰਤਰ ਵੱਡੀ ਲੋੜ ਹੈ। ਮੌਜੂਦਾ ਸਮੇਂ (ਵਰਤਮਾਨ ਵਿੱਚ) ਬਹੁਗਿਣਤੀ ਦੇਸ਼ ਲੋਕਤੰਤਰ ਦੇ ਛਤਰ ਹੇਠ ਹੀ ਰਹਿਣਾ ਚਾਹੁੰਦੇ ਹਨ ਕਿਉਂਕਿ ਲੋਕਤੰਤਰ, ਲੋਕਾਂ ਨੂੰ ਉਨ੍ਹਾਂ ਦੀ ਸਰਕਾਰ, ਚੋਣਾਂ ਰਾਹੀਂ ਚੁਣਨ ਦਾ ਮੌਕਾ ਦਿੰਦਾ ਹੈ ਤੇ ਫ਼ਿਰ ਲੋਕਾਂ ਵੱਲੋਂ ਚੁਣੀ ਗਈ ਉਹ ਸਰਕਾਰ ਲੋਕ ਭਲਾਈ ਦੇ ਕਾਰਜ ਕਰਦੀ ਹੈ। ਲੋਕਤੰਤਰ ਉਨ੍ਹਾਂ ਨੂੰ ਆਪਣੀ ਸਰਕਾਰ ਚੋਣਾਂ ਜ਼ਰੀਏ ਹੀ ਬਦਲ ਦੇਣ ਜਾਂ ਬਦਲ ਲੈਣ ਦੀ ਇਜਾਜ਼ਤ ਤੇ ਮੌਕਾ ਵੀ ਪ੍ਰਦਾਨ ਕਰਦਾ ਹੈ। ਚੋਣਾਂ ਦਾ ਇਹੀ ਮਹਤੱਵ ਹੁੰਦਾ ਹੈ।

ਹੁਣ, ਇਹ ਹਾਲਤ ਚਿਤਵਕੇ (ਸੋਚ ਕੇ) ਵੇਖੋ ਕਿ ਕਿਸੇ ਦੇਸ਼ ਵਿੱਚ ਲੋਕ ਵੋਟ ਪਾਉਣ ਲਈ ਤਿਆਰ ਹਨ ਤੇ ਸਿਆਸੀ ਪਾਰਟੀਆਂ ਵੀ ਚੋਣਾਂ ਵਿੱਚ ਉਤਰਣ ਲਈ ਤਿਆਰ ਹਨ ਪਰ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ। ਕੀ ਅਜਿਹੇ ਹਾਲਾਤ ਵਿੱਚ ਲੋਕਤੰਤਰ ਜ਼ਿੰਦਾ (ਜਿਊਂਦਾ) ਰਹਿ ਸਕਦਾ ਹੈ ? ਜਵਾਬ ਹੈ ; ਨਹੀਂ, ਕਦਾਚਿਤ ਨਹੀਂ। ਸਿੱਟਾ ਨਿਕਲਦਾ ਹੈ : **ਚੋਣਾਂ ਹੀ ਕਿਸੇ ਲੋਕਤੰਤਰ ਦੀ ਜਿੰਦ-ਜਾਨ ਹੁੰਦੀਆਂ ਹਨ।** ਸਰੀਰ ਵਿੱਚ ਜਿਵੇਂ ਜੇ ਰੂਹ ਨਾ ਹੋਵੇ ਤਾਂ ਸਰੀਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਓਵੇਂ ਹੀ ਚੋਣਾਂ ਤੋਂ ਬਿਨਾਂ ਤਾਂ ਲੋਕਤੰਤਰ ਦਾ ਅਰਥ ਹੀ ਨਹੀਂ ਰਹਿ ਜਾਂਦਾ। ਇਹੀ ਚੋਣਾਂ ਦਾ ਅਸਲ ਮਹੱਤਵ ਹੈ। ਚੋਣਾਂ ਦਾ ਢੰਗ ਕਈ ਵੱਖ-ਵੱਖ ਕਿਸਮਾਂ ਦਾ ਹੋ ਸਕਦਾ ਹੈ ਪਰ ਇਨ੍ਹਾਂ ਦੀ ਅਣਹੋਂਦ ਉੱਕਾ ਹੀ ਮਨਜ਼ੂਰ ਨਹੀਂ ਹੋ ਸਕਦੀ। ਇਸ ਅਧਿਆਇ ਵਿੱਚ ਅਸੀਂ ਚੋਣਾਂ ਨਾਲ ਸੰਬੰਧਤ ਵੱਖੋ-ਵੱਖ ਪਹਿਲੂਆਂ 'ਤੇ ਹੀ ਵਿਚਾਰ ਕਰਾਂਗੇ।

ਲੋਕਤੰਤਰ (ਜਮਹੂਰੀਅਤ) ਦੀ ਖ਼ੂਬਸੂਰਤੀ
(Beauty of Democracy)

ਇਸ ਪੱਖ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਕਿ ਚਲੰਤ 21 ਵੀਂ ਸਦੀ ਵਿੱਚ ਕਿਤੇ ਵੀ ਕਿਸੇ ਵੀ ਪ੍ਰਕਾਰ ਦੀ ਹਕੂਮਤ ਹੋਵੇ, ਹਰ ਦੇਸ਼ ਆਪਣੇ ਨਿਜ਼ਾਮ (ਹੁਕਮਰਾਨ) ਨੂੰ ਲੋਕਤੰਤਰੀ ਕਰਾਰ ਦਿੰਦਾ ਹੈ। ਇਵੇਂ ਆਪਣੇ ਅਸਲ ਰੰਗ-ਢੰਗ ਨੂੰ ਲਕੋ ਕੇ ਲੋਕਤੰਤਰ ਦਾ ਸਹਾਰਾ ਲੈਣਾ ਹੀ ਹਰ ਦੇਸ਼ ਨੂੰ ਵਧੇਰੇ ਸੁਖਾਵਾਂ ਲੱਗਦਾ ਹੈ। ਇੱਥੋਂ ਤੱਕ ਕਿ ਰਾਜਤੰਤਰ ਵੀ ਆਪਣੇ ਲੋਕਤੰਤਰ ਹੋਣ ਦਾ ਭੁਲੇਖਾ ਦੇਣ ਦੀ ਕੋਸ਼ਿਸ ਵਿੱਚ ਪਿੱਛੇ ਨਹੀਂ ਰਹਿੰਦੇ। ਇਹੀ ਜਮਹੂਰੀਅਤ (ਲੋਕਤੰਤਰ) ਦੀ ਖ਼ੂਬੀ ਜਾਂ ਖ਼ੂਬਸੂਰਤੀ ਹੈ ਕਿ ਹਰ ਨਿਜ਼ਾਮ ਓਸੇ ਦਾ ਓਟ-ਆਸਰਾ ਲੈਣਾ ਲੋਚਦਾ ਹੈ। ਓਡਾ ਹੀ ਸੱਚ ਇਹ ਵੀ ਹੈ ਕਿ ਚੋਣਾਂ ਤੋਂ ਬਿਨਾਂ ਜਮਹੂਰੀਅਤ ਤੇ ਉਸਦੀ ਖ਼ੂਬਸੂਰਤੀ, ਦੋਹੇਂ ਹੀ ਉੱਡ-ਪੁੱਡ ਜਾਂਦੇ ਹਨ, ਫਿੱਕੇ ਪੈ ਜਾਂਦੇ ਹਨ।

ਚੋਣਾਂ ਦੇ ਢੰਗ-ਤਰੀਕੇ (Methods of Elections) : ਦੁਨੀਆਂ ਭਰ ਦੇ ਜਮਹੂਰੀ ਜਾਂ ਲੋਕਤੰਤਰੀ ਦੇਸ਼ਾਂ ਵਿੱਚ ਆਪਣੇ ਪ੍ਰਤੀਨਿਧ ਚੁਣਨ ਲਈ ਮੋਟੇ ਤੌਰ 'ਤੇ ਦੋ ਤਰੀਕੇ ਹੀ ਅਪਣਾਏ ਜਾਂਦੇ ਹਨ ਜੋ ਇਸ ਪ੍ਰਕਾਰ ਹਨ—

ਪ੍ਰਤੱਖ ਜਾਂ ਸਿੱਧੀ ਚੋਣ
(Direct Election)

ਪ੍ਰਤੱਖ ਚੋਣ ਵਿੱਚ ਦੇਸ਼ ਦੇ ਨਾਗਰਿਕ (ਚੋਣਕਾਰ) ਚੋਣਾਂ ਵਿੱਚ ਸਿੱਧਾ ਹੀ ਹਿੱਸਾ ਲੈਂਦੇ ਹਨ। ਉਹ ਚੋਣਾਂ ਦੌਰਾਨ, ਚੋਣ ਕੇਂਦਰ ਜਾ ਕੇ ਪ੍ਰਤੱਖ ਰੂਪ ਵਿੱਚ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਉਂਦੇ ਹਨ। ਅਜਿਹੀ ਪ੍ਰਕਿਰਿਆ ਵਿੱਚ ਉਮੀਦਵਾਰ ਤੇ ਲੋਕਾਂ ਦਾ ਸਿੱਧਾ ਤੇ ਪ੍ਰਤੱਖ ਸੰਪਰਕ ਹੁੰਦਾ ਹੈ। ਇਸ ਸੰਪਰਕ ਵਿੱਚ ਕੁਝ ਵੀ ਅਸਿੱਧਾ ਜਾਂ ਅਪ੍ਰਤੱਖ ਨਹੀਂ ਹੁੰਦਾ।



ਸਿੱਧੀ ਚੋਣ ਦਾ ਢੰਗ ਗ੍ਰਾਫ਼ਿਕ ਰਾਹੀਂ

ਸੰਯੁਕਤ ਰਾਜ ਅਮਰੀਕਾ (USA) ਵਿੱਚ ਪ੍ਰਤੀਨਿਧੀ ਸਦਨ (House of Representatives) ਲਈ ਅਤੇ ਬਰਤਾਨੀਆਂ (UK) ਵਿੱਚ ਹੇਠਲੇ ਸਦਨ, House of Commons ਲਈ ਮੈਂਬਰਾਂ ਦੀ ਚੋਣ ਪ੍ਰਤੱਖ ਜਾਂ ਸਿੱਧੇ ਢੰਗ ਨਾਲ ਹੀ ਹੁੰਦੀ ਹੈ। ਭਾਰਤ ਵਿੱਚ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਦੀਆਂ ਚੋਣਾਂ, ਪ੍ਰਤੱਖ ਚੋਣ ਪ੍ਰਨਾਲ਼ੀ ਦੀਆਂ ਉਦਾਹਰਨਾਂ ਹਨ।

ਵਿਧਾਨ-ਮੰਡਲ ਵਿਚ ਸਧਾਰਣ ਬਹੁਮਤ ਕੀ ਹੈ ? ਇਸਦਾ ਭਾਵ ਹੈ ; ਅੱਧੇ ਤੋਂ ਵੱਧ (50% + 1)

ਮੰਨ ਲਓ ਕੁਲ ਹਲਕੇ ਹਨ, 100 ਅਤੇ ਇਸ ਤੋਂ ਭਾਵ ਹੈ, 100 ਮੈਂਬਰ ਚੁਣੇ ਜਾਣਗੇ। ਇਸ ਮਾਮਲੇ ਵਿੱਚ ਬਹੁਮਤ ਕਿੰਨਾ ਹੋਵੇਗਾ ? ਬਹੁਮਤ ਹੋਵੇਗਾ, 51 ਮੈਂਬਰ। ਇਸ ਦਾ ਭਾਵ ਜਿਹੜੀ ਪਾਰਟੀ ਨੇ ਆਪਣੀ ਸਰਕਾਰ ਬਨਾਉਣੀਂ ਹੋਵੇਗੀ ਉਸ ਨੂੰ 51 ਹਲਕਿਆਂ ਵਿੱਚ ਜਿੱਤ ਪ੍ਰਾਪਤ ਕਰਨੀ ਜ਼ਰੂਰੀ ਹੋਵੇਗੀ। ਦੂਸਰੇ ਸ਼ਬਦਾਂ ਵਿੱਚ, ਉਸ ਸਿਆਸੀ ਪਾਰਟੀ ਦੇ ਸਰਕਾਰ ਬਨਾਉਣ ਲਈ ਘੱਟੋ-ਘੱਟ 51 ਮੈਂਬਰ ਜਿੱਤਣੇ ਜ਼ਰੂਰੀ ਹਨ।

ਅਪ੍ਰਤੱਖ ਜਾਂ ਅਸਿੱਧੀ (Indirect) ਚੋਣ

ਚੋਣਾਂ ਦੇ ਇਸ ਢੰਗ ਵਿੱਚ ਨਾਗਰਿਕ (ਚੋਣਕਾਰ) ਚੋਣਾਂ ਵਿੱਚ ਸਿੱਧਾ ਜਾਂ ਪ੍ਰਤੱਖ ਰੂਪ ਵਿੱਚ ਭਾਗ ਨਹੀਂ ਲੈਂਦੇ ਭਾਵ ਓਹ ਆਪ ਸਿੱਧੇ ਤੌਰ 'ਤੇ ਉਮੀਦਵਾਰਾਂ ਨੂੰ ਵੋਟ ਪਾਉਣ ਨਹੀਂ ਜਾਂਦੇ। ਉਹ ਆਪਣੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਅਪ੍ਰਤੱਖ ਜਾਂ ਅਸਿੱਧੀ ਚੋਣ ਵਿੱਚ ਹਿੱਸਾ ਪਾਉਂਦੇ ਹਨ। ਉਨ੍ਹਾਂ ਦੇ ਇਨ੍ਹਾਂ ਚੁਣੇ ਹੋਏ ਪ੍ਰਤੀਨਿਧਾਂ ਨੂੰ 'ਚੋਣ ਕੋਲਾਜ' ਕਿਹਾ ਜਾਂਦਾ ਹੈ ਜੋ ਕਿ ਉਮੀਦਵਾਰ ਨੂੰ ਚੁਣਦੇ ਹਨ। ਇਸ ਤਰ੍ਹਾਂ ਇਸ ਮਾਮਲੇ ਵਿੱਚ ਲੋਕਾਂ ਅਤੇ ਚੁਣੇ ਜਾਣ ਵਾਲੇ ਉਮੀਦਵਾਰ ਵਿਚਾਲ਼ੇ ਕੋਈ ਸਿੱਧਾ ਸੰਪਰਕ ਨਹੀਂ ਹੁੰਦਾ।



ਵਿਚੋਲੀਆਂ ਰਾਹੀਂ ਸੰਪਰਕ

ਭਾਰਤ ਦੇ ਰਾਸ਼ਟਰਪਤੀ ਅਤੇ ਉੱਪ-ਰਾਸ਼ਟਰਪਤੀ ਦੀ ਚੋਣ ਅਤੇ ਰਾਜ ਸਭਾ ਦੇ ਮੈਂਬਰਾਂ ਦੀਆਂ ਚੋਣਾਂ ਅਪ੍ਰਤੱਖ ਜਾਂ ਅਸਿੱਧੇ ਚੋਣ ਢੰਗ ਦੀਆਂ ਉਦਾਹਰਣਾਂ ਹਨ। ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀਆਂ ਚੋਣਾਂ ਲਈ 'ਚੋਣ ਕੋਲਾਜ' ਵਿੱਚ ਸੰਸਦ ਦੇ ਮੈਂਬਰ (M.P.s) ਅਤੇ ਸੂਬਾਈ ਵਿਧਾਨ ਸਭਾਵਾਂ ਦੇ ਮੈਂਬਰ (M.L.A.s) ਸ਼ਾਮਲ ਹੁੰਦੇ ਹਨ।

ਚੋਣ ਢੰਗਾਂ ਦੀ ਵਿਆਖਿਆ
(Detail of Election methods)

ਉਮੀਦਵਾਰਾਂ ਦੀ ਚੋਣ ਕਰਨ ਲਈ ਵੱਖ-ਵੱਖ ਦੇਸ਼ਾਂ ਵਿੱਚ ਅਲੱਗ-ਅਲੱਗ ਢੰਗ ਅਪਣਾਏ ਗਏ ਹਨ। ਇਹਨਾਂ ਢੰਗਾਂ ਦੀ ਚੋਣ ਵਿੱਚ ਦੇਸ਼ ਦੀ ਸਮਾਜਿਕ ਬਣਤਰ ਅਹਿਮ ਭੂਮਿਕਾ ਨਿਭਾਉਂਦੀ ਹੈ। ਬਹੁਭਾਸ਼ਾਈ ਅਤੇ ਇਲਾਕਾਈ ਭਿੰਨਤਾਵਾਂ ਵਾਲੇ ਮੁਲਕ ਵਿੱਚ ਸਾਰੇ ਵਰਗਾਂ ਦੀ ਸਹਿਮਤੀ ਅਤੇ ਭਾਗੀਦਾਰੀ ਯਕੀਨੀ ਬਣਾਉਣ ਦੇ ਲਈ ਦੇਸ਼ ਦੀਆਂ ਹਾਲਤਾਂ ਦੇ ਅਨੁਸਾਰ ਵੱਖਰੇ-ਵੱਖਰ ਢੰਗ ਅਪਣਾਉਂਦੀਆਂ ਹਨ। ਇਹਨਾਂ ਦੇਸ਼ਾਂ ਵਿੱਚੋਂ ਪ੍ਰਮੁੱਖ ਢੰਗ ਹੇਠ ਲਿਖੇ ਅਨੁਸਾਰ ਹਨ—

1. ਸਧਾਰਨ ਬਹੁਮਤ ਪ੍ਰਨਾਲ਼ੀ (First Past the Post System) : ਸਧਾਰਨ ਬਹੁਮਤ ਪ੍ਰਨਾਲ਼ੀ ਵਿੱਚ ਲਗਪਗ ਬਰਾਬਰ ਦੀਆਂ ਭੂਗੋਲਿਕ ਇਕਾਈਆਂ ਵਿੱਚ ਵੰਡ ਲਿਆ ਜਾਂਦਾ ਹੈ ਜਿਨ੍ਹਾਂ ਨੂੰ ਹਲਕੇ (Constituencies ਕੌਂਸਟੀ-ਚੁਅੱਸੀਜ) ਆਖਦੇ ਹਨ। ਵੱਖ-ਵੱਖ ਹਲਕਿਆਂ ਵਿੱਚ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣਾਂ ਲਈ ਨਾਮਜਦਗੀਆਂ (Nomination)

ਭਰਦੇ ਹਨ। ਵੋਟਰ ਆਪਣੇ ਹਲਕੇ ਵਿੱਚ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟਾਂ ਪਾਉਂਦੇ ਹਨ ਤੇ ਫਿਰ ਉਹਨਾਂ ਵੋਟਾਂ ਦੀ ਗਿਣਤੀ ਕਰਨ ਮਗਰੋ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਹਲਕੇ ਵਿੱਚੋਂ ਜੇਤੂ ਐਲਾਨ ਦਿੱਤਾ ਜਾਂਦਾ ਹੈ। ਇਸ ਢੰਗ ਵਿੱਚ ਨਿਸ਼ਚਿਤ ਵੋਟਾਂ ਜਾਂ 50 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਨ ਦੀ ਸ਼ਰਤ ਨਹੀਂ ਹੁੰਦੀ। ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਜੇਤੂ ਮੰਨਿਆ ਜਾਂਦਾ ਹੈ। ਇਸ ਚੋਣ ਪ੍ਰਨਾਲ਼ੀ ਨੂੰ 'First Past the Post System' ਆਖਦੇ ਹਨ। ਭਾਰਤ ਵਿੱਚ ਲੋਕ ਸਭਾ, ਸੂਬਾਈ ਵਿਧਾਨ ਸਭਾਵਾਂ ਦੀਆਂ ਚੋਣਾਂ ਇਸ ਚੋਣ ਢੰਗ ਰਾਹੀਂ ਕਰਵਾਈਆ ਜਾਂਦੀਆਂ ਹਨ। ਸਧਾਰਣ ਬਹੁਮਤ ਪ੍ਰਣਾਲ਼ੀ ਵਿਚ ਵੱਡੀਆਂ ਰਾਜਨੀਤਕ ਪਾਰਟੀਆਂ ਵਧੇਰੇ ਸੀਟਾਂ / ਹਲਕੇ ਜਿੱਤਦੀਆਂ ਹਨ। ਇਸਦਾ ਮਤਲਬ ਇਹ ਨਹੀਂ ਕਿ ਇਹਨਾਂ ਪਾਰਟੀਆਂ ਨੇ ਵੋਟਾਂ ਵੀ ਵੱਧ ਪ੍ਰਾਪਤ ਕੀਤੀਆਂ ਹੋਣ। ਆਮਤੌਰ 'ਤੇ ਜਿੱਤੀਆਂ ਸੀਟਾਂ/ਹਲਕੇ ਅਨੁਪਾਤ ਪ੍ਰਾਪਤ ਵੋਟਾਂ ਨਾਲੋਂ ਵੱਧ ਹੁੰਦਾ ਹੈ।



2. ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲ਼ੀ ਜਾਂ ਵੱਖ-ਵੱਖ ਚੋਣ ਪ੍ਰਨਾਲ਼ੀਆਂ (Proportional Representation System) : ਸਧਾਰਣ ਬਹੁਮਤ ਪ੍ਰਨਾਲ਼ੀ ਨਾਲੋਂ ਉਲਟ ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲ਼ੀ ਵਿਚ ਪ੍ਰਾਪਤ ਸੀਟਾਂ ਅਤੇ ਪ੍ਰਾਪਤ ਕੀਤੀਆਂ ਵੋਟਾਂ ਵਿੱਚ ਅਨੁਪਾਤ ਲਗਭਗ ਬਰਾਬਰ ਹੁੰਦਾ ਹੈ। ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲ਼ੀ ਜਦੋਂ ਸ਼ੁੱਧ/ਅਸਲ ਰੂਪ ਵਿਚ ਲਾਗੂ ਕੀਤੀ ਜਾਂਦੀ ਹੈ ਤਾਂ ਉਸ ਵਿਚ ਜੇਕਰ ਕਿਸੇ ਪਾਰਟੀ ਨੇ ਕੁੱਲ ਪਈਆਂ ਵੋਟਾਂ ਵਿਚੋਂ 30% ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ ਹਨ ਤਾਂ ਪ੍ਰਾਪਤ ਸੀਟਾਂ ਵੀ ਲਗਭਗ 30 ਪ੍ਰਤੀਸ਼ਤ ਹੀ ਹੋਣਗੀਆਂ। ਇਸ ਪ੍ਰਨਾਲ਼ੀ ਵਿੱਚ ਇਕ ਪਾਰਟੀ (Single Party) ਦੀ ਸਰਕਾਰ ਬਨਣੀ ਲਗਭਗ ਔਖੀ ਹੀ ਹੁੰਦੀ ਹੈ ਕਿਉਂਕਿ 50 ਪ੍ਰਤੀਸ਼ਤ ਵੋਟਾਂ (50% ਸੀਟਾਂ) ਪ੍ਰਾਪਤ ਕਰਨਾ ਬਹੁਤ ਵਾਰੀ ਸੰਭਵ ਨਹੀਂ ਹੁੰਦਾ। ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲ਼ੀ ਵਿਚ ਬਹੁ-ਪਾਰਟੀ (Multiparty) ਸਰਕਾਰਾਂ ਹੀ ਬਣਦੀਆਂ ਹਨ। ਹਰੇਕ ਦੇਸ਼ ਆਪਣੇ ਢੰਗ ਨਾਲ ਹਾਲਤਾਂ ਅਨੁਸਾਰ ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲ਼ੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਲਾਗੂ ਕੀਤਾ ਹੋਇਆ ਹੈ। ਆਮਤੌਰ 'ਤੇ ਸੂਚੀ ਪ੍ਰਨਾਲ਼ੀ (List System) ਅਤੇ ਇਕਹਿਰੀ ਤਬਾਦਲਾ ਵੋਟ ਪ੍ਰਨਾਲ਼ੀ (Single Transferable Vote System) ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲ਼ੀ ਦੇ ਹੀ ਦੋ ਰੂਪ ਹਨ।

ਸੰਯੁਕਤ ਰਾਜ ਅਮਰੀਕਾ (USA) ਵਿੱਚ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੇ ਅਹੁਦਿਆਂ ਲਈ ਚੋਣ ਅਪ੍ਰਤੱਖ ਰੂਪ ਵਿੱਚ ਹੁੰਦੀ ਹੈ। ਅਮਰੀਕੀ ਨਾਗਰਿਕ ਇਨ੍ਹਾਂ ਅਹੁਦਿਆਂ ਲਈ ਸਿੱਧੀਆਂ ਵੋਟਾਂ ਨਹੀਂ ਪਾਉਂਦੇ ਸਗੋਂ 'ਚੋਣ ਕੋਲਾਜ' ਦੇ ਮੈਂਬਰਾਂ ਨੂੰ ਚੁਣਦੇ ਹਨ।

(ੳ) ਸੂਚੀ ਪ੍ਰਥਾ (List System) : ਸਿਆਸੀ ਪਾਰਟੀਆਂ ਆਪਣੇ ਉਮੀਦਵਾਰਾਂ ਦੀ ਸੂਚੀ ਪੇਸ਼ ਕਰਦੀਆਂ ਹਨ ਅਤੇ ਵੋਟਰ ਉਸ ਸੂਚੀ ਨੂੰ ਵੋਟ ਪਾਉਂਦੇ ਹਨ। ਹਰ ਸੂਚੀ ਦੀ ਮੁਕਾਬਲਤਨ ਵੋਟ, ਪ੍ਰਾਪਤ ਵੋਟਾਂ ਤੈਅ ਕਰਦੀ ਹੈ ਕਿ ਹਰ ਸੂਚੀ ਦੇ ਕਿੰਨੇ-ਕਿੰਨੇ ਉਮੀਦਵਾਰ ਅਸਲ ਵਿੱਚ ਚੁਣੇ ਜਾਂਦੇ ਹਨ। ਪਾਰਟੀ ਨੂੰ ਪਈਆਂ ਕੁਲ ਵੋਟਾਂ ਦੀ ਅਨੁਪਾਤ ਦੇ ਅਧਾਰ 'ਤੇ ਹਰ ਪਾਰਟੀ ਨੂੰ ਸੀਟਾਂ ਸੰਭਾਲ ਦਿੱਤੀਆਂ ਜਾਂਦੀਆਂ ਹਨ। ਸੂਚੀਆਂ 'ਗੁਪਤ' ਜਾਂ 'ਖੁਲ੍ਹੀਆਂ' ਦੋਹੇਂ ਤਰਾਂ ਦੀਆਂ ਹੋ ਸਕਦੀਆਂ ਹਨ ; ਖੁਲ੍ਹੀਆਂ ਸੂਚੀਆਂ ਦੇ ਉਮੀਦਵਾਰਾਂ ਨੂੰ ਵੋਟਰ ਤਰਜੀਹੀ ਅਧਾਰ 'ਤੇ ਅਜ਼ਾਦ ਉਮੀਦਵਾਰਾਂ ਵਾਂਗ ਚੁਣ ਸਕਦੇ ਹੁੰਦੇ ਹਨ ਜਦੋਂ ਕਿ ਵੋਟਿੰਗ ਦਾ ਹਲਕਾ ਛੋਟਾ ਜਾਂ ਵੱਡਾ, ਸੂਬੇ ਜਿੱਡਾ ਜਾਂ ਦੇਸ਼ ਜਿੱਡਾ ਵੀ ਹੋ ਸਕਦਾ ਹੁੰਦਾ ਹੈ।

(ਅ) ਇਕਹਿਰੀ ਤਬਾਦਲਾ ਵੋਟ ਪ੍ਰਥਾ (Single Transferable Vote System) : ਇਹ ਪ੍ਰਨਾਲ਼ੀ ਉਥੇ ਵਰਤੀ ਜਾਂਦੀ ਹੈ ਜਿੱਥੇ ਇੱਕ ਹਲਕੇ ਵਿੱਚ ਕਈ ਉਮੀਦਵਾਰ ਹੁੰਦੇ ਹਨ ਤੇ ਵੋਟਰ ਇੱਕ ਹੀ ਵੋਟ ਪਾਉਂਦਾ ਹੈ ਪਰ ਆਪਣੀ ਵੋਟ ਵਿੱਚ ਹਰ ਉਮੀਦਵਾਰ ਨੂੰ ਤਰਜੀਹੀ ਕ੍ਰਮ ਦਿੰਦਾ ਹੈ। ਅਜਿਹੀ ਵੋਟ ਦੀ ਗਿਣਤੀ ਕਰਦਿਆਂ ਉਮੀਦਵਾਰ ਚੁਣੇ ਜਾਂ ਰੱਦ ਕੀਤੇ ਜਾਂਦੇ ਹਨ ਤੇ ਜਿਹੜੇ ਉਮੀਦਵਾਰ ਨੂੰ ਉਚੇਰੇ ਤਰਜੀਹੀ ਕ੍ਰਮ ਦੀਆਂ ਵੱਧ ਵੋਟਾਂ ਪਾਈਆਂ ਗਈਆਂ ਹੁੰਦੀਆਂ ਹਨ, ਉਹ ਵੋਟ ਉਸ ਉਮੀਦਵਾਰ ਦੇ ਪੱਖ ਵਿੱਚ ਭੁਗਤਾ ਦਿੱਤੀ ਜਾਂਦੀ ਹੈ। ਇਵੇਂ ਵੋਟਰ ਸਿਰਫ਼ ਆਪਣੀ ਪਾਰਟੀ ਦੇ ਉਮੀਦਵਾਰ ਨੂੰ ਹੀ ਵੋਟ ਨਹੀਂ ਪਾਉਂਦਾ ਸਗੋਂ ਹਰ ਉਮੀਦਵਾਰ ਨੂੰ ਤਰਜੀਹੀ ਕ੍ਰਮ ਦਿੰਦਾ ਹੈ ਤੇ ਉਚੇਰੇ ਤਰਜੀਹੀ ਕ੍ਰਮਾਂ ਦੀ ਗਿਣਤੀ ਵੱਧ ਹੋਣ ਦੀ ਸੂਰਤ ਵਿੱਚ ਉਮੀਦਵਾਰ ਜੇਤੂ ਐਲਾਨਿਆਂ ਜਾਂਦਾ ਹੈ। ਇਸ ਤਰੀਕੇ ਦੀ ਵੋਟਿੰਗ ਪ੍ਰਥਾ ਵਿੱਚ ਹਰ ਵੋਟ, ਹਰ ਉਮੀਦਵਾਰ ਨੂੰ ਪੈਂਦੀ ਹੈ ਤੇ ਕੋਈ ਵੋਟ ਕਿਸੇ ਲਈ ਵਿਅਰਥ ਨਹੀਂ ਹੁੰਦੀ।

ਸਿਆਸਤ ਵਿੱਚ ਗਣਿਤ ਜਾਂ ਗਣਿਤੀ ਸਿਆਸਤ

ਪ੍ਰਤੱਖ ਚੋਣ ਪ੍ਰਨਾਲ਼ੀ ਤੇ ਅਪ੍ਰਤੱਖ ਚੋਣ ਪ੍ਰਨਾਲ਼ੀ ਦਾ ਤੁਲਨਾਤਮਕ ਅਧਿਐਨ:

ਪ੍ਰਤੱਖ ਚੋਣਾਂ	ਅਪ੍ਰਤੱਖ ਚੋਣਾਂ
• ਨਾਗਰਿਕ ਇਨ੍ਹਾਂ ਚੋਣਾਂ ਵਿੱਚ ਸਿੱਧੇ ਤੌਰ 'ਤੇ ਹਿੱਸਾ ਲੈਂਦੇ ਹਨ ਜਦੋਂ ਕਿ ਉਨ੍ਹਾਂ ਦੀ ਆਪਣੀ ਭੂਮਿਕਾ ਪ੍ਰਮੁੱਖ ਹੁੰਦੀ ਹੈ।	• ਨਾਗਰਿਕ, ਚੋਣਾਂ ਵਿੱਚ ਆਪਣੇ ਪ੍ਰਤੀਨਿਧਾਂ ਦੇ ਜ਼ਰੀਏ ਹਿੱਸਾ ਲੈਂਦੇ ਹਨ ਤੇ ਉਨ੍ਹਾਂ ਦੀ ਆਪਣੀ ਭੂਮਿਕਾ ਗੌਣ ਜਾਂ ਨਾਇਬ ਰੂਪੀ ਹੁੰਦੀ ਹੈ।
• ਇਹ ਚੋਣ ਢੰਗ ਪੂਰੀ ਤਰ੍ਹਾਂ ਸਰਲ ਹੈ ਤੇ ਹਰ ਨਾਗਰਿਕ ਇਸਨੂੰ ਸੌਖਿਆਂ ਹੀ ਸਮਝ ਸਕਦਾ ਹੈ।	• ਇਹ ਚੋਣ ਢੰਗ ਗੁੰਝਲਦਾਰ ਹੈ ਅਤੇ ਆਮ ਵਿਅਕਤੀਆਂ ਨੂੰ ਸਮਝਣ ਵਿੱਚ ਔਕੜ ਰਹਿੰਦੀ ਹੈ।
• ਨਾਗਰਿਕਾਂ ਦੇ ਸਿੱਧਾ ਹਿੱਸਾ ਲੈਣ ਕਾਰਨ ਇਹ ਚੋਣਾਂ ਵਿੱਚ ਉਹ ਸਬੰਧਤ ਮਹਿਸੂਸ ਕਰਦੇ ਹਨ।	• ਇਸ ਢੰਗ ਅਧੀਨ ਚੋਣਾਂ ਸਮੇਂ ਨਾਗਰਿਕ ਸਿੱਧੇ ਰੂਪ ਵਿੱਚ ਸਬੰਧਤ ਮਹਿਸੂਸ ਨਹੀਂ ਕਰਦੇ।
• ਵੋਟਰ, ਉਮੀਦਵਾਰ ਨੂੰ ਵੋਟਾਂ ਪਾਉਂਦੇ ਹਨ।	• ਵੋਟਰ ਪਾਰਟੀ ਨੂੰ ਵੋਟ ਪਾਉਂਦੇ ਹਨ ਜੋ ਕਿ ਅੱਗੋਂ ਉਮੀਦਵਾਰ ਤੈਅ ਕਰਦੀ ਹੈ।
• ਪ੍ਰਭੂਸਤਾ ਦਾ ਸਿਧਾਂਤ ਸਪਸ਼ਟ ਤੌਰ 'ਤੇ ਲਾਗੂ ਹੁੰਦਾ ਨਜ਼ਰੀ ਪੈਂਦਾ ਹੈ।	• ਪ੍ਰਭੂਸਤਾ ਦੇ ਸਿਧਾਂਤ ਦੀ ਪਾਲਣਾ ਸਪਸ਼ਟ ਨਜ਼ਰ ਨਹੀਂ ਆਉਂਦੀ।

ਮੱਤ ਜਾਂ ਵੋਟ ਅਧਿਕਾਰ ਦੀਆਂ ਕਿਸਮਾਂ

ਲੋਕਤੰਤਰ, ਜਾਂ ਜਮਹੂਰੀਅਤ ਵਿੱਚ ਸਰਕਾਰ ਚੁਣਨ ਦੀ ਸਰਵਉੱਚ ਤਾਕਤ ਲੋਕਾਂ ਦੇ ਹੱਥ ਹੁੰਦੀ ਹੈ ਇਸ ਤੋਂ ਤਾਂ ਅਸੀਂ ਸਾਰੇ ਭਲੀ-ਭਾਂਤੀ ਜਾਣੂ ਹਾਂ ਪਰ ਇਹ ਸਰਕਾਰ ਕਿਵੇਂ ਚੁਣੀ ਜਾਂਦੀ ਹੈ ਜਾਂ ਉਹ ਲੋਕ ਕਿਵੇਂ ਚੁਣਦੇ ਹਨ ; ਇਸ ਸਵਾਲ ਦਾ ਜਵਾਬ ਹੈ, ਚੋਣਾਂ ਵਿੱਚ ਵੋਟ ਪਾ ਕੇ। ਵੋਟ ਪਾਉਣ ਦੇ ਅਧਿਕਾਰ ਨੂੰ ਹੀ ਵੋਟ ਅਧਿਕਾਰ ਜਾਂ ਮੱਤ ਅਧਿਕਾਰ ਕਿਹਾ ਜਾਂਦਾ ਹੈ। ਚੋਣ ਵਾਲੇ ਦਿਨ ਲੋਕ ਚੋਣ ਬੂਥ 'ਤੇ ਜਾ ਕੇ ਆਪੋ-ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਉਂਦੇ ਹਨ। ਹੁਣ ਇੱਕ ਹੋਰ ਪ੍ਰਸ਼ਨ ਉੱਠਦਾ ਹੈ ਕਿ ਵੋਟ ਅਧਿਕਾਰ ਹਰ ਵਿਅਕਤੀ ਨੂੰ ਹੀ ਪ੍ਰਾਪਤ ਹੁੰਦਾ ਹੈ ਜਾਂ ਫੇਰ ਸਮਾਜ ਦੇ ਇੱਕ ਵਰਗ ਨੂੰ ਹੀ ਪ੍ਰਾਪਤ ਹੁੰਦਾ ਹੈ ? ਇਸ ਸਵਾਲ ਦੇ ਜਵਾਬ ਲਈ ਅਸੀਂ ਵੋਟ ਅਧਿਕਾਰ ਜਾਂ ਮੱਤ ਅਧਿਕਾਰ ਦੇ ਸਿਧਾਂਤ ਸਮਝਣੇ ਹੋਣਗੇ। ਉਸ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਵੋਟ ਪਾਉਣ ਦਾ ਅਧਿਕਾਰ, ਰਾਜਨੀਤਕ ਅਧਿਕਾਰ ਹੈ ਜਿਸ ਅਧੀਨ ਕਿਸੇ ਦੇਸ਼ ਦੇ ਨਾਗਰਿਕਾਂ ਨੂੰ ਹੀ ਦੇਸ਼ ਦੀ ਰਾਜਨੀਤੀ ਤੇ ਸਿਆਸਤ ਵਿੱਚ ਹਿੱਸਾ ਲੈਣ ਦਾ ਅਧਿਕਾਰ ਦਿੱਤਾ ਜਾਂਦਾ ਹੈ। ਮੱਤ (ਵੋਟ) ਅਧਿਕਾਰ ਦੇ ਦੋ ਸਿਧਾਂਤ ਹਨ ; (i) ਸੀਮਤ ਮੱਤ ਅਧਿਕਾਰ (Limited Franchise), (ii) ਸਰਬ-ਵਿਆਪਕ ਬਾਲਗ ਮੱਤ ਅਧਿਕਾਰ (Universal Adult Franchise)

(i) ਸੀਮਤ ਮੱਤ-ਅਧਿਕਾਰ : ਬੀਤੇ ਸਮੇਂ ਵਿੱਚ ਮੱਤ-ਅਧਿਕਾਰ ਦੀ ਇਹ ਵੰਨਗੀ ਬਹੁਤ ਪ੍ਰਚਲਤ ਸੀ। ਇਸ ਵੰਨਗੀ ਦੇ ਨਾਮ (ਸਿਰਲੇਖ) ਤੋਂ ਹੀ ਜਿਵੇਂ ਸਪਸ਼ਟ ਹੈ, ਸਮਾਜ ਦੇ ਸਾਰੇ ਵਰਗਾਂ ਨੂੰ ਵੋਟ (ਮੱਤ) ਦੇਣ ਦਾ ਅਧਿਕਾਰ ਨਹੀਂ ਸੀ ਦਿੱਤਾ ਜਾਂਦਾ ਸਗੋਂ ਸੀਮਤ ਵਰਗ ਨੂੰ ਹੀ ਮੱਤ-ਅਧਿਕਾਰ ਦਿੱਤਾ ਜਾਂਦਾ ਸੀ। ਇਸ ਦਾ ਕਾਰਨ ਵੀ ਬਿਲਕੁਲ ਸਧਾਰਣ ਹੀ ਸੀ ਕਿ ਸਾਰੇ ਲੋਕ ਸਿਆਸਤ ਨੂੰ ਸਮਝਣੋ ਅਸਮਰੱਥ ਹੁੰਦੇ ਅਤੇ ਉਨ੍ਹਾਂ ਦਾ ਰਾਜਨੀਤੀ ਵਿੱਚ ਸ਼ਾਮਲ ਹੋਣਾ ਸਿਰਫ਼ ਵਿਅਰਥ ਹੀ ਨਹੀਂ ਹੁੰਦਾ ਸਗੋਂ

ਨਾਂਹ-ਪੱਖੀ ਅਸਰ ਵੀ ਪਾ ਸਕਦਾ ਹੁੰਦਾ ਸੀ। ਵੋਟ ਪਾਉਣ ਦੇ ਬੇਸ਼ੁਮਾਰ ਕੀਮਤੀ ਹੱਕ ਦਾ ਅਰਥ ਵੀ ਨਹੀਂ ਸੀ ਰਹਿ ਜਾਂਦਾ ਕਿਉਂਕਿ ਆਮ ਤੌਰ 'ਤੇ ਇਸਤਰੀਆਂ, ਅਨਪੜ੍ਹ ਲੋਕ, ਆਰਥਿਕ ਪੱਖੋਂ ਕਮਜ਼ੋਰ ਵਰਗ ਆਦਿ ਹੀ ਇਸ ਹੱਕ ਤੋਂ ਵਿਰਵੇ ਰੱਖੇ ਜਾਂਦੇ ਸਨ।

ਇਸਤਰੀਆਂ ਲਈ ਮੱਤ-ਅਧਿਕਾਰ ਬਹੁਤ ਲੰਬਾ ਸਮਾਂ ਵਾਦ-ਵਿਵਾਦ ਦਾ ਮੁੱਦਾ ਰਿਹਾ ਪਰ ਹੁਣ, ਇਸਤਰੀਆਂ-ਪੱਖੀ ਲਹਿਰਾਂ ਮਗਰੋਂ, ਵੋਟ ਅਧਿਕਾਰਾਂ ਸਬੰਧੀ ਇਸਤਰੀਆਂ ਨੂੰ ਪੁਰਸ਼ਾਂ ਦੇ ਲਗਪਗ ਬਰਾਬਰ ਹੱਕ ਹੀ ਸਭ ਪਾਸੇ ਮਿਲ ਚੁੱਕੇ ਹਨ।

(ii) ਸਰਬ-ਵਿਆਪਕ ਬਾਲਗ ਮੱਤ-ਅਧਿਕਾਰ : ਅੱਜਕਲ੍ਹ ਮੱਤ-ਅਧਿਕਾਰ ਦੀ ਇਹ ਵੰਨਗੀ ਹੀ ਪ੍ਰਚਲਤ ਹੈ ਜੋ ਕਿ ਸਮਾਨਤਾ ਦੇ ਸਿਧਾਂਤ 'ਤੇ ਅਧਾਰਤ ਹੈ ਅਤੇ ਵਰਗ ਚੋਣ ਆਦਿ ਨਹੀਂ ਕਰਨੀ ਪੈਂਦੀ। ਇਸ ਅਧੀਨ ਸਾਰੇ ਬਾਲਗ (ਉਮਰ ਦੇ ਅਧਾਰ 'ਤੇ) ਨਾਗਰਿਕਾਂ ਨੂੰ ਜਾਤ, ਰੰਗ, ਲਿੰਗ, ਭਾਸ਼ਾ ਆਦਿ ਕਿਸੇ ਵੀ ਅਧਾਰ 'ਤੇ ਭੇਦ-ਭਾਵ ਤੋਂ ਬਗੈਰ ਵੋਟ ਪਾਉਣ ਦਾ ਅਧਿਕਾਰ ਮਿਲਦਾ ਹੈ। ਸਮਾਜ ਦਾ ਕੋਈ ਵਰਗ ਵੀ ਪਿੱਛੇ ਨਹੀਂ ਛੱਡਿਆ ਜਾਂਦਾ ਅਤੇ ਸਰਕਾਰ ਬਨਾਉਣ ਵਿੱਚ ਸਭ ਨੂੰ ਇੱਕੋ ਜਿਹਾ ਮੌਕਾ ਮਿਲਦਾ ਹੈ। ਇਸੇ ਲਈ ਇਹ ਵੰਨਗੀ ਸਰਬ-ਵਿਆਪਕ ਬਾਲਗ ਮੱਤ-ਅਧਿਕਾਰ ਜਾਂ ਸਰਬ-ਵਿਆਪਕ ਚੋਣ ਅਧਿਕਾਰ ਕਹਾਉਂਦਾ ਹੈ। ਇਸ ਪ੍ਰਥਾ ਅਧੀਨ ਵੋਟ ਪਾਉਣ ਦਾ ਹੱਕ ਦੇਣ ਲਈ ਇੱਕੋ-ਇੱਕ ਮਾਪਦੰਢ, ਮਿੱਥੀ ਗਈ ਉਮਰ ਹੁੰਦੀ ਹੈ। ਸਰਬ-ਵਿਆਪਕ ਬਾਲਗ ਮੱਤ-ਅਧਿਕਾਰ ਦਾ ਅਧਾਰ ਹੀ 'ਬਰਾਬਰੀ' ਹੁੰਦਾ ਹੈ ਜੋ ਕਿ ਲੋਕਤੰਤਰ ਦਾ ਵੀ ਸਿਧਾਂਤਕ ਧੁਰਾ ਹੈ। ਇਸੇ ਸਿਧਾਂਤ ਨਾਲ ਲੋਕਤੰਤਰ ਹਰ ਕਿਸੇ ਤੱਕ ਆਪਣੀ ਪਹੁੰਚ ਬਣਾਉਂਦਾ ਹੈ।

ਲੋਕਤੰਤਰ ਦਾ ਬੜਾ ਸਧਾਰਣ ਤਰਕ ਹੈ ; ਜੇ ਸਰਕਾਰ ਸਭ ਲਈ ਹੈ ਤਾਂ ਇਸ ਦੀ ਚੋਣ ਵੀ ਸਭਨਾਂ ਵੱਲੋਂ ਹੀ ਕੀਤੀ ਹੋਈ ਹੋਣੀ ਚਾਹੀਦੀ ਹੈ। ਇਵੇਂ ਹੀ ਸਰਬ-ਵਿਆਪਕ ਬਾਲਗ ਚੋਣ-ਅਧਿਕਾਰ ਦੀ ਵਿਸ਼ੇਸ਼ਤਾ ਬਿਆਨਣ ਦਾ ਮੁੱਢਲਾ ਵਾਕ ਹੈ ; ਇੱਕ ਵਿਅਕਤੀ, ਇੱਕ ਵੋਟ ਅਤੇ ਇੱਕ ਹੀ ਮੁੱਲ !

ਸੰਸਾਰ ਦੇ ਬਹੁ-ਗਿਣਤੀ ਦੇਸ਼ਾਂ ਵਿੱਚ ਚੋਣ-ਅਧਿਕਾਰ (ਮੱਤ-ਅਧਿਕਾਰ) ਦੀ ਇਹੀ ਵੰਨਗੀ (ਕਿਸਮ) ਅਪਣਾਈ ਗਈ ਹੈ। ਭਾਰਤ ਨੇ ਵੀ ਸੰਨ 1950 ਤੋਂ ਸਰਬ-ਵਿਆਪਕ ਬਾਲਗ ਮੱਤ-ਅਧਿਕਾਰ ਹੀ ਅਪਣਾਇਆ ਹੈ ਜਦੋਂ ਕਿ ਹਿੰਦੋਸਤਾਨ ਦੀ ਸਰਕਾਰ ਕਾਨੂੰਨ, 1935 ਰਾਹੀਂ ਭਾਰਤ ਵਿੱਚ ਸੀਮਤ ਮੱਤ-ਅਧਿਕਾਰ ਲਾਗੂ ਸੀ। ਭਾਰਤ ਦੇ ਸੰਵਿਧਾਨ ਦੇ ਅਨੁਛੇਦ-326 ਵਿੱਚ ਬਾਲਗ ਮੱਤ ਦਾ ਉਪਬੰਧ (ਪ੍ਰਬੰਧ) ਕੀਤਾ ਗਿਆ ਹੈ। ਕੀ ਤੁਹਾਡੇ ਮਨ ਵਿੱਚ ਇਹ ਸਵਾਲ ਉਪਜਿਆ ਹੈ ਕਿ ਭਾਰਤ ਵਿੱਚ ਵੋਟ ਪਾਉਣ ਲਈ ਘੱਟੋ-ਘੱਟ ਉਮਰ ਕਿੰਨੀ ਮਿੱਥੀ ਗਈ ਹੈ ? ਭਾਰਤ ਵਿੱਚ ਨਾਗਰਿਕਾਂ ਨੂੰ 18 ਸਾਲ ਦੀ ਉਮਰ ਹੋਣ 'ਤੇ ਵੋਟ ਪਾਉਣ ਦਾ ਅਧਿਕਾਰ ਮਿੱਲ ਜਾਂਦਾ ਹੈ।

ਇਹ ਤੱਥ ਜਾਣੋ

ਸੰਸਾਰ ਵਿੱਚ ਨਿਊਜ਼ੀਲੈਂਡ ਅਜਿਹਾ ਪਹਿਲਾ ਮੁਲਕ ਸੀ ਜਿਸ ਵਿੱਚ ਸਰਬ-ਵਿਆਪੀ ਮੱਤ-ਅਧਿਕਾਰ ਨਾਗਰਿਕਾਂ ਨੂੰ ਦਿੱਤਾ ਗਿਆ ਸੀ, ਸੰਨ 1893 ਵਿੱਚ ਇਸਤਰੀਆਂ ਨੂੰ ਪਹਿਲੀ ਵਾਰ ਵੋਟ ਪਾਉਣ ਦਾ ਹੱਕ ਮਿਲਿਆ ਸੀ.

ਹੇਠ ਦਿੱਤੀ ਸੂਚੀ ਸਰਬ-ਵਿਆਪਕ ਬਾਲਗ ਮੱਤ-ਅਧਿਕਾਰ ਦੇਣ ਵਾਲੇ ਦੇਸ਼ ਦੀ ਹੈ :—

ਕ੍ਰਮ	ਦੇਸ਼	ਸੰਨ
1.	ਨਿਊਜ਼ੀਲੈਂਡ	1893
2.	ਬਰਤਾਨੀਆਂ	1928
3.	ਫਰਾਂਸ	1944
4.	ਭਾਰਤ	1950
5.	ਅਸਟ੍ਰੇਲੀਆ	1962
6.	ਸੰਯੁਕਤ ਰਾਜ ਅਮਰੀਕਾ	1965
7.	ਦੱਖਣੀ ਅਫ਼ਰੀਕਾ	1994

ਹੁਣ ਤੁਹਾਨੂੰ ਪਤਾ ਹੈ ?

1. ਸਰਬ-ਵਿਆਪਕ ਬਾਲਗ ਮੱਤ-ਅਧਿਕਾਰ ਕੀ ਹੈ ?
2. ਵੋਟ ਪਾਉਣ ਦਾ ਹੱਕ ਤੁਹਾਡੇ ਲਈ ਕਿਹੋ ਜਿਹਾ ਅਧਿਕਾਰ ਹੈ ?
3. ਭਾਰਤ ਵਿੱਚ ਵੋਟ ਪਾਉਮ ਦੀ ਉਮਰ ਕਿੰਨੀ ਹੈ ?
4. ਸਰਬ-ਵਿਆਪਕ ਬਾਲਗ ਵੋਟ-ਅਧਿਕਾਰ ਕਿਹੜੇ ਲੋਕਤੰਤਰੀ ਸਿਧਾਂਤ 'ਤੇ ਅਧਾਰਤ ਹੈ ?

ਜ਼ਰਾ ਸੋਚੋ

ਭਾਰਤ ਸਮੇਤ ਸੰਸਾਰ ਦੇ ਕਈ ਦੇਸ਼ਾਂ ਵਿੱਚ ਸਰਬ-ਵਿਆਪਕ ਬਾਲਗ ਵੋਟ ਅਧਿਕਾਰ ਲਾਗੂ ਹੈ ਪਰ ਚੋਣਾਂ ਮੌਕੇ ਲੋਕ ਆਪਣੀ ਵੋਟ ਪਾਉਣ ਜਾਂਦੇ ਹੀ ਨਹੀਂ ਤਾਂ ਇਸ ਨਾਲ ਸਰਬ-ਵਿਆਪੀ ਅਧਿਕਾਰ ਦਾ ਮਨੋਰਥ ਹਾਰਦਾ ਨਹੀਂ ?

ਲੋਕਾਂ ਦੀ ਸ਼ਿਰਕਤ ਜਾਂ ਜਨ ਸ਼ਮੂਲੀਅਤ

ਲੋਕ ਸ਼ਿਰਕਤ ਤੋਂ ਭਾਵ ਹੈ, ਕਿਸੇ ਦੇਸ਼ ਦੇ ਲੋਕਾਂ ਦਾ ਵੱਖੋ-ਵੱਖਰੀਆਂ ਭੂਮਿਕਾਵਾਂ ਤੇ ਸੱਮਰਥਾਵਾਂ ਵਜੋਂ ਆਪਣੇ ਦੇਸ਼ ਦੀ ਸਿਆਸਤ ਤੇ ਰਾਜਨੀਤਕ ਪ੍ਰਥਾ ਵਿੱਚ ਬਾਕਾਇਦਾ ਹਿੱਸਾ ਲੈਣਾ। ਸਿਆਸੀ ਸ਼ਿਰਕਤ ਤੋਂ ਭਾਵ ਸਿਰਫ਼ ਗਿਣਾਤਮਕ ਪੱਖ (ਵੱਧ ਤੋਂ ਵੱਧ ਲੋਕ) ਤੋਂ ਹੀ ਨਹੀਂ ਹੈ ਸਗੋਂ ਗੁਣਾਤਮਕ ਪੱਖ (ਅਰਥ ਭਰਪੂਰ ਸ਼ਮੂਲੀਅਤ) ਵੀ ਸ਼ਾਮਲ ਹੈ।

ਵਿਕਸਤ ਦੇਸ਼ਾਂ ਵਿੱਚ, ਮੰਨਿਆ ਜਾ ਸਕਦਾ ਹੈ ਕਿ ਨਾਗਰਿਕ ਰਾਜਨੀਤਕ ਪੱਖੋਂ ਜਾਗਰੂਕ ਹੁੰਦੇ ਹਨ ਤੇ ਸਿਆਸਤ ਨਾਲ ਸਾਂਝੇਦਾਰੀ ਰੱਖਣ, ਸ਼ਿਰਕਤ ਕਰਨ ਦੇ ਮਹੱਤਵ ਤੋਂ ਜਾਣੂ ਹੁੰਦੇ ਹਨ। ਇਸ ਤਰ੍ਹਾਂ ਵਿਕਸਤ ਦੇਸ਼ਾਂ ਵਿੱਚ ਲੋਕ ਸ਼ਿਰਕਤ ਦਾ ਪੱਧਰ ਉੱਚਾ ਹੁੰਦਾ ਹੈ ਜਦੋਂ ਕਿ ਵਿਕਾਸਸ਼ੀਲ ਅਤੇ ਅਵਿਕਸਤ ਦੇਸ਼ਾਂ ਦੇ ਨਾਗਰਿਕ ਸਿਆਸੀ ਪੱਖਾਂ ਤੋਂ ਅਣਜਾਣ ਅਤੇ ਬੇ-ਪ੍ਰਵਾਹ ਹੁੰਦੇ ਹਨ ਜਿਸ ਕਾਰਨ ਅਜਿਹੇ ਦੇਸ਼ਾਂ ਵਿੱਚ ਨਾਗਰਿਕਾਂ ਦੀ ਸਿਆਸੀ ਖੇਤਰ ਜਾਂ ਪੱਖਾਂ ਵਿੱਚ ਸ਼ਮੂਲੀਅਤ ਅਵੇਸਲੀ ਹੁੰਦੀ ਹੈ। ਇਸ ਸਿਆਸੀ ਅਵੇਸਲੇਪਣ ਦੇ ਹੋਰ ਵੀ ਕਈ ਕਾਰਨ ਹੁੰਦੇ ਹਨ ਜਿਵੇਂ ਕਿ ; ਅਸਾਖਰਤਾ (ਅਨਪੜ੍ਹਤਾ), ਸਿਆਸੀ ਬੇਪ੍ਰਵਾਹੀ, ਗ਼ਰੀਬੀ, ਬੇਰੁਜ਼ਗਾਰੀ, ਮਾੜੇ ਆਰਥਿਕ ਹਾਲਾਤ, ਰਾਜਨੀਤਕ ਦਿਲਚਸਪੀ ਦੀ ਕਮੀ, ਆਪਣੇ-ਆਪ ਨੂੰ ਯੋਗ ਨਾ ਸਮਝਣਾ, ਅਤੇ ਮਾੜਾ ਸਿਆਸੀ ਵਾਤਾਵਰਣ (ਜੋ ਕਿ ਸਿਆਸਤਦਾਨ ਹੀ ਪੈਦਾ ਕਰਦੇ ਹਨ) ਆਦਿ। ਇਨ੍ਹਾਂ ਸਭ ਤੱਤਾਂ ਨੂੰ ਲਗਾਮ ਲਗਾਉਣੀ ਜ਼ਰੂਰੀ ਹੈ ਨਹੀਂ ਤਾਂ ਇਹ ਸਿਆਸੀ ਪ੍ਰਨਾਲ਼ੀ ਲਈ ਹੀ ਗੰਭੀਰ ਵੰਗਾਰ ਬਣ ਜਾਂਦੇ ਹਨ।

ਲੋਕਾਂ ਦੀ ਸ਼ਿਰਕਤ ਤੋਂ ਸੱਖਣਾ ਲੋਕਤੰਤਰ ਵਿਅਰਥ ਹੈ। ਇਸ ਅਧਿਆਇ ਦੀਆਂ ਸ਼ੁਰੂਆਤੀ ਤੁਕਾਂ ਨੂੰ ਮੁੜ ਵਾਚੋ, 'ਭਾਰਤ ਸੰਸਾਰ ਵਿੱਚ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਸੰਯੁਕਤ ਰਾਜ ਅਮਰੀਕਾ ਸਭ ਤੋਂ ਵੱਧ ਤਾਕਤਵਰ ਲੋਕਤੰਤਰ ਹੈ।' ਇਸ ਵਿੱਚ ਹੁਣ ਇਹ ਤੱਥ ਵੀ ਜੁੜ ਸਕਦੇ ਹਾਂ ਕਿ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਮੰਨਿਆ ਜਾਂਦਾ ਹੈ ਜਾਂ ਘੱਟੋ-ਘੱਟ ਤਾਕਤਵਰ ਤਾਂ ਨਹੀਂ ਮੰਨਿਆ ਜਾਂਦਾ। ਕਿਸੇ ਲੋਕਤੰਤਰ (ਜਮਹੂਰੀਅਤ) ਨੂੰ, ਕਿਹੜੇ ਪੱਖ ਕਮਜ਼ੋਰ ਜਾਂ ਤਾਕਤਵਰ ਬਣਾਉਂਦੇ ਹਨ ? ਕੀ ਇਨ੍ਹਾਂ ਪੱਖਾਂ ਵਿੱਚ ਲੋਕਾਂ ਦੀ ਭੂਮਿਕਾ ਵੀ ਕੋਈ ਅਰਥ ਰੱਖਦੀ ਹੈ ?

ਲੋਕਤੰਤਰੀ (ਜਮਹੂਰੀ) ਨਿਜ਼ਾਮ ਵਿੱਚ ਲੋਕਾਂ ਦੀ ਭੂਮਿਕਾ

ਸਰਕਾਰ ਦੀ ਸਥਾਪਨਾ ਲਈ, ਲੋਕਤੰਤਰੀ ਨਿਜਾਮ (ਹਕੂਮਤ) ਵਿੱਚ, ਸਭ ਤੋਂ ਵੱਧ ਸ਼ਕਤੀਸ਼ਾਲੀ ਤੇ ਅੰਤਮ ਤਾਕਤ ਲੋਕਾਂ ਦੇ ਹੱਥ ਵਿੱਚ ਹੀ ਹੁੰਦੀ ਹੈ। ਸਿਰਫ਼ ਇੰਨਾ ਹੀ ਨਹੀਂ ਸਗੋਂ ਉਨ੍ਹਾਂ ਦੇ ਹੱਥ ਸਰਕਾਰ ਤਬਦੀਲ ਕਰਨਾ, ਨਾ-ਪਸੰਦੀ ਦੀ ਸੂਰਤ ਵਿੱਚ ਨਿੰਦਾ ਕਰਨਾ ਅਤੇ ਆਪਣੀ ਰਾਇ ਦੇਣਾਂ ਵੀ ਹੁੰਦਾ ਹੈ। ਲੋਕਾਂ ਦੀ ਸ਼ਿਰਕਤ ਤੇ ਸ਼ਿਰਕਤ ਦਾ ਢੰਗ ਹੀ ਫ਼ੈਸਲਾਕੁੰਨ ਤੱਤ ਹੁੰਦਾ ਹੈ।

ਇੱਕਤੰਤਰ ਨਿਜ਼ਾਮ ਵਿੱਚ ਲੋਕਾਂ ਦੀ ਭੂਮਿਕਾ

ਇਕਤੰਤਰੀ (autocratic) ਹਕੂਮਤਾਂ ਵਿੱਚ ਤਾਨਾਸ਼ਾਹੀ ਵਾਂਗੂੰ ਹੀ, ਲੋਕਾਂ ਦੀ ਸ਼ਿਰਕਤ ਨਾਲ ਹੀ ਹਕੂਮਤ ਦੀ ਤਾਸੀਰ ਬਦਲਦੀ ਹੈ ਤੇ ਹਕੂਮਤ ਅਰਥ-ਭਰਪੂਰ ਬਣਦੀ ਹੈ, ਸਿਆਸਤ ਨੂੰ ਸਹੀ ਦਿਸ਼ਾ ਮਿਲਦੀ ਹੈ। ਇਤਿਹਾਸ ਅਜਿਹੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ ਜਿੱਥੇ ਲੋਕਾਂ ਨੇ ਭੈੜੇ ਨਿਜ਼ਾਮ ਪੁੱਟ ਸੁੱਟੇ ਹਨ ਤੇ ਸਾਰਾ ਸਿਆਸੀ ਢਾਂਚਾ ਹੀ ਤਬਦੀਲ ਕਰ ਲਿਆ ਹੈ। ਸੰਨ 1776 ਦੀ ਅਮਰੀਕੀ ਕ੍ਰਾਂਤੀ, ਸੰਨ 1789 ਦੀ ਫ਼ਰਾਂਸ ਦੀ ਕ੍ਰਾਂਤੀ, ਦੱਖਣੀ ਅਫ਼ਰੀਕਾ ਵਿੱਚ ਨੈਲਸਨ ਮੰਡੇਨਾ ਦੀ ਜੱਦੋ-ਜਹਿਦ ਅਤੇ ਮਇਆਂਮਰ (ਬਰਮਾ) ਦੀ ਔਂਗ ਸੂ ਕੀ ਦਾ ਤਿਆਗ ਆਦਿ ਕਿਸ ਨੂੰ ਭੁੱਲੇ ਹਨ ?

ਲੋਕ ਸ਼ਿਰਕਤ ਦਾ ਪ੍ਰਗਟਾਵਾ

ਇਸਤਰੀਆਂ ਦੇ ਹੱਕਾਂ ਪ੍ਰਤੀ ਲਹਿਰ, ਕਲੋਨੀਵਾਦ ਦਾ ਅੰਤ, ਸਰਬ-ਵਿਆਪਕ ਵੋਟ (ਮੱਤ) ਅਧਿਕਾਰਾਂ ਤੇ ਸਮਾਨ ਸਿਆਸੀ ਹੱਕਾਂ ਦੀ ਮੰਗ, ਸੰਸਾਰ ਵਿੱਚ ਲੋਕਤੰਤਰੀ ਸਰਕਾਰਾਂ ਦੀ ਸਥਾਪਨਾ, ਲੋਕ-ਪਾਲ ਪ੍ਰਥਾ ਦਾ ਉਭਾਰ, ਜਾਣਕਾਰੀ ਲੈਣ ਦਾ ਅਧਿਕਾਰ (RTI) ਆਦਿ ਸਭ ਲੋਕਸ਼ਿਰਕਤ ਦੇ ਪ੍ਰਗਟਾਵੇ ਦੀ ਤਾਕਤ ਅਤੇ ਜਿੱਤ ਦਾ ਹੀ ਪ੍ਰਤੀਕ ਹਨ।

ਲੋਕਾਂ ਦੀ ਸ਼ਿਰਕਤ (ਜਨ ਸ਼ਮੂਲੀਅਤ) ਦੇ ਢੰਗ-ਤਰੀਕੇ

ਕਿਸੇ ਦੇਸ਼ ਦੇ ਵਾਸੀ ਲੋਕ ਆਪਣੇ ਦੇਸ਼ ਦੇ ਸਿਆਸੀ ਮਾਮਲਿਆਂ ਵਿੱਚ ਕਈ ਢੰਗ-ਤਰੀਕਿਆਂ ਨਾਲ ਹਿੱਸਾ ਲੈ ਸਕਦੇ ਹਨ, ਭਾਈਵਾਲ ਬਣ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਤਰੀਕੇ ਇਸ ਪ੍ਰਕਾਰ ਹਨ—

(ੳ) ਚੋਣਾਂ (Elections) : ਦੇਸ਼ ਦੀ ਰਾਜਨੀਤਕ ਪ੍ਰਨਾਲ਼ੀ ਵਿੱਚ ਹੱਸਾ (ਯੋਗਦਾਨ) ਪਾਉਣ ਲਈ ਚੋਣਾਂ ਵਿੱਚ ਸ਼ਿਰਕਤ ਇੱਕ ਮਾਧਿਅਮ ਹੁੰਦਾ ਹੈ ਜੋ ਲੋਕਤੰਤਰੀ ਪ੍ਰਕਿਰਿਆ ਵਿੱਚ ਭਰੋਸਾ ਹੋਣ ਦਾ ਪ੍ਰਗਟਾਵਾ ਵੀ ਕਰਦਾ ਹੈ। ਪ੍ਰਤੀਨਿਧੀ ਲੋਕਤੰਤਰ ਦੇ ਵਰਤਮਾਨ ਜ਼ਮਾਨੇ ਵਿੱਚ, ਲੋਕਾਂ ਦਾ ਹੱਕ (ਅਧਿਕਾਰ) ਹੈ ਕਿ ਉਹ ਚੋਣ ਕਰਨ ਵੀ ਅਤੇ ਚੁਣੇ ਜਾਣ ਦੇ ਹੱਕਦਾਰ ਵੀ ਹੋਣ। ਇਸ ਤਰ੍ਹਾਂ ਉਹ ਸਰਕਾਰ ਬਣਾ ਵੀ ਸਕਦੇ ਹਨ ਅਤੇ ਉਸਦਾ ਹਿੱਸਾ ਵੀ ਬਣ ਸਕਦੇ ਹਨ।

(ਅ) ਸਿਆਸੀ ਪਾਰਟੀਆਂ (Political Parties) : ਦੇਸ਼ ਦੀ ਰਾਜਨੀਤਕ ਪ੍ਰਨਾਲ਼ੀ ਵਿੱਚ ਲੋਕ ਸ਼ਿਰਕਤ ਦਾ ਇੱਕ ਹੋਰ ਸੰਗਠਤ ਤਰੀਕਾ ਹੈ, ਸਿਆਸੀ ਪਾਰਟੀਆਂ ਦੇ ਜ਼ਰੀਏ (ਰਾਹੀਂ) ਕਾਰਜ ਕਰਨਾ। ਇਨ੍ਹਾਂ ਸਿਆਸੀ ਗੁਟਾਂ ਨੂੰ ਲੋਕ ਲੋੜਾਂ ਪਛਾਣਕੇ ਕੰਮ ਕਢਾ ਸਕਣ ਦੀ ਮੁਹਾਰਤ ਹੋਣ ਦੇ ਨਾਲ-ਨਾਲ ਦੇਸ਼ ਦੀ ਤੇ ਦੇਸ਼ ਵਿੱਚ ਹਕੂਮਤ ਸੰਭਾਲਣ ਦਾ ਵੱਲ (ਤਰੀਕਾ) ਵੀ ਹੁੰਦਾ ਹੈ। ਸਰਕਾਰ ਬਨਾਉਣ ਲਈ ਇਨ੍ਹਾਂ ਦੀ ਹੋਂਦ ਤੇ ਸ਼ਿਰਕਤ ਹੀ ਮੁੱਢਲਾ ਤੱਤ ਹੁੰਦੀ ਹੈ। ਅਸਲ ਵਿੱਚ ਦੇਸ਼ ਦੀ ਸਿਆਸਤ ਨੂੰ ਸੇਧ ਤੇ ਤਰਤੀਬ ਹੀ ਸਿਆਸੀ ਗੁੱਟ ਦਿੰਦੇ ਹਨ।

(ੲ) ਦਬਾਅ ਗੁੱਟ (Pressure Groups) : ਕਿਸੇ ਦੇਸ਼ ਦੇ ਰਾਜਨੀਤਿਕ ਮਾਮਲਿਆਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਲੋਕਾਂ ਦੇ ਸੰਗਠਤ ਹੋ ਕੇ ਕਾਰਜ ਕਰਨ ਦੀਆਂ ਉਦਾਹਰਣਾਂ ਵਿੱਚੋਂ ਸਭ ਤੋਂ ਉੱਤਮ ਉਦਾਹਰਣ ਦਬਾਅ ਸੁੱਟ ਬਨਾਉਣਾ ਹੈ। ਸਿਆਸੀ ਪਾਰਟੀਆਂ ਤੋਂ ਬਾਅਦ ਦੂਸਰੇ ਕ੍ਰਮ 'ਤੇ ਸਭ ਤੋਂ ਵੱਧ ਮਹੱਤਵਪੂਰਨ ਸਿਆਸੀ ਗੁੱਟ, ਦਬਾਅ ਗੁੱਟ ਹੀ ਹੁੰਦੇ ਹਨ ਕਿਉਂਕਿ ਉਹ ਨਾ ਸਿਰਫ਼ ਸਰਕਾਰੀ ਫ਼ੈਸਲਿਆਂ ਤੇ ਨੀਤੀਆਂ ਉਤੇ ਆਪਣਾ ਪ੍ਰਭਾਵ ਪਾਉਂਦੇ ਹਨ ਸਗੋਂ ਸਰਕਾਰਾਂ ਨੂੰ ਕਮੀਆਂ ਲਈ ਜ਼ਿੰਮੇਵਾਰ ਠਹਿਰਾ ਕੇ ਅਹਿੰਸਕ ਢੰਗਾਂ ਤੇ ਅਦਾਲਤੀ ਰਾਹਾਂ ਜ਼ਰੀਏ ਲੜਦੇ ਵੀ ਹਨ। ਇਸ ਤੋਂ ਇਲਾਵਾ ਲੋਕ ਰਾਇ ਦੀ ਲਾਮਬੰਦੀ, ਪ੍ਰਾਪੇਗੰਡਾ ਮੁਹਿੰਮਾਂ, ਵਾਦ-ਵਿਵਾਦ ਮੁਹਿੰਮਾਂ, ਚੋਣ-ਪ੍ਰਚਾਰ ਤੇ ਪ੍ਰੇਰਕ ਸਰਗਰਮੀਆਂ (ਲਾਬੀਇੰਗ) ਆਦਿ ਦੀ ਦਬਾਅ ਗੁੱਟਾਂ ਦੇ ਹਥਿਆਰ ਹਨ। ਇਹ ਗੁੱਟ ਕਈ ਵਾਰ ਹਿੰਸਕ ਕਾਰਵਾਈ ਵੀ ਕਰ ਬੈਠਦੇ ਹਨ ਪਰ ਅਜਿਹੀ ਕਾਰਵਾਈ ਨੂੰ ਲੋਕ-ਰੁਚੀ ਦੇ ਵਿਰੁੱਧ ਮੰਨਿਆ ਜਾਂਦਾ ਹੈ।

(ਸ) ਲੋਕ ਰਾਇ (Public Opinion) : ਲੋਕਾਂ ਦੀ ਸ਼ਿਰਕਤ ਦਾ ਇਹ ਗ਼ੈਰ ਰਵਾਇਤੀ (ਗ਼ੈਰ ਗੀਤਗਤ) ਢੰਗ ਹੈ ਕਿਉਂਕਿ ਲੋਕ ਤਾਂ ਕਈ ਤਰੀਕਿਆਂ ਨਾਲ ਤੇ ਕਈ ਜ਼ਰੀਏ ਅਪਣਾ ਕੇ ਆਪਣੀ ਸੋਚ, ਲੋੜਾਂ ਦੀ ਦੁਹਾਈ ਸਰਕਾਰ ਤੱਕ ਪੁੱਜਦਾ ਕਰਦੇ ਹਨ ਤੇ ਸਰਕਾਰੀ ਨੀਤੀਆਂ ਤੇ ਕਾਰਵਾਈਆਂ ਬਾਰੇ ਵੱਖੋ-ਵੱਖ ਏਜੰਸੀਆਂ, ਛਪਾਈ ਮਾਧਿਅਮਾਂ, ਟੀ.ਵੀ./ਰੇਡੀਓ, ਸਿਆਸੀ ਪਾਰਟੀਆਂ, ਦਬਾਅ ਗੁੱਟਾਂ, ਸੋਸ਼ਲ (ਸਮਾਜਿਕ) ਮਾਧਿਅਮਾਂ, ਇਲੈਕਟ੍ਰਾਨਿਕ ਮਾਧਿਅਮਾਂ ਆਦਿ ਰਾਹੀਂ ਆਪਣੀ ਰਾਇ ਪੇਸ਼ ਕਰਦੇ ਹਨ। ਇਹ ਤਰੀਕੇ ਕਿਸੇ ਨਾ ਕਿਸੇ ਰੂਪ ਵਿੱਚ ਲੋਕਾਂ ਦਾ ਸਿਆਸਤ (ਰਾਜਨੀਤੀ) ਨਾਲ ਸੰਪਰਕ ਪੇਸ਼ ਕਰਦੇ ਹਨ।

(ਹ) ਲੋਕਤੰਤਰੀ ਵਿਓਂਤਾਂ (Democratic Devices) : ਰਾਜਨੀਤੀ ਦੇ ਮਹੱਤਵਪੂਰਨ ਮਾਮਲਿਆਂ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਉਣ ਤੇ ਦਖ਼ਲ ਦੇਣ ਲਈ ਨਾਗਰਿਕਾਂ ਕੋਲ ਕਈ ਵਿਓਂਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਲੋਕਤੰਤਰ ਦੀਆਂ ਪ੍ਰਤੱਖ ਵਿਓਂਤਾਂ ਕਿਹਾ ਜਾਂਦਾ ਹੈ। ਪ੍ਰਤੀਨਿਧੀ ਲੋਕਤੰਤਰ ਦੇ ਜ਼ਮਾਨੇ ਵਿੱਚ ਹਾਲਾਂਕਿ ਇਨ੍ਹਾਂ ਵਿਓਂਤਾਂ ਦੀ ਵਰਤੋਂ ਸੀਮਤ ਹੀ ਹੁੰਦੀ ਹੈ। ਇਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਵਿਓਂਤਾਂ ਇਸ ਪ੍ਰਕਾਰ ਹਨ—

(i) ਲੋਕਮੱਤ (Referendum-ਰੈਫ਼ਰੈਂਡੰਮ) - ਇਸ ਪ੍ਰਕਿਰਿਆ ਰਾਹੀਂ ਕਿਸੇ ਵੀ ਨਿਯਮ-ਕਾਨੂੰਨ-ਫ਼ੈਸਲੇ ਨੂੰ ਉਨ੍ਹਾਂ ਦੀ ਸਵੀਕ੍ਰਿਤੀ ਪ੍ਰਾਪਤ ਕਰਨ ਲਈ ਸਿੱਧੀ ਵੋਟਿੰਗ ਲਈ ਚੋਣਕਾਰ-ਮੰਡਲ ਨੂੰ ਭੇਜ ਦਿੱਤਾ ਜਾਂਦਾ ਹੈ।

(ii)ਪਹਿਲ ਕਦਮੀ (Initiative - ਇਨੀਸ਼ੀਏਟਿਵ) - ਇਸ ਤਰੀਕੇ ਰਾਹੀਂ ਲੋਕ ਆਪ ਹੀ ਕਾਨੂੰਨ ਬਨਾਉਣ ਲਈ ਕੋਈ ਬਿੱਲ ਵਿਧਾਨਪਾਲਿਕਾ ਨੂੰ ਭੇਜ ਸਕਦੇ ਹਨ।

(iii) ਮਨਸੂਖ਼ੀਅਤ (Recall ਰੀਕੌਲ) - ਇਸ ਤਰੀਕੇ ਅਧੀਨ ਵੋਟਰ ਅਜਿਹੇ ਕਿਸੇ ਚੁਣੇ ਹੋਏ ਪ੍ਰਤੀਨਿੱਧ ਜਾਂ ਅਧਿਕਾਰੀ ਨੂੰ ਉਸਦੇ ਅਹੁਦੇ ਦੀ ਮਿਆਦ ਤੋਂ ਪਹਿਲਾਂ ਉਸਦੀਆਂ ਸੇਵਾਵਾਂ ਮਨਸੂਖ਼ ਕਰਵਾ ਸਕਦੇ ਹੁੰਦੇ ਹਨ ਜੋ ਆਪਣੀਆਂ ਜ਼ਿੰਮੇਵਾਰੀਆਂ

ਮਿੱਥੇ ਢੰਗ ਨਾਲ ਨਾ ਨਿਭਾ ਰਿਹਾ ਹੋਵੇ।

(iv) ਰਾਇਸ਼ੁਮਾਰੀ (Plebiscite - ਪਲੈਬੀਸਾਈਟ) - ਇਹ ਤਰੀਕਾ ਕਿਸੇ ਲੋਕ ਮਹੱਤਵ ਦੇ ਵਿਸ਼ੇ ਉਤੇ ਲੋਕਾਂ ਦੀ ਰਾਇ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਅਜਿਹੇ ਤਰੀਕੇ ਦਾ ਮੁੱਢਾ ਇਲਾਕਾਈ ਝਗੜਿਆ ਦੇ ਨਿਪਟਾਰਾ ਹੁੰਦਾ ਹੈ।

ਲੋਕ ਸ਼ਿਰਕਤ (ਜਨ ਸ਼ਮੂਲੀਅਤ) ਦਾ ਮਹੱਤਵ

ਸਿਆਸੀ (ਰਾਜਨੀਤਕ) ਖੇਤਰ ਵਿੱਚ ਲੋਕਾਂ ਦੀ ਸ਼ਿਰਕਤ ਦਾ ਸਿਧਾਂਤ ਸਮਝਣ ਮਗਰੋਂ ਆਓ ਇਸਦੇ ਮਹੱਤਵ ਨੂੰ ਜਾਨਣ ਵੱਲ ਤੁਰੀਏ—

(ੳ) ਵਧੀਆ ਸ਼ਾਸਨ (Good Governance) : ਚੰਗਾ ਰਾਜ ਪ੍ਰਬੰਧ ਜਾਂ ਵਧੀਆ ਸ਼ਾਸਨ ਦੇਣ ਲਈ ਉਸ ਪ੍ਰਕਿਰਿਆ ਵਿੱਚ ਲੋਕਾਂ ਦੀ ਸ਼ਮੂਲੀਅਤ ਲਾਜਮੀ ਤੱਤ ਹੁੰਦਾ ਹੈ ਤੇ ਇਹੀ ਲੋਕਤੰਤਰੀ ਪ੍ਰਕਿਰਿਆ ਦੀ ਗੀੜ੍ਹ ਮੰਨੀ ਜਾਂਦੀ ਹੈ। ਲੋਕ ਜਦੋਂ ਆਪਣੀ ਰਾਇ ਤੇ ਵਿਚਾਰ ਖੁਲ੍ਹ ਕੇ ਪ੍ਰਗਟ ਕਰਦੇ ਹਨ, ਤਾਂ ਹੀ ਸੰਭਾਵਨਾ ਬਣਦੀ ਹੈ ਕਿ ਸਰਕਾਰ ਲੋਕ ਭਲਾਈ ਯੋਜਨਾਵਾਂ ਅਸਰਦਾਇਕ ਢੰਗ ਨਾਲ ਲਾਗੂ ਕਰ ਸਕੇ ਤੇ ਨਾਲ ਹੀ ਲੋਕ ਸ਼ਿਕਾਇਤਾਂ ਵੀ ਲੱਗਦੇ ਹੱਥ ਦੂਰ ਕਰ ਸਕੇ।

> ਲੋਕਪਾਲ ਪ੍ਰਥਾ ਸਭ ਤੋਂ ਪਹਿਲਾਂ ਸਵੀਡਨ ਵਿੱਚ ਭ੍ਰਿਸ਼ਟਾਚਾਰ ਨਾਲ ਦੋ-ਹੱਥ ਕਰਨ ਲਈ ਅਰੰਭੀ ਗਈ ਸੀ ਜੋ ਕਿ ਨਾਗਰਿਕਾਂ ਨੂੰ ਵਧੀਆਂ ਸ਼ਾਸਨ ਦੇਣ ਲਈ ਚੰਗਾ ਤੇ ਅਸਰਦਾਇਕ ਸਰਕਾਰੀ ਪ੍ਰਬੰਧ ਸਿੱਧ ਹੋਇਆ ਹੈ। ਭਾਰਤ ਵਿੱਚ ਇਸਨੂੰ ਲੋਕ-ਪਾਲ ਜਾਂ ਲੋਕਆਯੁਕਤ ਕਿਹਾ ਜਾਂਦਾ ਹੈ ਜਦੋਂਕਿ ਪੱਛਮ ਵਿੱਚ ਇਹ ਓਮਬੱਡਜ਼ਮੈਨ ਸਿਸਟਮ (Ombudsman System) ਦੇ ਨਾਮ ਨਾਲ਼ ਜਾਣਿਆਂ ਜਾਂਦਾ ਹੈ।

(ਅ) ਪ੍ਰਤੀਪੁਸ਼ਟੀ ਪ੍ਰਬੰਧ (Feedback Mechanism) : ਲੋਕਾਂ ਦੀ ਸ਼ਿਰਕਤ ਨਾਲ ਸਰਕਾਰ ਨੂੰ ਨਾਗਰਿਕਾਂ ਦਾ ਦ੍ਰਿਸ਼ਟੀਕੋਣ ਸਮਝਣਾ ਸੌਖਾ ਹੋ ਜਾਂਦਾ ਹੈ ਤੇ ਸਰਕਾਰ ਪ੍ਰਤੀ ਪੁਸ਼ਟੀ ਜਾਂ ਫ਼ੀਡਬੈਕ ਪ੍ਰਾਪਤ ਕਰਦੀ ਹੈ। ਇਹ ਤਰੀਕਾ ਕਨੂੰਨਾਂ ਤੇ ਨੀਤੀਆਂ ਵਿਚਲੀਆਂ ਚੋਰ-ਮੋਰੀਆਂ ਲੱਭ ਕੇ ਪੂਰਣ ਵਿੱਚ ਸਹਾਈ ਹੁੰਦਾ ਹੈ।

ਭਾਰਤ ਵਿੱਚ ਸੰਨ 2020-21 ਵਿੱਚ ਪ੍ਰਧਾਨਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਨੂੰਨ, ਲੋਕ ਮੁਜ਼ਾਹਰਿਆਂ ਮਗਰੋਂ ਮਨਸੂਖ਼ (ਰੱਦ) ਕਰਨੇ ਪਏ ਸਨ। ਇਹ ਕਾਰਵਾਈ ਸਰਕਾਰ ਵੱਲੋਂ ਪ੍ਰਾਪਤ ਕੀਤੀ ਗਈ ਫ਼ੀਡਬੈਕ ਮਗਰੋਂ ਹੀ ਹੋਈ ਸੀ ਕਿਉਂਕਿ ਕੇਂਦਰ ਸਰਕਾਰ ਨੂੰ ਸਪਸ਼ਟ ਹੋ ਗਿਆ ਸੀ ਕਿ ਕਿਸਾਨਾਂ ਨੂੰ ਉਨ੍ਹਾਂ ਕਨੂੰਨਾਂ ਦਾ ਕੋਈ ਵੀ ਰੂਪ-ਸਰੂਪ ਕਤੱਈ ਮਨਜੂਰ ਨਹੀਂ ਹੋ ਰਿਹਾ।

(ਏ) ਨੀਤੀਆਂ ਚੰਗੇਰੇ ਰੂਪ 'ਚ ਲਾਗੂ ਕਰਨੀਆਂ : ਲੋਕਾਂ ਦੀ ਭਲਾਈ ਦੇ ਕਾਰਜਾਂ ਵਿੱਚ ਜੇਕਰ ਲੋਕਾਂ ਦੀ ਸ਼ਿਰਕਤ ਹੀ ਸ਼ਾਮਲ ਨਾ ਹੋਵੇ ਤਾਂ ਉਸਦੇ ਇਛੱਤ ਨਤੀਜੇ ਨਹੀਂ ਮਿਲਦੇ। ਕਈ ਸਰਕਾਰੀ ਨੀਤੀਆਂ ਦਾ ਉਦੇਸ਼ ਹੀ ਲੋਕਾਂ ਦੇ ਵਤੀਰੇ ਵਿੱਚ ਤਬਦੀਲੀ ਲਿਆਉਣ ਹੁੰਦਾ ਹੈ ਜਿਵੇਂ; ਪੋਲੀਓ ਦੀ ਦਵਾਈ ਦੀਆਂ ਬੂੰਦਾਂ ਪਿਲਾਉਣ ਦੀ ਮੁਹਿੰਮ ਜਾਂ ਫ਼ੇਰ ਕੋਈ ਵੀ ਹੋਰ ਨੀਤੀ ਹੋਵੇ, ਲੋਕਾਂ ਦੀ ਸ਼ਿਰਕਤ ਅਤਿ ਜ਼ਰੂਰੀ ਹੁੰਦੀ ਹੈ। ਭਾਰਤ ਵਿੱਚ ਸਵੱਛ ਭਾਰਤ ਮੁਹਿੰਮ ਤੇ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਆਦਿ ਨੂੰ ਜਿੰਨੀ ਕੁ ਕਾਮਯਾਬੀ ਮਿਲੀ ਹੈ, ਉਸਦਾ ਸਿਹਰਾ ਲੋਕਾ ਦੀ ਸ਼ਿਰਕਤ ਦੇ ਸਿਰ ਹੀ ਬੱਝਦਾ ਹੈ।

(ਸ) ਜਵਾਬਦੇਹੀ (Accountability) : ਲੋਕ ਸ਼ਿਰਕਤ, ਸਰਕਾਰਾਂ ਨੂੰ ਵੀ ਉਨ੍ਹਾਂ ਦੇ ਪ੍ਰਤੀ ਜਵਾਬਦੇਹ ਬਣਾਉਂਦੀ ਹੈ। ਇਹ ਦੋ-ਪਾਸੀ ਵਿਧੀ ਦਾ ਨਿਰਮਾਣ ਕਰਦੀ ਹੈ ਜਿਸ ਵਿੱਚ ਸਰਕਾਰ, ਨਾਗਰਿਕਾਂ ਦੇ ਮਸਲੇ ਬਿਹਤਰ ਸਮਝਦੀ ਹੈ ਤੇ ਇਸੇ ਤਰ੍ਹਾਂ ਲੋਕਾਂ ਨੂੰ ਵੀ ਸਰਕਾਰ ਦੀਆ ਕੋਸ਼ਿਸ਼ਾਂ ਦੀ ਬਿਹਤਰ ਸਮਝ ਪੈਂਦੀ ਹੈ। ਉਦਾਹਰਣ ਵਜੋਂ; ਸਵੀਡਨ, ਸੰਸਾਰ ਦਾ ਪਹਿਲਾ ਦੇਸ਼ ਸੀ ਜਿਸਨੇ ਜਾਣਕਾਰੀ ਦਾ ਅਧਿਕਾਰ ਨਾਗਰਿਕਾਂ ਨੂੰ ਦਿੱਤਾ। ਜਾਣਕਾਰੀ ਦੇ ਅਧਿਕਾਰ ਨੇ ਸਰਕਾਰ ਵਿੱਚ ਜਵਾਬਦੇਹੀ ਵਧਾਈ ਤੇ ਇਸ ਨਾਲ ਨਾਗਰਿਕਾਂ ਵਿੱਚ, ਸਰਕਾਰੀ ਕੰਮ-ਕਾਜ ਵਿੱਚ ਸ਼ਿਰਕਤ ਕਰਨ ਦੀ ਭਾਵਨਾ ਵੀ ਵਧੀ।

(ਹ) ਨਿਜ਼ਾਮ ਦੀ ਤਬਦੀਲੀ (Regime Change) : ਲੋਕਾਂ ਦੇ ਹੱਥ ਇਹ ਸ਼ਕਤੀ ਹੁੰਦੀ ਹੈ ਕਿ ਉਹ ਨਿਜ਼ਾਮਾਂ ਦੀ ਹਕੂਮਤਾਂ ਦੀ ਤਾਸੀਰ ਬਦਲ ਦਿੰਦੇ ਹਨ। ਦੂਸਰੇ ਸ਼ਬਦਾਂ ਵਿੱਚ ਇਵੇਂ ਕਹਿ ਲਿਆ ਜਾਵੇ ਕਿ ਉਹ ਇਕੱਤੰਤਰੀ ਨਿਜ਼ਾਮ ਨੂੰ ਲੋਕਤੰਤਰੀ ਨਿਜ਼ਾਮ ਵਿੱਚ, ਘੱਟ ਲੋਕਤੰਤਰੀ ਤਾਸੀਰ ਦੇ ਨਿਜ਼ਾਮ ਨੂੰ ਵੱਧ ਲੋਕਤੰਤਰੀ ਤਾਸੀਰ ਦੇ ਨਿਜ਼ਾਮ ਵਿੱਚ ਤੇ ਕਮਜ਼ੋਰ ਨਿਜ਼ਾਮਾਂ ਨੂੰ ਸ਼ਕਤੀਸ਼ਾਲੀ ਨਿਜ਼ਾਮਾਂ ਵਿੱਚ ਤਬਦੀਲ ਕਰ ਦਿੰਦੇ ਹਨ। ਉਦਾਹਰਣ ਵਜੋ; ਪੋਲੈਂਡ, ਚਿੱਲੀ ਅਤੇ ਨੇਪਾਲ ਵਿੱਚ ਲੋਕਤੰਤਰ ਵੱਲ ਵਧੇ ਕਦਮ ਨਿਜ਼ਾਮ ਵਿੱਚ ਤਬਦੀਲੀ ਦੀਆਂ ਸਭ ਤੋਂ ਵਧੀਆ ਮਿਸਾਲਾਂ ਹਨ।

ਮੱਤ-ਦਾਨੀ ਰਵੱਈਆ (Voting Behaviour)

ਸਿਆਸਤ (ਰਾਜਨੀਤੀ) ਵਿੱਚ ਸ਼ਾਮਲ ਸਾਰੇ ਪੱਖਾਂ ਦੇ ਰਵੱਈਏ ਸਬੰਧੀ ਘੋਖ ਕਰਨਾ ਰਾਜਨੀਤੀ ਸ਼ਾਸਤਰ (ਵਿਗਿਆਨ) ਦਾ ਇੱਕ ਮਹੱਤਵਪੂਰਨ ਖੇਤਰ ਹੈ। ਸਿਆਸੀ ਰਵੱਈਆ ਪਛਾਨਣ ਦੀ ਇਹ ਕ੍ਰਾਂਤੀ 20ਵੀਂ ਸਦੀ ਦੇ ਅਰੰਭ ਵਿੱਚ ਰਾਜਨੀਤੀ ਸ਼ਾਸਤਰ ਦਾ ਅੰਗ ਬਣੀ ਅਤੇ ਸਿਆਸਤ ਵਿੱਚ ਰਵੱਈਏ ਦੀ ਘੋਖ ਉਤੇ ਜ਼ੋਰ ਦਿੱਤਾ ਜਾਣ ਲੱਗਾ। ਕੋਈ ਵੋਟਰ ਆਪਣਾ ਵੋਟ ਪਾਉਣ ਦਾ ਹੱਕ ਵਰਤਣ ਲੱਗਿਆ ਜੋ ਰਵੱਈਆ ਅਖਤਿਆਰ ਕਰਦਾ ਹੈ, ਮੱਤ-ਦਾਨੀ ਰਵੱਈਆ ਅਖਵਾਉਂਦਾ ਹੈ। ਇਹੀ ਵਤੀਰਾ ਕਿਸੇ ਵੀ ਲੋਕਤੰਤਰ ਦੇ ਤਾਕਤਵਰ ਜਾਂ ਕਮਜ਼ੋਰ ਹੋਣ ਪਿੱਛੇ ਫ਼ੈਸਲਾਕੁੰਨ ਤੱਤਾਂ ਵਿੱਚੋਂ ਇੱਕ ਹੁੰਦਾ ਹੈ। ਵੋਟਰ ਦਾ ਵਤੀਰਾ ਜੇਕਰ ਕਿਸੇ ਠੋਸ ਤਰਕ ਉਤੇ ਅਧਾਰਤ ਨਾ ਹੋਵੇ ਤਾਂ ਲੋਕਤੰਤਰ ਨੂੰ ਤਾਕਤ ਪ੍ਰਦਾਨ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਜ਼ਾਇਆ ਹੋ ਜਾਂਦੀਆਂ ਹਨ। ਵੋਟਰ ਵਤੀਰੇ ਦੇ ਤਰਕ ਅਧਾਰਤ ਹੋਣ ਤੋਂ ਭਾਵ ਹੈ ਕਿ ਵੋਟਰ ਕਿਸੇ ਚੋਣ ਉਮੀਦਵਾਰ ਦੀ ਭਰੋਸੇਯੋਗਤਾ ਦੇ ਅਧਾਰ 'ਤੇ ਜਾਂ ਫ਼ੇਰ ਉਮੀਦਵਾਰ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ ਹੀ ਉਸਦਾ ਸਮਰਥਨ ਕਰੇ। ਵੋਟਰ ਜੇਕਰ ਕਿਸੇ ਹੋਰ ਅਧਾਰ 'ਤੇ ਹੀ ਉਮੀਦਵਾਰ ਦਾ ਸਮਰਥਨ ਕਰਦਾ ਹੈ ਤਾਂ ਸਪਸ਼ਟ ਹੈ ਕਿ ਉਸਨੇ (ਵੋਟਰ ਨੇ) ਆਪਣੀ ਭੂਮਿਕਾ ਸਹੀ ਤਰੀਕੇ ਨਹੀਂ ਨਿਭਾਈ ਹੈ।



ਮੱਤ-ਦਾਨੀ ਰਵੱਈਏ ਦੇ ਸਬੰਧ ਵਿੱਚ ਆਦਰਸ਼ਵਾਦੀ ਤਕਾਜ਼ਾ ਤਾਂ ਇਹੀ ਹੈ ਕਿ ਮੱਤ-ਦਾਨੀ ਜਾਂ ਵੋਟਰ ਦਾ ਵਤੀਰਾ (ਰਵੱਈਆ) ਸਿਆਸੀ ਤੱਤਾਂ ਉਤੇ ਅਧਾਰਤ ਹੋਣਾ ਚਾਹੀਦਾ ਹੈ ਨਾ ਕਿ ਗੈਰ-ਸਿਆਸੀ ਤੱਤਾਂ ਜਿਵੇਂਕਿ ਧਰਮ, ਜਾਤ, ਨਸਲ, ਭਾਸ਼ਾ, ਮੀਡੀਆ, ਵਿਤੀ ਅਧਾਰ ਆਦਿ 'ਤੇ ਜੋ ਕਿ ਨਾਗਰਿਕਾਂ ਦਾ ਧਿਆਨ ਭਟਕਾਉਣ ਦੀ ਭੂਮਿਕਾ ਅਦਾ ਕਰ ਸਕਦੇ ਹੁੰਦੇ ਹਨ। ਮੱਤ-ਦਾਨੀ ਦਾ ਰਵੱਈਆ ਸਮਝਣ ਲਈ ਇਨ੍ਹਾਂ ਤੱਤਾਂ ਦੀ ਘੋਖ ਮਹੱਤਵਪੂਰਨ ਅਧਾਰ ਬਣ ਗਈ ਹੈ।

1. ਪਰਿਵਾਰ ਦਾ ਜਾਂ ਕੋਈ ਕੁਲੀਨ ਪ੍ਰਭਾਵ : ਸਿਆਸਤ (ਰਾਜਨੀਤੀ) ਦਾ ਪ੍ਰਚਮ ਸਬਕ ਤਾਂ ਘਰ-ਪਰਿਵਾਰ ਵਿੱਚ ਹੀ ਪੜ੍ਹਿਆ ਜਾਂਦਾ ਹੈ। ਹਰ ਕੋਈ ਸਿਆਸਤ ਸਬੰਧੀ ਦੋਸਤਾਂ, ਪਰਿਵਾਰ ਮੈਂਬਰਾਂ ਤੇ ਹਮ-ਕਰਮੀਆਂ ਨਾਲ ਗੱਲਬਾਤ ਸਾਂਝੀ ਕਰਦਾ ਹੀ ਹੈ। ਨੇੜਲਿਆਂ ਨਾਲ ਕੀਤੇ ਵਿਚਾਰ-ਵਟਾਂਦਰੇ ਵਿਚੋਂ ਰਾਇ ਤੇ ਸੋਝੀ ਜਨਮ ਲੈਂਦੀਆ ਹਨ ਜੋ ਵੋਟਰ ਦੀ ਸੂਝ-ਗਿਆਨ 'ਤੇ ਅਸਰਦਾਇਕ ਹੋ ਸਕਦੀਆਂ ਹਨ। ਇਵੇਂ ਦੀ ਪਰਿਵਾਰ ਦੀ ਸਿਆਸੀ ਕਲਪਨਾ ਸ਼ੈਲੀ ਵੀ ਵੋਟਰ ਦੇ ਫ਼ੈਸਲਿਆਂ ਉਤੇ ਅਸਰ ਪਾਉਂਦੀ ਹੈ।

2. ਪਾਰਟੀ ਨਾਲ ਸਬੰਧਤਾ ਅਤੇ ਸਿਧਾਂਤ ਸ਼ੈਲੀ : ਕਈ ਵਿਅਕਤੀ ਆਪਣੇ-ਆਪ ਨੂੰ ਆਪਣੇ ਵਿਸ਼ਵਾਸ ਅਤੇ ਸਿਧਾਂਤਕ ਤੌਰ 'ਤੇ ਕਿਸੇ ਇੱਕ ਸਿਆਸੀ ਪਾਰਟੀ ਨਾਲ ਜੋੜ ਲੈਂਦੇ ਹਨ। ਇਸ ਨਾਲ ਨਾਗਰਿਕਾਂ ਵਿੱਚ ਉਨ੍ਹਾਂ ਦੀ ਸਿਆਸੀ ਪਛਾਣ ਬਣਦੀ

ਹੈ ਜੋ ਕਿ ਨਾ ਸਿਰਫ਼ ਉਨ੍ਹਾਂ ਦੀ ਸਵੈ-ਸੰਤੁਸ਼ਟੀ ਕਰਦੀ ਹੈ ਸਗੋਂ ਉਸੇ ਇੱਕ ਸਿਆਸੀ ਪਾਰਟੀ ਅਤੇ ਸੋਚ ਦੇ ਪੈਰੋਕਾਰ ਵੀ ਬਣਾ ਦਿੰਦੀ ਹੈ। ਉਨ੍ਹਾਂ ਲਈ ਹਰ ਪੱਖ ਤੇ ਹਰ ਹਾਲਾਤ ਵਿੱਚ ਉਨ੍ਹਾਂ ਦੀ ਪਾਰਟੀ ਤੇ ਸਿਆਸੀ ਸੂਝ ਹੀ ਸਰਬ-ਉਪਰੀ ਹੁੰਦੀ ਹੈ ਜਾਂ ਬਣ ਜਾਂਦੀ ਹੈ।

3. ਉਮੀਦਵਾਰ ਦੀ ਲਿਆਕਤ ਤੇ ਕਰਿਸ਼ਮਾ : ਲੋਕ ਆਮ ਤੌਰ 'ਤੇ ਹੀ ਅਜਿਹੇ ਆਗੂ ਵੱਲ ਖਿੱਚੇ ਚਲੇ ਜਾਂਦੇ ਹਨ ਜਿਸਦਾ ਕਰਿਸ਼ਮਾਦਾਇਕ ਅਸਰ ਹੋਵੇ ਤੇ ਓਹੋ ਜਿਹੀ ਸ਼ਾਨ-ਓ-ਸ਼ੌਕਤ ਹੋਵੇ। ਕਈ ਵਾਰ ਤਾਂ ਉਮੀਦਵਾਰ ਦਾ ਅਜਿਹਾ ਅਕਸ, ਸਿਆਸੀ ਪਾਰਟੀ ਦੀ ਪਛਾਣ ਦੇ ਵੀ ਸਿਰ ਚੜ੍ਹ ਕੇ ਬੋਲਦਾ ਹੈ ਤੇ ਵੋਟਰ ਦੀ ਕਲਪਨਾ ਸ਼ੈਲੀ ਤੱਕ ਅਸਰ ਕਰਦਾ ਹੈ। ਕੁਦਰਤੀ ਹੈ ਕਿ ਵੋਟਰ ਅਜਿਹੇ ਉਮੀਦਵਾਰ ਦੇ ਹੀ ਪੱਖ ਵਿੱਚ ਭੁਗਤਣਗੇ ਜਿਸ ਨਾਲ ਉਹ ਸਬੰਧਤ ਮਹਿਸੂਸ ਕਰਦੇ ਹਨ ਤੇ ਮੰਨਦੇ ਹਨ ਕਿ ਉਨਾਂ ਦੀਆਂ ਭਾਵਨਾਵਾਂ ਨੂੰ ਜਾਣਦਾ ਹੈ, ਉਨਾਂ ਦੀ ਨਬਜ਼ ਪਛਾਣਦਾ ਹੈ। ਅਜਿਹਾ ਉਮੀਦਵਾਰ ਵੱਡੀ ਗਿਣਤੀ ਵਿੱਚ ਵੋਟਰਾਂ ਦਾ ਪਸੰਦੀਦਾ ਬਣ ਬਹਿੰਦਾ ਹੈ।

4. ਨੀਤੀਗਤ ਵਿਚਾਰ : ਕਿਸੇ ਉਮੀਦਵਾਰ ਦੇ ਮੁਢੇ ਮਾਮਲਿਆਂ ਜਿਵੇਂ ਕਿ ਸਿਹਤ-ਸੰਭਾਲ, ਸਿੱਖਿਆ, ਰੁਜ਼ਗਾਰ ਦੇ ਮੌਕੇ ਬਨਾਉਣੇਂ, ਟੈਕਸ ਅਤੇ ਆਰਥਿਕ ਸਥਿਰਤਾ ਆਦਿ ਸਬੰਧੀ ਵਿਚਾਰ ਵੀ ਵੋਟਰ ਉਤੇ ਵੱਡਾ ਅਸਰ ਪਾਉਂਦੇ ਹਨ। ਵੋਟਰ ਅਜਿਹੇ ਉਮੀਦਵਾਰ ਨੂੰ ਹੀ ਸਮਰਥਨ ਦੇਣਗੇ ਜੋ ਭਲਾਈ ਦਾ ਏਜੰਡਾ ਪੇਸ਼ ਕਰੇਗਾ। ਇਸ ਤਰ੍ਹਾਂ ਉਮੀਦਵਾਰ ਦੇ ਵਾਅਦੇ, ਯੋਜਨਾਵਾਂ ਤੇ ਵਿਚਾਰ ਚੁੰਬਕ ਵਾਂਗੂੰ ਲੋਕਾਂ ਦੇ ਸਮਰਥਨ ਨੂੰ ਖਿੱਚਦੇ ਹਨ।

5. ਮੀਡੀਆ ਦਾ ਅਸਰ : ਵੋਟਰ ਦੀ ਪਸੰਦ ਉਤੇ ਸੰਚਾਰ ਮਾਧਿਅਮਾਂ ਦਾ ਬਹੁਤ ਡੂੰਘਾ ਅਸਰ ਹੁੰਦਾ ਹੈ। ਉਮੀਦਵਾਰ ਤੇ ਉਨ੍ਹਾਂ ਦੀਆਂ ਮੁਹਿੰਮਾਂ, ਮੀਡੀਆ ਵਿੱਚ ਕੀ ਦ੍ਰਿਸ਼ ਪੇਸ਼ ਕਰਦੀਆਂ ਹਨ, ਇਸਦਾ ਸਿੱਧਾ ਪ੍ਰਭਾਵ ਵੋਟਰ ਤੱਕ ਪੁੱਜਦਾ ਹੈ। ਮੀਡੀਆ ਵੱਲੋਂ ਸਾਰਥਕ ਕਵਰੇਜ ਅਤੇ ਵਧੀਆ ਇਸ਼ਤਿਹਾਰੀ ਮੁਹਿੰਮਾਂ ਲੋਕ-ਰਾਇ ਲਾਮਬੱਧ ਕਰਦੀਆਂ ਹਨ। ਉਮੀਦਵਾਰ ਵੱਡੇ-ਵੱਡੇ ਵਾਅਦੇ ਕਰਦੇ ਹਨ ਅਤੇ ਸਿਆਸੀ ਪਾਰਟੀਆਂ ਚੋਣ ਮੁਹਿੰਮਾਂ ਦੌਰਾਨ ਵੋਟ-ਬੈਂਕ ਨੂੰ ਆਕਰਸ਼ਤ ਕਦੀਆਂ ਹਨ।

6. ਪਛਾਣ ਅਤੇ ਪ੍ਰਤੀਨਿਧਤਾ : ਵੋਟਰ ਅਜਿਹੇ ਉਮੀਦਵਾਰ ਵੱਲ ਵਧੇਰੇ ਆਕਰਸ਼ਤ ਹੋਣਗੇ ਜੋ ਆਪਣੀ ਪਛਾਣ ਦੇ ਨੁਕਤੇ ਜਿਵੇਂ ਕਿ ; ਲਿੰਗ, ਨਸਲ, ਧਰਮ, ਜਾਤ, ਭਾਸ਼ਾ ਆਦਿ ਵੋਟਰਾਂ ਨਾਲ ਸਾਂਝਾ ਕਰ ਲਵੇ ਕਿਉਂਕਿ ਉਹ ਸੋਚਦੇ ਹਨ ਕਿ ਸਾਫ਼-ਦਾਮਨ ਤੇ ਖੁੱਲ੍ਹੇ ਰੂਪ ਵਿੱਚ ਸਪਸ਼ਵਾਦੀ ਹੋ ਕੇ ਸਾਹਮਣੇ ਆਉਣ ਵਾਲਾ ਉਮੀਦਵਾਰ ਹੀ ਉਨਾਂ ਦੇ ਆਪਣੇ ਨੁਕਤਿਆਂ ਨੂੰ ਸਮਝ ਸਕੇਗਾ ਤੇ ਉਨਾਂ ਦੇ ਮਾਮਲੇ ਹੱਲ ਕਰ ਸਕੇਗਾ। ਅਜਿਹਾ ਪੱਖ ਜਾਂ ਸੋਚ ਸਿਆਸਤ ਨੂੰ ਸੌੜੀ ਸੋਚ ਵਾਲਾ ਬਣਾਉਂਦੀ ਹੈ ਤੇ ਇਹ ਪੱਖ ਬਹੁਤਾ ਲੋਕ ਪੱਖੀ ਨਹੀਂ ਹੈ ਪਰ ਵੋਟਰ ਅਜਿਹੇ ਪੱਖ ਤੋਂ ਬਹੁਤ ਮੁਤਾਸਰ (ਪ੍ਰਭਾਵਤ) ਹੁੰਦੇ ਹਨ ਅਤੇ ਇਹ ਪੱਖ ਅੱਖੋ-ਪ੍ਰੋਖੇ ਨਹੀਂ ਕੀਤਾ ਜਾ ਸਕਦਾ।

7. ਘਟਨਾਵਾਂ ਅਤੇ ਹਾਲਾਤ : ਕਿਸੇ ਦੇਸ਼ ਦੀਆਂ ਅੰਦਰੂਨੀ ਤੇ ਬਾਹਰੀ ਘਟਨਾਵਾਂ ਜਿਵੇਂ ਕਿ ਆਰਥਿਕ ਵਾਧੇ-ਘਾਟੇ, ਕੌਮਾਂਤਰੀ ਸਮੱਸਿਆਵਾਂ, ਜੰਗਾਂ, ਸਫ਼ੀਰੀ ਝਗੜੇ-ਝੇੜੇ, ਸਮਾਜਿਕ ਤੇ ਆਰਥਿਕ ਮਾਮਲੇ, ਬੇਰੁਜ਼ਗਾਰੀ, ਮਹਿੰਗਾਈ ਆਦਿ ਵੋਟਰਾਂ ਦੀ ਸੋਚ ਦਾ ਹਿੱਸਾ ਬਣਦੇ ਹਨ। ਅਜਿਹੇ ਖੇਤਰਾਂ ਵਿੱਚ ਉਤਪੰਨ ਮਾਮਲੇ ਸਰਕਾਰਾਂ ਤਬਦੀਲ ਕਰਨ ਦਾ ਦਮ ਰੱਖਦੇ ਹਨ। ਜਿਹੜਾ ਕੋਈ ਉਮੀਦਵਾਰ ਅਜਿਹੇ ਮਾਮਲਿਆਂ ਨੂੰ ਹੱਲ ਕਰਨ ਦੀ ਜਾਂ ਵੰਗਾਰਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਰੱਖਦਾ ਹੋਵੇ, ਉਸੇ ਨੂੰ ਵੋਟਰਾਂ ਦਾ ਸਮਰਥਨ ਮਿਲਦਾ ਹੈ।

ਭਾਰਤੀ ਚੋਣ ਪ੍ਰਨਾਲ਼ੀ ਦੀਆਂ ਵਿਸ਼ੇਸ਼ਤਾਵਾਂ

ਭਾਰਤ ਦੇ ਲੋਕਾਂ ਦਾ ਵਿਸ਼ਵਾਸ ਹਮੇਸ਼ਾਂ ਹੀ ਲੋਕਤੰਤਰ ਵਿੱਚ ਰਿਹਾ ਹੈ ਅਤੇ ਇਸੇ ਕਰਕੇ ਭਾਰਤ, ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਮ ਭਰਦਾ ਹੈ। ਸੰਸਾਰ ਦੇ ਕਈ ਦੇਸ਼ ਹਨ ਜੋ ਲੋਕਤੰਤਰ ਦੀ ਲੀਹ ਉਤੇ ਤੁਰਨਾ ਅਰੰਭ ਕਰਨ ਮਗਰੋਂ ਲੀਹੋਂ ਲੱਥ ਗਏ ਹਨ ਪਰ ਗੰਭੀਰ ਵੰਗਾਰਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਭਾਰਤ ਲੋਕਤੰਤਰੀ ਰਾਹ ਉਤੇ ਨਿੱਗਰ ਕਦਮੀਂ ਖੜ੍ਹਾ ਹੈ ਅਤੇ ਸੰਸਾਰ ਭਰ ਲਈ ਉਦਾਹਰਣ ਪੇਸ਼ ਕਰਦਾ ਹੈ। ਭਾਰਤ ਦੇ ਲੋਕਤੰਤਰੀ ਕਾਰਜ ਲਈ ਜ਼ਿੰਮੇਵਾਰ ਸੰਸਥਾਵਾਂ ਵਿੱਚ ਭਾਰਤ ਦੀ ਚੋਣ ਪ੍ਰਨਾਲ਼ੀ ਦਾ ਵੱਡਾ ਯੋਗਦਾਨ ਹੈ।

ਆਓ ਭਾਰਤ ਦੀ ਚੋਣ ਪ੍ਰਨਾਲ਼ੀ ਉਤੇ ਇਸ ਦੀਆਂ ਵਿਸ਼ੇਸ਼ਤਾਵਾਂ ਜ਼ਰੀਏ (ਰਾਹੀਂ) ਨਜ਼ਰ ਮਾਰੀਏ—

1. ਸੁਤੰਤਰ ਚੋਣ ਕਮਿਸ਼ਨ ਦਾ ਵਿਧਾਨ : ਭਾਰਤ ਦੇ ਸੰਵਿਧਾਨ ਵਿੱਚ ਦੇਸ਼ ਵਿੱਚ ਸੁਤੰਤਰ ਚੋਣ ਕਮਿਸ਼ਨ ਦੀ ਸਥਾਪਨਾ ਦਾ ਵਿਧਾਨ ਹੈ ਜੋ ਚੋਣਾਂ ਸਬੰਧੀ ਹਰ ਪ੍ਰਕਾਰ ਦੀ ਦੇਖ-ਰੇਖ ਕਰਨ ਅਤੇ ਸੇਧ ਦੇਣ ਲਈ ਜ਼ਿੰਮੇਵਾਰ ਹੈ। ਸੰਵਿਧਾਨਕ ਸੰਸਥਾ ਵਜੋਂ ਸਥਾਪਤ ਇਹ ਤਾਕਤਵਰ ਸੰਸਥਾ, ਭਾਰਤ ਦੇ ਲੋਕਤੰਤਰ ਦੀ ਰਖਵਾਲੀ ਕਰਦੀ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ-324,

ਭਾਰਤ ਦੇ ਚੋਣ ਕਮਿਸ਼ਨ ਦੇ ਕਾਰਜਾਂ, ਭੂਮਿਕਾਂ ਤੇ ਸ਼ਕਤੀਆਂ ਸਬੰਧੀ ਵਿਧਾਨ ਹੈ। ਭਾਰਤ ਦਾ ਚੋਣ ਕਮਿਸ਼ਨ ਦੇਸ਼ ਦੇ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਲੋਕ ਸਭਾ ਤੇ ਰਾਜ ਸਭਾ ਅਤੇ ਸੂਬਿਆਂ (ਪ੍ਰਾਂਤਾਂ) ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਏ ਜਾਣ ਲਈ ਜ਼ਿੰਮੇਵਾਰ ਹੈ।

2. ਸਰਬ-ਵਿਆਪੀ ਬਾਲਗ ਮੱਤ-ਅਧਿਕਾਰ : ਭਾਰਤ ਵਿੱਚ ਸੀਮਤ ਮੱਤ-ਅਧਿਕਾਰ ਦੇ ਮੁਕਾਬਲੇ ਸਰਬ-ਵਿਆਪੀ ਬਾਲਗ ਮੱਤ-ਅਧਿਕਾਰ ਦਾ ਵਿਧਾਨ ਕੀਤਾ ਗਿਆ ਹੈ। ਦੇਸ਼ ਦਾ ਹਰ ਨਾਗਰਿਕ ਜੋ 18 ਸਾਲ ਤੋਂ ਵੱਧ ਉਮਰ ਦਾ ਹੈ, ਵੋਟ ਪਾਉਣ ਲਈ ਸਮਰੱਥ ਹੈ ਭਾਵੇਂ ਕਿਸੇ ਜਾਤੀ, ਰੰਗ, ਭਾਸ਼ਾ, ਧਰਮ ਆਦਿ ਨਾਲ ਸਬੰਧਤ ਹੋਵੇ। ਕੋਈ ਭੇਦ-ਭਾਵ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਮੱਤਦਾਨ ਗੁਪਤ ਹੀ ਕਰਵਾਇਆ ਜਾਂਦਾ ਹੈ ਤਾਂ ਜੋ ਬਿਨਾਂ ਕਿਸੇ ਭੈਅ ਤੇ ਦਬਾਅ ਤੋਂ ਮਤਦਾਨ ਹੋ ਸਕੇ। ਭਾਰਤੀ ਸੰਵਿਧਾਨ ਦੇ 61ਵੇਂ ਸੋਧ ਐਕਟ ਰਾਹੀਂ ਸੰਨ 1989 ਵਿੱਚ ਦੇਸ਼ ਵਿੱਚ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਸੀ।

3. ਹਲਕਾ ਹੱਦਬੰਦੀ ਕਮਿਸ਼ਨ : ਇਸ ਸੁਤੰਤਰ ਸੰਸਥਾ ਦੀ ਸਥਾਪਨਾ ਭਾਰਤ ਦੇ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ ਤੇ ਇਹ ਸੰਸਥਾ ਭਾਰਤ ਦੇ ਚੋਣ ਕਮਿਸ਼ਨ ਦੇ ਸਹਿਯੋਗ ਨਾਲ ਕਾਰਜ ਕਰਦੀ ਹੈ। ਇਸਦਾ ਮੁੱਖ ਕਾਰਜ ਦੇਸ਼ ਭਰ ਵਿੱਚ ਚੋਣ ਹਲਕਿਆਂ ਦੀਆਂ ਹੱਦਾਂ ਤੈਅ ਕਰਨਾ ਹੁੰਦਾ ਹੈ। ਇਹ ਹੱਦਾਂ ਵਸੋਂ ਦੇ ਅਧਾਰ 'ਤੇ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਹੱਦਾਂ ਤੈਅ ਕਰਨ ਉਪਰੰਤ ਵੱਖੋ-ਵੱਖ ਵਸੋਂ ਵਰਗਾਂ ਦੇ ਅਧਾਰ 'ਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ੍ਰੇਣੀਆਂ ਦੀ ਵਸੋਂ ਦੀ ਅਨੁਪਾਤ ਵੇਖਦੇ ਹੋਏ, ਹਲਕਿਆਂ ਨੂੰ ਦੇਸ਼ ਭਰ ਵਿੱਚ ਰਾਖਵਾਂਕਰਨ ਦਿੱਤਾ ਜਾਂਦਾ ਹੈ। ਭਾਰਤ ਵਿੱਚ ਹਲਕਾ ਹੱਦਬੰਦੀ ਕਮਿਸ਼ਨ ਚਾਰ ਵਾਰ ; ਸੰਨ 1952, 1963, 1973 ਅਤੇ 2002 ਵਿੱਚ ਸਥਾਪਤ ਕੀਤੇ ਗਏ ਹਨ।

4. ਪ੍ਰਤੱਖ ਅਤੇ ਅਪ੍ਰਤੱਖ (ਦੋਹੇਂ) ਪ੍ਰਕਾਰ ਦੀਆਂ ਚੋਣਾਂ : ਭਾਰਤ ਵਿੱਚ ਪ੍ਰਤੱਖ ਅਤੇ ਅਪ੍ਰਤੱਖ, ਦੋਹੇਂ ਪ੍ਰਕਾਰ ਦੀਆਂ ਚੋਣਾਂ ਕਰਵਾਏ ਜਾਣ ਦਾ ਵਿਧਾਨ ਹੈ। ਭਾਰਤ ਦੇ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਰਾਜ ਸਭਾ ਅਤੇ ਵਿਧਾਨ ਪ੍ਰੀਸ਼ਦਾਂ ਦੀਆਂ ਚੋਣਾਂ ਅਪ੍ਰਤੱਖ ਚੋਣਾਂ ਦੀ ਉਦਾਹਰਣ ਹਨ ਜਦੋਂ ਕਿ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਪ੍ਰਤੱਖ ਚੋਣਾਂ ਦੀ ਉਦਾਹਰਣ ਹਨ। ਇਸੇ ਤਰਜ਼ 'ਤੇ ਸਥਾਨਕ ਪੱਧਰੀ ਚੋਣਾਂ— ਪੰਚਾਇਤਾਂ ਲਈ ਚੋਣਾਂ ਜਾਂ ਮਿਊਂਸਪਲ ਚੋਣਾਂ ਵੀ ਪ੍ਰਤੱਖ ਚੋਣਾਂ ਦੀ ਉਦਾਹਰਣ ਹਨ। ਭਾਰਤ ਵਿੱਚ ਸਥਾਨਕ ਪੱਧਰੀ ਚੋਣਾਂ, ਨਾ ਸਿਰਫ਼ ਭਾਰਤੀ ਲੋਕਤੰਤਰ ਦਾ ਅਟੁੱਟ ਅੰਗ ਬਣ ਗਈਆਂ ਹਨ ਸਗੋਂ ਲੋਕਤੰਤਰੀ ਪਿਰਤਾਂ ਦੀ ਮੂੰਹੋਂ ਬੋਲਦੀ ਤਸਵੀਰ ਵੀ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸਥਾਨਕ ਪੱਧਰ 'ਤੇ ਚੋਣ ਲੜਨ ਲਈ ਉਮੀਦਵਾਰ ਦੀ ਘੱਟੋ-ਘੱਟ ਉਮਰ 21 ਸਾਲ ਤੈਅ ਕੀਤੀ ਗਈ ਹੈ।

5. ਚੋਣ ਸੁਧਾਰ : ਭਾਰਤ ਵਿੱਚ ਚੋਣ ਪ੍ਰਥਾ ਦਾ ਅਨਿਖੜਵਾਂ ਅੰਗ ਚੋਣ ਸੁਧਾਰ ਵੀ ਹਨ। ਭਾਰਤ ਦੇ ਚੋਣ ਕਮਿਸ਼ਨ ਨੇ ਦੇਸ਼ ਦੇ ਲੋਕਤੰਤਰ ਨੂੰ ਤਾਕਤਵਰ ਬਨਾਉਣ ਲਈ ਕਾਗਜ਼ ਦੀਆਂ ਵੋਟਾਂ ਪਾਏ ਜਾਣ ਤੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (EVMs) ਤੇ EVMs ਤੋਂ VVPATs (Voter Verifiable Paper Audit Trails) ਤੱਕ ਦਾ ਸਫਰ ਅਤੇ ਫਿਰ ਇਖਲਾਕੀ ਜਾਬਤੇ ਲਾਗੂ ਕਰਨ ਅਤੇ ਵੋਟ ਪਾਉਣ ਦੀ ਘੱਟੋ-ਘੱਟ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਜਿਹੇ ਕਾਰਜ ਕੀਤੇ ਹਨ ਜਿਨ੍ਹਾ ਨਾਲ ਭਾਰਤ ਜੇ ਸੰਸਾਰ ਦਾ ਸਰਵੋਤਮ ਜਮਹੂਰੀਅਤ ਨਾ ਵੀ ਬਣਿਆ ਹੋਵੇ, ਬਹੁਤ ਵਧੀਆ ਲੋਕਤੰਤਰ ਤਾਂ ਜ਼ਰੂਰ ਬਣ ਗਿਆ ਹੈ।

6. ਇੱਕ-ਮੈਂਬਰੀ ਹਲਕੇ : ਭਾਰਤ ਵਿੱਚ, ਇੱਕ-ਮੈਂਬਰੀ ਹਲਕੇ ਦਾ ਵਿਧਾਨ ਹੈ, ਬਹੁ-ਮੈਂਬਰੀ ਹਲਕੇ ਦਾ ਵਿਧਾਨ ਨਹੀਂ ਹੈ ਇਸ ਦਾ ਭਾਵ ਹੈ ਕਿ ਇੱਕ ਹਲਕੇ ਤੋਂ ਇੱਕ ਹੀ ਨੁਮਾਇੰਦਾ ਚੁਣਿਆ ਜਾਂਦਾ ਹੈ। ਕੋਈ ਉਮੀਦਵਾਰ ਜੇ ਇੱਕ ਤੋਂ ਵੱਧ ਹਲਕਿਆਂ ਤੋਂ ਚੋਣ ਲੜ ਵੀ ਲਵੇ ਤਾਂ ਇੱਕ ਹੀ ਹਲਕੇ ਦੀ ਨੁਮਾਇੰਦਗੀ ਚੁਣਨੀ ਪੈਂਦੀ ਹੈ। ਕੋਈ ਵੀ ਵਿਅਕਤੀ ਇੱਕੋ ਸਮੇਂ ਇੱਕ ਤੋ ਵੱਧ ਹਲਕਿਆਂ ਦੀ ਨੁਮਾਇੰਦਗੀ ਨਹੀਂ ਕਰ ਸਕਦਾ।

ਅੰਤ ਅਸੀਂ ਇਹ ਆਖ ਸਕਦੇ ਹਾਂ ਕਿ ਚੋਣਾਂ, ਜਮਹੂਰੀਅਤ (ਲੋਕਤੰਤਰ) ਦਾ ਹੀ ਨਿਰਮਾਣ ਹੁੰਦੀਆਂ ਹਨ। ਚੋਣਾਂ ਨੂੰ ਹੀ ਲੋਕਤੰਤਰੀ ਪ੍ਰਥਾ ਦਾ ਅਸਲ ਚਿਹਰਾ ਜਾਂ ਚਿੰਨ੍ਹ ਮੰਨ ਲਿਆ ਜਾਂਦਾ ਹੈ ਕਿਉਂਕਿ ਇਸ ਪ੍ਰਕਿਰਿਆ ਨਾਲ ਦੇਸ਼ ਵਿੱਚ ਅਜਿਹਾ ਸਿਆਸੀ ਅਮਲ ਵਾਪਰਦਾ ਹੈ ਜਿਸਦਾ ਸਿੱਟਾ, ਸਾਰੇ ਦੇਸ਼ ਦੇ ਲੋਕਾਂ ਦੀ ਸ਼ਮੂਲੀਅਤ ਨਾਲ, ਸਾਰੀਆਂ ਸਿਆਸੀ ਧਿਰਾਂ ਲਈ ਸਿਆਸੀ ਜੰਗ ਦੇ ਅਖਾੜੇ ਵਿੱਚ ਆਪੋ-ਆਪਣੀ ਜੋਰ ਅਜਮਾਈਸ਼ ਕਰ ਕੇ ਵੋਟਰ ਦੇ ਵਤੀਰੇ ਨੂੰ ਪਰਖਣ ਵਜੋਂ ਨਿਕਲਦਾ ਹੈ। ਇਸ ਪ੍ਰਕਿਰਿਆ ਜ਼ਰੀਏ ਲੋਕ ਆਪਣੀ 'ਸੁਤੰਤਰ ਸੋਚ' ਦਾ ਮੁਜ਼ਾਹਰਾ ਕਰਦੇ ਹਨ ਤੇ ਸਰਕਾਰ ਬਨਾਉਣ ਦੇ ਅਮਲ 'ਤੇ ਆਪਣੀ ਮੋਹਰ ਲਗਾਉਂਦੇ ਹਨ।

ਅਜਿਹੀ ਕੋਈ ਵੀ ਸਰਕਾਰ ਜੋ ਚੋਣ ਪ੍ਰਕਿਰਿਆ ਨੂੰ ਰੋਕਣ ਜਾਂ ਉਸ ਵਿੱਚ ਅੜਿੱਕਾ ਬਣਨ ਦੀ ਕੋਸ਼ਿਸ਼ ਕਰੇ, ਨੂੰ

ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ, ਚੋਣਾਂ ਸਰਕਾਰਾਂ ਦੇ ਬਰਕਰਾਰ ਰਹਿਣ ਲਈ ਤੇ ਲੋਕਤੰਤਰ (ਜਮਹੂਰੀਅਤ) ਲਈ ਚਿੰਨ੍ਹ ਦਾ ਕੰਮ ਕਰਦੀਆਂ ਹਨ।



I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਬਹੁਤਿਆ ਵਿੱਚੋ ਚੋਣ ਕਰਕੇ ਜਾਂ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ ਭਾਰਤ ਵਿੱਚ ਮੱਤ ਅਧਿਕਾਰ ਪ੍ਰਾਪਤ ਕਰਨ ਲਈ ਘੱਟੋ ਘੱਟ ਉਮਰ ਕਿੰਨੀ ਹੈ ?

(i) 22 ਸਾਲ (ii) 19 ਸਾਲ

(iii) 18 ਸਾਲ (iv) 20 ਸਾਲ

ਅ ਹੇਠ ਲਿਖਿਆਂ ਵਿੱਚੋਂ ਭਾਰਤ ਵਿੱਚ ਕਿਨ੍ਹਾਂ ਦੀ ਚੋਣ ਅਪ੍ਰਤੱਖ ਵਿਧੀ ਰਾਂਹੀ ਨਹੀ ਹੁੰਦੀ ?

(i) ਰਾਸ਼ਟਰਪਤੀ (ii) ਲੋਕ ਸਭਾ ਮੈਂਬਰ

(iii) ਉਪ ਰਾਸ਼ਟਰਪਤੀ (iv) ਰਾਜਸਭਾ ਮੈਂਬਰ

ੲ ਭਾਰਤ ਦੇ ਸੰਵਿਧਾਨ ਦੀ ਕਿਸ ਧਾਰਾ ਦੇ ਦੁਆਰਾ ਚੋਣਾਂ ਵਿੱਚ ਬਾਲਗ ਵੋਟ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ ?

ਸ ਗੁਪਤ ਮੱਤਦਾਨ ਤੋਂ ਕੀ ਭਾਵ ਹੈ ?

ਕ ਭਾਰਤ ਵਿੱਚ ਮੱਤਦਾਨ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲਾ ਕੋਈ ਇੱਕ ਤੱਤ ਲਿਖੋ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5 ਤੋਂ 8 ਵਾਕਾਂ ਸ਼ਬਦਾ ਵਿੱਚ ਦਿਓ—

1. ਭਾਰਤੀ ਚੋਣ ਪ੍ਰਨਾਲੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।
2. ਮੱਤਦਾਨ ਵਿਹਾਰ ਤੋਂ ਕੀ ਭਾਵ ਹੈ ?
3. ਜਾਤੀਵਾਦ ਮੱਤਦਾਨ ਵਿਹਾਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?
4. ਲੋਕ ਸਹਿਭਾਗਤਾ ਤੋਂ ਕੀ ਭਾਵ ਹੈ ?
5. ਉਦਾਰਵਾਦੀ ਪਾਰਟੀਆਂ ਦਾ ਮੁੱਖ ਆਧਾਰ ਕੀ ਹੁੰਦਾ ਹੈ।

III. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸਤਰਾਂ ਵਿੱਚ ਦਿਓ—

1. ਵੱਖ-ਵੱਖ ਚੋਣ ਵਿਧੀਆਂ ਦਾ ਵਿਸਥਾਰ ਸਹਿਤ ਵਰਨਣ ਕਰੋ।
2. ਭਾਰਤ ਵਿੱਚ ਮੱਤਦਾਨ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਵਰਨਣ ਕਰੋ।

8

ਸਿਆਸੀ ਪਾਰਟੀਆਂ ਅਤੇ ਪਾਰਟੀ ਪ੍ਰਥਾਵਾਂ
[Party System and Political Parties]

ਦੇਸ਼ ਦੇ ਪ੍ਰਧਾਨ ਮੰਤਰੀ ਦਾ ਭਲਾ ਕੀ ਨਾਮ ਹੈ ? ਤੁਹਾਡੇ ਸੂਬੇ (ਪ੍ਰਾਂਤ ਜਾਂ ਰਾਜ) ਦੇ ਮੁੱਖ ਮੰਤਰੀ ਦਾ ਕੀ ਨਾਮ ਹੈ ? ਤੁਸੀਂ ਕਦੇ ਸੰਸਦ ਮੈਂਬਰਾਂ ਜਾਂ ਵਿਧਾਨ ਸਭਾ ਦੇ ਮੈਂਬਰਾਂ ਬਾਰੇ ਸੁਣਿਆ ਹੈ ? ਇਨ੍ਹਾਂ ਸਭਨਾਂ ਵਿੱਚੋਂ ਕਿਸੇ ਨੂੰ ਕਦੇ ਕਿਤੇ ਵੇਖਿਆ ਵੀ ਹੈ ? ਅਸਲ ਵਿੱਚ ਇਹ ਸਾਰੇ ਹੀ ਤੁਹਾਡੇ ਚੁਣੇ ਹੋਏ ਆਗੂ ਅਤੇ ਪ੍ਰਤੀਨਿੱਧ ਹਨ। ਇਹ ਸਾਰੇ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਹੁੰਦੇ ਹਨ। ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਬਾਰੇ ਕੋਈ ਗੱਲ ਕਰਨ ਤੋਂ ਪਹਿਲਾਂ ਆਓ ਪਤਾ ਕਰੀਏ ਕਿ ਸਿਆਸੀ ਪਾਰਟੀਆਂ ਕੀ ਹੁੰਦੀਆਂ ਹਨ, ਉਨ੍ਹਾਂ ਦੀ ਕੀ ਭੂਮਿਕਾ ਹੁੰਦੀ ਹੈ, ਕੀ ਮਹੱਤਵ ਹੁੰਦਾ ਹੈ।

ਸਿਆਸੀ ਪਾਰਟੀ ਕੀ ਹੁੰਦੀ ਹੈ ? (What is a Political Party?)

ਮਨੁੱਖ ਨੇ ਸਮਾਜਿਕ ਪ੍ਰਾਣੀ ਹੋਣ ਕਾਰਨ, ਆਪਣੇ-ਆਪ ਨੂੰ ਸਮਾਜ ਵਿੱਚ ਰਹਿੰਦਿਆਂ ਕਈ ਗੁਟਾਂ ਵਿੱਚ ਸੰਗਠਤ ਕਰ ਲਿਆ ਹੈ। ਇਹ ਗੁੱਟ ਦੋਸਤਾਂ ਦੇ ਗੁੱਟ ਹੋ ਸਕਦੇ ਹਨ, ਰਿਸ਼ਤਿਆਂ ਦੇ ਗੁੱਟ ਹੋ ਸਕਦੇ ਹਨ, ਇਲਾਕਿਆਂ ਜਾਂ ਮੁਹੱਲਿਆਂ ਦੇ ਹੋ ਸਕਦੇ ਹਨ ਜਾਂ ਰੁਜ਼ਗਾਰ ਦੇ ਸਥਾਨ ਉਤੇ ਕੰਮ-ਕਾਜੀ ਗੁੱਟ ਹੋ ਸਕਦੇ ਹਨ ਜਾਂ ਫਿਰ ਅਜਿਹੇ ਹੋਰ। ਸਿਆਸੀ ਪਾਰਟੀ ਵੀ ਅਜਿਹਾ ਹੀ ਗੁੱਟ ਹੁੰਦੀ ਹੈ ਜੋ ਵੱਖਰੇ ਢੰਗ ਨਾਲ ਤਾਕਤਵਰ ਹੁੰਦੀ ਹੈ, ਲੋਕ-ਪਸੰਦੀ ਦੀ ਹੁੰਦੀ ਹੈ ਤੇ ਵਰਤਮਾਨ ਵਿੱਚ ਸਿਆਸੀ ਪੱਖੋਂ ਲਾਜ਼ਮੀ ਵੀ। ਉਹ ਕਿਸੇ ਵੀ ਦੇਸ਼ ਵਿੱਚ ਸਭ ਤੋਂ ਵੱਧ ਦ੍ਰਿਸ਼ਟੀਮਾਨ ਤੇ ਸਿਆਸੀ ਪੱਖੋਂ ਕਿਰਿਆਸ਼ੀਲ ਨਜ਼ਰੀ ਪੈਂਦੇ ਹਨ।

ਕੋਈ ਗੁੱਟ ਜਦੋਂ ਇੱਕ ਸਿਆਸੀ ਸੋਚ ਅਨੁਸਾਰ ਸੰਗਠਤ ਹੁੰਦਾ ਹੈ ਅਤੇ ਸੰਵਿਧਾਨ ਵਿੱਚ ਬਣੇ ਵਿਧਾਨ ਅਨੁਸਾਰ ਚੋਣਾਂ ਲੜ ਕੇ ਸਿਆਸੀ ਸੱਤਾ ਗ੍ਰਹਿਣ ਕਰਨ ਦਾ ਟੀਚਾ ਰੱਖਦਾ ਹੈ ਤਾਂ ਸਿਆਸੀ ਪਾਰਟੀ ਆਖਵਾਉਂਦਾ ਹੈ। ਚੋਣਾਂ ਜਿੱਤਣ ਮਗਰੋਂ ਉਹ ਗੁੱਟ ਜਦੋਂ ਸਰਕਾਰ ਬਣਾਉਂਦਾ ਹੈ ਤਾਂ ਰਾਜਨੀਤਕ ਗੁੱਟ ਵਜੋਂ ਲੋਕ ਭਲਾਈ ਦੇ ਖੇਤਰ ਵਿੱਚ ਕਾਰਜ ਕਰਦਾ ਹੈ।



ਚਿੱਤਰ 8.1 : ਭਾਰਤ ਵਿੱਚ ਕੁਝ ਰਾਜਨੀਤਕ ਦਲਾਂ ਦੇ ਚਿੰਨ੍ਹਾਂ ਦਾ ਚਿੱਤਰ

ਸਿਆਸੀ ਪਾਰਟੀ ਦੀ ਪਛਾਣ (Identity)

ਹਰ ਸਿਆਸੀ ਪਾਰਟੀ ਦਾ ਵਿਲੱਖਣ ਨਾਮ ਹੁੰਦਾ ਹੈ, ਵੱਖਰਾ ਚੋਣ ਨਿਸ਼ਾਨ ਹੁੰਦਾ ਹੈ, ਕੁਝ ਮਹੱਤਵਪੂਰਨ ਆਗੂ ਹੁੰਦੇ ਹਨ, ਆਪਣਾ ਕਾਰਜ ਕ੍ਰਮ (ਏਜੰਡਾ) ਅਤੇ ਵਿਚਾਰਧਾਰਾ ਹੁੰਦੇ ਹਨ। ਇਵੇਂ ਕਹਿ ਲੱਈਏ ਕਿ ਇਹ ਸਾਰੇ ਪੱਖ ਸਿਆਸੀ ਪਾਰਟੀ ਦੀ ਪਛਾਣ ਦਾ ਅਧਾਰ ਬਣਦੇ ਹਨ। ਇਹ ਪਛਾਣ ਹੀ ਲੋਕਾਂ ਦਾ ਧਿਆਨ ਖਿੱਚਣ ਅਤੇ ਚੋਣਾਂ ਜਿੱਤਣ ਲਈ ਵਰਤੀ ਜਾਂਦੀ ਹੈ। ਕੋਈ ਵੀ ਲੋਕਤੰਤਰ ਜਿਵੇਂ ਚੋਣਾਂ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦਾ ਉਵੇਂ ਹੀ ਸਿਆਸੀ ਪਾਰਟੀਆਂ ਤੋਂ ਬਿਨਾਂ ਚੋਣਾਂ ਦਾ ਕੋਈ ਅਰਥ

ਨਹੀਂ ਰਹਿ ਜਾਂਦਾ। ਕੋਈ ਵੀ ਚੋਣ ਅਸਲ ਵਿੱਚ ਸਿਆਸੀ ਪਾਰਟੀਆਂ ਦੀ ਹੋਂਦ ਹਰ ਹਾਲ ਵਿਚ ਲੋੜੀਂਦੀ ਹੈ।

ਸਿਆਸੀ ਪਾਰਟੀ ਦੇ ਅੰਗ (Components)

ਕਿਸੇ ਵੀ ਸਿਆਸੀ ਪਾਰਟੀ ਦੇ ਤਿੰਨ ਪ੍ਰਮੁੱਖ ਅੰਗ ਹੁੰਦੇ ਹਨ, 1. ਆਗੂ (ਜੋ ਕਿ ਪਾਰਟੀ ਦੀ ਅਗਵਾਈ) ਕਰਦੇ ਹਨ ਤੇ ਪਾਰਟੀ ਦੇ ਸਾਰੇ ਫੈਂਸਲੇ ਲੈਂਦੇ ਹਨ) 2. ਮੋਹਰੀ-ਮੈਂਬਰ (ਜੋ ਸੰਯੋਜਕ ਤੱਤ ਦਾ ਸੰਚਾਰ ਦਾ ਤੇ ਸੰਪਰਕ ਸੂਤਰ ਦਾ ਕਾਰਜ ਕਰਦੇ ਹਨ) 3. ਸਿਆਸੀ ਸ਼ਰਧਾਲੂ (ਜੋ ਪਾਰਟੀ ਦਾ ਸਮਰਥਨ ਕਰਦੇ, ਵਿਸ਼ਵਾਸ ਰੱਖ ਕੇ ਕਾਰਜ ਕਰਦੇ ਤੇ ਪਾਰਟੀ ਦਾ ਘੇਰਾ ਵਸੀਹ ਕਰਦੇ ਹਨ)।



ਹੁਕਮਰਾਨ ਪਾਰਟੀ (Ruling Party)

ਹੁਕਮਰਾਨ ਪਾਰਟੀ ਦਾ ਰੁੱਤਬਾ ਉਸ ਸਿਆਸੀ ਪਾਰਟੀ ਨੂੰ ਮਿਲਦਾ ਹੈ ਜੋ ਚੋਣਾਂ ਵਿੱਚ ਬਹੁਮੱਤ ਪ੍ਰਾਪਤ ਕਰਕੇ ਸਰਕਾਰ ਬਣਾਉਂਦੀ ਹੈ ਤੇ ਸ਼ਾਸਨ ਕਰਦੀ ਹੈ। ਸਿਆਸੀ ਪਾਰਟੀ ਨੂੰ ਹੁਕਮਰਾਨ ਰਾਜਨੀਤਕ ਪਾਰਟੀ ਬਣਨ ਲਈ ਬਹੁਮੱਤ ਮੁੱਢਲੀ ਲੋੜ ਹੈ। ਬਹੁਮੱਤ ਹੋਰ ਕੁਝ ਵੀ ਨਹੀਂ ਸਿਰਫ਼ ਚੋਣਾਂ ਜਿੱਤਣ ਲਈ ਲੋੜੀਂਦੀਆਂ ਘੱਟੋ-ਘੱਟ ਅੱਧੀਆਂ ਸੀਟਾਂ ਦਾ ਗਣਿਤ ਹੈ। ਕਿਸੇ ਸਿਆਸੀ ਪਾਰਟੀ ਨੂੰ ਜੇਕਰ ਵਿਧਾਨ ਮੰਡਲ ਵਿੱਚ ਸਪਸ਼ਟ ਬਹੁਮੱਤ ਨਾ ਮਿਲੇ ਤਾਂ ਉਸਨੂੰ ਅੱਧਵਾਟੇ-ਲਟਕਦਾ ਵਿਧਾਨ ਮੰਡਲ ਕਹਿੰਦੇ ਹਨ ਤੇ ਅਜਿਹੀ ਸਥਿਤੀ ਵਿੱਚ ਕਈ ਪਾਰਟੀਆਂ ਰੱਲ ਕੇ ਸਾਂਝੇ ਸਮਝੌਤੇ ਅਨੁਸਾਰ ਰਲ਼ੀ-ਮਿਲ਼ੀ ਸਰਕਾਰ ਸਥਾਪਤ ਕਰਦੇ ਹਨ। ਹੁਕਮਰਾਨ ਪਾਰਟੀ ਨੂੰ ਲੋਕ-ਪਰਖ ਦੀ ਕਸੌਟੀ ਚੋਂ ਲੰਘਣਾਂ ਹੀ ਪੈਂਦਾ ਹੈ ਅਤੇ ਜੇ ਉਹ ਲੋਕ ਕਸੌਟੀ ਤੇ ਅਸਫ਼ਲ ਹੋ ਜਾਂਦੀ ਹੈ ਤਾਂ ਉਹ ਭਵਿੱਖ ਦੀ ਵਿਰੋਧੀ ਧਿਰ ਬਣ ਕੇ ਰਹਿ ਜਾਂਦੀ ਹੈ।

ਵਿਰੋਧੀ ਧਿਰ (Opposition Party)

ਚੋਣਾਂ ਤੋਂ ਬਾਅਦ ਜੋ ਪਾਰਟੀਆਂ ਬਹੁਮੱਤ ਪ੍ਰਾਪਤ ਕਰਨ ਵਿੱਚ ਅਸਫ਼ਲ ਰਹਿੰਦੀਆਂ ਹਨ, ਸਰਕਾਰ ਬਣਾਉਣ ਵਿੱਚ ਸ਼ਾਮਲ ਨਹੀਂ ਹੋ ਸਕਦੀਆਂ, ਵਿਰੋਧੀ ਪਾਰਟੀ ਅਖਵਾਉਂਦੀਆਂ ਹਨ ਜਾਂ ਫੇਰ ਉਨ੍ਹਾਂ ਨੂੰ ਵਿਰੋਧੀ ਧਿਰ ਵੀ ਕਿਹਾ ਜਾਂਦਾ ਹੈ। ਵਿਰੋਧੀ ਧਿਰਾਂ, ਲੋਕਤੰਤਰ ਵਿੱਚ ਹਲਕੇ ਪੱਖ ਤੋਂ ਨਹੀਂ ਲਿਆ ਜਾ ਸਕਦਾ ਕਿਉਂਕਿ ਵਿਰੋਧੀ ਧਿਰਾਂ ਦੀਆਂ ਕਈ ਭੂਮਿਕਾਵਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਹੁਕਮਰਾਨ ਪਾਰਟੀ ਦੀ ਸਰਕਾਰ ਦੇ ਫੈਸਲਿਆਂ ਵਿੱਚੋਂ ਇਕ-ਪਾਸੜ ਤੇ ਨਿਰੇ ਨਿਰਦੇਸ਼ਕ ਅੰਸ਼ਾਂ ਤੇ ਰੋਕ ਲਗਵਾਉਣ ਲਈ ਅਲੋਚਨਾ ਕਰਨਾ ਪ੍ਰਮੁੱਖ ਹੈ। ਬਹੁਮੱਤ ਵਾਲੀ ਸਰਕਾਰ ਉਤੇ ਸਿਆਸੀ ਭੀੜ ਪੈਣ ਦੇ ਸਮੇਂ-ਮੌਕੇ, ਵਿਰੋਧੀ ਧਿਰ ਬਦਲ ਦੀ ਸੰਭਾਵਨਾ ਵਜੋਂ ਵੇਖੀ ਜਾਂਦੀ ਹੈ ਅਤੇ ਦੇਸ਼ ਦੇ ਰਾਜਨੀਤਕ ਵਾਤਾਵਰਣ ਨੂੰ ਜਿਉਂਦਾ ਰੱਖਣ ਵਿੱਚ ਸਹਾਈ ਹੁੰਦੀ ਜੋ ਕਿ ਕਿਸੇ ਵੀ ਲੋਕਤੰਤਰ (ਜਮਹੂਰੀਅਤ) ਵਿੱਚ ਬਹੁਤ ਸਾਰਥਕ ਭੂਮਿਕਾ ਹੈ। ਅੱਜ ਦੀ ਵਿਰੋਧੀ ਧਿਰ ਵਿੱਚ ਭਲਕ ਦੀ ਹੁਕਮਰਾਨ ਧਿਰ ਬਣਨ ਦੀ ਵੀ ਬਹੁਤ ਵੱਡੀ ਸੰਭਾਵਨਾ ਹੁੰਦੀ ਹੈ।



ਜ਼ਰਾ ਸੋਚੋ—

- ਜੇ ਸਿਆਸੀ ਪਾਰਟੀਆਂ ਚੋਣਾਂ ਨਾ ਲੜਨ ਤਾਂ ਵੋਟਰ ਵੋਟਾਂ ਕਿਸਨੂੰ ਪਾਉਣਗੇ ?
- ਕੀ ਸਰਕਾਰਾਂ ਬਣ ਸਕਣਗੀਆਂ ?
- ਲੋਕਤੰਤਰ ਕੀ ਕਰੇਗਾ ਤੇ ਕਾਇਮ ਰਹੇਗਾ ?
- ਸਿਆਸੀ ਪਾਰਟੀਆਂ ਦਾ ਕੋਈ ਬਦਲ ਸਾਡੇ ਕੋਲ ਹੈ ਭਲਾ ?

ਪਤਾ ਕਰੋ— ਤੁਸੀ ਸੁਤੰਤਰ ਉਮੀਦਵਾਰਾਂ ਦਾ ਚੋਣਾਂ ਲੜਨਾ ਜ਼ਰੂਰੀ ਸੁਣਿਆ ਹੋਵੇਗਾ, ਆਪਣੇ ਅਧਿਆਪਕ ਨੂੰ ਉਨ੍ਹਾਂ ਬਾਰੇ ਪੁੱਛੋ ਤੇ ਪਤਾ ਕਰੋ ਕਿ ਉਹ ਸਿਆਸੀ ਪਾਰਟੀਆਂ ਤੋਂ ਵਖਰੇ ਕਿਵੇਂ ਹਨ।

ਸਿਆਸੀ ਪਾਰਟੀਆਂ ਦੇ ਕਾਰਜ ਅਤੇ ਭੂਮਿਕਾ
(Functions and Role of Political Parties)

ਸਿਆਸੀ ਪਾਰਟੀਆਂ ਹੀ ਕਿਸੇ ਦੇਸ਼ ਦਾ ਸਿਆਸੀ ਧਰਾਤਲ ਤੈਅ ਕਰਦੀਆਂ ਜਾਂ ਉਸਾਰਦੀਆਂ ਹਨ। ਉਹ ਅਜਿਹੇ ਸਭ ਤੋਂ ਵੱਧ ਤਾਕਤਵਰ ਗੁੱਟ ਹੁੰਦੀਆਂ ਹਨ ਜੋ ਵਾਹਦ ਤੇ ਵਿਧਾਨਕ ਤਰੀਕਿਆਂ ਨਾਲ ਹਕੂਮਤ ਸ਼ਾਸਨ ਤੱਕ ਪੁੱਜਣ ਦਾ ਹੌਂਸਲਾ ਰੱਖਦੇ ਹਨ। ਉਨ੍ਹਾਂ ਦੇ ਕਈ ਸਿਆਸੀ ਕਾਰਜ ਹੁੰਦੇ ਹਨ ਤੇ ਕਿਸੇ ਦੇਸ਼ ਦੀ ਸਿਆਸਤ ਵਿੱਚ ਵੱਖੋ-ਵੱਖਰੀਆਂ ਭੂਮਿਕਾਵਾਂ ਅਦਾ ਕਰਦੇ ਹਨ-

1. ਚੋਣਾਂ ਲੜਨਾ (Contest Elections) : ਹਰ ਸਿਆਸੀ ਪਾਰਟੀ, ਯੋਗ ਉਮੀਦਵਾਰਾਂ ਰਾਹੀਂ ਚੋਣਾਂ ਲੜਨ ਦੇ ਅਮਲ ਵਿੱਚ ਉਤਰਦੀ ਹੈ। ਕੁਝ ਦੇਸ਼ਾਂ ਜਿਵੇਂ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਉਮੀਦਵਾਰਾਂ ਦੀ ਚੋਣ ਪਾਰਟੀ ਦੇ ਮੈਂਬਰ ਅਤੇ ਸਮਰਥਕ ਕਰਦੇ ਹਨ ਜਦੋਂ ਕਿ ਕਈ ਥਾਈਂ ਜਿਵੇਂ ਕਿ ਭਾਰਤ ਵਿੱਚ ਚੋਣਾਂ ਲਈ ਉਮੀਦਵਾਰਾਂ ਦੀ ਨਾਮਜ਼ਦਗੀ ਪਾਰਟੀ ਦੇ ਮੁੱਖ ਆਗੂ ਹੀ ਕਰਦੇ ਹਨ। ਉਮੀਦਵਾਰਾਂ ਤੋਂ ਬਿਨਾਂ ਚੋਣ ਅਮਲ ਬਾਰੇ ਸੋਚਣਾਂ ਤੱਕ ਵੀ ਅਸੰਭਵ ਹੈ। ਉਨ੍ਹਾਂ ਦੀ ਚੋਣਾਂ ਵਿੱਚ ਹਾਜਰੀ ਹੀ ਵੋਟਰਾਂ ਲਈ ਖਿੱਚ ਦਾ ਅਧਾਰ ਵੀ ਬਣਦੀ ਹੈ।

ਲੋਕਤੰਤਰੀ ਦੇਸ ਵਿੱਚ ਰਾਜਨੀਤਕ ਦਲਾਂ ਦੀ ਭੂਮਿਕਾ



- ਪਾਰਟੀਆਂ ਵੱਲੋਂ ਚੋਣ ਲੜਨ ਲਈ ਉਮੀਦਵਾਰ ਖੜੇ ਕੀਤੇ ਜਾਂਦੇ ਹਨ।
- ਪਾਰਟੀਆਂ ਵੱਖ-ਵੱਖ ਨੀਤੀਆਂ ਤੇ ਪ੍ਰੋਗਰਾਮ ਪੇਸ਼ ਕਰਦੀਆਂ ਹਨ ਜਿਨ੍ਹਾਂ ਵਿੱਚੋਂ ਵੋਟਰ ਚੋਣ ਕਰਦੇ ਹਨ।
- ਕਾਨੂੰਨ ਬਣਾਉਣ ਸਮੇ ਵੀ ਪਾਰਟੀਆ ਅਹਿਮ ਭੂਮਿਕਾ ਨਿਭਾਉਦੀਆਂ ਹਨ।
- ਉਹ ਆਪਣੇ ਚੋਣ ਮਨੋਰਥ ਪੱਤਰਾਂ ਦੇ ਅਧਾਰ ਤੇ ਨੀਤੀਆਂ ਅਤੇ ਕਨੂੰਨਾ ਨੂੰ ਰੂਪ ਦਿੰਦੇ ਹਨ।
- ਉਹ ਚੋਣ ਲੜਦੇ ਅਤੇ ਸਰਕਾਰ ਬਣਾਉਂਦੇ ਹਨ, ਇਸ ਤਰ੍ਹਾਂ ਇਹ ਲੋਕਤੰਤਰ ਦੇ ਵਾਹਕ ਹਨ।

2. ਕਾਰਜ-ਕ੍ਰਮ ਤੇ ਪ੍ਰਾਪੇਗੰਡਾ ਤਿਆਰ ਕਰਨਾ (Formulation of Agenda and Propaganda) : ਹਰ ਸਿਆਸੀ ਪਾਰਟੀ ਆਪਣਾ ਕਾਰਜ-ਕ੍ਰਮ ਤਿਆਰ ਕਰਦੀ ਹੈ ਜੋ ਚੋਣਾਂ ਤੋਂ ਪਹਿਲਾਂ ਲੋਕਾਂ ਅੱਗੇ ਰੱਖਿਆ ਜਾਂਦਾ ਹੈ ਅਤੇ ਚੋਣ ਜਿੱਤਣ ਤੋਂ ਬਾਅਦ ਉਸੇ ਦੇ ਅਧਾਰ ਤੇ ਕਾਰਜ ਕੀਤਾ ਜਾਂਦਾ ਹੈ। ਕੋਈ ਪਾਰਟੀ ਜੇ ਆਪਣੇ ਹੀ ਕਾਰਜ-ਕ੍ਰਮ ਅਨੁਸਾਰ ਕਾਰਜ ਨਹੀਂ ਕਰਦੀ ਤਾਂ ਇਹੀ ਪ੍ਰਾਪੇਗੰਡਾ ਬਣ ਜਾਂਦਾ ਹੈ। ਇਸ ਤਰ੍ਹਾਂ ਕਾਰਜ-ਕ੍ਰਮ (ਏਜੰਡਾ) ਅਤੇ ਪ੍ਰਾਪੇਗੰਡਾ ਇੱਕੋ ਸਿੱਕੇ ਦੇ ਦੋ ਪਾਸੇ ਹਨ ਜਿਨ੍ਹਾਂ

ਨਾਲ ਕੋਈ ਵੀ ਸਿਆਸੀ ਪਾਰਟੀ ਆਪਣੇ ਵੋਟਰਾਂ ਤੇ ਅਸਰ ਬਣਾਉਣ ਦੀ ਕੋਸ਼ਿਸ਼ ਕਰਦੀ ਹੈ।

3. ਵਿਰੋਧੀ ਧਿਰ ਦੀ ਭੂਮਿਕਾ (Role of Opposition) : ਉਹ ਪਾਰਟੀਆਂ ਜੋ ਚੋਣਾਂ ਵਿੱਚ ਬਹੁਮੱਤ ਨਹੀਂ ਪ੍ਰਾਪਤ ਕਰ ਸਕਦੀਆਂ ਤੇ ਸਰਕਾਰ ਨਹੀਂ ਬਣਾਉਂਦੀਆਂ, ਵਿਰੋਧੀ ਧਿਰ ਬਣ ਜਾਂਦੀਆਂ ਹਨ। ਉਹ ਸਰਕਾਰ ਦੀਆਂ ਨਾਕਾਮੀਆਂ ਅਤੇ ਆਪਣੀ ਵਖਰੀ ਵਿਚਾਰਧਾਰਾ ਦੇ ਅਨੁਸਾਰ ਸਰਕਾਰ ਦੇ ਕਾਰਜਾਂ ਤੋਂ ਨਜ਼ਰ ਰੱਖ ਕੇ ਲੋਕਾਂ ਦੇ ਸਾਹਮਣੇ ਲਿਆਉਂਦੇ ਹਨ। ਤਾਕਤਵਰ ਵਿਰੋਧੀ ਧਿਰ, ਲੋਕਤੰਤਰੀ ਪ੍ਰਕਿਰਿਆ ਲਈ ਬਹੁਤ ਜ਼ਰੂਰੀ ਤੇ ਮਹੱਤਵਪੂਰਨ ਕਾਰਕ ਹੁੰਦੀ ਹੈ।

4. ਲੋਕ-ਰਾਇ ਨੂੰ ਤਰਤੀਬ ਦੇਣਾ (Shape public opinion) : ਸਿਆਸੀ ਪਾਰਟੀਆਂ ਲੋਕ-ਰਾਇ ਬਣਾਉਂਦੀਆਂ ਹਨ ਤੇ ਉਨ੍ਹਾਂ ਨੂੰ ਸਹੀ ਤਰਤੀਬ ਵੀ ਦਿੰਦੀਆਂ ਹਨ। ਉਹ ਲੋਕਾਂ ਨੂੰ ਸਿੱਖਿਅਤ ਕਰਦੇ ਹਨ ਤੇ ਉਨ੍ਹਾਂ ਨੂੰ ਤਾਕਤ ਬਖ਼ਸ਼ਦੇ ਹਨ ਜਿਸ ਨਾਲ ਲੋਕਾਂ ਵਿਚੋਂ ਸਿਆਸੀ ਉਦਾਸੀਨਤਾ ਦਾ ਅੰਤ ਹੁੰਦਾ ਹੈ। ਉਹ ਸਿਆਸੀ ਸਮਾਜੀਕਰਨ ਦੇ ਪ੍ਰਤੀਨਿੱਧ ਵਜੋਂ ਕਾਰਜ ਕਰਦੇ ਹਨ ਕਿਉਂਕਿ ਸਰਕਾਰਾਂ ਦੀ ਸਥਾਪਨਾ ਤੇ ਤਬਦੀਲੀ ਆਦਿ ਕਾਰਜਾਂ ਲਈ ਲੋਕ-ਮੱਤ ਹੀ ਸਭ ਤੋਂ ਵੱਧ ਮਹੱਤਵਪੂਰਨ ਮੁੱਢਲਾ ਕਾਰਕ ਹੁੰਦਾ ਹੈ। ਕੋਈ ਵੀ ਸਿਆਸੀ ਪਾਰਟੀ ਕਿਸੇ ਵੀ ਹਾਲ ਵਿਚ ਲੋਕ-ਰਾਇ ਪ੍ਰਤੀ ਬੇਪ੍ਰਵਾਹ ਨਹੀਂ ਰਹਿ ਸਕਦੀ।

5. ਸਰਕਾਰੀ ਮਸ਼ੀਨਰੀ 'ਤੇ ਕਾਬੂ ਪਾਉਣਾ (Control over Government Machinery) : ਕੋਈ ਵੀ ਪਾਰਟੀ ਹਕੂਮਤ ਵਿੱਚ ਆਉਣ ਉਪਰੰਤ ਹੁਕਮਹਾਨ ਪਾਰਟੀ ਬਣ ਜਾਂਦੀ ਹੈ ਤੇ ਸਰਕਾਰੀ ਪ੍ਰਬੰਧ ਤੇ ਪ੍ਰਕਿਰਿਆਵਾਂ ਉਤੇ ਆਪਣਾ ਕੰਟਰੋਲ ਸਥਾਪਤ ਕਰਦੀ ਹੈ ਤਾਂ ਸੱਤ੍ਹਾ ਦੀ ਵਾਜਬ ਦਾਅਵੇਦਾਰ ਵਜੋਂ ਕਾਰਵਾਈ ਕਰ ਸਕੇ। ਇਸ ਤੋਂ ਅਗਲੇਰਾ ਕਾਰਜ ਯੋਜਨਾ ਬਣਾ ਕੇ ਲੋਕ-ਭਲਾਈ ਦੇ ਕਾਰਜਾਂ ਦਾ ਐਲਾਨ ਕਰਨਾ ਹੁੰਦਾ ਹੈ ਤੇ ਇਸੇ ਤਰ੍ਹਾਂ ਸਰਕਾਰੀ ਨੀਤੀਆਂ ਲਾਗੂ ਕੀਤਿਆਂ ਜਾਂਦੀਆਂ ਹਨ ਅਤੇ ਲੋਕਾਂ ਲਈ ਨਵੇਂ ਨਿਯਮ ਕਾਨੂੰਨ ਘੜ੍ਹੇ ਜਾਂਦੇ ਹਨ।

6. ਲੋਕ ਭਲਾਈ (Public Welfare) : ਲੋਕ ਭਲਾਈ ਤਾਂ ਹਰ ਸਿਆਸੀ ਪਾਰਟੀ ਦਾ ਕਾਰਜ-ਕ੍ਰਮ ਹੁੰਦਾ ਹੀ ਹੈ ਅਤੇ ਜੇ ਕੋਈ ਸਿਆਸੀ ਪਾਰਟੀ ਇਹ ਕਾਰਜ ਛੱਡ ਦੇਵੇ ਤਾਂ ਪਹਿਲਾਂ ਉਹ ਸੱਤ੍ਹਾਂ ਵਿੱਚੋਂ ਬਾਹਰ ਹੋਵੇਗੀ ਤੇ ਫ਼ੇਰ ਲੋਕ ਮਨਾਂ ਵਿੱਚੋਂ, ਅੰਤ ਆਪਣੀ ਪਛਾਣ ਗੁਆ ਦੇਵੇਗੀ। ਸਰਕਾਰਾਂ ਕਾਇਮ ਹੀ ਲੋਕ ਭਲਾਈ ਦੀ ਸ਼ਰਤ ਤੇ ਹੁੰਦੀਆਂ ਹਨ ਤੇ ਹਰ ਸਿਆਸੀ ਪਾਰਟੀ ਵੱਧ ਤੋਂ ਵੱਦ ਲੋਕ ਭਲਾਈ ਤੇ ਵਿਕਾਸ ਕਾਰਜ ਕਰਦੀ ਹੈ।

ਸਿਆਸੀ ਪਾਰਟੀਆਂ ਦੀਆਂ ਕਿਸਮਾਂ
(Types of Political Parties)

ਸਿਆਸੀ ਵਿਚਾਰਧਾਰਾ ਤੇ ਦ੍ਰਿਸ਼ਟੀਕੋਣ ਦੇ ਦਾਅਵਿਆਂ ਦੇ ਅਧਾਰ ਤੇ, ਅਜੋਕੇ ਲੋਕਤੰਤਰੀ (ਜਮਹੂਰੀ) ਰਾਜਾਂ ਵਿੱਚ ਤਿੰਨ ਪ੍ਰਕਾਰ ਦੀਆਂ ਸਿਆਸੀ ਪਾਰਟੀਆਂ ਮਿਲਦੀਆਂ ਹਨ-

1. ਮੂਲਵਾਦੀ ਪਾਰਟੀਆਂ (Radical Parties) : ਨਾਮ ਤੋਂ ਹੀ ਜਿਵੇਂ ਕਿ ਸਪਸ਼ਟ ਹੈ, ਅਜਿਹੀਆਂ ਪਾਰਟੀਆਂ ਦੀ ਪਹੁੰਚ ਤੇ ਖ਼ਿਆਲ ਇਨਕਲਾਬੀ ਹੁੰਦੇ ਹਨ ਜੋ ਆਮ ਦਾਇਰੇ ਉਲੰਘ ਕੇ ਅਤਿ ਦੀ ਗੱਲ ਕਰਦੀਆਂ ਹਨ ਭਾਵ ਦਲੰਤ ਸੰਸਥਾਵਾਂ ਤੋਂ ਪਾਰ ਸੋਚਦਿਆਂ ਨਵੀਆਂ ਸੰਸਥਾਵਾਂ ਦੀ ਸਥਾਪਨਾ ਦੀ ਲੋੜ ਵੱਲ ਵਧੇਰੇ ਝੁੱਕਦੀਆਂ ਹਨ। ਭਾਰਤ ਵਿੱਚ ਮਿਲਦੀਆਂ ਵਰਤਮਾਨ ਸਿਆਸੀ ਪਾਰਟੀਆਂ ਵਿੱਚੋਂ ਖੱਬੇ ਪੱਖੀ ਪਾਰਟੀਆਂ ਸਭ ਤੋਂ ਵੱਧ ਇਸ ਵੰਨਗੀ ਨਾਲ ਮੇਲ ਖਾਂਦੀਆਂ ਹਨ। ਭਾਰਤ ਦੀਆਂ ਪ੍ਰਮੁੱਖ ਖੱਬੇ ਪੱਖੀ ਪਾਰਟੀਆਂ ਹਨ, ਭਾਰਤੀ ਕਮਿਊਨਿਸਟ ਪਾਰਟੀ, ਮਾਰਕਸਵਾਦੀ ਕਮਿਊਨਿਸਟ ਪਾਰਟੀ ਫਾਰਵਰਡ ਬਲਾਕ ਆਦਿ।



2. ਉਦਾਰਵਾਦੀ ਪਾਰਟੀਆਂ (Liberal Parties) : ਸਿਆਸੀ ਪਾਰਟੀਆਂ ਦੀ ਉਦਾਰਵਾਦੀ ਸੋਚ ਤੋਂ ਭਾਵ ਉਨ੍ਹਾਂ ਪਾਰਟੀਆਂ ਤੋਂ ਹੈ ਜੋ ਚਲੰਤ ਸੰਸਥਾਵਾਂ ਨੂੰ ਲੋੜ ਅਨੁਸਾਰ ਤਬਦੀਲ ਕਰਨ ਵੱਲ ਧਿਆਨ ਦਿੰਦੀਆਂ ਹਨ ਅਤੇ ਉਨ੍ਹਾਂ ਨੂੰ ਸਿਰੇ ਤੋਂ ਨਕਾਰ ਕੇ ਮੂਲੋਂ ਹੀ ਨਵੀਆਂ ਸੰਸਥਾਵਾਂ ਸਥਾਪਤ ਕਰਨ ਦੀ ਗੱਲ ਨਹੀਂ ਕਰਦੀਆਂ। ਉਨ੍ਹਾਂ ਦੇ ਵਿਚਾਰਾਂ ਤੋਂ ਸੰਕੋਚ ਵੀ ਨਹੀਂ ਹੁੰਦਾ। ਇਸੇ ਲਈ ਇਹ ਮੱਧਲੀਆਂ ਪਾਰਟੀਆਂ ਵੀ ਕਹਾਉਂਦੀਆਂ ਹਨ। ਭਾਰਤ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ, ਤ੍ਰਿਣਾਮੂਲ ਕਾਂਗਰਸ, ਨੈਸ਼ਨਲਿਸਟ ਕਾਂਗਰਸ ਪਾਰਟੀ, ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਜ਼ਮ, ਨੈਸ਼ਨਲ ਕਾਨਫਰੰਸ ਪਾਰਟੀ ਆਦਿ ਇਸ ਵੰਨਗੀ ਦੀਆਂ ਉਦਾਹਰਣਾਂ ਹਨ।

3. ਰੂੜੀਵਾਦੀ ਪਾਰਟੀਆਂ (Conservative Parties) : ਇਸ ਵੰਨਗੀ ਦੀਆਂ ਪਾਰਟੀਆਂ ਨੂੰ ਪੁਰਾਣੀਆਂ ਸੰਸਥਾਵਾਂ ਵਿੱਚ ਭਰਪੂਰ ਵਿਸ਼ਵਾਸ ਹੁੰਦਾ ਹੈ ਅਤੇ ਅਜਿਹੀਆਂ ਪਾਰਟੀਆਂ ਪ੍ਰਾਚੀਨ ਸੰਸਥਾਵਾਂ ਦੀ ਕਾਇਮੀ ਤੇ ਬਾਕਾਇਦਗੀ ਵੱਲ ਪ੍ਰੇਰਤ ਹੁੰਦੀਆਂ ਹਨ। ਉਹ ਨਵੀਆਂ ਪਿਰਤਾਂ ਪ੍ਰਤੀ ਕਾਫ਼ੀ ਉਦਾਸੀਨ ਹੁੰਦੀਆਂ ਹਨ ਤੇ ਇਸੇ ਲਈ ਰੂੜੀਵਾਦੀ ਕਹਾਉਂਦੀਆਂ ਹਨ। ਮੂਲਵਾਦੀਆਂ ਦੇ ਮੁਕਾਬਲੇ ਰੂੜੀਵਾਦੀ ਪਾਰਟੀਆਂ ਪੂਰੀ ਤਰ੍ਹਾਂ ਹੀ ਵਖਰੀਆਂ ਹੋਣ ਕਾਰਨ ਇਨ੍ਹਾਂ ਪਾਰਟੀਆਂ ਨੂੰ ਸੱਜੇ ਪੱਖੀ ਪਾਰਟੀਆਂ ਵੀ ਕਹਿ ਦਿੱਤਾ ਜਾਂਦਾ ਹੈ। ਭਾਰਤ ਵਿੱਚ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਸ਼ਿਵ ਸੈਨਾ, ਦ੍ਰਾਵਿੜ ਮੁਨੇਤਰ ਕੜਗਜ਼ਮ (ਡੀ.ਐਮ.ਕੇ), ਆਲ ਇੰਡੀਆ ਯੂਨੀਅਨ ਮੁਸਲਿਮ ਲੀਗ ਆਦਿ ਇਸ ਪ੍ਰਕਾਰ ਦੀਆਂ ਉਦਾਹਰਨਾਂ ਹਨ।

ਸਿਆਸੀ (ਰਾਜਨੀਤਕ) ਵਿਗਿਆਨੀਆਂ ਨੇ ਮੂਲਵਾਦੀਆਂ ਨੂੰ ਖੱਬੇ-ਪੱਖੀ, ਉਦਾਰਵਾਦੀਆਂ ਨੂੰ ਮੱਧਲੇ ਅਤੇ ਰੂੜੀਵਾਦੀਆਂ ਨੂੰ ਸੱਜੇ-ਪੱਖੀਆਂ ਦੀ ਤਸ਼ਬੀਰ ਦਿੱਤੀ ਹੈ।

ਨਾਮਾਵਲੀ ਤੇ ਇਸਦਾ ਉਦੈ (Nomenclature and its origin)

ਪਾਰਟੀਆਂ ਨੂੰ ਖੱਬੇ ਪੱਖੀ (Leftist), ਮੱਧਲੇ (Centrist) ਅਤੇ ਸੱਜੇ ਪੱਖੀ (Rightist) ਵਜੋਂ ਤਸ਼ਬੀਹਾਂ ਦਿੱਤੇ ਜਾਣ ਜਾਂ ਨਾਮਕਰਨ ਕੀਤੇ ਜਾਣ ਦੀ ਪਿਰਤ ਸੰਸਾਰ ਭਰ ਵਿੱਚ ਹੀ ਹੈ। ਇਹੀ ਨਾਮ ਸਿਆਸੀ ਪਾਰਟੀਆਂ ਦੇ ਹਮਨਾਮ ਹੀ ਬਣ ਗਏ ਹਨ।

ਉਂਝ ਅਸਲ ਵਿੱਚ ਖੱਬੇ (Left) ਬਨਾਮ (vs) ਸੱਜੇ (Right) ਸਿਆਸੀ ਰੰਗਤ ਸੰਨ 1789 ਦੀ ਫ਼ਰਾਂਸ ਦੀ ਕ੍ਰਾਂਤੀ ਮੌਕੇ ਪੈਦਾ ਹੋਈ ਸੀ ਜਦੋਂ ਫ਼ਰਾਂਸੀਸੀ ਕੌਮੀ ਅਸੈਂਬਲੀ ਦੇ ਮੈਂਬਰ ਆਪਣਾ ਸੰਵਿਦਾਨ ਉਲੀਕਣ ਲਈ ਬੈਠਕ ਕਰ ਰਹੇ ਸਨ ਤਾਂ ਇਸ ਮਸਲੇ ਉਤੇ ਬਹਿਸ-ਮੁਬਾਹਿਸਾ ਜਾਰੀ ਸੀ ਕਿ ਬਾਦਸ਼ਾਹ ਲੂਈ ਸੋਲ੍ਹਵੇਂ ਨੂੰ ਕੀ ਤੇ ਕਿੰਨੀ ਸੱਤਾਰੂਪੀ ਤਾਕਤ ਦਿੱਤੀ ਜਾਵੇ। ਬਹਿਸ ਗਰਮਾ ਗਈ ਅਤੇ ਬਾਦਸ਼ਾਹ ਵਿਰੋਧੀ ਕ੍ਰਾਂਤੀਕਾਰੀ ਗੁੱਟ ਬੈਠਕ ਦੀ ਪ੍ਰਧਾਨਗੀ ਕਰ ਰਹੇ ਵਿਅਕਤੀ ਦੇ ਖੱਬੇ ਪਾਸੇ ਜਾ ਖੜ੍ਹੇ ਹੋਏ ਜਦੋਂ ਕਿ ਤਾਜ ਪੱਖੀ ਜਾਂ ਰੂੜੀਵਾਦੀ ਸੱਜੇ ਪਾਸੇ ਇਕੱਠੇ ਹੋ ਕੇ ਖੜ੍ਹ ਗਏ। ਉੱਥੋਂ ਉਪਜੀ ਸਿਆਸਤ ਵਿੱਚ ਮੂਲਵਾਦੀਆਂ ਨੂੰ ਖੱਬੇ-ਪੱਖੀ ਤੇ ਰੂੜੀਵਾਦੀਆਂ ਨੂੰ ਸੱਜੇ-ਪੱਖੀ ਕਿਹਾ ਜਾਣਾ ਹੀ ਸੰਸਾਰ ਭਰ ਵਿੱਚ ਪ੍ਰਚਲਤ ਹੋ ਗਿਆ।

ਪਾਰਟੀ ਪ੍ਰਥਾ ਕੀ ਹੈ ?
(What is a party system)

ਪਾਰਟੀ ਪ੍ਰਥਾ ਤੋਂ ਭਾਵ ਹੈ, ਸਿਆਸੀ ਪਾਰਟੀਆਂ ਦੀ ਸਿਲਸਲੇਵਾਰ ਤੇ ਵਿਗਿਆਨਕ ਢੰਗ ਨਾਲ ਘੋਖ ਕਰਦਿਆਂ ਉਨ੍ਹਾਂ ਦੇ ਕੰਮ-ਕਾਜ, ਕਾਰਜ-ਵਿਧੀ ਅਤੇ ਸਿਆਸੀ ਵਾਤਾਵਰਣ ਵਿੱਚ ਉਨ੍ਹਾਂ ਦੀ ਹੋਂਦ ਬਾਰੇ ਘੋਸ਼ਣਾ ਅਤੇ ਸਿੱਟੇ ਕੱਢਣੇ। ਕਿਸੇ ਵੀ ਦੇਸ਼ ਦਾ ਸਿਆਸੀ ਧਰਾਤਲ ਇਨ੍ਹਾਂ ਪਾਰਟੀਆਂ ਨੇ ਹੀ ਕਾਇਮ ਕਰਨਾ ਤੇ ਤਰਤੀਬ ਵਿੱਚ ਕਰਨਾ ਹੁੰਦਾ ਹੈ।

ਸੰਸਾਰ ਭਰ ਵਿੱਚ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੀ ਪਾਰਟੀ ਪ੍ਰਥਾ ਕਾਇਮ ਹੈ—

1. ਇਕਹਿਰੀ ਪਾਰਟੀ ਪ੍ਰਥਾ (Single One party system) : ਇੱਕ-ਪਾਰਟੀ ਪ੍ਰਥਾ ਵਿੱਚ ਕੋਈ ਮੁਕਾਬਲਾ ਨਹੀਂ ਹੁੰਦਾ ਜਾਂ ਫ਼ਿਰ ਮੁਕਾਬਲੇਬਾਜ਼ੀ ਹੋਣ ਹੀ ਨਹੀਂ ਦਿੱਤੀ ਜਾਂਦੀ। ਇਸ ਪ੍ਰਥਾ ਵਿੱਚ ਇੱਕ ਹੀ ਪਾਰਟੀ ਸਾਰੀ ਸਿਆਸਤ ਦਾ ਮੂੰਹ-ਮੁਹਾਂਦਰਾ ਤੈਅ ਕਰਦੀ ਹੈ ਅਤੇ ਸੱਤ੍ਹਾ ਦੀ ਤਬਦੀਲੀ ਵਰਗੀ ਕੋਈ ਕਿਰਿਆ ਇਸ ਪ੍ਰਥਾ ਅਧੀਨ ਨਹੀਂ ਹੁੰਦੀ। ਅਜਿਹੀ ਪ੍ਰਥਾ ਅਧੀਨ ਪਾਰਟੀ ਉਮੀਦਵਾਰ ਨਾਮਜਦ ਕਰਦੀ ਹੈ ਅਤੇ ਵੋਟਰਾਂ ਕੋਲ ਦੋ ਹੀ ਇਖਤਿਆਰ ਹੁੰਦੇ ਹਨ- (ੳ) ਪਾਰਟੀ ਵੱਲੋਂ ਨਾਮਜਦ ਉਮੀਦਵਾਰ ਨੂੰ ਵੋਟ ਪਾਓ ਜਾਂ (ਅ) ਵੋਟ ਪਾਓ ਹੀ ਨਾਂਹ, ਚੋਣ ਵਿੱਚ ਹਿੱਸਾ ਹੀ ਨਾ ਲਵੋ।

ਇਸ ਪ੍ਰਥਾ ਅਧੀਨ ਵੋਟਰ ਦੀ ਚੋਣ ਦਾ ਹੱਕ ਤੇ ਇੱਛਾ-ਸ਼ਕਤੀ ਦੀ ਵਰਤੋਂ ਉਤੇ ਰੋਕ ਲੱਗ ਜਾਂਦੀ ਹੈ ਕਿਉਂਕਿ ਦੋਹੇਂ ਖੇਤਰ ਸੀਮਤ ਹੋ ਜਾਂਦੇ ਹਨ। ਇਵੇਂ ਕਿਹਾ ਜਾ ਸਕਦਾ ਹੈ ਕਿ ਇਸ ਪ੍ਰਥਾ ਵਿੱਚ ਇੱਕ ਹੀ ਪਾਰਟੀ ਰਾਜ ਕਰਦੀ ਹੈ ਤੇ ਕੋਈ ਵਿਰੋਧੀ ਧਿਰ ਵੀ ਨਹੀਂ ਹੁੰਦੀ, ਲਗਪਗ ਗੈਰਲੋਕਤੰਤਰੀ।

ਇਕਹਿਰੀ ਪਾਰਟੀ ਪ੍ਰਥਾ, ਸੱਤਾਵਾਦੀ ਸਿਆਸੀ ਪ੍ਰਨਾਲ਼ੀ ਦਾ ਪ੍ਰਮੁੱਖ ਢੰਗ ਹੈ ਜੋ ਕਿ ਲੋਕਤੰਤਰੀ ਨਿਜ਼ਾਮਾਂ ਦਾ ਉਲਟ ਰੂਪ ਹੈ ਅਤੇ ਕਮਿਊਨਵਾਦੀ ਦੇਸ਼ਾਂ ਜਿਵੇਂ ਕਿ ਚੀਨ, ਉੱਤਰੀ ਕੋਰੀਆ ਤੇ ਕਿਊਬਾ ਆਦਿ ਵਿੱਚ ਪ੍ਰਚਲਤ ਹੈ। ਸਾਬਕਾ ਸੋਵੀਅਤ ਸੰਘ ਵੀ ਕਮਿਊਨਵਾਦੀ ਦੇਸ਼ ਹੀ ਸੀ। ਕਈ ਸਿਆਸੀ ਵਿਦਵਾਨ ਇਸ ਪ੍ਰਬੰਧ ਦੀ ਪ੍ਰੋੜ੍ਹਤਾ ਕਰਦਿਆਂ ਇਸਨੂੰ ਕੌਮੀ ਏਕੇ ਦੇ ਪੂਰਕ ਪ੍ਰਬੰਧ ਵਜੋਂ ਪ੍ਰਚਾਰਦੇ ਹਨ ਕਿਉਂਕਿ ਅਜਿਹੇ ਪ੍ਰਬੰਧ ਦਾ ਸਪਸ਼ਟ ਕਾਰਜ-ਕ੍ਰਮ ਦੇਸ਼ ਦਾ ਵਿਕਾਸ ਤੇ ਲੋਕਾਂ ਲਈ ਚੰਗੇਰੀਆਂ ਸਹੂਲਤਾਂ ਦਿੱਤੇ ਜਾਣ ਦੀ ਖਾਤਰ ਹੁੰਦਾ ਹੈ। ਵਿਰੋਧੀ ਧਿਰ ਨਾ ਹੋਣ ਕਾਰਨ ਹਾਕਮ ਧਿਰ ਨੂੰ ਫ਼ੈਸਲੇ ਲੈਣ ਵਿੱਚ ਬਹੁਤੀ ਦੇਰ ਵੀ ਨਹੀਂ ਲਗੱਦੀ ਅਤੇ ਮੰਨਿਆ ਜਾਂਦਾ ਹੈ ਕਿ ਅਜਿਹਾ ਪ੍ਰਬੰਧ ਦੇਸ਼ ਦੇ ਭਲੇ ਵਿੱਚ ਹੋ ਨਿਬੜਦੀ ਹੈ।

2. ਦੋ-ਪਾਰਟੀ ਪ੍ਰਥਾ (Two-party system) : ਦੋ-ਪਾਰਟੀ ਪ੍ਰਥਾ ਜਾਂ ਦੁਵੱਲੀ ਪਾਰਟੀ ਪ੍ਰਥਾ ਵਿੱਚ ਸੱਤ੍ਹਾ ਦਾ ਵਟਾਂਦਰਾ ਦੋ ਪ੍ਰਮੁੱਖ ਤੇ ਸਭ ਤੋਂ ਵੱਧ ਤਾਕਤਵਰ ਸਿਆਸੀ ਜਮਾਤਾਂ (ਪਾਰਟੀਆਂ) ਵਿਚਾਲੇ ਹੀ ਹੁੰਦਾ ਹੈ। ਛੋਟੀਆਂ ਜਾ ਹੋਰ ਪ੍ਰਾਰਟੀਆਂ, ਵਿਚਾਲੇ ਹੀ ਹੁੰਦਾ ਹੈ। ਛੋਟੀਆਂ ਜਾ ਹੋਰ ਪ੍ਰਾਰਟੀਆਂ, ਪ੍ਰਮੁੱਖ ਪਾਰਟੀਆਂ ਵਿੱਚ ਰਲੇਵਾਂ ਕਰ ਕੇ ਜਾਂ ਉਨ੍ਹਾਂ ਨਾਲ ਭਾਈਵਾਲੀ ਕਰ ਕੇ ਜਾਂ ਫ਼ੇਰ ਕਈ ਵਾਰ ਸੁੰਤਤਰ ਰੂਪ ਵਿੱਚ ਵੀ ਕਾਰਜ ਕਰਦੀਆਂ ਹਨ। ਅਜਿਹੀ ਸਿਆਸੀ ਪਾਰਟੀ ਪ੍ਰਥਾ ਸੰਯੁਕਤ ਰਾਜ ਅਮਰੀਕਾ ਅਤੇ ਬਰਤਾਨੀਆਂ ਜਾਂ ਯੂ-ਕੇ (U.K) ਵਿੱਚ ਪ੍ਰਚਲਤ ਹੈ।

ਅਮਰੀਕਾ ਦੀਆਂ ਰਿਪਬਲੀਕਨ ਪਾਰਟੀ ਤੇ ਡੈਮੋਕ੍ਰੇਟਿਕ ਪਾਰਟੀ ਅਤੇ ਬਰਤਾਨੀਆਂ ਦੀਆਂ ਕੰਜ਼ਰਵੇਟਿਵ ਪਾਰਟੀ ਤੇ ਲੇਬਰ ਪਾਰਟੀ, ਦੋ ਪਾਰਟੀਆਂ ਪ੍ਰਥਾ ਦੀ ਸਭ ਤੋਂ ਵਧੀਆ ਉਦਾਹਰਣਾਂ ਹਨ।

ਕੁਝ ਰਾਜਨੀਤਕ ਵਿਗਿਆਨੀਆਂ ਦਾ ਵਿਚਾਰ ਹੈ ਕਿ ਦੁਵੱਲੀ ਪਾਰਟੀ ਪ੍ਰਥਾ ਨਾ ਸਿਰਫ਼ ਸਥਿੱਰ ਤੇ ਤਾਕਤਵਰ ਸਰਕਾਰ ਪ੍ਰਦਾਨ ਕਰਦੀ ਹੈ ਸਗੋਂ ਤਾਕਤਵਰ ਵਿਰੋਧੀ ਧਿਰ ਵੀ ਖੜ੍ਹੀ ਕਰਦੀ ਹੈ ਤੇ ਵੋਟਰਾਂ ਨੂੰ ਆਪਣੀ ਚੋਣ ਕਰ ਸਕਣ ਦਾ ਮੌਕਾ ਵੀ ਦਿੰਦੀ ਹੈ ਹਾਲਾਂਕਿ ਇਨ੍ਹਾਂ ਖਿਆਲਾਂ ਦਾ ਵਿਰੋਧ ਕਰਨ ਵਾਲੇ ਮੰਨਦੇ ਹਨ ਕਿ ਇਸ ਪ੍ਰਥਾ ਦੀ ਤਾਸੀਰ ਹੀ ਅਜਿਹੀ ਹੈ ਕਿ ਦੋ-ਪਾਰਟੀਆਂ ਪ੍ਰਥਾ ਅਸਲੋਂ ਲੋਕਤੰਤਰੀ ਜਾਂ ਜਮਹੂਰੀ ਪ੍ਰਬੰਧ ਨਹੀਂ ਕਹਾ ਸਕਦੀ।

3. ਬਹੁ-ਪਾਰਟੀ ਪ੍ਰਥਾ (Multi-Party System) : ਸਿਆਸੀ ਪਾਰਟੀ ਪ੍ਰਥਾ ਦੀ ਤੀਸਰੀ ਅਤੇ ਸਭ ਤੋਂ ਵੱਧ ਹਰਮਨ ਪਿਆਰੀ ਕਿਸਮ, ਬਹੁ-ਪਾਰਟੀ ਪ੍ਰਥਾ ਹੀ ਹੈ। ਅਜਿਹੀ ਪਾਰਟੀ ਪ੍ਰਥਾ ਵਿੱਚ ਕਈ ਸਾਰੀਆਂ ਸਿਆਸੀ ਪਾਰਟੀਆਂ ਸ਼ਾਮਲ ਹੁੰਦੀਆਂ ਹਨ ਜਦੋਂ ਕਿ ਸੱਤ੍ਹਾ ਕਿਸੇ ਵੀ ਸਿਆਸੀ ਜਮਾਤ ਦੇ ਹੱਥ ਜਾ ਸਕਦੀ ਹੁੰਦੀ ਹੈ। ਸਾਰੀਆਂ ਧਿਰਾਂ ਚੋਣਾਂ ਲੜਦੀਆਂ ਹਨ, ਸਭ ਨੂੰ ਸੱਤ੍ਹਾ ਉਤੇ ਕਾਬਜ਼ ਹੋਣ ਦਾ ਮੌਕਾ ਮਿਲਦਾ ਹੈ ਅਤੇ ਹਰ ਕਿਸੇ ਕੋਲ ਆਪਣੇ ਬੱਲ-ਬੂਤੇ ਜਾਂ ਫਿਰ ਭਾਈਵਾਲਾਂ ਨੂੰ ਨਾਲ ਲੈ ਕੇ ਸਰਕਾਰ ਬਨਾਉਣ ਦੀ ਸਮਰਥਾ ਹੁੰਦੀ ਹੈ। ਭਾਈਵਾਲ ਜ਼ਿਆਦਾਤਰ ਚੋਣ ਵੀ ਇਕੱਠੇ ਲੜਦੇ ਹਨ।?

ਚੋਣਾਂ ਮਗਰੋਂ ਕਿਸੇ ਵੀ ਵਿਧਾਨਕ ਸੰਸਥਾ (ਸੰਸਦ ਜਾਂ ਵਿਧਾਨ ਸਭਾ ਆਦਿ) ਵਿੱਚ ਜੇਕਰ ਕਿਸੇ ਪਾਰਟੀ ਨੂੰ ਸਪਸ਼ਟ ਬਹੁਮਤ (Clear majority) ਨਾ ਮਿਲ ਸਕੇ ਤਾਂ ਅਜਿਹੀ ਸਥਿਤੀ ਨੂੰ ਲਟਕਵਾਂ ਜਾਂ ਲੰਗੜਾ ਬਹੁਮਤ ਜਾਂ ਤ੍ਰਿਸ਼ੰਕੁ ਸੰਸਦ (Hung parliament) ਕਿਹਾ ਜਾਂਦਾ ਹੈ ਅਤੇ ਅਜਿਹੀ ਸਥਿਤੀ ਵਿੱਚ ਕਈ ਪਾਰਟੀਆਂ ਰੱਲ ਕੇ ਇੱਕ ਸਾਂਝੇ ਸਮਝੌਤੇ ਰਾਹੀ ਮਿਲੀ-ਜੁਲੀ ਜਾਂ ਭਾਈਵਾਲੀ ਵਾਲੀ ਸਰਕਾਰ ਬਣਾ ਲੈਂਦੀਆਂ ਹਨ। ਭਾਰਤ, ਫ਼ਰਾਂਸ ਅਤੇ ਸਵਿਟਜ਼ਰਲੈਂਡ ਆਦਿ ਦੇਸ਼ਾਂ ਵਿੱਚ ਬਹੁ-ਪਾਰਟੀ ਸਿਆਸੀ ਪ੍ਰਥਾ ਹੀ ਪ੍ਰਚਲਤ ਹੈ। ਭਾਰਤ ਵਿੱਚ ਸਮਾਜਿਕ ਭਿੰਨਤਾਵਾਂ ਦੀ ਹੋਂਦ ਕਾਰਨ ਅਜਿਹੇ ਸਮਾਜੀ ਤੇ ਦੇਸ਼ਾਂ ਵਿੱਚ ਬਹੁ-ਪਾਰਟੀ ਪ੍ਰਥਾ ਹੀ ਵੱਖੋ-ਵੱਖ ਲੋਕਾਂ ਦੇ ਪੱਖਾਂ ਦੀ ਬਿਹਤਰ ਨੁਮਾਇੰਦਗੀ ਕਰ ਸਕਦੀ ਹੈ। ਉੱਝ ਭਾਰਤ ਵਿੱਚ ਭਾਈਵਾਲੀ ਦੀ ਪਹਿਲੀ ਸਰਕਾਰ ਸੰਨ 1989 ਵਿੱਚ ਹੀ ਕਾਇਮ ਹੋਈ ਸੀ।

ਇਸ ਪ੍ਰਥਾ ਅਧੀਨ ਵੋਟਰਾਂ ਕੋਲ ਵੀ ਸਿਆਸੀ ਚੋਣ ਦਾ ਘੇਰਾ ਵਸੀਹ ਹੁੰਦਾ ਹੈ ਤਾਂ ਦੇਸ਼ ਦੇ ਸਾਸ਼ਨ ਪ੍ਰਬੰਧ ਵਿੱਚ ਉਨ੍ਹਾਂ ਦੀ ਵੁੱਕਤ (say) ਵੀ ਵੱਧ ਹੁੰਦੀ ਹੈ ਹਾਲਾਂਕਿ ਇਨ੍ਹਾਂ ਪੱਖੀ ਦੇ ਵਿਰੋਧੀ ਬਹੁ-ਪਾਰਟੀ ਪ੍ਰਥਾ ਨੂੰ ਸਿਆਸੀ ਅਸਥਿਰਤਾ ਵਾਲਾ ਮੰਨਦੇ ਹਨ ਜਿੱਥੇ ਵਿਰੋਧੀ ਧਿਰ ਕਮਜ਼ੋਰ ਰਹਿੰਦੀ ਹੈ ਤੇ ਸਿਆਸਤ ਵੱਖੋ-ਵੱਖ ਟੁਕੜਿਆਂ ਵਿੱਚ ਖੇਰੂ ਹੋਈ ਰਹਿੰਦੀ ਹੈ।

ਭਾਰਤ ਵਿੱਚ ਪਾਰਟੀ ਪ੍ਰਥਾ ਦੀਆਂ ਵਿਸ਼ੇਸ਼ਤਾਵਾਂ
(Features of party system in India)

ਭਾਰਤ ਵਿੱਚ ਪਾਰਟੀ ਪ੍ਰਥਾ ਦੀ ਤਾਸੀਰ ਨੂੰ ਹੇਠ ਦਿੱਤੀਆਂ ਵਿਸ਼ੇਸ਼ਤਾਵਾਂ ਸਪਸ਼ਟ ਕਰਦੀਆਂ ਹਨ—

1. ਬਹੁ-ਪਾਰਟੀ ਪ੍ਰਬੰਧ ਜਾਂ ਪ੍ਰਥਾ (Multi-party system) : ਭਾਰਤ, ਬਹੁ-ਭਾਸ਼ਾਈ, ਬਹੁ-ਧਰਮੀਂ ਤੇ ਬਹੁ ਸਭਿਆਚਾਰੀ ਦੇਸ਼ ਹੈ। ਇੱਥੋਂ ਦੇ ਵਿਸਤ੍ਰਿਤ ਤੇ ਉਲਝਵੀਂ ਵਿਭਿੰਨਤਾ, ਮਹਾਂਦੀਪੀ ਅਕਾਰ, ਦੇਸ਼ ਭਰ ਵਿੱਚ ਬਾਲਗ ਮੱਤ ਅਧਿਕਾਰ ਅਤੇ ਗੈਰ-ਸਿਆਸੀ ਅਦਾਰਿਆਂ ਤੇ ਸੰਸਥਾਵਾਂ ਦੀ ਭੂਮਿਕਾ ਆਦਿ ਤੱਤਾਂ ਨੇ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਸਿਆਸੀ ਪਾਰਟੀਆਂ ਹੋਣ ਦੀ

ਭੂਮੀ ਤਿਆਰ ਕੀਤੀ ਹੈ ਜਿਸ ਕਾਰਨ ਸੰਸਾਰ ਭਰ ਵਿੱਚ, ਭਾਰਤ ਸਭ ਤੋਂ ਵੱਧ ਸਿਆਸੀ ਪਾਰਟੀਆਂ ਵਾਲਾ ਦੇਸ਼ ਬਣ ਨਿੱਬੜਿਆ ਹੈ। ਭਾਰਤ ਦੇ ਸਿਆਸੀ ਪਰਦੇ ਉੱਤੇ ਕਈ ਇਲਾਕਾਈ ਅਤੇ ਕੌਮੀ ਜਾਂ ਰਾਸ਼ਟਰੀ ਪਾਰਟੀਆਂ ਜਿਵੇਂ ਕਿ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.), ਭਾਰਤੀ ਰਾਸ਼ਟਰੀ ਕਾਂਗਰਸ, ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਐੱਮ), ਆਮ ਆਦਮੀ ਪਾਰਟੀ (ਏ.ਏ.ਪੀ.), ਜਨਤਾ ਦਲ, ਸ਼ੋਮਣੀ ਅਕਾਲੀ ਦਲ ਆਦਿ ਨਜ਼ਰੀਂ ਪੈਂਦੀਆਂ ਹਨ।

2. ਕੌਮੀ ਤੇ ਸੂਬਾਈ ਪਾਰਟੀਆਂ ਦੀ ਮਾਨਤਾ (Recognition of National and state parties) : ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਚੋਣਾਂ ਦੇ ਮਨੋਰਥ ਨਾਲ ਸਿਆਸੀ ਪਾਰਟੀਆਂ ਦਾ ਪੰਜੀਕਰਨ ਕਰਦਾ (registration) ਹੈ ਅਤੇ ਚੋਣਾਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਅਧਾਰ ਤੇ ਉਨ੍ਹਾਂ ਨੂੰ ਕੌਮੀ ਅਤੇ ਸੂਬਾਈ ਖੇਤਰੀ ਪਾਰਟੀਆਂ ਵਜੋਂ ਮਾਨਤਾ ਦਿੰਦਾ ਹੈ। ਬਾਕੀ ਬਚੀਆਂ ਪਾਰਟੀਆਂ ਪੰਜੀਕ੍ਰਿਤ-ਗੈਰ ਮਾਨਤਾ ਪ੍ਰਾਪਤ ਪਾਰਟੀਆਂ ਕਹਾਉਂਦੀਆਂ ਹਨ। ਮਾਨਤਾ ਪ੍ਰਾਪਤ ਕਰਨ ਮਗਰੋਂ ਸਿਆਸੀ ਪਾਰਟੀਆਂ ਨੂੰ ਕੁਝ ਉਚੇਚੇ ਅਧਿਕਾਰ ਪ੍ਰਾਪਤ ਹੋ ਜਾਂਦੇ ਹਨ ਜਿਵੇਂ ਕਿ ਪਾਰਟੀ ਨੂੰ ਪੱਕਾ ਚੋਣ ਚਿੰਨ੍ਹ ਮਿਲਣਾ, ਸਰਕਾਰੀ ਰੇਡੀਓ ਤੇ ਟੈਲੀਵਿਜ਼ਨ ਉਤੇ ਸੰਬੋਧਨਾਂ ਲਈ ਸਮਾਂ ਮਿਲਣਾ ਅਤੇ ਚੋਣ ਸੂਚੀਆਂ ਮੁਹੱਈਆ ਹੋਣ ਦੀ ਸਹੂਲਤ ਆਦਿ।

- ਕੋਈ ਸਿਆਸੀ ਪਾਰਟੀ ਜਦੋਂ ਲੋਕ ਸਭਾ ਚੋਣਾਂ ਵਿੱਚ ਕੁੱਲ ਵੋਟਾਂ ਦਾ 6 ਫ਼ੀਸਦੀ ਹਿੱਸਾ ਵੋਟ ਪ੍ਰਾਪਤ ਕਰ ਲਵੇ ਜਾਂ 4 ਸੂਬਿਆਂ (ਰਾਜਾਂ) ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ 6-6 ਫ਼ੀਸਦੀ ਵੋਟਾਂ ਪ੍ਰਾਪਤ ਕਰ ਲਵੇ ਅਤੇ ਲੋਕ ਸਭਾ ਦੀਆਂ ਘੱਟੋ-ਘੱਟ 4 ਸੀਟਾਂ ਜਿੱਤ ਲਵੇ ਤਾਂ ਅਜਿਹੀ ਪਾਰਟੀ ਕੌਮੀ ਜਾਂ ਰਾਸ਼ਟਰੀ ਪਾਰਟੀ ਬਣਨ ਲਈ ਯੋਗ ਹੋ ਜਾਂਦੀ ਹੈ।
- ਕੋਈ ਸਿਆਸੀ ਪਾਰਟੀ ਜਦੋਂ ਕਿਸੇ ਸੂਬੇ (ਰਾਜ) ਵਿੱਚ ਵਿਧਾਨ ਸਭਾ ਚੋਣਾਂ ਦੌਰਾਨ 6 ਫ਼ੀਸਦੀ ਵੋਟਾਂ ਅਤੇ ਘੱਟੋ-ਘੱਟ ਵਿਧਾਨ ਸਭਾ ਦੀਆਂ ਦੋ ਸੀਟਾਂ ਜਿੱਤ ਲਵੇ ਤਾਂ ਸੂਬਾਈ ਪਾਰਟੀ ਵਜੋਂ ਮਾਨਤਾ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੀ ਹੈ।

ਉਪਰੋਕਤ ਦੋਹੇਂ ਤੱਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੂੰ ਕੌਮੀ ਜਾਂ ਸੂਬਾਈ ਪਾਰਟੀ ਵਜੋਂ ਮਾਨਤਾ ਪ੍ਰਾਪਤ ਕਰਨ ਲਈ ਚੁਣਾਵੀ ਕਾਰਗੁਜ਼ਾਰੀ ਵਿਖਾਉਣੀ ਜ਼ਰੂਰੀ ਹੈ। ਇਵੇਂ ਅੱਜ ਦੀ ਸੂਬਾਈ ਖੇਤਰੀ ਪਾਰਟੀ ਭਲਕੇ ਕੌਮੀ ਪਾਰਟੀ ਬਣ ਸਕਦੀ ਹੈ ਅਤੇ ਅੱਜ ਦੀ ਕੌਮੀ ਪਾਰਟੀ, ਭਲਕੇ ਸੂਬਾਈ ਖੇਤਰੀ ਪਾਰਟੀ ਬਣ ਕੇ ਰਹਿ ਸਕਦੀ ਹੈ। ਸਪਸ਼ਟ ਹੈ ਕਿ ਕੌਮੀ ਜਾਂ ਸੂਬਾਈ ਖੇਤਰੀ ਪਾਰਟੀਆਂ ਦੀ ਗਿਣਤੀ ਸਥਾਈ ਨਹੀਂ ਹੋ ਸਕਦੀ ਸਗੋਂ ਬਦਲਦੀ ਰਹਿੰਦੀ ਹੈ। ਦੂਸਰੇ ਪਾਸੇ ਜੇਕਰ ਸਿਆਸੀ ਪਾਰਟੀਆਂ ਨਾਮਾਵਲੀ ਦੇ ਪੱਖ ਤੋਂ ਵੇਖੀਏ ਤਾਂ ਕਿਸੇ ਖੇਤਰੀ ਪਾਰਟੀ ਦਾ ਪ੍ਰਭਾਵ ਕਿਸੇ ਖਾਸ ਇਲਾਕੇ ਤੱਕ ਸੀਮਤ ਹੁੰਦਾ ਹੈ ਜਦੋਂ ਕਿ ਕੌਮੀ ਪਾਰਟੀ ਦਾ ਪ੍ਰਭਾਵ ਇਲਾਕਿਆਂ ਤੋਂ ਪਾਰ ਵੀ ਹੁੰਦਾ ਹੈ ਅਤੇ ਉਸਦੀ ਤਾਸੀਰ ਕੌਮੀ ਹੁੰਦੀ ਹੈ। ਭਾਰਤੀ ਚੋਣ ਕਮਿਸ਼ਨ ਵੱਖੋ-ਵੱਖ ਕੌਮੀ ਤੇ ਸੂਬਾਈ ਸਿਆਸੀ ਪਾਰਟੀਆਂ ਨੂੰ ਮਾਨਤਾ ਦਿੰਦਾ ਹੈ ਅਤੇ ਇਨ੍ਹਾਂ ਪਾਰਟੀਆਂ ਦੀ ਗਿਣਤੀ ਘੱਟਦੀ-ਵੱਧਦੀ ਰਹਿੰਦੀ ਹੈ।

3. ਵਿਚਾਰਧਾਰਕ ਸੰਕਟ (Ideological Crisis) : ਭਾਰਤੀ ਸਿਆਸਤ ਵਿੱਚ ਪ੍ਰਮੁੱਖ ਖਲਾਅ ਵਿਚਾਰਧਾਰਕ ਸੰਕਟ ਦੇ ਹੀ ਕਾਰਨ ਤੇ ਇਸੇ ਤੱਤ ਲਈ ਪੈਦਾ ਹੁੰਦਾ ਹੈ। ਭਾਰਤ ਵਿੱਚ ਆਪਣੀ ਹੋਂਦ ਦਾ ਅਧਾਰ ਵਿਚਾਰਧਾਰਾ ਹੋਣ ਦੇ ਦਾਅਵੇ ਕਰਨ ਵਾਲੀਆਂ ਸਿਆਸੀ ਪਾਰਟੀਆਂ ਜਿਵੇਂ ਕਿ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ) ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.), ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਐੱਮ), ਸ਼ੋਮਣੀ ਅਕਾਲੀ ਦਲ ਆਦਿ ਦਾ ਮੁੱਖ ਮਨੋਰਥ ਵੀ ਸੱਤ੍ਹਾ ਉਤੇ ਕਾਬਜ਼ ਹੋਣ ਦੇ ਹੀਲੇ ਕਰਨਾ ਹੀ ਵਧੇਰੇ ਨਜ਼ਰੀਂ ਪੈਂਦਾ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਅਸਲੋਂ ਤਾਂ ਵਿਚਾਰਧਾਰਕ ਪੱਖ ਤੋਂ ਸਿਆਸੀ ਪਾਰਟੀਆਂ ਸਿਧਾਂਤਾਂ ਦੀ ਬਜਾਏ ਇੱਕ-ਦੂਸਰੇ ਦੇ ਵੱਧ ਨੇੜੇ ਹਨ ਤੇ ਹਰ ਪਾਰਟੀ ਹੀ ਲੋਕਤੰਤਰ (ਜਮਹੂਰੀਅਤ), ਧਰਮ-ਨਿਰਪੱਖਤਾ, ਸਮਾਜਵਾਦ ਤੇ ਗਾਂਧੀਵਾਦੀ ਸਿਧਾਂਤਾ ਦੀ ਵਕਾਲਤ ਕਰਦੀ ਹੈ ਜਿਸਦਾ ਸਿੱਟਾ ਇਹ ਹੈ ਕਿ ਸਿਆਸਤ, ਵਿਚਾਰਧਾਰਕ ਸਿਧਾਂਤਾਂ ਤੋਂ ਦੋਹਾਂ ਦੂਰ ਹੋ ਚੁੱਕੀ ਹੈ।

4. ਸ਼ਖ਼ਸੀ ਧਾਂਕ (Personality cult) : ਭਾਰਤ ਵਿੱਚ ਬਹੁਤੀਆਂ ਮੌਜੂਦਾ ਪਾਰਟੀਆਂ ਸਿਰਕੱਢ ਆਗੂਆਂ ਦੁਆਲੇ ਹੀ ਸੰਗਠਤ ਹੋਈਆਂ ਹਨ ਜਿਸਦੀ ਧਾਂਕ ਤੇ ਪ੍ਰਭਾਵ ਨਾਲ ਇਨ੍ਹਾਂ ਪਾਰਟੀਆਂ ਦੇ ਵੋਟ ਬੈਂਕ ਉਸਰੇ ਹਨ। ਇਨ੍ਹਾਂ ਆਗੂਆਂ ਦੇ ਨਾਮਾਂ ਤੇ ਕ੍ਰਿਸ਼ਮਾਕਾਰੀ ਪ੍ਰਭਾਵਾਂ ਕਾਰਨ ਹੀ ਪਾਰਟੀਆਂ ਦੀ ਪਛਾਣ ਬਣੀ ਹੈ ਨਾ ਕਿ ਉਨ੍ਹਾਂ ਦੇ ਮਨੋਰਥ ਪੱਤਰਾਂ ਕਾਰਨ। ਇਹ ਤੱਥ ਹੈ ਕਿ ਕਾਂਗਰਸ ਪਾਰਟੀ ਦੀ ਹਰਮਨਪਿਆਰਤਾ ਵੀ ਜਵਾਹਰ ਲਾਲ ਨਹਿਰੂ, ਇੰਦਿਰਾ ਗਾਂਧੀ ਤੇ ਰਾਜੀਵ ਗਾਂਧੀ ਕਾਰਨ ਹੀ ਰਹੀ। ਆਮ ਆਦਮੀ ਪਾਰਟੀ ਦੀ ਪਛਾਣ ਵੀ ਅਰਵਿੰਦ ਕੇਜਰੀਵਾਲ ਨਾਲ ਜੁੜ ਕੇ ਹੀ ਬਣੀ। ਇਵੇਂ ਹੀ ਹਾਲ ਹੀ ਵਿੱਚ ਨਰਿੰਦਰ ਮੋਦੀ ਹੀ ਬੀ.ਜੇ.ਪੀ. ਦਾ ਚਿਹਰਾ ਮੋਹਰਾ ਬਣੇ। ਪੰਜਾਬ ਵਿੱਚ ਸ਼ੋਮਣੀ ਅਕਾਲੀ ਦਲ ਭਾਵੇਂ 1920 ਵਿਆਂ ਵਿੱਚ ਚੱਲੀ ਗੁਰੂਦੁਆਰਾ

ਸੁਧਾਰ ਲਹਿਰ ਵਿੱਚੋਂ ਉਭਰਿਆ ਪਰ ਹਾਲ ਹੀ ਵਿੱਚ ਬਾਦਲ ਪਰਿਵਾਰ ਦੀ ਸ਼ਖ਼ਸੀ ਧਾਂਕ ਵਿੱਚ ਡੁੱਬ ਗਿਆ। ਇਸ ਲਈ ਅਕਸਰ ਹੀ ਕਿਹਾ ਜਾਂਦਾ ਹੈ, ਭਾਰਤ ਵਿੱਚ ਸਿਆਸੀ ਪਾਰਟੀਆਂ ਨਾਲੋਂ ਵੱਧ ਪ੍ਰਭਾਵ ਸਿਆਸੀ ਸ਼ਖ਼ਸੀਅਤਾਂ ਦਾ ਹੈ।

5. ਗ਼ੈਰ-ਸਿਆਸੀ ਤੱਤਾਂ ਦਾ ਅਸਰ (Influence of non-political factors) : ਪੱਛਮੀ ਦੇਸ਼ਾਂ ਵਿੱਚ ਜ਼ਿਆਦਾਤਰ ਸਿਆਸੀ ਪਾਰਟੀਆਂ ਦੀ ਸਥਾਪਨਾ ਸਮਾਜੀ-ਆਰਥਕ ਅਤੇ ਰਾਜਨੀਤਕ ਭਲਾਈ ਦੇ ਏਜੰਡੇ ਭਾਵ ਅਧਾਰ ਤੇ ਹੁੰਦੀ ਹੈ ਜਦੋਂ ਭਾਰਤ ਵਿੱਚ ਬਹੁ-ਗਿਣਤੀ ਸਿਆਸੀ ਪਾਰਟੀਆਂ ਧਰਮ, ਜਾਤ, ਬੋਲੀ (ਭਾਸ਼ਾ), ਸਭਿਆਚਾਰ ਅਤੇ ਅਜਿਹੇ ਹੋਰ ਅਧਾਰਾਂ ਉਤੇ ਸਥਾਪਤ ਕੀਤੀਆਂ ਜਾਂਦੀਆਂ ਹਨ। ਉਦਾਹਰਣ ਵਜੋਂ ਸ਼ਿਵ ਸੈਨਾ, ਮੁਸਲਿਮ ਲੀਗ, ਬਹੁਜਨ ਸਮਾਜ ਪਾਰਟੀ, ਅਕਾਲੀ ਦਲ ਆਦਿ। ਅਜਿਹੀਆਂ ਸਿਆਸੀ ਪਾਰਟੀਆਂ ਦਾ ਮਨੋਰਥ ਆਪਣੇ ਸਮਾਜਿਤ ਗੁੱਟ, ਸਮੂਦਾਇ ਅਤੇ ਨਾਗਰਿਕਾਂ ਦੇ ਹੱਕ ਵਿੱਚ ਹੀ ਕਾਰਜ ਕਰਨਾ ਬਣ ਕੇ ਰਹਿ ਜਾਂਦਾ ਹੈ ਜਿਨ੍ਹਾਂ ਪ੍ਰਤੀ ਇਹ ਪਾਰਟੀਆਂ ਆਪਣੀ ਭਰਪੂਰ ਵਫ਼ਾਦਾਰੀ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਇਸ ਸਭ ਦਾ ਸਿੱਟਾ ਇਹ ਨਿਕਲਦਾ ਹੈ ਕਿ ਚੋਣਾਂ ਜਿੱਤਣ ਲਈ ਅਜਿਹੀਆਂ ਪਾਰਟੀਆਂ ਆਪਣੇ ਵੋਟਰਾਂ ਨੂੰ ਜਾਤ ਤੇ ਧਰਮ ਦੇ ਨਾਮ ਤੇ ਭਰਮਾਉਂਦੀਆਂ ਹਨ।

6. ਖੇਤਰੀ ਪਾਰਟੀਆਂ ਦਾ ਵੱਧਦਾ ਮਹੱਤਵ (Growing significance of Regional parties) : ਭਾਰਤੀ ਸਿਆਸੀ ਪਾਰਟੀ ਪ੍ਰਥਾ ਦਾ ਇੱਕ ਹੋਰ ਮਹੱਤਵਪੂਰਨ ਤੱਤ ਹੈ ਕਿ ਦੇਸ਼ ਵਿੱਚ ਕਈ ਖੇਤਰੀ ਜਾਂ ਸੂਬਾਈ ਪਾਰਟੀਆਂ ਕਾਇਮ ਹੋ ਗਈਆਂ ਹਨ। ਤੁਸੀਂ ਉੜੀਸਾ ਦੇ ਬਿੱਜੂ ਜਨਤਾ ਦੱਲ (ਬੀ.ਜੇ.ਪੀ.), ਤਾਮਿਲਨਾਡੂ ਦੇ ਦ੍ਰਾਵਿੜ ਮੁਨੇਤਰ ਕੜਗਜ਼ਮ (ਡੀ.ਐਮ.ਕੇ.) ਅਤੇ ਆਲ ਇੰਡੀਆ ਅੱਨਾ ਦ੍ਰਾਵਿੜ ਮੁਨੇਤਰ ਕੜਗਜ਼ਮ (ਏ.ਆਈ.ਏ.ਡੀ.ਐੱਮ.ਕੇ.), ਉੱਤਰ ਪ੍ਰਦੇਸ਼ ਦੀ ਸਮਾਜਵਾਦੀ ਪਾਰਟੀ, ਬਿਹਾਰ ਦੇ ਰਾਸ਼ਟਰੀ ਜਨਤਾ ਦਲ ਤੇ ਪੰਜਾਬ ਦੇ ਅਕਾਲੀ ਦਲ ਆਦਿ ਦੇ ਨਾਮ ਤਾਂ ਸੁਣੇ ਹੀ ਹੋਣਗੇ। ਇਹ ਸਾਰੀਆਂ ਪਾਰਟੀਆਂ ਇਨ੍ਹਾਂ ਸੂਬਿਆਂ (ਰਾਜਾਂ) ਵਿੱਚੋਂ ਹੀ ਉੱਠੀਆ ਸਨ ਤੇ ਸ਼ੁਰੂ ਵਿੱਚ ਖੇਤਰੀ ਪਾਰਟੀਆਂ ਹੀ ਸਨ ਪਰ ਮਗਰੋਂ ਇਹ ਕੌਮੀ ਰਾਜਨੀਤੀ ਵਿੱਚ ਅਹਿਮ ਰੋਲ ਅਦਾ ਕਰਨ ਲੱਗੀਆਂ ਤੇ ਇਨ੍ਹਾਂ ਦੀ ਭਾਈਵਾਲੀ ਨਾਲ ਕੇਂਦਰ ਵਿੱਚ ਸਰਕਾਰਾਂ ਦੀ ਸਥਾਪਤ ਹੋਈਆਂ। ਬਹੁ-ਪਾਰਟੀ ਪ੍ਰਣਾਲੀ ਵਿੱਚ ਲਟਕਵੀਂ ਸੰਸਦ ਦਾ ਚਨਣ ਵੀ ਆਮ ਹੁੰਦਾ ਹੈ ਇਸੇ ਕਾਰਨ ਖੇਤਰੀ ਪਾਰਟੀਆਂ ਦੀ ਵੁਕਤ ਤੇ ਹਰਮਨ ਪਿਆਰਤਾ ਵਿੱਚ ਵਾਧਾ ਹੁੰਦਾ ਹੈ।

ਐੱਨ ਡੀ.ਏ. (ਨੈਸ਼ਨਲ ਡੈਮੋਕ੍ਰੇਟਿਕ ਐਲਾਇੰਸ) ਅਤੇ ਯੂ.ਪੀ.ਏ. (ਯੂਨਾਈਟਿਡ ਪ੍ਰੋਗਰੈਸਿਵ ਐਲਾਇੰਸ) ਕੇਂਦਰ ਜਾਂ ਸੰਘੀ ਪੱਧਰ ਦੇ ਅਜਿਹੇ ਦੋ ਚੋਣ ਭਾਈਵਾਲ ਹਨ ਜਿਨ੍ਹਾਂ ਵਿੱਚ ਕੌਮੀ ਤੇ ਖੇਤਰੀ ਪਾਰਟੀਆਂ ਸ਼ਾਮਲ ਹਨ।

7. ਧੜ੍ਹੇਬੰਦੀ ਤੇ ਦੱਲ-ਬਦਲੀ (Factions and Defections) : ਭਾਰਤ ਵਿੱਚ ਸਿਆਸੀ ਰਾਜਨੀਤਕ ਪਾਰਟੀਆਂ ਦੇ ਕਾਰ-ਵਿਹਾਰ ਦਾ ਹਿੱਸਾ ਹਨ, ਧੜ੍ਹੇਬੰਦੀ, ਦਲ-ਬਦਲੀ, ਵਿਭਾਜਨ, ਰਲੇਵਾਂ, ਧਰੁਵੀਕਰਨ ਜਾਂ ਚੁੰਬਕੀਕਰਨ ਆਦਿ। ਸੱਤ੍ਹਾ ਵਿੱਚ ਆਉਣ ਦਾ ਲਾਲਚ ਸਿਆਸੀ ਪਾਰਟੀਆਂ ਨੂੰ ਦਲ-ਬਦਲੀ ਲਈ ਮਜਬੂਰ ਕਰ ਦਿੰਦਾ ਹੈ। ਦਲ-ਬਦਲੀ ਦੇ ਅਜਿਹੇ ਚਲਣ ਭਾਰਤੀ ਸਿਆਸਤ ਵਿੱਚ ਗਿਰਾਵਟ ਦਾ ਅਧਾਰ ਬਣਦੇ ਹਨ ਤੇ ਸੂਬਿਆਂ (ਰਾਜਾਂ) ਅਤੇ ਕੇਂਦਰ ਵਿੱਚ ਸਰਕਾਰਾਂ ਦੀ ਅਸਥਿਰਤਾ ਦਾ ਅਧਾਰ ਬਣੇ ਹਨ। ਉਦਾਹਰਨ ਵਜੋਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਦਾ ਜਨਮ ਭਾਰਤੀ ਕਮਿਊਨਿਸਟ ਪਾਰਟੀ ਤੋਂ ਹੋਇਆ ਅਤੇ ਕਾਂਗਰਸ ਨੇ ਕਈ ਧੜ੍ਹਿਆਂ ਤੇ ਫ਼ੇਰ ਪਾਰਟੀਆਂ ਨੂੰ ਜਨਮ ਦਿੱਤਾ ਹੈ। ਸਿਆਸੀ ਅਖੌਤ ਆਇਆ ਰਾਮ ਗਿਆ ਰਾਮ ਅਜਿਹੀਆਂ ਸਿਆਸੀ ਕਾਰਵਾਈਆਂ ਵੱਲ ਹੀ ਇਸ਼ਾਰਾ ਕਰਦੀ ਹੈ।

ਉਕਤ ਝੁਕਾਵਾਂ ਨੂੰ ਰੋਕਣ ਹਿੱਤ ਹੀ ਸੰਨ 1985 ਵਿੱਚ 52 ਸੰਵਿਧਾਨਕ ਸੋਧ ਐਕਟ ਰਾਹੀਂ ਸੰਵਿਧਾਨ ਦੀ 10ਵੀਂ ਅਨੁਸੂਚੀ ਸਾਮਲ ਕਰਨ ਤੋਂ ਇਲਾਵਾ ਐਂਟੀ-ਡਿਫ਼ੈਕਸ਼ਨ ਲੋਅ (ਦਲ-ਬਦਲੀ ਰੋਕ ਕਨੂੰਨ) ਵੀ ਬਣਾਇਆ ਗਿਆ।

8. ਵਿਰੋਧੀ ਧਿਰ ਦਾ ਕਮਜ਼ੋਰ ਕਿਰਦਾਰ (Weak Character of opposition) : ਭਾਰਤ ਵਿੱਚ ਪ੍ਰਚਲਤ ਸੰਸਦੀ ਲੋਕਤੰਤਰ ਵਰਗੀ ਰਾਜਨੀਤਿਕ ਤੰਤਰ (ਪ੍ਰਬੰਧ) ਦੀ ਕਾਮਯਾਬੀ ਲਈ ਅਸਰਦਾਇਕ ਵਿਰੋਧੀ ਧਿਰ ਦੀ ਹੋਂਦ ਬਹੁਤ ਜ਼ਰੂਰੀ ਹੁੰਦੀ ਹੈ। ਵਿਰੋਧੀ ਧਿਰ, ਹੁਕਮਰਾਨ ਪਾਰਟੀ ਦੇ ਇਕਤੰਤਰ ਨੂੰ ਰੋਕ ਲਾਉਂਦੀ ਹੈ ਅਤੇ ਸਰਕਾਰ ਦੇ ਬਦਲ ਵਜੋਂ ਕਾਰਜ ਕਰਦੀ ਹੈ। ਹਾਲਾਂਕਿ ਤੱਥ ਇਹ ਵੀ ਹੈ ਕਿ ਪਿਛਲੇ 50 ਸਾਲ ਦੇ ਵਕਫ਼ੇ ਵਿੱਚ ਅਸਰਦਾਇਕ, ਤਾਕਤਵਰ, ਸੰਗਠਤ ਅਤੇ ਸਪਸ਼ਟ ਕੌਮੀ ਵਿਰੋਧੀ ਧਿਰ ਭਾਰਤ ਵਿੱਚ ਕਦੇ ਸਾਹਮਣੇ ਨਹੀਂ ਆਈ, ਕੁਝ ਮੌਕਿਾਂ ਤੇ ਪਾਰਟੀਆਂ ਵੱਲੋਂ ਵਿਖਾਈ ਗਈ ਟਾਂਵੀਂ-ਟਾਵੀਂ ਕਾਰਗੁਜ਼ਾਰੀ ਤੋਂ ਇਲਾਵਾ।

ਵਿਰੋਧੀ ਪਾਰਟੀਆਂ (ਧਿਰਾਂ) ਵਿੱਚ ਕੋਈ ਆਪਸੀ ਏਕਾ ਨਹੀਂ ਨਜ਼ਰੀ ਪੈਂਦਾ ਅਤੇ ਹੁਕਮਰਾਨ ਪਾਰਟੀ ਸੰਬੰਧੀ ਵਿਚਾਰਾਂ ਪੱਖਾਂ ਬਾਰੇ ਵੀ ਆਪਸ ਵਿੱਚ ਉਲਝਣ ਤਾਣੀ ਬਣੀ ਰਹਿੰਦੀ ਹੈ। ਦੇਸ ਦੀ ਉਸਾਰੀ ਵਿੱਚ ਵਿਰੋਧੀ ਧਿਰਾਂ ਦੀ ਅਸਿੱਧੀ ਭੂਮਿਕਾ ਸਾਰਥਕ ਰੂਪ ਵਿੱਚ ਨਿਭਾਉਣ ਜੋਗਾ ਕੰਮ ਭਾਰਤ ਵਿੱਚ ਵਿਰੋਧੀ ਧਿਰਾਂ ਨੇ ਹਾਲੇ ਤੱਕ ਤਾਂ ਨਹੀਂ ਕੀਤਾ।

ਅੰਤ ਸਿੱਟਾ ਨਿਕਲਦਾ ਹੈ ਕਿ ਸਿਆਸੀ ਪਾਰਟੀਆਂ ਕਿਸੇ ਵੀ ਲੋਕਤੰਤਰ ਦੀ ਸਭਾ ਤੋਂ ਵੱਧ ਪ੍ਰਤੱਖ ਸੰਸਥਾ ਹੁੰਦੀਆਂ ਹਨ। ਸਿਆਸੀ ਪਾਰਟੀਆਂ ਦਾ ਵਰਤਮਾਨ ਸਰੂਪ 19ਵੀਂ ਸਦੀ ਵਿੱਚ ਯੂਰਪ ਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਭ ਤੋਂ ਪਹਿਲਾਂ ਸਾਹਮਣੇ ਆਇਆ ਸੀ ਅਤੇ 20ਵੀਂ ਸਦੀ ਵਿੱਚ ਸਿਆਸੀ ਪਾਰਟੀਆਂ ਹੀ ਸਿਆਸਤ ਕਰਦੀਆਂ ਹਨ। ਕਈ ਦੇਸ਼ਾਂ ਵਿੱਚ ਇਕਹਿਰੀ ਪਾਰਟੀ ਦਾ ਸ਼ਾਸਨ ਹੈ ਤੇ ਕਈਆਂ ਵਿੱਚ ਕਈ-ਕਈ ਪਾਰਟੀਆਂ ਦਾ ਪਰ ਸਿਆਸੀ ਪਾਰਟੀ ਰਹਿਤ ਮੁਲਕ ਕੋਈ ਵੀ ਨਹੀਂ ਹੈ। ਪਾਰਟੀ ਹੀਣ ਜਾਂ ਪਾਰਟੀ ਰਹਿਤ ਲੋਕਤੰਤਰ ਤਾਂ ਮਹਿਜ਼ ਕਲਪਨਾ ਹੀ ਹੋ ਸਕਦੀ ਹੈ। ਚੋਣਾਂ ਨੂੰ ਜੇਕਰ ਕਿਸੇ ਲੋਕਤੰਤਰ ਦੀ ਰੂਹ (ਆਤਮਾ) ਕਿਹਾ ਜਾਂਦਾ ਹੋਵੇ ਤਾਂ ਸਿਆਸੀ ਪਾਰਟੀਆਂ ਉਸ ਲੋਕਤੰਤਰ ਨੂੰ ਰੇੜ੍ਹਨ ਵਾਲੇ ਚੱਕਿਆਂ (ਪਹੀਆਂ) ਤੋਂ ਘੱਟ ਨਹੀਂ ਹਨ।

ਸਿਆਸੀ ਪਾਰਟੀਆਂ ਦੀ ਲੋੜ ਦਾ ਰਾਜ਼ ਇਨ੍ਹਾਂ ਤੱਥਾਂ ਵਿੱਚ ਲੁਕਿਆ ਹੋ ਕਿ ਗੁੰਝਲਦਾਰ ਤੇ ਵਿਲੱਖਣਤਾ ਭਰਪੂਰ ਲੋਕਤੰਤਰਾਂ ਜਮਹੂਰੀਅਤਾਂ ਵਿੱਚ ਲੋਕ ਆਪ ਹੀ ਆਪਣੇ ਉਤੇ ਹਕੂਮਤ ਨਹੀਂ ਕਰ ਸਕਦੇ ਹੰਦੇ ਸਗੋਂ ਉਨ੍ਹਾਂ ਨੂੰ ਆਪਣੇ ਪ੍ਰਤੀਨਿਧ ਗੁਟਾਂ ਦੀ ਲੋੜ ਹੁੰਦੀ ਹੈ। ਲੋਕਾਂ ਦੀ ਪ੍ਰਤੀਨਿਧਤਾਂ ਦਾ ਸਰਵੋਤਮ ਢੰਗ ਸਿਆਸੀ ਪਾਰਟੀਆਂ ਦੀ ਹੋਂਦ ਵਿੱਚ ਹੀ ਰਚਿਆ ਹੋਇਆ ਹੈ। ਇੰਝ ਸਿਆਸੀ ਪਾਰਟੀਆਂ ਪ੍ਰਤਿਨਿਧਤਾ ਵਾਲੇ ਲੋਕਤੰਤਰ ਦੀਆਂ ਝੰਡਾ-ਬਰਦਾਰ ਬਣ ਜਾਂਦੀਆਂ ਹਨ। ਸਿਆਸੀ ਪਾਰਟੀਆਂ ਨਾਲ ਕਈ ਭੈੜਾਂ ਬੁਰਾਈਆਂ ਜੁੜੀਆਂ ਹੋ ਸਕਦੀਆਂ ਹਨ ਪਰ ਸੱਚ ਇਹ ਵੀ ਹੈ ਕਿ ਕਿਸੇ ਜਮਹੂਰੀਅਤ (ਲੋਕਤੰਤਰ) ਨੇ ਕਦੇ ਪਾਰਟੀਆਂ ਤੋਂ ਬਗੈਰ ਕਾਰਜ ਕਰਨ ਦਾ ਹੀਆ ਤੱਕ ਵੀ ਨਹੀਂ ਕੀਤਾ ਤੇ ਉਹ ਜਮਹੂਰੀ (ਲੋਕਤੰਤਰੀ) ਪ੍ਰਬੰਧ ਦਾ ਅਟੁੱਟ ਅੰਗ ਬਣ ਗਈਆਂ ਹਨ। ਇਹ ਸੋਚਣਾ ਹੁਣ ਵੋਟਰਾਂ ਤੇ ਲੋਕਾਂ ਦੀ ਜ਼ਿੰਮੇਦਾਰੀ ਹੈ ਕਿ ਸਿਆਸੀ ਪਾਰਟੀਆਂ ਚੰਗੀਆਂ ਹਨ, ਮੰਦੀਆਂ ਹਨ ਕਿ ਮੰਦੀਆਂ ਹੋਣ ਦੇ ਬਾਵਜੂਦ ਜ਼ਰੂਰੀ ਹਨ ਜਾਂ ਫ਼ੇਰ ਮੰਦੀਆਂ ਤੇ ਗ਼ੈਰ-ਜ਼ਰੂਰੀ ਵੀ।

ਭਾਰਤ ਦੀਆਂ ਸਿਆਸੀ ਪਾਰਟੀਆਂ ਤੇ ਇੱਕ ਝਾਤ

ਹੇਠ ਕੁਝ ਕੌਮੀ ਤੇ ਖੇਤਰੀ ਸੂਬਾਈ ਸਿਆਸੀ ਪਾਰਟੀਆਂ ਨਾਲ ਜਾਣ-ਪਛਾਣ ਦਿੱਤੀ ਗਈ ਹੈ ਜੋ ਕਿ ਭਾਰਤ ਵਿੱਚ ਕਾਰਜ ਕਰ ਰਹੀਆਂ ਹਨ-



ਭਾਰਤੀ ਜਨਤਾ ਪਾਰਟੀ ਦਾ ਚਿੰਨ੍ਹ

ਭਾਰਤੀਅ ਜਨਤਾ ਪਾਰਟੀ (B.J.P) : ਭਾਰਤੀ ਜਨਤਾ ਪਾਰਟੀ ਦਾ ਜਨਮ ਭਾਰਤੀ ਜਨ ਸੰਘ ਵਿੱਚ ਹੋਇਆ ਹੈ ਜਿਸਨੂੰ ਆਮਤੌਰ ਤੇ ਜਨਸੰਘ ਵਜੋਂ ਜਾਣਿਆ ਜਾਂਦਾ ਹੈ। ਇਸ ਸੰਘ ਦੀ ਸਥਾਪਨਾ ਕਾਂਗਰਸ ਪਾਰਟੀ ਦੀ ਸਿਆਸੀ ਪਕੜ ਦਾ ਸਾਹਮਣਾ ਕਰਨ ਲਈ ਸੰਨ 1951 ਵਿੱਚ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਕੀਤੀ ਸੀ। ਜਨਸੰਘ ਦਾ ਪੁਨਰ ਜਨਮ ਹੀ ਸੰਨ 1980 ਵਿੱਚ ਭਾਰਤੀ ਜਨਤਾ ਪਾਰਟੀ ਦੇ ਨਾਮ ਹੇਠ ਹੋਇਆ। ਜ਼ਿਆਦਾਤਰ ਲੋਕਾਂ ਦੀ ਪਸੰਦ ਤੋਂ ਪਰੇ ਰਹੀ ਇਹ ਪਾਰਟੀ ਕਦੇ ਬਹੁਤੀ ਹਰਮਨਪਿਆਰੀ ਨਹੀਂ ਸੀ ਪਰ ਵੀਹਵੀਂ ਸਦੀ ਦੇ ਅੰਤ ਤੋਂ ਹੁਣ ਤੱਕ, ਸਭ ਤੋਂ ਮਹੱਤਵਪੂਰਣ ਸਿਆਸੀ ਪਾਰਟੀ ਬਣ ਗਈ ਹੈ। ਇਸ ਪਾਰਟੀ ਨੂੰ ਕਮਲ ਦਾ ਫੁੱਲ ਚੋਣ ਨਿਸ਼ਾਨ ਵਜੋਂ ਜਾਰੀ ਹੋਇਆ ਹੈ। ਕਮਲ ਦਾ ਫੁੱਲ ਭਾਰਤ ਦਾ ਕੌਮੀ ਫੁੱਲ ਵੀ ਐਲਾਨਿਆ ਗਿਆ ਹੈ। ਇਸ ਪਾਰਟੀ ਦੇ ਪ੍ਰਮੁੱਖ ਨੇਤਾਵਾਂ (ਆਗੂਆਂ) ਵਿੱਚ ਸ਼੍ਰੀ ਅਟੱਲ ਬਿਹਾਰੀ ਵਾਜਪਈ, ਸ਼੍ਰੀ ਲਾਲ ਕ੍ਰਿਸ਼ਨ ਅਡਵਾਲੀ, ਸ਼੍ਰੀ ਨਰੇਂਦਰ ਮੋਦੀ, ਸ਼੍ਰੀ ਨਿਤਿਨ ਗਡਕਰੀ ਤੇ ਸ਼੍ਰੀ ਰਾਜਨਾਥ ਸਿੰਘ ਸ਼ਾਮਲ ਹਨ।



ਭਾਰਤੀ ਰਾਸ਼ਟਰੀ ਕਾਂਗਰਸ ਦਾ ਚਿੰਨ੍ਹ

ਇੰਡੀਅਨ ਨੈਸ਼ਨਲ ਕਾਂਗਰਸ (I.N.C) : ਕਾਂਗਰਸ ਨੂੰ ਭਾਰਤ ਦੀ ਪ੍ਰਥਮ ਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਮੰਨਿਆ ਜਾਂਦਾ ਹੈ। ਇਸਦੀ ਸਥਾਪਨਾ ਸੰਨ 1885 ਵਿੱਚ ਬਰਤਾਨਵੀਂ ਮੂਲ ਦੇ ਭਾਰਤੀ ਸਿਵਿਲ ਅਧਿਕਾਰੀ (ਸੇਵਾ ਮੁਕਤ) ਐਲਨ ਉਕਤਾਵੀਅਨ ਹਿਊਮ (A.O. Hume) ਨੇ ਭਾਰਤ ਦੀ ਅਜ਼ਾਦੀ ਤੋਂ ਕਈ ਸਾਲ ਪਹਿਲਾਂ ਪੜ੍ਹੇ-ਲਿਖੇ ਲੋਕਾਂ ਦੀ ਸਿਆਸੀ ਅਵਾਜ਼ ਸੁਣਨ ਲਈ ਕੀਤੀ ਸੀ। ਇਸੇ ਪਾਰਟੀ ਦੇ ਸਿਰ ਭਾਰਤ ਨੂੰ ਅਜ਼ਾਦੀ ਤੋਂ ਕਈ ਵਰ੍ਹੇ ਬਾਅਦ ਤੱਕ ਕਾਂਗਰਸ ਪਾਰਟੀ ਦਾ ਹੀ ਦੇਸ਼ ਭਰ ਵਿੱਚ ਸਿਆਸੀ ਦਬਦਬਾ ਬਣਿਆ ਰਿਹਾ। ਭਾਰਤੀ ਰਾਸ਼ਟਰੀ ਕਾਂਗਰਸ ਇੱਕ ਪ੍ਰਮੁੱਖ ਪਾਰਟੀ ਹੈ ਜਿਸ ਵਿੱਚ ਕਈ ਗੁੱਟ ਹਨ, ਕਈ ਛੱਡ-ਛਡਾਈਆਂ ਹੋਈਆਂ ਹਨ, ਰਲ਼ੇਵੇਂ ਹੋਏ, ਪਾਟੋ-ਧਾੜ ਹੋਈ ਤੇ ਹਰ ਸਿਆਸੀ ਹੱਲ-ਚੱਲ ਹੋਈ ਹੈ। ਪਾਰਟੀ ਨੂੰ ਕਾਂਗਰਸ ਵਜੋਂ ਹੀ ਜਾਣਿਆ ਜਾਂਦਾ ਹੈ। ਇਸਦਾ ਚੋਣ ਨਿਸ਼ਾਨ ਸੱਜੇ ਹੱਥ ਦਾ ਹਥੇਲੀ ਵਾਲਾ ਪਰਦਰਸ਼ਿਤ ਪਾਸਾ ਹੈ। ਸੰਨ 1978 ਤੋਂ ਪਹਿਲਾਂ ਇਸਦਾ ਚੋਣ ਨਿਸ਼ਾਨ ਗਊ-ਵੱਛਾ ਸੀ। ਕਾਂਗਰਸ ਦੇ ਪ੍ਰਮੁੱਖ ਆਗੂਆਂ ਵਿੱਚ ਸ਼੍ਰੀ ਜਵਾਹਰ ਲਾਲ ਨਹਿਰੂ, ਸ਼੍ਰੀਮਤੀ ਇੰਦਿਰਾ ਗਾਂਧੀ, ਸ਼੍ਰੀ ਕੇ. ਕਾਮਰਾਜ, ਸ਼੍ਰੀ ਜਗਜੀਵਨ ਰਾਮ, ਸ਼੍ਰੀ ਰਾਜੀਵ ਗਾਂਧੀ, ਸ਼੍ਰੀ ਪ੍ਰਣਬ ਮੁਖਰਜੀ, ਸ਼੍ਰੀਮਤੀ ਸੋਨੀਆ ਗਾਂਧੀ ਤੇ ਡਾ. ਮਨਮੋਹਨ ਸਿੰਘ ਆਦਿ ਸ਼ਾਮਲ ਹਨ।

ਬਹੁਜਨ ਸਮਾਜ ਪਾਰਟੀ (BSP) : ਇਹ ਪਾਰਟੀ ਸੰਨ 1984 ਵਿੱਚ ਸਥਾਪਤ ਕੀਤੀ ਗਈ ਸੀ ਜਿਸਦਾ ਮਨੋਰਥ ਹੀ ਸਮਾਜ ਦੇ ਦਬੇ-ਕੁਚਲੇ ਤੇ ਇਕ-ਪਾਸੇ ਕਰ ਦਿੱਤੇ ਗਏ ਹਿੱਸਿਆਂ ਨੂੰ ਜਿਨ੍ਹਾਂ ਨੂੰ ਬਹੁਜਨ ਸਮਾਜ ਕਿਹਾ ਗਿਆ, ਸਿਆਸੀ ਤੇ ਸਮਾਜਿਕ ਹੋਂਦ ਤੇ ਪਛਾਣ ਦਿਵਾਣਾ ਸੀ। ਇਸ ਪਾਰਟੀ ਨੂੰ ਸਮਰਥਨ ਦੇਣ ਵਾਲਾ ਮੁੱਢਲਾ ਗੁੱਟ ਅਨੁਸੂਚਿਤ ਜਾਤੀ ਅਤੇ ਉਹ ਸਮਾਜ ਹੈ ਜੋ ਕਿਸੇ ਵੇਲੇ ਅਛੂਤ ਮੰਨਿਆ ਜਾਂਦਾ ਰਿਹਾ ਹੈ ਅਤੇ ਕਈ ਪੱਖਾਂ ਤੋਂ ਅਣਛੋਹਿਆ ਰਿਹਾ ਵੀ ਹੈ। ਇਸ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਸਨ ਜੋ ਜਨਮ ਤੋਂ ਤਾਂ ਪੰਜਾਬ ਦੇ ਜ਼ਿਲ੍ਹਾ ਰੂਪਨਗਰ (ਰੋਪੜ) ਨਾਲ ਸੰਬੰਧ ਰੱਖਦੇ ਸਨ ਪਰ ਹੁਣ ਇਸ ਪਾਰਟੀ ਦਾ ਮੁੱਖ ਅਧਾਰ ਉੱਤਰ ਪ੍ਰਦੇਸ ਵਿੱਚ ਹੈ ਜਿਥੇ ਕਈ ਵਾਰ ਰਾਜ (ਸੂਬਾਈ) ਸਰਕਾਰ ਬਣਾਈ ਹੈ ਜਾਂ ਬਣਾਉਣ ਵਿੱਚ ਸਮਰਥਨ ਦਿੱਤਾ ਹੈ। ਇਸ ਪਾਰਟੀ ਦਾ ਚੋਣ ਚਿੰਨ੍ਹ ਖੱਬੇ ਪਾਸੇ ਵੱਲ ਮੂੰਹ ਵਾਲਾ ਹਾਥੀ ਹੈ ਜੋ ਕਿ ਤਾਕਤ ਅਤੇ ਇੱਛਾ-ਸ਼ਕਤੀ ਦਾ ਪ੍ਰਤੀਕ ਹੈ ਤੇ ਇਨ੍ਹਾਂ ਗੁਣਾਂ ਵਿੱਚ ਹੀ ਬਹੁਜਨ ਸਮਾਜ ਦੀ ਵੱਡੀ ਗਿਣਤੀ ਪ੍ਰਤੀ ਪਾਰਟੀ ਦਾ ਉਦੇਸ਼ ਛੁਪਿਆ ਹੈ। ਇਸ ਪਾਰਟੀ ਦੇ ਹੋਰ ਮੁੱਖ ਆਗੂ, ਬੀਬੀ ਮਾਇਆਵਤੀ, ਸ਼੍ਰੀ ਸਤੀਸ਼ ਚੰਦਰ ਮਿਸ਼ਰਾ, ਡਾ. ਸੁਰੇਸ਼ ਮਾਨੇ ਆਦਿ ਹਨ।



ਬਹੁਜਨ ਸਮਾਜ ਪਾਰਟੀ ਦਾ ਚਿੰਨ੍ਹ

ਆਮ ਆਦਮੀ ਪਾਰਟੀ (AAP) : ਆਮ ਆਦਮੀ ਪਾਰਟੀ ਦਾ ਗਠਨ ਨਵੰਬਰ, 2012 ਵਿੱਚ ਹੋਇਆ ਸੀ ਤੇ ਇਸ ਸਿਆਸੀ ਗੁੱਟ ਨੇ ਆਪਣਾ ਮਨੋਰਥ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਕਰ ਕੇ ਆਪ ਲੋਕ ਅਵਾਜ਼ ਬਣਨਾ ਐਲਾਨਿਆ ਸੀ। ਇਸ ਪਾਰਟੀ ਦਾ ਆਗੂ ਸ਼੍ਰੀ ਅਰਵਿੰਦ ਕੇਜਰੀਵਾਲ ਹਨ ਜੋ ਕਿ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਸਮੇਂ, ਮਹਾਰਾਸ਼ਟਰ ਵਿੱਚ ਸਮਾਜ ਸੇਵਕ ਕਹਾਉਣ ਵਾਲੇ ਕਾਰਕੁੰਨ ਅੰਨਾ ਹਜ਼ਾਰੇ ਵੱਲੋਂ ਕਾਂਗਰਸ ਸਰਕਾਰ ਵਿਰੁੱਧ ਛੇੜੀ ਗਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਏ ਸਨ। ਇਸੇ ਮੁਹਿੰਮ ਨੂੰ ਆਮ ਆਦਮੀ ਪਾਰਟੀ ਦੀ ਜਨਮਦਾਤਾ ਮੰਨਿਆ ਜਾਂਦਾ ਹੈ ਹਾਲਾਂਕਿ ਉਸ ਮੁਹਿੰਮ ਦੇ ਹੋਰ ਬਹੁ-ਗਿਣਤੀ ਆਗੂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਹਨ। ਪਾਰਟੀ ਦਾ ਚੋਣ ਚਿੰਨ ਝਾੜੂ ਹੈ ਤੇ ਪਾਰਟੀ ਦਾ ਐਲਾਨ ਹੈ, ਝਾੜੂ ਚਲਾਓ, ਬੇਈਮਾਨ ਭਜਾਓ। ਇਸ ਪਾਰਟੀ ਦੇ ਹੋਰ ਮੁੱਖ ਆਗੂ, ਸ਼੍ਰੀ ਭਗਵੰਤ ਮਾਨ, ਸ਼੍ਰੀ ਸੰਜੇ ਸਿੰਘ, ਸ਼੍ਰੀ ਮਨੀਸ਼ ਸਿਸੋਦੀਆ ਤੇ ਸ਼੍ਰੀ ਰਾਘਵ ਚੱਢਾ ਹਨ।



ਆਮ ਆਦਮੀ ਪਾਰਟੀ ਦਾ ਚਿੰਨ੍ਹ

ਆਲ ਇੰਡੀਆ ਤ੍ਰਿਣਮੂਲ ਕਾਂਗਰਸ (AITMC) : ਇਸ ਪਾਰਟੀ ਦੀ ਸਥਾਪਨਾ ਸੰਨ 1998 ਵਿੱਚ ਬੰਗਲਾ ਆਗੂ ਬੀਬੀ ਮਮਤਾ ਬੈਨਰਜੀ ਨੇ ਕੀਤੀ ਸੀ। ਮਮਤਾ ਬੈਨਰਜੀ ਭਾਰਤੀ ਯੂਥ ਕਾਂਗਰਸ ਦੀ ਪ੍ਰਧਾਨ ਰਹੀ ਸਨ ਅਤੇ ਢਾਈ ਦਹਾਕਿਆਂ ਤੱਕ ਬੰਗਾਲ ਵਿੱਚ ਸੱਤਾਦਾਰੀ ਰਹੀ ਮਾਰਕਸਵਾਦੀ ਕੰਮਿਊਨਿਸਟ ਪਾਰਟੀ ਦੇ ਵਿਰੋਧੀ ਸਨ। ਇਹ ਕੌਮੀ ਪੱਧਰ ਦੀ ਸਿਆਸੀ ਪਾਰਟੀ ਹੈ ਤੇ ਇਸਦੇ ਦ੍ਰਿਸ਼ਟੀਕੋਣ ਨੂੰ ਖੱਬੇਪੱਖੀ ਝੁਕਾਅ ਦੀ ਪਾਰਟੀ ਮੰਨਿਆ ਜਾਂਦਾ ਹੈ। ਇਸ ਪਾਰਟੀ ਦਾ ਚੋਣ ਨਿਸ਼ਾਨ ਘਾਹ ਤੇ ਫੁਲਾਂ ਦਾ ਜੋੜਾ ਹੈ ਜੋ ਕਿ ਬੰਗਲਾ ਭਾਸ਼ਾ ਵਿੱਚ ਜੋਰ ਘਾਸ ਦਾ ਫੁਲ ਕਹਾਉਂਦਾ ਹੈ ਅਤੇ ਦੇਸ਼ ਪ੍ਰਤੀ ਪ੍ਰੇਮ ਜਾਂ ਭਾਰਤ ਮਾਤਾ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ। ਇਸ ਪਾਰਟੀ ਦੇ ਹੋਰ ਮੁੱਖ ਆਗੂ ਹਨ, ਮੁਕੁਲ ਰਾਏ, ਸੁਦੀਪ ਬੰਦੋਪਾਧਿਆਇ, ਪ੍ਰਥਾ ਚੈਟਰਜੀ ਆਦਿ।



ਸਰਵ ਭਾਰਤੀ ਤ੍ਰਿਣਮੂਲ ਕਾਂਗਰਸ ਪਾਰਟੀ ਦਾ ਚਿੰਨ੍ਹ

ਸ਼੍ਰੋਮਣੀ ਅਕਾਲੀ ਦਲ (SAD) : ਇਹ ਪੰਜਾਬ ਦੀ ਪ੍ਰਮੁੱਖ ਸਿਆਸੀ ਪਾਰਟੀ ਹੈ ਜਿਸ ਦੀਆਂ ਜੜ੍ਹਾਂ ਦੀ ਪੰਜਾਬ ਦੀ ਭੋਇ ਵਿੱਚ ਹੀ ਹਨ। ਇਸ ਸਿਆਸੀ ਪਾਰਟੀ ਦਾ ਜਨਮ, ਸੁਧਾਰ ਸ਼ਹਿਰ ਵਿੱਚੋਂ ਹੋਇਆ ਸੀ ਤੇ ਇਹ ਹੁਣ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਆਸੀ ਬਾਂਹ ਹੀ ਮੰਨੀ ਜਾਂਦੀ ਹੈ। ਅਰੰਭ ਤੋਂ ਇਹ ਪਾਰਟੀ ਸਿੱਖਾਂ ਦੇ ਸਿਆਸੀ ਹਿਤਾਂ ਦੀ ਤਰਜਮਾਨੀ ਕਰਦੀ ਰਹੀ ਹੈ ਪਰ ਸੰਨ 1996 ਦੀ ਮੋਗਾ ਕਾਨਫ਼ਰੰਸ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਪਾਰਟੀ ਨੂੰ ਉਚੇਚੇ ਤੌਰ ਤੇ ਹੋਰ ਸਾਰੇ ਧਰਮਾਂ ਦੀ ਤਰਜਮਾਨੀ ਲਈ ਵੀ ਖੋਲ੍ਹ ਦਿੱਤਾ। ਇਸ ਪਾਰਟੀ ਦਾ ਚੋਣ ਨਿਸ਼ਾਨ ਤੱਕੜੀ ਹੈ ਅਤੇ ਇਸਦੇ ਪ੍ਰਮੁੱਖ ਨੇਤਾ ਰਹੇ ਹਨ, ਤੇਜਾ ਸਿੰਘ ਸਮੁੰਦਰੀ, ਅਮਰ ਸਿੰਘ ਵਾਸੂ, ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਜਗਦੇਵ ਸਿੰਘ ਤਲਵੰਡੀ, ਦਰਸ਼ਨ ਸਿੰਘ ਫੇਰੂਮਾਨ, ਪਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਆਦਿ।



ਸ਼੍ਰੋਮਣੀ ਅਕਾਲੀ ਪਾਰਟੀ ਦਾ ਚਿੰਨ੍ਹ

ਸ਼੍ਰੇਣੀ ਸਰਗਰਮੀ

ਹੇਠਾਂ ਦਿੱਤੀ ਸਾਰਣੀ ਵਿੱਚ ਵਰਤਮਾਨ ਕੌਮੀ (ਰਾਸ਼ਟਰੀ) ਤੇ ਸੂਬਾਈ (ਖੇਤਰੀ) ਪਾਰਟੀਆਂ ਦੇ ਨਾਮ ਆਪਣੇ ਅਧਿਆਪਕ ਜੀ ਅਤੇ ਇੰਟਰਨੈੱਟ ਦੀ ਮਦਦ ਨਾਲ ਭਰੋ—

ਭਾਰਤੀ ਚੋਣ ਕਮਿਸ਼ਨ ਤੋਂ ਮਾਨਤਾ ਪ੍ਰਾਪਤ ਕੌਮੀ ਸਿਆਸੀ ਪਾਰਟੀਆਂ	ਭਾਰਤੀ ਚੋਣ ਕਮਿਸ਼ਨ ਤੋਂ ਮਾਨਤਾ ਪ੍ਰਾਪਤ ਸੂਬਾਈ ਸਿਆਸੀ ਪਾਰਟੀਆਂ

ਉਪਰੋਕਤ ਦੇ ਅਧਾਰ 'ਤੇ ਉੱਤਰ ਦਿਓ—

ਉੱਤਰ ਦਿਓ—

ੳ) ਭਾਰਤ ਦੇ ਚੋਣ ਕਮਿਸ਼ਨ ਵੱਲੋਂ ਵਰਤਮਾਨ ਵਿੱਚ ਕਿੰਨੀਆਂ ਕੌਮੀ (ਰਾਸ਼ਟਰੀ) ਪਾਰਟੀਆਂ ਨੂੰ ਮਾਨਤਾ ਦਿੱਤੀ ਗਈ ਹੈ ?

ਅ) ਉਨ੍ਹਾਂ ਸਿਆਸੀ ਪਾਰਟੀਆਂ ਦੇ ਨਾਮ ਲਿਖੋ ਜਿਨ੍ਹਾਂ ਨਾਲ ਮੌਜੂਦਾ ਪ੍ਰਧਾਨ ਮੰਤਰੀ ਅਤੇ ਮੁੱਖਮੰਤਰੀ ਸੰਬੰਧਤ ਹਨ।

ੲ) ਪੰਜਾਬ ਦੀ ਸਿਆਸਤ ਵਿੱਚ ਅਜਕਲ੍ਹ ਕਿਹੜੀਆਂ ਸਿਆਸੀ ਪਾਰਟੀਆਂ ਸਰਗਰਮ ਹਨ ?

ਸ) ਪੰਜਾਬ ਵਿੱਚ ਵਰਤਮਾਨ ਹੁਕਮਰਾਨ ਪਾਰਟੀ ਤੇ ਵਰਤਮਾਨ ਵਿਰੋਧੀ ਧਿਰ ਕਿਹੜੀਆਂ ਸਿਆਸੀ ਪਾਰਟੀਆਂ ਹਨ ?



ਅਭਿਆਸ



I ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ ਸਿਆਸੀ ਪਾਰਟੀ ਕੀ ਹੁੰਦੀ ਹੈ ?

ਅ ਭਾਰਤ ਵਿੱਚ ਕਿਹੜੀ ਪਾਰਟੀ ਪ੍ਰਥਾ ਪ੍ਰਚਲਤ ਹੈ ?

(i) ਇਕਹਿਰੀ ਪਾਰਟੀ ਪ੍ਰਥਾ (ii) ਦੋ-ਪਾਰਟੀ ਪ੍ਰਥਾ

(iii) ਬਹੁ-ਪਾਰਟੀ ਪ੍ਰਥਾ (iv) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

ੲ ਜਿਹੜੇ ਸਿਆਸੀ ਦਲ ਨੂੰ ਚੋਣਾਂ ਵਿੱਚ ਬਹੁਮਤ ਨਾ ਮਿਲੇ ਉਹ .....ਕਹਾਉਂਦਾ ਹੈ।

ਸ ਭਾਰਤ ਦਾ ਚੋਣ ਕਮਿਸ਼ਨ, ਭਾਰਤ ਦੀਆਂ ਵੱਖੋ-ਵੱਖ ਸਿਆਸੀ ਪਾਰਟੀਆਂ ਦੇ ਪੰਜੀਕਰਨ ਤੇ ਮਾਨਤਾ ਦੇਣ ਲਈ ਜ਼ਿੰਮੇਵਾਰ ਹੁੰਦਾ ਹੈ। (ਸਹੀ/ਗਲਤ)

ਹ ਭਾਰਤ ਵਿੱਚ ਕੌਮੀ ਤੇ ਖੇਤਰੀ ਸਿਆਸੀ ਪਾਰਟੀਆਂ ਦੀਆਂ ਇੱਕ -ਇੱਕ ਉਦਾਹਰਣਾਂ ਦਿਓ।

ਕ ਵਿਰੋਧੀ ਧਿਰ ਦੀ ਕੀ ਭੂਮਿਕਾ ਹੁੰਦੀ ਹੈ ?

II ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5 - 8 ਵਾਕਾਂ ਵਿੱਚ ਦਿਓ—

1. ਕਿਸੇ ਸਿਆਸੀ ਪਾਰਟੀ ਦੇ ਪ੍ਰਮੁੱਖ ਅੰਗ ਕੀ ਹੋ ਸਕਦੇ ਹਨ ? ਲਿਖੋ।
2. ਇਕਹਿਰੀ ਪਾਰਟੀ ਪ੍ਰਥਾ ਵਾਲੇ ਦੇਸ਼ਾਂ ਦੀਆਂ ਉਦਾਹਰਣਾਂ ਦਿਓ।
3. ਰੂੜੀਵਾਦੀ ਪਾਰਟੀਆਂ ਤੋਂ ਕੀ ਭਾਵ ਹੈ ?
4. ਸ਼੍ਰੋਮਣੀ ਅਕਾਲੀ ਦਲ ਬਾਰੇ ਲਿਖੋ।
5. ਉਦਾਰਵਾਦੀ ਪਾਰਟੀਆਂ ਦਾ ਮੁੱਖ ਆਧਾਰ ਕੀ ਹੁੰਦਾ ਹੈ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50 - 60 ਵਾਕਾਂ ਵਿੱਚ ਦਿਓ—

1. ਸਿਆਸੀ ਵਿਚਾਰਧਾਰਾ ਦੇ ਆਧਾਰ ਤੇ ਕਿੰਨੇ ਕਿਸਮ ਦੀਆਂ ਸਿਆਸੀ ਪਾਰਟੀਆਂ ਹੋ ਸਕਦੀਆਂ ਹਨ ?
2. ਪ੍ਰਤੀਨਿਧੀ ਜਮਹੂਰੀਅਤ (ਲੋਕਤੰਤਰ) ਦੇ ਮੌਜੂਦਾ ਸਮੇਂ ਵਿੱਚ ਸਿਆਸੀ ਪਾਰਟੀਆਂ ਦੇ ਕੀ ਕਾਰਜ ਹੋ ਸਕਦੇ ਹਨ ? ਵਿਚਾਰ ਕਰੋ।
3. ਸੰਸਾਰ ਭਰ ਵਿੱਚ ਪ੍ਰਚਲਤ ਵੱਖੋ-ਵੱਖ ਦੀਆਂ ਸਿਆਸੀ ਪਾਰਟੀ ਪ੍ਰਥਾਵਾਂ ਤੇ ਨੋਟ ਲਿਖੋ।

9

ਸਰੋਕਾਰ ਸਮੂਹ ਦਬਾਅ ਗੁੱਟ

[Interest Groups / Pressure Group]

ਅਸੀਂ ਸਿਆਸੀ ਪਾਰਟੀਆਂ ਤੇ ਪ੍ਰਥਾਵਾਂ ਤੋ, ਹੁਣ ਤੱਕ, ਕੁਝ ਕੁ ਜਾਣੂ ਜ਼ਰੂਰ ਹੋ ਗਏ ਹਾਂ। ਸਾਨੂੰ ਉਨ੍ਹਾਂ ਦੇ ਮਹੱਤਵ ਦਾ, ਉਨ੍ਹਾਂ ਦੀ ਭੂਮਿਕਾ ਦਾ ਤੇ ਜਮਹੂਰੀ ਪ੍ਰਬੰਧ ਨੂੰ ਜਿਉਦਾਂ ਜਾਗਦਾ ਰੱਖਣ ਵਿੱਚ ਉਨ੍ਹਾਂ ਸਿਆਸੀ ਪਿੜ ਵਿੱਚ ਇਹੀ ਸਿਆਸੀ ਗੁੱਟ ਜਾਂ ਸਮੂਹ ਸਭ ਤੋਂ ਵੱਧ ਤਾਕਤਵਰ ਹੁੰਦੇ ਹਨ। ਇਨ੍ਹਾਂ ਦਾ ਕੋਈ ਬਦਲ ਵੀ ਕਿਤੇ ਨਜ਼ਰੀ ਨਹੀ ਪੈਂਦਾ ਪਰ ਸਿਆਸੀ ਪਾਰਟੀਆਂ ਤੋ ਇਲਾਵਾਂ ਕਿਸੇ ਵੀ ਦੇਸ਼ ਦੀ ਸਿਆਸਤ ਕੁਝ ਹੋਰ ਗੁਟਾਂ ਜਾਂ ਸਮੂਹਾਂ ਦਾ ਵੀ ਅਸਰ ਕਬੂਲਦੀ ਹੁੰਦੀ ਹੈ ਭਾਵੇਂ ਉਹ ਸਿਆਸੀ ਪਾਰਟੀਆਂ ਜਿਹੇ ਤਾਕਤਵਰ ਤਾਂ ਨਹੀਂ ਹੁੰਦੇ ਪਰ ਉਹ ਲੋਕ ਅਵਾਜ਼ ਬਣਨ ਜਿੱਡੇ ਜ਼ਰੂਰ ਹੁੰਦੇ ਹਨ ਅਤੇ ਇਸੇ ਲਈ ਸਰੋਕਾਰ (Interest) ਸਮੂਹ (Group) ਅਖਵਾਉਂਦੇ ਹਨ।

ਸਰੋਕਾਰ ਸਮੂਹਾਂ ਦੇ ਇਸ ਸਿਰਨਾਵੇਂ ਤੋ ਹੀ ਸਪਸ਼ਟ ਹੈ ਕਿ ਇਨ੍ਹਾਂ ਸਮੂਹਾਂ ਦਾ ਲੋਕਾਂ ਦੇ ਸਰੋਕਾਰਾਂ ਨਾਲ ਕੋਈ ਸਬੰਧ ਤਾਂ ਹੁੰਦਾ ਹੀ ਹੈ। ਇਹ ਗੁੱਟ ਜਾਂ ਸਮੂਹ ਅਸਲ ਵਿੱਚ ਇੱਕੋ ਜਿਹੇ (ਸਾਂਝੇ) ਕਾਰਜਾਂ ਅਤੇ ਇਕੋ ਜਿਹੇ ਸਰੋਕਾਰਾਂ (ਹਿਤਾਂ) ਲਈ ਰਲ ਮਿਲ ਕੇ ਕਾਰਜ ਕਰਨ ਤੇ ਉਨਾ ਸਰੋਕਾਰਾਂ (ਹਿਤਾਂ) ਦੀ ਰੱਖਿਆ ਕਰਨ ਲਈ ਬਣਦੇ ਹਨ। ਗੁੱਟ ਜਾਂ ਸਮੂਹ ਦਾ ਮੂਲ ਸਾਂਝੇ ਸਰੋਕਾਰ ਹੀ ਹੁੰਦਾ ਹੈ। ਉਦਾਰਰਣ ਵਜੋਂ ਜੋ ਕੋਈ ਅਧਿਆਪਕ ਮਿਲ ਕੇ ਇੱਕ ਸਮੂਹ ਦੀ ਰਚਨਾ ਕਰਦੇ ਹਨ ਤਾਂ ਉਹ ਸਰੋਕਾਰ ਸਮੂਹ ਕਹਾਵੇਗਾ ਕਿਉਂਕਿ ਉਨ੍ਹਾਂ ਦੇ ਸਾਂਝੇ ਸਰੋਕਾਰ ਜਾਂ ਹਿੱਤ ਹੋਣਗੇ, ਸਾਂਝੀਆਂ ਮੰਗਾਂ ਹੋਣਗੀਆਂ ਤੇ ਲਗਪਗ ਇੱਕੋ ਜਿਹੀਆਂ ਹੀ ਲੋੜਾ ਹੋਣਗੀਆਂ ਜਾਂ ਇੱਕ – ਦੂਜੇ ਦੀਆਂ ਪੂਰਕ ਜ਼ਰੂਰ ਹੋਣਗੀਆਂ। ਅਜਿਹੇ ਸਰੋਕਾਰ ਸਮੂਹ ਵਕੀਲਾਂ, ਕਿਸਾਨਾਂ, ਸਨਅਤਕਾਰਾਂ, ਵਿਦਿਆਰਥੀਆਂ, ਮਜ਼ਦੂਰਾਂ (ਕਿਰਤੀਆਂ) ਆਦਿ ਦੇ ਹੁੰਦੇ ਹਨ। ਸਾਡੇ ਦੇਸ਼, ਭਾਰਤ ਵਿੱਚ, ਕਈ ਗੈਰ – ਸਿਆਸੀ ਤੱਤ ਜਿਵੇਂ ਕਿ ਜਾਤੀ, ਧਰਮ, ਭਾਸ਼ਾ, (ਬੋਲੀ) ਆਦਿ ਵੀ ਬਹੁਤ ਅਸਰਪਾਊ ਭੂਮਿਕਾ ਨਿਭਾਉਂਦੇ ਹਨ ਅਤੇ ਸਾਡੇ ਦੇਸ਼ ਵਿੱਚ ਧਰਮ ਅਧਾਰਤ, ਜਾਤੀ ਅਧਾਰਤ, ਭਾਸ਼ਾ ਅਧਾਰਤ ਸਰੋਕਾਰ ਸਮੂਹ ਮਿਲਦੇ ਹਨ।

ਸਾਂਝੇ ਸਰੋਕਾਰਾਂ ਵਾਲੇ ਲੋਕ ਸਮੂਹ ਕਿਉਂ ਸਿਰਜਦੇ ਹਨ ?
(Why Interest Groups are formed?)

ਸਰੋਕਾਰ ਸਮੂਹਾਂ ਦੀ ਸਿਰਜਣਾ ਇਸ ਤੱਥ ਵਿੱਚ ਛੁਪੀ ਹੈ ਕਿ ਹਰ ਵਿਅਕਤੀ ਨੂੰ ਮਹਿਸੂਸ ਹੁੰਦਾ ਹੈ ਕਿ ਆਪਣੇ ਹੱਕਾਂ ਲਈ ਇੱਕਲਿਆਂ ਜੱਦੋ ਜਹਿਦ ਕਰਨਾ ਔਖਾ ਕਾਰਜ ਹੈ ਤੇ ਇਸ ਲਈ ਸਾਂਝੇ ਸਰੋਕਾਰਾਂ ਵਾਲਾ ਕੋਈ ਸਮੂਹ ਬਣਾ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਹੱਕਾਂ ਮੰਗਾਂ ਸਬੰਧੀ ਅਸਰਪਾਊ ਤਰੀਕੇ ਨਾਲ ਅਵਾਜ਼ ਚੁੱਕੀ ਜਾ ਸਕੇ ।

ਸਰੋਕਾਰੀ ਸਮੂਹ ਦੀਆਂ ਮੰਗਾਂ ਪੂਰਨ ਲਈ ਕੌਣ ਜ਼ਿੰਮੇਵਾਰ ਹੈ ?
(Who is responsible to fulfill demands?)

ਕਿਸੇ ਦੇਸ਼ ਵਿੱਚ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੌਣ ਜ਼ਿੰਮੇਵਾਰ ਹੁੰਦਾ ਹੈ ? ਕੀ ਤੁਹਾਨੰ ਪਤਾ ਹੈ ? ਤੁਸੀਂ ਜੋ ਸੋਚਿਆ ਹੈ, ਸਹੀ ਹੈ ! ਜ਼ਿੰਮੇਵਾਰੀ ਸਰਕਾਰ ਦੀ ਹੀ ਹੁੰਦੀ ਹੈ। ਸਰੋਕਾਰ ਸਮੂਹ ਵੀ ਮੰਗ ਤੇ ਆਸਾਂ ਸਰਕਾਰ ਤੋ ਹੀ ਕਰਦੇ ਹਨ।

ਕੋਈ ਸਮੂਹ ਜਦੋਂ ਹੋਂਦ ਵਿੱਚ ਆਉਂਦਾ ਹੈ ਤਾਂ ਸਰੋਕਾਰ ਸਮੂਹ ਹੀ ਕਹਾਉਂਦਾ ਹੈ। ਜਦੋ ਕਿਸੇ ਸਮੂਹ ਦੀਅ ਮੰਗਾ ਸਰਕਾਰ ਵੱਲੋ ਮੰਨੀਆਂ ਨਹੀ ਜਾਂਦੀਆਂ ਤਾ ਸਮੂਹ ਸਰਕਾਰ ਤੇ ਦਬਾਅ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੀ ਸਥਿਤੀ ਵਿੱਚ ਸਾਰੋਕਾਰ ਸਮੂਹ ਹੀ ਦਬਾਅ ਗੁੱਟ (ਜਾਂ ਸਮੂਹ) ਦਾ ਕਾਰਜ ਕਰਦਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਸਾਰੋਕਰ ਸਮੂਹ ਜਦੋਂ ਹਰਕਤ ਵਿੱਚ ਆਉਂਦਾ ਹੈ ਤਾਂ ਦਬਾਅ ਗੁੱਟ ਕਹਾਉਂਦਾ ਹੈ। ਇੱਥੇ ਧਿਆਨ ਦੇਣ ਯੋਗ ਪੱਖ ਇਹ ਹੈ ਕਿ ਇਹ ਸਮੂਹ ਜਾਂ ਗੁੱਟ ਗੈਰ ਸਿਆਸੀ ਹੁੰਦੇ ਹਨ ਅਤੇ ਇਨਾਂ ਦੇ ਸਿਆਸੀ ਪਾਰਟੀਆਂ ਵਾਂਗ ਕੋਈ ਸਿਆਸੀ ਮਨੋਰਥ ਨਹੀ ਹੁੰਦੇ ਜਿਵੇਂ ਕਿ ਹਕੂਮਤ ਕਰਨ ਦਾ ਮਨੋਰਥ ਅਦਿ। ਉਨ੍ਹਾਂ ਦੀ ਹਰਕਤ ਦਾ ਟੀਚਾ ਸਿਰਫ਼ ਆਪਣੇ ਸਾਂਝੇ ਸਰੋਕਾਰ ਨੂੰ ਪ੍ਰਾਪਤ ਕਰਨਾ ਹੀ ਹੁੰਦਾ ਹੈ। ਜਿਸ ਲਈ ਉਹ ਸੱਤਾਧਾਰੀਆਂ ਉੱਤੇ ਹੀ ਕਬਾਅ ਬਨਾਉਣ ਦੀ ਕੋਸ਼ਿਸ਼ ਕਰਦੇ ਹਨ। ਸਾਰੋਕਾਰ ਸਮੂਹਾਂ ਦੀ ਹੋਂਦ ਦੀ ਬੱਸ ਇੱਨੀ ਕੁ ਹੀ ਕਥਾ ਹੈ।

ਸ਼ੁਰੂਆਤੀ ਕਿਰਿਆ — ਇੱਕ ਕਥਾ

ਬਚਪਨ ਵਿੱਚ ਤੁਸੀ ਇੱਕ ਕਹਾਣੀ ਸੁਣੀ ਹੋਵੇਗੀ ਬੈਂਤਾ ਦੀ ਗੰਢ ! ਤੁਹਾਨੂੰ ਉਸ ਕਹਾਣੀ ਦਾ ਸਿੱਟਾ ਯਾਦ ਹੈ ? ਇਸ ਅਧਿਆਇ ਵਿੱਚ ਉਸ ਕਹਾਣੀ ਦਾ ਕੋਈ ਸਬੰਧ ਬਣਦਾ ਹੈ ? ਆਪਣੇ ਅਧਿਆਪਕ ਜੀ ਦੀ ਸਹਾਇਤਾ ਨਾਲ ਪਤਾ ਕਰੋ।

ਪੰਜਾਬ ਦੇ ਕਿਸਾਨਾਂ ਦੀ ਜੱਦ ਜਹਿਦ ਅਭੁੱਲ ਉਦਾਹਰਣ

ਪਿਛਲੇ ਕੁਝ ਸਾਲਾਂ, ਸੰਨ 2020 – 21 ਵਿੱਚ ਕਿਸਾਨ ਭਾਈਚਾਰੇ ਵੱਲੋ ਉੱਤਰੀ ਭਾਰਤ ਵਿੱਚ ਵਿੱਢੀ ਗਈ ਜੱਦੋ ਜਹਿਦ ਸਰੋਕਾਰ ਸਮੂਹ ਦੀ ਸਹੀ ਉਦਾਹਰਣ ਹੈ ਜਿਸ ਵਿੱਚ ਉਨਾਂ ਵੱਲੋਂ ਸਰਕਾਰ ਅੱਗੇ ਆਪਣੀਆਂ ਮੰਗਾਂ ਰੱਖੀਆਂ ਗਈਆਂ ਤੇ ਫਿਰ ਦਬਾਅ ਗੁੱਟ ਬਣਾ ਕੇ ਅੰਤ ਜੇਤੂ ਹੋ ਨਿਕਲੇ।

ਇਹ ਜੱਦੋ ਜਹਿਦ, ਤਤਕਾਲੀ ਕੇਂਦਰ ਸਰਕਾਰ ਵੱਲੋ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਸੀ। ਕਿਸਾਨਾਂ ਦੇ ਸਰੋਕਾਰ ਸਮੂਹਾਂ (ਜ਼ਿਆਦਾਤਰ ਪੰਜਾਬ ਤੇ ਹਰਿਆਣਾ ਦੇ) ਨੇ ਇੱਕ ਸਾਂਝਾ ਫਰੰਦ ਕਾਇਮ ਕੀਤਾ ਅਤੇ ਦਿੱਲੀ ਦੀਆਂ ਵੱਖੋ – ਵੱਖ ਸਰਹੱਦਾ ਤੇ ਧਰਨੇ ਮੁਜ਼ਾਹਰੇ ਕਰਕੇ ਸਰਕਾਰ ਤੇ ਕਨੂੰਨ ਵਾਪਸ ਲੈਣ (ਰੱਦ ਕਰਨ) ਦਾ ਦਬਾਅ ਬਣਾਇਆ। ਸ਼ੁਰੂਆਤ ਵਿੱਚ ਸਰਕਾਰ ਮੰਗਾਂ ਮੰਨਣ ਤੋਂ ਪੂਰੀ ਤਰ੍ਹਾਂ ਹੀ ਇਨਕਾਰੀ ਸੀ ਪਰ ਜਦੋਂ ਕਿਸਾਨ ਦੇ ਸਾਂਝੇ ਫਰੰਦ (ਗੁਟ) ਨੇ ਇੱਕ ਸਾਲ ਦੇ ਸਮੇਂ ਤੋਂ ਵੱਧ ਧਰਨੇ ਮੁਜ਼ਾਹਰੇ ਜਾਰੀ ਰੱਖਦਿਆਂ ਦਬਾਅ ਬਣਾਈ ਰੱਖਿਆ ਤਾਂ ਉਨਾਂ ਦੀ ਅਵਾਜ਼ ਨਾ ਸਿਰਫ਼ ਸਾਰੇ ਦੇਸ਼ ਵਿੱਚ ਗੂੰਜੀ ਸਗੋ ਕੌਮਾਂਤਰੀ ਪੱਧਰ 'ਤੇ ਵੀ ਇਸਦੀ ਹੋਂਦ ਸੁਣੀ ਜਾਣ ਲੱਗੀ। ਭਾਰਤ ਦੇ ਹੋਰ ਸਮੂਹ ਵੀ ਕਿਸਾਨਾਂ ਦੇ ਹੱਕ ਵਿੱਚ, ਜੱਦੋ ਜਹਿਦ ਵਿੱਚ ਸ਼ਾਮਲ ਹੋਣ ਲੱਗ ਪਏ ਜਿਸ ਨਾਲ ਸਰਕਾਰ 'ਤੇ ਮਿਸਲ ਦਬਾਅ ਬਣਿਆ। ਅੰਤ ਸਰਕਾਰ ਕਿਸਾਨਾਂ ਦੇ ਇਸ ਦਬਾਅ ਗੁੱਟ ਅਗੇ ਝੁੱਕ ਗਈ ਤੇ ਇਹ ਜੱਦੋ ਜਹਿਦ ਕਿਸਾਨਾਂ ਨੇ ਜਿੱਤ ਲਈ। ਭਾਰਤ ਵਿੱਚ ਕਿਸਾਨਾ ਦੀਅ ਜੱਦੋ ਜਹਿਦ ਵਿੱਚ ਨਵਾਂ ਅਧਿਆਇ ਸ਼ਾਮਲ ਹੋਇਆ ਜੋ ਕਿ ਕਏ ਵਰ੍ਹਿਆ ਤੱਕ ਯਾਦ ਕੀਤਾ ਜਾਂਦਾ ਰਹੇਗਾ।



ਸ਼ੁਰੂਆਤੀ ਕਿਰਿਆ

ਸਾਰੀ ਸ਼ੁਰੂਆਤੀ ਨੂੰ ਦੋ ਗੁਟਾਂ ਵਿੱਚ ਵੰਡੋ। ਇੱਕ ਗੁੱਟ ਕਿਸਾਨਾਂ ਦੀ ਤਰਜਮਾਨੀ ਕਰੇਗਾ ਅਤੇ ਦੂਸਰਾ ਤਿੰਨ ਕਿਸਾਨੀ (ਖੇਤੀ) ਬਿਲਾਂ ਸਬੰਧੀ ਸਰਕਾਰ ਦੇ ਵਿਚਾਰ ਦੀ ਤਰਜਮਾਨੀ ਕਰੇਗਾ। ਇਵੇ ਸਾਰਥਕ ਜਿਹਾ ਵਿਚਾਰ ਵਟਾਂਦਰਾ ਕਰਕੇ ਵੇਖੋ ਤਾਂ ਭਲਾ.....

→ **ਤੁਹਾਨੂੰ ਹੁਣ ਪਤਾ ਹੈ ਕਿ**

- ਸਰੋਕਾਰ ਸਮੂਹ ਕੀ ਹੁੰਦਾ ਹੈ!
- ਕਿਹੜੇ ਹਾਲਾਤ ਵਿੱਚ ਸਰੋਕਾਰ ਸਮੂਹ ਦਬਾਅ ਗੁੱਟ ਬਣਦਾ ਹੈ!
- ਸਰੋਕਾਰ ਸਮੂਹ ਸਿਆਸੀ ਪਾਰਟੀ ਤੋਂ ਵਖਰਾ ਕਿਵੇਂ ਹੁੰਦਾ ਹੈ!
- ਦਬਾਅ ਗੁੱਟ ਤਾਕਤਵਰ ਕਿਵੇਂ ਬਣਦੇ ਹਨ!

→ **ਇੱਕ ਤੱਥ ਇਹ ਵੀ**

- ਦਬਾਅ ਗੁੱਟ (ਪ੍ਰੈਸ਼ਰ ਗਰੁੱਪ Pressure group) ਸ਼ਬਦ ਅਮਰੀਕਾ ਦੀ ਉਪਜ ਹੈ ਤੇ ਹੁਣ ਇਹ ਦਨੀਆਂ ਭਰ ਵਿੱਚ ਇਵੇਂ ਹੀ ਵਰਤਿਆ ਜਾ ਰਿਹਾ ਹੈ।

ਸਰੋਕਾਰ ਤੇ ਦਬਾਅ ਸਮੂਹਾਂ ਦੀਆਂ ਵਿਸ਼ੇਸ਼ਤਾਵਾਂ (Characteristic of Interest/Pressure groups)

ਸਰੋਕਾਰ ਸਮੂਹਾ ਦੀਆਂ ਵਿਸ਼ੇਸ਼ਤਾਵਾਂ ਜਾਨਣ ਤੋਂ ਸਾਨੂੰ ਉਨ੍ਹਾਂ ਦੀ ਪ੍ਰਕਿਰਤੀ ਜਾਂ ਖਸਲਤ ਸਮਝਣ ਦੀ ਸਹਾਇਤਾ ਮਿਲੇਗੀ। ਅਸੀ ਸਰੋਕਾਰ ਸਮੂਹਾ ਜਾਂ ਦਬਾਅ ਸਮੂਹਾਂ ਅਤੇ ਸਿਆਸੀ ਪਾਰਟੀਆਂ ਵਿੱਚ ਅੰਤਰ ਵੀ ਸਪਸ਼ਟ ਤੌਰ ਤੇ ਪਛਾਣ ਸਕਦੇ ਹਾਂ।

1. ਗ਼ੈਰ ਸਿਆਸੀ ਸਮੂਹ (Non Political groups) : ਸਰੋਕਾਰ ਸਮੂਹ/ਦਬਾਅ ਗੁੱਟ ਗੈਰ ਸਿਆਸੀ ਹੁੰਦੇ ਹਨ ਭਾਵ ਉਨ੍ਹਾਂ ਦੀਆਂ ਕੋਈ ਸਿਆਸੀ ਪ੍ਰਾਪਤੀ ਦੀਆਂ ਇਛਾਵਾਂ ਨਹੀਂ ਹੁੰਦੀਆ ਜਿਵੇ ਸੁੱਤਾ ਪ੍ਰਾਪਤੀ। ਉਹ ਹੁਕਮਰਾਨ ਨਹੀ ਬਣਨਾ ਚਾਹੁੰਦਾ ਹੁੰਦੇ। ਉਹ ਸਿਆਸੀ ਵਿਅਕਤੀਆਂ ਜਾਂ ਸੱਤਾਧਾਰੀ ਧਿਰਾਂ ਉੱਤੇ ਦਬਾਅ ਬਣਾਉਂਦੇ ਹਨ ਤਾਂ ਕਿ ਆਪਣੇ ਪੱਖ ਦੇ ਫੈਸਲੇਂ ਕਰਵਾ ਸਕਣ। ਉਂਝ ਇਹ ਸਮੂਹ ਦੇਸ਼ ਦੀ ਸਿਆਸਤ ਵਿੱਚ ਨਾਗਰਿਕ ਸਮੂਹ ਵੱਜੋ ਬਣਦਾ ਯੋਗਦਾਨ ਜ਼ਰੂਰ ਪਾਂਦੇ ਹਨ ਅਤੇ ਹਰ ਸਿਆਸੀ ਸਰਗਰਮੀ ਵਿੱਚ ਬਾਕਾਇਦਾ ਹਿੱਸਾ ਲੈਂਦੇ ਹਨ।

2. ਪ੍ਰਤੱਖ ਤੇ ਸਾਂਝੇ ਸਰੋਕਾਰ (Identical and common interest) : ਸਰੋਕਾਰ ਸਮੂਹ ਕਾਇਮ ਕੀਤੇ ਜਾਣ ਦਾ ਅਧਾਰ ਹੀ ਸਾਂਝੇ ਸਰੋਕਾਰ ਹੁੰਦਾ ਹੈ। ਇਹ ਅਧਾਰ ਹੀ ਸਮੂਹ ਦੇ ਸਾਰੇ ਮੈਬਰਾਂ ਜਾਂ ਅੰਗਾਂ ਨੂੰ ਇਕ ਜੁੱਟ ਰੱਖਦਾ ਹੈ। ਸਰੋਕਾਰ ਹੀ ਸਮੂਹ ਦਾ ਇੱਕੋ ਇੱਕ ਮਨੋਰਥ ਹੁੰਦਾ ਹੈ। ਜਿਨ੍ਹਾ ਦੀ ਪ੍ਰਾਪਤੀ ਲਈ ਸਮੂਹ ਜਾਂ ਗੁੱਟ ਦੇ ਮੈਂਬਰ ਆਪਣਾ ਕਾਰਜ ਕਰਦੇ ਹਨ । ਇਸੇ ਟੀਚੇ ਲਈ ਹੀ ਉਹ ਹਰ ਹੀਲਾ ਵਰਤਦੇ ਹਨ ਤੇ ਰਣਨੀਤੀਆਂ ਘੜ੍ਹਦੇ ਹਨ।

3. ਸਵੈ - ਇੱਛਤ ਮੈਂਬਰੀ (Voluntary Membership) : ਸਰੋਕਾਰ ਸਮੂਹ ਵਿੱਚ ਸਿਰਕਤ ਕਰਨੀ ਜਾਂ ਮੈਬਰ ਹਰ ਇੱਕ ਦੀ ਆਪਣੀ ਸੁਤੰਤਰ ਇੱਛਾ ਹੁੰਦਾ ਹੈ। ਇਸ ਪਾਸੇ ਵੱਲ ਕਿਸੇ ਨੰ ਮਜਬੂਰ ਨਹੀਂ ਕੀਤਾ ਗਿਆ ਹੁੰਦਾ ਸਗੋਂ ਹਰ ਇੱਕ ਨੂੰ ਆਪਣੀ ਇੱਛਾ ਅਨੁਸਾਰ ਸਮੂਹ ਦਾ ਮੈਂਬਰ ਬਣਨ ਜਾਂ ਨਾ ਬਣਨ ਦਾ ਹੱਕ ਹੁੰਦਾ ਹੈ। ਸਰੋਕਾਰ ਸਮੂਹ ਨੇ ਦਬਾਅ ਗੁੱਟ ਵਾਂਗੂੰ ਵੀ ਕਾਰਜ ਕਰਨਾ ਹੁੰਦਾ ਹੈ ਸੋ ਸਰੋਕਾਰ ਸਮੂਹ ਵਿੱਚ ਸ਼ਾਮਲ ਹੋਣਾ ਵਿਅਕਤੀ ਦੀ ਨਿਰੋਲ ਸਵੈ – ਇੱਛਾ ਉਤੇ ਹੀ ਨਿਰਭਰ ਕਰਦਾ ਹੈ।

4. ਵਿਸ਼ਵ ਵਿਆਪਕਤਾ (ਆਲਮ ਗੀਰੀ) – (Universality) : ਸਰੋਕਾਰ ਸਮੂਹਾਂ ਦੀ ਹੋਂਦ ਹਰ ਦੇਸ਼ ਦੀ ਸਚਾਈ ਹੈ ਹਰ ਦੇਸ਼ ਦੀ ਸਿਆਸਤ ਤੇ ਸਿਆਸੀ ਪ੍ਰਥਾ ਸਰੋਕਾਰ ਸਮੂਹਾਂ ਤੋਂ ਅਧੂਰੀ ਹੀ ਮੰਨੀ ਜਾਂਦੀ ਹੈ। ਸਰੋਕਾਰ ਸਮੂਹ ਨਾ ਸਿਰਫ਼ ਜਮਹੂਰੀ (ਲੋਕਤੰਤਰੀ) ਸਗੋਂ ਸੱਤ੍ਹਾਵਾਦੀ ਰਾਜ ਪ੍ਰਬੰਧ ਦਾ ਵੀ ਜ਼ਰੂਰੀ ਭਾਗ ਹੁੰਦੇ ਹਨ। ਇਨ੍ਹਾਂ ਸਮੂਹਾਂ ਦੀ ਭੂਮਿਕਾ ਤੇ ਖਸਲਤ (ਪ੍ਰਕਿਰਤੀ) ਅਜਿਹੀ ਹੁੰਦੀ ਹੈ ਕਿ ਇਹ ਬਹੁਤੀ ਵਾਰ ਪਾਰਦਰਸ਼ੀ ਨਜ਼ਰ ਆਉਦੇ ਤੇ ਇੰਝ ਲਗਦਾ ਹੈ ਕਿ ਇਨ੍ਹਾ ਦੀ ਕਾਰਜਸ਼ੈਲੀ ਬਹੁਤੀ ਸਪਸ਼ਟ ਨਹੀ ਹੈ ਪਰ ਹਰ ਹਾਲ ਇਨਾਂ ਦੀ ਹੋਂਦ ਹਰ ਤਰ੍ਹਾਂ ਦੀ ਹਕੂਮਤੀ ਪ੍ਰਬੰਧ ਵਿੱਚ ਹੁੰਦੀ ਹੀ ਹੈ।

5. ਵਰਗੀਕਰਨ ਦੇ ਅਧਾਰ (Basis of classification) : ਸਰੋਕਾਰ ਸਮੂਹ ਦੇ ਵਰਗੀਕਰਨ ਦਾ ਹਰ ਥਾਂ ਕਬੂਲ ਹੋਣ ਵਾਲਾ ਕੋਈ ਅਧਾਰ ਨਹੀਂ ਹੈ। ਇਸੇ ਲਈ ਸਿਆਸੀ (ਰਾਜਨੀਤਕ) ਵਿਗਿਆਨੀਆਂ ਨੇ ਵਰਗੀਕਰਨ ਲਈ ਵੱਖੋ ਵਖਰੇ ਮਾਪਦੰਡ ਘੜ੍ਹ ਲਏ ਹਨ। ਫੇਰ ਵੀ ਮੋਟੇ ਤੌਰ 'ਤੇ ਜਾਂ ਸਧਾਰਣ ਤੌਰ ਤੇ ਇਨਾਂ ਸਮੂਹਾਂ ਨੂੰ ਸਰੋਕਾਰਾ ਦੀ ਕਿਸਮ ਦੇ ਅਧਾਰ ਤੇ ਵੰਡਿਆ ਜਾ ਸਕਦਾ ਹੈ ਜਿਵੇਂ ਆਰਥਿਕ ਅਧਾਰਤ, ਕੰਮ ਕਾਜੀ, ਵਿਦਿਆਰਥੀ, ਕਿਰਤੀ, ਧਾਰਮਿਕ, ਜਾਤ ਅਧਾਰਤ ਜਾਂ ਬੋਲੀ (ਭਾਸ਼ਾ) ਅਧਾਰਤ ਆਦਿ ਸਮੂਹ। ਇਕ ਹੋਰ ਅਧਾਰ ਸਮੂਹ ਦੀ ਹੋਂਦ ਦੇ ਆਧਾਰ 'ਤੇ ਹੋ ਸਕਦੀ ਹੈ, ਜਿਵੇਂ ਸਥਾਈ ਕਬਾਅ ਗੁੱਟ ਜਾਂ ਸਮੂਹ ਅਤੇ ਅਸਥਾਈ ਦਬਾਅ ਗੁੱਟ ਜਾਂ ਸਮੂਹ ਆਦਿ।

ਸਰੋਕਾਰ ਸਮੂਹਾਂ / ਦਬਾਅ ਗੁਟਾਂ ਦੀ ਕਾਰਜ ਵਿਧੀ
(Ways and Means)

ਸਰੋਕਾਰ ਸਮੂਹ ਲੁੱਕ-ਛੁੱਪ ਕੇ ਜਾਂ ਖਲਾਅ ਵਿੱਚ ਕਾਰਜ ਨਹੀ ਕਰਦੇ ਉਨ੍ਹਾਂ ਦੇ ਕਰਮ ਤੇ ਕਿਰਿਆਵਾਂ ਪ੍ਰਤੱਖ ਹੁੰਦੀਆਂ ਹਨ। ਉਹ ਕਈ ਦਬਾਅ ਤਕਨੀਕਾਂ ਵਰਤ ਸਕਦੇ ਹੁੰਦੇ ਹਨ। ਉਨ੍ਹਾ ਦੇ ਜੋ ਕੰਮ ਆ ਸਕਦਾ ਹੈ, ਉਸ ਦੀ ਪਛਾਣ ਹੈ। ਸਰੋਕਾਰ ਸਮੂਹ ਦਬਾਅ ਗੁੱਟ ਆਪਣੀ ਕਾਰਜ ਵਿਧੀ ਵਿੱਚ ਜੋ ਢੰਗ ਤਰੀਕੇ ਵਰਤਦੇ ਹਨ, ਉਹ ਇਝਂ ਹਨ-

ਉਜ਼ਰਦਾਰੀ ਜਾਂ ਦਰਖ਼ਾਸਤਵਾਰੀ (ਪੈਟੀਸ਼ਨਿੰਗ - Petitioning) : ਸਰੋਕਾਰ ਸਮੂਹਾਂ ਵੱਲੋ ਅਪਣਾਈ ਜਾਂਦੀ ਇਹ ਪ੍ਰਥਮ ਰਸਮੀ ਤਕਨੀਕ ਹੈ ਜੋ ਬਹੁਤ ਹਰਮਨ ਪਿਆਰੀ ਵੀ ਹੈ। ਸਰਕਾਰ ਦਾ ਧਿਆਨ ਦਿਵਾਉਣ ਲਈ ਦਰਖ਼ਾਸਤ ਜਾਂ ਅਰਜ਼ੀ, ਲਿਖਤੀ ਦਸਤਾਵੇਜ਼ ਦੇ ਰੂਪ ਵਿੱਚ ਸਰਕਾਰੀ ਅਧਿਕਾਰੀਆਂ ਨੂੰ ਭੇਜੀ ਜਾਂਦੀ ਹੈ ਇਸ ਦਸਤਾਵੇਜ਼ ਵਿੱਚ ਮੰਗਾਂ ਸਪਸ਼ਟ ਤੋਰ ਤੇ ਲਿਖੀਆਂ ਹੁੰਦੀਆਂ ਹਨ ਤੇ ਆਸ ਕੀਤੀ ਜਾਂਦੀ ਹੈ ਕਿ ਸਰਕਾਰ ਇਨ੍ਹਾਂ ਤੇ ਕਾਰਵਾਈ ਜ਼ਰੂਰ ਕਰੇਗੀ। ਇਸ ਸਾਧਨ ਦੇ ਅਸਫ਼ਲ ਰਹਿਣ ਤੇ ਹੀ ਹੋਰ ਢੰਗ ਆਪਣਾਏ ਜਾਂਦੇ ਹਨ।



ਮੰਤਰੀਆ ਨੂੰ ਮਿਲਣਾ



ਸੰਸਦ



ਪਾਰਟੀਆਂ ਨੂੰ ਫੰਡ ਦੇਣਾ



ਹੜਤਾਲਾ



ਸਹਿਯੋਗ



ਕੋਰਟ ਵਿੱਚ ਰਿੱਟ ਪਟੀਸ਼ਨ



ਬੁੱਧੀਜੀਵੀਆਂ ਦੀ ਸਲਾਹ



ਮੀਡੀਆ ਰਾਹੀਂ ਪ੍ਰਚਾਰ



ਖੋਜ

ਦਬਾਅ ਸਮੂਹਾਂ ਦੇ ਵੱਖ-ਵੱਖ ਕਾਰਜਾਂ ਨੂੰ ਦਰਸਾਉਂਦਾ ਚਿੱਤਰ

ਮੁਜ਼ਾਹਰੇ ਪ੍ਰਦਰਸ਼ਨ (ਡੈਮੋਂਸਟ੍ਰੇਸ਼ਨ - Demonstration) : ਹੜਤਾਲਾਂ, ਬੰਦ, ਘੇਰਾਓ, ਰੈਲੀਆਂ, ਮੁਜ਼ਾਹਰੇ ਮਰਨ ਵਰਤ, ਲੋਕ ਬਹਿਸ ਮੁਬਾਹਿਸੇ, ਸੋਸ਼ਲ ਮੀਡੀਆ 'ਤੇ ਆਪਣੀਆਂ ਮੰਗਾਂ ਸਬੰਧੀ ਮੁਹਿੰਮਾਂ ਜਾਂ ਜਨ ਸੰਚਾਰ ਸਾਧਨਾਂ ਰਾਹੀ ਆਪਣੀ ਅਵਾਜ਼ ਸਰਕਾਰ ਤੱਕ ਪੁੱਜਦਾ ਕਰਨੀ ਮੁਜ਼ਾਹਰੇ ਪ੍ਰਦਰਸ਼ਨ ਦੇ ਤਰੀਕੇ ਹਨ ਜੋ ਦਬਾਅ ਗੁੱਟ ਅਪਣਾਉਂਦੇ ਹਨ। ਇਨ੍ਹਾਂ ਢੰਗ ਤਰੀਕਿਆਂ ਨਾਲ ਲੋਕਾਂ ਨੂੰ ਸਹੋਕਾਰ ਸਮੂਹ ਦੀਆਂ ਦਾ ਇਲਮ ਹੁੰਦਾ ਹੈ ਅਤੇ ਸਰਕਾਰ ਉੱਤੇ ਕੁਦਰਤੀ ਦਬਾਅ ਬਣਦਾ ਹੈ ਕਿ ਇਨ੍ਹਾਂ ਮੰਗਾਂ ਬਾਰੇ ਕੁਝ ਕੀਤਾ ਜਾਵੇ।

ਚੋਣ ਪ੍ਰਚਾਰ (ਇਲੈਕਸ਼ਨੀਰਿੰਗ - Electioneering) : ਸਰੋਕਾਰ ਸਮੂਹਾਂ ਲਈ ਚੋਣਾਂ ਦਾ ਸਮਾਂ ਆਪਣੇ ਸਰੋਕਾਰ ਦੀ ਪੂਰਤੀ ਲਈ ਵਰਤਿਆ ਜਾਣ ਵਾਲਾ ਬਹੁਤ ਵਧੀਆਂ ਮੌਕਾ ਹੁੰਦਾ ਹੈ । ਉਹ ਆਪ ਤਾਂ ਚੋਣਾਂ ਨਹੀ ਲੜਦੇ ਪਰ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਦੀ ਚੋਣਾਂ ਜਿੱਤਣ ਵਿੱਚ ਸਹਾਇਤਾ ਕਰਦੇ ਹਨ ਕੀ ਤੁਸ ਸੋਚ ਸਕਦੇ ਹੋ ਕਿ ਸਰੋਕਰ ਸਮੂਹ ਸਿਆਸੀ ਧਿਰਾ ਨੂੰ ਕਿਹੋ ਜਿਹੀ ਸਹਾਇਤਾ ਪ੍ਰਦਾਨ ਕਰਦੇ ਹਨ ? ਇਹ ਸਹਾਇਤਾ ਮਾਇਕ ਕਿਸਮ ਦੀ ਹੋ ਸਕਦੀ ਹੈ, ਵੋਟ ਬੈਂਕ ਸਿਆਸਤ ਹੋ ਸਕਦੀ ਹੈ, ਚੋਣ ਪ੍ਰਚਾਰ ਦੇ ਰੂਪ ਵਿੱਚ ਵੀ ਹੋ ਸਕਦੀ ਹੈ ਜਾਂ ਫੇਰ ਅਜਿਹੀ ਕੋਈ ਹੋਰ ਕਿਸਮ ਵੀ। ਇਹ ਕਰਨ ਨਾਲ ਉਨ੍ਹਾਂ ਨੂੰ ਸਿਆਸੀ ਪਾਰਟੀ ਤੇ ਉਨ੍ਹਾਂ ਦੇ ਉਮੀਦਵਾਰ ਦਾ ਸਮਰਥਨ ਮਿਲਦਾ ਹੈ। ਚੋਣਾਂ ਵਿੱਚ ਸਮਰਥਨ ਤੇ ਸਹਾਇਤਾ ਪ੍ਰਦਾਨ ਕਰਕੇ ਆਪਣੇ ਪੱਖ ਵਿੱਚ ਲਾਹਾ ਲੈਣ ਦੇ ਸਾਰੇ ਕਾਰਜ ਨੂੰ ਹੀ ਚੋਣ ਪ੍ਰਚਾਰ ਆਖਿਆ ਜਾਂਦਾ ਹੈ।

ਪ੍ਰਭਾਵ ਮੰਡਲੀ (ਲੌਬਿੰਗ - Lobbying) : ਪ੍ਰਭਾਵ ਮੰਡਲੀ ਤਿਆਰ ਕਰਨਾ ਉਧਾਰੀ ਪ੍ਰਕਿਰਿਆ ਵਰਗੀ ਇੱਕ ਤਰ੍ਹਾਂ ਦੀ ਕਿਰਿਆ ਹੈ ਜਿਸ ਵਿੱਚ ਵਿਧਾਨਕਾਰਾਂ ਨੂੰ ਮਿਲ ਕੇ ਵਿਧਾਨਪਾਲਿਕਾ ਦੇ ਚੈਬਰਾਂ ਤੋਂ ਬਾਹਰ ਆਪਣੇ ਸਮਰਥਨ ਦੀ ਪ੍ਰਭਾਵ ਮੰਡਲੀ ਤਿਆਰ ਕਰ ਲਈ ਜਾਂਦੀ ਹੈ ਜੋ ਕਿ ਸਰੋਕਰ ਸਮੂਹ ਦੇ ਮੈਬਰਾਂ ਦੀਆਂ ਮੰਗਾਂ ਸਬੰਧੀ ਵਕਾਲਤ ਕਰਦੀ ਹੈ, ਉਨ੍ਹਾਂ ਦੇ ਹੱਕ ਵਿੱਚ ਪਹਿਲ ਕਰਦੀ ਹੈ ਤੇ ਉਨ੍ਹਾਂ ਦੀਆਂ ਲੋੜਾਂ ਪ੍ਰਤੀ ਅਵਾਜ਼ ਬੁੰਲਦ ਕਰਦੀ ਹੈ। ਇਹ ਸਭ ਤਰੀਕੇ ਨਵੇਂ ਸਮੂਹ ਤਿਆਰ ਕਰਨ ਹਿੱਤ ਵਰਤੇ ਜਾਂਦੇ ਹਨ। ਇਸ ਸਾਰੇ ਕਾਰਜ ਨੂੰ ਵਿਸਤ੍ਰਿਤ ਤੌਰ ਇੱਕ ਕਿਹਾ ਜਾ ਸਕਦਾ ਹੈ ਕਿ ਵਿਧਾਨਕਾਰਾਂ ਤੋਂ ਇਲਾਵਾਂ ਸਰੋਕਾਰ ਸਮੂਹ ਨਿਆਂਪਾਲਿਕਾ ਦੇ ਮੈਬਰਾਂ ਅਤੇ ਸਿਵਲ ਸੇਵਾਵਾਂ ਦੇ ਅਧਿਕਾਰੀਆਂ (ਜੋ ਅਸਲ ਵਿੱਚ ਨੀਤੀ ਘਾੜੇ ਹੁੰਦੀ ਹਨ ਤੇ ਨੀਤੀਆਂ ਲਾਗੂ ਵੀ ਕਰਦੇ ਹਨ) ਨਾਲ ਵੀ ਨਜਦੀਕੀ ਬਣਾ ਕੇ ਉਨ੍ਹਾਂ ਉਤੇ ਆਪਣਾ ਪ੍ਰਭਾਵ ਬਨਾਉਣ ਦੀ ਕੋਸ਼ਿਸ਼ ਕਰਦੇ ਹਨ।

ਪ੍ਰਚਾਰ ਪ੍ਰਸਾਰ (ਪ੍ਰਾਪੇਗੈਂਡਾਇਜ਼ਿੰਗ - Propagandising) : ਪ੍ਰਾਪੇਗੈਂਡਾ ਦਾ ਭਾਵ ਹੁੰਦਾ ਹੈ, ਲੋਕ ਵਿਸ਼ਵਾਸ ਆਪਣੇ ਪੱਖ ਵਿੱਚ ਕਰਨ ਲਈ ਲੋਕ ਰਾਇ ਨੂੰ ਬਾਕਾਇਦ ਆਪਣੇ ਪੱਖ ਵਿੱਚ ਕਰਨ ਲਈ ਉਪਰਾਲਾ ਕਰਨਾ। ਲੋਕ ਵਿਸ਼ਵਾਸ ਜਿੱਤਣ ਲਈ ਲੋੜੀਦਾਂ ਵਾਤਾਵਰਨ ਕੁਝ ਤੱਥਾਂ ਅਤੇ ਜਾਣਕਾਰੀਆਂ (ਭਾਵੇ ਸੱਚ ਨਾ ਵੀ ਹੋਣ) ਫੈਲਾਉਣੀਆਂ ਹੁੰਦੀਆਂ ਹਨ, ਸਰਕਾਰ ਵਿਰੁੱਧ ਮੁਹਿੰਮ ਖੜ੍ਹੀ ਕਰਨੀ ਹੁੰਦੀ ਹੈ ਅਤੇ ਇਨ੍ਹਾਂ ਕਾਰਜਾਂ ਲਈ ਲੋਕਾਂ ਸਾਹਮਣੇ ਪ੍ਰਦਰਸ਼ਨ ਕਰਨੇ ਹੀ ਹੁੰਦੇ ਹਨ । ਕੋਈ ਵੀ ਜਮਹੂਰੀ (ਲੋਕਤੰਤਰੀ) ਸਰਕਾਰ ਕਿਉਂਕਿ ਲੋਕਾਂ ਵਿੱਚ ਆਪਣਾ ਅਕਸ ਵਿਗੜਨਾ ਸਹਿ ਨਹੀਂ ਸਕਦੀ, ਦਬਾਅ ਗੁੱਟ ਇਸ ਪੱਖ ਦਾ ਪੂਰਾ ਲਾਭ ਉਠਾਉਂਦੇ ਹਨ ਅਤੇ ਆਪਣਾ ਟੀਚਾ ਪ੍ਰਾਪਤ ਕਰਨ ਲਈ ਕੁਝ ਵੀ ਅਛੂਤਾ ਨਹੀਂ ਛੱਡਦੇ। ਆਪਣੇ ਪੱਖ ਦਾ ਪ੍ਰਚਾਰ ਪ੍ਰਸਾਰ ਉਨ੍ਹਾਂ ਨੂੰ ਲੋਕ ਰਾਇ ਉਤੇ ਆਪਣਾ ਅਸਰ ਪਾਉਣ ਦਾ ਮੌਕਾ ਦਿੰਦਾ ਹੈ ਅਤੇ ਸਰਕਾਰੀ ਅਕਸ ਘਟਾਉਣ ਲਈ ਵੱਡੀ ਮੁੰਹਿਮ ਹੋ ਨਿਬੜਦਾ ਹੈ । ਅਜਿਹੇ ਇਕ – ਪਾਸੜ ਪ੍ਰਚਾਰ ਪ੍ਰਸਾਰ ਲਈ ਜਨ ਸੰਚਾਰ (ਛਪਾਈ ਤੇ ਇੱਲੈਕਟ੍ਰਾਨਿਕ ਸੰਚਾਰ) ਸਾਧਨ ਅਤੇ ਸੋਸ਼ਲ ਮੀਡੀਆ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ ਜਿਨ੍ਹਾਂ ਨਾਲ ਸਰਕਾਰ ਦੇ ਕੰਮ ਕਾਜ ਦਾ ਢੰਗ ਨੰਗਾ ਹੁੰਦਾ ਹੈ ਅਤੇ ਸਰਕਾਰ ਦਾ ਮਾੜਾ ਢੰਗ ਉਸਦੇ ਅਕਸ ਨੂੰ ਲੋਕਮਨਾਂ ਵਿੱਚ ਵਿਗਾੜਦਾ ਹੈ।

ਸਰੋਕਾਰ ਸਮੂਹਾਂ / ਦਬਾਅ ਗੁੱਟਾਂ ਦੀ ਭੂਮਿਕਾ ਤੇ ਕਾਰਜ

ਕਿਸੇ ਵੀ ਦੇਸ਼ ਦੀ ਸਿਆਸੀ ਪ੍ਰਥਾ ਵਿੱਚ ਦਬਾਅ ਗੁੱਟਾਂ ਦਾ ਮਹੱਤਵਪੂਰਨ ਹੱਥ ਹੁੰਦਾ ਹੈ। ਅਜਿਹੇ ਗੁੱਟਾਂ ਵੱਲੋ ਕੀਤੇ ਕਈ ਕਾਰਜ, ਉਨ੍ਹਾਂ ਦੀ ਆਪਣੀ ਭੂਮਿਕਾ ਤੈਅ ਕਰਨ ਦਾ ਅਧਾਰ ਵੀ ਬਣਦੇ ਹਨ। ਆਓ ਉਨ੍ਹਾਂ ਦੇ ਕਾਰਜਾਂ ਅਤੇ ਭੂਮਿਕਾ ਉਤੇ ਇੱਕ ਝਾਤ ਮਾਰੀਏ—

ਜਮਹੂਰੀਅਤ ਦੀ ਵਕਾਲਤ ਕਰਨਾ (Advocate Democracy) : ਸਿਆਸੀ ਪਾਰਟੀਆਂ ਜੇਕਰ ਜਮਹੂਰੀਅਤ ਦੇ ਪਹੀਏ ਹਨ ਤਾਂ ਸਰੋਕਾਰ ਸਮੂਹ ਦਬਾਅ ਗੁੱਟ ਉਨ੍ਹਾਂ ਪਹੀਆਂ ਵਿਚਾਲੇ ਬੀੜਿਆ ਲੱਠ – ਸਾਲ਼ ਹੰਦੇ ਹਨ ਜੋ ਪਹੀਆਂ ਨੂੰ ਇਕੋ ਦੂਰੀ ਉਤੇ ਰਹਿ ਕੇ ਘੁੰਮਣ ਲਈ ਸਹਾਰਾ ਦਿੰਦਾ ਹੈ। ਸਮੂਹ ਅਤੇ ਪਾਰਟੀਆਂ ਰੱਲ਼ ਕੇ ਲੋਕ ਅਵਾਜ਼ ਬਣਦੇ ਹਨ, ਲੋਕ ਦੀ ਰਾਇ ਇਕ ਮੁੱਖ ਕਰਦੇ ਹਨ, ਮੁਕਾਬਲੇ ਤੇ ਬਹਿਸਾਂ ਕਰਵਾ ਕ ਲੋਕ ਨਬਜ਼ ਪਛਾਣਦੇ ਹਨ ਤੇ ਇਸ ਤਰ੍ਹਾਂ ਜਮਹੂਰੀਅਤ ਦਾ ਡੂੰਘਾਈ ਵੱਲ ਵੀ ਤੇ ਚੌੜਾਈ ਵੱਲ ਵੀ, ਪਸਾਰ ਕਰਨ ਵਿੱਚ ਸਿੱਧ ਹੁੰਦੇ ਹਨ।

ਨੀਤੀ ਘੜਨ 'ਤੇ ਅਸਰਦਾਇਕ (Influence policy making) : ਸਰੋਕਾਰ ਸਮੂਹ ਸਾਧਨਾਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਜੋ ਵਿਧਾਨਕਾਰ ਆਪਣੀ ਸੱਤ੍ਹਾ ਦੀ ਵਰਤੋਂ ਕਰਦਿਆਂ ਜਿਹੀਆਂ ਨੀਤੀਆਂ ਤੇ ਕਨੂੰਨ ਘੜਨ ਜਿਹੜੇ ਕਿ ਸਰੋਕਾਰ ਸਮੂਹ ਦੇ ਭਰੋਸ਼ੇ ਨੂੰ ਕਾਇਮ ਰੱਖਣ। ਉਹ ਅਜਿਹੀ ਪ੍ਰਭਾਵਸ਼ਾਲੀ ਪ੍ਰਭਾਵ ਮੰਡਲੀ ਵਜੋਂ ਵੀ ਕਾਰਜ ਕਰਦੇ ਹਨ ਜੋ ਵਿਧਾਨਕਾਰਾਂ ਨੂੰ ਸਮੂਹਾਂ ਦੀ ਇੱਛਾ ਮੁਤਾਬਕ ਕਾਨੂੰਨ ਵਿੱਚ ਤਰਮੀਮਾਂ ਤੇ ਸਰਕਾਰੀ ਨੀਤੀਆਂ ਵਿੱਚ ਤਬਦੀਲੀ ਕਰਨਾ ਸੁਝਾਉਂਦੀ ਹੈ।

ਸਿਆਸੀ ਸਮਾਜੀਕਰਨ ਦੇ ਏਜੰਟ ਵਜੋ ਕਾਰਜ (Agent of political socialisation) : ਸਰੋਕਾਰ ਸਮੂਹ, ਸਿਆਸੀ ਸਮਾਜੀਕਰਨ ਦੇ ਨੁਮਾਇੰਦਿਆਂ ਵਜੋਂ ਕਾਰਜ ਕਰਦੇ ਹੋਏ ਲੋਕਾਂ ਦੇ ਮਾਨਸਿਕ ਵਤੀਰੇ ਨੂੰ ਸਿਆਸੀ ਪ੍ਰਕਿਰਿਆ ਵੱਲ ਮੋੜਦੇ ਹਨ ਇਹ ਕਾਰਜ ਲਈ ਉਨ੍ਹਾਂ ਦਾ ਸਰਕਾਰੀ ਮਸ਼ੀਨਰੀ ਦੇ ਕਨੂੰਨ ਘਾੜੇ ਨੀਤੀ ਘਾੜੇ ਅਤੇ ਫੈਸਲਾ ਲਊ ਅੰਗਾਂ ਨਾਲ ਜੁੜੇ ਰਹਿਣਾ ਵੀ ਜ਼ਰੂਰ ਹੁੰਦਾ ਹੈ ਸਮਾਜ ਵਿੱਚ ਆਪਣੇ ਆਪ ਨੂੰ ਰਹੇ ਖੁਹੇ ਸਮਝਣ ਵਾਲੇ ਵਰਗ ਨੂੰ ਸਿਆਸੀ ਪ੍ਰਕਿਰਿਆ ਵਿੱਚ ਰਲਾਉਣ ਦਾ ਕਾਰਜ ਵੀ ਇਹੀ ਸਮੂਹ ਕਰਦੇ ਹਨ ਜਿਸ ਨਾਲ ਸਮਾਜ ਦੇ ਸਾਰੇ ਵਰਗਾਂ ਦੀ ਸਿਆਸੀ ਹਿੱਸੇਦਾਰੀ ਪੂਰੀ ਹੁੰਦੀ ਹੈ।

ਸਰੋਕਾਰ ਉਸਾਰੀ ਤੇ ਜੋੜ ਬੰਦੀ (Interest Articulation) : ਸਰੋਕਾਰ ਸਮੂਹ ਲੋਕਾਂ ਦੀਆਂ ਲੋੜਾਂ ਅਤੇ ਮੰਗਾਂ, ਨੂੰ ਫ਼ੈਸਲਾ ਕੁੰਨ ਧਿਰਾਂ ਵੱਲ ਜਾਂਦੇ ਹਨ। ਇਸ ਪ੍ਰਕਿਰਿਆ ਨਾਲ ਲੋਕਾਂ ਦੇ ਦਾਅਵਿਆਂ ਦੀ ਨਿਰਖ ਪਰਖ ਹੋ ਕੇ ਜੋੜਬੰਦੀ ਹੁੰਦੀ ਹੈ

ਤੇ ਇਹੀ ਪ੍ਰਕਿਰਿਆ ਸਰੋਕਾਰ ਦੀ ਜੋੜ ਬੰਦੀ ਜਾਂ ਉਸਾਰੀ ਕਹਾਉਂਦੀ ਹੈ । ਸਰੋਕਾਰ ਸਮੂਹ ਇਸ ਸਾਰੀ ਪ੍ਰਕਿਰਿਆ ਦੌਰਾਨ ਲੋਕਾਂ ਅਤੇ ਸਰਕਾਰ ਵਿਚਾਲ਼ੇ ਦੁਵੱਲਾ ਸੰਚਾਰ ਸਥਾਪਤ ਕਰਦੇ ਹਨ। ਇਸ ਤਾਲਮੇਲ ਨਾਲ ਹੀ ਸਗੋਂ ਸਰੋਕਾਰ ਵੀ ਨਾਲ ਹੀ ਨਿਖਰ ਸਾਹਮਣੇ ਆਉਂਦੇ ਹਨ।

ਸਰਕਾਰਾਂ ਦੇ ਕਾਰਜਾਂ 'ਤੇ ਤਿੱਖੀ ਨਜ਼ਰ (Strong check on the government) : ਸਰੋਕਾਰ ਸਮੂਹ ਸਰਕਾਰ ਦੇ ਕਾਰਜਾਂ 'ਤੇ ਤਿੱਖੀ ਨਜ਼ਰ ਰੱਖਦੇ ਹਨ ਅਤੇ ਸਰਕਾਰਾਂ ਦੇ ਗ਼ਲਤ ਫ਼ੈਸਲਿਆਂ ਤੇ ਨਿਮਨ ਪੱਧਰੀ ਸਿਆਸਤ ਦਾ ਪਰਦਾ ਫਾਸ਼ ਕਰ ਕੇ ਵਿਰੋਧੀ ਧਿਰਾਂ ਦੇ ਕਾਰਜਾਂ ਦੇ ਪੂਰਕ ਬਣਦੇ ਹਨ। ਦਬਾਅ ਗੁੱਟ ਵੀ ਫ਼ੈਸਲਾ ਲੈਣ ਵਾਲੀਆਂ ਧਿਰਾਂ ਦੀ ਵੋਟਰਾਂ ਪ੍ਰਤੀ ਜਵਾਬਦੇਹੀ ਬਣਾਉਂਦੇ ਹਨ ਤੇ ਸਰਕਾਰ, ਵਿਰੋਧੀ ਧਿਰਾਂ ਨੂੰ ਸਹਾਰਾ ਪ੍ਰਦਾਨ ਕਰਦੇ ਹਨ। ਇਸ ਸਾਰੀ ਕਾਰਵਾਈ ਨੂੰ ਸਰੋਕਾਰ ਸਮੂਹਾਂ ਦਾ ਉਸਾਰੂ ਕਿਹਾ ਜਾ ਸਕਦਾ ਹੈ। ਇਵੇਂ ਸਰੋਕਾਰ ਸਮੂਹ ਦਬਾਅ ਗੁੱਟ ਸਿਆਸਤ ਵਿੱਚ ਜਵਾਬਦੇਹੀ ਤੇ ਜ਼ਿੰਮੇਵਾਰੀ ਦੇ ਖ਼ੂਬਸੂਰਤ ਤੱਤ ਸ਼ਾਮਲ ਕਰਦੇ ਤੇ ਉਘਾੜਦੇ ਹਨ।

ਸਿਆਸੀ ਪਾਰਟੀਆਂ ਦਾ ਸੰਭਾਵੀ ਬਦਲ (Political alternate to political parties) : ਵਰਤਮਾਨ ਦੇ ਸਰੋਕਾਰ ਸਮੂਹ ਵਿੱਚ ਭਲਕ ਦੀ ਸਿਆਸੀ ਪਾਰਟੀ ਬਣਨ ਦਾ ਪੂਰਾ ਦੰਮ ਹੁੰਦਾ ਹੈ ਜੇ ਉਹ ਆਪਣਾ ਅਧਾਰ ਮੋਕਲਾ ਕਰੇ ਅਤੇ ਸਰੋਕਾਰਾਂ ਵਿੱਚ ਵੀ ਹੋਰ ਤਬਦੀਲੀ ਤੇ ਭਿੰਨਤਾ ਲਿਆਵੇ। ਕਈ ਸਿਆਸੀ ਪਾਰਟੀਆਂ ਜੋ ਸਾਡੇ ਸਾਹਮਣੇ ਹਨ, ਕਿਸੇ ਸਮੇਂ ਉਨ੍ਹਾਂ ਆਪਣਾ ਸਫਰ ਸਰੋਕਾਰ ਸਮੂਹ ਵੱਜੋ ਹੀ ਅਰੰਭਿਆ ਸੀ। ਸਮਾਂ ਪਾ ਕੇ ਉਨ੍ਹਾਂ ਭਿੰਨਤਾਵਾਂ ਵਾਲੇ ਪੱਖੋਂ ਨਵੀਂ ਭੂਮਿਕਾ ਨਿਭਾਉਣ ਦੀ ਤਿਆਰੀ ਕੀਤੀ ਤੇ ਹੁਣ ਦੇਸ਼ ਦੀ ਸਿਆਸਤ ਵਿੱਚ ਉੱਘੀ ਭੂਮਿਕਾ ਨਿਭਾ ਰਹੇ ਹਨ। ਸਰੋਕਾਰ ਸਮੂਹਾਂ ਲਈ ਸਿਆਸੀ ਹਾਰ ਦੀ ਸੰਭਾਵਨਾ ਹਮੇਸ਼ਾਂ ਹੀ ਹੁੰਦੀ ਹੈ।

ਮਿਸਾਲ ਬਣਦੀ ਝਾਤ (A sneak peek) !

ਸ਼੍ਰੋਮਣੀ ਅਕਾਲੀ ਦਲ (ਬਾਦਲ ਗੁੱਟ) ਜੋ ਕਿ ਪੰਜਾਬ ਵਿੱਚ ਉੱਘਾ ਖੇਤਰੀ ਸਿਆਸੀ ਪਾਰਟੀ ਰਿਹਾ ਹੈ ਨੇ ਆਪਣਾ ਸਫਰ ਧਾਰਮਿਕ ਦਬਾਅ ਗੁੱਟ ਵੱਜੋਂ ਅਰੰਭਿਆ ਸੀ ਜਦੋਂ ਭਾਰਤ ਦੀ ਅਜ਼ਾਦੀ ਤੋਂ ਪਹਿਲਾ ਇਹ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਉਪਜਿਆ ਸੀ। ਇਹ ਲਹਿਰ ਸਫਲ ਰਹੀ ਅਤੇ ਲਹਿਰ ਦੀ ਸਿਆਸੀ ਧਿਰ ਵੱਜੋਂ ਇਹ ਪਾਰਟੀ ਪੰਜਾਬ ਦੀ ਸਿਆਸਤ ਵਿੱਚ ਦਾਖ਼ਲ ਹੋ ਗਈ ਤੇ ਆਪਣੀ ਨਵੀਂ ਭੂਮਿਕਾ ਅਨੁਸਾਰ ਢੱਲ ਗਈ।

ਰਾਜਨੀਤਕ ਦਲ	ਦਬਾਅ ਸਮੂਹ
• ਇਸਦਾ ਮੁੱਖ ਨਿਸ਼ਾਨਾ ਸਰਕਾਰ ਵਿੱਚ ਸ਼ਕਤੀ ਪ੍ਰਾਪਤ ਕਰਨਾ ਹੁੰਦਾ ਹੈ।	• ਇਸਦਾ ਮੁੱਖ ਟੀਚਾ ਉਹਨਾਂ ਫੈਸਲਿਆਂ 'ਤੇ ਪ੍ਰਭਾਵ ਪਾਉਣਾ ਹੁੰਦਾ ਹੈ ਜੋ ਸੱਤ੍ਹਾ ਦੁਆਰਾ ਲਏ ਜਾਂਦੇ ਹਨ।
• ਸੱਤਾ ਵਿੱਚ ਹੋਣ ਤੇ ਸਰਕਾਰ ਦੇ ਕੰਮਕਾਜ ਉੱਪਰ ਸਿੱਧਾ ਕੰਟਰੋਲ ਹੋ ਸਕਦਾ ਹੈ।	• ਇਸਦਾ ਸਰਕਾਰ ਉਪਰ ਅਸਿੱਧਾ ਕੰਟਰੋਲ ਹੁੰਦਾ ਹੈ।
• ਇਹ ਬਹੁਮਤ ਦੇ ਲਈ ਭਿੰਨ-ਭਿੰਨ ਹਿੱਤਾ ਨੂੰ ਗਠਬੰਧਨ ਬਣਾ ਸਕਦੇ ਹਨ।	• ਇਸ ਵਿੱਚ ਲੋਕਾਂ ਦੇ ਵਿਸ਼ੇਸ਼ ਹਿੱਤ ਹੁੰਦੇ ਹਨ।
• ਕਿਸੇ ਵਿਚਾਰਧਾਰਾ ਉੱਤੇ ਅਧਾਰ ਹੁੰਦੇ ਹਨ।	• ਇਸ ਵਿੱਚ ਰਾਜਨੀਤਕ ਵਿਚਾਰਧਾਰਾ ਦਾ ਹੋਣਾ ਜ਼ਰੂਰੀ ਨਹੀਂ।
• ਇਹ ਤੁਲਨਾ ਵਿੱਚ ਵੱਡੀ ਸੰਸਥਾ ਹੁੰਦੀ ਹੈ।	• ਇਹ ਤੁਲਨਾ ਵਿੱਚ ਛੋਟੀ ਸੰਸਥਾ ਹੁੰਦੀ ਹੈ।

ਸਿਆਸੀ ਪਾਰਟੀਆਂ ਅਤੇ ਸਰੋਕਾਰ ਸਮੂਹਾਂ ਵਿਚਾਲੇ ਅੰਤਰ (Distinction between Political parties and Interest Groups)

ਸਿਆਸੀ ਪਾਰਟੀਆਂ ਅਤੇ ਸਰੋਕਾਰ ਸਮੂਹਾਂ ਵਿਚਾਲੇ ਹੇਠ ਲਿਖੇ ਤੱਤ ਅੰਤਰ ਪ੍ਰਗਟ ਕਰਦੇ ਹਨ:-

ਉਦੇਸ਼ (Objective) : ਕਿਸੇ ਸਿਆਸੀ ਪਾਰਟੀ ਦਾ ਗਠਨ ਇਸ ਰਾਜਨੀਤਕ ਉਦੇਸ਼ ਨਾਲ ਕੀਤਾ ਜਾਂਦਾ ਹੈ ਕਿ ਉਹ ਕਦੇ ਸਰਕਾਰ ਦੀ ਸਥਾਪਨਾ ਕਰੇਗੀ ਤੇ ਇਸੇ ਉਦੇਸ਼ ਨਾਲ ਉਹ ਚੋਣਾਂ ਵਿੱਚ ਹਿੱਸਾ ਲੈਂਦੀ ਹੈ ਜਦੋਂ ਕਿ ਸਰੋਕਾਰ ਸਮੂਹ ਦਾ ਮਨੋਰਥ ਸੱਤਾਨਸ਼ੀਂ ਸਰਕਾਰ ਉਤੇ ਆਪਣਾ ਰੋਹਬ (ਦਬਾਅ) ਬਨਾਉਣਾ ਹੁੰਦਾ ਹੈ।

ਨੁਮਾਇੰਦਗੀ (Representation) : ਕੋਈ ਵੀ ਸਿਆਸੀ ਪਾਰਟੀ ਸਮਾਜ ਦੇ ਕਈ ਖਿੱਤਿਆਂ ਦੀ ਨੁਮਾਇੰਦਗੀ ਕਰਦੀ ਹੈ ਤੇ ਇਸਦਾ ਅਧਾਰ ਬਹੁਤ ਵੱਡਾ ਹੁੰਦਾ ਹੈ, ਜਨ ਅਧਾਰ ਹੁੰਦਾ ਹੈ ਜਦੋਂ ਕਿ ਕਿਸੇ ਸਰੋਕਾਰ ਸਮੂਹ ਨੇ ਸਮਾਜ ਦੇ ਇੱਕ ਹੀ ਸਮੂਹ ਦੇ ਨਿਯਤ ਜਾਂ ਮਿੱਥੇ ਹੋਏ ਮੈਂਬਰਾਂ ਲਈ ਹੀ ਕਾਰਜ ਕਰਨਾ ਹੁੰਦਾ ਹੈ।

ਜ਼ਿੰਮੇਵਾਰੀ ਤੇ ਜਵਾਬਦੇਹੀ (Responsibility and Accountabily) : ਜਮਹੂਰੀਅਤ (ਲੋਕਤੰਤਰ) ਇਹ ਲਾਜ਼ਮੀ ਬਣਾਉਂਦੀ ਹੈ ਕਿ ਹਰ ਸਿਆਸੀ ਪਾਰਟੀ ਦੀ ਆਪਣੀ ਜਨਤਾ ਪ੍ਰਤੀ ਵੱਡੀ ਜ਼ਿੰਮੇਵਾਰੀ ਤੇ ਜਵਾਬਦੇਹੀ ਹੋਵੇ ਜਦੋਂ ਕਿ ਸਰੋਕਾਰ ਸਮੂਹਾਂ ਦੀ ਇਸ ਪੱਖ ਤੋਂ ਕੋਈ ਜ਼ਿੰਮੇਵਾਰੀ ਜਾਂ ਜਵਾਬਦੇਹੀ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਪ੍ਰਮੁੱਖ ਜ਼ਿੰਮੇਵਾਰੀ ਤਾਂ ਆਪਣੇ ਸਮੂਹ ਦੇ ਮੈਂਬਰਾਂ ਪ੍ਰਤੀ ਹੀ ਹੁੰਦੀ ਹੈ।

ਕਾਰਵਾਈ ਦੀ ਯੋਜਨਾ (Action Programme) : ਸਿਆਸੀ ਪਾਰਟੀਆਂ ਦੀ ਕਾਰਵਾਈ ਦੀ ਯੋਜਨਾ ਦਾ ਖੇਤਰ ਇੰਨਾ ਕੁ ਹੁੰਦਾ ਹੈ ਕਿ ਕਈ ਸਰੋਕਾਰ ਸਮੂਹਾਂ ਦੀ ਕਾਰਵਾਈ-ਯੋਜਨਾ ਉਸ ਵਿੱਚ ਸਮਾ ਸਕਦੀ ਹੈ। ਉਨ੍ਹਾਂ ਦੇ ਉਦੇਸ਼ ਵਿੱਚ ਜਨ-ਕਲਿਆਣ ਹੈ ਤੇ ਇਸਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਜਨ-ਭਾਗ ਜਾਂ ਜਨ-ਅੰਸ਼ ਉਸ ਪਾਰਟੀ ਦਾ ਸਮਰਥਕ ਹੈ ਜਾਂ ਨਹੀਂ। ਚੋਣਾਂ ਤੋਂ ਬਾਅਦ ਸਿਆਸੀ ਪਾਰਟੀਆਂ ਹਰ ਕਿਸੇ ਲਈ ਕਾਰਜ ਕਰਦੀਆਂ ਹਨ ਜਦੋਂ ਕਿ ਸਰੋਕਾਰ ਸਮੂਹਾਂ ਦਾ ਝੁਕਾਅ ਕੇਵਲ ਆਪਣੇ ਮੈਂਬਰਾਂ ਦੇ ਕਲਿਆਣ ਵੱਲ ਹੀ ਹੁੰਦਾ ਹੈ ਜਿਸ ਨਾਲ ਉਨ੍ਹਾਂ ਦੀ ਦਿੱਖ ਸਿਆਸੀ ਪਾਰਟੀਆਂ ਦੇ ਮੁਕਾਬਲੇ ਸੌੜੀ ਕਹਾਉਂਦੀ ਹੈ।

ਭਾਰਤ ਦੇ ਪ੍ਰਮੁੱਖ ਸਰੋਕਾਰ ਸਮੂਹਾਂ ਦਬਾਅ ਗੁਟਾਂ 'ਤੇ ਇੱਕ ਝਾਤ

ਵਪਾਰੀ—ਕਾਰੋਬਾਰੀ ਗੁੱਟ (Business Groups) : ਇਹ ਗੁੱਟ ਤਾਕਤਵਰ ਆਰਥਿਕ ਸਰੋਕਾਰਾਂ ਵਾਲੇ ਹੁੰਦੇ ਹਨ ਜਿਨ੍ਹਾਂ ਵਿੱਚ ਵਪਾਰੀ ਤੇ ਸਨਅਤਕਾਰ ਸ਼ਾਮਲ ਹੁੰਦੇ ਹਨ। ਉਦਾਹਰਣ ਵਜੋਂ-ਫੈਡਰੇਸ਼ਨ ਆਫ਼ ਇੰਡੀਅਨ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ (FICCI), ਐਸੋਸੀਏਟਿਡ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਆਫ਼ ਇੰਡੀਆ (ਐਸੋਕੈਮ ASSOCHAM ਆਦਿ।

ਮਜ਼ਦੂਰ ਸੰਗਠਨ (Trade Unions) : ਇਹ ਗੁੱਟ, ਭਾਰਤ ਵਿੱਚ ਸਨਅਤਾਂ, ਉਦਯੋਗਾਂ ਤੇ ਫ਼ੈਕਟਰੀਆਂ ਦੇ ਕਾਮਿਆਂ ਦੀਆਂ ਲੋੜਾਂ ਤੇ ਮੰਗਾ ਦੀ ਨੁੰਮਾਇੰਦਗੀ ਕਰਦੇ ਹਨ। ਉਦਾਹਰਣ ਵਜੋਂ; ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟੁਕ-AITUC), ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ (ਇੰਟੁਕ-INTUC), ਹਿੰਦ ਮਜ਼ਦੂਰ ਸਭਾ (HMS), ਭਾਰਤੀਯ ਮਜ਼ਦੂਰ ਸੰਘ (BMS) ਆਦਿ।



ਕੰਮ-ਕਾਜੀ ਗੁੱਟ (Profession Groups) : ਵੱਖੋ-ਵੱਖਰੇ ਕੰਮ-ਕਾਜਾਂ ਵਿੱਚ ਜੁਟੇ ਵਿਅਕਤੀਆਂ ਵੱਲੋਂ ਕਾਇਮ ਕੀਤੇ ਗੁੱਟ ਇਸ ਸਿਰਲੇਖ ਅਧੀਨ ਆਉਂਦੇ ਹਨ, ਜਿਵੇਂ-ਇੰਡੀਅਨ ਮੈਡੀਕਲ ਐਸੋਸੀਏਸ਼ਨ, ਬਾਰ ਕੌਂਸਲ ਆਫ਼ ਇੰਡੀਆ, ਫੈਡਰੇਸ਼ਨ ਆਫ਼ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ ਆਦਿ।

ਜ਼ਰਾਇਤੀ ਗੁੱਟ (Agrarian Groups) : ਜ਼ਰਾਇਤ ਜਾਂ ਖੇਤੀਬਾੜੀ ਤੇ ਹੋਰ ਸਹਾਇਕ ਧੰਦਿਆਂ ਵਿੱਚ ਜੁਟੇ ਲੋਕਾਂ ਵੱਲੋਂ ਬਣਾਏ ਗਏ ਗੁੱਟ ਜਾਂ ਸਮੂਹ ਇਸ ਸਿਰਲੇਖ ਅਧੀਨ ਆਉਂਦੇ ਹਨ, ਜਿਵੇਂ, ਆਲ ਇੰਡੀਆ ਕਿਸਾਨ ਸਭਾ, ਭਾਰਤੀਯ ਕਿਸਾਨ ਯੂਨੀਅਨ ਆਦਿ।

ਵਿਦਿਆਰਥੀ ਸੰਗਠਨ (Students Organisations) : ਇਹ ਗੁੱਟ ਵਿਦਿਆਰਥੀਆਂ ਦੀਆਂ ਮੰਗਾ, ਲੋੜਾਂ, ਉਨ੍ਹਾਂ ਦੀ ਅਵਾਜ਼ ਬਣ ਕੇ ਨੁੰਮਾਇੰਦਗੀ ਕਰਦੇ ਹਨ। ਉਦਾਹਰਣ ਵਜੋਂ- ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ, ਆਲ ਇੰਡੀਆ ਸਟੂਡੈਂਟਸ ਫ਼ੈਡਰੇਸ਼ਨ, ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ ਆਦਿ।

ਧਾਰਮਿਕ ਸੰਗਠਨ (Religious Organisations) : ਭਾਰਤ ਵਿੱਚ ਵੱਖੋ-ਵੱਖ ਧਾਰਮਿਕ ਵਿਚਾਰਾਂ ਵਿੱਚ ਇੱਕਮੁਠਤਾ ਦੀ ਪ੍ਰਾਪਤੀ ਲਈ ਕਾਇਮ ਕੀਤੇ ਜਾਂਦੇ ਸੰਗਠਨਾਂ ਵਿੱਚੋਂ ਪ੍ਰਮੁੱਖ ਹਨ, ਰਾਸ਼ਟਰੀਯ ਸਵੱਯਮ ਸੇਵਕ ਸੰਘ, ਵਿਸ਼ਵ ਹਿੰਦੂ ਪਰਿਸ਼ਦ, ਜਮਾਤ-ਏ-ਇਸਲਾਮੀ ਆਦਿ।

ਜਾਤੀ ਗੁੱਟ (Caste Groups) : ਵੱਖੋਂ-ਵੱਖ ਜਾਤੀਆਂ ਦੇ ਲੋਕ ਵੀ ਆਪਣੀ ਜਾਤੀ ਦੇ ਲੋਕਾਂ ਦੀ ਸੰਗਠਤ ਨੁਮਾਇੰਦਗੀ ਕਰਨ ਲਈ ਕਈ ਵਾਰ ਆਪਣੇ ਸੰਗਠਨ ਜਾਂ ਗੁੱਟ ਤਿਆਰ ਕਰਦੇ ਹਨ, ਜਿਵੇਂ ਹਰੀਜਨ ਸੇਵਕ ਸੰਘ, ਜਾਟ ਸਭਾ ਆਦਿ।

ਭਾਸ਼ਾਈ ਗੁੱਟ (Linguistic Groups) : ਭਾਰਤ ਵਿੱਚ ਪ੍ਰਚਲਤ ਭਾਸ਼ਾਵਾਂ, ਜਿਨਾਂ ਦੇ ਅਧਾਰ 'ਤੇ ਸੂਬੇ ਜਾਂ ਪ੍ਰਾਂਤ ਬਣਾਏ ਗਏ ਸਨ, ਨੂੰ ਉਤਸ਼ਾਹਤ ਕਰਨ ਹਿੱਤ ਬਣਾਏ ਜਾਂਦੇ ਸੰਗਠਨ ਜਿਵੇਂ ਕਿ ਤਾਮਿਲ ਸੰਘ, ਆਂਧਰਾਂ ਮਹਾਂਸਭਾ ਇਸ ਸਿਰਲੇਖ ਹੇਠ ਆਉਂਦੇ ਗੁੱਟ ਹਨ।

ਕਬਾਇਲੀ ਜਾਂ ਜਨ-ਜਾਤੀ ਗੁੱਟ (Tribal Groups) : ਭਾਰਤ ਵਿੱਚ ਵਸਦੇ ਵੱਖੋ-ਵੱਖ ਕਬੀਲਿਆਂ ਦੇ ਲੋਕਾਂ ਦੀਆਂ ਸਭਿਆਚਾਰਕ ਵਿਸ਼ੇਸ਼ਤਾਵਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਨ ਲਈ ਬਣਾਏ ਜਾਂਦੇ ਸੰਗਠਨ ਇਸ ਸਿਰਨਾਵੇਂ ਅਧੀਨ ਆਉਂਦੇ ਹਨ। ਉਦਾਹਰਨ ਵਜੋਂ, ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (NSCN), ਟਰਾਈਬਲ ਲੀਗ ਆਫ਼ ਅਸਾਮ (TLOA) ਆਦਿ।

ਵਿਚਾਰਧਾਰਾ ਅਧਾਰਤ ਗੁੱਟ (Ideology based Groups) : ਅਜਿਹੇ ਗੁੱਟ ਕੋਈ ਖਾਸ ਮੁਦਿਆਂ ਦੀ ਪੈਰਵੀ ਲਈ ਹੋਂਦ ਵਿੱਚ ਆਉਂਦੇ ਹਨ ਤੇ ਆਪਣੀ ਵਿਚਾਰਧਾਰਾ ਦੀ ਨੁਮਾਇੰਦਗੀ ਕਰਦੇ ਹਨ। ਉਦਾਹਰਣ ਵਜੋਂ, ਨਰਮਦਾ ਬਚਾਓ ਅੰਦੋਲਨ (ਮੇਧਾਪਟਕਰ ਵੱਲੋ ਅਰੰਭਿਆ ਗਿਆ), ਚਿਪਕੋ ਅੰਦੋਲਨ (ਸੁੰਦਰ ਲਾਲ ਬਹੁਗੁਣਾ ਵੱਲੋਂ ਅਰੰਭਿਆ ਗਿਆ) ਇੰਡੀਆ ਅਗੇਂਸਟ ਕਰੱਪਸ਼ਨ (ਅੰਨਾ ਹਜ਼ਾਰੇ ਨੇ ਸਿਰਫ਼ ਤਤਕਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਿਰੁੱਧ ਅਰੰਭਿਆ ਸੀ) ਆਦਿ।

ਪ੍ਰਤੀਰੋਧੀ ਗੁੱਟ (Anomic Groups) : ਇਹ ਉਹ ਗੁੱਟ ਹੁੰਦੇ ਹਨ ਜੋ ਕਿਸੇ ਉਚੇਚੀ ਸਿਆਸੀ ਜਾਂ ਸਮਾਜਿਕ ਮੰਗ ਦੀ ਪੂਰਤੀ ਲਈ ਕਾਇਮ ਕੀਤੇ ਜਾਂਦੇ ਹਨ ਅਤੇ ਮੰਗ ਪੂਰੀ ਹੁੰਦੇ ਸਾਰ ਹੀ ਭੰਗ ਵੀ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ਦੀ ਤਾਸੀਰ ਹੀ ਆਰਜ਼ੀ ਹੁੰਦੀ ਹੈ। ਉਦਾਹਰਣ ਵਜੋਂ-ਨਕਸਲੀ ਗੁੱਟ, ਜੰਮੂ ਐਂਡ ਕਸ਼ਮੀਰ ਲਿਬਰੇਸ਼ਨ ਫਰੰਟ (JKLF), ਯੂਨਾਈਟਿਡ ਲਿਬਰੇਸ਼ਨ ਫ਼ਰੰਟ ਆਫ਼ ਅਸਮ (ULFA) ਦਲ ਖਾਲਸਾ ਆਦਿ।

ਉਪਰੋਕਤ ਤੋਂ ਸਾਨੂੰ ਇਹ ਸਮਝ ਪੈਂਦਾ ਹੈ ਕਿ ਦੇਸ਼ ਵਿੱਚ ਲੋਕਾਂ ਦੇ ਕਈ ਸੰਗਠਨ, ਸਮੂਹ ਜਾਂ ਗੁੱਟ ਹੁੰਦੇ ਹਨ। ਇਨ੍ਹਾਂ ਗੁੱਟਾਂ ਵਿੱਚੋਂ ਸਿਆਸੀ ਪਾਰਟੀਆਂ ਤੇ ਸਰੋਕਾਰ ਸਮੂਹ ਅਜਿਹੇ ਗੁੱਟ ਹੁੰਦੇ ਹਨ ਜੋ ਕਿ ਆਪਣੇ ਹੀ ਢੰਗ ਤੇ ਸਮਰਥਾ ਮੁਤਾਬਕ ਦੇਸ਼ ਦੀ ਸਿਆਸਤ ਉਤੇ ਵੀ ਅਸਰ ਪਾਉਂਦੇ ਹੁੰਦੇ ਹਨ ਹਾਲਾਂਕਿ ਉਨ੍ਹਾਂ ਦਾ ਅਹਿਮ ਮਨੋਰਥ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਹੀ ਹੁੰਦਾ ਹੈ।

ਸਰੋਕਾਰ ਸਮੂਹ, ਸਿਆਸੀ ਪਾਰਟੀਆਂ ਨਾਲੋ ਘੱਟ ਜਾਣੇ-ਪਛਾਣੇ ਜਾਂਦੇ ਹਨ ਪਰ ਇਨ੍ਹਾਂ ਦਾ ਮਹੱਤਵ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੁੰਦਾ, ਸਗੋਂ ਇਨ੍ਹਾਂ ਨੂੰ ਸਿਆਸੀ ਪਾਰਟੀਆਂ ਦੇ ਉਤਸ਼ਾਹ ਵਰਧਕ ਤੱਤ ਵਜੋਂ ਮੰਨਿਆ ਜਾ ਸਕਦਾ ਹੈ। ਇਹ ਸਿਆਸੀ ਮਾਹੌਲ ਤਿਆਰ ਕਰਦੇ ਹਨ ਤੇ ਲੋੜ ਅਨੁਸਾਰ ਉਸਦੀ ਨਵ-ਉਸਾਰੀ ਵੀ ਕਰਦੇ ਹਨ। ਇਨ੍ਹਾਂ ਨੂੰ ਸਿਆਸਤ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ, ਸਗੋਂ ਸਿਆਸਤ ਦਾ ਅਨਿਖੜਵਾਂ ਅੰਗ ਮੰਨਿਆ ਜਾਣਾ ਚਾਹੀਦਾ ਹੈ।

ਦਬਾਅ ਗੁੱਟ, ਜਮਹੂਰੀਅਤ (ਲੋਕਤੰਤਰ) ਨੂੰ ਦਿਸ਼ਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਕਾਰਜ ਲਈ ਉਹ ਸੰਬੰਧਤ ਧਿਰਾਂ ਵਿਚਾਲੇ ਉਸਾਰੂ ਵਿਚਾਰ-ਵਟਾਂਦਰਿਆਂ ਦਾ ਅਧਾਰ ਬਣਾ ਕੇ ਜ਼ਿੰਮੇਵਾਰੀ ਤੇ ਜਵਾਬਦੇਹੀ ਦੇ ਤੱਤਾਂ ਨੂੰ ਪ੍ਰਬੰਧ ਵਿੱਚ ਸ਼ਾਮਲ ਕਰਦੇ ਹਨ। ਇਨ੍ਹਾਂ ਗੁੱਟਾਂ ਦੀ ਹੋਂਦ ਸਿਆਸੀ ਤੇ ਜਮਹੂਰੀਅਤ, ਦੋਹਾਂ ਨੂੰ ਹੀ ਕਾਰਜ਼ਸ਼ੀਲ ਬਣਾਉਂਦੀ ਹੈ ਕਿਉਂਕਿ ਇਨ੍ਹਾਂ ਗੁੱਟਾਂ ਨੂੰ ਕਦੇ ਵੀ ਅੱਖੋ-ਪ੍ਰੋਖੇ ਨਹੀਂ ਕੀਤਾ ਜਾ ਸਕਦਾ ਹੁੰਦਾ। ਅਜਿਹਾ ਕਰਨ ਦੀ ਸੂਰਤ ਵਿੱਚ ਸਿਆਸਤ ਵਿੱਚ ਤੁਫ਼ਾਨ ਖੜ੍ਹਾ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ।

ਵਿਦਿਆਰਥੀ ਹੁਣ ਪ੍ਰਤੱਖ ਤੌਰ 'ਤੇ ਸਮਝ ਅਤੇ ਵਿਚਾਰ ਸਕਦੇ ਹਨ ਕਿ ਸਰੋਕਾਰ ਸਮੂਹ ਕੀ ਹੁੰਦੇ ਹਨ ਤੇ ਉਹ ਕੀ ਭੂਮਿਕਾ ਅਦਾ ਕਰਦੇ ਹਨ ਜਾਂ ਫੇਰ ਦੇਸ਼ ਦੀ ਸਿਆਸਤ ਵਿੱਚ ਉਨ੍ਹਾਂ ਦਾ ਕੀ ਮਹੱਤਵ ਹੁੰਦਾ ਹੈ। ਇਹ ਵੀ ਮਹੱਤਵਪੂਰਨ ਹੈ ਕਿ ਸਰੋਕਾਰ ਸਮੂਹਾਂ ਦੀ ਅਣਹੋਂਦ ਨਾਲ ਦੇਸ਼ ਦੇ ਸ਼ਾਮਲ ਪ੍ਰਬੰਧ ਵਿੱਚ ਕੀ ਨੁਕਸਾਨ ਹੋ ਸਕਦੇ ਹਨ ? ਸ਼੍ਰੇਣੀ ਵਿੱਚ ਅਜਿਹੀ ਵਿਚਾਰ ਚਰਚਾ, ਦੇਸ਼ ਵਿਚਲੇ ਸਿਆਸੀ ਪ੍ਰਬੰਧ ਨੂੰ ਬਿਹਤਰ ਢੰਗ ਨਾਲ ਜਾਨਣ ਵਿਚ ਸਹਾਈ ਸਿੱਧ ਹੋਵੇਗੀ।

ਅਭਿਆਸ

I ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇਕ - ਦੋ ਸ਼ਬਦਾ ਵਿਚ ਦਿਓ -

ੳ) ਸਰੋਕਾਰ ਸਮੂਹ ਤੋਂ ਕੀ ਭਾਵ ਹੈ ?

ਅ) ਸਰੋਕਾਰ ਸਮੂਹ ਕਿਹੜੀ ਹਾਲਤ ਵਿੱਚ ਦਬਾਅ ਗੁੱਟ ਵਜੋ ਕਾਰਜ ਕਰਦਾ ਹੈ ?

ੲ) ਦਬਾਅ ਗੁੱਟ ਦਾ ਅੰਗ੍ਰੇਜ਼ੀ ਅਨੁਵਾਦ ਕਿਹੜੇ ਦੇਸ਼ ਵਿੱਚ ਸਰਵਪ੍ਰਥਮ ਵਰਤਿਆ ਗਿਆ ?

(i) ਬਰਤਾਨੀਆਂ (ii) ਭਾਰਤ

(iii) ਸੰਯੁਕਤ ਰਾਜ ਅਮਰੀਕਾ (iv) ਚੀਨ

ਸ) ਸਰੋਕਾਰ ਸਮੂਹ, ਸਿਆਸੀ ਸਮਾਜੀਕਰਨ ਦੇ ਮਹੱਤਵਪੂਰਨ ਤੱਤ ਹੁੰਦੇ ਹਨ (ਸਹੀ ਜਾਂ ਗਲਤ) ?

ਹ) ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਦਬਾਅ ਗੁੱਟ ਅਧੀਨ ਨਹੀਂ ਆਉਂਦਾ ?

(i) ਯੂਨੀਵਰਸਿਟੀ (ii) ਸਰਕਾਰ ਦੀ ਰਚਨਾ

(iii) ਸਵੈ-ਇਛੱਤ ਮੈਂਬਰੀ (iv) ਸਾਂਝੇ ਹਿੱਤ (ਸਰੋਕਾਰ)

II ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5 - 8 ਵਾਕਾਂ ਵਿੱਚ ਦਿਓ :-

1. ਸਰੋਕਾਰ ਸਮੂਹਾਂ ਤੇ ਸਿਆਸੀ ਪਾਰਟੀਆਂ ਵਿੱਚਲੇ ਮੁਢਲੇ ਅੰਤਰਾਂ ਵਿਚੋਂ ਇੱਕ ਦਾ ਵਰਨਣ ਕਰੋ।
2. ਸਰੋਕਾਰ ਸਮੂਹ ਜਾਂ ਦਬਾਅ ਗੁੱਟ ਨੂੰ ਤਾਕਤ ਕਿਹੜਾ ਤੱਤ ਬਖ਼ਸ਼ਦਾ ਹੈ ?
3. ਚੋਣ-ਪ੍ਰਚਾਰ ਕੀ ਹੁੰਦਾ ਹੈ ?
4. ਪ੍ਰਭਾਵ-ਮੰਡਲੀ ਤਿਆਰ ਕਰਨ ਤੋਂ ਕੀ ਭਾਵ ਹੈ ?
5. ਸਰੋਕਾਰ ਸਮੂਹ ਦੀਆਂ ਤਿੰਨ ਵਿਸ਼ੇਸ਼ਤਾਈਆਂ ਦਾ ਵਰਨਣ ਕਰੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50 - 60 ਸਤਰਾਂ ਵਿੱਚ ਦਿਓ :-

1. ਵਰਤਮਾਨ ਜਮਹੂਰੀ (ਲੋਕਤੰਤਰੀ) ਰਾਜਾਂ (ਦੇਸ਼ਾਂ) ਵਿੱਚ ਸਰੋਕਾਰ ਸਮੂਹ ਕੀ ਭੂਮਿਕਾ ਅਦਾ ਕਰਦੇ ਹਨ ?
2. ਦਬਾਅ ਗੁੱਟ ਆਪਣੇ ਸਰੋਕਾਰਾਂ ਨੂੰ ਹੱਲ ਕਰਵਾਉਣ ਲਈ ਕੀ-ਕੀ ਢੰਗ ਤਰੀਕੇ ਵਰਤਦੇ ਹਨ ਅਤੇ ਕੋਈ ਇੱਕ ਤਰੀਕੇ ਦੀ ਵਿਆਖਿਆ ਕਰੋ ਜੋ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਲਗਦਾ ਹੈ।

10

ਉਦਾਰਵਾਦ
[Liberalism]

ਸਮਾਜ ਵਿੱਚ ਸ਼ਾਸਨ ਪ੍ਰਬੰਧ ਲਈ ਸਮੇਂ-ਸਮੇਂ ਸਿਰਕੱਢ ਹਸਤੀਆਂ ਅਤੇ ਵਿਦਵਾਨਾਂ ਨੇ ਆਪਣੇ ਵਿਚਾਰ ਅਤੇ ਸਿਧਾਂਤ ਪੇਸ਼ ਕੀਤੇ ਹਨ। ਇਹਨਾਂ ਵਿਚਾਰਾਂ ਅਤੇ ਸਿਧਾਂਤਾਂ (Ideas and Principles) ਨੇ ਹੀ ਸ਼ਾਸਨ ਪ੍ਰਬੰਧ ਨੂੰ ਆਮ ਲੋਕਾਂ ਲਈ ਚੰਗੇਰਾ ਅਤੇ ਲੋਕਪੱਖੀ ਬਨਾਉਣ ਵਿੱਚ ਯੋਗਦਾਨ ਪਾਇਆ ਹੈ। ਸ਼ਖਸੀਅਤਾਂ ਦੇ ਸਮਾਜ, ਕਨੂੰਨਾਂ, ਮਨੁੱਖੀ ਜ਼ਿੰਦਗੀ ਦੇ ਮਕਸਦ ਆਦਿ ਬਾਰੇ ਪ੍ਰਗਟ ਕੀਤੇ ਵਿਚਾਰਾਂ ਨੂੰ ਸੰਜੀਵ ਰੂਪ ਵਿੱਚ ਵਿਚਾਰਧਾਰਾ ਕਿਹਾ ਜਾਂਦਾ ਹੈ। ਵਿਚਾਰਧਾਰਾ (Ideology) ਮਨੁੱਖੀ ਜ਼ਿੰਦਗੀ ਅਤੇ ਸਮਾਜ ਦੇ ਸਮੁੱਚੇ ਪ੍ਰਬੰਧ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਵਿਚਾਰਧਾਰਾ ਜੇਕਰ ਸਾਂਝ ਵਾਲੀ ਹੋਵੇਗੀ ਤਾਂ ਸ਼ਾਸਨ ਪ੍ਰਬੰਧ ਵੀ ਸਮੁੱਚੇ ਸਮ ਦੀ ਸਾਂਝ ਉੱਤੇ ਅਧਾਰਤ ਹੋਣਗੇ। ਇਸ ਤੋਂ ਉਲਟ ਜੇਕਰ ਵਿਚਾਰਧਾਰਾ ਵਿਅਕਤੀ ਦੀ ਸੁਤੰਤਰਤਾ ਤੇ ਆਧਾਰਤ ਹੋਵੇਗੀ ਤਾਂ ਸਮੁੱਚਾ ਪ੍ਰਬੰਧ ਨਿੱਜੀ ਵਿਅਕਤੀਗਤ ਫ਼ਾਇਦੇ ਨੁਕਸਾਨ ਦੀ ਪੇਸ਼ਕਾਰੀ ਕਰੇਗਾ। ਵਰਤਮਾਨ ਵਿਚ ਦੋ ਵਿਚਾਰਧਾਰਾਵਾਂ ਪ੍ਰਮੁੱਖ ਰੂਪ ਵਿੱਚ ਪ੍ਰਚਲਤ ਹਨ, ਉਦਾਰਵਾਦ (Liberalism) ਅਤੇ ਮਾਰਕਸਵਾਦ (Marxism)

ਦੁਨੀਆਂ ਵਿੱਚ ਵਿਚਰਦੇ ਹੋਏ ਲੋਕ ਆਪਸ ਵਿੱਚ ਵੱਖੋ-ਵੱਖਰੇ ਸੁਭਾਵਾਂ (Nature) ਦਾ ਪ੍ਰਗਟਾਵਾ ਕਰਦੇ ਹਨ। ਸੁਭਾਅ ਦੇ ਅਨੁਸਾਰ ਹੀ ਇੱਕ ਦੂਜੇ ਨੂੰ ਸਾਊ ਜਾਂ ਮਤਲਬੀ ਵਿਸ਼ੇਸ਼ਣਾਂ ਅਨੁਸਾਰ ਸੰਬੋਧਿਤ ਕਰਦੇ ਹਨ। ਰਾਜਨੀਤੀ ਸ਼ਾਸਤਰ (Political Science) ਦੀ ਸ਼ਬਦਾਵਲੀ ਵਿੱਚ ਅਸੀ ਲੋਕਾਂ ਨੂੰ ਉਦਾਰ (Libral) ਜਾਂ ਰੂੜੀਵਾਦੀ (Conservative) ਖਿਆਲਾਂ ਵਾਲਾ ਵੀ ਕਹਿੰਦੇ ਹਾਂ। ਉਦਾਰਵਾਦੀ, ਜੋ ਦੂਜਿਆਂ ਦੀ ਗੱਲ ਨੂੰ ਤਵੱਜੋ (importance) ਦਿੰਦਾ ਹੈ। ਰੂੜੀਵਾਦੀ, ਜੋ ਮਨੁੱਖ ਦੀ ਸ਼ਖਸੀਅਤ ਨੂੰ ਸਮਾਜ ਅਤੇ ਇਤਿਹਾਸ ਤੋਂ ਤੋੜ ਕੇ ਨਹੀਂ ਦੇਖਦਾ। ਰਾਜਨੀਤਕ ਵਿਚਾਰਧਾਰਾ (Political Ideology) ਲੋਕਾਂ ਦੇ ਸਮੂਹਿਕ / ਸਾਂਝੇ ਤੌਰ 'ਤੇ ਪ੍ਰਗਟਾਏ ਜਾਂਦੇ ਵਿਚਾਰਾਂ ਨੂੰ ਵੱਖ-ਵੱਖ ਵਿਚਾਰਧਾਰਾਵਾਂ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਉਦਾਰਵਾਦ (Liberation) ਅਤੇ ਮਾਰਕਸਵਾਦ (Marxism) ਅਜਿਹੀਆਂ ਹੀ ਦੋ ਵਿਚਾਰਧਾਰਾਵਾਂ ਹਨ ਜਿਨ੍ਹਾਂ ਬਾਰੇ ਅਸੀਂ ਵਿਸਥਾਰ ਵਿੱਚ ਜਾਣਾਂਗੇ। ਉਦਾਰਵਾਦ ਤੋਂ ਭਾਵ ਅਜਿਹੀ ਵਿਚਾਰਧਾਰਾ ਜੋ ਨਿੱਜੀ ਸ਼ਖ਼ਸੀਅਤ ਨੂੰ ਪਹਿਲ ਦਿੰਦੀ ਹੋਈ ਉਸਨੂੰ ਨਿਖਾਰਨ 'ਤੇ ਜ਼ੋਰ ਦਿੰਦੀ ਹੈ। ਇਸ ਅਧਿਆਇ ਵਿੱਚ ਅਸੀਂ ਉਦਾਰਵਾਦ ਤੋਂ ਵਿਸਥਾਰ ਪੂਰਵਕ ਜਾਣੂ ਹੋਵਾਂਗੇ।

ਵਿਚਾਰਧਾਰਾ (Ideology)

ਐਨਟੋਨੀ ਡੇ ਟਰੇਸੀ (Antoine - de - tracy) ਨੇ ਵਿਧਾਰਧਾਰਾ (Ideology) ਸ਼ਬਦ ਦੀ ਸਭ ਤੋਂ ਪਹਿਲੀ ਵਾਰ ਵਰਤੋ 1796 ਵਿੱਚ ਕੀਤੀ। ਉਨ੍ਹਾਂ ਅਨੁਸਾਰ ਵਿਚਾਰਧਾਰਾ, ਵਿਚਾਰਾਂ ਦਾ ਨਵਾਂ ਵਿਗਿਆਨ ਹੈ ("New Science of Idea")



ਉਦਾਰਵਾਦ ਦਾ ਰਾਹ

ਉਦਾਰਵਾਦ ਦੀ ਆਰਥਿਕ ਵਿਚਾਰਧਾਰਾ ਨੂੰ ਦਰਸਾਉਂਦਾ ਚਿਤਰ

ਸ਼ਾਨਦਾਰ ਕ੍ਰਾਂਤੀ-1688 (Glorious Revolution)	ਅਮਰੀਕਾ ਦੀ ਕ੍ਰਾਂਤੀ - 1776 (American Revolution-1776)	ਫਰਾਂਸ ਦੀ ਕ੍ਰਾਂਤੀ-1789 (French Revolution -1789)
(i) ਸ਼ਾਨਦਾਰ ਕ੍ਰਾਂਤੀ ਨੇ ਹਾਕਮਾਂ ਦੀਆਂ ਅਸੀਮ ਸ਼ਕਤੀਆਂ ਨੂੰ ਸੀਮਤ ਕਰ ਦਿੱਤਾ।	(i) "ਪ੍ਰਤੀਨਿਧਤਾ ਤੋਂ ਬਿਨਾਂ ਟੈਕਸ ਨਹੀਂ" ਅਮਰੀਕਨ ਕ੍ਰਾਂਤੀ ਦਾ ਕੇਂਦਰੀ ਨਾਅਰਾ ਸੀ।	(i) ਫਰਾਂਸਦੀ ਕ੍ਰਾਂਤੀ ਨੇ ਰਾਜਸ਼ਾਹੀ (Monarchy) ਦਾ ਖਾਤਮਾ ਕੀਤਾ ਅਤੇ ਗਣਰਾਜ ਦੀ ਸਥਾਪਨਾ ਕੀਤੀ।
(ii) ਸੰਸਦ ਨੂੰ ਰਾਜਸ਼ਾਹੀ ਹੁਕਮਰਾਨ ਨਾਲੋਂ ਵੱਧ ਅਧਿਕਾਰ ਦਿੱਤੇ ਗਏ।	(ii) ਸੰਯੁਕਤ ਰਾਜ ਅਮਰੀਕਾ ਲੋਕਤੰਤਰ ਗ੍ਰਹਿਣ ਵਾਲਾ ਪਹਿਲਾ ਆਧੁਨਿਕ ਰਾਜ ਬਣਿਆ।	(ii) ਫਰਾਂਸ ਦੀ ਕ੍ਰਾਂਤੀ ਨੇ ਜਗੀਰਦਾਰੀ ਵਿਵਸਥਾ ਦਾ ਅੰਤ ਕਰਕੇ ਸਮਾਜ ਦੀ ਸਥਾਪਨਾ ਕੀਤਾ।
		

ਉਦਾਰਵਾਦ ਦਾ ਇਤਿਹਾਸ ਅਤੇ ਵਿਕਾਸ
(History and development of Liberalism)

ਉਦਾਰਵਾਦ ਆਪਣੀ ਵਰਤਮਾਨ ਸਥਿਤੀ ਵਿੱਚ ਪਹੁੰਚਣ ਤੋਂ ਪਹਿਲਾਂ ਵੱਖ-ਵੱਖ ਪੜਾਵਾਂ ਵਿੱਚੋਂ ਲੰਘਿਆ ਹੈ। ਇਸ ਦੇ ਅਰਥ ਵੱਖ-ਵੱਖ ਸਮਿਆਂ ਵਿੱਚ ਬਦਲਦੇ ਰਹੇ ਹਨ। 19ਵੀਂ ਸਦੀ ਦੀ ਸ਼ੁਰੂਆਤ ਵਿੱਚ ਉਦਾਰਵਾਦ ਵੱਖਰੀ ਰਾਜਨੀਤਕ ਹੋਂਦ ਵਜੋਂ ਚਰਚਾ ਵਿੱਚ ਆਇਆ ਅਤੇ 1812 ਈ. ਵਿੱਚ ਇਹ ਸ਼ਬਦ ਜਾਂ ਵਿਚਾਰ ਸਪੇਨ ਵਿੱਚ ਪਹਿਲੀ ਵਾਰ ਵਰਤਿਆ ਗਿਆ।

ਯੂਰਪ ਵਿੱਚ ਜੰਗਲੀਦਾਰੀ ਪ੍ਰਬੰਧ ਅਧੀਨ ਖੇਤੀ ਹੀ ਉਤਪਾਦਨ (Production) ਪ੍ਰਮੁੱਖ ਢੰਗ ਸੀ ਜਿਸ ਵਿੱਚ ਮਨੁੱਖ ਵਿਸ਼ੇਸ਼ ਸਮਾਜਿਕ ਦਰਜ਼ਬੰਦੀਆਂ (Social Hierarchier) ਅਤੇ ਆਗਿਆ ਪਾਲਣ ਦੇ ਸਖਤ ਪ੍ਰਬੰਧ ਵਿੱਚ ਬੱਝੇ ਹੋਏ ਸਨ। ਇੱਕ ਜ਼ਮੀਨਾਂ ਦੇ ਮਾਲਕ ਦੂਜੇ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਕਾਮੇ ਮੁਜ਼ਾਹਰੇ ਇਹਨਾਂ ਦੇ ਵਿਚੋਂ ਉਭਰ ਰਹੀ ਨਵੀਂ ਮੱਧਵਰਗੀ (Middle class) ਸ਼੍ਰੇਣੀ ਇਹਨਾਂ ਜਾਗੀਰੂ ਪ੍ਰਬੰਧਾਂ(feudal system) ਨੂੰ ਤੋੜ ਨਵੇਂ ਕਿਸਮ ਦੇ ਪ੍ਰਬੰਧ ਨੂੰ ਸਥਾਪਤ ਕਰਨ ਦੇ ਪੱਖ ਵਿੱਚ ਸੀ।

16ਵੀਂ ਸਦੀ ਵਿੱਚ ਪ੍ਰੋਟੈਸਟੈਂਟ (Protestant reformers) ਸ਼ੁਰੂਆਤੀ ਉਦਾਰਵਾਦੀ ਸਨ ਜਿਨਾਂ ਨੇ ਧਾਰਮਿਕ ਦਰਜੇਬੰਦੀਆਂ (religious hirachies) ਅਤੇ ਕਟੜਪੰਥੀ (orthodoxy) ਦੇ ਵਿਰੁੱਧ ਝੰਡਾ ਬੁਲੰਦ ਕੀਤਾ। ਪ੍ਰੋਟੈਸਟੈਂਟ ਸੁਧਾਰਕਾਂ ਨੇ ਪੁਜਾਰੀਆਂ (clergy) ਦੁਆਰਾ ਕੀਤੀ ਜਾਂਦੀ ਧਰਮ ਦੀ ਵਿਆਖਿਆ ਉੱਤੇ ਸਵਾਲ ਕਰਨੇ ਸ਼ੁਰੂ ਕੀਤੇ ਅਤੇ ਰੱਬ ਅਤੇ ਮਨੁੱਖ ਵਿੱਚ ਸਿੱਧਾ ਸੰਬੰਧ ਜੋੜਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਿਸਦੇ ਨਤੀਜੇ ਵਜੋਂ ਪੁਜਾਰੀਆਂ ਦੇ ਰੁਤਬੇ ਨੂੰ ਸੱਟ ਵੱਜੀ। ਸੁਧਾਰਕਾਂ ਦਾ ਤਰਕ ਸੀ ਕਿ ਪੁਜਾਰੀ ਆਪਣੇ ਹਿੱਤਾਂ ਦੇ ਅਨੁਸਾਰ ਧਰਮ ਦੀ ਵਿਆਖਿਆ ਕਰਦੇ ਹਨ ਪੁਜਾਰੀਆਂ ਦੇ ਕਰਮ-ਕਾਂਡਾਂ ਤੋਂ ਛੁਟਕਾਰਾ ਪਾ ਕੇ ਵਿਅਕਤੀ ਦੀ ਖੁਦਮੁਖਤਿਆਰ ਜ਼ਿੰਦਗੀ (Autonomy of Individual) ਦਾ ਮੁੱਢ ਪ੍ਰੋਟੈਸਟੈਂਟ ਸੁਧਾਰਕਾਂ ਨੇ ਬੰਨ੍ਹ ਦਿੱਤਾ ਸੀ। ਰਾਜੇ ਆਪਣੇ ਆਪ ਨੂੰ ਪਰਮਾਤਮਾ ਤੇ ਦੂਤ ਕਹਾਉਂਦੇ ਸਨ ਜੋ ਕਿ ਪੂਜਾਰੀਆਂ-ਰਾਜਿਆਂ ਦੀ ਆਪਸੀ ਮਿਲੀ ਭੁਗਤ ਨਾਲ ਫੈਲਾਇਆ ਗਿਆ ਝੂਠ ਸੀ ਜਿਸਦਾ ਭਾਂਡਾ ਪੁਜਾਰੀਆਂ ਦੇ ਭਾਂਡੇ ਨਾਲ ਹੀ ਫੁੱਟਣਾ ਤੈਅ ਸੀ। ਅਜਿਹੇ ਹੀ ਹੋਰ ਉਭਰ ਰਹੇ ਵਿਚਾਰਾਂ ਨੇ ਪੁਜਾਰੀ ਅਤੇ ਰਾਜੇ ਦੀ ਸੱਤ੍ਹਾ ਨੂੰ ਵੰਗਾਰਿਆ।

ਦੈਵੀ ਅਧਿਕਾਰਾਂ ਦਾ ਸਿਧਾਂਤ (Divine Right Theory)

ਦੇਵੀ ਅਧਿਕਾਰਾਂ ਦਾ ਸਿਧਾਂਤ ਉਹ ਰਾਜਨੀਤਕ ਅਤੇ ਧਾਰਮਿਕ ਸੰਕਲਪ ਹੈ ਜੋ ਹੁਰਮਰਾਨ (Monarch) ਨੂੰ ਧਰਤੀ ਤੇ ਪ੍ਰਮਾਤਮਾ ਦਾ ਦੂਤ ਰੂਪ ਮੰਨਦਾ ਹੈ। ਰਾਜ ਕਰਨ ਦਾ ਅਧਿਕਾਰ ਪ੍ਰਮਾਤਮਾ ਦੀ ਇੱਛਾ ਦਾ ਪ੍ਰਗਟਾਵਾ ਹੈ।



ਉਦਾਰਵਾਦ ਵੱਖ-ਵੱਖ ਪੜਾਵਾਂ ਵਿੱਚੋਂ ਹੀ ਲੰਘਦਾ ਹੋਇਆ ਆਪਣੇ ਨਾਲ ਨਵੇਂ-ਨਵੇਂ ਸਿਧਾਂਤ ਜੋੜਦਾ ਗਿਆ ਜੋ ਇੱਕੋ ਸਮੇਂ ਬੇਸ਼ਕ ਨਹੀਂ ਉਪਜੇ ਪ੍ਰੰਤੂ ਫਿਰ ਵੀ ਇਹਨਾਂ ਵਿੱਚ ਸਾਂਝ ਜ਼ਰੂਰ ਹੈ। ਉਦਾਰਵਾਦ ਨੇ ਆਪਣੀ ਸ਼ੁਰੂਆਤ ਵਿੱਚ ਜਗੀਰੂ ਪ੍ਰਬੰਧ (Feuda; System) ਤੇ ਸਵਾਲੀਆ ਨਿਸ਼ਾਨ ਲਗਾਇਆ। ਰਾਜਸ਼ਾਹੀ ਹੁਕਮਰਾਨ ਦੇ ਦੈਵੀ ਅਧਿਕਾਰਾਂ ਦਾ ਵਿਰੋਧ ਕੀਤਾ ਅਤੇ ਵਿਸ਼ੇਸ਼ ਵਰਗ ਨੂੰ ਦਿੱਤੀਆਂ ਜਾਂਦੀਆਂ ਰਿਆਇਤਾਂ ਨੂੰ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ। ਸਮਾਂ ਬੀਤਣ ਦੇ ਨਾਲ-ਨਾਲ ਨਵੇਂ ਸਿਧਾਂਤ ਉਦਾਰਵਾਦ ਵਿੱਚ ਸ਼ਾਮਲ ਹੁੰਦੇ ਗਏ।

ਉਦਾਰਵਾਦ ਦਾ ਅਰਥ (Meaning of Liberalism)

ਉਦਾਰਵਾਦ ਬਦਲਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਪ੍ਰਭਾਵਿਤ ਹੁੰਦਿਆਂ ਹੋਇਆਂ ਨਵਾਂ ਰੂਪ ਲੈਂਦਾ ਆਇਆ ਹੈ। ਫਿਰ ਵੀ ਇਸਦਾ ਕੇਂਦਰੀ ਬਿੰਦੂ ਸੁਤੰਤਰਤਾ (Liberty) ਹੀ ਰਿਹਾ ਹੈ। ਉਦਾਰਵਾਦ (Liberalism) ਅੰਗਰੇਜ਼ੀ ਭਾਸ਼ਾ ਦੇ ਸ਼ਬਦ ਲਿਬਰਲਿਜ਼ਮ ਦਾ ਪੰਜਾਬੀ ਵਿੱਚ ਤਰਜ਼ੁਮਾ ਹੈ। ਲਿਬਰਲਿਜ਼ਮ (Liberalism) ਸ਼ਬਦ ਦੀਆਂ ਜੜ੍ਹਾਂ ਲਾਤੀਨੀ (Latin) ਭਾਸ਼ਾ ਦੇ ਸ਼ਬਦ ਲਿਬਰ (Liber) ਨਾਲ ਜੁੜਦੀਆਂ ਹਨ ਜਿਸਦਾ ਅਰਥ ਹੈ ਸੁਤੰਤਰ ਕਰਨਾ (to liberate) ਭਾਵ ਵਿਅਕਤੀ ਨੂੰ ਸੁਤੰਤਰ ਕਰਨਾ (to liberate the individual)। ਵਿਅਕਤੀ ਨੂੰ ਜਿਨ੍ਹਾਂ ਬੰਧਨਾ, ਜ਼ੰਜੀਰਾਂ ਅਤੇ ਰੋਕਾਂ ਤੋਂ ਸੁਤੰਤਰ ਕਰਨਾ ਹੈ ਉਹ ਵੱਖ-ਵੱਖ ਸਮਿਆਂ ਵਿੱਚ ਵੱਖੋ-ਵੱਖਰੀਆਂ ਰਹੀਆਂ ਹਨ। ਵਹਿਮ-ਭਰਮ, ਧਾਰਮਿਕ ਕਰਮ-ਕਾਂਡ, ਸਮਾਜ ਅਤੇ ਰਾਜ (state) ਦੀਆਂ ਅਸੀਮ ਸ਼ਕਤੀਆਂ ਅਜਿਹੀਆਂ ਰੋਕਾਂ ਹਨ। ਉਦਾਰਵਾਦ ਮਨੁੱਖ ਨੂੰ ਇਹਨਾਂ ਜ਼ੰਜੀਰਾਂ ਤੋਂ ਮੁਕਤੀ ਦਵਾ ਕੇ ਖੁਦਮੁਖਤਿਆਰ ਬਨਾਉਣ ਉੱਤੇ ਜ਼ੋਰ ਦਿੰਦਾ ਹੈ। ਵਿਅਕਤੀ ਦੀ ਖੁਦਮੁਖਤਿਆਰੀ ਤੋਂ ਭਾਵ ਵਿਅਕਤੀ ਆਪਣੇ ਫ਼ੈਸਲੇ ਲੈਣ ਦੇ ਆਪ ਕਾਬਲ ਬਣੇ ਅਤੇ ਇਹਨਾਂ ਫ਼ੈਸਲਿਆਂ ਦੀ ਜ਼ਿਮੇਵਾਰੀ ਵੀ ਵਿਅਕਤੀ ਦੀ ਆਪਣੀ ਹੋਵੇਗੀ।

ਉਦਾਰਵਾਦ ਦੀਆਂ ਮੁੱਢਲੀਆਂ ਕਦਰਾਂ-ਕੀਮਤਾਂ (Basic values and beliefs of Liberalism)

ਉਦਾਰਵਾਦ ਦੀ ਪ੍ਰਕਿਰਿਆ ਤੇ ਸਿਧਾਂਤਾਂ ਵਿੱਚ ਬਦਲਦੇ ਹਾਲਾਤ ਅਨੁਸਾਰ ਬਦਲਾਅ ਆਉਂਦੇ ਹਨ ਪਰ ਫਿਰ ਵੀ ਇਸ ਵਿੱਚ ਕੁਝ ਸਾਂਝੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ ਜਿਨ੍ਹਾਂ ਨੂੰ ਹੇਠ ਲਿਖੇ ਸਿਰਲੇਖਾਂ ਰਾਹੀਂ ਸਮਝਿਆ ਜਾ ਸਕਦਾ ਹੈ :

(i) ਉਦਾਰਵਾਦ ਹਰੇਕ ਵਿਅਕਤੀ ਦੀ ਵਿਲੱਖਣਤਾ ਵਿੱਚ ਵਿਸ਼ਵਾਸ ਕਰਦਾ ਹੈ। ਸਾਰਿਆਂ ਮਨੁੱਖਾਂ ਵਿੱਚ ਕੁਝ ਖਾਸ ਗੁਣ ਹੁੰਦੇ ਹਨ। ਜਿਵੇਂ ਕੋਈ ਵਧੀਆ ਖਿਡਾਰੀ ਹੋ ਸਕਦਾ, ਕੋਈ ਚੰਗਾ ਬੁਲਾਰਾ ਹੋ ਸਕਦਾ ਹੈ, ਕੋਈ ਚੰਗਾ ਆਗੂ ਅਤੇ ਕੋਈ ਕਲਾਕਾਰ ਹੋ ਸਕਦਾ ਹੈ। ਸ਼੍ਰੇਣੀ ਵਿੱਚ ਵੀ ਕੋਈ ਦੋ ਵਿਦਿਆਰਥੀ ਇੱਕੋ ਜਿਹੇ ਗੁਣਾਂ ਦਾ ਮਾਲਕ ਨਹੀਂ ਹੁੰਦੇ। ਉਦਾਰਵਾਦ ਅਨੁਸਾਰ ਆਪਣੀ ਵਿਲੱਖਣਤਾ ਨੂੰ ਮਿਹਨਤ ਨਾਲ ਤਰਾਸ਼ ਦੇ ਕੋਈ ਵੀ ਵਿਅਕਤੀ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਦੇ ਕਾਬਲ ਬਣ ਸਕਦਾ ਹੈ। ਸਾਰੇ ਮਨੁੱਖਾਂ ਨੂੰ ਮਨੁੱਖ ਹੋਣ ਨਾਤੇ ਬਰਾਬਰ ਦਾ ਰੁਤਬਾ ਪ੍ਰਾਪਤ ਹੁੰਦਾ ਹੈ।

ਉਦਾਰਵਾਦ ਸਮੂਹ ਦੇ ਮੁਕਾਬਲੇ ਵਿਅਕਤੀ ਨੂੰ ਜ਼ਿਆਦਾ ਮਹਤੱਤਾ ਦਿੰਦਾ ਹੈ। ਵਿਅਕਤੀ ਆਪਣੇ ਫੈਸਲਿਆਂ ਅਤੇ ਆਪਣੀਆਂ ਸ਼ਰਤਾਂ ਅਨੁਸਾਰ ਜ਼ਿੰਦਗੀ ਜਿਊਣ ਦੇ ਕਾਬਲ ਹੁੰਦਾ ਹੈ। ਉਸ ਨੂੰ ਧਰਮ, ਸਮਾਜ ਸਰਕਾਰ, ਰਾਜ ਆਦਿ ਤੋਂ ਸੇਧ ਲੈਣ ਦੀ ਕੋਈ ਮੁੱਢਲੀ ਲੋੜ ਨਹੀਂ ਹੁੰਦੀ ਹਾਲਾਂਕਿ ਇੱਛਾ ਹੋ ਸਕਦੀ ਹੈ।

(ii) ਪੰਰਪਰਾਵਾਦੀ ਉਦਾਰਵਾਦ ਸੁਤੰਤਰਤਾ ਨੂੰ ਕੁਦਰਤੀ ਅਧਿਕਾਰ (Natural right) ਮੰਨਦਾ ਹੈ। ਸੁਤੰਤਰਤਾ ਮਨੁੱਖ ਨੂੰ ਇਨਸਾਨ ਦੇ ਤੌਰ 'ਤੇ ਵਿਚਰਨ ਦੇ ਕਾਬਲ ਬਣਾਉਂਦੀ ਹੈ। ਮਨੁੱਖ ਕੋਲ ਸੁਤੰਤਰਤਾ ਦੀ ਹੋਂਦ ਉਸਨੂੰ ਆਪਣੀ-ਪਸੰਦ ਜ਼ਾਹਿਰ ਕਰਨ ਦੇ ਯੋਗ ਬਣਾਉਂਦੀ ਹੈ। ਕਿੱਥੇ ਵਸਣਾ ਹੈ, ਕੀ ਕੰਮ ਕਰਨਾ ਹੈ, ਕੀ ਖਰੀਦਣਾ ਹੈ ਆਦਿ ਚੋਣਾਂ, ਸੁਤੰਤਰਤਾ ਵਿੱਚ ਹੀ ਸੰਭਵ ਹਨ। ਪਰੰਪਰਾਵਾਦੀ ਉਦਾਰਵਾਦ (classical liberalism) ਤੋਂ ਆਧੁਨਿਕ ਉਦਾਰਵਾਦ (Modern liberalism) ਤੱਕ ਦਾ ਸਫ਼ਰ ਉਦਾਰਵਾਦ ਵਿੱਚ ਹਾਂ - ਪੱਖੀ ਤਬਦੀਲੀਆਂ ਲੈਕੇ ਆਇਆ। ਆਧੁਨਿਕ ਉਦਾਰਵਾਦ ਸੁਤੰਤਰਤਾ ਨੂੰ ਅਜਿਹੇ ਹਲਾਤ ਦੀ ਹੋਂਦ ਮੰਨਦਾ ਹੈ ਜਿਸ ਵਿੱਚ ਸਾਰੇ ਆਪਣੀਆਂ ਰੁਚੀਆਂ (Apptitudes), ਯੋਗਤਾਵਾਂ (abilities) ਅਤੇ ਸੂਝ ਦਾ ਵਿਕਾਸ ਕਰ ਸਕਣ। ਉਦਾਰਵਾਦ ਸੁਤੰਤਰਤਾ ਨੂੰ ਮਨੁੱਖੀ ਜ਼ਿੰਦਗੀ ਲਈ ਬਹੁਤ ਅਹਿਮ ਮੰਨਦਾ ਹੈ।

ਸੁਤੰਤਰਤਾ

- ਨਕਾਰਾਤਮਕ ਸੁਤੰਤਰਤਾ (Negative Liberty)
- ਪਰੰਪਰਾਵਾਦੀ ਉਦਾਰਵਾਦ (Classical Liberalism)
- ਬਾਹਰੀ ਰੋਕਾਂ ਦੀ ਅਣਹੋਂਦ (Free from external restrains)
- ਸਕਾਰਾਤਮਕ ਸੁਤੰਤਰਤਾ (Positive Liberty)
- ਆਧੁਨਿਕ ਉਦਾਰਵਾਦ (Modern Liberalism)
- ਆਪਣੇ ਖੁਦਮੁਖਤਿਆਰ ਵਿਅਕਤੀਤਵ ਦਾ ਵਿਕਾਸ (Development of Autonomous personality)

(iii) ਗਿਆਨ ਅੰਦੋਲਨ ਜਾਂ ਜਾਗਰੂਕਤਾ ਲਹਿਰ (Enlightenment Movement) : ਮਨੁੱਖ ਨੂੰ ਤਰਕ ਦੇ ਆਧਾਰ ਤੇ ਸੋਚਣ ਅਤੇ ਖੁਸ਼ਹਾਲ ਜੀਵਨ ਜਿਊਣ ਦਾ ਸੁਨੇਹਾ ਦਿੱਤਾ। ਯੂਰਪ ਵਿੱਚ ਫ਼ੈਲੀ ਇਸ ਜਾਗਰੂਕਤਾ ਲਹਿਰ ਜਾਂ ਗਿਆਨ ਅੰਦੋਲਨ ਦੇ ਅਸਰ ਨਾਲ ਮਨੁੱਖ ਤਰਕ ਨਾਲ ਸੋਚਣ ਲੱਗੇ ਜਿਸਨੇ ਨਿੱਜੀ ਸੁਤੰਤਰਤਾ ਵਿੱਚ ਵਿਸ਼ਵਾਸ ਪੈਦਾ ਕੀਤਾ। ਉਦਾਰਵਾਦ ਮਨੁੱਖ ਨੂੰ ਤਰਕਵਾਦੀ ਮੰਨਦਿਆਂ ਹੋਇਆ ਆਪਣੀਆਂ ਖੁਸ਼ੀਆਂ ਨੂੰ ਮਾਨਣ ਵਾਲਾ ਅਤੇ ਤੈਅ ਕਰਨ ਵਾਲਾ ਐਲਾਨਦਾ ਹੈ।

ਜਾਗਰੂਕਤਾ ਲਹਿਰ (Enlightenment movement) : ਇਹ ਇੱਕ ਬੌਧਿਕ ਲਹਿਰ ਸੀ ਜੋ 17ਵੀਂ ਅਤੇ 18ਵੀਂ ਸਦੀ ਵਿੱਚ, ਯੂਰਪ ਦੇ ਬੌਧਿਕ ਹਲਕਿਆਂ ਵਿੱਚ ਆਪਣੇ ਪੂਰੇ ਜੋਬਨ ਤੇ ਸੀ। ਇਸ ਲਹਿਰ ਨੇ ਪਰੰਪਰਾਵਾਦੀ ਵਿਸ਼ਵਾਸਾਂ ਜੋ ਧਰਮ ਅਤੇ ਰਾਜਨੀਤੀ ਬਾਰੇ ਪ੍ਰਚਲਤ ਸਨ, ਨੂੰ ਤਰਕ ਰਾਹੀਂ ਰੱਦ ਕੀਤਾ ਅਤੇ ਆਮ ਲੋਕਾਂ ਨੂੰ ਰਵਾਇਤੀ ਢੰਗਾਂ ਨਾਲ ਸੋਚਣ ਦੀ ਥਾਂ ਵਿਗਿਆਨਕ ਸੂਝ ਨੂੰ ਅਧਾਰ ਬਣਾ ਕੇ ਆਪਣੀ ਸੋਚ ਦਾ ਤਰੀਕਾ ਬਨਾਉਣ ਲਈ ਪ੍ਰੇਰਿਤ ਕੀਤਾ।

ਰੀਤ-ਰਿਵਾਜਾਂ ਅਤੇ ਕਰਮ-ਕਾਂਡਾਂ ਨੂੰ ਤਰਕਵਾਦੀ ਸੋਚ ਨੇ ਖ਼ਤਮ ਕੀਤਾ ਅਤੇ ਮਨੁੱਖ ਨੂੰ ਆਪਣੇ ਸੁਪਨਿਆਂ ਦਾ ਸਿਰਜਣਹਾਰ ਬਣਾਇਆ। ਗਿਆਨ ਅੰਦੋਲਨ ਨੇ ਮਨੁੱਖ ਨੂੰ ਆਪਣੀ ਮਿਹਨਤ ਨਾਲ ਨਵਾਂ ਸੰਸਾਰ ਸਿਰਜਣ ਦਾ ਹੌਂਸਲਾ ਵੀ ਦਿੱਤਾ।

(iv) ਉਦਾਰਵਾਦ ਅਨੁਸਾਰ ਹਰੇਕ ਵਿਅਕਤੀ ਵਿਲੱਖਣ ਹੈ ਸਮਾਜ ਅਲੱਗ-ਅਲੱਗ ਰੁਚੀਆਂ ਅਤੇ ਹਿੱਤਾਂ ਵਾਲੇ ਵਿਅਕਤੀਆਂ ਦਾ ਸਮੂਹ ਹੈ। ਵਿਅਕਤੀਆਂ ਦੇ ਸੁਭਾਅ ਅਤੇ ਉਹਨਾਂ ਦੀਆਂ ਖਵਾਹਿਸ਼ਾਂ ਭਿੰਨ-ਭਿੰਨ ਹਨ ਜਿਨ੍ਹਾਂ ਵਿੱਚ ਅਸਹਿਮਤੀ ਦੀ ਗੁੰਜਾਇਸ਼ ਰਹਿੰਦੀ ਹੈ। ਵੱਖ-ਵੱਖ ਮੁੱਦਿਆਂ ਪ੍ਰਤੀ ਵੱਖ ਵੱਖ ਵਿਅਕਤੀਆਂ ਦੀ ਵੱਖੋ-ਵੱਖਰੀ ਰਾਇ ਹੋ ਸਕਦੀ ਹੈ। ਸਹਿਣਸ਼ੀਲਤਾ ਉਦਾਰਵਾਦ ਦੀਆਂ ਮੁੱਖ ਕਦਰਾਂ-ਕੀਮਤਾਂ ਵਿੱਚੋਂ ਇੱਕ ਹੈ। ਸ਼ਹਿਣਸ਼ੀਲਤਾ ਮਨੁੱਖ ਨੂੰ ਸਮਾਜ ਵਿੱਚ ਰਹਿਣ ਦੇ ਕਾਬਲ ਬਣਾਉਂਦੀ ਹੋਏ ਇਹ ਸਿਖਾਉਂਦੀ ਹੈ ਕਿ ਵਿਰੋਧੀ ਵਿਚਾਰਾਂ ਵਾਲੇ ਮਨੁੱਖਾਂ ਨਾਲ ਸ਼ਾਂਤਮਈ ਸਹਿ-ਹੋਂਦ (Peaceful co-existence) ਕਿਵੇਂ ਸਥਾਪਤ ਕਰਨੀ ਹੈ।

ਫਰਾਂਸ ਦੇ ਪ੍ਰਸਿੱਧ ਵਿਦਵਾਨ ਵੋਲਤੇਅਰ (Voltaire) ਨੇ ਕਿਹਾ ਹੈ, "ਮੈਂ ਤੁਹਾਡੇ ਵਿਚਾਰਾਂ ਨੂੰ ਰੱਦ ਕਰਦਾ ਹਾਂ, ਪਰ ਤੁਹਾਡੇ ਬੋਲਣ ਦੇ ਹੱਕ ਦੀ ਰੱਖਿਆ ਆਪਣੀ ਮੌਤ ਤੱਕ ਵੀ ਕਰਾਂਗਾ (I disapprove of what you say, but will defend to the death, your right to say it)

(v) ਉਦਾਰਵਾਦ ਆਪਣੀ ਸ਼ੁਰੂਆਤ ਤੋਂ ਹੀ ਹੁਕਮਰਾਨ ਦੀਆਂ ਅਸੀਮ ਸ਼ਕਤੀਆਂ ਦੀ ਵਿਰੋਧਤਾ ਕਰਦਾ ਰਿਹਾ ਹੈ। ਰਾਜ ਦੀ ਹੋਂਦ ਰੱਬ ਨੇ ਨਹੀਂ ਸਗੋਂ ਮਨੁੱਖਾਂ ਨੇ ਆਪਣੇ ਭਲੇ ਲਈ ਥਾਪੀ ਹੈ। ਇਸ ਰਾਜ ਦੀਆਂ ਸ਼ਕਤੀਆਂ ਨੂੰ ਕੰਟਰੋਲ ਕਰਨ ਲਈ ਸੰਵਿਧਾਨ ਦੀ ਹੋਂਦ ਨੂੰ ਉਦਾਰਵਾਦ ਲਾਜਮੀ ਮੰਨਦਾ ਹੈ। ਸੰਵਿਧਾਨਵਾਦ ਸਰਕਾਰ ਦੀਆਂ ਅਸੀਮ ਸ਼ਕਤੀਆਂ ਉਪਰ ਕਾਨੂੰਨ ਰਾਹੀ ਰੋਕ ਲਗਾਉਂਦਾ ਹੈ। ਇਹ ਸਰਕਾਰੀ/ਰਾਜ ਨੂੰ ਮਨਮਰਜ਼ੀ ਕਰਨ ਤੋਂ ਰੋਕਦਾ ਹੈ।

- ਸ਼ਕਤੀਆਂ ਦੀ ਅਲਹਿਦਗੀ (Seperation of powers)
- ਸੁਤੰਤਰ ਨਿਆਂਪਾਲਿਕਾ (Independent Judiciary)
- ਵਿਅਕਤੀਗਤ ਅਧਿਕਾਰ (Individual right)
- ਜਨਤਕ ਲੋਕ ਪ੍ਰਭੂਸੱਤਾ (Popular Sovereignity)
- ਜ਼ਿੰਮੇਵਾਰ ਅਤੇ ਜਵਾਬਦੇਹ ਸਰਕਾਰ Resonsible and accountable government
- ਸੰਵਿਧਾਨਵਾਦ ਦੇ ਸਿਧਾਂਤ (Principles of constitutionalism)
- ਵਿਕੇਂਦਰੀ ਕਰਨ (Decentralisation)
- ਕਾਨੂੰਨ ਦਾ ਸ਼ਾਸਨ (Rule of law)

ਉਦਾਰਵਾਦ ਸੁਤੰਤਰਤਾ, ਵਿਅਕਤੀਵਾਦ ਤਰਕ ਅਤੇ ਸਹਿਣਸ਼ੀਲਤਾ ਦਾ ਸਮੂਹ ਹੈ। ਉਦਾਰਵਾਦ ਦੇ ਬੇਸ਼ਕ ਨਵੇਂ ਰੂਪ ਸਾਹਮਣੇ ਆਉਂਦੇ ਰਹੇ ਹਨ ਪ੍ਰੰਤੂ ਉਪਰੋਕਤ ਵਿਸ਼ੇਸ਼ਤਾਵਾਂ ਦੀ ਹੋਂਦ ਉਦਾਰਵਾਦ ਵਿੱਚ ਹਮੇਸ਼ਾਂ ਹੀ ਰਹੀ ਹੈ। ਉਦਾਰਵਾਦ ਦੀਆਂ ਸਾਧਾਰਨ ਵਿਸ਼ੇਸ਼ਤਾਵਾਂ ਸਮਝਣ ਤੋਂ ਬਾਅਦ ਅਸੀ ਉਦਾਰਵਾਦ ਦੀਆਂ ਕਿਸਮਾਂ ਬਾਰੇ ਵਿਸਥਾਰ ਨਾਲ ਪੜ੍ਹਾਂਗੇ।

ਉਦਾਰਵਾਦ ਦੀਆਂ ਕਿਸਮਾਂ ਰੂਪ (Types of Liberalism)

ੳ-ਪਰੰਪਰਾਵਾਦੀ ਉਦਾਰਵਾਦ (Classical liberalism)



ਐਡਮ ਸਮਿੱਥ (Adam smith)



ਜੌਹਨ ਲੌਕ (John Locke)



ਜਰਮੀ ਬੈਂਥਮ (Jeremy Bentherm)

ਅ ਆਧੁਨਿਕ ਉਦਾਰਵਾਦ (Modern Liberalism)



ਜੌਹਨ ਸਟੂਅਰਟ ਮਿੱਲ John Stuart Mill



ਲਾਸਕੀ (Laski)



ਟੀ.ਐੱਚ ਗਰੀਨ (T.H. Green)

ੲ ਨਵਉਦਾਰਵਾਦ ਸਮਕਾਲੀ ਉਦਾਰਵਾਦ (Neo contemprary Liberalism)



ਫਰੈਡਰਿਕ ਹੇਕ Friedrich Hayek



ਰੋਬਰਟ ਨੋਜ਼ਿਕ (Robert Nozick)



ਮਿਲਟਨ ਫਰਾਈਡਮੈਂਟ (Milton Friedman)

(ੳ) ਪਰੰਪਰਾਵਾਦੀ ਉਦਾਰਵਾਦ (Classical Liberalism) : ਉਦਾਰਵਾਦ ਦਾ ਮੁੱਢਲਾ ਰੂਪ ਜਗੀਰੂ ਪ੍ਰਬੰਧ ਤੋਂ ਪੂੰਜੀਵਾਦ ਵਿੱਚ ਸ਼ੁਰੂ ਹੋਈ ਤਬਦੀਲੀ ਵਿੱਚ ਪੈਦਾ ਹੋਇਆ ਪਰੰਪਰਾਵਾਦੀ ਉਦਾਰਵਾਦ 19ਵੀਂ ਸਦੀ ਦੇ ਸ਼ੁਰੂ ਵਿੱਚ ਉਦਯੋਗੀਕਰਨ (Industralisation) ਵੇਲੇ ਆਪਣੇ ਸ਼ਿਖਰ ਨੂੰ ਛੂਹ ਰਿਹਾ ਸੀ। ਇੰਗਲੈਂਡ ਪੂੰਜੀਵਾਦੀ ਅਤੇ ਉਦਯੋਗਿਕ ਕ੍ਰਾਂਤੀ ਦਾ ਸਿਖਰ ਸੀ। ਬਰਤਾਨੀਆਂ ਅਤੇ ਸੰਯੁਕਤ ਰਾਜ ਅਮਰੀਕਾ (United States of America) ਵਿੱਚ ਪਰੰਪਰਾਵਾਦੀ ਉਦਾਰਵਾਦ ਵਿਸ਼ੇਸ਼ ਚੜ੍ਹਤ 'ਤੇ ਸੀ। ਸੰਸਾਰ ਦੇ ਬਾਕੀ ਖਿੱਤਿਆਂ 'ਚ ਹਾਲੇ ਤਕ ਇਸ ਦਾ ਪਰਛਾਵਾਂ ਵੀ ਨਹੀਂ ਪਿਆ ਸੀ। ਪਰੰਪਰਾਵਾਦੀ ਉਦਾਰਵਾਦ ਨੇ ਅਨੰਤ ਤਰ੍ਹਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਆਪਣੇ ਕਲਾਵੇ ਵਿੱਚ ਸਮੋਇਆ ਹੋਇਆ ਸੀ। ਉਹਨਾਂ ਵਿੱਚੋਂ ਕੁਝ ਵਿਸ਼ੇਸ਼ਤਾਈਆਂ ਦੀ ਚਰਚਾ ਇਸ ਪ੍ਰਕਾਰ ਹੈ:

1. ਜੋਹਨ ਲੌਕ ਅਤੇ ਅਤੇ ਕੁਦਰਤੀ ਅਧਿਕਾਰ (John Locke and Natural Rights) : ਜੌਹਨ ਲੌਕ ਇੰਗਲੈਂਡ ਦਾ ਪ੍ਰਸਿੱਧ ਰਾਜਨੀਤਕ ਵਿਚਾਰਕ ਹੈ ਜਿਸਨੇ ਆਪਣੀ ਪੁਸਤਕ ('Two treaties of Government') ਰਾਹੀਂ ਸਰਕਾਰ ਦੀ ਹੋਂਦ ਕਿਉਂ ਹੈ, ਦੇ ਸਵਾਲ ਦਾ ਜਵਾਬ ਜਾਨਣ ਦਾ ਯਤਨ ਕੀਤਾ। ਇਸਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਸਰਕਾਰ ਦੀ ਹੋਂਦ ਨੂੰ ਕੇਵਲ ਤਾਂ ਹੀ ਜਾਇਜ਼ ਠਹਿਰਾਇਆ ਜਾ ਸਕਦਾ ਹੈ ਜੇਕਰ ਉਹ ਨਾਗਰਿਕਾਂ ਦੀ ਜ਼ਿੰਦਗੀ, ਸੁਤੰਤਰਤਾ ਅਤੇ ਜਾਇਦਾਦ ਦੀ ਰਾਖੀ ਕਰਦੀ ਹੈ। ਇਹਨਾਂ ਤਿੰਨਾਂ ਨੂੰ ਉਸਨੇ ਕੁਦਰਤੀ ਅਧਿਕਾਰਾਂ ਦਾ ਨਾਮ ਦਿੱਤਾ ਭਾਵ ਇਹ ਅਧਿਕਾਰ ਕਿਸੇ ਸਰਕਾਰ ਰਾਜ ਨੇ ਨਾਗਰਿਕਾਂ ਨੂੰ ਨਹੀਂ ਦਿੱਤੇ ਸਗੋਂ ਇਹ ਅਧਿਕਾਰ ਕੁਦਰਤ ਦੀ ਬਖਸ਼ਿਸ਼ ਹਨ। ਇਹਨਾਂ ਕੁਦਰਤੀ ਅਧਿਕਾਰ ਦੀ ਰਾਖੀ ਕਰਨ ਲਈ ਸਰਕਾਰ ਕਨੂੰਨ ਬਣਾਏਗੀ ਅਤੇ ਇਹ ਤੈਅ ਕਰੇਗੀ ਕਿ ਨਾਗਰਿਕਾਂ ਦੇ ਕੁਦਰਤੀ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ, ਸਰਕਾਰ ਜੇਕਰ ਨਾਗਰਿਕਾਂ ਦੇ ਕੁਦਰਤੀ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਕੁਤਾਹੀ ਵਰਤਦੀ ਹੈ ਤਾਂ ਨਾਗਰਿਕਾਂ ਨੂੰ ਸਰਕਾਰ ਦਾ ਵਿਰੋਧ ਕਰਨ ਦਾ ਅਧਿਕਾਰ ਹੈ।


ਜੋਹਨ ਲੌਕ

ਜੌਹਨ ਲੌਕ : ਸਰਕਾਰ ਦਾ ਸੀਮਤ ਕਾਰਜ ਖੇਤਰ

- ਸਰਕਾਰ ਕਨੂੰਨ ਵਿਵਸਥਾ (Law and Order) ਬਣਾਈ ਰੱਖੇਗੀ ਅਤੇ ਜਾਇਦਾਦ ਦੀ ਰਾਖੀ ਕਰੇਗੀ।
- ਬਾਹਰੀ ਹਮਲਿਆਂ ਤੋਂ ਸੁਰੱਖਿਆ ਮੁਹੱਈਆ ਕਰਵਾਏਗੀ
- ਨਾਗਰਿਕਾਂ ਵਿੱਚ ਹੋਏ ਆਪਸੀ ਸਮਝੌਤਿਆਂ ਨੂੰ ਲਾਗੂ ਕਰੇਗੀ

2. ਐਡਮ ਸਮਿੱਥ ਅਤੇ ਆਰਥਿਕ ਉਦਾਰਵਾਦ (Adam Smith and Economic Liberalism) : ਐਡਮ ਸਮਿੱਥ ਨੂੰ ਅਰਥ ਸ਼ਾਸਤਰ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਹਨੇ ਆਪਣੀ ਪੁਸਤਕ 'Wealth of Nation' ਵਿੱਚ ਆਪਣੇ ਆਰਥਿਕ ਵਿਚਾਰ ਪੇਸ਼ ਕੀਤੇ। ਐਡਮ ਸਮਿੱਥ ਅਰਥਚਾਰੇ (economy) ਨੂੰ ਮੰਡੀ (market) ਦਾ ਰੂਪ ਸਮਝਦਾ ਹੈ ਜੋ ਹੋਰ ਅੰਤਰ ਸੰਬੰਧਤ ਮੰਡੀਆਂ ਨਾਲ ਜੁੜੀਆਂ ਹੋਈਆਂ ਹਨ। ਮੰਡੀ ਪ੍ਰਨਾਲੀ (Market system) ਸੁਤੰਤਰ ਵਿਅਕਤੀਆਂ ਦੇ ਸਤੰਤਰ ਫੈਸਲਿਆਂ ਅਨੁਸਾਰ ਕੰਮ ਕਰਦੀ ਹੈ। ਉਦਾਹਰਨ ਦੇ ਤੌਰ 'ਤੇ ਸਬਜ਼ੀ ਮੰਡੀ ਵਿੱਚ ਵੱਖ-ਵੱਖ ਰੇੜ੍ਹੀਆਂ ਹੁੰਦੀਆਂ ਹਨ ਜਿੱਥੋਂ ਸਾਨੂੰ ਮੋਟੇ ਤੌਰ 'ਤੇ ਐਡਮ ਸਮਿੱਥ ਵਾਲੀ ਮੰਡੀ ਪ੍ਰਨਾਲੀ ਦੀ ਸਮਝ ਪੈ ਸਕਦੀ ਹੈ। ਮੰਡੀ ਵਿੱਚ ਦੁਕਾਨਦਾਰ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਚਾਹੁੰਦਾ ਹੈ ਅਤੇ ਖਰੀਦਦਾਰ ਸਸਤੀਆਂ ਸਬਜ਼ੀਆਂ ਜਾ ਫ਼ਲ ਖਰੀਦਣ ਦੀ ਕੋਸ਼ਿਸ਼ ਕਰਦਾ ਹੈ। ਦੁਕਾਨਦਾਰ ਨੇ ਕੀ ਵੇਚਣਾ ਹੈ ਅਤੇ ਖਰੀਦਦਾਰ ਨੇ ਕੀ ਖਰੀਦਣਾ ਹੈ। ਇਹ ਦੋਵਾਂ ਦੀਆਂ ਸੁਤੰਤਰ ਪਸੰਦਾਂ ਹਨ। ਐਡਮ ਸਮਿੱਥ ਅਨੁਸਾਰ ਮੁਨਾਫ਼ਾ ਕਮਾਉਣ ਦੀ ਲਾਲਸਾ ਵਪਾਰੀ ਨੂੰ ਆਪਣਾ ਕਾਰੋਬਾਰ ਵਧਾਉਣ ਲਈ ਪ੍ਰੇਰਦੀ ਹੈ। ਕਾਰੋਬਾਰ ਵਿੱਚੋਂ ਹੋਏ ਮੁਨਾਫ਼ੇ ਤੋਂ ਜੋ ਵਾਧੂ ਪੈਸਾ ਬਣਦਾ ਹੈ ਉਸਦੇ ਨਾਲ ਵਪਾਰੀ ਵਰਗ ਨਵੇਂ-ਨਵੇਂ ਉਦਯੋਗ ਲਗਾਉਂਦੇ ਹਨ ਜੋ ਅੱਗੋਂ ਜਾ ਕੇ ਕੰਮ-ਕਾਜ ਨੂੰ ਵਧਾਉਂਦੇ ਹਨ ਅਤੇ ਸਾਂਝੇ ਵਸੀਲੇ ਜੋੜਨ ਵਿੱਚ ਹਿੱਸਾ ਪਾਉਂਦੇ ਹਨ।


ਐਡਮ ਸਮਿੱਥ

ਐਡਮ ਸਮਿੱਥ ਅਨੁਸਾਰ ਮੰਡੀ ਪ੍ਰਨਾਲੀ ਅਦਿੱਖ ਹੱਥ (Invisible hand) ਰਾਹੀਂ ਚੱਲਦੀ ਹੈ ਜੋ ਸਰਕਾਰ ਦੇ ਦਖਲ ਤੋਂ ਪੂਰਨ ਤੌਰ 'ਤੇ ਸੁਤੰਤਰ ਹੋਣੀ ਚਾਹੀਦੀ ਹੈ। ਸਵੈ ਸੰਚਾਲਤ ਮੰਡੀ ਉੱਪਰ ਉਦਾਰਵਾਦੀਆਂ ਦਾ ਪੂਰਨ ਵਿਸ਼ਵਾਸ ਹੈ।

ਖੁੱਲ੍ਹੀ ਮੰਡੀ, ਲਾਏਸੇਂਜ ਫ਼ੇਅਰ (Laissez-faire) ਦੇ ਸਿਧਾਂਤ ਅਨੁਸਾਰ ਕੰਮ ਕਰਦੀ ਹੈ। ਲਾਏਸੇਂਜ਼ ਫੇਅਰ ਰਾਜ ਨੂੰ ਕੋਈ ਵੀ ਆਰਥਿਕ ਭੂਮਿਕਾ ਦੇਣ ਤੋਂ ਇਨਕਾਰੀ ਹੈ। ਆਰਥਿਕ ਖੇਤਰ ਵਿੱਚ ਸਰਕਾਰ ਕਿਸੇ ਵੀ ਕਿਸਮ ਦੀ ਕੋਈ ਦਖਲ ਅੰਦਾਜ਼ੀ ਨਹੀਂ ਕਰੇਗੀ ਅਤੇ ਅਰਥ ਵਿਵਸਥਾ ਨੂੰ ਕੰਟਰੋਲ ਕਰਨ ਲਈ ਕੋਈ ਕਾਨੂੰਨ ਨਹੀਂ ਬਣਾਏਗੀ ਜਿਵੇਂ-ਕੰਮ ਦੇ ਘੰਟੇ ਤੈਅ ਕਰਨ, ਕੰਮ ਦੇ ਹਲਾਤ ਨੂੰ ਸੁਧਾਰਨਾ ਅਤੇ ਮਜ਼ਦੂਰਾਂ ਦੇ ਹਾਲਾਤ ਨੂੰ ਸੁਧਾਰਨਾ ਆਦਿ।

3. ਜਰਮੀ ਬੈਂਥਮ ਅਤੇ ਉਪਯੋਗਤਾਵਾਦ (Jermy Bentham and Utilitarianism) : ਇੰਗਲੈਂਡ ਦੇ ਪ੍ਰਸਿੱਧ ਰਾਜਨੀਤੀ ਵਿਚਾਰਕ ਜਰਮੀ ਬੈਂਥਮ ਦੀ ਪਰੰਪਰਾਵਾਦੀ ਉਦਾਰਵਾਦ ਨੂੰ ਸਭ ਤੋਂ ਵੱਡੀ ਦੇਣ ਉਹਨਾਂ ਦਾ ਉਪਯੋਗਤਾਵਾਦ ਦਾ ਸਿਧਾਂਤ ਹੈ। ਉਪਯੋਗਤਾਵਾਦ (Utilitarianism) ਨੈਤਿਕ ਧਾਰਨਾ ਹੈ ਜੋ ਅਜਿਹੇ ਕਾਰਜਾਂ ਲਈ ਪ੍ਰੇਰਦੀ ਹੈ ਜਿਸ ਤੋਂ ਵੱਧ ਤੋਂ ਵੱਧ ਖੁਸ਼ੀਆਂ ਪ੍ਰਾਪਤ ਹੋਣ ਅਤੇ ਜਿਹੜੇ ਤੋਂ ਕਾਰਜ ਨਾਂਹ-ਪੱਖੀ ਹੋਣ ਅਜਿਹੇ ਕੰਮਾਂ ਨੂੰ ਕਰਨ ਤੋਂ ਰੋਕਦੀ ਹੈ। ਸਮਾਜਿਕ, ਆਰਥਿਕ ਜਾਂ ਰਾਜਨੀਤਕ ਫ਼ੈਸਲੇ ਲੈਣ ਸਮੇਂ ਉਪਯੋਗਤਾਵਾਦ ਸਾਰੇ ਸਮਾਜ ਦੀ ਭਲਾਈ ਦਾ ਉਦੇਸ਼ ਰੱਖਦਾ ਹੈ। ਰਾਜ ਜਦੋਂ ਫੈਸਲੇ ਅਤੇ ਨੀਤਿਆਂ ਦਾ ਨਿਰਮਾਣ ਕਰੇਗਾ ਤਾਂ ਰਾਜ ਕੇਵਲ ਉਪਯੋਗਤਾਵਾਦ ਦੇ ਸਿਧਾਂਤ ਨੂੰ ਧਿਆਨ ਵਿੱਚ ਰੱਖੇਗਾ। ਰਾਜ ਸਮਾਜ ਭਲਾਈ ਦੀ ਨੀਤੀ ਬਨਾਉਣ ਸਮੇਂ ਵੱਧ ਤੋਂ ਵੱਧ ਲੋਕਾਂ ਦੀ ਵੱਧ ਤੋਂ ਵੱਧ ਖੁਸ਼ੀ ਦੇ ਸਿਧਾਂਤ ਨੂੰ ਆਪਣਾਏਗਾ। ਜਰਮੀ ਬੈਂਥਮ ਅਨੁਸਾਰ ਸਰਕਾਰ ਦਾ ਪ੍ਰਮੁੱਖ ਕੰਮ ਕਾਨੂੰਨ ਬਨਾਉਣਾ ਹੈ। ਕਾਨੂੰਨ ਬਣਾਉਣ ਦਾ ਮੁੱਖ ਉਦੇਸ਼ ਉਹਨਾਂ ਸਾਰੀਆਂ ਰੋਕਾਂ ਨੂੰ ਦੂਰ ਕਰਨਾ ਹੈ ਜੋ ਮਨੁੱਖ ਦੀ ਸੁਤੰਤਰਤਾ ਪੂਰਨ ਜ਼ਿੰਦਗੀ ਵਿੱਚ ਰੁਕਾਵਟ ਹਨ। ਕਾਨੂੰਨ ਦਾ ਪਾਲਣ ਕਰਨ ਵਾਲੇ ਨਾਗਰਿਕਾਂ ਦੀ ਜ਼ਿੰਦਗੀ ਵਿੱਚ ਰਾਜ ਫਾਲਤੂ ਦਖਲ ਨਹੀਂ ਦੇਵੇਗਾ ਪਰ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣਾ ਰਾਜ ਦੀ ਜ਼ਿੰਮੇਵਾਰੀ ਹੈ। ਰਾਜ ਦੀ ਉਪਯੋਗਤਾ (utility) ਹੈ ਕਿ ਉਹ ਕਾਨੂੰਨ-ਵਿਵਸਥਾ ਬਣਾਈ ਰੱਖਦਾ ਹੈ। ਉਪਯੋਗਤਾ ਦੇ ਆਧਾਰ ਤੇ ਹੀ ਬੈਂਥਮ ਸਾਰੀਆਂ ਸੰਸਥਾਵਾਂ ਅਤੇ ਕਿਰਿਆਵਾਂ ਨੂੰ ਜਾਇਜ਼ ਜਾਂ ਨਾਜਾਇਜ਼ ਐਲਾਨਦਾ ਹੈ।


ਜਰਮੀ ਬੈਂਥਮ

4. ਹਰਬਰਟ ਸਪੈਂਸਰ ਅਤੇ ਸਮਾਜਿਕ ਡਾਰਵਿਨਵਾਦ (Herbert Spencer and Social Darwinism) : ਪਰੰਪਰਾਵਾਦੀ ਉਦਾਰਵਾਦੀ ਮਨੁੱਖਾਂ ਨੂੰ ਇੱਕ ਦੂਜੇ ਦੇ ਮੁਕਾਬਲੇ ਵਿੱਚ ਸਮਝਦਾ ਹੈ ਭਾਵ ਖਿਆਲ ਹੈ ਕਿ ਮਨੁੱਖ ਇੱਕ ਦੂਜੇ ਤੋਂ ਅੱਗੇ ਲੰਘਣ ਵਾਲੀ ਅਮੁੱਕ ਦੌੜ ਵਿੱਚ ਲੱਗੇ ਹੋਏ ਹਨ। ਸਖਤ ਮਿਹਨਤ ਕਰਨ ਅਤੇ ਗੁਣਵਾਨ ਮਨੁੱਖ ਸਮਾਜ ਵਿੱਚ ਅੱਗੇ ਲੰਘ ਜਾਂਦੇ ਹਨ। ਸੁਸਤ ਅਤੇ ਔਗੁਣ ਭਰਪੂਰ ਸਮਾਜ ਵਿੱਚ ਪਿੱਛੇ ਰਹਿ ਜਾਂਦੇ ਹਨ। ਪਰੰਪਰਾਵਾਦੀ ਉਦਾਰਵਾਦ ਮੰਨਦਾ ਹੈ ਕਿ ਰੱਬ ਉਹਨਾਂ ਦੀ ਮਦਦ ਕਰਦਾ ਹੈ ਜੋ ਆਪਣੀ ਮਦੱਦ ਆਪ ਕਰਦੇ ਹਨ। ਸਰਕਾਰ ਰਾਜ ਲੋਕਾਂ ਦੀ ਕੋਈ ਵੀ ਆਰਥਿਕ ਸਹਾਇਤਾ ਕਰਨ ਲਈ ਹੋਂਦ ਵਿੱਚ ਨਹੀਂ ਆਏ। ਇਸ ਦਾ ਖੇਤਰ ਬਹੁਤ ਸੀਮਤ ਹੈ। ਮਨੁੱਖ ਆਪਣੇ ਹਾਲਾਤ ਦਾ ਆਪ ਜ਼ਿੰਮੇਵਾਰ ਹੈ। ਉਹ ਗਰੀਬ ਜਾਂ ਅਮੀਰ ਆਪਣੇ ਗੁਣਾਂ ਅਤੇ ਮਿਹਨਤ ਸਦਕੇ ਹੀ ਬਣਦਾ ਹੈ। ਪਰੰਪਰਾਵਾਦੀ ਉਦਾਰਵਾਦ ਮਨੁੱਖ ਦੀ ਚੰਗੀ ਜਾਂ ਮਾੜੀ ਹਾਲਤ ਦਾ ਕਾਰਨ ਚੰਗੇ ਜਾਂ ਮਾੜੇ ਕਿਸਮਤ ਨੂੰ ਨਹੀ ਮੰਨਦਾ ਸਗੋਂ ਮਨੁੱਖ ਦੀ ਮਿਹਨਤ ਕਰਨ ਦੀ ਦ੍ਰਿੜਤਾ ਅਤੇ ਪ੍ਰਤਿਭਾ ਨੂੰ ਮੰਨਦਾ ਹੈ। ਹਰਬਰਟ ਸਪੈਂਸਰ ਸਵੈ ਨਿਰਭਰਤਾ (Self reliance) ਦਾ ਸਿਧਾਂਤ ਪੇਸ਼ ਕਰਦਾ ਹੈ, ਅਤੇ ਲਾਏਸ਼ੇਜ਼ ਫੇਅਰ (Laisrez faire) ਦੇ ਸੰਕਲਪ ਨੂੰ ਚਾਰਲਸ ਡਾਰਵਿਨ ਦੇ ਕੁਦਰਤੀ ਚੋਣ (Natural selection) ਦੇ ਸਿਧਾਂਤ ਰਾਹੀ ਜਾਇਜ਼ ਕਰਾਰ ਦਿੰਦਾ ਹੈ।

ਹਰਬਰਟ ਸਪੈਂਸਰ

ਕੁਦਰਤੀ ਚੋਣ (Natural selection) : ਕੁਦਰਤੀ ਚੋਣ ਦੇ ਸਿਧਾਂਤ ਰਾਹੀਂ ਚਾਰਲਸ ਡਾਰਵਿਨ ਅਨੁਸਾਰ ਜੀਵ ਵਿਕਾਸ ਉਹਨਾਂ ਜੀਵਾਂ ਵਿੱਚ ਸੰਭਵ ਹੋਇਆ ਜੋ ਬਦਲਦੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਨਵੇਂ ਵਾਤਾਵਰਨ ਵਿੱਚ ਢਾਲ ਸਕੇ ਬਾਕੀ ਜੀਵ ਲੋਪ ਹੋ ਗਏ।

ਡਾਰਵਿਨ ਦੇ ਸਿਧਾਂਤ ਨੂੰ ਸਪੈਂਸਰ ਨੇ ਸਮਾਜਿਕ ਤਾਣੇ-ਬਾਣੇ ਨੂੰ ਸਮਝਾਉਣ ਲਈ ਵਰਤਿਆ। ਉਸਦੇ ਅਨੁਸਾਰ ਸਮਾਜ ਵਿੱਚ ਕੇਵਲ ਉਹੀ ਬੱਚ (survive) ਸਕਣਗੇ ਜੋ ਮਿਹਨਤੀ ਅਤੇ ਪ੍ਰਤਿਭਾਵਾਨ ਹੋਣਗੇ। ਸਮਾਜ ਵਿੱਚ ਜਾਇਦਾਦ ਦੀ ਅਸਮਾਨਤਾ, ਸਮਾਜਿਕ ਰੁਤਬਾ (social status), ਰਾਜਨੀਤਕ ਸ਼ਕਤੀ ਆਦਿ ਸਭ ਕੁਦਰਤੀ ਅਤੇ ਅਟੱਲ ਯੋਗਤਾਵਾਂ ਹਨ। ਸਰਕਾਰ ਨੂੰ ਇਸ ਕੁਦਰਤੀ ਕਾਨੂੰਨ (Natural law) ਦੇ ਵਿਰੁੱਧ ਜਾ ਕੇ ਗਰੀਬੀ ਜਾਂ ਅਸਮਾਨਤਾ ਨੂੰ ਦੂਰ ਕਰਨ ਦਾ ਯਤਨ ਨਹੀਂ ਕਰਨਾ ਚਾਹੀਦਾ। ਸਰਕਾਰ ਜੇਕਰ ਅਜਿਹਾ ਕਰਦੀ ਹੈ ਤਾਂ ਉਹ ਕੁਦਰਤੀ ਨਿਆਂ ਦੀ ਉਲੰਘਣਾ ਕਰ ਰਹੀ ਹੋਵੇਗੀ।

ਪਰੰਪਰਾਵਾਦੀ ਉਦਾਰਵਾਦ ਬਾਰੇ ਵਿਸਥਾਰ ਨਾਲ ਪੜ੍ਹਨ ਤੋਂ ਬਾਅਦ ਅਸੀਂ ਇਸ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਤੱਕ ਪੁੱਜਦੇ ਹਾਂ :

(i) ਪਰੰਪਰਾਵਾਦੀ ਉਦਾਰਵਾਦ ਮਨੁੱਖਾਂ ਨੂੰ ਤਰਕ ਨਾਲ ਸੋਚਣ ਵਾਲੇ ਪ੍ਰਾਣੀ ਮੰਨਦਾ ਹੈ ਜੋ ਆਪਣੇ ਚੰਗਾ ਜਾ ਬੁਰਾ ਕੇਵਲ ਆਪ ਹੀ ਜਾਣਦੇ ਹਨ।

(ii) ਮਨੁੱਖ ਸੁਭਾਅ ਤੋਂ ਹੀ ਹਉਮੈ (Ego) ਕਾਰਨ ਇੱਕ ਦੂਜੇ ਦੇ ਮੁਕਾਬਲੇ ਵਿੱਚ ਹੁੰਦੇ ਹਨ ਅਤੇ ਹਮੇਸ਼ਾ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ।

(iii) ਪਰੰਪਰਾਵਾਦੀ ਉਦਾਰਵਾਦ ਅਨੁਸਾਰ ਸਮਾਜ ਕੇਵਲ ਵਿਅਕਤੀ ਦਾ ਸਮੂਹ ਹੈ ਜੇਕਰ ਸਮਾਜ ਵਿੱਚ ਕਿਸੇ ਪੱਧਰ ਤੇ ਜਾ ਕੇ ਸਾਂਝ ਬਣਦੀ ਹੈ ਤਾਂ ਉਹ ਵਿਅਕਤੀ ਆਪਸ ਵਿੱਚ ਤੈਅ ਕਰਨਗੇ ਕਿ ਇਹ ਸਾਂਝ ਦੇ ਨਿਯਮ ਕੀ ਹੋਣਗੇ।

(iv) ਪਰੰਪਰਾਵਾਦੀ ਉਦਾਰਵਾਦੀ ਨਾਕਾਰਾਤਮਕ ਨਾਂਹ ਪੱਖੀ ਸੁਤੰਤਰਤਾ (Negative liberty) ਨੂੰ ਪਹਿਲ ਦਿੰਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਸਰਕਾਰ ਅਤੇ ਸਮਾਜ ਨੂੰ ਵਿਅਕਤੀ ਦੀ ਨਿਜੀ ਜਿੰਦਗੀ ਵਿੱਚ ਦਖਲ ਨਹੀਂ ਦੇਣਾ ਚਾਹੀਦਾ।

(v) ਪਰੰਪਰਾਵਾਦੀ ਉਦਾਰਵਾਦ ਰਾਜ ਨੂੰ ਜ਼ਰੂਰੀ ਬੁਰਾਈ ਮੰਨਦਾ ਹੈ। ਰਾਜ ਜ਼ਰੂਰੀ ਹੈ ਇਸ ਲਈ ਨਹੀਂ ਕਿ ਇਹ ਅੰਦਰੂਨੀ ਤੌਰ ਤੇ ਅਮਨ ਤੇ ਕਾਨੂੰਨ (Law and order) ਬਣਾਈ ਰੱਖਦਾ ਹੈ। ਇਹ ਬੁਰਾਈ ਇਸ ਲਈ ਹੈ ਕਿਉਂਕਿ ਰਾਜ ਮਨੁੱਖ ਦੀ ਜ਼ਿੰਦਗੀ ਵਿੱਚ ਦਖਲ ਦਿੰਦਾ ਹੈ। ਰਾਜ ਦੀ ਦਖਲ ਅੰਦਾਜ਼ੀ ਮਨੁੱਖੀ ਸੁੰਤਤਰਤਾ ਲਈ ਖ਼ਤਰਾ ਹੈ।

ਅ - ਆਧੁਨਿਕ ਉਦਾਰਵਾਦ
(Modern Liberalism)

ਪਰੰਪਰਾਵਾਦੀ ਉਦਾਰਵਾਦ 19ਵੀਂ ਸਦੀ ਤੱਕ ਸਿਖਰ ਤੇ ਰਿਹਾ ਤੇ ਫ਼ੇਰ 20ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਇਸ ਸਿਧਾਂਤ 'ਤੇ ਸਵਾਲ ਹੋਣੇ ਸ਼ੁਰੂ ਹੋ ਗਏ ਸਨ। ਇਸ ਤੋਂ ਪਹਿਲਾਂ ਹੀ ਜੇ.ਐੱਸ ਮਿੱਲ (J.S Hill) ਨੇ ਆਪਣੀਆਂ ਰਚਨਾਵਾਂ (On liberty) ਔਨ ਲਿਬਰਟੀ ਅਤੇ 'Utilitarianism - ਯੂਟਿਲੀਟੇਰੀਇਜ਼ਮ' ਰਾਹੀਂ ਨਾਕਾਰਾਤਮਕ ਸੁਤੰਤਰਤਾ (Negative liberty) ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ ਸੀ। ਮਿੱਲ ਅਨੁਸਾਰ ਸਮਾਜ ਵਿੱਚ ਰਾਜ ਦਾ ਦਖਲ ਲਾਜ਼ਮੀ ਹੋਵੇ ਜੇਕਰ ਅਜਿਹੇ ਦਖ਼ਲ ਨਾਲ ਪੂਰੇ ਸਮਾਜ ਦਾ ਭਲਾ ਹੁੰਦਾ ਹੋਵੇ। ਪਰੰਪਰਾਵਾਦੀ ਉਦਾਰਵਾਦ ਨੇ ਵਿਅਕਤੀ ਦੇ ਜੀਵਨ ਵਿੱਚ ਰਾਜ ਦੇ ਦਖਲ ਦੀ ਮਨਾਹੀ ਦੀ ਪੈਰਵੀ ਕੀਤੀ ਪਰ ਆਧੁਨਿਕ ਉਦਾਰਵਾਦ ਨੇ ਰਾਜ ਨੂੰ ਇੱਕ ਨੈਤਿਕ ਅਤੇ ਸਮਾਜਿਕ ਸੰਸਥਾ ਮੰਨਿਆ ਜੋ ਸਮਾਜ ਦੇ ਭਲੇ ਲਈ ਵਿਅਕਤੀਆਂ ਨੂੰ ਸੇਧ ਕਰ ਸਕਦੀ ਹੈ।


ਜੇ. ਐੱਸ ਮਿੱਲ

ਜੇ.ਐੱਸ ਮਿੱਲ ਨੇ ਤਰਕ ਦਿੱਤਾ ਕਿ ਸੰਪੱਤੀ ਦਾ ਅਧਿਕਾਰ ਅਟੱਲ ਨਹੀਂ ਹੈ। ਰਾਜ ਜੇਕਰ ਠੀਕ ਸਮਝੇ ਤਾਂ ਉਹ ਇਸ ਅਧਿਕਾਰ ਤੇ ਬਣਦੀ ਰੋਕ ਵੀ ਲਗਾ ਸਕਦਾ ਹੈ। ਮਿੱਲ ਨੇ ਕਿਹਾ ਕਿ ਗਰੀਬਾਂ ਦੇ ਭਲੇ ਲਈ ਅਮੀਰਾਂ ਉੱਤੇ ਉਹਨਾਂ ਦੀ ਸੰਪਤੀ ਦੇ ਅਨੁਪਾਤ ਅਨੁਸਾਰ ਕਰ (Tax) ਲਗਾਉਣਾ ਜ਼ਾਇਜ਼ ਹੈ। ਪਰੰਪਰਾਵਾਦੀ ਉਦਾਰਵਾਦ ਕਿਸੇ ਵੀ ਕਿਸਮ ਦੇ ਕਰ ਲਗਾਉਣ ਦਾ ਵਿਰੋਧੀ ਸੀ ਅਤੇ ਸਰਕਾਰ ਦੀ ਹਰੇਕ ਸਮਾਜ ਭਲਾਈ (Social welfare scheme) ਨੂੰ ਵੀ ਦਖਲ ਦਾ ਨਾਮ ਹੀ ਦਿੰਦਾ ਸੀ। ਟੀ.ਐੱਚ ਗਰੀਨ ਪਰੰਪਰਾਵਾਦੀ ਦੀ ਉਦਾਰਵਾਦ ਦੇ ਸਿਧਾਂਤ ਵਿਚ ਸੁਧਾਰ ਕਰਕੇ ਇਸ ਨੂੰ ਨੈਤਿਕ ਪੱਖੀ ਬਣਾਉਣ ਦੇ ਹਾਮੀ ਸਨ। ਟੀ.ਐੱਚ ਗਰੀਨ (T.H. Green) ਨੇ ਲੋਕ ਭਲਾਈ ਰਾਜ (welfare state) ਦਾ ਮੁੱਢ ਬੰਨਿਆ ਭਾਵ ਅਸਿੱਧੇ ਰੂਪ ਵਿੱਚ ਪਰੰਪਰਾਵਾਦੀ ਉਦਾਰਵਾਦ ਦਾ ਸੀਮਤ ਰਾਜ (Minimal state) ਦੇ ਸਿਧਾਂਤ ਦਾ ਵਿਰੋਧ ਕੀਤਾ। ਗਰੀਨ ਨੇ ਮੰਨਿਆ ਕਿ ਪਰੰਪਰਾਵਾਦੀ ਉਦਾਰਵਾਦ Laissez Faire ਦੇ ਸਿਧਾਂਤ ਉੱਤੇ ਕੰਮ ਕਰਦਾ ਹੈ ਜੋ ਕਿ ਨਕਾਰਾਤਮਕ ਸੁਤੰਤਰਤਾ ਦਾ ਪੱਖ ਪੂਰਦਾ ਹੈ। ਨਾਕਾਰਾਤਮਕ ਸੁਤੰਤਰਤਾ (Negative liberty) ਨੂੰ ਸਕਾਰਾਤਮਕ ਸੁਤੰਤਰਤਾ ਵਿੱਚ ਬਦਲਣ ਨਾਲ, ਗਰੀਨ ਦੀਆਂ ਨਜ਼ਰਾਂ ਵਿੱਚ ਉਦਾਰਵਾਦ, ਨੈਤਿਕ ਸੁਤੰਤਰਤਾ (Moral liberty) ਦਾ ਰੂਪ ਲੈ ਲਵੇਗਾ।

ਪਰੰਪਰਾਵਾਦੀ ਉਦਾਰਵਾਦੀ ਤੋਂ ਆਧੁਨਿਕ ਉਦਾਰਵਾਦ ਵਿੱਚ ਤਬਦੀਲੀ ਦਾ ਵੱਡਾ ਕਾਰਨ ਸੋਵੀਅਤ ਸੰਘ ਅਤੇ ਕਈ ਪੂਰਬੀ ਯੂਰਪੀ ਦੇਸ਼ਾਂ ਵਿੱਚ ਸਮਾਜਵਾਦ ਦੀ ਵਿਚਾਰਧਾਰਾ ਦੇ ਪਸਾਰ ਦੇ ਅਸਰ ਨੂੰ ਘੱਟ ਕਰਨਾ ਵੀ ਸੀ। ਅਸੀਂ ਸਮਾਜਵਾਦੀ ਮਾਰਕਸਵਾਦੀ ਵਿਚਾਰਧਾਰਾ ਬਾਰੇ ਅਗਲੇ ਅਧਿਆਇ ਵਿੱਚ ਪੜ੍ਹਾਂਗੇ। ਪਰੰਪਰਾਵਾਦੀ ਉਦਾਰਵਾਦ ਤੋਂ ਆਧੁਨਿਕ ਉਦਾਰਵਾਦ ਵਿੱਚ ਤਬਦੀਲੀ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ :

1. ਨਕਾਰਾਤਮਕ ਸੁਤੰਤਰਤਾ ਤੋਂ ਸਕਾਰਾਤਮਕ ਸੁਤੰਤਰਤਾ (Negative liberty to positive liberty) : ਪਰੰਪਰਾਵਾਦ ਉਦਾਰਵਾਦ ਵਿਅਕਤੀ ਨੂੰ ਹਰ ਪ੍ਰਕਾਰ ਦੇ ਬੰਧਨਾਂ ਜਾਂ ਰੋਕਾਂ ਤੋ ਮੁਕਤ ਰੱਖਣ ਨੂੰ ਸੁਤੰਤਰਤਾ ਮੰਨਦਾ ਸੀ। ਇਹ ਸੁਤੰਤਰਤਾ ਰਾਜ

ਨੂੰ ਮਨੁੱਖ ਦੀ ਜ਼ਿੰਦਗੀ ਵਿੱਚ ਦਖਲ ਦੇਣ ਤੋਂ ਰੋਕਦੀ ਸੀ। ਇਸ ਕਰਕੇ ਇਸ ਨੂੰ ਨਕਾਰਾਤਮਕ ਸੁਤੰਤਰਤਾ ਕਿਹਾ ਜਾਂਦਾ ਹੈ। ਆਧੁਨਿਕ ਉਦਾਰਵਾਦ ਕੇਵਲ ਨਕਾਰਾਤਮਕ ਸੁਤੰਤਰਤਾ ਨੂੰ ਸਹੀ ਨਹੀਂ ਮੰਨਦਾ। ਆਧੁਨਿਕ ਉਦਾਰਵਾਦ ਅਜਿਹੇ ਮਹੌਲ ਦੀ ਸਿਰਜਣਾ ਨੂੰ ਅਹਿਮ ਮੰਨਦਾ ਹੈ ਜਿਸ ਵਿੱਚ ਵਿਚਾਰ ਕੇ ਮਨੁੱਖ ਦੂਸਰੇ ਮਨੁੱਖਾਂ ਦੀ ਸਹਾਇਤਾ ਨਾਲ ਚੰਗੀ ਜ਼ਿੰਦਗੀ ਦੀ ਨੀਂਹ ਰੱਖ ਸਕੇ। ਉਦਾਰਵਾਦ ਦਾ ਆਧੁਨਿਕ ਰੂਪ ਰਾਜ ਨੂੰ ਸਰਗਰਮ ਭੂਮਿਕਾ ਦੇਣ ਦਾ ਹਾਮੀ ਹੈ ਤਾਂ ਜੋ ਮੁੱਢਲੀਆਂ ਲੋੜਾਂ ਦੀ ਪੂਰਤੀ ਤੋਂ ਬਾਅਦ ਮਨੁੱਖ ਚੰਗੀ ਜ਼ਿੰਦਗੀ ਅਤੇ ਆਪਣੀਆਂ ਯੋਗਤਾਵਾਂ ਨੂੰ ਵਿਕਸਿਤ ਕਰ ਸਕੇ। ਸਮਾਜ ਅਤੇ ਰਾਜ ਮਨੁੱਖ ਦੀ ਜ਼ਿੰਦਗੀ ਵਿੱਚ ਰੁਕਾਵਟ ਜਾਂ ਨਕਾਰਾਤਮਕ ਭੂਮਿਕਾ ਹੀ ਨਹੀਂ ਨਿਭਾਉਂਦੇ ਸਗੋਂ ਮਨੁੱਖ ਨੂੰ ਆਪਣੀ ਜ਼ਿੰਦਗੀ ਦੀਆਂ ਸਿੱਖੀਆਂ ਉੱਚਾਈਆਂ ਤੇ ਪਹੁੰਚਣ ਲਈ ਸਹਾਇਤਾ ਵੀ ਕਰਦਾ ਹੈ ਸੋ ਆਧੁਨਿਕ ਉਦਾਰਵਾਦ ਸੁਤੰਤਰਤਾ ਦੇ ਸਕਾਰਾਤਮਕ ਪਹਿਲੂ 'ਤੇ ਜ਼ਿਆਦਾ ਜ਼ੋਰ ਦਿੰਦਾ ਹੈ।



2. ਖੁੱਲ੍ਹੀ ਮੰਡੀ ਤੋਂ ਅਰਥਚਾਰੇ ਦਾ ਪ੍ਰਬੰਧਕ (Free market to controled Economy) : ਪਰੰਪਰਾਵਾਦੀ ਉਦਾਰਵਾਦ ਖੁੱਲ੍ਹੀ ਮੰਡੀ ਅਤੇ Laiseez faire ਦੇ ਸਿਧਾਂਤ ਵਿਚ ਵਿਸ਼ਵਾਸ ਕਰਦਾ ਸੀ। ਰਾਜ ਅਤੇ ਮੰਡੀ ਨੂੰ ਨਿਖੇੜਦਾ ਸੀ ਭਾਵ ਮੰਡੀ ਨੂੰ ਰਾਜ ਦੇ ਕੰਟਰੋਲ ਤੋਂ ਸੁਤੰਤਰ ਰੱਖਣ ਦਾ ਹਾਮੀ ਸੀ। ਪਰੰਪਰਾਵਾਦੀ ਉਦਾਰਵਾਦ ਦੀਆਂ ਨੀਤੀਆਂ ਕਾਰਨ ਦੇਸ਼ਾਂ ਦੀ ਕੁਲ ਸੰਪੱਤੀ ਤਾਂ ਵਧੀ ਪਰੰਤੂ ਅਮੀਰ ਅਤੇ ਗਰੀਬ ਵਿਚਕਾਰ ਪਾੜਾ ਵੀ ਵਧਿਆ। ਆਧੁਨਿਕ ਉਦਾਰਵਾਦ ਨੇ ਆਰਥਿਕ ਖੇਤਰ ਵਿੱਚ ਰਾਜ ਦੇ ਸੀਮਤ ਕੰਟਰੋਲ ਦੀ ਹਮਾਇਤ ਕੀਤੀ ਤਾਂ ਜੋ ਪਰੰਪਰਾਵਾਦ ਉਦਾਰਵਾਦ ਦੀਆਂ ਖਾਮੀਆਂ ਨੂੰ ਦੂਰ ਕੀਤਾ ਜਾ ਸਕੇ। ਅਰਥਚਾਰੇ ਦੇ ਪ੍ਰਬੰਧਕ ਦੇ ਰੂਪ ਵਿੱਚ ਰਾਜ ਨੇ ਮੰਡੀ ਨੂੰ ਨਿਯਮਤ ਕਰਨ ਲਈ ਕਈ ਪ੍ਰਕਾਰ ਦੇ ਕਾਨੂੰਨ ਬਣਾਏ। ਘੱਟੋ-ਘੱਟ ਤਨਖਾਹ, ਮਜਦੂਰਾਂ ਦੇ ਅਧਿਕਾਰ, ਕਾਰਖਾਨਿਆਂ ਵਿੱਚ ਸੁਧਾਰ ਆਦਿ ਸੰਬੰਧੀ ਕਾਨੂੰਨਾਂ ਦਾ ਨਿਰਮਾਣ ਕਰਕੇ ਮੰਡੀ ਨੂੰ ਨਿਯਮਤ ਕਰਨ ਦਾ ਪ੍ਰਬੰਧ ਕੀਤਾ।

3. ਸੀਮਤ ਰਾਜ ਤੋਂ ਲੋਕ ਭਲਾਈ ਰਾਜ (Minimal state to welfare state) : ਪਰੰਪਰਾਵਾਦੀ ਉਦਾਰਵਾਦ ਰਾਜ ਨੂੰ ਬਾਹਰੀ ਸੁਰੱਖਿਆ ਅਤੇ ਅੰਦਰੂਨੀ ਵਿਵਸਥਾ ਬਣਾਏ ਰੱਖਣ ਦੇ ਕਾਰਜ ਖੇਤਰ ਤੱਕ ਸੀਮਤ ਰੱਖਣਾ ਲਾਜ਼ਮੀ ਮੰਨਦੇ ਸਨ। ਉਹਨਾਂ ਲਈ ਰਾਜ ਦਾ ਵੱਧਦਾ ਕਾਰਜਖੇਤਰ ਮਨੁੱਖੀ ਸੁਤੰਤਰਤਾ ਦੇ ਖਿਲਾਫ ਹੈ ਅਤੇ ਚੰਗੀ ਸਰਕਾਰ ਉਹ ਹੈ ਜੋ ਘੱਟ ਤੋਂ ਘੱਟ ਸ਼ਾਸਨ ਕਰੇ। ਆਧੁਨਿਕ ਉਦਾਰਵਾਦ ਰਾਜ ਨੂੰ ਕੁਝ ਕੰਮ ਦੇਣ ਦੇ ਸਮਰਥਕ ਹਨ ਖਾਸ ਕਰਕੇ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਾਲੇ ਕੰਮ। ਆਧੁਨਿਕ ਉਦਾਰਵਾਦ ਰਾਜ ਨੂੰ ਨੈਤਿਕ ਅਤੇ ਸਮਾਜਿਕ (Moral and social institution) ਮੰਨਦਾ ਹੈ। ਰਾਜ ਦੀ ਇਹ ਜ਼ਿੰਮੇਵਾਰ ਹੈ ਕਿ ਉਹ ਗਰੀਬਾਂ ਅਤੇ ਲੋੜਵੰਦਾਂ ਦੀ ਆਰਥਿਕ ਅਤੇ ਸਮਾਜਿਕ ਮਦਦ ਕਰੇ ਜਿਸ ਨਾਲ ਉਹ ਆਪਣੀ ਜ਼ਿੰਦਗੀ ਮਾਣ ਨਾਲ ਜੀਅ ਸਕਣ। ਰਾਜ ਦੁਆਰਾ ਲਗਾਏ ਗਏ ਕਰਾਂ (Taxes) ਨਾਲ ਸਕੂਲ, ਹਸਪਤਾਲ ਆਦਿ ਬਣਾਏ ਜਾਣੇ ਲਾਜ਼ਮੀ ਹਨ ਕਿਉਂਕਿ ਇਹ ਰਾਜ ਦੀ ਆਰਥਿਕ ਜ਼ਿੰਮੇਵਾਰੀ ਹੋਣ ਦੇ ਨਾਲ-ਨਾਲ ਨੈਤਿਕ ਜ਼ਿੰਮੇਵਾਰੀ ਹੈ। ਸਿਹਤ ਅਤੇ ਸਿੱਖਿਆ ਨੂੰ ਲਾਜ਼ਮੀ ਅਤੇ ਮੁਫ਼ਤ ਕਰਨ ਨਾਲ ਪੂਰਨ ਸਮਾਜ ਦਾ ਭਲਾ ਹੁੰਦਾ ਹੈ ਅਤੇ ਰਾਜ ਲੋਕ ਭਲਾਈ ਦਾ ਸਾਧਨ ਬਣਦਾ ਹੈ। ਆਧੁਨਿਕ ਉਦਾਰਵਾਦੀ ਅਨੁਸਾਰ ਰਾਜ ਦਾ ਕੰਮ ਕੇਵਲ ਕਾਨੂੰਨ ਵਿਵਸਥਾ ਅਤੇ ਬਾਹਰੀ ਸੁਰੱਖਿਆ ਬਣਾਏ ਰੱਖਣਾ ਹੀ ਨਹੀਂ ਸਗੋਂ ਲੋਕਾਂ ਦਾ ਭਲਾ ਕਰਨਾ ਅਤੇ ਨੈਤਿਕ ਸੇਧ ਦੇਣਾ ਵੀ ਰਾਜ ਦਾ ਜ਼ਰੂਰੀ ਕੰਮ ਹੈ।

4. ਵਿਅਕਤੀਤਵ ਦਾ ਵਿਕਾਸ (Development of individuality) : ਪਰੰਪਰਾਵਾਦੀ ਉਦਾਰਵਾਦ ਵਿਅਕਤੀ ਦੇ ਜੀਵਨ ਵਿੱਚ ਰਾਜ ਅਤੇ ਸਮਾਜ ਦੇ ਦਖਲ ਨੂੰ ਰੁਕਾਵਟ ਮੰਨਦਾ ਹੈ। ਆਧੁਨਿਕ ਉਦਾਰਵਾਦੀ ਖਾਸ ਕਰਕੇ ਜੇ.ਐੱਸ.ਮਿੱਲ ਦਾ ਮੰਨਣਾ ਹੈ ਕਿ ਜਦੋਂ ਤੱਕ ਵਿਅਕਤੀ ਆਪਣੀ ਜ਼ਿੰਦਗੀ ਦਾ ਮਾਲਕ ਆਪ ਨਹੀਂ ਬਣਦਾ ਅਤੇ ਖੁਦਮੁਖਤਿਆਰ ਢੰਗ ਨਾਲ ਜਿਉਣਾ ਨਹੀਂ ਸਿੱਖਦਾ ਉਦੋਂ ਤੱਕ ਉਹ ਆਪਣੇ ਆਪ ਦੇ ਅਸਲ ਨੂੰ ਨਹੀਂ ਜਾਣ ਸਕਦਾ। ਆਧੁਨਿਕ ਉਦਾਰਵਾਦ ਮਨੁੱਖ ਦੇ ਅੰਦਰ ਛੁਪਿਆ ਯੋਗਤਾਵਾਂ ਨੂੰ ਬਾਹਰ ਕੱਢ ਕੇ ਆਪਣੇ ਅਸਲ ਦੀ ਪਛਾਣ ਕਰਨ ਨੂੰ ਸੁਤੰਤਰਤਾ ਕਹਿੰਦੇ ਹਨ। ਮਨੁੱਖ ਨੇ ਰਾਜ

ਅਤੇ ਸਮਾਜ ਤੋਂ ਲੋੜੀਂਦੀ ਸਹਾਇਤਾ ਪ੍ਰਾਪਤ ਕਰਕੇ ਆਪਣੇ ਵਿਅਕਤੀਤਵ ਦਾ (Individuality) ਨੂੰ ਵਿਕਸਤ ਕਰਨਾ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾਉਣਾ ਹੁੰਦਾ ਹੈ।

ਆਧੁਨਿਕ ਉਦਾਰਵਾਦ (Modern Liberalism) ਨੇ ਪਰੰਪਰਾਵਾਦੀ ਉਦਾਰਵਾਦ (Classical Liberalism) ਦੀਆਂ ਕਮੀਆਂ ਨੂੰ ਦੂਰ ਕੀਤਾ ਅਤੇ ਉਦਾਰਵਾਦ ਨੂੰ ਨਵਾਂ ਰੂਪ ਦਿੱਤਾ। ਆਧੁਨਿਕ ਉਦਾਰਵਾਦ ਨੇ ਰਾਜ (state) ਨੂੰ ਨੈਤਿਕ ਅਤੇ ਸਮਾਜਿਕ ਸੰਸਥਾ ਮੰਨਿਆ ਜੋ ਲੋਕ-ਭਲਾਈ ਦੇ ਕਾਰਜ ਕਰਨ ਦਾ ਅਹਿਦ ਕਰਦੀ ਹੈ। ਆਧੁਨਿਕ ਉਦਾਰਵਾਦ ਅਰਥਚਾਰੇ (Economy) ਨੂੰ ਸੇਧਤ (Guide) ਕਰਨ ਲਈ ਨਿਯਮਾਂ ਦਾ ਨਿਰਮਾਣ ਕਰਦਾ ਹੈ। ਇਹਨਾਂ ਅਨੁਸਾਰ ਰਾਜ ਦਾ ਕੰਮ ਲੋਕਾਂ ਲਈ ਸੁਖਾਵਾਂ ਮਾਹੌਲ ਅਤੇ ਹਲਾਤ ਪੈਦਾ ਕਰਨਾ ਹੈ ਜਿਸ ਵਿੱਚ ਸਮਾਜ ਦਾ ਹਰੇਕ ਵਿਅਕਤੀ ਅਤੇ ਵਰਗ (class) ਆਪਣੀ ਜਿੰਦਗੀ ਵਿੱਚ ਮਿੱਥਿਆ ਸਥਾਨ ਪ੍ਰਾਪਤ ਕਰਨ ਦੇ ਕਾਬਲ ਹੋਵੇ।

ਏ - ਨਵ-ਉਦਾਰਵਾਦ
(Neo-Liberalism)

19ਵੀਂ ਸਦੀ ਪੁਰਾਤਨ ਪਰੰਪਰਵਾਦੀ ਉਦਾਰਵਾਦ (Classical Liberalism) ਦੇ ਨਾਂ ਰਹੀ ਅਤੇ 20ਵੀਂ ਸਦੀ ਨੂੰ ਆਧੁਨਿਕ ਉਦਾਰਵਾਦ (Modern Liberalism) ਦੀ ਸਦੀ ਮੰਨਿਆ ਜਾਂਦਾ ਹੈ। ਸੰਨ 1970 ਵਿਆਂ ਵਿਚ ਆਧੁਨਿਕ ਉਦਾਰਵਾਦ ਦੇ ਉਲਟ ਧਾਰਾ ਵਹਿਣ ਲੱਗੀ। ਇਹ ਨਵੀਂ ਧਾਰਾ ਦੀ ਤਰਜ਼ ਪਰੰਪਰਾਵਾਦੀ ਉਦਾਰਵਾਦ ਨਾਲ ਮਿਲਦੀ-ਜੁਲਦੀ ਸੀ। ਨਵ-ਉਦਾਰਵਾਦ (Neo-Liberalism) ਨੂੰ ਨਵ-ਪਰੰਪਰਾਵਾਦੀ ਉਦਾਰਵਾਦ (Neo-classical Liberalism) ਵੀ ਕਿਹਾ ਜਾਂਦਾ ਹੈ। ਨਵ-ਉਦਾਰਵਾਦ ਨੇ ਲੋਕ-ਭਲਾਈ ਰਾਜ (Welfare state) ਅਤੇ ਰਾਜ ਦੇ ਦਖ਼ਲ ਦੇ ਵਿਰੁੱਧ ਆਪਣੀ ਅਵਾਜ਼ ਬੁਲੰਦ ਕੀਤੀ। ਯਾਦ ਰਹੇ ਕਿ ਆਧੁਨਿਕ ਉਦਾਰਵਾਦ ਰਾਜ ਨੂੰ ਵੱਧ ਤੋਂ ਵੱਧ ਕਾਰਜ ਦੇਣ ਦੇ ਪੱਖ ਵਿੱਚ ਸੀ। ਪਰੰਤੂ ਨਵ-ਉਦਾਰਵਾਦ ਰਾਜ ਦੇ ਵੱਧ ਕਾਰਜ-ਖੇਤਰ ਦੇ ਵਿਰੁੱਧ ਸੀ। ਸੰਯੁਕਤ ਰਾਜ ਅਮਰੀਕਾ (United states of America) ਅਤੇ ਇੰਗਲੈਂਡ (England) ਨੂੰ ਨਵ-ਉਦਾਰਵਾਦ ਨੇ ਆਪਣੇ ਕਲਾਵੇ ਵਿਚ ਲਿਆ।

ਸੰਯੁਕਤ ਰਾਜ ਅਮਰੀਕਾ (United states of America) ਦੇ ਸ਼ਿਕਾਗੋ ਸਕੂਲ ਆੱਫ ਇਕਨੌਮਿਕਸ (Chicago School of Economics) ਨੇ ਨਵ-ਉਦਾਰਵਾਦੀ ਵਿਚਾਰਾਂ ਨੂੰ ਨਵੀਂ ਜਾਨ ਬਖ਼ਸ਼ੀ। ਇਸ ਫ਼ਲਸਫ਼ੇ ਦੇ ਹਾਮੀਆਂ ਨੇ ਕੇਨਸਵਾਦ (keynessionism) ਦੇ ਵਿਚਾਰਾਂ ਨੂੰ ਰੱਦ ਕੀਤਾ ਜਿਸ ਨੇ ਆਧੁਨਿਕ ਉਦਾਰਵਾਦ ਭਾਵ ਲੋਕ ਭਲਾਈ ਰਾਜ ਦਾ ਸੰਕਲਪ ਦਿੱਤਾ ਸੀ।

ਕੇਨਸਵਾਦ ਦਾ ਮੰਨਣਾ ਸੀ ਕਿ ਸਰਕਾਰ ਨੂੰ ਆਪਣੇ ਕੋਲ ਖਰਚ ਨੂੰ ਵਧਾਉਣਾ ਚਾਹੀਦਾ ਹੈ ਪਰੰਤੂ ਨਵ-ਉਦਾਰਵਾਦ (Neo Liberalism) ਰਾਜ ਦੇ ਵੱਧਦੇ ਕਾਰਜ ਖੇਤਰ ਦਾ ਵਿਰੋਧ ਕਰਦਾ ਸੀ। ਨਵ-ਉਦਾਰਵਾਦ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

1. ਨਿੱਜੀਕਰਨ (Privatisation) : ਨਿੱਜੀਕਰਨ ਇਕ ਬਹੁ-ਅਰਥੀ (ਅਯਾਮੀ) ਸ਼ਬਦ ਹੈ ਜਿਸਦੇ ਅਰਥ ਵੱਖ-ਵੱਖ ਸੰਦਰਭਾਂ ਵਿੱਚ ਵੱਖਰੇ ਹੋ ਸਕਦੇ ਹਨ। ਨਿੱਜੀਕਰਨ ਦਾ ਸਧਾਰਨ ਭਾਵ ਹੈ ਕਿ ਸਰਕਾਰੀ-ਅਦਾਰੇ (Public Sectar) ਨੂੰ ਨਿੱਜੀ ਹੱਥਾਂ ਵਿੱਚ ਸੌਂਪਣਾ। ਲੋਕ ਅਦਾਰੇ ਪੂਰੇ ਮੁਲਕ ਦੀ ਸਾਂਝੀ ਸੰਪਤੀ (Common property) ਹੁੰਦੇ ਹਨ ਜਿਹਨਾਂ ਵਰਤੋਂ ਅਤੇ ਕਾਰਗੁਜ਼ਾਰੀ ਮੁਨਾਫ਼ਾ ਕਮਾਉਣ ਲਈ ਨਹੀਂ ਸਗੋਂ ਸਾਰੇ ਲੋੜਵੰਦ ਨਾਗਰਿਕਾਂ ਦੀ ਲੋੜ ਅਨੁਸਾਰ ਸਹੂਲਤ ਦੇਣ ਦੀ ਹੁੰਦੀ ਹੈ।

ਨਿੱਜੀ-ਅਦਾਰੇ (Private Sector) ਵਿੱਚ ਮਾਲਕੀ ਕਿਸੇ ਇੱਕ ਵਿਅਕਤੀ ਜਾਂ ਕੁਝ ਵਿਅਕਤੀਆਂ ਕੋਲ ਹੁੰਦੀ ਹੈ। ਵਿਸ਼ਾਲ ਨਿੱਜੀ ਅਦਾਰੇ (Large private companies) ਵਿੱਚ ਕਈ ਕੰਪਨੀਆਂ ਮਿਲਕੇ ਵੀ ਸਾਂਝੀ-ਕੰਪਨੀ (Joint-venture) ਦੀ ਸਥਾਪਨਾ ਕਰਦੀਆਂ ਹਨ। ਨਿੱਜੀ ਅਦਾਰਿਆਂ ਨੂੰ ਵਪਾਰ ਕਰਨ ਦੀ ਲਾਲਸਾ ਵਪਾਰ ਤੋਂ ਪੈਦਾ ਹੁੰਦੇ ਮੁਨਾਫ਼ੇ ਤੋਂ ਹੁੰਦੀ ਹੈ। ਨਵ-ਉਦਾਰਵਾਦ ਦਾ ਕੇਂਦਰ ਬਿੰਦੂ ਹੈ ਕਿ ਲੋਕ ਆਪਣੇ ਮੁਨਾਫ਼ੇ (Profit) ਲਈ ਕੰਮ ਕਰਦੇ ਹਨ ਅਤੇ ਨਿੱਜੀ ਅਦਾਰੇ ਘੱਟ ਖਰਚੀਲੇ ਤੇ ਕਾਰਗਰ ਹੁੰਦੇ ਹਨ। ਇਸ ਲਈ ਜਿੰਨਾ ਹੋ ਸਕੇ ਨਿੱਜੀ ਖੇਤਰ ਨੂੰ ਵਧਾਉਣਾ ਚਾਹੀਦਾ ਹੈ। ਸਰਕਾਰੀ ਅਦਾਰਿਆਂ ਨੂੰ ਨਿੱਜੀ ਅਦਾਰਿਆਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ। ਨਵ-ਉਦਾਰਵਾਦ ਅਨੁਸਾਰ ਸਰਕਾਰ ਦਾ ਕੰਮ ਲੋਕਾਂ ਦੀ ਅੰਦਰੂਨੀ ਅਤੇ ਬਾਹਰੀ ਸੁਰਖਿਆ ਕਰਨਾ ਹੈ ਨਾਂ ਕਿ ਵਪਾਰ ਅਤੇ ਪੈਦਾਵਾਰ ਕਰਨਾ। ਇਹਨਾਂ ਕਾਰਨਾਂ ਕਰਕੇ ਨਵ-ਉਦਾਰਵਾਦ ਨਿੱਜੀਕਰਨ (Privatisation) ਨੂੰ ਪਹਿਲ ਦਿੰਦਾ ਹੈ।

2. ਵਿਸ਼ਵੀਕਰਨ (Globalisation) : ਵਿਸ਼ਵੀਕਰਨ ਵਿਸ਼ਵ (World) ਨੂੰ ਆਪਸ ਵਿਚ ਆਰਥਿਕ, ਰਾਜਨੀਤਕ ਅਤੇ ਸਮਾਜਿਕ ਤੌਰ 'ਤੇ ਜੋੜਨ ਦੀ ਪ੍ਰਕਿਰਿਆ (Process) ਹੈ। ਆਵਾਜਾਈ (Transportation) ਅਤੇ ਸੰਚਾਰ (Communication) ਦੇ ਸਾਧਨਾਂ ਵਿੱਚ ਹੋਈ ਤਰੱਕੀ ਨੇ ਵਿਸ਼ਵ ਨੂੰ ਇੱਕ ਪਿੰਡ ਬਣਾ ਦਿੱਤਾ ਹੈ। ਪਿੰਡ ਵਿੱਚ ਲੋਕਾਂ ਨੂੰ ਘਟਨਾਵਾਂ ਦੀ ਜਾਣਕਾਰੀ ਇੱਕੋ ਜਗ੍ਹਾਂ ਵਸਣ ਕਾਰਨ ਅਤੇ ਘੱਟ ਦੂਰੀ ਹੋਣ ਕਾਰਨ ਮਿਲਦੀ ਰਹਿੰਦੀ ਹੈ। ਵਿਸ਼ਵ ਭੂਗੋਲਿਕ (Geographical) ਤੌਰ 'ਤੇ ਦੂਰ ਹੈ ਪਰੰਤੂ ਸੰਚਾਰ ਦੇ ਮਾਧਿਅਮਾਂ ਵਿੱਚ ਆਈ ਤੇਜ਼ੀ ਕਾਰਨ ਵਿਸ਼ਵ ਦੀ ਜਾਣਕਾਰੀ ਖਬਰਾਂ ਅਤੇ ਸੋਸ਼ਲ ਮੀਡੀਆ (Social media) ਦੇ ਰਾਹੀ ਭੂਗੋਲਿਕ ਬੰਧਨਾਂ ਨੂੰ ਤੋੜਦੀ ਹੋਈ ਮਿਲਦੀ ਰਹਿੰਦੀ ਹੈ।



ਕੌਮਾਂਤਰੀ ਮੁਦਰਾ ਫੰਡ (International Monetry Fund) ਨੇ ਸੰਨ 2000 ਵਿਚ ਵਿਸ਼ਵੀਕਰਨ ਦੇ ਚਾਰ ਪੱਖ (Aspects) ਦੱਸੇ ਹਨ:-

ੳ) ਵਪਾਰ ਅਤੇ ਲੈਣ-ਦੇਣ (Trade and Transactions)

ਅ) ਪੂੰਜੀ ਅਤੇ ਨਿਵੇਸ਼ ਦਾ ਅਦਾਨ-ਪ੍ਰਦਾਨ (Capital and Investment movement)

ੲ) ਪ੍ਰਵਾਸ ਅਤੇ ਲੋਕਾਂ ਦਾ ਆਉਣ-ਜਾਣ (Migration and movement of people)

ਸ) ਗਿਆਨ ਦਾ ਪ੍ਰਸਾਰ (The spread of knowledge)

ਵਪਾਰਕ ਤੌਰ ਤੇ ਵਿਸ਼ਵੀਕਰਨ ਨੇ ਸੰਸਾਰ ਵਿਸ਼ਵ ਨੂੰ ਡਿਜੀਟਲ ਲੈਣ ਦੇਣ ਰਾਹੀਂ ਅਦਾਨ-ਪ੍ਰਦਾਨ ਦੀ ਗਤੀ ਨੂੰ ਤੇਜ਼ ਕੀਤਾ ਹੈ। ਵੱਖ-ਵੱਖ ਵਿਕਾਸ ਕਾਰਜਾਂ ਲਈ ਪੂੰਜੀ ਦੀ ਲੋੜ ਹੁੰਦੀ ਹੈ ਜਿਹਨਾਂ ਦੇ ਜ਼ਰੀਏ ਬੁਨਿਆਦੀ ਢਾਂਚੇ (infra structure) ਆਵਾਜਾਈ ਆਦਿ ਦੇ ਨਵੇਂ ਸਾਧਨ ਪੈਦਾ ਕੀਤੇ ਗਏ ਹਨ। ਪੂੰਜੀ ਵਿਕਸਤ-ਮੁਲਕਾਂ (developed countries) ਕੋਲ ਜ਼ਿਆਦਾ ਹੈ ਇਸ ਲਈ ਉਹ ਆਪਣੀ ਪੂੰਜੀ ਨੂੰ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਨਿਵੇਸ਼ (Invest) ਕਰਦੇ ਹਨ। ਲੋਕ ਕੰਮ ਦੀ ਚਾਲ ਅਤੇ ਬੇਹਤਰ ਜ਼ਿੰਦਗੀ ਲਈ ਪ੍ਰਵਾਸ (Migration) ਕਰਦੇ ਹਨ। ਪ੍ਰਵਾਸ ਜ਼ਿਆਦਾਤਰ ਸੰਯੁਕਤ ਰਾਜ ਅਮਰੀਕਾ (United states of America) ਆਸਟਰੇਲੀਆ (Australia), ਕੈਨੇਡਾ (Canada) ਅਤੇ ਖਾੜੀ ਦੇ ਦੇਸ਼ਾਂ ਵਿੱਚ ਹੋ ਰਿਹਾ ਹੈ। ਵਿਕਸਤ ਮੁਲਕ ਪੂੰਜੀ ਦਾ ਨਿਵੇਸ਼ ਵਿਕਾਸਸ਼ੀਲ (Developing) ਮੁਲਕਾਂ ਵਿਚ ਕਰ ਰਹੇ ਹਨ। ਵਿਕਾਸਸ਼ੀਲ ਅਤੇ ਅਣਵਿਕਸਿਤ ਮੁਲਕਾਂ ਦੇ ਲੋਕ ਵਿਕਸਿਤ ((under developed) ਮੁਲਕਾਂ ਵੱਲ ਜਾ ਰਹੇ ਹਨ ਜੋ ਸਸਤੀ ਦਿਹਾੜੀ (cheap labour)0 ਦਾ ਜ਼ਰੀਆ ਹਨ। ਨਵ-ਉਦਾਰਵਾਦੀ ਵਿਸ਼ਵੀਕਰਨ ਨੂੰ ਫਾਇਦੇ ਦਾ ਮੌਕਾ ਮੰਨਦੇ ਹਨ ਕਿਉਂਕਿ ਇਸ ਪ੍ਰਕ੍ਰਿਆ ਨੇ ਵਿਸ਼ਵ ਨੂੰ ਨਜ਼ਦੀਕ ਲਿਆਂਦਾ ਹੈ।

3. ਕੰਟਰੋਲ-ਮੁਕਤੀ (Deregulation) : ਰਾਸ਼ਟਰੀ ਪੱਧਰ ਤੇ ਅਰਥਚਾਰੇ (Economy) 'ਤੇ ਲੱਗੀਆਂ ਪਾਬੰਦੀਆਂ ਨੂੰ ਖ਼ਤਮ ਕਰਨਾ ਨਵ-ਉਦਾਰਵਾਦ ਦਾ ਵਿਸ਼ੇਸ਼ ਲੱਛਣ ਹੈ। ਨਵ-ਉਦਾਰਵਾਦ ਅਨੁਸਾਰ ਸਰਕਾਰੀ ਤੰਤਰ ਰਾਜ ਰਾਹੀਂ ਕੋਈ ਵੀ ਪਾਬੰਦੀ ਵਪਾਰ 'ਤੇ ਨਹੀਂ ਹੋਣੀ ਚਾਹੀਦੀ ਜੇਕਰ ਪਹਿਲਾਂ ਤੋਂ ਕੋਈ ਪਾਬੰਦੀ ਹੈ ਤਾਂ ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਪਾਬੰਦੀਆਂ ਦੀ ਅਣਹੋਂਦ ਰਾਹੀਂ ਚੰਗੇਰਾ ਵਪਾਰ ਸੰਭਵ ਹੋਏਗਾ। ਨਵ-ਉਦਾਰਵਾਦ ਅਨੁਸਾਰ ਕਰ (Tax), ਵਾਤਾਵਰਣ ਦੀ ਸੰਭਾਲ ਲਈ ਰੋਕਾਂ, ਚੰਗੀਆਂ ਕੰਮਕਾਜੀ ਹਾਲਤਾਂ ਦੀ ਮੰਗ, ਯੂਨੀਅਨਾਂ ਦੀ ਹੋਂਦ ਆਦਿ ਸਭ ਕੰਟਰੋਲ ਹਨ। ਨਵ-ਉਦਾਰਵਾਦ ਅਨੁ ਕੰਟਰੋਲ ਮੁਰਤ ਅਰਥਚਾਰੇ ਲਈ ਲ਼ਾਜਮੀ ਹੈ।

4. ਸੁਤੰਤਰ ਵਪਾਰ (Free Trade) : ਰਾਸ਼ਟਰੀ ਪੱਧਰ ਦੇ ਨਾਲ-ਨਾਲ ਕੌਮਾਂਤਰੀ ਪੱਧਰ (International Level) ਤੇ ਮੁਲਕਾਂ ਦੀ ਦਖਲ ਨੂੰ ਆਰਥਿਕ ਸੰਬੰਧਾਂ ਵਿੱਚੋਂ ਖ਼ਤਮ ਕਰਨਾ ਨਵ ਉਦਾਰਵਾਦ ਦੀ ਵਿਸ਼ੇਸ਼ਤਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਕੌਮਾਂਤਰੀ ਪੱਧਰ ਤੇ ਵਸਤਾਂ ਦਾ ਲੈਣ-ਦੇਣ ਆਯਾਤ-ਨਿਰਯਾਤ (Import-Export) ਹੁੰਦਾ ਹੈ।

ਅਯਾਤ ਜਾਂ ਦਰਾਮਦ (Imports) : ਜਿਹੜੀ ਵਸਤਾਂ ਜਾ ਸੇਵਾਵਾਂ ਦੀ ਪੈਦਾਇਸ਼ ਆਪਣੇ ਮੁਲਕ ਵਿਚ ਨਹੀਂ ਹੁੰਦੀ ਸਗੋਂ ਦੂਜਿਆਂ ਮੁਲਕਾਂ ਤੋਂ ਮੰਗਵਾਇਆ ਜਾਂਦਾ ਹੈ ਨੂੰ ਆਯਾਤ ਕਿਹਾ ਜਾਂਦਾ ਹੈ।

ਨਿਰਯਾਤ ਜਾਂ ਬਰਾਮਦ (Exports) : ਵਸਤੂ ਜਾਂ ਸੇਵਾ ਜਦੋਂ ਦੂਜਿਆਂ ਦੇਸ਼ਾਂ ਨੂੰ ਵੇਚੀ ਜਾਂਦੀ ਹੈ ਤਾਂ ਉਸਨੂੰ ਨਿਰਯਾਤ (Exports) ਕਿਹਾ ਜਾਂਦਾ ਹੈ।

ਆਯਾਤ-ਨਿਰਯਾਤ ਦੌਰਾਨ ਕਿਸੇ ਵੀ ਤਰ੍ਹਾਂ ਦੇ ਕਰ-ਮੁਕਤ ਅਤੇ ਰੋਕ ਰਹਿਤ ਵਪਾਰ ਨੂੰ ਹੀ ਸੁਤੰਤਰ ਵਪਾਰ ਕਿਹਾ ਜਾਂਦਾ ਹੈ। ਨਵ-ਉਦਾਰਵਾਦ ਸੁਤੰਤਰ-ਵਪਾਰ ਦਾ ਸਮਰਥਕ ਹੈ। ਸੁਤੰਤਰ-ਵਪਾਰ ਦੇ ਵਿਰੋਧੀਆਂ ਅਨੁਸਾਰ ਵਿਕਸਤ ਮੁਲਕ ਆਪਣਾ ਤਿਆਰ ਮਾਲ ਘੱਟ ਵਿਕਸਤ ਮੁਲਕਾਂ ਵਿੱਚ ਮੁਨਾਫੇ ਤੇ ਵੇਚਦੇ ਹਨ। ਗਰੀਬ ਮੁਲਕਾਂ ਕੋਲ ਵਿਕਸਤ ਮੁਲਕਾਂ ਦਾ ਮੁਕਾਬਲਾ ਕਰਨ ਦੀ ਤਕਨੀਕ ਅਤੇ ਪੈਸੇ ਦੀ ਕਮੀ ਕਾਰਨ ਇਹ ਮੁਲਕ ਕੇਵਲ ਕੱਚਾ ਮਾਲ (Raw Material) ਦੀ ਮੰਡੀ ਮਾਤਰ ਹਨ।

ਫਰੈਡਰਿਕ ਹੇਕ (Friedrich Hayek) ਮੰਡੀ (Market) ਨੂੰ ਤੰਤਰ ਪ੍ਰਨਾਲ਼ੀ (Nervous system) ਕਹਿੰਦਾ ਹੈ ਜੋ ਅਰਥਚਾਰੇ ਨੂੰ ਨਾਂ ਗਿਣਨਯੋਗ ਸੰਦੇਸ਼ ਭੇਜਦੀ ਹੈ।

5. ਸਰਫ਼ਾ (Austerity) : ਨਵ-ਉਦਾਰਵਾਦ ਸਰਕਾਰ ਨੂੰ ਘੱਟ ਖ਼ਰਚ ਕਰਨ ਲਈ ਸੇਧ ਦਿੰਦਾ ਹੈ। ਸਰਕਾਰ ਆਪਣੇ ਬਜਟ-ਘਾਟੇ (Budget) ਨੂੰ ਘਟਾਉਣ ਲਈ ਪ੍ਰਬੰਧ ਕਰੇ। ਸਰਕਾਰ ਨੂੰ ਅਸਿੱਧੇ (indirect) ਰੂਪ ਵਿੱਚ ਲੋਕ ਭਲਾਈ (welfare) ਦੇ ਕਾਰਜਾਂ ਤੇ ਰੋਕ ਲਾਉਣ ਨੂੰ ਲ਼ਾਜਮੀ ਮੰਨਦਾ ਹੈ। ਨਵ-ਉਦਾਰਵਾਦ ਅਨੁਸਾਰ ਭਲਾਈ ਵੱਖ-ਵੱਖ ਵਿਅਕਤੀਆਂ ਲਈ ਵੱਖੋ-ਵੱਖਰੇ ਮਾਇਨੇ (Meaning) ਰੱਖਦੀ ਹੈ। ਵਿਅਕਤੀ ਦੀ ਪ੍ਰਤਿਭਾ ਅਤੇ ਮਿਹਨਤ ਵਿਅਕਤੀਆਂ ਨੂੰ ਆਪਣੀਆਂ ਮੰਜਲਾਂ ਤੇ ਪਹੁੰਚਾਉਂਦੀ ਹੈ। ਸਰਕਾਰ ਜੇਕਰ ਆਰਥਿਕ ਖੇਤਰ ਵਿੱਚ ਦਖਲ ਦਿੰਦੀ ਹੈ ਤਾਂ ਸਰਕਾਰ ਦਾ ਖ਼ਰਚਾ ਵੱਧਦਾ ਹੈ ਅਤੇ ਗੁਣੀ ਵਿਅਕਤੀਆਂ ਦੇ ਮੁਕਾਬਲੇ ਕਮਜ਼ੋਰ ਨੂੰ ਅੱਗੇ ਕਰਦੀ ਹੈ।

ਸਰਕਾਰ ਵਪਾਰਕ ਪੱਧਰ 'ਤੇ ਟੈਕਸ ਕਰ ਘਟਾਏਗੀ ਅਤੇ ਭਲਾਈ ਦਾ ਕਾਰਜ ਜਨ ਅਤੇ ਨਿੱਜੀ ਅਦਾਰਿਆਂ ਰਾਹੀਂ ਮੁੱਲ ਤਾਰ ਕੇ ਹੀ ਹੋਏਗਾ ਜਾਂ ਸਰਕਾਰ ਵਸਤਾਂ ਦਾ ਮੁੱਲ ਵਧਾਏਗੀ। ਸਰਕਾਰ ਜਦੋਂ ਖ਼ਰਚ ਘਟਾਏਗੀ ਤਾਂ ਇਸਦੇ ਪੂਰੇ ਅਸਰ ਵੀ ਸਾਹਮਣੇ ਆਉਂਦੇ ਹਨ। ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਘੱਟ ਤਨਖਾਹਾਂ, ਭੁੱਖਮਰੀ ਆਦਿ ਸਰਕਾਰ ਦੁਆਰਾ ਲੋਕ-ਭਲਾਈ ਸਕੀਮਾਂ ਤੋਂ ਹੱਥ ਖਿੱਚਣ ਕਾਰਨ ਹੀ ਜਨਮ ਲੈਂਦੇ ਹਨ ਜੋ ਨਵ-ਉਦਾਰਵਾਦ ਦੀਆਂ ਨਜ਼ਰਾਂ ਵਿੱਚ ਸਰਫ਼ਾ ਹੈ। ਨਵ-ਉਦਾਰਵਾਦ ਸਰਕਾਰਾਂ ਨੂੰ ਸ਼ਰਫ਼ਾ(Austerity) ਕਰਨ ਦੀ ਸਲਾਹ ਦਿੰਦੇ ਹਨ ਅਤੇ ਘੱਟੋ-ਘੱਟ ਖਰਚ ਲਈ ਪ੍ਰੇਰਦੇ ਹਨ। ਸਰਕਾਰੀ ਮੰਡੀਆਂ ਤੇ ਰੋਕ, ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦਾ ਵਿਰੋਧ, ਜ਼ਰੂਰੀ ਵਸਤਾਂ ਦੇ ਪੈਦਾਵਾਰ ਸੰਬੰਧੀ ਉਦਯੋਗਾਂ ਦਾ ਨਿੱਜੀਕਰਨ ਰਾਹੀ ਸਰਫ਼ੇ ਨੂੰ ਨਵ-ਉਦਾਰਵਾਦ (Neo Liberalism) ਪ੍ਰਚਾਰਦਾ ਹੈ।

ਮਿਲਟਨ ਫਰਾਈਡਮੈਨ (Milton Friedman) : ਨਵ-ਉਦਾਰਵਾਦ ਦਾ ਵਿਸ਼ੇਸ਼ ਸਮਰਥਕ ਹੈ ਜੋ ਮੁਦਰਾਵਾਦ (monetarism) ਲਈ ਮਸ਼ਹੂਰ ਹੈ। ਮੁਦਰਾਵਾਦ, ਧਨ-ਚੱਕ ਦੇ ਪ੍ਰਸਾਰ (Money circulation) ਦੀ ਵਿਆਖਿਆ ਕਰਦਿਆਂ ਧਨ ਦੇ ਪ੍ਰਸਾਰ ਨੂੰ ਕੰਟਰੋਲ ਵਿੱਚ ਰੱਖਣ ਨੂੰ ਪਹਿਲ ਦਿੰਦਾ ਹੈ। ਮਿਲਟਨ ਅਨੁਸਾਰ ਦੇਸ਼ ਦੇ ਅਰਥਚਾਰੇ ਨੂੰ ਸੁਧਾਰਨ ਲਈ ਸਰਕਾਰ ਨੂੰ ਧਨ ਦਾ ਪ੍ਰਸਾਰ (Money circulation) ਲੋੜੋਂ ਵੱਧ ਨਹੀਂ ਕਰਨਾ ਚਾਹੀਦਾ। ਧਨ ਦਾ ਪ੍ਰਸਾਰ ਹੀ ਮਹਿੰਗਾਈ (Inblation) ਨੂੰ ਕੰਟਰੋਲ ਕਰਨ ਲਈ ਲਾਜ਼ਮੀ ਹਥਿਆਰ ਹੈ।

ਨਵ-ਉਦਾਰਵਾਦ ਦੀਆਂ ਵਿਸ਼ੇਸ਼ਤਾਵਾਂ ਪੜ੍ਹਨ ਤੋਂ ਬਾਅਦ ਅਸੀਂ ਇਸਦੇ ਸਿਧਾਂਤਕ ਰੂਪ ਨੂੰ ਹੀ ਸਮਝਣ ਦੇ ਕਾਬਲ ਹੋਏ ਹਾਂ। ਅਸੀਂ ਰੋਜ਼ਾਨਾ ਖ਼ਬਰਾਂ ਅਤੇ ਆਪਣੇ ਅਧਿਆਪਕ ਦੇ ਸਹਿਯੋਗ ਨਾਲ ਇਸਦੀਆਂ ਬੁਰਾਈਆਂ ਜਾਂ ਚੰਗਾਈਆਂ ਨੂੰ ਸਮਝਣ ਦਾ ਯਤਨ ਕਰਾਂਗੇ। ਅਜਿਹਾ ਕਰਨਾ ਸਾਡੇ ਲਈ ਲਾਜਮੀ ਹੈ ਕਿਉਂਕਿ ਵਰਤਮਾਨ ਸੰਸਾਰ ਦੀਆਂ ਸਰਕਾਰਾਂ ਨੇ ਨਵ-ਉਦਾਰਵਾਦ ਨੂੰ ਅਪਣਾਇਆ ਹੋਈਆ ਹੈ। ਵਿਸ਼ਵ ਦੇ ਵਿਚੋਂ ਆਪਣੇ ਦੇਸ਼ ਦੀਆਂ ਨੀਤੀਆਂ ਨੂੰ ਪਰਖਣ ਦਾ ਯਤਨ ਕਰਾਂਗੇ। ਲੋਕਤੰਤਰ ਵਿੱਚ ਲੋਕਾਂ ਨੇ ਹੀ ਅਸਿੱਧੇ ਰੂਪ ਵਿੱਚ ਨੀਤੀਆਂ ਬਣਾਉਣੀਆਂ ਹੁੰਦੀਆਂ ਹਨ। ਨੀਤੀਆਂ ਬਣਾਉਣ ਤੋਂ ਪਹਿਲਾਂ ਨੀਤੀਆਂ (policies) ਦੀ ਸਮਝ ਇੱਕ ਜਰੂਰੀ ਪੜਾਅ ਹੈ ਜੋ ਜ਼ਿੰਮੇਵਾਰ ਨਾਗਰਿਕ ਦੇ ਤੌਰ ਤੇ ਵਿਚਰਨ ਦੇ ਯੋਗ ਬਣਾਉਂਦਾ ਹੈ।

ਇਸ ਅਧਿਆਇ ਵਿਚ ਅਸੀਂ ਪਰੰਪਰਾਵਾਦੀ ਉਦਾਰਵਾਦ, ਆਧੁਨਿਕ ਉਦਾਰਵਾਦ ਅਤੇ ਨਵ-ਉਦਾਰਵਾਦ ਬਾਰੇ ਪੜ੍ਹਿਆ ਹੈ। ਸਾਡਾ ਕੇਂਦਰ-ਬਿੰਦੂ ਹੈ ਕਿ ਉਦਾਰਵਾਦ ਦਾ ਮੁੱਢਲਾ ਢਾਂਚਾ ਇਕੋ ਰਿਹਾ ਹੈ ਜਿਵੇਂ ਵਿਅੱਕਤੀਵਾਦ, ਤਰਕ, ਸੁਤੰਤਰਤਾ ਅਤੇ ਸਹਿਣਸ਼ੀਲਤਾ ਵਿੱਚ ਵਿਸ਼ਵਾਸ। ਉਦਾਰਵਾਦ ਦੇ ਬਦਲਦੀਆਂ ਪ੍ਰਸਿੱਥਤੀਆਂ ਅਨੁਸਾਰ ਨਵੇਂ-ਨਵੇਂ ਰੂਪ

ਸਾਹਮਣੇ ਆਏ ਹਨ ਜਾਂ ਅਸੀਂ ਕਹਿ ਸਕਦੇ ਹਾਂ ਕਿ ਉਦਾਰਵਾਦੀ ਆਪਣੇ ਆਪ ਨੂੰ ਬਦਲਦੇ ਹਲਾਤ ਅਨੁਸਾਰ ਢਾਲਦੇ ਆਏ ਹਨ। ਉੱਨਵੀਂ ਸਦੀ ਨੂੰ ਪਰੰਪਰਾਵਾਦੀ ਉਦਾਰਵਾਦ ਦੀ ਸਦੀ ਅਤੇ 20ਵੀਂ ਸਦੀ ਨੂੰ ਆਧੁਨਿਕ ਉਦਾਰਵਾਦ ਦੀ ਸਦੀ ਮੰਨਿਆ ਜਾਂਦਾ ਹੈ। 1970 ਵਿਆਂ ਤੋਂ ਬਾਅਦ ਨਵ-ਉਦਾਰਵਾਦ ਦਾ ਉਥਾਨ ਸ਼ੁਰੂ ਹੋਇਆ। ਉਦਾਰਵਾਦ ਦੀਆਂ ਤਿੰਨੋਂ ਕਿਸਮਾਂ ਦੀਆਂ ਵਿਸ਼ੇਸ਼ਤਾਵਾਂ ਸਮਝਣ ਤੋਂ ਬਾਅਦ ਅਸੀਂ ਉਦਾਰਵਾਦ ਦੀ ਨਿਰੰਤਰਤਾ (countinuity) ਬਾਰੇ ਜਾਣ ਸਕੇ ਹਾਂ। ਇਹ ਅਧਿਆਇ ਵਿਚਾਰਧਾਰਾ (ideology) ਨਾਲ ਸੰਬੰਧਤ ਹੈ ਜੋ ਸਾਨੂੰ ਉਚੇਚਾ ਨਜ਼ਰੀਆ ਪ੍ਰਦਾਨ ਕਰਦਾ ਹੈ।

ਅਭਿਆਸ

I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ. ਐਨਟੋਨੀ ਤੇ ਟਰੇਸੀ (Antoinc De Tracy) ਨੇ ਵਿਚਾਰਧਾਰਾ (Ideology) ਸ਼ਬਦ ਦੀ ਵਰਤੋਂ ਕਦੋਂ ਅਤੇ ਕੀ ਕਹਿ ਕੇ ਕੀਤੀ ?

ਅ. ਉਦਾਰਵਾਦ (Liberalism) ਦੀ ਪਹਿਲੀ ਵਾਰ ਵਰਤੋਂ ਕਿਹੜੇ ਮੁਲਕ ਵਿੱਚ ਕੀਤੀ ਗਈ ?

ੲ. 'ਨੁਮਾਇੰਦਗੀ (Representation) ਤੋਂ ਬਿਨਾਂ ਕਰ (Tax) ਨਹੀ' ਕਿਹੜੀ ਕ੍ਰਾਂਤੀ ਦਾ ਨਾਅਰਾ ਸੀ ?

ਸ. ਕਿਹੜਾ ਸਿਧਾਂਤ "ਹੁਕਮਰਾਨ ਨੂੰ ਪਰਮਾਤਮਾ ਦਾ ਦੂਤ" ਕਹਿੰਦਾ ਹੈ ?

ਹ. ਤਰਕ ਅਤੇ ਮਾਨਵਵਾਦ ਦੇ ਅਧਾਰ 'ਤੇ ਕਿਹੜੀ ਲਹਿਰ ਸੰਸਾਰ ਪ੍ਰਸਿੱਧ ਹੈ ?

ਖਾਲੀ ਥਾਵਾਂ ਭਰ ਕੇ ਵਾਕ ਪੂਰੇ ਕਰੋ—

ਕ. .....ਅਤੇ.....ਪਰੰਪਰਾਵਾਦੀ ਉਦਾਰਵਾਦ ਦੇ ਪ੍ਰਸਿੱਧ ਵਿਦਵਾਨ ਹਨ।

ਖ. ਜੌਹਨ ਲੌਕ (John Locke) ਅਨੁਸਾਰ ਕੁਦਰਤੀ ਅਧਿਕਾਰਾਂ ਵਿੱਚ ਸ਼ਾਮਲ ਅਧਿਕਾਰ.....,..... ਅਤੇ ..... ਹਨ।

ਗ. ਟੀ.ਐਚ ਗਰੀਨ ਨੇ ..... ਰਾਜ ਦਾ ਮੁੱਢ ਬੰਨਿਆ ਅਤੇ ਉਹ ..... ਸੁਤੰਤਰਤਾ ਨੂੰ ਅਹਿਮ ਮੰਨਦੇ ਸਨ।

ਘ. ਨਵ-ਉਦਾਰਵਾਦ (Neo Liberalism) ....., ... ਅਤੇ ..... ਵਿੱਚ ਵਿਸ਼ਵਾਸ ਕਰਦਾ ਹੈ।

ਙ. ਆਧੁਨਿਕ ਉਦਾਰਵਾਦ (Modern Liberalism) ਰਾਜ ਨੂੰ ..... ਅਤੇ .....ਮੰਨਦਾ ਹੈ।

II. ਪ੍ਰਸ਼ਨਾਂ ਦੇ ਉਤਰ 5-8 ਲਾਈਨਾਂ (ਸਤਰਾਂ) ਵਿੱਚ ਦਿਓ—

ੳ. ਨਕਾਰਾਤਮਕ ਸੁਤੰਤਰਤਾ (Negative Liberty) ਬਾਰੇ ਨੋਟ ਲਿਖੋ।

ਅ. ਸਕਾਰਾਤਮਕ ਸੁਤੰਤਰਤਾ (Positive Liberty) ਬਾਰੇ ਨੋਟ ਲਿਖੋ।

ੲ. ਖੁਦਮੁਖੁਤਿਆਰ ਵਿਅਕਤਿਤਵ (Autonomous personality) ਤੋਂ ਕੀ ਭਾਵ ਹੈ ?

ਸ. ਰਾਜ ਦੇ ਸੀਮਤ ਕਾਰਜ ਖੇਤਰ ਤੋਂ ਤੁਸੀਂ ਕੀ ਸਮਝਿਆ ਹੈ ?

ਹ. ਖੁੱਲੀ ਮੰਡੀ ਅਤੇ ਅਰਥਚਾਰੇ ਦਾ ਪ੍ਰਬੰਧਕ ਰਾਜ ਸਿਧਾਂਤਾਂ ਵਿੱਚ ਕੀ ਅੰਤਰ ਹੈ ?

III. ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ—

ੳ. ਪਰੰਪਰਾਵਾਦੀ ਉਦਾਰਵਾਦ (Classical Liberalism) ਤੋਂ ਕੀ ਭਾਵ ਹੈ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ ?

ਅ. ਆਧੁਨਿਕ ਉਦਾਰਵਾਦ (Modern Liberalism) ਤੋਂ ਕੀ ਭਾਵ ਹੈ ਅਤੇ ਇਸਦੀਆਂ ਖ਼ਾਸਤਾਈਆਂ ਨੂੰ ਸਮਝਾਉ।

ਏ. ਨਵ–ਉਦਾਰਵਾਦ ਦਾ ਕੀ ਅਰਥ ਹੈ ? ਇਸਦੀਆਂ ਖ਼ੂਬੀਆਂ ਦੀ ਵਿਆਖਿਆ ਕਰੋ।

ਸ. ਪਰੰਪਰਾਵਾਦੀ ਉਦਾਰਵਾਦ ਅਤੇ ਆਧੁਨਿਕ ਉਦਾਰਵਾਦ ਦੀਆਂ ਸਮਾਨਤਾਵਾਂ ਅਤੇ ਸਮਾਨਤਾਵਾਂ ਭਿੰਨਤਾਵਾਂ ਦੀ ਵਿਆਖਿਆ ਕਰੋ।

ਕ. ਨਵ–ਉਦਾਰਵਾਦ (Neo-Liberalism) ਨੂੰ ਪਰੰਪਰਾਵਾਦੀ ਉਦਾਰਵਾਦ (Classical Liberalism) ਦਾ ਸੁਧਰਿਆ ਰੂਪ ਕਿਉਂ ਕਿਹਾ ਜਾਂਦਾ ਹੈ।

11

ਮਾਰਕਸਵਾਦ

[Marxism]

ਉਦਾਰਵਾਦ (Liberalism) ਅਧਿਆਇ ਰਾਹੀਂ ਅਸੀਂ ਸਮਝਿਆ ਹੈ ਕਿ ਵਿਅਕਤੀ ਆਪਣੀਆਂ ਯੋਗਤਾਵਾਂ ਅਤੇ ਗੁਣਾਂ ਸਦਕਾ ਆਪਣੀ ਮਿਹਨਤ ਕਰਕੇ ਅੱਗੇ ਲੰਘ ਜਾਂਦੇ ਹਨ। ਆਪਣੀਆਂ ਕਮਜ਼ੋਰੀਆਂ ਅਤੇ ਸੁਸਤੀ ਕਾਰਨ ਸਮਾਜ ਵਿਚ ਖ਼ਾਸ ਕਰਕੇ ਪਦਾਰਥਕ (Material) ਤੌਰ 'ਤੇ ਪਿੱਛੇ ਰਹਿ ਜਾਂਦੇ ਹਨ। ਉਦਾਰਵਾਦ ਸਮਾਜ ਵਿਚਲੀਆਂ ਅਤੇ ਵੱਖ-ਵੱਖ ਦੇਸ਼ਾਂ ਵਿਚਲੀਆਂ ਅਸਮਾਨਤਾਵਾਂ (inequalities) ਨੂੰ ਸਮਝਣ ਦਾ ਨਜ਼ਰੀਆ ਹੈ। ਮਨੁੱਖੀ ਇਤਿਹਾਸ ਵਿੱਚ ਹਮੇਸ਼ਾ ਹੀ ਅਸਮਾਨਤਾਵਾਂ ਰਹੀਆਂ ਹਨ ਅਤੇ ਇਹਨਾਂ ਨੂੰ ਧਰਮ, ਵਿਚਾਰਧਾਰਾ ਆਦਿ ਨਾਲ ਜਾਇਜ਼ (Justified) ਵੀ ਠਹਿਰਾਇਆ ਜਾਂਦਾ ਰਿਹਾ ਹੈ। ਅਸੀਂ ਅਜੋਕੇ ਸਮਾਜ ਵਿੱਚ ਵੀ ਦੇਖਦੇ ਹਾਂ ਕੋਈ ਅਮੀਰ ਹੈ ਕੋਈ ਗਰੀਬ ਹੈ ਕਿਸੇ ਕੋਲ ਬਹੁਤ ਜ਼ਮੀਨ ਹੈ ਫੈਕਟਰੀਆ ਤੇ ਤਾਕਤ ਹੈ ਪਰ ਕਿਸੇ ਕੋਲ ਦੋ ਵਕਤ ਦੀ ਰੋਟੀ ਲਈ ਦਿਹਾੜੀ ਔਖੀ ਜੁੜਦੀ ਹੈ। ਕਿਸੇ ਦੀ ਸਰਕਾਰ, ਥਾਣੇ ਜਾ ਕਚਿਹਰੀ ਵਿੱਚ ਪੂਰੀ ਚੜ੍ਹਤ ਹੈ ਕਿਸੇ ਨੂੰ ਸਰਕਾਰੀ ਦਫਤਰਾਂ ਵਿੱਚ ਵੜਨ ਤੋਂ ਵੀ ਡਰ ਲੱਗਦਾ ਹੈ। ਅਖੌਤੀ ਜਾਤ-ਪਾਤ ਦੇ ਹਿਸਾਬ ਨਾਲ ਕੋਈ ਉੱਚਾ ਜਾਂ ਕੋਈ ਨੀਚ ਸਮਝਿਆ ਜਾਂਦਾ ਹੈ। ਕੀ ਇਹ ਸਭ ਰੱਬ ਦੇ ਬਣਾਏ ਕਰਮਾਂ ਦੀ ਖੇਡ ਹੈ? ਕਿਉਂਕਿ ਪੁਰਾਣੇ ਅਖੌਤੀ ਧਰਮਾਂ ਪੁਜਾਰੀਆ ਨੇ ਅਮੀਰਾਂ ਦੇ ਸਾਥ ਲਈ ਆਮ ਲੋਕਾਂ ਨੂੰ ਇਹੀ ਕਿਹਾ ਕਿ ਜੋ ਕਿਸਮਤ ਵਿੱਚ ਹੁੰਦਾ ਹੈ ਉਹੀ ਮਿਲਦਾ ਹੈ ਤੇ ਲੋਕਾਈ ਨੇ ਇਸ ਨੂੰ ਸੱਚ ਮੰਨ ਕੇ ਸਰਕਾਰਾਂ ਤੇ ਰਾਜਿਆ ਦੇ ਕਿਸੇ ਵੀ ਕਾਨੂੰਨ 'ਤੇ ਕਿੰਤੂ ਪ੍ਰੰਤੂ ਨਹੀ ਕੀਤਾ ਸੀ। ਉਦਾਰਵਾਦ ਰਾਹੀਂ ਪੂੰਜੀਵਾਦੀ (Capitalism) ਨੇ ਜਗੀਰੂ ਪ੍ਰਬੰਧ ਨੂੰ ਤੋੜਿਆ ਸੀ। ਜਗੀਰੂ ਪ੍ਰਬੰਧ ਨੂੰ ਛੱਡ ਕਾਮੇ (Worker) ਚੰਗੀ ਜ਼ਿੰਦਗੀ ਦੀ ਆਸ ਵਿਚ ਸ਼ਹਿਰਾਂ ਵਿਚ ਨਵੀਆਂ ਲੱਗੀਆਂ ਫੈਕਟਰੀਆਂ ਵਿਚ ਕੰਮ ਕਰਨ ਲਈ ਆਏ ਸਨ। ਮਜ਼ਦੂਰਾਂ ਨੂੰ ਬੇਸ਼ੱਕ ਪੂੰਜੀਵਾਦ ਨੇ ਨਕਦ (Cash) ਤਨਖ਼ਾਹ ਦੇਣ ਦੀ ਵਿਵਸਥਾ ਵੀ ਕੀਤੀ ਸੀ। ਜਗੀਰੂ ਪ੍ਰਬੰਧ (Feudal System) ਤੋਂ ਪੂੰਜੀਵਾਦ ਵਿਚ ਤਬਦੀਲੀ ਨੂੰ ਪਰੰਪਰਾਵਾਦੀ ਉਦਾਰਵਾਦ (Classical Liberalism) ਰਾਹੀਂ ਬਹੁਤ ਵੱਡੀ ਕ੍ਰਾਂਤੀ (Revolution) ਦੇ ਤੌਰ 'ਤੇ ਪ੍ਰਚਾਰਿਆ ਜਾ ਰਿਹਾ ਸੀ। ਅਸਲ ਸਚਾਈਆਂ ਕੁੱਝ ਹੋਰ ਸਨ। ਮਜ਼ਦੂਰ ਤੰਗ ਅਤੇ ਗੰਦੀਆਂ ਬਸਤੀਆਂ (Slums) ਵਿਚ ਰਹਿ ਕੇ ਘੰਟਿਆਂ ਬੱਧੀ ਬੁਰੀਆਂ ਕੰਮਕਾਜੀ ਸਥਿਤੀਆਂ ਅਧੀਨ ਫੈਟਕਰੀਆਂ ਵਿਚ ਕੰਮ ਕਰ ਰਹੇ ਸਨ ਪਰ ਉਹਨਾਂ ਨੂੰ ਮਿਲਦੀ ਤਨਖ਼ਾਹ (Wage) ਬਹੁਤ ਥੋੜ੍ਹੀ ਸੀ। ਮਜ਼ਦੂਰਾਂ ਨੂੰ ਮਿਲਦੀ ਤਨਖ਼ਾਹ ਜਿਊਂਦਾ ਰੱਖ ਰਹੀ ਸੀ ਕਿ ਉਹ ਅਗਲੇ ਦਿਨ ਕੰਮ 'ਤੇ ਆ ਸਕਣ ਅਤੇ ਮੁਨਾਫ਼ਾ ਕਮਾ ਕੇ ਮਾਲਕਾਂ ਨੂੰ ਦੇ ਸਕਣਾ। ਅਜਿਹੇ ਹਾਲਾਤ ਵਿਚ ਲਾਜ਼ਮੀ ਸੀ ਕਿ ਕੋਈ ਬਦਲਵਾਂ ਚੰਗੇਰਾ-ਸਮਾਜ (Good Society) ਦਾ ਸੁਪਨਾ ਹੋਵੇ ਜਿਸ ਵਿਚ ਅਸਮਾਨਤਾਵਾਂ ਨੂੰ ਦੂਰ ਕਰਨ ਵਾਲੇ ਵਿਚਾਰ ਅਤੇ ਸਾਧਨ ਸਿਰਜੇ ਜਾਣ। ਅਜਿਹੇ ਵਿਚਾਰ ਅਤੇ ਸਾਧਨ ਮਾਰਕਸ (Marx) ਨੇ ਸਿਰਜਣ ਦਾ ਸਫ਼ਲ ਕਾਰਜ ਕੀਤਾ।



ਚਿੱਤਰ 11.1 : ਮਾਰਕਸਵਾਦੀ ਵਿਚਾਰਧਾਰਾ ਦੇ ਉਤਪੰਨ ਹੋਣ ਤੋਂ ਵਰਤਮਾਨ ਤੱਕ ਦੇ ਸਫ਼ਰ ਦੀ ਅਗਵਾਈ ਕਰਨ ਵਾਲੇ ਆਗੂਆਂ ਦੇ ਸਰੂਪ

ਕਾਰਲ ਹੈਨਰਿੱਚ ਮਾਰਕਸ ਦਾ ਜੀਵਨ
(Karl Heinrich Marx's Life)

ਕਾਰਲ ਹੈਨਰਿਚ ਮਾਰਕਸ ਦਾ ਜਨਮ 5 ਮਈ, 1818 ਨੂੰ ਜਰਮਨੀ (Germany) ਦੇ ਪਰੂਸ਼ੀਆ (Prussia) ਸੂਬੇ ਵਿਚ ਇਕ ਮੱਧਰਵਰਗੀ (Middle Class) ਪਰਿਵਾਰ ਵਿਚ ਹੋਇਆ। ਮਾਰਕਸ (Marx) ਸਤਾਰਾਂ ਸਾਲ ਦੀ ਉਮਰ ਵਿਚ ਬੋਨ (Bonn) ਯੂਨੀਵਰਸਿਟੀ ਵਿਚ ਕਨੂੰਨ (Law) ਦੀ ਪੜ੍ਹਾਈ ਕਰਨ ਲਏ ਗਏ। ਪਰੰਤੂ ਪੜ੍ਹਾਈ ਵਿਚਾਲੇ ਹੀ ਛੱਡ ਆਏ। ਮਾਰਕਸ ਦੇ ਪਿਤਾ ਨੇ ਚੰਗੇ ਭਵਿੱਖ ਦੀ ਉਮੀਦ ਵਿਚ ਬਰਲਿਨ (Berlin) ਯੂਨੀਵਰਸਿਟੀ ਵਿਚ ਦਾਖ਼ਲਾ ਕਰਵਾਇਆ। ਇੱਥੇ ਮਾਰਕਸ ਨੇ ਫਲਸਫੇ (Philosophy) ਵਿਚ ਜ਼ਿਆਦਾ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਪਿਤਾ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਮਾਰਕਸ ਮਨਮੌਜੀ ਜ਼ਿੰਦਗੀ ਜਿਊਦਾ ਗਿਆ। ਪਿਤਾ ਦੀ ਮੌਤ ਅਤੇ ਘਰ ਦੀਆਂ ਆਰਥਿਕ ਜ਼ਿੰਮੇਵਾਰੀਆਂ ਨੇ ਮਾਰਕਸ ਨੂੰ ਗੰਭੀਰ ਕਰ ਦਿੱਤਾ। ਫਲਸਫ਼ੇ/ਦਰਸ਼ਨ ਸ਼ਾਸਤਰ (Philosophy) ਕਾਰਨ ਹੀ ਮਾਰਕਸ ਨੂੰ ਹੀਗਲ (Hegel) ਪੜ੍ਹਨ ਅਤੇ ਸਮਝਣ ਦਾ ਮੌਕਾ ਮਿਲਿਆ। ਮਾਰਕਸ ਹੀਗਲ ਦੇ ਦਵੰਦਵਾਦ (Dialect) ਤੋਂ ਕਾਫ਼ੀ ਪ੍ਰਭਾਵਿਤ ਸੀ। ਹੀਗਲ ਵਿਚਾਰ (Idea) ਨੂੰ ਸਮਾਜਿਕ ਤਬਦੀਲੀ ਦਾ ਸਾਧਨ ਮੰਨਦਾ ਸੀ ਪਰੰਤੂ ਮਾਰਕਸ ਪਦਾਰਥ (Matter) ਨੂੰ ਸਮਾਜਿਕ ਵਿਕਾਸ ਦਾ ਸਾਧਨ ਮੰਨਦਾ ਸੀ।

ਮਾਰਕਸ ਅਤੇ ਫਰੈਡਰਿਕ ਦੀ ਦੋਸਤੀ ਅਤੇ ਲਿਖਤਾਂ (Friendship of Marx and Fredrich Engels and their Writings) : ਦੋਸਤੀ ਦੁਨੀਆਂ ਦਾ ਸਭ ਤੋਂ ਸ਼ਾਨਦਾਰ ਰਿਸ਼ਤਾ ਹੈ। ਦੋਸਤ ਜੋ ਪ੍ਰਤਿਭਾ (Talent) ਨੂੰ ਨਿਖਾਰਨ ਦਾ ਕਾਰਨ ਅਤੇ ਹੌਂਸਲ਼ਾ ਬਣੇ ਉਹ ਹੋਰ ਵੀ ਖਾਸ ਹੋ ਜਾਂਦਾ ਹੈ। ਕਾਰਲ ਮਾਰਕਸ ਅਤੇ ਫਰੈਡਰਿਕ ਏਂਜਲਜ਼ (Friendship Engels) ਦੀ ਦੋਸਤੀ ਨੇ ਮਾਰਕਸ ਨੂੰ ਠਾਹਰ ਦਿੱਤੀ। ਏਂਜਲਜ਼ ਜਰਮਨ ਉਦਯੋਗਪਤੀ (German Industralist) ਦਾ ਪੁੱਤਰ ਸੀਜੋ ਮੈਨਚੈਸਟਰ (Manchester) ਸ਼ਹਿਰ ਵਿਚ ਕੱਪੜਾ ਮਿਲਾਂ (Cotton Factory) ਦਾ ਮਾਲਕ ਸੀ। ਦੋਹਾਂ ਦੀ ਮੁਲਾਕਾਤ ਫਰਾਂਸ (France) ਦੇ ਸ਼ਹਿਰ ਪੈਰਿਸ (Paris) ਵਿਚ ਹੋਈ। ਕੁਝ ਦਿਨਾਂ ਦੀ ਮੁਲਾਕਾਤ ਦੌਰਾਨ ਮਾਰਕਸ ਅਤੇ ਏਂਜਲਜ਼ ਨੇ ਸਾਂਝੇ ਰੂਪ ਵਿਚ ਲਿਖਣ ਦੀ ਯੋਜਨਾ ਬਣਾਈ। ਇਸੇ ਯੋਜਨਾ ਨੇ ਸਿੱਟੇ ਵਜੋਂ The Holy Family (ਦ ਹੋਲੀ ਫੈਮਿਲੀ) ਸਿਰਲੇਖ ਅਧੀਨ ਕਿਤਾਬ ਦੀ ਪ੍ਰਕਾਸ਼ਨਾ ਕੀਤੀ ਗਈ। ਮਾਰਕਸ ਨੂੰ ਏਂਜਲਸ ਨੇ ਆਰਥਿਕ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ ਤਾਂ ਜੋ ਮਾਰਕਸ ਆਪਣੇ ਲੇਖਣ ਕਾਰਜ ਨੂੰ ਜਾਰੀ ਰੱਖ ਸਕੇ। ਮਾਰਕਸ ਨੇ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਲਈ 'The German Ideology' (ਦ ਜਰਮਨ ਆਇਡਿਔਲੋਜੀ) ਸਿਰਲੇਖ ਹੇਠ ਕਿਤਾਬ ਲਿਖਣੀ ਸ਼ੁਰੂ ਕੀਤੀ ਜੋ ਵੱਖ-ਵੱਖ ਕਾਰਨਾਂ ਕਰਕੇ ਸੰਨ 1932 ਵਿਚ ਹੀ ਪ੍ਰਕਾਸ਼ਤ ਹੋ ਸਕੀ। ਸੰਨ 1848 ਵਿਚ ਮਾਰਕਸ ਦੀ ਸਭ ਤੋਂ ਪ੍ਰਸਿੱਧ ਕਿਤਾਬ The Communist Manifesto ਪ੍ਰਕਾਸ਼ਤ ਹੋਈ। ਇਸ ਕਿਤਾਬ ਦੇ ਪ੍ਰਕਾਸ਼ਨ ਕਾਰਨ ਸਰਕਾਰ ਦੇ ਦਬਾਅ ਕਰਕੇ ਸੰਨ 1849 ਤੋਂ ਬਾਅਦ ਦੀ ਜ਼ਿੰਦਗੀ ਇੰਗਲੈਂਡ (England) ਵਿਚ ਬਤੀਤ ਕੀਤੀ।

ਮਾਰਕਸ ਦੇ ਪ੍ਰਮੁੱਖ ਸਿਧਾਂਤ
(Basic Principles of Marx)

ਕਾਰਲ ਮਾਰਕਸ ਦੇ ਸਮੇ ਗਰੀਬਾਂ ਅਤੇ ਅਮੀਰਾਂ ਵਿੱਚ ਵੱਡਾ ਪਾੜਾ ਸੀ। ਉਸਦੇ ਮਨ ਵਿੱਚ ਸਵਾਲ ਸਨ ਕਿ ਧਰਤੀ ਉਪਰ ਮਨੁੱਖ ਖਾਲੀ ਹੱਥ ਜਨਮ ਲੈਂਦਾ ਅਤੇ ਖਾਲੀ ਹੱਥ ਹੀ ਮਰਦਾ ਹੈ। ਇਸ ਧਰਤੀ ਪਰ ਮਨੁੱਖੀ ਸੱਭਿਅਤਾ ਤੋਂ ਪਹਿਲਾਂ ਵਸਤੂਆਂ ਦੀ ਕੀਮਤ ਅਤੇ ਮਾਲਕੀ ਕਿਵੇ ਤੈਅ ਹੁੰਦੀ ਹੋਵੇਗੀ ? ਜੇਕਰ ਹਵਾ, ਪਾਣੀ, ਧਰਤੀ ਅਤੇ ਸਭ ਕੁਝ ਕੁਦਰਤ ਵੱਲੋਂ ਮੁਫਤ ਦਿੱਤਾ ਗਿਆ ਹੈ ਤਾਂ ਮਨੁੱਖ ਦੇ ਸਮਾਜਿਕ ਤਾਣੇ-ਬਾਣੇ ਵਿੱਚ ਅਮੀਰ, ਗਰੀਬ, ਮਾਲਕ-ਨੌਕਰ, ਵਸਤੂਆਂ ਦੀ ਮਾਲਕੀ ਜਾਂ ਮੁੱਲ ਕਿਵੇ ਬਣੇ ? ਕੀ ਇਹ ਤਾਣਾ-ਬਾਣਾ ਕੁਦਰਤ ਨੇ ਤੈਅ ਕੀਤਾ ਹੈ ? ਉਸਦੇ ਮਨ ਵਿੱਚ ਆਇਆ ਕਿ ਧਰਤੀ ਉਪਰ ਖਾਲੀ ਹੱਥ ਆਇਆ ਮਨੁੱਖ ਜਦੋਂ ਧਰਤੀ ਉਪਰ ਮੌਜੂਦ ਵਸਤੂਆਂ ਉਪਰ ਆਪਣੀ ਕਿਰਤ (ਸ਼ਕਤੀ) ਲਾਉਂਦਾ ਹੈ ਤਾਂ ਉਸਦੇ ਵਰਤੋਂ ਲਈ ਚੀਜ਼ਾਂ ਹੋਂਦ ਵਿੱਚ ਆਉਂਦੀਆਂ ਹਨ ਇਸ ਤਰਾਂ ਧਰਤੀ ਉਪਰ ਮੁਫਤ ਵਿੱਚ ਪਈਆਂ ਚੀਜ਼ਾਂ ਦਾ ਮੁੱਲ ਕਿਰਤ (ਸ਼ਕਤੀ) ਕਰਕੇ ਬਣਦਾ ਹੈ। ਜੇਕਰ ਵਸਤੂਆਂ ਦਾ ਮੁੱਲ ਕਿਰਤ (ਸ਼ਕਤੀ) ਕਰਕੇ ਬਣਦਾ ਹੈ ਤਾਂ ਗਰੀਬ ਲੋਕ ਕਿਰਤ ਕਰਦੇ ਹਨ ਤਾਂ ਵੀ ਉਹ ਗਰੀਬ ਹਨ। ਜੇਕਰ ਉਹ ਸਾਰੀ ਜ਼ਿੰਦਗੀ ਕਿਰਤ ਕਰਕੇ ਵੀ ਗਰੀਬ ਹਨ ਤਾਂ ਫਿਰ ਕਿਰਤ ਕਰਨ ਤੋਂ ਬਾਅਦ ਸਾਰੇ ਮਨੁੱਖਾਂ ਵਿੱਚ ਸਾਧਨਾਂ, ਸ਼ਕਤੀਆਂ ਤੇ ਵਸਤੂਆਂ ਦੀ ਵੰਡ ਵਾਲਾ ਤਾਣਾ-ਬਾਣਾ ਗਲਤ ਹੈ। ਇਸ ਤਾਣੇ-ਬਾਣੇ ਨੂੰ ਸਮਝ ਕੇ ਉਸਨੇ ਵਿਗਿਆਨਕ ਤਰੀਕੇ ਨਾਲ ਕੁਝ ਸਿਧਾਂਤ ਪੇਸ਼ ਕੀਤੇ।

ਵਿਚਾਰ ਦੇ ਪਦਾਰਥ : ਮਾਰਕਸ ਨੇ ਆਪਣੀਆਂ ਰਚਨਾਵਾਂ ਰਾਹੀਂ ਸੰਸਾਰ ਨੂੰ ਸਮਝਣ ਦਾ ਨਵਾਂ ਨਜ਼ਰੀਆ ਦਿੱਤਾ ਜੋ ਬੇਸ਼ੱਕ ਢੰਗ ਤਰੀਕੇ ਪੁਰਾਣੇ ਵਰਤੇ ਪਰੰਤੂ ਨਵੇਂ ਨਤੀਜੇ ਕੱਢਣ ਵਿੱਚ ਕਾਮਯਾਬ ਰਿਹਾ। ਕਾਰਲ ਮਾਰਕਸ ਨੇ ਹੀਗਲ (Hegel) ਤੋਂ

ਦਵੰਦ (Dialectic) ਦਾ ਸਿਧਾਂਤ ਵਰਤਦਿਆਂ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ। ਆਓ ਪਹਿਲਾਂ ਦਵੰਦ ਨੂੰ ਸਮਝਦੇ ਹਾਂ :—

ਹੀਗਲ ਨੇ ਵਾਦ (Thesis), ਵਿਰੋਧੀਵਾਦ (Antithesis) ਅਤੇ ਸੰਵਾਦ (Synthesis) ਨੂੰ ਵਰਤਦੇ ਹੋਏ ਇਹ ਜਾਨਣ ਅਤੇ ਸਮਝਾਉਣ ਦੀ ਯਤਨ ਕੀਤਾ ਕਿ ਦੋਵਾਂ (ਵਾਦ ਅਤੇ ਵਿਰੋਧੀਵਾਦ) ਦੇ ਟਕਰਾਅ ਤੋਂ ਨਵਾਂ ਸੰਵਾਦ (Synthesis) ਪੈਦਾ ਹੁੰਦਾ ਹੈ ਜੋ ਸਮਾਜ ਦੇ ਵਿਕਾਸ ਦਾ ਅਗਲਾ ਪੜਾਅ ਹੁੰਦਾ ਹੈ। ਫਿਰ ਇਸ ਸੰਵਾਦ ਦੇ ਵਿਰੋਧ ਵਿਚ ਨਵਾਂ ਵਿਰੋਧੀਵਾਦ ਪੈਦਾ ਹੁੰਦਾ ਹੈ। ਇਵੇਂ ਹੀ ਇਹ ਪ੍ਰਕਿਰਿਆ ਆਪਣੇ ਅੰਤਮ ਪੜਾਅ 'ਤੇ ਪਹੁੰਚਦੀ ਹੈ। ਆਓ ਉਦਾਹਰਨ ਜ਼ਰੀਏ ਸਮਝਦੇ ਹਾਂ ; ਹੀਗਲ, ਪਰਿਵਾਰ (Family) ਨੂੰ ਵਾਦ, ਨਾਗਰਿਕ ਸਮਾਜ (Civil Society) ਨੂੰ ਵਿਰੋਧੀ ਵਾਦ ਅਤੇ ਰਾਜ (State) ਨੂੰ ਸੰਵਾਦ ਦਾ ਨਾਂ ਦਿੰਦਾ ਹੈ।

ਇਹ ਸਿਲਸਿਲਾ ਲਗਾਤਾਰਤਾ ਵਿਚ ਚਲਦਾ ਰਹਿੰਦਾ ਹੈ ਜਦੋਂ ਤੱਕ ਆਪਣੀ ਨਿਸਚਤ ਮੰਜ਼ਲ ਪ੍ਰਾਪਤ ਨਾ ਕਰ ਲਵੇ। ਹੀਗਲ ਅਨੁਸਾਰ ਰਾਜ ਇਸ ਪ੍ਰਕਿਰਿਆ ਅੰਤਮ ਪੜਾਅ ਹੈ।

ਕਾਰਲ ਮਾਰਕਸ : ਪਦਾਰਥਵਾਦੀ ਦਵੰਦਵਾਦ (Karl Marx : Dialectical Materailism)

ਹੀਗਲ ਵਿਚਾਰ (Idea) ਨੂੰ ਆਪਣਾ ਕੇਂਦਰ-ਬਿੰਦੂ (Central Point) ਮੰਨਦਾ ਹੈ ਪਰੰਤੂ ਮਾਰਕਸ ਪਦਾਰਥ (Matter) ਨੂੰ ਸਮਾਜਿਕ ਵਿਕਾਸ ਦਾ ਧੁਰਾ (Center) ਮੰਨਦਾ ਹੈ। ਮਾਰਕਸ ਅਨੁਸਾਰ 'ਪਦਾਰਥ' ਦਾ ਹੋਂਦ ਹੀ ਸਾਰੀਆਂ ਸਮਾਜਿਕ ਤਬਦੀਲੀਆਂ ਲਈ ਜ਼ਿੰਮੇਵਾਰ ਹੁੰਦੀ ਹੈ।

ਵਿਚਾਰਵਾਦ (Idealism) : ਹੀਗਲ ਅਨੁਸਾਰ ਵਿਚਾਰਵਾਦ ਹੀ ਚੇਤਨਾ ਜਾਂ ਵਿਚਾਰ (Consicousness or Idea) ਬ੍ਰਹਿਮੰਡ ਦਾ ਧੁਰਾ ਹੈ। ਸਾਰੇ ਸਮਾਜਿਕ ਅਦਾਰੇ (Social Institutions) ਪ੍ਰਚਲਿਤ ਵਿਚਾਰ ਦਾ ਹੀ ਪ੍ਰਤੱਖ ਰੂਪ ਹਨ।

ਪਦਾਰਥਵਾਦ (Materialism) : ਮਾਰਕਸ ਅਨੁਸਾਰ ਪਦਾਰਥ (Matter) ਬ੍ਰਹਿਮੰਡ ਦਾ ਧੁਰਾ ਹੈ ਅਤੇ ਚੇਤਨਾ (Consicousness) ਕੇਵਲ ਪਦਾਰਥਕ ਹਲਾਤ ਦਾ ਪ੍ਰਗਟਾਵਾ ਹੈ।

ਮਾਰਕਸ ਦੇ ਵਿਚਾਰਾਂ ਨੂੰ ਸਮਝਣ ਦੇ ਲਈ ਏਂਜਲਜ਼ ਦੀ ਦਵੰਦ (Dialect) ਬਾਰੇ ਦਿੱਤੇ ਸਿਧਾਤਾਂ ਨੂੰ ਸਮਝਣਾ ਲਾਜ਼ਮੀ ਹੈ। ਏਂਜਲਜ਼ ਅਨੁਸਾਰ ਪਦਾਰਥਕ ਦਵੰਦਵਾਦ (Dialectical Matteralism) ਦੇ ਤਿੰਨ ਕਨੂੰਨ ਹਨ ਜਿਹਨਾਂ ਅਨੁਸਾਰ ਸਮਾਜ, ਕੁਦਰਤ ਅਤੇ ਵਿਚਾਰ ਬਦਲਦੇ ਹਨ।

(i) ਗਿਣਤੀ ਦਾ ਗੁਣਾਂ ਵਿਚ ਬਦਲਣਾ ਅਤੇ ਗੁਣਾਂ ਦਾ ਗਿਣਤੀ ਵਿਚ (Quality and Quntity Conversation)

(ii) ਵਿਰੋਧਾਂ ਦਾ ਏਕਾ (Unity of Opposites)

(iii) ਨਿਖੇਧਾਂ ਦਾ ਨਿਖੇਧ (Negation of Negations)

ਪਦਾਰਥਕ ਦਵੰਦਵਾਦ ਨੂੰ ਮਾਰਕਸ ਸਮਾਜਿਕ ਤਬਦੀਲੀ (Social Change) ਨੂੰ ਸਮਝਾਉਣ ਲਈ ਵਰਤਦਾ ਹੈ ਜਿਸਨੂੰ ਇਤਿਹਾਸਕ ਪਦਾਰਥਵਾਦ (Historical Materialism) ਕਿਹਾ ਜਾਂਦਾ ਹੈ।

ਇਤਿਹਾਸਕ ਪਦਾਰਥਵਾਦ (Historical Materialism) : ਮਾਰਕਸ ਸਮਾਜਿਕ ਵਿਕਾਸ ਨੂੰ ਮੁੱਢ ਤੋਂ ਸਮਝਾਉਣ ਲਈ ਆਪਣੇ ਵਿਚਾਰਾਂ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਦਾ ਹੈ। ਪਹਿਲਾਂ ਹੀ ਜ਼ਿਕਰ ਕੀਤਾ ਗਿਆ ਹੈ ਕਿ ਮਾਰਕਸਵਾਦ ਅਨੁਸਾਰ ਸਮਾਜਿਕ ਰਿਸ਼ਤੇ ਪ੍ਰਚਲਿਤ ਆਰਥਿਕ ਹਲਾਤ 'ਤੇ ਨਿਰਭਰ ਕਰਦੇ ਹਨ।

ਮਾਰਕਸ ਆਪਣੀ ਗੱਲ ਦੀ ਸ਼ੁਰੂਆਤ ਕਾਰਨ ਲਈ ਪੈਦਾਵਾਰ (Production) ਨੂੰ ਪ੍ਰਮੁੱਖਤਾ ਦਿੰਦਾ ਹੈ। ਮਨੁੱਖ ਓਹੀ ਹੁੰਦਾ ਹੈ ਜੋ ਉਹ ਪੈਦਾ ਕਰਦਾ ਹੈ ਭਾਵ ਪੈਦਾਵਾਰ (Production) ਕਰਨ ਦੀ ਯੋਗਤਾ ਮਨੁੱਖਤਾ ਨੂੰ ਜਿਉਂਦੇ ਰਹਿਣ ਦਾ ਸਬੱਬ ਹੈ। ਪੈਦਾਵਾਰ ਦੇ ਢੰਗਾਂ ਵਿੱਚ ਕਮੀ ਹੋਣ ਕਾਰਨ ਲੋੜਾਂ ਦੀ ਪੂਰਤੀ ਨਹੀਂ ਹੁੰਦੀ। ਲੋੜਾਂ ਦੀ ਪੂਰਤੀ ਦਾ ਹੋਣਾ ਪੁਰਾਣੇ ਜਨਮ ਦਾ ਫ਼ਲ ਸਮਝਿਆ ਜਾਂਦਾ ਸੀ ਪਰੰਤੂ ਉਦਾਰਵਾਦ ਨੇ ਸਮਝਾਇਆ ਕਿ ਮਨੁੱਖ ਆਪਣੀ ਯੋਗਤਾ ਅਤੇ ਮਿਹਨਤ ਸਦਕਾ ਗਰੀਬ ਜਾਂ ਅਮੀਰ ਹੈ ਨਾ ਕਿ ਕਰਮਾਂ ਕਰਕੇ। ਮਾਰਕਸ ਅਨੁਸਾਰ ਪੈਦਾਵਾਰ ਦੀ ਕਮੀ ਅਤੇ ਪੈਦਾਵਾਰ ਕਰਨ ਦੇ ਪੁਰਾਣੇ ਢੰਗ ਤਰੀਕੇ ਅਤੇ ਸਾਧਨ ਮਨੁੱਖ ਦੀ ਆਰਥਿਕ ਮੰਦਹਾਲੀ ਦਾ ਕਾਰਨ ਹਨ। ਪੈਦਾਵਾਰ ਦੇ ਢੰਗਾਂ (Modes of Production) ਅਤੇ ਪੈਦਾਵਾਰ ਦੇ ਰਿਸ਼ਤਿਆਂ (Relations of Production) ਵਿਚ ਦਵੰਦ (Dialectic) ਪੈਦਾ ਹੁੰਦਾ ਹੈ ਤਾਂ ਬਦਲਾਅ ਦੀ ਸ਼ੁਰੂਆਤ ਹੁੰਦੀ ਹੈ। ਸਮਾਜ ਨਵੇਂ ਪੈਦਾਵਾਰੀ ਰਿਸ਼ਤਿਆਂ ਵਿੱਚ ਬੰਨ੍ਹਿਆ ਜਾਂਦਾ ਹੈ। ਮਾਰਕਸ ਨੇ ਸਮਾਜਿਕ ਤਬਦੀਲੀ ਸਮਝਾਉਣ ਲਈ ਆਪਣੀ

ਪੁਸਤਕ "The German Ideology" ਵਿਚ ਸਮਾਜ ਦੇ ਵਿਕਾਸ ਨੂੰ ਚਾਰ ਇਤਿਹਾਸਕ ਪੜਾਵਾਂ ਵਿੱਚ ਵੰਡਿਆ ਹੈ :—

(i) ਮੁੱਢ-ਕਦੀਮ ਸਮਾਜ (Primitive Society) : ਪੈਦਾਵਾਰ ਦੇ ਸਾਧਨਾਂ 'ਤੇ ਸਾਂਝੀ ਮਾਲਕੀ

(ii) ਗ਼ੁਲਾਮ-ਸਮਾਜ (Slave Society) : ਮਾਲਕ, ਪੈਦਵਾਰ ਦੇ ਸਾਧਨਾਂ ਦਾ ਮਾਲਕ ਅਤੇ ਗ਼ੁਲਾਮ, ਪੈਦਾਵਾਰ ਕਰਨ ਵਾਲੇ ਔਜ਼ਾਰ (Instruments)

(iii) ਜਗੀਰੂ ਸਮਾਜ (Feudal Society) : ਜੰਗੀਰਦਾਰ ਪੈਦਾਵਾਰ ਸਾਧਨਾਂ ਦੇ ਮਾਲਕ ਅਤੇ ਪੈਦਾਵਾਰ ਕਰਨਾ ਮੁਜ਼ਾਹਰਿਆਂ (Serfs) ਦਾ ਕੰਮ ਸੀ।

(iv) ਪੂੰਜੀਵਾਦੀ ਸਮਾਜ (Capitalist Society) : ਪੂੰਜੀਪਤੀ ਸਾਧਨਾਂ ਦੇ ਮਾਲਕ ਅਤੇ ਮਜ਼ਦੂਰ ਆਪਣੀ ਮਜ਼ਦੂਰੀ (ਦਿਹਾੜੀ) ਦੇ ਹੀ ਮਾਲਕ ਹੁੰਦੇ ਹਨ।

ਮੁੱਢ ਕਦੀਮੀ ਸਮਾਜ ਵਿਚ ਮਨੁੱਖ ਸਾਂਝੀਵਾਲਤਾ ਵਾਲੀ ਜ਼ਿੰਦਗੀ ਬਤੀਤ ਕਰਦਾ ਸੀ। ਪੈਦਾਵਾਰ ਕੁਦਰਤੀ ਤੌਰ 'ਤੇ ਬਹੁਤਾਤ ਵਿਚ ਮੌਜੂਦ ਸੀ। ਸ਼ਿਕਾਰ ਕਰਨਾ ਇਕ ਸਾਂਝੀ ਕਿਰਿਆ ਸੀ। ਸਾਰੇ ਹੀ ਮੈਂਬਰਾਂ ਨੂੰ ਕੁੱਖ ਅਤੇ ਲੋੜ ਅਨੁਸਾਰ ਭੋਜਨ ਮਿਲਦਾ ਸੀ। ਇਸ ਸਮੇਂ ਮਨੁੱਖ ਵਿਕਸਤ ਹੋ ਰਿਹਾ ਸੀ ਅਤੇ ਲੋੜਾਂ ਦੀ ਪੂਰਤੀ ਫ਼ਲਾਂ, ਸ਼ਿਕਾਰ ਅਤੇ ਹੋਰ ਕੁਦਰਤੀ ਸਾਧਨਾਂ ਤੋਂ ਹੋ ਰਹੀ ਸੀ। ਕਬੀਲਿਆਂ ਵਿਚ ਵਸਦੇ ਮਨੁੱਖਾਂ ਵਿੱਚ ਕੋਈ ਵੀ ਮਾਲਕ ਨਹੀਂ ਸੀ ਸਗੋਂ ਸਾਰਿਆਂ ਦੀ ਆਪਣੀ-ਆਪਣੀ ਅਹਿਮੀਅਤ ਸੀ। ਮਰਦਾਂ ਅਤੇ ਔਰਤਾਂ ਵਿਚ ਕੁਦਰਤੀ ਸਮਾਨਤਾ ਸੀ। ਮਨੁੱਖਤਾ ਜਦੋਂ ਕਬੀਲਿਆਂ ਤੋਂ ਵੱਧਦੀ ਜਨਸੰਖਿਆ ਅਤੇ ਘੱਟਦੇ ਕੁਦਰਤੀ ਸਰੋਤਾਂ (Natural Resources) ਕਰਕੇ ਅੱਗੇ ਵੱਧ ਰਹੀ ਸੀ ਤਾਂ ਸਭ ਤੋਂ ਪਹਿਲੀ ਵੰਡ ਸ਼ਿਕਾਰ ਕਰਨ ਵਾਲਿਆਂ ਅਤੇ ਘਰ ਰਹਿ ਕੇ ਬੱਚਿਆਂ ਦੇ ਦੇਖਭਾਲ ਤੇ ਖੇਤੀ ਕਰਨ ਵਾਲਿਆਂ ਵਿਚਾਲੇ ਹੋਈ। ਸ਼ਿਕਾਰ ਕਰਨਾ ਮਰਦਾਂ ਦੇ ਹੱਥ ਆਇਆ ਅਤੇ ਨਿਆਣਿਆਂ ਦੀ ਦੇਖਭਾਲ ਤੇ ਖੇਤੀ (Agriculture) ਔਰਤਾਂ ਦੇ ਹਿੱਸੇ ਆਈ।

ਖੇਤੀਬਾੜੀ ਦੇ ਵਧਣ ਨਾਲ ਅਤੇ ਵੱਧ ਪੈਦਾਵਾਰ ਦੀ ਲੋੜ ਕਾਰਨ ਨਵੇਂ ਸੰਦਾਂ (Tools) ਦੀ ਖੋਜ ਹੋਈ ਜਿਸਨੇ ਨਵੇਂ ਪੈਦਾਵਾਰੀ ਰਿਸ਼ਤਿਆਂ ਨੂੰ ਜਨਮ ਦਿੱਤਾ। ਇਹਨਾਂ ਰਿਸ਼ਤਿਆਂ ਅਧੀਨ ਮਾਲਕਾਂ ਅਤੇ ਗ਼ੁਲਾਮਾਂ ਦੀਆਂ ਨਵੀਆਂ ਸ਼੍ਰੇਣੀਆਂ ਉਭਰੀਆਂ। ਇਸ ਤੋਂ ਬਾਅਦ ਸਮਾਜ ਹਮੇਸ਼ਾਂ ਦੇ ਵਿਰੋਧੀ ਵਰਗਾਂ ਵਿਚ ਵੰਡਿਆ ਗਿਆ। ਇਕ ਸਾਧਨਾਂ ਦੀ ਮਾਲਕਾਂ ਦਾ ਵਰਗ ਅਤੇ ਦੂਜਾ ਸਾਧਨਾਂ ਤੋਂ ਵਿਹੂਣਾ/ਰਹਿਤ ਵਰਗਾ। ਗ਼ੁਲਾਮ ਸਮਾਜ ਵਿਚ ਪੈਦਾਵਾਰ ਗੁਲਾਮ (Slave) ਕਰ ਰਹੇ ਸਨ ਅਤੇ ਮਾਲਕਾਂ ਨੂੰ ਵਿਹਲ (Leisure) ਸੀ ਕਿ ਉਹ ਆਪਣੇ ਵਿਚਾਰਾਂ/ਗੱਲਾਂ ਦੇ ਜਾਦੂ ਨਾਲ ਪ੍ਰਚਲਿਤ ਸਮਾਜ ਨੂੰ ਬਣਾਏ ਰੱਖਣ, ਮਾਰਕਸ ਦੇ ਵਿਚਾਰ ਅਨੁਸਾਰ ਗੁਲਾਮ ਨੂੰ ਬਣਾਏ ਰੱਖਣ। ਮਾਰਕਸ ਦੇ ਵਿਚਾਰ ਅਨੁਸਾਰ ਗ਼ੁਲਾਮ ਨੂੰ ਕੰਮ ਕਰਦਿਆਂ ਉਹਨਾਂ ਵਿਚ ਚੇਤਨਾ (Consciousness) ਉਹਨਾਂ ਦੇ ਪਦਾਰਥਕ ਹਾਲਤ (Material Condition) ਕਰਕੇ ਸਿਰਜੀ ਜਾ ਰਹੀ ਸੀ। ਪਦਾਰਥਕ ਹਾਲਤ ਵਿਚ ਆਈ ਤਬਦੀਲੀ ਭਾਵ ਪੈਦਾਵਾਰ ਸੰਦ (Tools) ਅਤੇ ਤਾਕਤਾਂ ਵਿਚ ਆਈ ਤਬਦੀਲੀ ਪੈਦਾਵਾਰ ਦੇ ਨਵੇਂ ਰਿਸ਼ਤਿਆਂ ਲਈ ਤਿਆਰ ਸੀ। ਪਦਾਰਥਕ ਹਲਾਤ ਅਤੇ ਚੇਤਨਾ ਨੇ ਗੁਲਾਮਾਂ ਨੂੰ ਜਾਤੀ ਲਈ ਜ਼ਰੀਆ ਬਣਾਇਆ ਜਿਸਦੇ ਨਤੀਜੇ ਵਜੋਂ ਸਮਾਜ ਨਵੇਂ ਪੈਦਾਵਾਰੀ ਰਿਸ਼ਤਿਆਂ ਵਿੱਚ ਬੰਨ੍ਹਿਆ ਗਿਆ। ਇਸ ਸਮਾਜ ਨੂੰ ਜਗੀਰੂ ਸਮਾਜ (Feudal Society) ਕਿਹਾ ਜਾਂਦਾ ਹੈ।

ਜਗੀਰੂ ਸਮਾਜ (Feudal Society) ਵਿਚ ਜਗੀਰਦਾਰ ਸਾਧਨਾਂ ਦੇ ਮਾਲਕ (Owner of Means of Production) ਸਨ ਅਤੇ ਖੇਤਾਂ ਵਿੱਚ ਕੰਮ ਕਰਨ ਵਾਲੇ ਮੁਜ਼ਾਹਰੇ (Serf) ਨੂੰ ਜ਼ਮੀਨ ਦੀ ਪੈਦਾਵਾਰ ਵਿਚੋਂ ਕੁੱਝ ਹਿੱਸਾ ਮਿਲਦਾ ਸੀ। ਗ਼ੁਲਾਮਾਂ ਨਾਲੋਂ ਮੁਜ਼ਾਹਰਿਆਂ ਦੀ ਸਥਿਤੀ ਕੁੱਝ ਕੁ ਚੰਗੀ ਸੀ। 17 ਵੀਂ ਅਤੇ 18 ਵੀਂ ਸਦੀ ਦੀਆਂ ਵਿਗਿਆਨਕ ਖੋਜਾਂ ਨੇ ਪੈਦਾਵਾਰੀ ਤਾਕਤਾਂ ਵਿਚ ਤਬਦੀਲੀ ਕੀਤੀ। ਜਗੀਰੂ ਸਮਾਜ ਅਧੀਨ ਹੱਥੀਂ ਕੰਮ ਕਰਨ ਵਿਚ ਬੇਅੰਤ ਸਮਾਂ ਲੱਗਦਾ ਸੀ। ਨਵੇਂ ਸੰਦਾਂ ਅਤੇ ਖੋਜਾਂ ਨੇ ਪੈਦਾਵਾਰੀ ਰਿਸ਼ਤਿਆਂ ਨੂੰ ਤਹਿਸ-ਨਹਿਸ (Destroyed) ਕਰ ਦਿੱਤਾ। ਜਗੀਰੂ ਸਮਾਜ ਤੋਂ ਪੂੰਜੀਵਾਦ ਵਿਚ ਹੋਈ ਤਬਦੀਲੀ ਵੇਲੇ ਮਾਰਕਸ ਲਈ ਫਰਾਂਸ (France) ਦੀ ਕ੍ਰਾਂਤੀ (Revolution) ਬੇਹਤਰੀਨ ਉਦਾਰਣ ਸੀ। ਪੂੰਜੀਵਾਦ (Capitalism) ਨੇ ਪੁਰਾਣੀਆਂ ਧਾਰਨਾਵਾਂ ਤੋੜ ਕੇ ਭਰਪੂਰਤਾ (Abundance) ਭਰੇ ਭਵਿੱਖ ਦੀ ਆਸ ਦਿਖਾਈ।

ਮਾਰਕਸ ਅਨੁਸਾਰ ਭਵਿੱਖ ਦੇ ਸਮਾਜ

ਮਾਰਕਸ ਨੇ ਇਤਿਹਾਸਕ ਪਦਾਰਥਵਾਦ ਦੇ ਜ਼ਰੀਏ ਸਮਾਜ ਦੇ ਵਿਕਾਸ ਦੀ ਤਸਵੀਰ ਸਾਡੇ ਸਾਹਮਣੇ ਪੇਸ਼ ਕੀਤੀ ਹੈ। ਵਿਕਾਸ ਲਗਾਤਾਰ ਦੋ ਵਿਰੋਧੀ-ਵਰਗਾਂ ਦੇ ਆਪਸੀ ਸੰਘਰਸ਼ ਦੀ ਉਪਜ ਹੈ। ਮਾਰਕਸ ਨੇ ਪੂੰਜੀਵਾਦ ਨੂੰ ਬਹੁਤ ਵਿਸਥਾਰ ਨਾਲ ਸਮਝਾਇਆ। ਮਾਰਕਸ ਨੇ ਇਹ ਖੋਜ ਵਿੱਚ ਕਾਮਯਾਬੀ ਪ੍ਰਾਪਤ ਕੀਤੀ ਕਿ ਸਮਾਜਿਕ ਵਿਕਾਸ ਦੇ ਹਰੇਕ ਪੜਾਅ 'ਤੇ ਸਮਾਜ ਦੇ

ਵਿਰੋਧੀ ਵਰਗਾਂ (Two Contendiny/Opposite Classes) ਵਿਚ ਵੰਡਿਆ ਰਿਹਾ ਹੈ। ਇਕ ਵਰਗ ਜੋ ਪੈਦਾਵਾਰ ਦੇ ਸਾਧਨਾਂ ਦਾ ਮਾਲਕ ਰਿਹਾ ਹੈ ਅਤੇ ਦੂਜਾ ਵਰਗ ਸਾਧਨਾਂ ਤੋਂ ਸੱਖਣਾ ਰਿਹਾ ਹੈ। ਮਾਲਕਾਂ ਨੇ ਹਮੇਸ਼ਾਂ ਦਾਬੇ ਵਾਲੇ ਸਥਿਤੀ ਵਿਚ ਰਹਿੰਦੇ ਹੋਏ ਸਾਧਨਾਂ ਤੋਂ ਸੱਖਣੇ ਵਰਗ ਦਾ ਸੋਸ਼ਣ ਕੀਤਾ ਹੈ। ਮਾਲਕਾਂ ਨੇ ਹਮੇਸ਼ਾਂ ਦਾਬੇ ਵਾਲੀ ਸਥਿਤੀ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ ਉੱਚੇ ਸਾਧਨਾਂ ਤੋਂ ਸੱਖਣੇ ਵਰਗ ਨੇ ਆਪਣੀ ਸਥਿਤੀ ਨੂੰ ਕ੍ਰਾਂਤੀ (Revolution) ਨਾਲ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ। ਦੋਵਾਂ ਵਰਗਾਂ ਦਾ ਇਹ ਸੰਘਰਸ਼ ਸਦਾ ਹੀ ਚਲਦਾ ਰਿਹਾ ਹੈ। ਇਹ ਸੰਘਰਸ਼ ਗੁਲਾਮ ਸਮਾਜ ਭਾਵ ਜਦੋਂ ਤੋਂ ਸਮਾਜ ਦੇ ਵਿਰੋਧੀ ਵਰਗਾਂ ਵਿਚ ਵੰਡਿਆ ਰਿਹਾ ਹੈ ਉਦੋਂ ਤੋਂ ਹੀ ਚੱਲ ਰਿਹਾ ਹੈ।

ਵਰਤਮਾਨ ਵਿਚ ਮਾਰਕਸ ਪੂੰਜੀਵਾਦ ਵਿੱਚ ਇਸ ਵਿਰੋਧ ਨੂੰ ਪੂੰਜੀਪਤੀਆਂ ਅਤੇ ਮਜ਼ਦੂਰਾਂ ਦੇ ਵਿਰੋਧੀ ਰਾਹੀਂ ਸਮਝਾਇਆ ਹੈ। ਮਾਰਕਸ ਅਨੁਸਾਰ ਸਮਾਜ ਵਿਚ ਇਹ ਸੰਘਰਸ਼ ਲਗਾਤਾਰ ਚਲਦਾ ਰਿਹਾ ਹੈ ਅਤੇ ਰਹੇਗਾ ਹੀ ਜਦੋਂ ਤੱਕ ਸਮਾਜ ਦਾ ਵਿਕਾਸ ਪੂੰਜੀਵਾਦ ਤੋਂ ਸਮਾਜਵਾਦ ਅਤੇ ਸਮਾਜਵਾਦ ਤੋਂ ਸਾਮਵਾਦ (Communism) ਵਿਚ ਨਹੀਂ ਹੋ ਜਾਂਦਾ।

ਵਾਧੂ ਮੁੱਲ ਦਾ ਸਿਧਾਂਤ (Principle of Surplus Value)

ਮਾਰਕਸ ਨੇ ਕਿਹਾ ਹੈ ਕਿ ਪੈਦਾਵਾਰ (Production) ਇਕ ਸਮੂਹਕ ਗਤੀਵਿਧੀ ਹੈ। ਕੁੱਝ ਪੈਦਾ ਕਰਨ ਲਈ ਮਨੁੱਖਾਂ ਨੂੰ ਸਾਂਝ ਵਿੱਚ ਕੰਮ ਕਰਨਾ ਪੈਂਦਾ ਹੈ। ਪੂੰਜੀਵਾਦ (Capitalism) ਵਿਚ ਫੈਕਟਰੀਆਂ ਵਿਚ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ। ਵਸਤੂਆਂ ਨੂੰ ਪੈਦਾ ਕਰਨ ਲਈ ਮਜ਼ਦੂਰ (Labourer) ਦੀ ਮਿਹਨਤ ਹੀ ਕਿਸੇ ਵਸਤੂ (Product) ਦੀ ਕੀਮਤ ਜਾਂ ਮੁੱਲ ਤੈਅ ਕਰਦੀ ਹੈ। ਵਸਤੂ (Good or Product) ਨੂੰ ਤਿਆਰ ਕਰਨ ਲਈ ਬੇਸ਼ੱਕ ਚਾਰ ਤੱਤਾਂ ਦੀ ਲੋੜ ਹੁੰਦੀ ਹੈ :-

(i) ਜ਼ਮੀਨ (Land)

(ii) ਪੂੰਜੀ (Capital)

(iii) ਸੰਗਠਨ (Organisation)

(iv) ਕਿਰਤ/ਮਜ਼ਦੂਰੀ (Labour)



ਪੂੰਜੀਵਾਦੀ ਢਾਂਚੇ ਦੁਆਰਾ ਬਰਜੂਆ (ਮਾਲਕਾਂ) ਦੇ ਹੱਥ ਵੱਧਦੇ ਮੁਨਾਫ਼ੇ ਨੂੰ ਦਰਸਾਉਂਦਾ ਚਿੱਤਰ

ਇਹਨਾਂ ਚਾਰ ਤੱਤਾਂ ਵਿਚੋਂ ਕੇਵਲ ਮਜ਼ਦੂਰੀ ਹੀ ਕਿਸੇ ਵਸਤੂ ਵਿਚ ਮੁੱਲ (Value) ਪਾਉਂਦੀ ਹੈ। ਮਜ਼ਦੂਰੀ ਹੀ ਕੱਚੇ ਮਾਲ ਨੂੰ ਤਿਆਰ ਕਰਕੇ ਵਰਤੋਂ ਯੋਗ ਬਨਾਉਂਦਾ ਹੈ। ਉਦਾਹਰਨ ਦੇ ਤੌਰ 'ਤੇ ਕਿਸਾਨ ਨੇ ਕਪਾਹ (Cotton) ਵੇਚੀ ਜੋ ਧਾਗਾ ਫੈਕਟਰੀ ਤੋਂ ਹੁੰਦੀ ਹੋਈ ਕੱਪੜਾ ਬਨਾਉਣ ਵਾਲੀ ਫ਼ੈਕਟਰੀ ਵਿਚ ਗਈ। ਉਸ ਕੱਪੜੇ ਤੋਂ ਵਿਸ਼ੇਸ਼ ਕੰਪਨੀ ਨੇ ਆਪਣਾ ਬਰੈਂਡ ਲਗਾ ਕੇ ਉਹ ਕਮੀਜ਼ ਬਣਾ ਕੇ ਵੇਚੀ। ਕਮੀਜ਼ ਦੀ ਕੀਮਤ ਉਸ ਉੱਤੇ ਖ਼ਰਚ ਤੋਂ ਕਿਤੇ ਵੱਧ ਹੋਵੇਗੀ। ਕਮੀਜ਼ ਵਿਚ ਮੁੱਲ/ਕੀਮਤ ਮਜ਼ਦੂਰੀ ਕਰਕੇ ਹੀ ਸਮੋਇਆ ਹੈ। ਮਾਰਕਸ ਅਨੁਸਾਰ ਪੂੰਜੀਵਾਦੀ ਪੈਦਾਵਾਰੀ ਢੰਗ ਰਾਹੀਂ ਪੂੰਜੀਪਤੀ ਜੋ ਮੁਨਾਫ਼ਾ (Profit) ਕਮਾਉਂਦਾ ਹੈ। ਉਹ

ਅਸਲ ਵਿਚ ਵਾਧੂ ਮੁੱਲ (Surplus Value) ਹੈ। ਵਸਤੂ ਦਾ ਵਾਧੂ ਮੁੱਲ ਪੂੰਜੀਪਤੀ ਮੁਨਾਫ਼ੇ ਦੇ ਨਾਂ ਹੇਠ ਆਪਣੇ ਹਿੱਸੇ ਕਰ ਲੈਂਦਾ ਹੈ। ਮਜ਼ਦੂਰ ਨੂੰ ਪੈਦਾ ਕੀਤੀ ਕੀਮਤ/ਮੁੱਲ ਨਾਲੋਂ ਘੱਟ ਮਜ਼ਦੂਰੀ ਮਿਲਦੀ ਹੈ ਜੋ ਉਸਨੂੰ ਕੰਮ ਕਰਨ ਲਈ ਮਜਬੂਰ ਕਰਦੀ ਹੈ। ਮੁਨਾਫ਼ੇ ਨੂੰ ਪੂੰਜੀਪਤੀ, ਪੂੰਜੀ (Capital) ਕਹਿੰਦਾ ਹੈ। ਮਾਰਕਸ ਅਨੁਸਾਰ ਪੂੰਜੀਪਤੀ ਦੀ ਪੂੰਜੀ ਜਾਂ ਮੁਨਾਫ਼ੇ ਅਤੇ ਮਜ਼ਦੂਰ ਦੇ ਮਿਹਨਤਾਨੇ ਅਤੇ ਤਨਖਾਹ ਵਿਚ ਸਹੀ ਅਨੁਪਾਤ ਹੋਣਾ ਲਾਜ਼ਮੀ ਹੈ। ਪੂੰਜੀਵਾਦ ਵਿੱਚ ਅਜਿਹਾ ਸੰਭਵ ਨਹੀਂ ਇਹ ਕੇਵਲ ਸਮਾਜਵਾਦ ਵਿੱਚ ਹੀ ਸੰਭਵ ਹੋਏਗਾ। ਸਮਾਜਵਾਦ ਵਿਚ ਅਜਿਹਾ ਅਨੁਪਾਤ (Proportion) ਬਣਾਇਆ ਜਾਏਗਾ ਜਿਸ ਵਿਚ ਪੂੰਜੀਪਤੀਆਂ ਨੂੰ ਖ਼ਤਮ ਕਰਕੇ। ਪੈਦਾਵਾਰੀ ਸਾਧਨਾਂ ਨੂੰ ਮਜ਼ਦੂਰਾਂ ਦੇ ਰਾਜ ਅਧੀਨ ਕੀਤਾ ਜਾਏਗਾ।

ਅਲਹਿਦਗੀ/ਇੱਕਲਤਾ (Alienation)

ਵਾਧੂ ਮੁੱਲ (Surplus Value) ਦੀ ਲੁੱਟ ਦੇ ਨਾਲ-ਨਾਲ ਮਜ਼ਦੂਰ ਅਲਹਿਦਗੀ (Alienation) ਹੰਢਾਉਂਦਾ ਹੈ। ਪੂੰਜੀਵਾਦ ਵਿਚ ਮਜ਼ਦੂਰੀ ਕੇਵਲ ਪੈਦਾਵਾਰ ਦੇ ਬਾਕੀ ਤਿੰਨ ਤੱਤਾਂ ਦੀ ਤਰ੍ਹਾਂ ਸਿਰਫ਼ ਇਕ ਤੱਤ ਹੈ ਜੋ ਬਜ਼ਾਰ ਵਿਚੋਂ ਸਮੇਤ ਮੁੱਲ 'ਤੇ ਖਰੀਦੀ ਜਾ ਸਕਦੀ ਹੈ। ਪੂੰਜੀਵਾਦੀ ਵਿਵਸਥਾ ਵਿਚ ਮਜਦੂਰ ਮਨੁੱਖ (Human being) ਨਾ ਹੋ ਕੇ ਕੇਵਲ ਮੁਨਾਫ਼ਾ ਕਮਾਉਣ ਵਾਲੀ ਵਸਤੂ ਹੈ। ਅਣ-ਮਨੁੱਖੀ ਰਵਈਏ ਨੂੰ ਮਾਰਕਸ ਅਲਹਿਦਗੀ (Alienation) ਕਹਿੰਦਾ ਹੈ। ਅਲਹਿਦਗੀ ਪੂੰਜੀਵਾਦ ਦੀ ਖ਼ਾਸ ਵਿਸ਼ੇਸ਼ਤਾ ਹੈ। ਮਾਰਕਸ ਅਨੁਸਾਰ ਇੱਕਲਤਾ ਮਨੁੱਖ ਨੂੰ ਮਨੁੱਖ ਤੋਂ ਅਲੱਗ/ਅਲਹਿਦਾ ਕਰਨ ਦਾ ਸਾਧਨ ਹੈ ਜੋ ਮਜਦੂਰ ਨੂੰ ਮੁਨਾਫ਼ਾ ਕਮਾਉਣ ਦਾ ਯੰਤਰ ਤੱਕ ਸੀਮਤ ਕਰ ਦਿੰਦਾ ਹੈ। ਨਿੱਜੀ ਮਾਲਕੀ (Private Ownership) ਰਾਹੀਂ ਮਜਦੂਰਾਂ ਅਤੇ ਪੂੰਜੀਪਤੀਆਂ ਦੀ ਵੰਡ ਅਲਹਿਦਗੀ ਦੀ ਪ੍ਰਤੱਖ ਉਦਾਹਰਣ ਹੈ ਜੋ ਮਨੁੱਖਾਂ ਨੂੰ ਮਾਲਕਾਂ (Owners) ਅਤੇ ਮਜ਼ਦੂਰਾਂ ਵਿਚ ਵੰਡ (Divide) ਦਿੰਦੀ ਹੈ।

ਨਿੱਜੀ ਸੰਪੱਤੀ ਅਤੇ ਪੂੰਜੀਵਾਦ ਵਿਚ ਰਾਜ ਦੀ ਭੂਮਿਕਾ (Private Property and State)

ਮਾਰਕਸ ਅਨੁਸਾਰ ਅਲਹਿਦਗੀ (Alienation) ਨਿੱਜੀ ਸੰਪੱਤੀ ਤੋਂ ਉਪਜਦੀ ਹੈ। ਪੂੰਜੀਵਾਦ ਵਿਚ ਪੈਦਾਵਾਰ ਦੇ ਸਾਧਨਾਂ 'ਤੇ ਪੂੰਜੀਪਤੀਆਂ ਦਾ ਅਧਿਕਾਰ ਹੁੰਦਾ ਹੈ। ਪੈਦਾਵਾਰੀ ਸਾਧਨ ਸਮਾਜਿਕ ਵਿਕਾਸ ਦੇ ਹਰੇਕ ਪੜਾਅ 'ਤੇ ਮਾਲਕ ਵਰਗ ਭਾਵ ਸਾਧਨਾਂ ਦੇ ਮਾਲਕ ਵਰਗ ਮੁਨਾਫ਼ਾ ਪੈਦਾ ਕਰਦੇ ਹਨ। ਅਜਿਹਾ ਪੈਦਾਵਾਰ ਦੇ ਸਾਧਨਾਂ 'ਤੇ ਨਿੱਜੀ ਮਾਲਕੀ (Private Ownership) ਕਾਰਨ ਹੀ ਸੰਭਵ ਹੁੰਦਾ ਹੈ। ਪੂੰਜੀਪਤੀਆਂ ਕੋਲ ਸੰਪੱਤੀ ਦੇ ਅੰਬਾਰ ਸੋਸ਼ਣ ਕਾਰਨ ਹੀ ਲੱਗੇ ਹਨ। ਨਿੱਜੀ ਸੰਪੱਤੀ ਦਾ ਜਨਮ (Origin) ਸੋਸ਼ਣ ਕਾਰਨ ਹੋਇਆ ਹੈ।

ਰਾਜ (State) ਪੈਦਾਵਾਰ ਸਾਧਨਾਂ ਦੇ ਮਾਲਕਾਂ ਦੁਆਰਾ ਆਪਣੀ ਸੰਪੱਤੀ (Property) ਦੀ ਰਾਖੀ ਲਈ ਹੋਂਦ ਵਿਚ ਲਿਆਂਦਾ ਗਿਆ ਹੈ। ਇਸ ਲਈ ਰਾਜ ਵੀ ਮਾਰਕਸ ਅਨੁਸਾਰ ਸੋਸ਼ਣ ਦਾ ਸਾਧਨ (Instrument of Exploitation) ਹੈ। ਮਨੁੱਖੀ ਸਮਾਜ ਦੇ ਮੁੱਢਲੇ ਪੜਾਅ 'ਤੇ ਰਾਜ ਦੀ ਜ਼ਰੂਰਤ ਨਹੀਂ ਸੀ। ਮੁਨਾਫ਼ੇ ਨੇ ਵਾਧੂ ਪੂੰਜੀ ਜਿਸਨੂੰ ਮਾਰਕਸ ਵਾਧੂ ਮੁੱਲ (Surplus Value) ਕਹਿੰਦਾ ਹੈ, ਸਿਰਜੀ। ਪੂੰਜੀ ਨੇ ਆਪਣੇ ਮਾਲਕਾਂ ਬੇਅੰਤ ਨਿੱਜੀ ਸੰਪੱਤੀ ਦੀ ਪੈਦਾਇਸ਼ ਕੀਤੀ। ਇਸ ਅਧਿਆਇ ਨੇ ਸ਼ੁਰੂ ਵਿਚ ਅਸੀਂ ਪੜ੍ਹਿਆ ਹੈ ਕਿ ਸਾਧਨਾਂ ਦੀ ਨਿੱਜੀ ਮਾਲਕੀ ਨੇ ਦੋ-ਵਿਰੋਧੀ ਵਰਗਾਂ ਦੀ ਸਿਰਜਣਾ ਕੀਤੀ ਹੈ। ਇਸ ਵਰਗ ਜੋ ਸੰਪੱਤੀ/ਸਾਧਨਾਂ ਦੇ ਮਾਲਕ ਹਨ ਅਤੇ ਦੂਜੇ ਜੋ ਜ਼ਿੰਦਗੀ ਜਿਉਣ ਲਈ ਮਜਦੂਰੀ ਕਰਕੇ ਹਨ ਭਾਵ ਸਾਧਨਾਂ ਤੋਂ ਸੱਖਣੇ ਹਨ। ਮਾਰਕਸ ਦਾ ਮੰਨਣਾ ਹੈ ਜਦੋਂ ਤੱਕ ਪੈਦਾਵਾਰ ਦੇ ਸਾਧਨਾਂ 'ਤੇ ਨਿੱਜੀ ਮਾਲਕੀ ਰਹੇਗੀ ਉਦੋਂ ਤੱਕ ਸੋਸ਼ਣ ਹੁੰਦਾ ਰਹੇਗਾ।

ਮਜ਼ਦੂਰਾਂ ਦੀ ਕ੍ਰਾਂਤੀ ਅਤੇ ਸਮਾਜਵਾਦ (Workers' revolution and Socialism)

ਮਾਰਕਸ ਮਜ਼ਦੂਰਾਂ ਦੀ ਕ੍ਰਾਂਤੀ (Revolution of the Workers/Proletariat) ਰਾਹੀਂ ਇਕ ਅਜਿਹਾ ਸਮਾਜਵਾਦੀ (Socialist) ਰਾਜ (State) ਬਨਾਉਣਾ ਚਾਹੁੰਦਾ ਹੈ ਜਿਸ ਵਿਚ ਪੈਦਾਵਾਰ ਦੀ ਮਾਲਕੀ ਵਿਚ ਸਾਂਝ ਪੈਦਾ ਕਰਕੇ ਦੋ ਵਿਰੋਧੀ ਵਰਗਾਂ ਦਾ ਖ਼ਾਤਮਾ ਕੀਤਾ ਜਾਵੇਗਾ। ਮਾਰਕਸਵਾਦ ਅਨੁਸਾਰ ਸਮਾਜਵਾਦ ਨਾ-ਟਲਣਯੋਗ ਸੱਚਾਈ ਹੈ। ਇਹ ਦੱਸਣਾ ਜ਼ਰੂਰੀ ਨਹੀਂ ਹੈ ਕਿ ਸਮਾਜਵਾਦ (Socialism) ਦੀ ਲੋੜ (Need) ਕਿਉਂ ਹੈ। ਮਨੁੱਖਤਾ ਦੇ ਵਿਕਾਸ ਦਾ ਪੂੰਜੀਵਾਦ ਤੋਂ ਬਾਅਦ ਅਗਲਾ ਪੜਾਅ ਸਮਾਜਵਾਦ ਹੈ ; ਪੂੰਜੀਵਾਦ ਆਪਣੀਆਂ ਅੰਦਰੂਨੀ ਵਿਰੋਧਤਾਈਆਂ (Internal Contradictions) ਅਤੇ ਮਜ਼ਦੂਰਾਂ ਵਿਚ ਪੈਦਾ ਹੋਈ ਵਰਗ ਚੇਤਨਾ (Class Consciousness) ਨੇ ਪੂੰਜੀਵਾਦ ਦਾ ਅੰਤ/ਨਾਸ ਕਰ ਦੇਣਾ ਹੈ। ਮਜ਼ਦੂਰ ਜਿਹਨਾਂ ਨੂੰ ਮਾਰਕਸ ਪ੍ਰੋਲੇਤਾਰੀ (Preletariat) ਵੀ ਕਹਿੰਦਾ ਹੈ ਉਹ ਕ੍ਰਾਂਤੀ ਰਾਹੀਂ ਆਪਣੀ ਸਰਗਰਮ ਭੂਮਿਕਾ ਨਿਭਾਉਣਗੇ। ਸਮਾਜਵਾਦ (Socialism) ਨੈਤਿਕ ਅਧਾਰ 'ਤੇ ਨਹੀਂ ਸਗੋਂ ਪੂੰਜੀਵਾਦ ਦੀਆਂ ਆਰਥਿਕ ਵਿਰੋਧਾਂ ਕਾਰਨ ਹੋਂਦ ਵਿਚ ਆਵੇਗਾ। ਮਾਰਕਸ ਅਤੇ ਏਂਜਲਸ ਦਾ ਮੰਨਣਾ ਹੈ ਕਿ ਪੈਦਾਵਾਰ ਦੇ ਢੰਗ ਸਮਾਜ ਦਾ ਅਧਾਰ (Base) ਹਨ। ਪੈਦਾਵਾਰ ਦੇ ਢੰਗ ਹੀ ਬਾਕੀ ਸਾਰੀਆਂ

ਸਮਾਜਿਕ, ਰਾਜਨੀਤਕ ਸੰਸਥਾਵਾਂ (Institutions) ਨੂੰ ਆਪਣੇ ਅਨੁਸਾਰ ਚਲਾਉਂਦੇ ਹਨ ਜਾਂ ਪੈਦਾਵਾਰੀ ਰਿਸ਼ਤਿਆਂ ਅਨੁਸਾਰ ਹੀ ਇਹ ਸੰਸਥਾਵਾਂ ਆਪਣੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਸ਼ਬਦ ਜਾਲ (Propganda) ਨਾਲ ਵੱਖ-ਵੱਖ ਆਰਥਿਕ ਵਿਵਸਥਾਵਾਂ ਨੂੰ ਜਾਇਜ਼ ਠਹਿਰਾਉਂਦੀਆਂ ਹਨ।

ਇਸ ਲਈ ਨੈਤਿਕਤਾ ਦੇ ਅਧਾਰ 'ਤੇ ਪੂੰਜੀਵਾਦੀਆਂ ਦੇ ਮਨਾਂ ਨੂੰ ਨਹੀਂ ਬਦਲਿਆ ਜਾ ਸਕਦਾ ਸਗੋਂ ਇਹ ਕੇਵਲ ਮਜ਼ਦੂਰਾਂ ਦੀ ਕ੍ਰਾਂਤੀ ਨਾਲ ਹੀ ਸੰਭਵ ਹੋਵੇਗਾ ਕਿ ਸਮਾਜ ਆਪਣੇ ਵਿਕਾਸ ਦੇ ਪੜਾਅ ਨੂੰ ਸਮਾਜਵਾਦ ਵਿਚ ਬਦਲਿਆ ਜਾ ਸਕੇ। ਸਮਾਜਵਾਦ ਵਿਚ ਪੂੰਜੀਪਤੀਆਂ ਦੀ ਸੰਪੱਤੀ ਜੋ ਮਜ਼ਦੂਰਾਂ, ਮੁਜ਼ਾਹਰਿਆਂ ਅਤੇ ਗੁਲਾਮਾਂ ਨੇ ਹੀ ਪੈਦਾ ਕੀਤੀ ਸੀ। ਮਜ਼ਦੂਰ ਕ੍ਰਾਂਤੀ ਰਾਹੀਂ ਸਾਂਝੀ ਸੰਪੱਤੀ (Common Property) ਵਿਚ ਤਬਦੀਲ ਕਰਨ ਲਈ ਇਕ ਮਜ਼ਬੂਤ ਰਾਜ ਦੀ ਸਥਾਪਨਾ ਕਰਨਗੇ। ਸਮਾਜਵਾਦੀ ਰਾਜ (Socialist State) ਸਾਰਿਆਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰੇਗਾ। ਮਨੁੱਖ ਵਿੱਚ ਮੁਕਾਬਲੇ ਦੀ ਥਾਂ 'ਤੇ ਸਾਂਝ ਪੈਦਾ ਕਰਨਾ ਹੀ ਇਸਦਾ ਮਕਸਦ ਹੋਵੇਗਾ। ਸਮਾਜਵਾਦੀ ਪੜਾਅ ਨੂੰ ਮਜਦੂਰਾਂ ਦੀ ਤਾਨਾਸ਼ਾਹੀ (Dictatorship of Praletariat) ਵੀ ਕਿਹਾ ਜਾਂਦਾ ਹੈ। ਪੈਦਾਵਾਰ ਦੇ ਸਾਧਨ ਨੂੰ ਪੂੰਜੀਪਤੀਆਂ ਤੋਂ ਅਜ਼ਾਦ ਕਰਕੇ ਬਚੇ-ਖੁਚੇ ਪੂੰਜੀਵਾਦੀ ਢਾਂਚੇ ਨੂੰ ਸਮਾਜ ਦੀ ਮਾਲਕੀ ਵਿਚ ਬਦਲਿਆ ਜਾਵੇਗਾ। ਸਮਾਜਵਾਦੀ ਰਾਜ ਵਿਚ ਸਾਰਿਆਂ ਨੂੰ ਪੈਦਾਵਾਰੀ ਯੋਗਤਾ ਅਨੁਸਾਰ ਮਿਹਨਤ ਦਾ ਮੁੱਲ ਮਿਲੇਗਾ। ਪੂੰਜੀਵਾਦੀ ਰਾਜ ਦੇ ਉਲਟ ਰਾਜ ਨਿੱਜੀ ਸੰਪੱਤੀ ਦੀ ਰਾਖੀ ਲਈ ਨਹੀਂ ਸਗੋਂ ਸਾਰਿਆਂ ਦੇ ਭਲੇ ਲਈ ਕਾਰਜ ਕਰੇਗਾ। ਮੁੱਢ-ਕਦੀਮੀ ਸਮਾਜ ਤੋਂ ਬਾਅਦ ਪਹਿਲੀ ਵਾਰ ਵਿਰੋਧੀ ਵਰਗਾਂ ਦੀ ਅਣਹੋਂਦ ਲਈ ਰਾਹ ਪੱਧਰਾ ਕਰਨ ਦਾ ਕੰਮ ਮਜ਼ਦੂਰ ਕਰਨਗੇ।

ਸਾਮਵਾਦ (Communism)

ਮਾਰਕਸ ਦੇ ਅਨੁਸਾਰ ਸਮਾਜਵਾਦ (Socialist) ਸਮਾਜਿਕ ਵਿਕਾਸ ਦਾ ਜ਼ਰੂਰੀ ਪੜਾਅ ਜ਼ਰੂਰ ਹੈ ਪਰੰਤੂ ਹੈ ਥੁੜ੍ਹ-ਚਿਰਾ ਪੜਾਅ। ਸਾਮਵਾਦ ਮਨੁੱਖਤਾ ਦੇ ਵਿਕਾਸ ਦਾ ਆਖ਼ਰੀ ਪੜਾਅ ਹੈ। ਸਮਾਜਵਾਦੀ ਰਾਜ ਨੇ ਸਾਰੀਆਂ ਵਰਗੀ ਵਿਰੋਧਤਾਵਾਂ (Class Contradictions) ਦਾ ਨਾਸ ਕਰ ਦੇਣਾ ਹੈ। ਵਰਗਾਂ ਦੀ ਅਣਹੋਂਦ ਅਤੇ ਨਿੱਜੀ ਸੰਪੱਤੀ ਦੀ ਸਾਂਝੀ ਸੰਪੱਤੀ ਵਿਚ ਤਬਦੀਲ ਕਰਨ ਕਰਕੇ ਰਾਜ ਦੀ ਲੋੜ ਹੀ ਨਹੀਂ ਰਹੇਗੀ। ਰਾਜ, ਮਾਰਕਸ ਅਨੁਸਾਰ ਸੋਸ਼ਣ (explaitation) ਅਤੇ ਨਿੱਜੀ ਸੰਪੱਤੀ ਦੀ ਰਾਖੀ ਲਈ ਬਣਾਇਆ ਗਿਆ ਹੈ। ਨਿੱਜੀ ਸੰਪੱਤੀ ਦੀ ਅਣਹੋਂਦ ਕਰਕੇ ਰਾਜ ਹੌਲੀ-ਹੌਲੀ ਲੋਪ (wither away) ਹੋ ਜਾਏਗਾ। ਰਾਜ ਦੇ ਲੋਪ ਹੋਣ ਨਾਲ ਅਤੇ ਵਰਗਾਂ ਦੀ ਅਣਹੋਂਦ ਨਾਲ ਸਮਾਜਿਕ ਵਿਕਾਸ ਦਾ ਸਾਮਵਾਦੀ (communist) ਪੜਾਅ ਆਏਗਾ। ਸਾਮਵਾਦ ਵਿਚ ਕੋਈ ਰਾਜ ਨਹੀਂ ਹੋਏਗਾ। ਮਨੁੱਖ ਆਪਣੀ ਸਾਂਝ ਨਾਲ ਵਸਤੂਆਂ ਦੀ ਪੈਦਾਵਾਰ ਕਰਨਗੇ ਅਤੇ ਲੋੜਾਂ ਤੋਂ ਪਰ੍ਹੇ ਦੀ ਜ਼ਿੰਦਗੀ ਜਿਊਣਗੇ।

ਮਾਰਕਸ ਨੇ ਇਤਿਹਾਸਕ ਪਦਾਰਥਵਾਦ (Historical Materailism) ਰਾਹੀ ਇਹ ਦਰਸਾਇਆ ਸੀ ਕਿ ਸਮਾਜਵਾਦ ਸਭ ਤੋਂ ਪਹਿਲਾਂ ਯੂਰਪ ਵਿਚ ਖ਼ਾਸਕਰ ਇੰਗਲੈਂਡ (England) ਵਿੱਚ ਆਪਣੇ ਪੈਰ ਪਸਾਰੇਗਾ। ਅਸਲ ਵਿਚ ਅਜਿਹਾ ਯੂਰਪ (Europe) ਵਿਚ ਨਹੀ ਵਾਪਰਿਆ। ਮਾਰਕਸ ਦੀ ਭਵਿੱਖਵਾਣੀ ਜੋ ਵਿਗਿਆਨਕ ਸੋਚ ਦੀ ਪ੍ਰਤੀਨਿਧਤਾ ਕਰਦੀ ਸੀ ਫ਼ੇਲ੍ਹ ਹੋ ਗਈ। ਮਾਰਕਸ ਦੀ ਭਵਿੱਖਵਾਣੀ ਫ਼ੇਲ੍ਹ ਹੋਣ ਨੂੰ ਵਿਰੋਧੀਆਂ ਅਤੇ ਸਮਰਥਕਾਂ ਨੇ ਅਲੱਗ-ਅਲੱਗ ਤਰੀਕੇ ਨਾਲ ਪੇਸ਼ ਕੀਤਾ।

ਇਟਲੀ (Italy) ਦੇ ਸੰਸਾਰ ਪ੍ਰਸਿੱਧ ਮਾਰਕਸਵਾਦੀ ਵਿਚਕਾਰ ਐਨਟੋਨੀਓ ਗਰਾਮਸੀ (Antonio Gramsci) ਦੀ ਪੂੰਜੀਵਾਦ (Captialism) ਬਾਰੇ ਸਮਝ ਅਤੇ ਵਿਸ਼ਲੇਸ਼ਣ (Analysis) ਨੇ ਮਾਰਕਸ ਦੀ ਭਵਿੱਖਵਾਣੀ ਦੇ ਯੂਰਪ ਵਿਚ ਫ਼ੇਲ੍ਹ ਹੋਣ ਨੂੰ ਆਪਣੀਆਂ ਦੋ ਧਾਰਨਾਵਾਂ ਨਾਲ ਸਮਝਿਆ। ਗਰਾਮਸੀ (GramSci) ਕਹਿੰਦਾ ਹੈ ਕਿ ਪਦਾਰਥਕ ਹਾਲਾਤ (Material Conditions) ਦੇ ਨਾਲ-ਨਾਲ ਇੱਛਾ ਸ਼ਕਤੀ ਵੀ ਸਮਾਜਿਕ ਤਬਦੀਲੀ ਲਈ ਅਹਿਮ ਹੈ। ਲੈਨਿਨ (Lenin) ਦੁਆਰਾ ਰੂਸ ਵਿਚ ਕ੍ਰਾਂਤੀ ਕੀਤੀ ਗਈ ਜੋ ਖੇਤੀਬਾੜੀ ਪ੍ਰਧਾਨ ਦੇਸ਼ ਸੀ। ਰੂਸ ਬਾਅਦ ਵਿਚ ਪੰਦਰਾਂ (15) ਗਣਰਾਜ ਮਿਲਕੇ ਸੋਵੀਅਤ ਸੰਘ ਸੰਸਾਰ ਦਾ ਪਹਿਲਾ ਮਾਰਕਸੀ (Marxist) ਵਿਚਾਰਾਂ 'ਤੇ ਅਧਾਰਤ ਰਾਜ (State) ਸੀ। ਮਾਰਕਸ ਦਾ ਮੰਨਣਾ ਸੀ ਕਿ ਕ੍ਰਾਂਤੀ ਸਭ ਤੋਂ ਪਹਿਲਾਂ ਯੂਰਪ ਉਦਯੋਗਿਕ ਤੌਰ 'ਤੇ ਵਿਕਸਿਤ ਮੁਲਕਾਂ ਵਿਚ ਆਏਗੀ, ਪਰੰਤੂ ਸਾਮਵਾਦੀ ਪਾਰਟੀ (Communist Party) ਅਤੇ ਲੈਨਿਨ (Lenin) ਦੀ ਸੂਝਬੂਝ ਨੇ ਇੱਛਾ ਸ਼ਕਤੀ (Will Power) ਨੇ ਖੇਤੀਬਾੜੀ ਵਾਲੇ ਦੇਸ਼ ਵਿਚ ਸਮਾਜਵਾਦੀ ਕ੍ਰਾਂਤੀ ਕਰ ਦਿਖਾਈ।

ਬੌਧਿਕ ਦਾਬੇ (Hegemony) ਦੀ ਵਿਆਖਿਆ ਕਰਦਿਆਂ ਗਰਾਮਸੀ (Gramsci) ਯੂਰਪ ਵਿਚ ਕ੍ਰਾਂਤੀ ਨਾ ਹੋਣ ਲਈ ਢਾਂਚੇ (Super Structure) ਦੁਆਰਾ ਸਮਾਜ ਵਿਚ ਆਪਣੇ ਦਾਬੇ ਸੋਚ ਨੂੰ ਮੰਨਦੇ ਹਨ। ਅਸੀਂ ਪਹਿਲਾਂ ਪੜ੍ਹਿਆ ਹੈ ਕਿ ਸਮਾਜ ਦਾ ਅਧਾਰ/ਨੀਹਾਂ (Base) ਪੈਦਾਵਾਰ ਦੇ ਢੰਗ ਹਨ ਅਤੇ ਪੈਦਾਵਾਰ ਢੰਗ ਵਿੱਚੋਂ ਪੈਦਾ ਹੋਏ ਰਿਸ਼ਤਿਆਂ ਤੇ ਤਾਕਤਾਂ ਰਾਹੀਂ ਹੀ ਸਮਾਜ ਦਾ ਪ੍ਰਬੰਧ ਵਿੱਚ ਆਉਂਦਾ ਹੈ। ਢਾਂਚੇ (Super Structure) ਪੈਦਾਵਾਰ ਦੇ ਢੰਗ 'ਤੇ ਨਿਰਭਰ ਹੈ। ਗਰਾਮਸੀ ਅਨੁਸਾਰ ਢਾਂਚੇ ਨੇ

ਆਪਣੇ ਸੁਤੰਤਰ ਹੋਂਦ ਬਣਾ ਲਈ ਹੈ। ਜੋ ਸ਼ਬਦ ਜਾਲ਼ (Propganda) ਰਾਹੀਂ ਪੂੰਜੀਵਾਦ ਨੂੰ ਸਥਿਰ ਰੱਖ ਰਿਹਾ ਹੈ। ਮਾਰਕਸ ਨੇ ਪੈਦਾਵਾਰ ਦੇ ਢੰਗ ਨੂੰ ਜ਼ਿਆਦਾ ਮਹੱਤਵ ਦਿੱਤਾ ਪਰੰਤੂ ਢਾਂਚਿਆਂ (Super Structure) ਬਾਰੇ ਬਹੁਤ ਸੰਖੇਪ ਵਿੱਚ ਲਿਖਿਆ। ਉਦਾਹਰਣ ਦੇ ਤੌਰ 'ਤੇ ਮਾਰਕਸ ਨੇ ਕਿਹਾ ਕਿ ਧਰਮ ਅਫ਼ੀਮ ਹੈ (Religion is Opium)। ਇਹ ਵਾਕਅੰਸ਼ (Phrase) ਦੀ ਵਿਆਖਿਆ ਰਾਹੀਂ ਬਾਅਦ ਵਾਲੇ ਮਾਰਕਸਵਾਦੀਆਂ ਨੇ ਕਿਹਾ ਕਿ ਰੱਬ ਦਾ ਸੰਕਲਪ ਮਨੁੱਖਾਂ ਨੂੰ ਕ੍ਰਾਂਤੀ ਕਰਨ ਤੋਂ ਰੋਕਦਾ ਅਤੇ ਉਹਨਾਂ ਨੇ ਬੁਰੇ ਆਰਥਿਕ ਹਲਾਤ ਕਰਮਾਂ ਦਾ ਫ਼ਲ ਹਨ। ਗਰਾਮਸੀ (Gram Sci) ਨੇ ਧਰਮ (Religion) ਰਾਜਨੀਤੀ (Politics) ਅਤੇ ਸਮਾਜਿਕ ਸੰਸਥਾਵਾਂ (Institutions) ਨੇ ਬੌਧਿਕ ਦਾਬੇ (Hegemany) ਰਾਹੀਂ ਪੂੰਜੀਵਾਦ ਨੂੰ ਜਾਇਜ਼ ਠਹਿਰਾ ਕ੍ਰਾਂਤੀ ਦੇ ਰਾਹ ਵਿਚ ਰੁਕਾਵਟ ਹਨ।

ਇਤਿਹਾਸ ਮਨੁੱਖੀ ਅਭਿਆਸ (Praxis) ਰਾਹੀਂ ਸਪਸ਼ਟ ਹੁੰਦਾ ਹੈ ਸੋ ਇੱਛਾ ਸ਼ਕਤੀ ਵੀ ਇਸ ਵਿਚ ਸ਼ਾਮਲ ਹੈ। ਇੱਛਾ ਸ਼ਕਤੀ ਨਾਲ ਹੀ ਸਭ ਕੁਝ ਨਹੀਂ ਬਦਲਿਆ ਜਾ ਸਕਦਾ ਸਗੋਂ ਪਦਾਰਥਕ ਹਲਾਤ 'ਤੇ ਇਨ੍ਹਾਂ ਸ਼ਕਤੀ ਦੀ ਸਾਂਝ ਨਾਲ ਹੀ ਸਮਾਜਿਕ ਤਬਦੀਲੀ (Social Change) ਸੰਭਵ ਹੈ। ਪਾਦਰਥਕ ਹਲਾਤ ਆਪਣੇ ਆਪ ਹੀ ਵਿਕਾਸ ਵੱਲ ਨਹੀਂ ਵਧਣਗੇ ਸਗੋਂ ਮਜ਼ਦੂਰਾਂ ਦੀ ਇੱਛਾ ਸ਼ਕਤੀ ਵੀ ਬਰਾਬਰ ਦਾ ਸਥਾਨ ਰੱਖਦੀ ਹੈ।

ਗਰਾਮਸੀ ਅਨੁਸਾਰ ਨਾਗਰਿਕ ਸਮਾਜ (Civil Society) ਵਿਚ ਰਾਜਨੀਤਕ ਦਲ ਅਤੇ ਵਪਾਰਕ ਸੰਘ ਪੂੰਜੀਵਾਦੀ ਰਾਜ (Capitalist State) ਤੋਂ ਰਿਆਇਤਾਂ ਪ੍ਰਾਪਤ ਕਰਦੇ ਹਨ। ਨਾਗਰਿਕ ਸਮਾਜ ਪੂੰਜੀਵਾਦੀ ਬੌਧਿਕ ਦਾਬੇ ਨੂੰ ਵਿਚਾਰਾਂ ਅਤੇ ਵਿਸ਼ਵਾਸਾਂ ਰਾਹੀਂ ਘੜ੍ਹਦਾ ਹੈ। ਫਿਰ ਮੀਡੀਆ, ਧਾਰਮਿਕ ਸੰਸਥਾਵਾਂ, ਯੂਨੀਵਰਸਿਟੀਆਂ ਰਾਹੀਂ ਰਾਜ ਕਰਨ ਦੀ ਸਹਿਮਤੀ (Consent) ਅਤੇ ਜ਼ਾਇਜਤਾ (Legitimacy) ਪ੍ਰਾਪਤ ਕਰਦੀ ਹੈ।

ਸੋਵੀਅਤ ਸੰਘ ਦੀ ਤਰਾਂ ਚੀਨ ਵੀ ਖੇਤੀ ਪ੍ਰਧਾਨ ਦੇਸ਼ ਸੀ। ਮਾਓ (Mao) ਚੀਨ (China) ਦਾ ਸਾਮਵਾਦੀ (Communist) ਆਗੂ ਸੀ ਜਿਸ ਦੀ ਅਗਵਾਈ ਵਿੱਚ ਚੀਨ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਨੇ ਕ੍ਰਾਂਤੀ ਕੀਤੀ। ਲੈਨਿਨ ਨੇ ਸਾਮਵਾਦੀ ਪਾਰਟੀ ਨੂੰ ਪ੍ਰਮੁੱਖਤਾ ਦਿੱਤੀ ਸੀ। ਮਾਓ ਨੇ ਲਗਾਤਾਰ ਕ੍ਰਾਂਤੀ (Permanent Countinue Revolution) ਦੀ ਧਾਰਨਾ ਦਿੱਤੀ ਅਤੇ ਕਿਹਾ ਕਿ ਕ੍ਰਾਂਤੀ ਕੋਈ ਆਖ਼ਰੀ ਹੱਲ ਨਹੀਂ ਸਗੋਂ ਇਹ ਦਿਸ਼ਾ ਵੱਲ ਚੁੱਕਿਆ ਇਕ ਕਦਮ ਹੈ (Revolution is not final Solution : It is only a step in the right direction)। ਮਾਓ ਅਨੁਸਾਰ ਸਾਮਵਾਦੀ ਪਾਰਟੀ ਸਦਾ ਲਈ ਪ੍ਰੋਲੋਤਾਰੀ ਦੀ ਮੋਹਰੀ ਭੂਮਿਕਾ ਦੇ ਰੂਪ ਵਿਚ ਸਦਾ ਕੰਮ ਕਰਦੀ ਰਹੇਗੀ। ਮਾਰਕਸ ਦਾ ਮੰਨਣਾ ਸੀ 'ਮਜ਼ਦੂਰਾਂ ਦੀ ਤਾਨਾਸ਼ਾਹੀ' ਥੁੜ੍ਹ-ਚਿਰੀ ਪੜਾਅ ਹੈ- ਫਿਰ ਰਾਜ ਲੋਪ ਹੋ ਜਾਏਗਾ। ਮਾਓ ਜਦੋਂ ਮਜ਼ਦੂਰ/ਪ੍ਰੋਲੋਤਾਰੀ ਸੱਤਾ (Authority) ਪ੍ਰਾਪਤ ਕਰ ਲੈਣਗੇ ਤਾਂ ਵੀ ਸੰਘਰਸ਼/ਵਿਰੋਧ ਜਾਰੀ ਰਹੇਗਾ ਪਰੰਤੂ ਇਸਦਾ ਰੂਪ ਬਦਲਦਾ ਰਹੇਗਾ।

ਕਾਰਲ ਮਾਰਕਸ ਅਤੇ ਹੋਰ ਮਾਰਕਸਵਾਦੀ ਦੀ ਵਿਚਾਰਕਾਂ ਨੇ ਪੂੰਜੀਵਾਦ (Capitalism) ਨੂੰ ਸਮਝਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ। ਆਪਣੀਆਂ ਲਿਖਤਾਂ ਰਾਹੀਂ ਪੂੰਜੀਵਾਦ ਤੋਂ ਸਮਾਜਵਾਦ ਅਤੇ ਸਮਾਜਵਾਦ ਤੋਂ ਸਾਮਵਾਦ ਤੱਕ ਦੇ ਭਵਿੱਖੀ ਸਮਾਜ ਦੇ ਵਿਕਾਸ ਨੂੰ ਦਰਸਾਇਆ ਹੈ। ਸੋਵੀਅਤ ਸੰਘ (USSR), ਕਿਊਬਾ (Cuba) ਚੀਨ (China) ਅਤੇ ਉਤਰੀ ਕੋਰੀਆ (North Korea) ਆਦਿ ਦੇਸ਼ਾਂ ਵਿਚ ਸਮਾਜਵਾਦੀ ਰਾਜ ਕਾਇਮ/ਸਥਾਪਿਤ ਵੀ ਕੀਤੇ ਗਏ।

ਕੋਈ ਵੀ ਦੇਸ਼ ਸਮਾਜਵਾਦ ਤੋਂ ਸਾਮਵਾਦ (Socialism to Commonism) ਤੱਕ ਵਿਕਾਸ ਨਹੀਂ ਕਰ ਸਕਿਆ। ਫਿਰ ਵੀ ਕਾਰਲ ਮਾਰਕਸ ਦਾ ਨਜ਼ਰੀਆ ਵਿਸ਼ਵ ਵਿਲੱਖਣ ਸਥਾਨ ਰੱਖਦਾ ਹੈ। ਚੰਗਾ ਸਮਾਜ (Good Society) ਲਈ ਰਾਨੀਤਕ ਅਤੇ ਸਮਾਜਿਕ ਅਗਵਾਈ ਲਈ ਸਿਧਾਂਤ ਅਤੇ ਵਿਚਾਰ ਅਹਿਮ ਹੁੰਦੇ ਹਨ। ਮਾਰਕਸਵਾਦ ਵੀ ਅਜਿਹਾ ਇਕ ਵਿਚਾਰ ਹੈ ਜੋ ਲੋਕਾਂ ਅਤੇ ਨੇਤਾਵਾਂ ਨੂੰ ਭਵਿੱਖ ਦੇ ਸਮਾਜ ਲਈ ਪ੍ਰੇਰਿਤ ਕਰਦਾ ਰਹੇਗਾ।

ਅਭਿਆਸ

I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ. ਕਾਰਲ ਮਾਰਕਸ ਦੇ ਜ਼ਿੰਦਗੀ ਵਿੱਚ ਹੀਗਲ (Hegel) ਦੇ ਕਿਹੜੇ ਸਿਧਾਂਤ ਦਾ ਯੋਗਦਾਨ ਸੀ ?

ਅ. ਕਾਰਲ ਮਾਰਕਸ ਦੇ ਲੇਖਕ ਦੋਸਤ ਦਾ ਕੀ ਨਾਂ ਸੀ ?

ੲ. ਕਾਰਲ ਮਾਰਕਸ 'ਪਦਾਰਥ' (Matter) ਨੂੰ ਕੀ ਸਮਝਦਾ ਹੈ ?

ਸ. ਕਾਰਲ ਮਾਰਕਸ ਦੀਆਂ ਕੋਈ ਦੋ ਲਿਖਤਾਂ ਦੇ ਨਾਂ ਲਿਖੋ।

ਹ. ਕਾਰਲ ਮਾਰਕਸ ਦੇ ਕੋਈ ਦੋ ਸਿਧਾਂਤਾਂ ਦਾ ਨਾਂ ਲਿਖੋ।

II. ਪ੍ਰਸ਼ਨਾਂ ਦੇ ਉੱਤਰ 5-8 ਸਤਰਾਂ ਵਿੱਚ ਦਿਓ—

ੳ. ਸਮਾਜਵਾਦੀ ਰਾਜ ਤੋਂ ਕੀ ਭਾਵ ਹੈ ?

ਅ. ਸਮਾਜਵਾਦ ਅਤੇ ਸਾਮਵਾਦ (Socialism and Communism0 ਦਰਮਿਆਨ ਅੰਤਰ ਸੱਪਸ਼ਟ ਕਰੋ।

ੲ. ਕਾਰਲ ਮਾਰਕਸ ਅਨੁਸਾਰ 'ਕ੍ਰਾਂਤੀ' (Revolution) ਕਿਉਂ ਆਖਰੀ ਹਥਿਆਰ ਹੈ ?

ਸ. ਕਾਰਲ ਮਾਰਕਸ ਨੇ "ਮੁਨਾਫ਼ੇ" ਨੂੰ "ਵਾਧੂ ਮੁੱਲ ਦਾ ਸਿਧਾਂਤ" ਵਜੋਂ ਕਿਵੇਂ ਪੇਸ਼ ਕੀਤਾ ਹੈ ?

ਹ. ਅਲਹਿਦਗੀ (Alienation) ਦਾ ਅਰਥ ਲਿਖੋ।

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ—

ੳ. ਕਾਰਲ ਮਾਰਕਸ ਨੇ ਪੂੰਜੀਵਾਦ ਰਾਜ (Capitalist state) ਦੇ ਸਰੂਪ ਨੂੰ ਕਿਵੇਂ ਪ੍ਰਗਟ ਕੀਤਾ ਹੈ ?

ਅ. ਇਤਿਹਾਸਕ ਪਦਾਰਥਵਾਦ ਦੀ ਵਿਸਥਾਰ ਸਹਿਤ ਵਿਆਖਿਆ ਕਰੋ।

ਏ. ਕਾਰਲ ਮਾਰਕਸ ਨੇ ਪੂੰਜੀਵਾਦੀ ਰਾਜ ਨੂੰ ਨਿੱਜੀ ਸੰਪੱਤੀ ਦੇ ਇਰਧ-ਗਿਰਧ ਕਿਵੇਂ ਲੜੀਬੱਧ ਕੀਤਾ ਹੈ।

ਸ. ਮਾਰਕਸਵਾਦ ਵਿੱਚ ਐਨਟੋਨੀਓ ਗਾਰਾਮਸੀ (Antonio Garamsi) ਦੇ ਯੋਗਦਾਨ ਦੀ ਵਿਆਖਿਆ ਕਰੋ।

ਹ. ਕਾਰਲ ਮਾਰਕਸ ਦੇ ਵੱਖ-ਵੱਖ ਸਿਧਾਤਾਂ ਦੀ ਵਿਆਖਿਆ ਕਰਦੇ ਹੋਏ ਇਹਨਾਂ ਸਮਝਾਉਣ ਦਾ ਯਤਨ ਕਰੋ।

12

ਮਹਾਤਮਾ ਗਾਂਧੀ ਦੇ ਸਮਾਜਿਕ-ਰਾਜਨੀਤਕ ਵਿਚਾਰ

[Socio-Political Ideas of Mahatma Gandhi]

ਉਦਾਰਵਾਦ ਅਤੇ ਮਾਰਕਸਵਾਦ ਅਧਿਆਇ ਵਿਚ ਅਸੀਂ ਸੰਸਾਰ ਦੀ ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਬੰਧ ਦੇ ਦੋ ਨਜ਼ਰੀਏ ਸਮਝਣ ਦਾ ਯਤਨ ਕੀਤਾ। ਇਸ ਅਧਿਆਇ ਵਿਚ (ਅਸੀ) ਮੋਹਨਦਾਸ ਕਰਚਮੰਦ ਗਾਂਧੀ ਦੇ ਰਾਜਨੀਤਕ ਅਤੇ ਸਮਾਜਿਕ ਵਿਚਾਰਾਂ ਨੂੰ ਸਮਝਾਂਗੇ। ਮੋਹਨਦਾਸ ਕਰਮਚੰਦ ਗਾਂਧੀ ਨੂੰ 'ਮਹਾਤਮਾ' ਦੀ ਉਪਾਧੀ ਰਬਿੰਦਰ ਨਾਥ ਟੈਗੋਰ ਨੇ ਦਿੱਤੀ ਸੀ। ਇਸ ਲਈ ਉਹ 'ਮਹਾਤਮਾ' (Mahatma) ਗਾਂਧੀ ਦੇ ਨਾਮ ਨਾਲ ਸੰਸਾਰ ਵਿਚ ਪ੍ਰਸਿੱਧ ਹੋਏ। ਮੋਹਨਦਾਸ ਕਰਮਚੰਦ ਗਾਂਧੀ ਦਾ ਜਨਮ 2 ਅਕਤੂਬਰ ਸੰਨ 1869 ਨੂੰ ਗੁਜਰਾਤ ਦੇ ਸ਼ਹਿਰ ਪੋਰਬੰਦਰ ਵਿਚ ਹੋਇਆ। ਮਹਾਤਮਾ ਗਾਂਧੀ ਪੇਸ਼ੇ (Profession) ਤੋਂ ਵਕੀਲ ਸਨ। ਵਕੀਲ (Barrister) ਬਨਣ ਦੀ ਟ੍ਰੇਨਿੰਗ ਉਹਨਾਂ ਇਨਰ ਟੈਂਪਲ (Inner Temple) ਲੰਡਨ ਤੋਂ ਪ੍ਰਾਪਤ ਕੀਤੀ। ਭਾਰਤ ਵਿੱਚ ਵਕੀਲ ਦੇ ਤੌਰ 'ਤੇ ਉਹ ਸਥਾਪਤ ਨਹੀਂ ਹੋ ਸਕੇ। ਸੰਨ 1893 ਵਿਚ ਗਾਂਧੀ ਜੀ ਦੱਖਣੀ ਅਫ਼ਰੀਕਾ (South Africa) ਭਾਰਤੀ ਵਪਾਰੀ (Merchent) ਦੇ ਕੇਸ ਦੀ ਪੈਰਵੀ ਕਰਨ ਲਈ ਗਏ ਸਨ। ਗਾਂਧੀ ਜੀ ਨੇ ਪਹਿਲੀ ਵਾਰ ਅਹਿੰਸਾ ਰਾਹੀਂ ਵਿਰੋਧ (Non Violent Resistance) ਦੀ ਤਕਨੀਕ ਦੱਖਣੀ ਅਫ਼ਰੀਕਾ ਦੇ ਮੂਲ ਨਿਵਾਸੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਵਰਤੀ ਸੀ। ਸੰਨ 1915 ਵਿਚ 45 ਵਰ੍ਹੇ ਦੀ ਉਮਰ ਹੋਣ ਸਮੇਂ ਗਾਂਧੀ ਜੀ ਵਾਪਸ ਭਾਰਤ ਆਏ। ਮਹਾਤਮਾ ਗਾਂਧੀ ਨੂੰ ਦੱਖਣੀ ਅਫਰੀਕਾ ਤੋਂ ਵਾਪਸ ਬੁਲਾਉਣ ਦਾ ਸਿਹਰਾ ਗੋਪਾਲ ਕ੍ਰਿਸ਼ਨ ਗੋਖਲੇ ਨੂੰ ਜਾਂਦਾ ਹੈ ਜਿਹਨਾਂ ਨੇ ਸੀ. ਐਫ. ਐਂਡਰਿਊ (C. F. Andrue) ਰਾਹੀਂ ਸੁਨੇਹਾ ਭੇਜਿਆ ਕਿ ਉਹ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਹਿੱਸੇਦਾਰ ਬਨਣ।

ਭਾਰਤ ਦੀ ਅਜ਼ਾਦੀ ਲਈ ਚਲ ਰਿਹਾ ਸੰਘਰਸ਼ ਗਾਂਧੀ ਜੀ ਦੇ ਆਉਣ ਤੋਂ ਪਹਿਲਾਂ ਸ਼ਹਿਰਾਂ ਤੱਕ ਸੀਮਤ ਸੀ। ਭਾਰਤੀ ਰਾਸ਼ਟਰੀ ਕਾਂਗਰਸ (Indian National Congress) ਦੇ ਜ਼ਿਆਦਤਰ ਨੇਤਾ (Leader) ਪੜ੍ਹੇ-ਲਿਖੇ ਵਰਗ ਦੇ ਹੋਣ ਕਰਕੇ ਸ਼ਹਿਰਾਂ ਵਿਚ ਤਾਂ ਬਹੁਤ ਸਰਗਰਮ ਨਾ ਪਰੰਤੂ ਪੇਂਡੂ ਖੇਤਰ (Rural Area) ਅਜ਼ਾਦੀ ਦੇ ਸੰਗਰਾਮ ਤੋਂ ਸੱਖਣੇ ਸਨ। ਲੋਕਾਂ ਦੀਆਂ ਸਮੱਸਿਆਵਾਂ ਸਥਾਨਕ ਪੱਧਰ ਦੀਆਂ ਸਨ।

ਮਹਾਤਮਾ ਗਾਂਧੀ ਨੇ ਅਜ਼ਾਦੀ ਘੋਲ ਨੂੰ ਲੋਕਾਂ ਦੀਆਂ ਸਥਾਨਕ ਲੋੜਾਂ ਨਾਲ ਜੋੜ ਕੇ ਵਿਸ਼ਾਲਤਾ ਪ੍ਰਦਾਨ ਕੀਤੀ।



ਮੋਹਨ ਦਾਸ ਕਰਮ ਚੰਦ (ਮਹਾਤਮਾ) ਗਾਂਧੀ

ਮਹਾਤਮਾ ਗਾਂਧੀ ਨੂੰ ਪ੍ਰਭਾਵਿਤ ਕਰਨ ਵਾਲੇ ਵਿਚਾਰਕ ਅਤੇ ਵਿਚਾਰ
(Ideas and thinker who influence Mahatma Gandhi)

ਆਮ ਵਿਅਕਤੀ ਨੂੰ ਜਿਵੇਂ ਉਸਦਾ ਆਲਾ-ਦੁਆਲਾ ਪ੍ਰਭਾਵਿਤ ਕਰਦਾ ਹੈ। ਉਸੇ ਤਰ੍ਹਾਂ ਮਹਾਨ ਵਿਅਕਤੀਆਂ ਨੂੰ ਚੰਗੀਆਂ ਲਿਖਤਾਂ (ਕਿਤਾਬਾਂ) ਅਤੇ ਚੰਗੇ ਵਿਚਾਰ ਪ੍ਰਭਾਵਿਤ ਕਰਦੇ ਹਨ। ਅਸੀਂ ਆਪਣੀ ਅਲ੍ਹੱੜ ਉਮਰ ਵਿਚ ਆਪਣੇ ਮਾਪਿਆਂ (Parents) ਵੱਲੋਂ ਰੋਕ-ਟੋਕ ਕਰਨ 'ਤੇ ਬੁਰਾ ਮਨਾਉਂਦੇ ਹਾਂ। ਮਾਪੇ ਇਹ ਜਾਣਦੇ ਹਨ ਕਿ ਜਿਹੀ ਸੰਗਤ ਉਹੀ ਰੰਗਤ ਭਾਵ ਜਿਹੜੇ ਵਿਅਕਤੀਆਂ ਨੂੰ ਅਸੀ ਮਿਲਦੇ ਹਾਂ ਉਹਨਾਂ ਦਾ ਅਸਰ ਕਬੂਲਦੇ ਹਾਂ। ਮਹਾਨ ਲੋਕਾਂ ਦੀ ਜ਼ਿੰਦਗੀ ਆਮ ਨਹੀਂ ਹੁੰਦੀ ਉਹ ਕੇਵਲ ਚੰਗੇ ਵਿਚਾਰਾਂ ਅਤੇ ਲੋਕਾਂ ਤੋਂ ਹੀ ਪ੍ਰਭਾਵਿਤ ਹੁੰਦੇ ਹਨ। ਥੁੜ੍ਹ ਅਤੇ ਮਾੜੇ ਸਮੇਂ ਵਿਚ ਉਹ ਨਾਲ ਖੜਦੇ ਹਨ ਦਾ ਪ੍ਰਭਾਵ ਕਬੂਲਦੇ ਹਨ।

ਮਹਾਤਮਾ ਗਾਂਧੀ ਮੂਲ ਰੂਪ ਵਿਚ ਧਾਰਮਿਕ ਪ੍ਰਵਿਰਤੀ ਦੇ ਹੋਣ ਕਾਰਨ ਸ਼ੁਰੂ ਤੋਂ ਹੀ ਭਗਵਤ ਗੀਤਾ, ਕੁਰਾਨ, ਬਾਈਬਲ ਵਿਚਲੇ ਵਿਚਾਰਾਂ ਤੋਂ ਅਸਰ ਕਬੂਲਦੇ ਸਨ। ਇਹ ਸਾਰੇ ਹੀ ਗ੍ਰੰਥ ਬੁਰੇ ਕੰਮ ਕਰਨ ਤੋਂ ਰੋਕਦੇ ਹਨ ਅਤੇ ਆਪਣੇ ਦੁਸ਼ਮਣ ਨਾਲ ਵੀ ਚੰਗਾ ਵਰਤਾਓ ਕਰਨ ਦੀ ਪ੍ਰੇਰਨਾ ਦਿੰਦੇ ਹਨ। ਅਹਿੰਸਾ ਭਾਵ ਬੁਰੇ ਬੋਲ ਅਤੇ ਬਿਨਾਂ ਹਥਿਆਰਾਂ ਤੋਂ ਸੰਘਰਸ ਕਰਨ ਦੀ ਪ੍ਰੇਰਨਾ ਉਹਨਾਂ ਬੁੱਧ ਮਤ ਅਤੇ ਜੈਨਮੱਤ ਤੋਂ ਪ੍ਰਾਪਤ ਕੀਤੀ। ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਦਾ ਅਸਰ ਵੱਖੋ-ਵੱਖ ਧਾਰਮਿਕ ਗ੍ਰੰਥਾਂ ਦੀਆਂ ਸਿੱਖਿਆਵਾਂ ਸਨ ਜੋ ਮਾਨਵਤਾਵਾ (Humanity) ਦੀ ਭਲਾਈ ਲਈ ਜ਼ਰੂਰੀ ਹਨ। ਉਹਨਾਂ ਅਨੁਸਾਰ ਧਾਰਮਿਕ ਜੀਵਨ ਇਕ ਚੰਗੀ ਜ਼ਿੰਦਗੀ ਦਾ ਮੁੱਢਲਾ ਅਸੂਲ ਹੋਣਾ ਚਾਹੀਦਾ ਹੈ ਅਜਿਹਾ ਹੀ ਜਵਿਨ ਉਹਨਾਂ ਬਸਰ (Live) ਕੀਤਾ।

ਧਾਰਮਿਕ ਗ੍ਰੰਥਾਂ ਤੋਂ ਇਲਾਵਾ ਵਿਸ਼ਵ ਦੇ ਵਿਚਾਰਕਾਂ ਨੇ ਵੀ ਮਹਾਤਮਾ ਗਾਂਧੀ ਦੇ ਵਿਚਾਰਾਂ ਨੂੰ ਵੀ ਸੋਧਿਆ। ਲਿਓ ਤਾਲਸਤਾਏ (Leo Tolstoy) ਅਨੁਸਾਰ ਆਮ ਜ਼ਿੰਦਗੀ ਅਤੇ ਟੀਚੇ ਦੀ ਪਵਿੱਤਰਤਾ ('Simplicity of life and Purity of Purpose') ਜਿਊਣ ਦਾ ਸਭ ਤੋਂ ਸ਼ਾਨਦਾਰ ਢੰਗ ਹੈ। ਤਾਲਸਤਾਏ ਦੇ ਇਸ ਵਿਚਾਰ ਨੇ ਮਹਾਤਮਾ ਗਾਂਧੀ ਨੂੰ ਪ੍ਰਭਾਵਿਤ ਕੀਤਾ। ਇਸ ਅਸਰ ਅਧੀਨ ਹੀ ਉਹਨਾਂ ਆਪਣੀ ਜ਼ਿੰਦਗੀ ਮੁੱਢਲੀਆਂ ਲੋੜਾਂ ਦੇ ਆਸੇ - ਪਾਸੇ ਹੀ ਜੀਵੀ ਅਤੇ ਦਿਖਾਏ ਵਾਲੀ ਜ਼ਿੰਦਗੀ ਨੂੰ ਕੋਈ ਤਵੱਜੇ ਨਹੀਂ ਦਿੱਤੀ। ਮਹਾਤਮਾ ਗਾਂਧੀ ਦਾ ਅਹਿੰਸਾ ਸੰਬੰਧੀ ਵਿਚਾਰ ਵੀ ਤਾਲਸਤਾਏ ਤੋਂ ਪ੍ਰਭਾਵਿਤ ਸੀ। ਤਾਲਸਤਾਏ ਦਾ ਮੰਨਣਾ ਸੀ ਕਿ ਪਿਆਰ ਜ਼ਿੰਦਗੀ ਦਾ ਕਾਨੂੰਨ ਹੈ ਅਤੇ ਸਾਰੀ ਮਨੁੱਖਤਾ ਨੂੰ ਮੁਹੱਬਤ ਕਰਨ ਨਾਲ ਹੀ ਅਹਿੰਸਮਈ (Non-Violent) ਜ਼ਿੰਦਗੀ ਦੀ ਨਹੀਂ ਰੱਖੀ ਜਾ ਸਕਦੀ ਹੈ। ਤਾਲਸਤਾਏ (Tolestoy) ਨੇ ਆਪਣੇ ਲੇਖ 'A Letter to a Hindu' ਵਿਚ ਕਿਹਾ ਭਾਰਤੀ ਦੇ ਨੌਜਵਾਨਾਂ ਨੂੰ ਅਜ਼ਾਦੀ ਦੇ ਸੰਘਰਸ਼ ਲਈ ਹਿੰਸਾ ਨੂੰ ਛੱਡ ਕੇ ਅਹਿੰਸਾ ਦੀ ਯੋਜਨਾ ਬਨਾਉਣੀ ਚਾਹੀਦੀ ਹੈ। ਮਹਾਤਮਾ ਗਾਂਧੀ ਅਤੇ ਲਿਓ ਤਾਲਸਤਾਏ ਦੋਵਾਂ ਦਾ ਮੰਨਣਾ ਸੀ ਕਿ ਝਗੜਿਆਂ ਦਾ ਹੱਲ ਕਰਨ ਲਈ ਪਿਆਰ ਸਭ ਤੋਂ ਕਾਰਗਰ ਹਥਿਆਰ ਹੈ। ਮਹਾਤਮਾ ਗਾਂਧੀ ਜਦੋਂ ਦੱਖਣੀ ਅਫਰੀਕਾ ਵਿਚ ਏਸ਼ੀਆਟਿਕ ਰਜਿਸਟਰੇਸ਼ਨ ਐਕਟ (Asiatic Registration act) ਸਬੰਧੀ ਹੁੰਦੇ ਵਿਰੋਧ ਨੂੰ ਦੇਖ ਰਹੇ ਸਨ। ਉਸ ਸਮੇਂ ਹੈਨਰੀ ਡੇਵਿਡ ਥੋਰਿਓ (Henry David Thoreau) ਦੇ ਲੇਖ 'Civil Disobeidence' ਨੇ ਸੰਘਰਸ਼ ਦੀ ਪ੍ਰੇਰਨਾ ਦਿੱਤੀ।

ਏਸ਼ੀਆਟਿਕ ਰਜਿਸਟਰੇਸ਼ਨ ਐਕਟ (Asiatic Registration Act) ਦੇ ਰਾਹੀਂ ਸਰਕਾਰ ਨੇ ਫ਼ਰਮਾਨ ਜਾਰੀ ਕੀਤੇ ਸਨ ਕਿ 8 ਸਾਲ ਤੋਂ ਵੱਧ ਉਮਰ ਦੇ ਭਾਰਤੀ ਮੂਲ ਦੇ ਲੋਕਾਂ ਨੂੰ ਰਜਿਸਟਰ ਵਿਚ ਦਰਜ ਕੀਤਾ ਜਾਵੇਗਾ ਅਤੇ ਵੱਖਰੇ ਕਾਰਡ (ਸ਼ਨਾਖ਼ਤੀ ਕਾਰਡ) ਜਾਰੀ ਕੀਤੇ ਜਾਣਗੇ। ਜਿਹੜੇ ਅਜਿਹਾ ਨਹੀਂ ਕਰਨਗੇ ਉਹਨਾਂ ਨੂੰ ਜੁਰਮਾਨਾ, ਸਜ਼ਾ ਜਾਂ ਦੇਸ਼ ਨਿਕਾਲਾ ਦਿੱਤਾ ਜਾਵੇਗਾ।

ਥੋਰਿਓ ਦੇ ਲੇਖ ਨੇ ਮਹਾਤਮਾ ਗਾਂਧੀ ਨੂੰ ਸਰਕਾਰ ਦੇ ਇਸ ਐਕਟ ਦੀ ਹੁਕਮ-ਅਦੂਦਲੀ (Disobeidence) ਕਰਨ ਦੀ ਨਵੀਂ ਤਕਨੀਕ ਨਾਲ ਜਾਣੂ ਕਰਵਾਇਆ। ਕਹਿਣ ਤੋਂ ਭਾਵ ਹੈ ਸਰਕਾਰ ਦੇ ਲੋਕ-ਵਿਰੋਧੀ ਕਾਨੂੰਨ ਦੀ ਉਲੰਘਣਾ ਕਰਨਾ ਅਤੇ ਸਰਕਾਰ ਨੂੰ ਸਹੀ ਰਾਹ 'ਤੇ ਚਲਾਉਣ ਲਈ ਗਾਂਧੀ ਜੀ ਨੇ ਸਮਾਜਿਕ ਹੁਕਮ ਅਦੂਲੀ ਕਰਨ ਦਾ ਸੁਨੇਹਾ ਦਿੱਤਾ। ਬਾਅਦ ਵਿੱਚ ਭਾਰਤ ਸਰਕਾਰ ਖਿਲਾਫ਼ ਵੀ ਇਹਨਾਂ ਵੀ ਇਸ ਤਕਨੀਕ ਦੀ ਵਰਤੋਂ ਅੰਗਰੇਜ਼ੀ ਸਾਮਰਾਜ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਨ ਲਈ ਅਪਣਾਈ। ਸੁਕਰਾਤ (Socrates) ਯੂਨਾਨ (Greece) ਦਾ ਸਭ ਤੋਂ ਮਹਾਨ ਵਿਚਾਰਕ ਸੀ। ਸੰਨ 1908 ਵਿਚ ਟਰਾਂਸਵਾ ਅੰਦੋਲਨ ਜੋ ਏਸ਼ੀਆਟਿਕ ਰਜਿਸਟਰੇਸ਼ਨ ਐਕਟ ਦੇ ਵਿਰੋਧ ਵਿਚ ਚਲਾਇਆ ਗਿਆ ਸੀ। ਉਸ ਸਮੇਂ ਜੇਲ ਦੌਰਾਨ ਸੁਕਰਾਤ (Socrates) ਬਾਰੇ ਵਿਸ਼ਵ ਪ੍ਰਸਿੱਧ ਪੁਸਤਕ ਐਪੋਲੋਜੀ ਆੱਫ ਸੁਕਰਾਤ (Apology of Soarates) ਪੜਨ ਦਾ ਮੌਕਾ ਮਹਾਤਮਾ ਗਾਂਧੀ ਨੂੰ ਮਿਲਿਆ। ਇਹ ਕਿਤਾਬ ਦਾ ਰਚਨਹਾਰਾ ਸੁਕਰਾਤ ਦਾ ਸ਼ਰਧਾਲੂ ਪਲੈਟੋ (Plato) ਹੈ। ਇਸ ਕਿਤਾਬ ਅਸਲ ਵਿਚ ਸੁਕਰਾਤ ਦਾ ਭਾਸ਼ਨ ਹੈ ਜੋ ਉਸਨੇ ਅਦਾਲਤ ਦੀ ਕਰਾਵਾਈ ਦੌਰਾਨ ਦਿੱਤਾ ਸੀ ਜਿਸ ਵਿਚ ਸੁਕਾਰਤ ਨੇ ਕਿਹਾ ਸੀ ਕਿ ਮੈਂ

ਆਪਣੇ ਵਿਸ਼ਵਾਸ ਲਈ ਆਪਣੀ ਜਾਨ ਵੀ ਕੁਰਬਾਨ ਕਰ ਸਕਦਾ ਹਾਂ। ਮੌਤ ਦੇ ਡਰ ਤੋਂ ਆਪਣੇ ਉਦੇਸ਼ ਅਤੇ ਵਿਸ਼ਵਾਸ ਤੋਂ ਪੈਰ ਪਿੱਛੇ ਨਹੀਂ ਹਟਾ ਸਕਦਾ। ਅਪੌਲੋਜੀ ਆਫ਼ ਸੁਕਰਾਤ ਨੂੰ ਮਹਾਤਮਾ ਗਾਂਧੀ ਨੇ ਗੁਜਰਾਤੀ ਵਿਚ ਅਨੁਵਾਦ ਕੀਤਾ। ਇਸਦੇ ਅਨੁਵਾਦ 'Indian Opinion' ਵਿਚ ਪ੍ਰਕਾਸ਼ਤ ਵੀ ਕਰਵਾਏ। ਸੁਕਰਾਤ ਦਾ ਪ੍ਰਭਾਵ ਹੀ ਸੀ ਕਿ ਉਹਨਾਂ ਆਪਣੇ ਪੁਸਤਕ ਹਿੰਦ ਸਵਰਾਜ 1909 (Hind Swaraj 1909) ਵਿਚ ਪ੍ਰਕਾਸ਼ਤ ਕਰਵਾਏ ਅਤੇ ਤਾ-ਉਮਰ ਆਪਣੇ ਵਿਚਾਰਾਂ ਨੂੰ ਹੰਢਾਉਂਦੇ ਰਹੇ।

ਵਿਦੇਸ਼ੀ ਵਿਚਾਰਕਾਂ ਤੋਂ ਇਲਾਵਾ ਭਾਰਤੀ ਰਾਸ਼ਟਰੀ ਕਾਂਗਰਸ (Indian National Congress) ਦੇ ਆਗੂ ਗੋਪਾਲ ਕ੍ਰਿਸ਼ਨ ਗੋਖ਼ਲੇ (Gopal Krishan Gokhale) ਨੂੰ ਤਾਂ ਮਹਾਤਮਾ ਗਾਂਧੀ ਆਪਣਾ ਰਾਜਨੀਤਕ ਗੁਰੂ ਮੰਨਦੇ ਸਨ। ਮਹਾਤਮਾ ਗਾਂਧੀ ਦੀ ਸਵੈ-ਜੀਵਨੀ ਸੱਚ ਨਾਲ ਮੇਰੇ ਤਜਰਬੇ (My Experiments with Truth) ਵਿਚ 7 ਪਾਠ ਕੇਵਲ ਗੋਖ਼ਲੇ ਬਾਰੇ ਲਿਖੇ ਗਏ ਹਨ। ਗੋਖ਼ਲੇ ਅਧਿਆਤਮਕ (Spiritual) ਕਦਰਾਂ-ਕੀਮਤਾਂ ਨੂੰ ਰਾਜਨੀਤੀ ਵਿਚ ਲਾਗੂ ਕਰਨ ਦੇ ਹਾਮੀ ਸਨ। ਮਹਾਤਮਾ ਗਾਂਧੀ ਦੀ ਭਾਰਤ ਬਾਰੇ ਸਮਝ ਦਾ ਪ੍ਰਭਾਵ ਉਹਨਾਂ ਗੋਖਲੇ ਤੋਂ ਪ੍ਰਾਪਤ ਕੀਤਾ।

ਮਹਾਤਮਾ ਗਾਂਧੀ ਦੇ ਪ੍ਰਮੁੱਖ ਵਿਚਾਰ
(Basic Ideas of Mahatama Gandhi)

ਅਸੀਂ ਅਧਿਆਇ ਵਿਚ ਮਹਾਤਮਾ ਗਾਂਧੀ ਨੂੰ ਪ੍ਰਭਾਵਿਤ ਕਰਨ ਵਾਲੇ ਵਿਚਾਰਕਾਂ ਤੋਂ ਸਮਝਿਆ ਹੈ ਕਿ ਗਾਂਧੀ ਨੂੰ ਆਮ ਜ਼ਿੰਦਗੀ, ਮਨੁੱਖਤਾ ਲਈ ਪਿਆਰ, ਅਹਿੰਸਾ ਆਦਿ ਵਿਚਾਰ ਟੁੰਭਦੇ ਸਨ। ਗਾਂਧੀ ਅਨੁਸਾਰ ਆਧੁਨਿਕ ਮਨੁੱਖ (Modern Man) ਪਦਾਰਥਕ ਚੀਜ਼ਾਂ ਦੀ ਨਾਂ ਮੁੱਕਣ ਵਾਲੀ ਦੌੜ ਵਿਚ ਹੈ ਅਤੇ ਉਹ ਵਿਸਾਰ ਚੁੱਕਿਆ ਹੈ ਕਿ ਉਸਦੀ ਜ਼ਿੰਦਗੀ ਦਾ ਮਕਸਦ (Purpose) ਕੀ ਹੈ। ਚੀਜਾਂ ਦੀ ਬੇਇੰਤਹਾ ਭੁੱਖ ਨੇ ਮਨੁੱਖ ਯੁੱਧਾਂ ਅਤੇ ਦੂਜੇ ਦੇਸ਼ਾਂ ਤੇ ਕਬਜ਼ੇ ਕਰਨ ਦੀ ਦੌੜ ਵਿਚ ਲਗਾ ਦਿੱਤਾ ਹੈ। ਮਨੁੱਖ ਨਿਆਂ, ਰੱਬ ਨੂੰ ਭੁੱਲ ਚੁੱਕੇ ਹਨ। ਪੱਛਮ ਵਿੱਚ ਉਦਯੋਗਿਕ ਸਮਾਜ (Industrial Society) ਨੇ ਲੋਕਾਂ ਨੂੰ ਆਪਣੇ ਪਿੰਡਾਂ ਦੀ ਸਧਾਰਨ ਜ਼ਿੰਦਗੀ ਤੋਂ ਦੂਰ ਕਰ ਦਿੱਤਾ ਹੈ ਅਤੇ ਬੇਲੋੜੀਆਂ ਚੀਜ਼ਾਂ ਦੀ ਭੁੱਖ ਨੇ ਨਾਂ ਮੁੱਕਣ ਵਾਲੀ ਦੌੜ ਵਿੱਚ ਸ਼ਾਮਲ ਕਰ ਦਿੱਤਾ ਹੈ। ਆਧੁਨਿਕ ਮਸ਼ੀਨ ਯੁੱਗ ਨੇ ਮਹਾਤਮਾ ਗਾਂਧੀ ਅਨੁਸਾਰ ਲੋਕਾਂ ਨੂੰ ਆਪਣੇ ਪੇਂਡੂ ਕਿੱਤਿਆਂ (Village Craft) ਤੋਂ ਦੂਰ ਕਰ ਦਿੱਤਾ ਹੈ। ਪਿੰਡਾਂ ਦੇ ਲੋਕ ਆਪਣੇ ਲੋੜ ਦੀ ਚੀਜ਼ਾਂ ਤਿਆਰ ਕਰਦੇ ਸਨ ਅਤੇ ਘੱਟੋ-ਘੱਟ ਲੋੜਾਂ ਨਾਲ ਆਪਣੀ ਜ਼ਿੰਦਗੀ ਹੰਢਾਉਂਦੇ ਸਨ। ਵੱਡੇ ਕਾਰਖ਼ਾਨਿਆਂ ਵਿਚ ਬਣਾਈਆਂ ਜਾਣ ਵਾਲੀਆਂ ਵਸਤਾਂ ਨੇ ਪਿੰਡ ਵਿਚ ਬਣਾਈਆਂ ਜਾਣ ਵਾਲਿਆਂ ਵਸਤਾਂ ਦੀ ਥਾਂ ਲੈ ਲਈ ਹੈ। ਜਿਸਦਾ ਨਤੀਜਾ ਪੱਛਮ ਵਿਚ ਇਹ ਨਿਕਲਿਆ ਕੇ ਜਿਹੜੀ ਸ਼ਕਤੀ (Power) ਲੋਕਾਂ ਵਿਚ ਸਾਂਝੇ ਰੂਪ ਵਿਚ ਵਸਦੀ ਸੀ। ਉਹ ਵੱਡੇ ਉਦਯੋਗਾਂ ਦੇ ਮਾਲਕਾਂ ਦੇ ਹੱਥਾਂ ਵਿੱਚ ਆ ਗਈ ਹੈ ਅਤੇ ਲੋਕ ਤਾਕਤ ਵਿਹੂਣੇ ਹੋ ਗਏ ਹਨ। ਗਾਂਧੀ ਅਨੁਸਾਰ ਜੇਕਰ ਉਦਯੋਗੀਕਰਨ (Industralisation) ਦਾ ਅਜਿਹਾ ਮਾਡਲ ਭਾਰਤ ਵਿਚ ਲਾਗੂ ਕੀਤਾ ਜਾਂਦਾ ਹੈ। ਲੋਕ ਬੇਰੁਜ਼ਗਾਰ ਹੋਣਗੇ ਅਤੇ ਆਰਥਿਕ ਸ਼ਕਤੀ ਦੇ ਨਾਲ-ਨਾਲ ਰਾਜਨੀਤਕ ਸ਼ਕਤੀ ਵੀ ਕੁਝ ਹੱਥਾਂ ਵਿਚ ਕੇਂਦਰਤ ਹੋ ਜਾਵੇਗੀ। ਸੋ ਚੰਗੇ ਸਾਧਨ ਹੀ ਚੰਗੇ ਨਤੀਜਿਆਂ ਦੀ ਨੀਂਹ ਹੁੰਦੇ ਹਨ।

1. ਸਾਧਨ ਅਤੇ ਨਤੀਜਿਆਂ ਦਾ ਆਪਸੀ ਸਬੰਧ (Means and Ends are closely Related) : ਮਹਾਤਮਾ ਗਾਂਧੀ ਅਨੁਸਾਰ ਚੰਗੇ ਸਾਧਨ ਹੀ ਚੰਗੇ ਉਦੇਸ਼ਾਂ ਦੀ ਪ੍ਰਾਪਤੀ ਲਈ ਲਾਜ਼ਮੀ ਹਨ। ਬੁਰੇ ਢੰਗ ਜਾਂ ਸਾਧਨ, ਥੁੜ੍ਹ-ਚਿਰੀ ਚੰਗੇ ਜ਼ਰੂਰ ਲੱਗ ਸਕਦੇ ਹਨ ਪਰੰਤੂ ਇਹ ਚੰਗੇ ਨਤੀਜਿਆਂ ਵਿਚ ਤਬਦੀਲ ਨਹੀਂ ਹੋ ਸਕਦੇ। ਅਜ਼ਾਦੀ ਸੰਘਰਸ਼ ਬਾਰੇ ਵੀ ਉਹਨਾਂ ਦਾ ਮੰਨਣਾ ਸੀ ਜੇਕਰ ਅਸੀਂ ਹਿੰਸਾ ਰਾਹੀਂ ਅਜ਼ਾਦੀ ਪ੍ਰਾਪਤ ਕਰ ਵੀ ਲਈ ਤਾਂ ਭਵਿੱਖ ਦਾ ਭਾਰਤ ਹਿੰਸਾ 'ਤੇ ਅਧਾਰਤ ਰਾਜ ਹੋਵੇਗਾ। ਇਸ ਕਰਕੇ ਲਾਜ਼ਮੀ ਹੈ ਕਿ ਨਿੱਜੀ ਜ਼ਿੰਦਗੀ ਵਿਚ ਵੀ ਅਤੇ ਸਮੂਹਿਕ ਜ਼ਿੰਦਗੀ ਵਿਚ ਵੀ ਚੰਗੇ ਸਾਧਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਹੀ ਚੰਗੇ ਉਦੇਸ਼/ਨਤੀਜੇ ਪ੍ਰਾਪਤ ਹੋਣਗੇ।

ਰਾਜਨੀਤੀ ਅਤੇ ਨੈਤਿਕਤਾ (Politics and Ethics) ਦਾ ਸਬੰਧ ਸਮਝਾਉਣ ਵੇਲੇ ਗਾਂਧੀ ਜੀ ਕਹਿੰਦੇ ਹਨ ਕਿ ਰਾਜਨੀਤੀ ਨੂੰ ਕਦੇ ਵੀ ਨੈਤਿਕ ਕਦਰਾਂ-ਕੀਮਤਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਨੈਤਿਕ ਆਦਰਸ਼ਾਂ ਤੋਂ ਬਿਨਾਂ ਰਾਜਨੀਤੀ ਦਾ ਕੋਈ ਮੁੱਲ ਨਹੀਂ ਹੈ। ਨੈਤਿਕ ਕਦਰਾਂ-ਕੀਮਤਾਂ ਉਹ ਸਾਧਨ ਹਨ ਅਤੇ ਜਿਹਨਾਂ ਰਾਹੀਂ ਚੰਗੀ ਰਾਜਨੀਤੀ ਪੈਦਾ ਹੋਏਗੀ। ਕਦਰਾਂ ਤੋਂ ਮੁਕਤ ਰਾਜਨੀਤੀ ਲੁੱਟ ਦਾ ਸਾਧਨ ਤਾਂ ਹੋ ਸਕਦੀ ਹੈ ਪਰ ਚੰਗੇ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੀ।

2. ਅਹਿੰਸਾ (Non Violence) : ਅਹਿੰਸਾ ਤੋਂ ਭਾਵ ਕਿ ਆਪਣੇ ਸੁਭਾਅ ਤੋਂ ਹਿੰਸਾ ਨੂੰ ਖ਼ਤਮ ਕਰਨਾ ਕਿਸੇ ਦਾ ਜਾਨੀ-ਮਾਲੀ ਨੁਕਸਾਨ ਨਾ ਕਰਨਾ। ਮਹਾਤਮਾ ਗਾਂਧੀ ਨੇ ਅਹਿੰਸਾ ਨੂੰ ਕੇਵਲ ਸਹਿਣਸੀਲ (Passive) ਚੰਗੇ ਨਾਲ ਨਹੀਂ ਸਗੋਂ ਸਰਗਰਮ (Active) ਢੰਗ ਨਾਲ ਵੀ ਬਿਆਨ ਕੀਤਾ ਹੈ।

ਮਹਾਤਮਾ ਗਾਂਧੀ ਅਨੁਸਾਰ ਹਰ ਮਨੁੱਖ ਦਾ ਨੈਤਿਕ ਫ਼ਰਜ ਹੈ ਕਿ ਉਹ ਕਿਸੇ ਵੀ ਜੀਵ ਨੂੰ ਮਾਰਨ ਅਤੇ ਨੁਕਸਾਨ ਨਾ ਪੁਚਾਵੇ। ਸਰਗਰਮ ਰਹਿੰਦਿਆਂ ਸਾਰਿਆਂ ਨੂੰ ਪਿਆਰ ਕਰੇ ਤੇ ਉਹਨਾਂ ਦੀ ਭਲਾਈ ਲਈ ਕਾਰਜ ਕਰੇ। ਮਨ ਦੇ ਵਿਚ ਕਿਸੇ ਬਾਰੇ ਬੁਰਾ ਸੋਚਣਾ ਵੀ ਹਿੰਸਾ ਹੈ। ਨਫ਼ਰਤ ਬੁਰੀ ਨੀਅਤ ਦੇ ਨਾਲ-ਨਾਲ ਲੋੜੋਂ ਵੱਧ ਚੀਜ਼ਾਂ ਦੀ ਭੁੱਖ ਵੀ ਹਿੰਸਾ ਹੈ ਕਿਉਂਕਿ ਇਹ ਦੂਜਿਆਂ ਤੋਂ ਲੋੜ ਦੀ ਵਸਤਾਂ ਖੋਹ ਲੈਂਦੀ ਹੈ। ਇੱਥੋਂ ਤੱਕ ਕਿ ਪ੍ਰਦੂਸ਼ਣ ਫੈਲਾਉਣ ਅਤੇ ਲੋਕਾਂ ਦੀ ਸਿਹਤ ਨੂੰ ਵੀ ਮਹਾਤਮਾ ਨੇ ਹਿੰਸਾ (Violence) ਕਿਹਾ ਹੈ। ਉਹਨਾਂ ਤੋਂ ਸਿੱਖਣ ਦੀ ਲੜੀ ਨੂੰ ਅੱਗੇ ਤੋਰਦਿਆਂ ਸਭ ਦਾ ਫ਼ਰਜ਼ ਹੈ ਕਿ ਸਾਰੇ ਇਕ ਦੂਜੇ ਨਾਲ ਮਿਲ-ਜੁਲ ਕੇ ਰਹਿਣ ਆਪਣਾ ਆਲਾ-ਦੁਆਲਾ ਸਾਫ਼ ਰੱਖਣ।

3. ਸਵੈ-ਰਾਜ (Swaraj) : ਮਹਾਤਮਾ ਗਾਂਧੀ ਅਨੁਸਾਰ ਵਰਤਮਾਨ ਰਾਜ ਹਿੰਸਾ 'ਤੇ ਅਧਾਰਤ ਹਨ। ਇਸ ਲਈ ਵਿਅਕਤੀ ਅਜਿਹੇ ਰਾਜ ਵਿਚ ਰਹਿ ਕੇ ਆਪਣੀਆਂ ਯੋਗਤਾਵਾਂ ਦਾ ਵਿਕਾਸ ਨਹੀਂ ਕਰ ਸਕਦਾ। ਆਧੁਨਿਕ ਰਾਜ (Modern State) ਕਾਨੂੰਨ ਦੇ ਸ਼ਾਸਨ (Rule of law) ਰਾਹੀਂ ਲੋਕਾਂ ਨੂੰ ਸੋਸ਼ਣ ਤੋਂ ਤਾਂ ਬਚਾ ਰਹੇ ਹਨ ਪਰੰਤੂ ਮਨੁੱਖ ਵਿੱਚ ਉਸਦਾ ਵਿਅਕਤਿਤਵ (Individuality) ਖ਼ਤਮ ਕਰ ਰਹੇ ਹਨ। ਅਜਿਹੇ ਰਾਜ ਦਾ ਮਹਾਤਮਾ ਗਾਂਧੀ ਵਿਰੋਧ ਕਰਦੇ ਹਨ ਅਤੇ ਸਵੈ-ਰਾਜ (Swaraj) ਸਥਾਪਤੀ ਦੀ ਵਕਾਲਤ ਕਰਦੇ ਹਨ। ਸਵੈ ਰਾਜ ਤੋਂ ਭਾਵ ਕਿ ਵਿਅਕਤੀ ਆਪਣੀ ਜ਼ਿੰਦਗੀ ਦਾ ਮਾਲਕ/ਮਾਸਟਰ ਹੋਵੇਗਾ। ਆਧੁਨਿਕ ਰਾਜ ਆਪਣੀ ਇੱਛਾ ਅਤੇ ਸ਼ਕਤੀ ਰਾਹੀਂ ਸਵੈਰਾਜ ਦੇ ਰਾਹ ਦੀ ਰੁਕਾਵਟ ਹੈ। ਗਾਂਧੀ ਅਨੁਸਾਰ ਰਾਜਨੀਤਕ ਤੌਰ 'ਤੇ ਆਜ਼ਾਦ ਹੋਣ ਨਾਲ ਸਵੈ-ਰਾਜ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਵੈ-ਰਾਜ ਪ੍ਰਾਪਤੀ ਲਈ ਸਹੀ ਸੋਚਣ ਦੇ ਢੰਗ ਵਿਕਸਤ ਕਰਨ ਦੀ ਲੋੜ ਹੈ। ਰਾਜਨੀਤਕ ਅਜ਼ਾਦੀ ਨਾਲ ਰਾਜ ਕਰਨ ਵਾਲੇ ਬਦਲ ਜਾਣਗੇ ਪਰੰਤੂ ਰਾਜਾ ਫ਼ਿਰ ਵੀ ਰਹੇਗਾ ਜੋ ਆਪਣੀਆਂ ਵੱਖ-ਵੱਖ ਸੰਸਥਾਵਾਂ ਰਾਹੀਂ ਵਿਅਕਤੀਆਂ ਨੂੰ ਭ੍ਰਿਸ਼ਟਾਚਾਰੀ ਅਤੇ ਨਿਕੰਮੇ ਬਣਾਏਗਾ। ਸਵੈ-ਰਾਜ ਪ੍ਰਾਪਤੀ ਲਈ ਸਵੈ-ਤਿਆਗ ਰਾਹੀਂ ਆਪਣੀ ਅੰਤਰ-ਆਤਮਾ ਨੂੰ ਪਵਿੱਤਰ ਕਰਨ 'ਤੇ ਹੀ ਜ਼ੋਰ ਦੇਣਾ ਪਵੇਗਾ। ਮਹਾਤਮਾ ਗਾਂਧੀ ਅਨੁਸਾਰ ਅਜ਼ਾਦ ਵਿਅਕਤੀ ਹੀ ਅਜ਼ਾਦ ਮੁਲਕ ਦੀ ਨੀਂਹ ਰੱਖ ਸਕਦੇ ਹਨ। ਵਿਅਕਤੀ ਦੇ ਪੱਧਰ 'ਤੇ ਸਵੈ-ਰਾਜ, ਗੁੱਸੇ, ਲਾਲਚ, ਅਗਿਆਨਤਾ, ਭਰਮ ਆਦਿ ਜਨੂੰਨਾਂ (Passions) ਨੂੰ ਕੰਟਰੋਲ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਰਾਜਨੀਤਕ/ਸਮੂਹਕ ਪੱਧਰ 'ਤੇ ਸਵੈਰਾਜ ਦੀ ਪ੍ਰਾਪਤ ਲਈ ਸਵੈ ਸਰਕਾਰ ਜੋ ਬਾਹਰੀ ਸ਼ਕਤੀਆਂ ਦੇ ਕੰਟਰੋਲ ਤੋਂ ਮੁਕਤ ਹੋਵੇ, ਅਜਿਹੀ ਸਵੈ-ਸ਼ਾਸਨ ਦੀ ਹੋਂਦ ਲਾਜ਼ਮੀ ਹੈ।

4. ਸੱਤਿਆਗ੍ਰਹਿ (Satgragraha) : ਸੱਤਿਆਗ੍ਰਹਿ ਤੋਂ ਭਾਵ ਹੈ ਕਿ ਸੱਚ 'ਤੇ ਡਟੇ ਰਹਿਣਾ। ਇਹ ਇਕ ਅਜਿਹੀ ਸ਼ਕਤੀ ਹੈ ਜੋ ਸੱਚ ਨਾਲ ਪਿਆਰ ਹੋਣ 'ਤੇ ਪੈਦਾ ਹੁੰਦੀ ਹੈ ਅਤੇ ਚੰਗੇ ਉਦੇਸ਼ ਦੀ ਪ੍ਰਾਪਤੀ ਲਈ ਦ੍ਰਿੜ ਰਹਿੰਦੀ ਹੈ। ਸੱਤਿਆਗ੍ਰਿਹ ਕੋਸ਼ਿਸ਼ ਕਰਦਾ ਹੈ ਕਿ ਬੁਰਾਈ ਨੂੰ ਚੰਗਿਆਈ ਨਾਲ, ਗੁੱਸੇ ਨੂੰ ਪਿਆਰ ਨਾਲ, ਝੂਠ ਨੂੰ ਸੱਚ ਨਾਲ ਅਤੇ ਹਿੰਸਾ ਨੂੰ ਅਹਿੰਸਾ ਨਾਲ ਪਾਰ ਕੀਤਾ ਜਾਵੇ। ਸੱਤਿਆਗ੍ਰਹਿ ਕਰਨ ਵਾਲੀ ਬੁਰਾਈ ਅਤੇ ਬੁਰਾਈ ਕਰਨ ਵਾਲੇ ਵਿਚ ਅੰਤਰ ਕਰਦਾ ਹੈ। ਬੁਰਾਈ ਖ਼ਤਮ ਕਰਨ ਲਈ ਸੰਘਰਸ਼ ਸਲੂਕ ਨਹੀਂ ਕਰਦਾ ਸਗੋਂ ਬੁਰਾਈ ਨੂੰ ਅੰਦਰੋਂ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ।

ਮਹਾਤਮਾ ਗਾਂਧੀ ਦੀ ਪੱਛਮ ਦੇ ਜ਼ਿਆਦਾਤਰ ਵਿਚਾਰਕਾਂ ਨਾਲੋਂ ਵਿਲੱਖਣਤਾ (Uniqueness) ਇਸ ਗੱਲ ਵਿੱਚ ਹੈ ਕਿ ਉਹਨਾਂ ਆਪਣੇ ਵਿਚਾਰਾਂ ਨੂੰ ਅਮਲ ਵਿਚ ਲਿਆਉਣ ਦੇ ਲਈ ਆਪਣੀ ਸਾਰੀ ਜ਼ਿੰਦਗੀ ਲਾ ਦਿੱਤੀ। ਸੱਤਿਆਗ੍ਰਹਿ ਕਰਨ ਲਈ ਉਹਨਾਂ ਕੁਝ ਢੰਗ ਦੱਸੇ ਜਿਸ ਰਾਹੀਂ ਬੁਰਾਈ ਨੂੰ ਅੰਦਰੂਨੀ ਚੰਗਿਆਈ ਨਾਲ ਹਰਾਇਆ ਜਾ ਸਕਦਾ ਹੈ।

ਭੁੱਖ ਹੜਤਾਲ ਨਹੀਂ ਵਿਰੋਧ ਦਰਜ ਕਰਨਾ ਸੱਤਿਆਗ੍ਰਹਿ ਦਾ ਧਰਮ ਅਧਿਕਾਰ ਹੈ। ਸੱਤਿਆਗ੍ਰਹਿ ਦਾ ਇਹ ਚੰਗ ਬਚਪਨ ਵਿਚ ਹਰ ਇਨਸਾਨ ਅਪਣਾਉਂਦਾ ਹੈ ਤਾਂ ਜੋ ਉਸਦੀ ਮਿੱਥੀ ਗੱਲ ਮੰਨੀ ਜਾ ਸਕੇ ਪਰੰਤੂ ਜਦੋਂ ਸਮਾਜ ਵਿਚ ਆਪਸ ਵਿਰੋਧੀ ਹਿੱਤ ਟਕਰਾਉਂਦੇ ਹਨ ਤਾਂ ਇਕ ਧਿਰ ਜੋ ਸਹੀ ਹੈ ਅਤੇ ਦੂਜੀ ਧਿਰ ਜੋ ਪੱਕਾ ਕਰ ਰਹੀ ਹੈ ਭਾਵ ਸੋਸ਼ਣ ਕਰ ਰਹੀ ਧਿਰ ਖਿਲਾਫ਼ ਭੁੱਖ ਹੜਤਾਲ ਕੀਤੀ ਜਾ ਸਕਦੀ ਹੈ। ਫ਼ੈਕਟਰੀ ਮਾਲਕਾਂ ਖਿਲਾਫ਼ ਮਜਦੂਰਾਂ ਦੀਆਂ ਮੰਗਾਂ ਨਾਂ ਮੰਨਣ ਕਰਕੇ ਉਹਨਾਂ ਰਾਹੀਂ ਭੁੱਖ ਹੜਤਾਲ ਕਰਨਾ। ਮਾਲਕਾਂ ਅੰਦਰ ਲੁਕੀ ਹੋਈ ਬੁਰਾਈ ਨੂੰ ਨੈਤਿਕ ਚੰਗਿਆਈ ਨਾਲ ਹਰਾਉਣਾ ਦਾ ਯਤਨ ਕਰਨਾ ਇਸ ਢੰਗ ਦੀ ਉਦਾਹਰਨ ਹੈ। ਪਰਿਵਾਰ, ਸਮਾਜ ਤੋਂ ਇਲਾਵਾ ਸਰਕਾਰ ਦੀਆਂ ਨੀਤੀਆਂ ਖਿਲਾਫ਼ ਭੁੱਖ ਹੜਤਾਲ ਕਰਨਾ ਵੀ ਸ਼ਾਮਲ ਹੈ।

ਮਹਾਤਮਾ ਗਾਂਧੀ ਨੇ ਸਭ ਤੋਂ ਪਹਿਲਾਂ ਸ਼ਾਂਤਮਈ ਵਿਰੋਧ/ਧਰਨਾ ਜਾਂ ਸਮਾਜਿਕ ਹੁਕਮ ਅਦੂਲੀ (Civil disobedience) ਨੀਲ (Indigo) ਫ਼ਸਲ ਪੈਦਾ ਕਰਨ ਵਾਲੇ ਕਿਸਾਨਾਂ ਦੇ ਹੱਕ ਵਿਚ ਬਿਹਾਰ ਦੇ ਚੰਪਾਰਨ (Champuran) ਇਲਾਕੇ ਵਿਚ ਸੰਨ 1917 ਵਰਤਿਆ ਸੀ। ਕਿਸਾਨਾਂ ਨੂੰ ਧੱਕੇ ਨਾਲ ਨੀਲ ਪੈਦਾ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ ਅਤੇ ਜ਼ਿਆਦਾ ਮਾਲੀਆ (Revenue) ਵਸੂਲ ਕੀਤਾ ਜਾ ਰਿਹਾ ਸੀ। ਗਾਂਧੀ ਨੇ ਕਿਸਾਨਾਂ ਦੇ ਧਰਨੇ (Protests) ਦੀ ਹਮਾਇਤ ਕੀਤੀ। ਨੀਲ ਦੀ ਮੰਗ ਘੱਟ ਰਹੀ ਸੀ ਪਰੰਤੂ ਜ਼ਿਆਦਾ ਫ਼ਸਲ ਦੀ ਪੈਦਾਵਾਰ ਕਰਵਾ ਨੀਲ ਨੂੰ ਸਸਤੇ ਮੁੱਲ ਵਿਚ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਸੀ।

ਗਾਂਧੀ ਦੁਆਰਾ ਸਰਕਾਰ ਨੂੰ ਸਮਝੌਤੇ ਲਈ ਰਾਜ਼ੀ ਕੀਤਾ ਗਿਆ। ਵਲੱਭ ਭਾਈ ਪਟੇਲ (Vallabh bhai Patel) ਦੀ ਵਿਚੋਲਗੀ ਜਾਂ ਸਾਲਸੀ ਨਾਲ ਕਿਸਾਨਾਂ ਅਤੇ ਕਿਸਾਨਾਂ ਦਰਮਿਆਨ ਸਮਝੌਤਾ ਹੋਇਆ। ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਕਿਸਾਨਾਂ ਨੂੰ ਮੁਆਵਜ਼ਾ (Compensation) ਦਿੱਤਾ ਗਿਆ ਅਤੇ ਗਰੀਬ ਕਿਸਾਨਾਂ ਨੂੰ ਆਪਣੀ ਮਰਜ਼ੀ ਦੀ ਫਸਲ ਪੈਦਾ ਕਰਨ ਦਾ ਅਖ਼ਤਿਆਰ ਵੀ ਦਿੱਤਾ ਗਿਆ।

ਖੇੜਾ (Kheda) ਵਿਚ ਸੰਨ 1918 ਵਿਚ ਹੜਾਂ ਅਤੇ ਕਾਲ (Faminine) ਦੇ ਝੰਡੇ (Hitted) ਕਿਸਾਨ ਕਰਾਂ (Taxes) ਵਿਚ ਛੂਟ ਦੀ ਮੰਗ ਕਰ ਰਹੇ ਸਨ। ਮਹਾਤਮਾ ਗਾਂਧੀ ਨੇ ਲੋਕ ਨੂੰ ਜਾਗਰੂਕ ਅਤੇ ਵਿਰੱਤਰ ਕਰਨਾ ਅਰੰਭ ਕੀਤਾ। ਸ਼ੁਰੂ ਵਿਚ ਸਰਕਾਰ ਅੰਦੋਲਨ ਕਾਰੀਆਂ (Protesters) ਦੀ ਕੋਈ ਗੱਲ ਨਹੀਂ ਮੰਨ ਰਹੀ ਸੀ ਪਰੰਤੂ ਗਾਂਧੀ ਅਤੇ ਕਿਸਾਨਾਂ ਦੀ ਦ੍ਰਿੜਤਾ ਨੇ ਅੰਗਰੇਜ਼ ਸਰਕਾਰ ਨੂੰ ਮਜਬੂਰ ਕੀਤਾ। ਅਤੇ ਸਰਕਾਰ ਨੂੰ ਸਮਝੌਤੇ ਲਈ ਰਾਜ਼ੀ ਹੋਣਾ ਪਿਆ। ਅੰਗਰੇਜ਼ ਸਰਕਾਰ ਨੂੰ ਕਿਸਾਨਾਂ ਤੋਂ ਪ੍ਰਾਪਤ ਕੀਤੇ ਕਰਾਂ ਥੋੜ੍ਹੇ ਸਮੇਂ ਲਈ ਰੋਕ ਲਗਾ ਦਿੱਤੀ ਗਈ। ਮਹਾਤਮਾ ਗਾਂਧੀ ਦੇ ਸ਼ਾਂਤਮਈ ਢੰਗ ਨੇ ਅੰਗਰੇਜਾਂ ਨੂੰ ਕਿਸਾਨਾਂ ਦੇ ਹਿੱਤ ਸਮਝਣ ਲਈ ਬੇਬਸ ਕਰ ਦਿੱਤਾ। ਅਸਹਿਯੋਗ (Non-Cooperation) ਬਾਰੇ ਮਹਾਤਮਾ ਗਾਂਧੀ ਕਹਿੰਦੇ ਸਨ ਕਿ ਅੰਗਰੇਜਾਂ ਦਾ ਰਾਜ ਕੇਵਲ ਭਾਰਤ ਵਾਸੀਆਂ ਦੇ ਸਹਿਯੋਗ ਨਾਲ ਹੀ ਸੰਭਵ ਹੈ। ਭਾਰਤ ਵਾਸੀ ਜੇਕਰ ਸ਼ਾਸਨ ਅਤੇ ਪ੍ਰਸ਼ਾਸਨ ਵਿਚ ਸਹਿਯੋਗ ਨਾ ਕਰਨ ਤਾਂ ਅੰਗਰੇਜ਼ਾਂ ਨੂੰ ਹਕੂਮਤ ਕਰਨੀ ਅਸੰਭਵ ਹੋ ਜਾਵੇਗੀ। ਮਹਾਤਮਾ ਨੇ ਅੰਗਰੇਜ਼ੀ ਹਕੂਮਤ ਦੁਆਰਾ ਬਣਾਏ ਲੋਕ-ਮਾਰੂ/ਵਿਰੋਧੀ ਕਾਨੂੰਨ ਅਤੇ ਹੁਕਮਾਂ ਨੂੰ ਸਹਿਯੋਗ ਨਾ ਕਰਨ ਦਾ ਸੁਨੇਹਾ ਦਿੱਤਾ। ਅਜਿਹਾ ਉਹਨਾਂ ਨੇ ਲੂਣ ਮਾਰਚ ਜਾਂ ਡਾਂਡੀ ਮਾਰਚ ਸ਼ੁਰੂ ਕਰਕੇ ਕੀਤਾ। ਅਹਿਮਦਾਬਾਦ ਤੋਂ ਡਾਂਡੀ (Dandi) ਪਹੁੰਚ ਕੇ ਉਹਨਾਂ ਆਪ ਲੂਣ (Salt) ਬਨਾਉਣ ਲਈ ਯਾਤਰਾ ਸ਼ੁਰੂ ਕੀਤੀ। ਲੂਣ ਕਾਨੂੰਨਾਂ ਦਾ ਉਲੰਘਣ ਕਰਨ ਵੱਡੀ ਗਿਣਤੀ ਵਿਚ ਲੋਕ ਡਾਂਡੀ ਪਹੁੰਚੇ। ਸਰਕਾਰ ਨੇ ਬੁਰੀ ਤਰ੍ਹਾਂ ਤਸ਼ੱਦਦ ਚਹਾਉਂਦਿਆਂ ਸੈਂਕੜੇ ਲੋਕਾਂ ਤੇ ਡੰਡਾ ਵਰ੍ਹਾਇਆ। ਦਾਂਡੀ ਮਾਰਚ (Dandi March) ਮਹਾਤਮਾ ਗਾਂਧੀ ਨੇ ਸਭਨਾ ਗਤੀਵਿਧੀਆਂ ਵਿੱਚੋਂ ਵੱਧ ਭਾਗੀਦਾਰ (Participatory) ਸੀ।

ਲੋਕਮਤ (Public opinion) ਨੂੰ ਵੀ ਮਹਾਤਮਾ ਗਾਂਧੀ ਸੱਤਿਆਗ੍ਰਹਿ ਦਾ ਲਾਜ਼ਮੀ ਸਾਧਨ ਮੰਨਦੇ ਸਨ। ਅਧਿਆਇ ਦੇ ਸ਼ੁਰੂ ਵਿੱਚ ਅਸੀ ਗੱਲ ਕੀਤੀ ਸੀ ਕਿ ਗਾਂਧੀ ਦੇ ਸਹਿਯੋਗ ਸਦਕਾ ਅਜ਼ਾਦੀ ਸੰਘਰਸ਼ ਸ਼ਹਿਰਾਂ ਤੋਂ ਪਿੰਡਾਂ ਤੱਕ ਪਹੁੰਚ ਕਰ ਗਿਆ। ਸਰਕਾਰ ਦੇ ਪ੍ਰਚਾਰਤੰਤਰ (Propganda Mechinary) ਨੂੰ ਤੋੜ, ਲੋਕਾਂ ਵਿਚ ਨਵੀਂ ਸਮਝ ਪੈਦਾ ਕੀਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅਜ਼ਾਦੀ ਅੰਦੋਲਨ ਦੀ ਚੰਗਿਆਈ ਭਾਂਬੜ ਬਣ ਕੇ ਭੜਕਣ ਲੱਗੀ ਅਤੇ ਲੋਕਾਂ ਨੇ ਆਪਣੇ-ਆਪਣੇ ਪੱਧਰ 'ਤੇ ਅੰਦੋਲਨ ਵਿਚ ਹਿੱਸਾ ਪਾਇਆ। ਅਜਿਹਾ ਲੋਕਾਂ ਵਿਚ ਪ੍ਰਚਾਰ ਦਾ ਹੀ ਨਤੀਜਾ ਸੀ। ਲੋਕ ਦੇ ਅਜ਼ਾਦੀ ਬਾਰੇ ਸਮੂਹਿਕ ਵਿਚਾਰ ਹੀ ਲੋਕਮਤ (Public) ਦੀ ਪਛਾਣ ਅਤੇ ਜ਼ਿੰਦ-ਜਾਨ ਹੁੰਦੇ ਹਨ। ਹਿਜ਼ਰਤ (Hijrat) ਤੋਂ ਭੈਾਵ ਹੈ ਕਿ ਜੇਕਰ ਬੁਰਾਈ ਦਾ ਸਾਹਮਣਾ ਕਰਨ ਵਿਚ ਪੂਰੀ ਤਾਕਤ ਲਾਉਣ ਤੋਂ ਬਾਅਦ ਵੀ ਬੁਰਾਈ ਨੂੰ ਹਰਾਉਣਾ ਅਸੰਭਵ ਜਾਪੇ ਤਾਂ ਜ਼ੁਲਮ ਕਰ ਵਾਲੇ ਦੀ ਅਧੀਨਗੀ ਸਵਿਕਾਰ ਕਰਨ ਦੀ ਜਗਾ ਉਸ ਸਾਧਨ ਨੂੰ ਛੱਡ ਕੇ ਕਿਸੇ ਹੋਰ ਸੁੱਰਖਿਅਤ ਸਥਾਨ 'ਤੇ ਚਲੇ ਜਾਣਾ। ਮਹਾਤਮਾ ਗਾਂਧੀ ਅਨੁਸਾਰ ਸੱਤਿਆਗ੍ਰਹਿ ਦਾ ਇਹ ਢੰਗ ਅਤਿ ਦਰਜੇ ਦੇ ਹਲਾਤ ਵਿਚ ਜ਼ਰੂਰੀ ਹੋ ਜਾਂਦਾ ਹੈ।

ਸ਼ਾਤਮਈ ਹੜਤਾਲ ਅਸਹਿਯੋਗ, ਭੁੱਖ ਹੜਤਾਲ, ਲੋਕਮਤ ਅਤੇ ਹਿਜਰਤ ਆਦਿ ਸੱਤਿਆਗ੍ਰਹਿ ਦੇ ਢੰਗ ਹਨ। ਮਹਾਤਮਾ ਗਾਂਧੀ ਤੋਂ ਪਹਿਲਾਂ ਵੀ ਇਹ ਢੰਗ ਮੌਜੂਦ ਸਨ ਪਰੰਤੂ ਜਿਸ ਸਿੱਦਤ ਨਾਲ ਉਹਨਾਂ ਸੱਤਿਆਗ੍ਰਹਿ ਨੂੰ ਵਰਤਿਆ ਉਹ ਵਿਸ਼ਵ ਵਿਚ ਮਿਸਾਲ ਹੈ। ਦੱਖਣੀ ਅਫ਼ਰੀਕਾ ਦੇ ਮਸ਼ਹੂਰ ਸਿਆਤਦਾਨ ਨੈਲਸਨ ਮੰਡੇਲਾ (Nelson Mandela) ਨੇ ਕਿਹਾ ਕਿ "ਗਾਂਧੀ ਦੱਖਣੀ ਅਫ਼ਰੀਕਾ ਵਿੱਚ ਬਤੌਰ ਵਕੀਲ ਆਏ ਅਤੇ ਮਹਾਤਮਾ ਬਣ ਕੇ ਵਾਪਸ ਗਏ।" ਵਿਸ਼ਵ ਵਿਚ ਬਹੁਤ ਸਾਰੀਆਂ ਰਾਜਨੀਤਕ ਲੜਾਈਆਂ ਵਿਚ, ਗਾਂਧੀ ਦੁਆਰਾ ਬਣਾਇਆ ਰਾਹ ਚਾਨਣ-ਮੁਨਾਰਾ ਹੈ। ਭਾਰਤ ਦੀ ਪਛਾਣ ਵਿਸ਼ਵ ਵਿਚ ਮਹਾਤਮਾ ਗਾਂਧੀ ਦੇ ਵਿਵਕਤੀਤਵ (Personality) ਦੇ ਆਲੇ-ਦੁਆਲੇ ਘੁੰਮਦੀ ਹੈ।

ਮਹਾਤਮਾ ਗਾਂਧੀ ਦੁਆਰਾ ਚਲਾਏ ਕੁਝ ਹੋਰ ਅੰਦੋਲਨ

(i) ਨਾ-ਮਿਲਵਰਤਨ ਅੰਦੋਲਨ (Non-Cooperation Movement) : ਮਹਾਤਮਾ ਗਾਂਧੀ ਨੇ ਸਤੰਬਰ 1920 ਵਿੱਚ ਬਰਤਾਨਵੀ ਸ਼ਾਸਨ ਦੇ ਖ਼ਿਲਾਫ ਨਾ-ਮਿਲਵਰਤਨ ਅੰਦੋਲਨ ਚਲਾਇਆ। ਨਾ-ਮਿਲਵਰਤਨ ਅੰਦੋਲਨ ਤੋਂ ਭਾਵ ਬਾਰਤਾਨਵੀ ਸਾਮਰਾਜ ਨੂੰ ਸ਼ਾਸਨ ਵਿਚ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਨਾ ਕਰਨਾ ਅਤੇ ਵਿਦੇਸ਼ੀ ਵਸਤੂਆਂ, ਕੱਪੜਿਆਂ, ਸੰਸਥਾਵਾਂ ਜਿਵੇਂ ਸਕੂਲ, ਕਾਲਜ, ਕਚਹਿਰੀਆਂ, ਪ੍ਰੋਗਰਾਮਾਂ ਵਿਚ ਸਿਰਕਤ ਨਾ ਕਰਨਾ ਆਦਿ ਸ਼ਾਮਲ ਸੀ। ਪਰ ਗਾਂਧੀ ਜੀ ਦੁਆਰਾ ਫਰਵਰੀ 1922 ਵਿਚ ਉੱਤਰ ਪ੍ਰਦੇਸ਼ ਦੇ ਗੋਰਖਪੁਰ ਖਿੱਤੇ ਦੇ ਇਕ ਪੁਲਿਸ ਸਟੇਸ਼ਨ ਦੀ ਹਿੰਸਕ ਘਟਨਾ ਦੇ ਕਾਰਨ ਇਹ ਅੰਦੋਲਨ ਵਾਪਸ

ਕਰ ਲਿਆ।



ਮਹਾਤਮਾ ਗਾਂਧੀ, ਨਾ-ਮਿਲਵਰਤਨ ਅੰਦੋਲਨ ਦੌਰਾਨ ਫ਼ਰਵਰੀ 1922 ਵਿੱਚ ਗੋਰਖਪੁਰ (ਉਤਰ ਪ੍ਰਦੇਸ਼) ਵਿਖੇ ਵਾਪਰੀ ਹਿੰਸਕ ਘਟਨਾ ਦੌਰਾਨ

(ii) ਸਿਵਲ ਨਾ ਫ਼ੁਰਮਾਨੀ ਅੰਦੋਲਨ (Civil Disobedience Movement) : ਇਸ ਅੰਦੋਲਨ ਵਿੱਚ ਅੰਗਰੇਜ਼ੀ ਸਰਕਾਰ ਦੁਆਰਾ ਲਾਗੂ ਕੀਤੇ ਅਨਿਆਂ ਪੂਰਨ ਲੂਣ ਕਨੂੰਨ ਦਾ ਵਿਰੋਧ ਕਰਨਾ ਸੀ। ਇਹ ਅੰਦੋਲਨ ਮਾਰਚ 1930 ਵਿਚ ਚਲਾਇਆ।



ਸਿਵਲ ਨਾ-ਫ਼ੁਰਮਾਨੀ ਅੰਦੋਲਨ ਦੌਰਾਨ ਲੂਣ ਸਤਿਆਗ੍ਰਹਿ ਵਿੱਚ ਸ਼ਿਰਕਤ ਕਰਦੇ ਹੋਈ ਮਹਾਤਮਾ ਗਾਂਧੀ ਤੇ ਹੋਰ ਸੱਤਿਆਗ੍ਰਹੀ

ਮਹਾਤਮਾ ਗਾਂਧੀ ਦੇ ਸੁਪਨਿਆਂ ਦਾ ਸੰਸਾਰ
(Mahatma Gandhi's Utopian world)

ਮਹਾਤਮਾ ਗਾਂਧੀ ਦਾ ਵਿਚਾਰ ਸੀ ਸਾਰਿਆਂ ਨੂੰ ਜਗਾਉਣਾ, ਸਾਰਿਆਂ ਦਾ ਭਲਾ ਕਰਨਾ ਹੀ ਸਭ ਤੋਂ ਉਤਮ ਕਾਰਜ ਹੈ। ਉਹ ਅਮੀਰ ਤੇ ਗਰੀਬ ਵਿਚ ਫ਼ਰਕ ਨਹੀਂ ਕਰਦੇ ਸਨ। ਅਮੀਰ ਅਧਿਆਤਮਕ (Spiritual) ਤੌਰ 'ਤੇ ਗਰੀਬ ਹੈ ਅਤੇ ਗਰੀਬ ਅਧਿਆਤਮਕ (Spiritual) ਤੇ ਨੈਤਿਕ (Moral) ਤੌਰ 'ਤੇ ਅਮੀਰ ਹੈ। ਚੰਗੇ ਸਾਧਨਾਂ ਰਾਹੀਂ ਸਾਰੀਆਂ ਸਮਾਜਿਕ ਤਰੇੜਾਂ ਨੂੰ ਖ਼ਤਮ ਕੀਤੇ ਜਾਣ ਲਈ ਗਾਂਧੀ ਨੇ ਚੰਗ ਸਮਝਾਏ/ਸੁਝਾਏ ਮਹਾਤਮਾ ਗਾਂਧੀ ਪੂੰਜੀਵਾਦੀ ਢਾਂਚੇ ਨੂੰ ਮਾਰਕਸਵਾਦ ਵਾਂਗ ਬਦਲਣ ਦੇ ਪੱਖ ਵਿਚ ਨਹੀਂ ਸਨ। ਉਹ ਵਰਤਮਾਨ ਵਿਚ ਪ੍ਰਚਲਿਤ ਢਾਂਚੇ ਨੂੰ ਸੁਧਾਰਨ ਨਾਲੋਂ ਪੂੰਜੀਪਤੀਆਂ ਦੇ ਮਨਾਂ ਵਿਚ ਇਹ ਪਾਉਣਾ ਚਾਹੁੰਦੇ ਸਨ ਕਿ ਜਿਹੜੀ ਸੰਪੱਤੀ ਦੇ ਮਾਲਕ ਹਨ। ਉਹ ਸੰਪੱਤੀ ਪਰਮਾਤਮਾ ਨੇ ਮਨੁਖਤਾ ਦੀ ਭਲਾਈ ਪੂੰਜੀਪਤੀਆਂ ਨੂੰ ਸੌਂਪੀ ਹੈ ਅਤੇ

ਮਜ਼ਦੂਰਾਂ ਦੇ ਝਗੜੇ ਖ਼ਤਮ ਕਰਕੇ ਵਰਗ-ਸਹਿਯੋਗ (Class Cooperation) ਵੀ ਭਾਵਨਾ ਪੈਦਾ ਕੀਤੀ ਜਾਵੇਗੀ। ਮਹਾਤਮਾ ਗਾਂਧੀ ਉਹਨਾਂ ਨੇ ਅੰਮ੍ਰਿਤਾ ਬਜ਼ਾਰ ਪਤ੍ਰਿਕਾ (Amritar Bazar Patrika (1934) ਵਿਚ ਲਿਖਿਆ :

"ਪੂੰਜੀਪਤੀਆਂ ਅਤੇ ਜ਼ਮੀਨ ਦੇ ਮਾਲਕਾਂ ਦੇ ਖ਼ਾਤਮਾ ਦੀ ਲੋੜ ਨਹੀਂ ਹੈ ਸਗੋਂ ਇਹਨਾਂ ਦੇ ਲੋਕਾਈ (Masses) ਨਾਲ ਸਬੰਧਾਂ ਨੂੰ ਪਵਿੱਤਰ ਅਤੇ ਚੰਗੇ ਸਬੰਧਾਂ ਵਿਚ ਬਦਲਣ ਦੀ ਜ਼ਰੂਰਤ ਹੈ।"

ਮਹਾਤਮਾ ਗਾਂਧੀ ਮਿਹਨਤ/ਮਜ਼ਦੂਰੀ ਦੇ ਸਤਿਕਾਰ (Diginity of Labour) ਨਾਲ ਵਰਗ ਸਹਿਯੋਗ ਕਰਨ ਵਾਲੇ ਸਮਾਜ ਦਾ ਅਧਾਰ ਰੱਖਿਆ ਜਾਵੇਗਾ। ਮਹਾਤਮਾ ਗਾਂਧੀ ਸ਼ਕਤੀਆਂ ਦੇ ਕੇਂਦਰੀਕਰਨ (Centralisation of Power) ਦੀ ਨਹੀਂ ਸਗੋਂ ਆਦਰਸ਼ ਸਮਾਜ (Ideal Society) ਦੀ ਤਸਵੀਰ ਪੇਸ਼ ਕਰਦੇ ਹਨ। ਭਿਖੂ ਪਾਰੇਖ (Bhikhu Parekh) ਅਜਿਹੇ ਸਮਾਜਿਕ ਪ੍ਰਬੰਧ ਨੂੰ ਗਿਆਨਵਾਨ ਅਰਾਜਕਤਾ (Englihtened anarchy) ਕਹਿੰਦ ਹਨ ਜਿਹਦੇ ਵਿਚ ਸਮਾਜਿਕ ਤੌਰ 'ਤੇ ਜਿੰਮੇਵਾਰ ਅਤੇ ਨੈਤਿਕ ਤੌਰ 'ਤੇ ਅਨੁਸ਼ਾਸਤ ਔਰਤਾਂ ਅਤੇ ਮਰਦ ਕਦੇ ਵੀ ਇੱਕ-ਦੂਜੇ ਨੂੰ ਨੁਕਸਾਨ ਨਹੀਂ ਪਹਚਾਉਂਣਗੇ ਨਾ ਕਿਸੇ ਕਿਸਮ ਦੇ ਰਾਜਨੀਤਕ ਪ੍ਰਬੰਧ ਦੀ ਲੋੜ ਹੋਵੇਗੀ।

ਆਦਰਸ਼ ਸਮਾਜ ਭਾਰਤ ਦੇ ਸਮਾਜ ਦੇ ਪੁਨਰ ਜਨਮ ਲਈ ਨੈਤਿਕ ਅਤੇ ਅਧਿਆਤਮਕ (Moral and Spritual) ਨੂੰ ਪੁਨਰ-ਜੀਵਤ ਕਰਕੇ ਹੀ ਸੰਭਵ ਹੈ ਕਿਉਂਕਿ ਪੱਛਮ ਚੀਜ਼ਾਂ ਦੀ ਲਾਲਸਾ 'ਤੇ ਅਧਾਰਤ ਸੱਭਿਅਤਾ ਹੈ ਜਿਸ ਦੀ ਨਕਲ ਸਾਰੇ ਸੰਸਾਰ ਵਿਚ ਕੀਤੀ ਜਾ ਰਹੀ ਹੈ। ਭਾਰਤ ਦੀ ਪੁਰਾਤਨ ਸੱਭਿਅਤਾ ਸਮਾਜ ਅਤੇ ਵਿਅਕਤੀ ਦੇ ਸੁਖਾਵੇਂ ਸਬੰਧਾਂ 'ਤੇ ਅਧਾਰਤ ਹੈ ਜੋ ਵਿਅਕਤੀ ਨੂੰ ਸਮਾਜਿਕ ਜ਼ਿੰਮੇਵਾਰੀ ਦੇ ਨਾਲ-ਨਾਲ ਆਤਮ ਵਿਕਾਸ 'ਤੇ ਵੀ ਜ਼ੋਰ ਦਿੰਦੀ ਹੈ। ਪਦਾਰਥਕ ਤੌਰ 'ਤੇ ਕੇਵਲ ਮੁੱਢਲੀਆਂ ਲੋੜਾਂ ਹੀ ਲਾਜ਼ਮੀ ਹਨ ਅਤੇ ਲੋੜਾਂ ਤੋਂ ਵੱਧ ਭੁੱਖ ਵਿਅਕਤੀ ਨੂੰ ਅਧਿਆਤਮਕ ਤੌਰ 'ਤੇ ਨਿਘਾਰ ਵੱਲ ਲੈ ਜਾਂਦੀ ਹੈ।

ਅਹਿੰਸਾ ਆਦਰਸ਼ ਰਾਜ ਦਾ ਕੇਂਦਰ-ਬਿੰਦੂ ਹੋਏਗੀ। ਵਿਅਕਤੀਆਂ ਦੇ ਆਪਸੀ ਸਬੰਧਾਂ ਵਿਚ ਜ਼ੋਰ ਜਬਰਦਸਤੀ ਨਹੀ ਹੋਵੇਗੀ ਸਗੋਂ ਆਪਸੀ ਸਦਭਾਵਨਾ ਅਤੇ ਸਤਿਕਾਰ 'ਤੇ ਅਧਾਰਤ ਰਿਸਤੇ ਹੀ ਸਮਾਜ ਦੀ ਨੀਂਹ ਹੋਣਗੇ। ਅਧਿਕਾਰੀਆਂ ਦੀ ਲੋੜ ਹੋਵੇਗੀ ਪਰੰਤੂ ਉਹ ਪੁਲਿਸ, ਫੌਜ, ਜਬਰ ਆਦਿ ਸੰਸਥਾਵਾਂ ਦੇ ਜ਼ੋਰ ਨਾਲ ਲੋਕਾਂ ਨੂੰ ਕਾਬੂ ਵਿਚ ਨਹੀਂ ਰੱਖਣਗੇ ਸਗੋਂ ਵਿਅਕਤੀ ਜ਼ਿੰਮੇਵਾਰੀ ਨਾਲ ਕੰਮ ਕਰਨਗੇ ਅਤੇ ਅਧਿਕਾਰੀ (Officials or administrators) ਸਮਾਜ ਦਾ ਪ੍ਰਬੰਧ ਕਰਦੇ ਸਮੇਂ ਪ੍ਰੇਰਨਾ ਵੀ ਵਰਤੋਂ ਤਾਂ ਕਰਨਗੇ ਪਰੰਤੂ ਹਿੰਸਾ (Violence) ਦੀ ਬਿਲਕੁਲ ਵੀ ਵਰਤੋਂ ਨਹੀਂ ਕਰਨਗੇ।

ਸਮਾਜਕ ਪ੍ਰਬੰਧ ਅਜਿਹਾ ਹੋਵੇਗਾ ਜਿਸ ਵਿਚ ਸਮਾਜਿਕ ਜ਼ਿੰਮੇਵਾਰੀ (Social Responsibility) ਨਿਭਾਉਂਦੇ ਹੋਇਆ ਵਿਅਕਤੀ ਦਾ ਮਾਣ-ਸਤਿਕਾਰ ਕਾਇਮ ਰੱਖਿਆ ਜਾਵੇਗਾ। ਗਾਂਧੀ ਅਨੁਸਾਰ ਮਨੁੱਖ ਨੂੰ ਆਪਣੀਆਂ ਸਾਰੀਆਂ ਰੁਚੀਆਂ, ਯੋਗਤਾਵਾਂ ਨੂੰ ਵਿਕਸਤ ਕਰਨ ਦੇ ਮੌਕੇ ਦਿੱਤੇ ਜਾਣਗੇ ਜਿਸ ਰਾਹੀਂ ਉਹ ਕੇਵਲ ਪਦਾਰਥਕ (Materially) ਤੌਰ 'ਤੇ ਅਮੀਰ ਸਗੋਂ ਨੈਤਿਕ ਅਤੇ ਅਧਿਆਤਮਕ ਤੌਰ 'ਤੇ ਵੀ ਬਾਦਸ਼ਾਹ (King) ਹੋਏਗਾ। ਸ਼ਕਤੀਆਂ ਦਾ ਵਿਕੇਂਦਰੀਕਰਨ (Decentralisation of Powers) ਦਾ ਪੱਖ ਪੂਰਦਿਆਂ ਮਹਾਤਮਾ ਗਾਂਧੀ ਇਕ ਅਜਿਹਾ ਸਮਾਜਿਕ ਦਾਣਾ-ਬਾਣਾ ਸਿਰਜਣ ਦੇ ਪੱਖ ਵਿਚ ਜਿਸ ਵਿੱਚ ਸ਼ਕਤੀਆਂ ਦਾ ਕੇਂਦਰੀਕਰਨ ਨਾ ਹੋਵੇ।

(i) ਵੱਡੇ ਕਾਰਖਾਨਿਆਂ ਦਾ ਵਿਰੋਧ

(ii) ਲਘੂ-ਉਦਯੋਗ ਖਾਸਕਰ ਪਿੰਡ ਪੱਧਰ ਦੇ ਉਦਯੋਗਾਂ ਪੱਖ

(iii) ਪੈਦਾਵਾਰ ਅਤੇ ਖਪਤ ਅਤੇ ਮਾਮਲੇ ਵਿਚ ਸਧਾਰਨ ਜ਼ਿੰਦਗੀ।

(iv) ਪਿੰਡ ਆਪਣੀ ਪਹੁੰਚ ਅਤੇ ਵਿਸ਼ੇਸ਼ਤਾ ਅਨੁਸਾਰ ਵਸਤਾਂ ਦੇ ਪੈਦਾਵਾਰ ਕਰੇਗਾ।

(v) ਪਿੰਡ ਦੇ ਵਾਸੀ ਆਪ ਤੈਅ ਕਰਨਗੇ ਕਿ ਕਿਹੜੀਆਂ ਵਸਤੂਆਂ ਤਿਆਰ ਕਰਨੀਆਂ ਹਨ।

ਮਹਾਤਮਾ ਗਾਂਧੀ ਵਿਅਕਤੀ ਨੂੰ ਕੇਂਦਰ ਮੰਨਦਾ ਹੈ ਜੋ ਪਿੰਡ ਲਈ ਕੁਰਬਾਨ ਹੋਣ ਲਈ ਤਿਆਰ ਹੋਵੇਗਾ, ਪਿੰਡ ਹੋਰ ਪਿੰਡਾਂ ਲਈ ਕੁਰਬਾਨ ਦੀ ਧਾਰਨਾ ਤੇ ਸਾਰੇ ਇਕ ਦੂਜੇ ਨਾਲ ਪਿਆਰ, ਮੁਹਬੱਤ ਨਾਲ ਅਤੇ ਕੁਰਬਾਨ ਹੋਣ ਵੀ ਭਾਵਨਾ ਵਾਂਗ ਸਮੁੰਦਰ ਦੀਆਂ ਲਹਿਰਾਂ ਵਾਂਗ ਲਹਿਰਾਉਂਦੇ ਰਹਿਣਗੇ। ਸਮੁੰਦਰੀ ਚੱਕਰ ਵਾਂਗ ਸਾਰੇ ਚੱਕਰ ਇਕ ਦੂਜੇ ਦੀਆਂ ਅਲੱਗ ਇਕਾਈ ਹੁੰਦਿਆਂ ਹੋਇਆਂ ਵੀ ਆਪਣੀ ਸਾਂਝ ਬਣਾਈ ਰੱਖਣਗੇ।

ਮਹਾਤਮਾ ਗਾਂਧੀ ਨੇ ਵੱਖ-ਵੱਖ ਮਾਧਿਅਮਾਂ ਰਾਹੀਂ ਆਪਣੇ ਵਿਚਾਰਾਂ ਨੂੰ ਅਸਲੀਅਤ ਵਿਚ ਲਾਗੂ ਕਰਨ ਦੀ ਕਾਮਯਾਬ ਕੋਸ਼ਿਸ਼ ਕੀਤੀ। ਅਗਲੀਆਂ ਸ਼੍ਰੇਣੀਆਂ ਵਿੱਚ ਅਤੇ ਵਰਤਮਾਨ ਰਾਜਨੀਤੀ ਵਿਚ ਵੀ ਮਹਾਤਮਾ ਦਾ ਜ਼ਿਕਰ ਆਮ ਸੁਨਣ ਨੂੰ ਮਿਲੇਗਾ।

ਉਹਨਾਂ ਦੇ ਵਿਚਾਰਾਂ ਨੂੰ ਹਵਾ-ਹਵਾਈ (Utopian) ਕਹਿਣਾ ਆਮ ਵਰਤਾਰਾ ਹੈ। ਪਰੰਤੂ ਇਤਿਹਾਸ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ ਜਦੋਂ ਸੱਤ੍ਹਾ ਵਿਚ ਕਾਬਜ਼ ਲੋਕਾਂ ਨੂੰ ਸਵਾਲ ਕੀਤੇ ਜਾਂਦੇ ਰਹੇ ਹਨ। ਗੁਰੂ ਨਾਨਕ ਨੇ ਬਾਬਰ ਦੇ ਹਮਲੇ ਨੂੰ 'ਪਾਪ ਦੀ ਜੰਞ' ਕਿਹਾ ਸੀ ਅਤੇ ਗੁਰੂ ਸਾਹਬ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਵਰਤਮਾਨ ਸਮੇਂ ਸਰਕਾਰ ਦਾ ਵਿਰੋਧ ਕਰਨ ਦੇ ਦੋਸ਼ ਹੇਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਲੋਕਤੰਤਰ ਦੇ ਦੌਰ ਵਿਚ ਅਜਿਹਾ ਵਰਤਾਰਾ ਨੈਤਿਕ ਅਧਾਰ 'ਤੇ ਕੀਤੀ ਜਾਂਦੀ ਰਾਜਨੀਤੀ ਦੇ ਬਿਲਕੁਲ ਉਲਟ ਚਲ ਰਿਹਾ ਹੈ। ਫਿਰ ਵੀ ਮਹਾਤਮਾ ਗਾਂਧੀ ਦੁਆਰਾ ਦੱਸਿਆ ਰਾਹ ਹਮੇਸ਼ਾਂ ਹੀ ਆਮ ਲੋਕਾਂ ਨੂੰ ਪ੍ਰਭਾਵਿਤ ਕਰਦਾ ਰਹੇਗਾ।

ਅਭਿਆਸ

I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ. ਮੋਹਨ ਦਾਸ ਕਰਮਚੰਦ ਗਾਂਧੀ ਨੂੰ "ਮਹਾਤਮਾ" ਦੀ ਉਪਾਧੀ ਕਿਸ ਨੇ ਦਿੱਤੀ ?

ਅ. ਸੰਨ 1893 ਵਿੱਚ ਮਹਾਤਮਾ ਗਾਂਧੀ ਕਿੱਥੇ ਅਤੇ ਕਿਉਂ ਗਏ ਸਨ ?

ੲ. ਗਾਂਧੀ ਜੀ ਨੂੰ ਕਿਹੜੇ ਦੋ ਲੇਖਕਾਂ ਦੀਆਂ ਲਿਖਤਾ ਨੇ ਪ੍ਰਭਾਵਿਤ ਕੀਤਾ ?

ਸ. ਗੋਪਾਲ ਕਿਸ਼ਨ ਗੋਖ਼ਲੇ ਨੂੰ ਮਹਾਤਮਾ ਗਾਂਧੀ ਆਪਣਾ ਕੀ ਮੰਨਦੇ ਸਨ ?

ਹ. ਮਹਾਤਮਾ ਗਾਂਧੀ ਦੀਆਂ ਦੋ ਲਿਖਤਾ ਦੇ ਨਾਂ ਲਿਖੋ।

ਖਾਲੀ ਥਾਵਾਂ ਭਰਕੇ ਵਾਕ ਪੂਰੇ ਕਰੋ—

ਕ. ਮਹਾਤਮਾ ਗਾਂਧੀ ਪਲੈਟੋ ਦੀ ਕਿਹੜੀ ਰਚਨਾ ਦਾ ..... ਭਾਸ਼ਾ ਵਿੱਚ ਅਨੁਵਾਦ ਕੀਤਾ।

ਖ. ਗਾਂਧੀ ਅਨੁਸਾਰ ਰਾਜਨੀਤੀ ਨੂੰ ..... ਤੋਂ ਕਦੋਂ ਵੀ ਲਖੇੜਿਆ ਨਹੀਂ ਜਾ ਸਕਦਾ।

ਗ. ਗਾਂਧੀ ਅਨੁਸਾਰ ਅਹਿੰਸਾ ਦੇ ..... ਅਤੇ ਦੋ ਰੂਪ ਹਨ।

ਘ. ਮਹਾਤਮਾ ਗਾਂਧੀ ਦੁਆਰਾ ..... ਅਤੇ ..... ਅੰਦੋਲਨ ਚਲਾਏ ਗਏ।

ਙ. ਗਾਂਧੀ ਆਖਦੇ ਹਨ ਕਿ ਅਮੀਰ ..... ਤੌਰ 'ਤੇ ਗਰੀਬ ਹੈ, ਅਤੇ ਗਰੀਬ ਅਧਿਆਤਮਕ ਤੌਰ 'ਤੇ ..... ਹੈ।

II. ਪ੍ਰਸ਼ਨਾਂ ਦੇ ਉੱਤਰ 5-8 ਸਤਰਾਂ ਵਿੱਚ ਦਿਓ—

ੳ. ਗਾਂਧੀ ਜੀ ਨੂੰ ਧਾਰਮਿਕ ਗ੍ਰੰਥਾ ਨੇ ਕਿਵੇਂ ਪ੍ਰਭਾਵਿਤ ਕੀਤਾ ?

ਅ. ਗਾਂਧੀ ਅਨੁਸਾਰ ਆਧੁਨਿਕ ਰਾਜ ਦਾ ਸਰੂਪ ਕਿਵੇਂ ਦਾ ਹੈ ?

ੲ. ਸਮਾਜਿਕ ਜ਼ਿੰਮੇਵਾਰੀ ਅਤੇ ਸਾਂਝੀ ਸਮੂਹਕ ਜ਼ਿੰਦਗੀ ਦਾ ਗਾਂਧੀ ਜੀ ਅਨੁਸਾਰ ਕੀ ਅਰਥ ਹੈ ?

ਸ. ਰਾਜਨੀਤੀ ਅਤੇ ਨੈਤਿਕਤਾ ਦਾ ਆਪਸੀ ਰਿਸ਼ਤਾ ਕਿਵੇਂ ਦਾ ਹੈ ?

ਹ. ਹੱਥੀਂ ਕਿਰਤ ਅਤੇ ਪੇਂਡੂ ਪੱਧਰ ਦੇ ਲਘੂ ਉਦਯੋਗਾਂ ਬਾਰੇ ਗਾਂਧੀ ਜੀ ਦੀ ਕੀ ਰਾਏ ਸੀ ?

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ—

ੳ. ਮਹਾਤਮਾ ਗਾਂਧੀ ਜੀ ਸਾਧਨ ਅਤੇ ਉਦੇਸ਼ਾਂ ਵਿੱਚ ਕਿਵੇਂ ਦਾ ਸੰਬੰਧ ਦੇਖਦੇ ਹਨ ?

ਅ. ਅਹਿੰਸਾ ਅਤੇ ਸਵੈਰਾਜ ਦੀ ਵਿਸਤ੍ਰਿਤ ਵਿਆਖਿਆ ਕਰੋ।

ੲ. ਸੱਤਿਆਗ੍ਰਹਿ ਤੋਂ ਕੀ ਭਾਵ ਹੈ। ਮਹਾਤਮਾ ਗਾਂਧੀ ਜੀ ਦੁਆਰਾ ਕੀਤੇ ਵੱਖ-ਵੱਖ ਸੱਤਿਆਗ੍ਰਹਿਆਂ ਬਾਰੇ ਜਾਣਕਾਰੀ ਦਿਓ।

ਸ. ਮਹਾਤਮਾ ਗਾਂਧੀ ਦੇ ਭਵਿੱਖੀ ਸੁਪਨਿਆਂ ਦੇ ਸੰਸਾਰ ਦੀ ਵਿਆਖਿਆ ਕਰੋ।

13

ਡਾ.ਬੀ.ਆਰ. ਅੰਬੇਦਕਰ ਦੇ ਸਮਾਜਿਕ-ਆਰਥਿਕ-ਰਾਜਨੀਤਕ ਵਿਚਾਰ

[Socio-eco Political Ideas of Dr. B.R. Ambedkar]

ਡਾਕਟਰ ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ, 1891 ਨੂੰ ਮੁਹੂ (Mhow) ਛਾਉਣੀ ਵਿਚ ਹੋਇਆ। ਵਰਤਮਾਨ ਵਿੱਚ ਇਸ ਛਾਉਣੀ (Cantonment) ਦਾ ਨਾਮ ਡਾ. ਅੰਬੇਦਕਰ ਨਗਰ ਹੈ ਜੋ ਮੱਧ ਪ੍ਰਦੇਸ਼ (Madhya Pradesh) ਸੂਬੇ ਦੇ ਅਧਿਕਾਰ ਖੇਤਰ ਅਧੀਨ ਹੈ। ਅੰਬੇਦਕਰ ਦੇ ਪਰਿਵਾਰਕ ਪਿਛੋਕੜ ਮਰਾਠੀ (Marathi) ਪਿੱਠ ਭੂਮੀ ਅਤੇ ਅੰਬਾੜਵੇ ਸ਼ਹਿਰ ਨਾਲ ਜੁੜਦਾ ਹੈ ਜੋ ਮਹਾਰਾਸ਼ਟਰ ਸੂਬੇ ਵਿਚ ਰਤਨਗਿਰੀ (Ratangiri) ਜ਼ਿਲ੍ਹੇ ਅਧੀਨ ਇੱਕ ਬਲਾਕ ਹੈ। ਅੰਬੇਦਕਰ ਮਹਾਰ (Mahar) ਜਾਤ ਨਾਲ ਸਬੰਧਤ ਹਨ ਜਿਸਨੂੰ ਕਿ ਅਛੂਤ (Untouchable) ਸਮਝਿਆ ਜਾਂਦਾ ਸੀ। ਜਾਤਪਾਤ 'ਤੇ ਅਧਾਰਤ ਸਮਾਜ ਕਾਰਨ ਅੰਬੇਦਕਰ ਨੇ ਬਚਪਨ ਤੋਂ ਹੀ ਅਣਮਨੁੱਖੀ ਵਿਹਾਰ ਦਾ ਸਾਹਮਣਾ ਕੀਤਾ ਸੀ। ਸਮਾਜ ਤੋਂ ਬਾਅਦ ਸਕੂਲ ਵਿਚ ਵੀ ਮਹਾਰ ਜਾਤ ਦੇ ਵਿਦਿਆਰਥੀਆਂ ਨਾਲ ਵਿਤਕਰਾ (discrimination) ਹੁੰਦਾ ਸੀ ਉਥੇ ਪੀਣ ਲਈ ਰੱਖੇ ਪਾਣੀ ਨੂੰ ਹੱਥ ਲਾਉਣ ਦੀ ਇਜਾਜ਼ਤ ਤੱਕ ਨਹੀਂ ਸੀ। ਅੰਬੇਦਕਰ ਦੇ ਬਾਅਦ ਵਿਚ ਆਪਣੀ ਰਚਨਾ 'No peon no water' (ਚਪੜਾਸੀ ਬਿਨਾਂ ਪਾਣੀ ਵੀ ਨਹੀਂ) ਵਿਚ ਬਿਆਨ ਕੀਤਾ ਕਿ ਪਾਣੀ ਮਿਲਾਉਣ ਦੀ ਜਿੰਮੇਵਾਰੀ ਚਪੜਾਸੀ ਦੀ ਸੀ ਜਿਸ ਦਿਨ ਉਹ ਸਕੂਲ ਹਾਜ਼ਰ ਨਹੀਂ ਹੁੰਦੇ। ਉਨ੍ਹਾਂ ਨੂੰ ਸਾਰਾ ਦਿਨ ਪਿਆਸੇ ਹੀ ਰਹਿਣਾ ਪੈਂਦਾ ਸੀ।



ਚਿੱਤਰ 13.1 : ਡਾ. ਬੀ. ਆਰ. ਅੰਬੇਦਕਰ ਜੀ ਦੀ ਇੱਕ ਤਸਵੀਰ

ਡਾ. ਬੀ. ਆਰ ਅੰਬੇਦਕਰ ਜੀ ਨੂੰ ਸਤਿਕਾਰ ਵਜੋਂ 'ਬਾਬਾ ਸਾਹਿਬ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਡਾ. ਬੀ. ਰਾਓ ਰਾਮਜੀ ਦਾ ਗੋਤ (Surname) ਸਕਪਾਲ (Sakpal) ਸੀ ਪਰੰਤੂ ਉਹਨਾਂ ਦੇ ਪਿਤਾ ਜੀ ਨੇ ਆਪਣੇ ਪਿੰਡ ਦੇ ਨਾਂ 'ਤੇ ਅੰਬਾੜਵੇ (Ambadve) ਗੋਤ ਸਕੂਲ ਵਿਚ ਦਾਖਲੇ ਸਮੇਂ ਲਿਖਵਾਇਆ ਸੀ। ਬਾਅਦ ਵਿਚ ਉਹਨਾਂ ਦੇ ਅਧਿਆਪਕ ਕ੍ਰਿਸ਼ਨ ਜੀ ਕੇਸ਼ਵ ਅੰਬੇਦਕਰ ਨੇ ਆਪਣੇ ਗੋਤ ਅੰਬੇਦਕਰ ਨੂੰ ਅੰਬਾੜਵੇ ਨਾਲ ਸਕੂਲ ਰਿਕਾਰਡ ਵਿਚ ਦਰਜ ਕਰ ਲਿਆ। ਅੰਬੇਦਕਰ ਨੂੰ 'ਬਾਬਾ ਸਾਹਿਬ ਅੰਬੇਦਕਰ' ਦੇ ਨਾਂ ਨਾਲ ਵੀ ਪ੍ਰਸਿੱਧੀ ਹਾਸਲ ਹੈ। ਚੌਥੀ ਸ਼੍ਰੇਣੀ ਵਿਚ ਪਾਸ ਹੋਣਾ ਮਹਾਰ ਜਾਤ ਦੇ ਵਿਦਿਆਰਥੀ ਲਈ ਵੱਡੀ ਮੱਲ (great height) ਸੀ ਇਸ ਕਰਕੇ ਮਹਾਰਾਂ ਨੇ ਜਸ਼ਨ ਮਨਾਉਣ ਦੀ ਗੱਲ ਅੰਬੇਦਕਰ ਨਾਲ ਸਾਂਝੀ ਕੀਤੀ ਤਾਂ ਉਹਨਾਂ ਕਿਹਾ ਕਿ ਤੁਸੀਂ ਬਾਹਰੀ ਸਮਾਜ ਨਾਲ ਸਿੱਖਿਆ ਦੇ ਪੱਧਰ ਦਾ ਮੁਕਾਬਲਾ ਕਰਕੇ ਦੇਖੋ ਇਹ ਕੋਈ ਮਾਅਰਕੇ ਵਾਲੀ ਗੱਲ ਨਹੀਂ ਹੈ। ਮਹਾਰ ਸਮੁਦਾਇ ਨੇ ਅੰਬੇਦਕਰ ਵੱਲੋਂ ਚੌਥੀ ਸ਼੍ਰੇਣੀ ਪਾਸ ਕਰਨ ਵਾਲੇ ਪਹਿਲੇ ਵਿਦਿਆਰਥੀ ਦੀ ਖੁਸ਼ੀ ਵਿਚ ਜਸ਼ਨ ਮਨਾਏ। ਇਸ ਜਸ਼ਨ ਵਿਚ ਦਾਦਾ ਕੇਲੂਸਕਰ (Dada Keluskar) ਨੇ ਅੰਬੇਦਕਰ ਨੂੰ ਮਹਾਤਮਾ ਬੁੱਧ ਦੀ ਸਵੈ ਜੀਵਨੀ ਭੇਂਟ ਕੀਤੀ।

ਸੰਨ 1907 ਵਿਚ ਦਸਵੀ ਸ਼੍ਰੇਣੀ ਪਾਸ ਕਰਨ ਤੋਂ ਬਾਅਦ ਉਹਨਾਂ 1912 ਵਿਚ ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ (Economics) ਵਿੱਚ ਬੰਬੇ (ਹੁਣ ਮੁੰਬਈ) ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ। ਬੜੌਦਾ (Baroda) ਦੇ ਮਹਾਰਾਜਾ

ਨੇ ਅੰਬੇਦਕਰ ਨੂੰ ਸਕਾਲਰਸ਼ਿਪ ਪ੍ਰਦਾਨ ਕੀਤੀ ਜਿਸ ਰਾਹੀਂ ਉਹਨਾਂ ਕੋਲੰਬੀਆ ਯੂਨੀਵਰਸਿਟੀ ਤੋਂ 1927 ਵਿਚ ਅਰਥ ਸ਼ਾਸਤਰ (Economics) ਵਿਸ਼ੇ ਦੇ ਅਧੀਨ ਡਾਕਟਰ ਆਫ਼ ਫਿਲਾਸਫ਼ੀ (Ph. D.) ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਇਲਾਵਾ ਉਹਨਾਂ ਲੰਡਨ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿਸ਼ੇ ਵਿਚ D. Sc. ਦੀ ਡਿਗਰੀ ਪ੍ਰਾਪਤ ਕੀਤੀ।ਅੰਬੇਦਕਰ ਨੂੰ ਕੋਲੰਬੀਆ ਯੂਨੀਵਰਸਿਟੀ ਪੜ੍ਹਦਿਆਂ ਜੌਹਨ ਡੇਵਾਇ (John Dewey) ਦੇ ਲੋਕੰਤਤਰ (Democarcy) ਬਾਰੇ ਵਿਚਾਰਾਂ ਨੇ ਪ੍ਰਭਾਵਿਤ ਕੀਤਾ। ਲੋਕਤੰਤਰ ਰਾਜ ਸਿਖਿਆ ਦਾ ਸਬੰਧ ਡੇਵਾਇ ਦਾ ਅੰਬੇਦਕਰ ਲਈ ਵਿਲੱਖਣ ਯੋਗਦਾਨ ਹੈ।

ਲੋਕਤੰਤਰ ਬਾਰੇ ਜੌਹਨ ਡੇਵਾਇ ਦੇ ਵਿਚਾਰ
(John Dewey on Democarcy)



ਡੇਵਾਇ ਅਨੁਸਾਰ ਲੋਕਤੰਤਰ ਦਾ ਸਬੰਧ ਕੇਵਲ ਵੋਟ ਪਾਉਣ ਦੇ ਅਧਿਕਾਰ ਨਾਲ ਨਹੀਂ ਹੈ ਸਗੋਂ ਨਾਗਰਿਕਾਂ ਨੂੰ ਸਟੀਕ/ਸਹੀ ਫ਼ੈਸਲੇ ਲੈਣ ਵਾਲੇ ਬਨਾਉਣਾ ਹੈ ਜਿਸ ਰਾਹੀਂ ਸਭ ਦਾ ਭਲਾ ਹੋਵੇ। ਲੋਕਤੰਤਰ ਕੇਵਲ ਰਾਜਨੀਤਕ ਪ੍ਰਨਾਲ਼ੀ ਨਹੀਂ ਹੈ ਸਗੋਂ ਨੈਤਿਕ ਵਿਚਾਰ ਹਨ ਜਿਨ੍ਹਾਂ ਵਿਚ ਨਾਗਰਿਕ ਸਰਗਰਮ ਭੂਮਿਕਾ ਨਿਭਾਉਂਦੇ ਹਨ। ਸਥਾਪਤ ਧਾਰਨਾਵਾਂ (Beliefs) ਅਤੇ ਸਿਧਾਤਾਂ ਨੂੰ ਸਵਾਲ ਕਰਨੇ ਜ਼ਰੂਰੀ ਹਨ ਤਾਂ ਜੋ ਬਦਲ ਰਹੇ ਸਮੇਂ ਦੀ ਨਬਜ਼ ਨੂੰ ਸਮਝਿਆ ਜਾ ਸਕੇ। ਲੋਕਤੰਤਰੀ ਢੰਗ ਅਤੇ ਸਹੀ ਕਾਰਜ ਕਰਨ ਲਈ ਜ਼ਰੂਰੀ ਹੈ ਕਿ ਜਾਗਰੁਕ, ਗਿਆਨਵਾਨ ਅਤੇ ਸਿਆਣੇ ਨਾਗਰਿਕਾਂ ਦੀ ਹੋਂਦ ਹੋਵੇ ਅਜਿਹਾ ਕੇਵਲ ਸਿੱਖਿਆ (Education) ਹੀ ਕਰ ਸਕਦੀ ਹੈ। ਕੋਲੰਬੀਆ ਯੂਨੀਵਰਸਿਟੀ ਅਤੇ ਲੰਡਨ ਯੂਨੀਵਰਸਿਟੀ ਵਿਚ ਪ੍ਰਾਪਤ ਸਿੱਖਿਆ ਅਤੇ ਜ਼ਿੰਦਗੀ ਦੇ ਵਿਤਕਰੇ ਭਰਪੂਰ ਤਜ਼ਰਬਿਆਂ ਨੇ ਅੰਬੇਕਦਰ ਨੂੰ ਮਹਾਨ ਵਿਚਾਰਕਾਂ ਦੀ ਲੜੀ ਵਿਚ ਪਰੋ ਦਿੱਤਾ। ਸੰਨ 1924 ਵਿੱਚ Depressed Class Welfare Association ਦੀ ਸਥਾਪਨਾ ਕੀਤੀ। ਸਾਰੀ ਜ਼ਿੰਦਗੀ ਦਬੇ-ਕੁਚਲੇ (Depressed) ਲੋਕਾਂ ਦੀ ਭਲਾਈ ਕਰਨ ਦੇ ਲੇਖੇ ਲਾਈ। ਬੇਸ਼ਕ ਉਹਨਾਂ ਨੂੰ ਦਲਿਤਾਂ ਦਾ ਮਸੀਹਾ ਰਿਹਾ ਜਾਂਦਾ ਹੈ ਪਰੰਤੂ ਉਹ ਇਕ ਬਹੁ-ਪ੍ਰਤਿਭਾਸ਼ਾਲੀ ਵਿਅਕਿਤਤਵ ਦੇ ਮਾਲਕ ਸਨ। ਆਰਥਿਕ ਖੇਤਰ ਵਿਚ ਉਹਨਾਂ ਦੀ ਵਿਚਾਰਾਂ ਨੂੰ ਘੱਟ ਤਵੱਜੋ ਦਿੱਤੀ ਜਾਂਦੀ ਹੈ ਪਰੰਤੂ ਉਹਨਾਂ ਦੇ ਵਿਚਾਰਾਂ ਨੂੰ ਕੇਵਲ ਦਲਿਤਾਂ ਤੱਕ ਸੀਮਤ ਕਰਨਾ ਨਾ-ਇਨਸਾਫ਼ੀ ਹੈ।

ਅੰਬੇਦਕਰ ਦੇ ਪ੍ਰਮੁੱਖ ਵਿਚਾਰ
(Ideas of Ambedkar)

ਡਾ. ਅੰਬੇਦਕਰ ਬਾਰੇ ਜਿਵੇਂ ਅਸੀਂ ਸ਼ੁਰੂ ਵਿੱਚ ਜਾਣਿਆ ਕਿ ਉਹਨਾਂ ਅਰਥ ਸ਼ਾਸਤਰ ਵਿਸ਼ੇ ਵਿਚ ਮਾਸਟਰ ਡਿਗਰੀ ਕਰਦਿਆਂ ਪੁਰਾਤਨ ਭਾਰਤੀ ਵਣਜ (Ancient Indian Commerce) ਅਤੇ ਭਾਰਤ ਦਾ ਰਾਸ਼ਟਰੀ ਲਾਭਅੰਸ਼ (National Dividend of India) ਦੇ ਥੀਸਿਜ਼ ਜਮ੍ਹਾਂ ਕਰਵਾਏ। ਆਪਣੀ ਦੂਸਰੀ ਮਾਸਟਰ ਡਿਗਰੀ (M.A.) ਦੌਰਾਨ ਉਹਨਾਂ ਆਪਣਾ ਇਕ ਪੇਪਰ, ਭਾਰਤ ਵਿਚ ਜਾਤ : ਜਨਮ, ਅਤੇ ਵਿਕਾਸ (Caste in India : Their Mechanism, Lunesis and Development) ਪੇਸ਼ ਕੀਤਾ।ਅੰਬੇਦਕਰ ਦੁਆਰਾ ਪੇਸ਼ ਕੀਤੇ ਗਏ ਆਰਥਿਕ ਅਤੇ ਸਮਾਜਿਕ ਵਿਚਾਰਾਂ ਦਾ ਮੁੱਢ ਯੂਨੀਵਰਸਿਟੀ ਸਿੱਖਿਆ ਦੌਰਾਨ ਹੀ ਬੱਝ ਗਿਆ ਸੀ। ਮਹਾਤਮਾ ਗਾਂਧੀ ਅਤੇ ਅੰਬੇਦਕਰ ਵਿਚ ਇਕ ਮਹੱਤਵਪੂਰਨ ਵਿੱਲਖਣਤਾ ਹੈ ਕਿ ਮਹਾਤਮਾ ਦੇ ਵਿਚਾਰ ਸਥਿਰ ਰਹੇ ਭਾਵ ਜੋ ਉਹਨਾਂ ਆਪਣੀ ਕਿਤਾਬ ਹਿੰਦ ਸਵੈਰਾਜ-1909 ਵਿਚ ਕਿਹਾ ਕੇਵਲ ਉਸਦੇ ਨੇੜੇ-ਤੇੜੇ ਹੀ ਗਾਂਧੀ ਨੇ ਆਪਣੀ ਰਾਜਨੀਤਕ ਜ਼ਿੰਦਗੀ ਜੀਵੀ। ਦੂਸਰੇ ਪਾਸੇ ਅੰਬੇਦਕਰ ਆਪਣੇ ਨਵੇਂ ਸਿੱਖੇ ਤਜ਼ਰਬਿਆਂ ਰਾਹੀਂ ਸਰਬੱਤ ਦੇ ਭਲੇ ਲਈ ਵੀ ਉਪਰਾਲੇ ਕਰਦੇ ਰਹੇ। ਅੰਬੇਦਕਰ ਦਾ ਜ਼ਿਆਦਾ ਧਿਆਨ ਆਰਥਿਕ ਵਿਕਾਸ ਵੱਲ ਜਰੂਰ ਸੀ ਪਰੰਤੂ ਆਰਥਿਕ ਅਤੇ ਰਾਜਨੀਤਕ ਵਿਕਾਸ ਸਮਾਜਿਕ ਵਿਕਾਸ ਰਾਹੀਂ ਹੀ ਸੰਭਵ ਹੈ।

ਜਾਤਪਾਤ ਦਾ ਬੀਜਨਾਸ਼
(Annihiliation of Caste)

ਡਾ. ਅੰਬੇਦਕਰ ਅਨੁਸਾਰ ਭਾਰਤ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ ਜਾਤ-ਪਾਤ ਦਾ ਪ੍ਰਬੰਧ ਹੈ (Caste System)। ਜਾਤਪਾਤ ਦੋ-ਧਾਰੀ ਤਲਵਾਰ ਹੈ ਜੋ ਵਿਤਕਰਾ ਕਰਨ ਵਾਲੇ ਅਤੇ ਸਹਿਣ ਵਾਲੇ ਦੀਆਂ ਅਸਲ ਪ੍ਰਤੀਭਾਵਾਂ ਦਾ ਨੁਕਸਾਨ ਕਰਦੀ

ਹੈ। ਇਹ ਗੱਲ ਲਾਜ਼ਮੀ ਹੈ ਕਿ ਜਾਤ-ਪ੍ਰਥਾ ਵਿਚ ਵਿਸ਼ਵਾਸ ਰੱਖਣ ਵਾਲੇ ਅਤੇ ਇਸਦੇ ਅਨੁਸਾਰ ਜੀਵਨ ਬਸਰ ਕਰਨ ਵਾਲੇ ਦਾ ਨੁਕਸਾਨ ਦੂਰਗਾਮੀਂ ਹੁੰਦਾ ਹੈ ਪ੍ਰੰਤੂ ਜੋ ਜਾਤ ਅਧਾਰਤ ਵਿਤਕਰਾ ਸਹਿ ਰਹਿ ਹੁੰਦਾ ਹੈ ਉਸਦਾ ਨਾਲ-ਨਾਲ ਹੀ ਨੁਕਸਾਨ ਹੋ ਰਿਹਾ ਹੁੰਦਾ ਹੈ। ਅੰਬੇਦਕਰ ਦਾ ਕਹਿਣਾ ਸੀ ਕਿ ਵਰਤਮਾਨ ਵਿਚ ਵੀ ਜਾਤ-ਪਾਤ ਨੂੰ ਚੰਗਾ ਸਮਝਣ ਵਾਲੇ ਲੋਕ ਹਨ ਅਤੇ ਉਹ ਕਹਿੰਦੇ ਹਨ ਕਿ ਜਾਤ ਪ੍ਰਥਾ ਤਾਂ ਮਜ਼ਦੂਰੀ ਵੰਡ (Division of Labour) ਦਾ ਦੂਜਾ ਨਾਂ ਹੈ। ਕਿਸੇ ਵੀ ਸੱਭਿਅਕ ਸਮਾਜ ਨੂੰ ਵਿਕਾਸ ਕਰਨ ਲਈ ਕੰਮ ਦੀ ਵੰਡ ਲਾਜ਼ਮੀ ਹੈ। ਅੰਬੇਦਕਰ ਜਾਤਪ੍ਰਥਾ ਨੂੰ ਕੰਮ/ਮਜ਼ਦੂਰੀ ਦੀ ਵੰਡ ਨਹੀਂ ਕਾਮਿਆਂ ਦੀ ਵੰਡ ਕਹਿੰਦੇ ਹਨ। ਕੰਮ ਦੀ ਵੰਡ ਲਾਜ਼ਮੀ ਹੈ ਪਰੰਤੂ ਕਾਮਿਆਂ ਨੂੰ ਉਹਨਾਂ ਦੇ ਜਨਮ ਦੇ ਅਧਾਰ 'ਤੇ ਵੰਡਣਾ ਜਾਤ ਪ੍ਰਥਾ ਦਾ ਮੁੱਢਲਾ ਕਾਰਜ ਹੈ। ਕਾਮਿਆਂ ਦੀ ਵੰਡ ਤੋਂ ਅੱਗੇ ਜਾ ਕਿ ਜਾਤ ਪ੍ਰਥਾ ਕਾਮਿਆਂ ਨੂੰ ਦਰਜਾਬੰਦੀ (Hierarchey) ਰਾਹੀਂ ਇਕ ਦੂਜੇ ਤੋਂ ਉਪਰ ਦਰਜਾ ਦੇ ਦਿੰਦੀ ਹੈ। ਕਈ ਸਮਾਜ ਅਜਿਹੇ ਵੀ ਹਨ ਜਿਨ੍ਹਾਂ ਵਿਚ ਮਜ਼ਦੂਰਾਂ/ਕਾਮਿਆਂ ਦੀ ਦਰਜਾਬੰਦੀ ਨਹੀਂ ਹੁੰਦੀ ਸਗੋਂ ਉਹਨਾਂ ਦੀਆਂ ਯੋਗਤਾਵਾਂ ਦੇ ਅਧਾਰ 'ਤੇ ਉਹ ਕੰਮ ਕਰਦੇ ਹਨ। ਜਾਤਪ੍ਰਥਾ ਕੰਮ ਦੀ ਵੰਡ ਰਾਹੀਂ ਜੋ ਕਾਮਿਆਂ ਨੂੰ ਵੰਡਦੀ ਹੈ ਇਹ ਕੋਈ ਕੁਦਰਤੀ ਗੁਣਾਂ ਦੇ ਅਧਾਰ 'ਤੇ ਨਹੀਂ ਸਗੋਂ ਉਹਨਾਂ ਦੀ ਜਾਤ ਦੇ ਅਧਾਰ 'ਤੇ ਵੰਡਦੀ ਹੈ। ਜਾਤ ਪ੍ਰਬੰਧ ਵਿਅਕਤੀਗਤ ਅਤੇ ਸਮਾਜਿਕ ਤੌਰ 'ਤੇ ਮਨੁੱਖ ਆਪਣੀਆਂ ਯੋਗਤਾਵਾਂ ਦਾ ਵਿਕਾਸ ਕਰਨ ਦਾ ਮੌਕਾ ਨਹੀ ਦਿੰਦਾ ਸਗੋਂ ਪਿਤਾ ਪੁਰਖੀ ਅਤੇ ਜਾਤ ਅਧਾਰਤ ਕੰਮ ਕਰਨ ਲਈ ਮਜਬੂਰ ਕਰਦਾ ਹੈ। ਯੋਗਤਾਵਾਂ 'ਤੇ ਅਧਾਰਤ ਕੰਮ ਨਾ ਚੁਨਣ ਦੀ ਖੁੱਲ੍ਹ ਹੀ ਬੇਰੁਜ਼ਗਾਰੀ ਨੂੰ ਜਨਮ ਦਿੰਦੀ ਹੈ।

ਅੰਬੇਦਕਰ ਅਨੁਸਾਰ ਬਹੁਤ ਸਾਰੇ ਲੋਕ ਜਾਤ ਪ੍ਰਥਾ ਦਾ ਵੱਖਰੀ ਨਸਲ (Race) ਦੇ ਰਾਹੀਂ ਬਚਾਅ ਕਰਦੇ ਹਨ। ਭਾਵ ਵੱਖ-ਵੱਖ ਜਾਤਾਂ ਦੇ ਲੋਕਾਂ ਦੀਆਂ ਨਸਲਾਂ ਵੀ ਅਲੱਗ-ਅਲੱਗ ਮੰਨਦੇ ਹਨ। ਪਰੰਤੂ ਅੰਬੇਦਕਰ ਕਹਿੰਦੇ ਹਨ ਜਾਤਪ੍ਰਥਾ ਵਿਚ ਸਮਾਜਕ ਵੰਡ (Social Division) ਹੈ ਨਾ ਕਿ ਨਸਲੀ ਵੰਡ (Racial Division)। ਇਕੱਠੇ ਭੋਜਨ ਛਕਣ ਨਾਲ ਖੂਨ ਦੀ ਤਬਦੀਲੀ ਨਹੀਂ ਹੁੰਦੀ ਫਿਰ ਵੀ ਇਕੱਠੇ ਭੋਜਨ ਖਾਣ ਦੀ ਮਨਾਹੀ ਜਾਤਪ੍ਰਥਾ ਕਰਦੀ ਹੈ। ਜਾਤਪ੍ਰਥਾ ਸਮਾਜਿਕ ਪ੍ਰਬੰਧ ਹੈ ਜੋ ਇਕ ਵਰਗ ਰਾਹੀਂ ਦੂਜੇ ਵਰਗ ਨੂੰ ਕੰਟਰੋਲ ਵਿਚ ਰੱਖਣ ਦਾ ਸਾਧਨ ਹੈ।

ਜਾਤਾਂ ਵਿੱਚ ਵੰਡੇ ਸਮਾਜ ਵਿਚ ਸਹਿਯੋਗ ਅਤੇ ਸੰਗਠਨ ਦੀ ਭਾਵਨਾ ਦਾ ਪੈਦਾ ਹੋਣਾ ਨਾ-ਮੁਮਕਿੰਨ ਹੈ। ਸਮਾਜਿਕ ਸੁਧਾਰ ਲਈ ਲਾਜ਼ਮੀ ਹੈ, ਵਿਅਕਤੀ ਆਪਣੇ ਵਿਚਾਰ ਅਤੇ ਵਿਸ਼ਵਾਸ ਨੂੰ ਨਵੇਂ ਸਿਰੇ ਤੋਂ ਘੜੇ। ਜੋ ਜਾਤ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਕੇ ਜਾਤ ਤੋਂ ਬਿਨਾਂ ਨੈਤਿਕਤਾ ਦੀ ਸਿਰਜਣਾ ਕਰੇ। ਜਾਤ ਮਨੁੱਖ ਵਿੱਚ ਕੇਵਲ ਆਪਣੀ ਜਾਤ ਨੂੰ ਸਹੀ ਮੰਨਣ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਜਾਤ ਅਧਾਰਿਤ ਨੈਤਿਕਤਾ ਰਾਸ਼ਟਰੀ ਤੌਰ 'ਤੇ ਸੋਚਣ ਦੇ ਰਾਹ ਵਿੱਚ ਰੁਕਾਵਟ ਹੈ।

ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ (Liberty, Equality and Fraternity) : ਡਾ. ਅੰਬੇਦਕਰ ਅਨੁਸਾਰ ਜੇਕਰ ਜਾਤ ਪ੍ਰਥਾ ਨਾਂ ਹੋਵੇ ਤਾਂ ਲੋਕਾਂ ਦੇ ਸੁਪਨਿਆਂ ਦਾ ਰਾਜ ਹੋਵੇਗਾ ਜਿਸ ਵਿਚ ਭਾਈਚਾਰਾ ਹੋਵੇ। ਉਹਨਾਂ ਅਨੁਸਾਰ ਭਾਈਚਾਰਾ (Fraternity) ਲੋਕਤੰਤਰ (Democarcy) ਦਾ ਦੂਜਾ ਨਾਂ ਹੈ। ਲੋਕਤੰਤਰ ਕੇਵਲ ਸਰਕਾਰ ਦੀ ਕਿਸਮ ਨਹੀ ਹੈ ਸਗੋਂ ਇਹ ਤਾਂ ਸਾਂਝੀ ਜ਼ਿੰਦਗੀ ਅਤੇ ਮਿਲ ਜੁਲ ਕੇ ਰਹਿਣ ਦਾ ਪ੍ਰਬੰਧ ਹੈ। ਲੋਕਤੰਤਰ ਨਾਲ ਦਿਆਂ ਦਾ ਸਤਿਕਾਰ ਅਤੇ ਮਾਣ-ਭਾਵ ਪ੍ਰਗਟ ਕਰਨ ਦਾ ਇਕ ਰਵੱਈਆ (Attitude) ਹੈ। ਜ਼ਿੰਦਗੀ ਜਿਉਣ ਲਈ ਸੰਪੱਤੀ (Property) ਸਾਧਨ ਅਤੇ ਜ਼ਿੰਦਗੀ ਨੂੰ ਤੰਦਰੁਸਤ ਰੱਖਣ ਲਈ ਕੰਮ ਦੀ ਸੁਤੰਤਰਤਾ ਲਾਜ਼ਮੀ ਹੈ। ਗੁਲਾਮ ਹੋਣ ਲਈ ਕਾਨੂੰਨੀ ਤੌਰ 'ਤੇ ਕਿਸੇ ਦੇ ਅਧੀਨ ਹੋਣਾ ਜ਼ਰੂਰੀ ਨਹੀਂ ਹੈ। ਗੁਲਾਮੀ ਸਮਾਜ ਦਾ ਉਹ ਪੱਧਰ ਹੈ ਜਿਸ ਵਿੱਚ ਕੁੱਝ ਮਨੁੱਖ ਦੂਜਿਆਂ (ਅਖੌਤੀ ਉਚਿਆਂ) ਤੋਂ ਆਪਣੀ ਜ਼ਿੰਦਗੀ ਦਾ ਮਕਸਦ ਪੁੱਛਦੇ ਹਨ ਅਤੇ ਉਹਨਾਂ ਦੀ ਮਰਜ਼ੀ ਅਨੁਸਾਰ ਹੀ ਜ਼ਿੰਦਗੀ ਜਿਊਂਦੇ ਹਨ। ਸਮਾਨਤਾ (Equality) ਦੇ ਵਿਰੁੱਧ ਇਹ ਤਕੜਾ ਤਰਕ ਹੈ ਕੇ ਸਾਰੇ ਸਮਾਨ ਨਹੀਂ ਹਨ (all are not equal) ਜੇਕਰ ਸਾਰੇ ਸਮਾਨ (Equal) ਨਹੀਂ ਹਨ ਤਾਂ ਕੀ ਅਸਮਾਨ (Unequal) ਵਿਹਾਰ ਕਰਨਾ ਸਹੀ/ਠੀਕ ਹੈ ? ਵਿਅਕਤੀਵਾਦੀ ਵਿਦਵਾਨਾ (Iduvdualist) ਅਨੁਸਾਰ ਕੁਝ ਵਿਅਕਤੀਆਂ ਨੇ ਕੰਮ ਵਿੱਚ ਆਪਣਾ ਪੂਰਾ ਜ਼ੋਰ (effort) ਨਹੀਂ ਲਾਏ ਇਸ ਲਈ ਉਹਨਾਂ ਨੂੰ ਘੱਟ ਤਵੱਜੋ ਦੇਣਾ ਸਹੀ ਹੈ। ਪਰੰਤੂ ਮਨੁੱਖਾਂ ਨੂੰ ਸਮਾਨ ਵਿਹਾਰ ਕਰਨ ਤੋਂ ਭਾਵ ਸੰਪੂਰਨ ਬਰਾਬਰੀ ਨਹੀਂ ਸਗੋਂ ਉਹਨਾਂ ਦਾ ਮਨੁੱਖ (Human) ਹੋਣ ਦੇ ਨਾਂ 'ਤੇ ਸਤਿਕਾਰ ਕਰਨਾ ਲਾਜ਼ਮੀ ਹੈ। ਕਿਉਂਕਿ ਜਾਤ ਪ੍ਰਥਾ ਅਜਿਹੇ ਸਤਿਕਾਰ ਨੂੰ ਪੈਦਾ ਹੋਣ ਦੇ ਰਸਤੇ ਵਿਚ ਰੁਕਾਵਟ ਹੈ।

ਰਾਜਨੀਤੀ ਅਤੇ ਆਰਥਿਕਤਾ ਨਾਲੋਂ ਸਮਾਜਿਕਤਾ ਨੂੰ ਪਹਿਲ (Social precede the political and economy) : ਭਾਰਤ ਵਿਚ ਸਮਾਜ ਸੁਧਾਰਕਾਂ ਨੂੰ ਅੰਬੇਦਕਰ ਦੋ ਵਰਗਾਂ ਵਿਚ ਵੰਡਦੇ ਹਨ। ਇਕ ਵਰਗ ਰਾਜਨੀਤਕ ਸੁਧਾਰਕਾਂ ਦਾ ਦੂਜਾ ਸਮਾਜੀਵਾਦੀ/ਆਰਥਿਕ ਸੁਧਾਰਕਾਂ ਦਾ। ਵੱਡਾ ਸਵਾਲ ਹੈ ਕਿ ਮਨੁੱਖਤਾ ਦਾ ਭਲਾ ਕਰਨ ਲਈ ਕਿਹੜੇ ਸੁਧਾਰ ਲਾਜ਼ਮੀ ਹਨ ?ਕੀ ਸਮਾਜਿਕ ਸੁਧਾਰਾਂ ਨੂੰ ਰਾਜਨੀਤਕ ਸੁਧਾਰਾਂ ਤੋਂ ਪਹਿਲ ਦੇਣਾ ਲਾਜ਼ਮੀ ਹੈ ? ਰਾਜਨੀਤਕ ਸੁਧਾਰਾਂ ਖ਼ਾਸਕਰ ਕਾਂਗਰਸ ਪਾਰਟੀ ਦੇ ਵੋਮੇਸ਼ ਓ. ਬੈਨਰਜੀ ਨੇ ਕਿਹਾ ਕਿ "ਮੈਂ ਉਹਨਾਂ ਨੂੰ ਸੁਨਣ ਦੇ ਬਿਲਕੁਲ ਪੱਖ ਵਿਚ ਨਹੀਂ ਹਾਂ ਜੋ ਕਹਿੰਦੇ ਹਨ ਕਿ ਅਸੀਂ ਸਮਾਜਿਕ

ਸੁਧਾਰਾਂ ਤੋਂ ਬਿਨਾਂ ਰਾਜਨੀਤਕ ਸੁਧਾਰਾਂ ਦੇ ਕਾਬਲ ਨਹੀਂ ਹਾਂ। ਮੈਂ ਦੋਨਾਂ ਸੁਧਾਰਾਂ ਵਿਚ ਕੋਈ ਸਬੰਧ ਨਹੀਂ ਦੇਖਦਾ। ਕੀ ਸਾਡੀਆਂ ਵਿਧਵਾਵਾਂ ਦੇ ਵਿਆਹ (ਸਮਾਜਿਕ ਸੁਧਾਰ) ਨਾ ਹੋਣ ਕਾਰਨ ਅਸੀਂ ਰਾਜਨੀਤਕ ਸੁਧਾਰਾਂ ਦੇ ਕਾਬਲ ਨਹੀਂ ਅਤੇ ਕੀ ਹੋਇਆ ਜੇਕਰ ਅਸੀਂ ਆਪਣੀ ਕੁੜੀਆਂ ਦੇ ਵਿਆਹ ਛੋਟੀ ਉਮਰ ਵਿਚ ਕਰ ਦਿੰਦੇ ਹਾਂ।"

ਅੰਬੇਦਕਰ, ਸ੍ਰੀ ਬੈਨਰਜੀ ਅਤੇ ਹੋਰ ਰਾਜਨੀਤਕ ਸੁਧਾਰਕਾਂ ਨੂੰ ਜਵਾਬ ਦਿੰਦੇ ਹਨ। ਇਹ ਜਵਾਬ ਉਹਨਾਂ ਸਵਾਲਾਂ ਰਾਹੀਂ ਦਿੱਤੇ।

(i) ਕੀ ਤੁਸੀਂ ਰਾਜਨੀਤਕ ਸੁਧਾਰਾਂ ਦੇ ਕਾਬਲ ਹੋ ਬਾਵਜੂਦ ਇਸਦੇ ਕਿ ਅਛੂਤਾਂ ਨੂੰ ਸਕੂਲ ਵਿੱਚ ਵੜਨ ਦੀ ਇਜਾਜ਼ਤ ਨਹੀਂ ?

(ii) ਖੂਹਾਂ ਤੋਂ ਪਾਣੀ ਭਰਨ ਤੋਂ ਰੋਕ ਵਾਲਿਆਂ ਨੂੰ ਰਾਜਨੀਤਕ ਸ਼ਕਤੀ ਦਿੱਤੀ ਜਾ ਸਕਦੀ ਹੈ ?

(iii) ਗਲੀਆਂ ਵਿੱਚੋਂ ਲੰਘਣ ਤੋਂ ਰੋਕਣ ਵਾਲਿਆਂ ਨੂੰ ਰਾਜਨੀਤਕ ਸ਼ਕਤੀ ਦਿੱਤੀ ਜਾ ਸਕਦੀ ਹੈ ? ਆਦਿ।

ਅੰਬੇਦਕਰ ਅਨੁਸਾਰ ਸਿੱਖਾਂ ਅਨੁਸਾਰ ਕੀਤੀ ਰਾਜਨੀਤਕ ਕ੍ਰਾਂਤੀ ਤੋਂ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਰਾਹੀਂ ਲੋਕਾਂ ਨੂੰ ਸਮਾਜਿਕ ਬੰਧਨਾਂ ਤੋਂ ਅਜ਼ਾਦ ਕੀਤਾ। ਯੂਰਪੀਆਈ ਲੋਕਾਂ ਦੇ ਉਥਾਨ ਲਈ ਮਾਰਟਿਨ ਲੂਥਰ ਕਿੰਗ ਨੇ ਧਰਮ ਸੁਧਾਰ ਅੰਦੋਲਨ (Reformation movement) ਨੇ ਨੀਂਹ ਦਾ ਕੰਮ ਕੀਤਾ। ਚੰਦਰਗੁਪਤ ਦੇ ਰਾਜ ਤੋਂ ਪਹਿਲਾਂ ਮਹਾਤਮਾ ਬੁੱਧ ਦੀ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਨੇ ਨਵੇਂ ਸਮਾਜਿਕ ਪ੍ਰਬੰਧ ਦੀ ਸ਼ੁਰੂਆਤ ਕਰ ਦਿੱਤੀ ਸੀ। ਉਪਰ ਦਿੱਤੀਆਂ ਉਦਾਹਰਨਾਂ ਰਾਹੀਂ ਸਮਝਿਆ ਜਾ ਸਕਦਾ ਹੈ ਰਾਜਨੀਤਕ ਤੌਰ 'ਤੇ ਅਜ਼ਾਦ ਹੋਣ ਲਈ ਮਨ ਅਤੇ ਆਤਮਾ (Mind and Soul) ਦੀ ਮੁਕਤੀ ਲਾਜ਼ਮੀ ਹੈ। ਗੁਲਾਮ ਸੋਚ ਕਦੇ ਵੀ ਉਸਾਰੂ ਅਤੇ ਸੁਤੰਤਰ ਪ੍ਰਬੰਧ ਦੀ ਸਿਰਜਣਾ ਨਹੀਂ ਕਰ ਸਕਦੀ ਹੈ। ਸਮਾਜਵਾਦੀ ਸੰਪੱਤੀ ਨੂੰ ਸ਼ਕਤੀ ਦਾ ਇਕਲੌਤਾ ਸਾਧਨ ਮੰਨਦੇ ਹਨ ਅਤੇ ਸੰਪੱਤੀ ਦੀ ਬਰਾਬਰ ਵੰਡ ਨਾਲ ਬਾਕੀ ਸਾਰੀਆਂ ਮੁਸ਼ਕਲਾਂ ਦਾ ਹੱਲ ਕੱਢਣ ਦੇ ਹਾਮੀ ਹਨ। ਅੰਬੇਦਕਰ ਅਨੁਸਾਰ 'ਸੰਪੱਤੀ ਹੀ ਸ਼ਕਤੀ ਨਹੀਂ ਹੈ' ਸਗੋਂ ਵਿਅਕਤੀ ਦਾ ਸਮਾਜਿਕ ਰੁਤਬਾ (Social Status) ਵੀ ਸ਼ਕਤੀ ਦਾ ਸਾਧਨ ਹੈ ਜੋ ਅਸੀਂ ਮਹਾਤਮਾ ਬੁੱਧ ਦੇ ਰੂਪ ਵਿਚ ਦੇਖ ਸਕਦੇ ਹਾਂ। ਧਰਮ, ਸਮਾਜਿਕ ਰੁਤਬਾ ਅਤੇ ਸੰਪੱਤੀ ਇਹ ਸਾਰੇ ਹੀ ਸ਼ਕਤੀ ਦੇ ਸਾਧਨ ਹਨ ਜੋ ਦੂਜਿਆਂ ਦੀ ਸੁਤੰਤਰਤਾ ਨੂੰ ਕੰਟਰੋਲ ਕਰਦੇ ਹਨ। ਸਮਾਜਵਾਦੀਆਂ ਦੁਆਰਾ ਦੱਸੇ ਗਏ ਆਰਥਿਕ ਸੁਧਾਰ ਸਮਾਜਿਕ ਕ੍ਰਾਂਤੀ (Revolution) ਤੋਂ ਬਿਨਾਂ ਸੰਭਵ ਨਹੀਂ। ਲੋਕ ਕ੍ਰਾਂਤੀ ਕਿਉਂ ਕਰਨਗੇ ? ਮਨੁੱਖ ਉਦੋਂ ਤੱਕ ਕ੍ਰਾਂਤੀ ਨਹੀਂ ਕਰਾਂਗੇ ਜਦੋਂ ਤੱਕ ਉਹਨਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਕ੍ਰਾਂਤੀ ਤੋਂ ਬਾਅਦ ਬਰਾਬਰ ਦਾ ਸਤਿਕਾਰ ਮਿਲੇਗਾ ਅਤੇ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਵੇਗਾ। ਅੰਬੇਦਕਰ ਅਨੁਸਾਰ ਜਾਤ ਦੇ ਪ੍ਰੇਤ (Monster) ਨੂੰ ਹਰਾਏ ਬਿਨਾਂ ਰਾਜਨੀਤਕ ਤੇ ਆਰਥਿਕ ਸੁਧਾਰ ਸੰਭਵ ਨਹੀਂ ਹਨ। ਜਾਤ-ਪਾਤ ਪ੍ਰਨਾਲੀ ਵਿੱਚ ਔਰਤਾਂ ਨੂੰ ਨੀਵਾਂ ਸਮਝਿਆਂ ਜਾਂਦਾ ਹੈ ਅਤੇ ਜਾਇਦਾਦ, ਸਿਖਿਆ ਆਦਿ ਮੁਢਲੇ ਅਧਿਕਾਰ ਵੀ ਉਹਨਾ ਲਈ ਨਹੀ ਸਨ ਜਿਸ ਲਈ ਡਾ. ਅੰਬੇਦਕਰ ਜੀ ਨੇ ਸੰਘਰਸ਼ ਕੀਤਾ ਅਤੇ ਔਰਤਾਂ ਸਬੰਧੀ ਅਧਿਕਾਰ ਦਿਵਾਏ।

ਵੱਖਰਾ-ਚੋਣ ਮੰਡਲ ਅਤੇ ਸਾਂਝਾਂ ਚੋਣ ਮੰਡਲ
(Seprate Electorate Joint Electorate)

ਡਾ. ਅੰਬੇਦਕਰ ਦੁਆਰਾ ਸਮਾਜਿਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਹੀ ਰਾਜਨੀਤਕ ਸੰਸਥਾਵਾਂ ਬਨਾਉਣ ਲਈ ਜ਼ੋਰ ਦਿੱਤਾ ਜਾ ਰਿਹਾ ਸੀ। ਅਜਿਹੇ ਵਿਚ ਸੰਨ 1932 ਵਿਚ ਅੰਗਰੇਜ਼ ਸਰਕਾਰ ਨੇ ਸੰਪਰਦਾਇਕ ਪੁਰਸਕਾਰ (Communal Award) ਰਾਹੀਂ ਦਬੇ ਕੁਚਲੇ/ਦਲਿਤ ਲੋਕਾਂ ਲਈ ਵੱਖਰੇ ਚੋਣ-ਮੰਡਲ (Electorate) ਬਨਾਉਣ ਦਾ ਐਲਾਨ ਕੀਤਾ ਗਿਆ। ਵੱਖਰੇ ਚੋਣ-ਮੰਡਲ ਦੀ ਸ਼ੁਰੂਆਤ ਸੰਨ 1909 ਵਿਚ ਭਾਰਤੀ ਕੌਂਸਲ ਐਂਕਟ (Indian Councils Act 1909) ਰਾਹੀਂ ਮੁਸਲਮਾਨਾਂ, ਸਿੱਖਾਂ, ਭਾਰਤੀ ਇਸਾਈਆਂ, ਐਗਲੋ-ਭਾਰਤੀਆਂ ਅਤੇ ਯੂਰਪੀਅਨਾਂ ਤੋਂ ਹੋਈ। ਸੰਨ 1932 ਵਿਚ ਦਲਿਤਾਂ/ਦਬੇ-ਕੁਚਲੇ ਲੋਕਾਂ ਨੂੰ ਵੱਖਰੇ ਚੋਣ-ਮੰਡਲ ਵਿਚ ਸ਼ਾਮਲ ਕਰ ਲਿਆ ਗਿਆ। ਮਹਾਤਮਾ ਗਾਂਧੀ ਅਲੱਗ ਚੋਣ-ਮੰਡਲ ਦੇ ਵਿਰੋਧ ਵਿਚ ਸਨ ਕਿਉਂਕਿ ਅਜਿਹਾ ਹੋਣ ਨਾਲ ਹਿੰਦੂ ਸਮਾਜ ਵਿਚ ਵੰਡ ਪੈ ਜਾਵੇਗੀ। ਇਸ ਦੇ ਵਿਰੋਧ ਵਿਚ ਮਹਾਤਮਾ ਨੇ ਪੂਨੇ ਦੀ ਯੇਰਵਾੜਾ ਜੇਲ ਵਿਚ ਮਰਨ ਵਰਤ ਰੱਖਿਆ। ਵੱਖਰੇ-ਚੋਣ-ਮੰਡਲ ਦਾ ਹੱਲ ਕਰਨ ਲਈ ਅੰਬੇਦਕਰ ਬੜੇ ਦੁੱਖੀ ਮਨ ਨਾਲ ਮਹਾਤਮਾ ਗਾਂਧੀ ਨਾਲ 25 ਸਤੰਬਰ, 1932 ਨੂੰ ਸਮਝੌਤਾ ਹੋਇਆ ਜੋ ਪੂਨਾ ਪੈਕਟ (Poona Pact)ਦੇ ਨਾਂ ਨਾਲ ਪ੍ਰਸਿੱਧ ਹੈ। ਸਮਝੌਤੇ ਦੀ ਮੁੱਖ ਮੱਦ ਸੀ ਕਿ ਅਲੱਗ ਚੋਣ-ਮੰਡਲ ਦੇ ਸਥਾਨ 'ਤੇ ਸਾਂਝਾ ਚੋਣ ਮੰਡਲ (Joint Electorate) ਹੋਣਗੇ ਪ੍ਰੰਤੂ ਦਲਿਤਾਂ/ਕਮਜ਼ੋਰ ਵਰਗਾਂ (Depressed Class) ਲਈ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ।

ਸੰਵਿਧਾਨ ਨਿਰਮਾਣ ਵਿਚ ਭੂਮਿਕਾ (Role in Constitution Making) : ਡਾ. ਅੰਬੇਦਕਰ ਰਾਹੀਂ ਵਾਰ-ਵਾਰ ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਸੰਵਿਧਾਨ (Constitution) ਸਮਾਜਿਕ ਧਿਰਾਂ/ਤਾਕਤਾਂ ਨੂੰ (Social Biases) ਦਾ ਧਿਆਨ ਰੱਖ ਕੇ ਹੀ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਵਿਚਾਰਵਾਨ ਫ਼ਰਡੀਲੈਂਡ ਲੈਸੇਲੇ ਅਨੁਸਾਰ, " ਸੰਵਿਧਾਨਕ ਸਵਾਲ ਪਹਿਲੀ ਨਜ਼ਰੇ ਅਧਿਕਾਰਾ ਦੇ ਨਹੀ ਸਗੋਂ ਤਾਕਤ ਦੇ ਸਵਾਲ ਹਨ। ਕਿਸੇ ਦੇਸ ਦੇ ਸੰਵਿਧਾਨ ਦੀ ਹੋਂਦ ਦੇਸ਼ ਵਿੱਚ ਮੌਜੂਦ ਤਾਕਤ ਦੀ ਅਸਲ ਸਥਿਤੀ ਵਿੱਚ ਹੀ ਹੁੰਦੀ ਹੈ। ਇਸੇ ਲਈ ਸੰਵਿਧਾਨ ਦਾ ਮੁੱਲ ਅਤੇ ਸਥਿਰਤਾ ਉਦੋਂ ਹੀ ਹੁੰਦੀ ਹੈ ਉਹ ਸਮਾਜ ਦੇ ਅਭਿਆਸੀ ਕਾਰਜਾਂ ਵਿੱਚ ਮੌਜੂਦ ਤਾਕਤਾਂ ਨੂੰ ਯਥਾਰਥੀ ਢੰਗ ਨਾਲ ਪੇਸ਼ ਕਰੇ।"

ਇਸਨੂੰ ਸਮਝਣ ਲਈ Communal Award–1932 ਨੂੰ ਜਾਨਣਾ ਲਾਜ਼ਮੀ ਹੈ। ਇਸ ਰਾਹੀਂ ਰਾਜਨੀਤਕ ਸ਼ਕਤੀ (Political Power) ਨੂੰ ਵੱਖ-ਵੱਖ ਵਰਗਾਂ ਅਤੇ ਸਮੁਦਾਇਆਂ ਵਿਚ ਸਹੀ ਅਨੁਪਾਤ ਵਿਚ ਵੰਡਿਆ ਜਾ ਸਕਦਾ ਸੀ। ਅੰਬੇਦਕਰ ਕਹਿੰਦੇ ਹਨ ਕਿ ਸਮਾਜਿਕ ਸੰਗਠਨ (Social Organisation) ਨੂੰ ਧਿਆਨ ਵਿੱਚ ਰੱਖਣਾ ਸੰਵਿਧਾਨ ਨਿਰਮਾਣ ਦੀ ਕਿਰਿਆ ਦਾ ਜ਼ਰੂਰੀ ਪੜਾਅ ਹੈ। ਆਪਣੇ ਵਿਚਾਰ ਨੂੰ ਪਰਪੱਕਤਾ ਨਾਲ ਪੇਸ਼ ਕਰਨ ਲਈ ਉਹ ਆਈਰਿਸ਼ ਹੋਮ ਰੂਲ (Irish Home Rule) ਦੀ ਉਦਾਹਰਨ ਪੇਸ਼ ਕਰਦੇ ਹਨ। ਉਲਸਟਰ (ulster) ਅਤੇ ਦੱਖਣੀ ਆਇਰਲੈਂਡ ਦੇ ਪ੍ਰਤੀਨਿਧੀਆਂ ਵਿਚਾਲੇ ਚੱਲ ਰਹੀ ਗੱਲਬਾਤ (Negotiations) ਦਰਮਿਆਨ ਸ੍ਰੀ ਰੈਡਮੈਂਡ ਜੋ ਦੱਖਣੀ ਆਇਲੈਂਡ (Southern Ireland) ਦੇ ਪ੍ਰਤੀਨਿਧੀ (Representative) ਦੇ ਰੂਪ ਵਿਚ ਉਲਸਟਰ (Ulster) ਨੂੰ Home Rule ਲਈ ਰਾਜ਼ੀ ਕਰਨ ਦਾ ਯਤਨ ਕਰਦਾ ਹੈ ਤਾਂ ਸਾਂਝੇ ਰੂਪ ਵਿਚ ਆਇਰਲੈਂਡ ਦਾ ਸੰਵਿਧਾਨ ਬਣਾਇਆ ਜਾ ਸਕੇ। ਰੈਂਡਮੈਂਡ (Redmond) ਉਲਸਟਰ ਨੂੰ ਕਹਿੰਦਾ ਹੈ, "ਸੰਵਿਧਾਨ ਵਿਚ ਕਿਹੜਾ ਰਾਜਨੀਤਕ ਸੁਰੱਖਿਆ ਪ੍ਰਬੰਧ ਤੁਸੀ ਚਾਹੁੰਦੇ ਹੋ ਅਤੇ ਉਸਨੂੰ ਨਾਲ ਲੈ ਆਓ।" ਉਲਸਟਰ ਦਾ ਬਿਆਨ ਹੈ ਕਿ ਖੂਹ 'ਚ ਪੈਣ ਤੁਹਾਡੇ ਰੱਖਿਆ ਪ੍ਰਬੰਧ ਅਸੀਂ ਤੁਹਾਡੇ ਰਾਹੀਂ ਸ਼ਾਸਤ (Ruled) ਹੋਣ ਲਈ ਕਿਸੇ ਸ਼ਰਤ 'ਤੇ ਵੀ ਰਾਜ਼ੀ ਨਹੀਂ। ਸਭ ਤੋਂ ਲਾਜ਼ਮੀ ਸਵਾਲ ਹੈ ਕਿ ਉਲਸਟਰ ਨੇ ਅਜਿਹਾ ਰਾਹ ਕਿਉਂ ਚੁਣਿਆ ਅੰਬੇਦਕਰ ਅਨੁਸਾਰ ਇਸਦਾ ਜਵਾਬ ਇੱਕੋ ਹੈ ਕਿ ਉਲਸਟਰ ਕੈਥੋਲਿਕ ਹਨ ਅਤੇ ਦੱਖਣੀ ਆਇਰਲੈਂਡ ਪ੍ਰੋਟੈਸਟੈਂਟ ਧਰਮ ਵਿਚ ਵਿਸ਼ਵਾਸ ਕਰਦੇ ਹਨ। ਇਸ ਉਦਾਹਰਨ ਰਾਹੀਂ ਅੰਬੇਦਕਰ ਸਮਝਾਉਣ ਦਾ ਯਤਨ ਕਰ ਰਹੇ ਹਨ ਕਿ ਰਾਜਨੀਤਕ ਸ਼ਕਤੀ ਕਿਸੇ ਵਿਸ਼ੇਸ਼ ਵਰਗ ਦੇ ਹੱਥਾਂ ਵਿਚ ਕੇਂਦਰਤ ਨਹੀਂ ਹੋਣੀ ਚਾਹੀਦੀ ਸਗੋਂ ਦੇਸ਼ ਵਿਚ ਵਸਣ ਵਾਲੇ ਵੱਖ-ਵੱਖ ਸਮੂਹਾਂ ਵਿਚ ਵੰਡੀ ਹੋਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਦੇਸ਼ ਵਿਚਲਾ ਕੋਈ ਵੀ ਇਕ ਵਰਗ ਆਪਣੀ ਸ਼ਕਤੀ ਦੀ ਵਰਤੋਂ ਦੂਜੇ ਵਰਗ ਨੂੰ ਕੰਟਰੋਲ ਹੇਠ ਕਰਨ ਲਈ ਨਹੀਂ ਕਰੇਗਾ। ਕੰਟੋਰਲ ਸਥਾਪਤ ਕਰਨ ਤੋਂ ਕਿਤੇ ਵੱਧ ਜਰੂਰਤ ਹੈ ਸ਼ਕਤੀਆਂ ਦੇ ਵਿਕੇਂਦਰੀਕਰਨ ਦੇ ਸਿਧਾਂਤ ਰਾਹੀਂ ਲੋਕਤੰਤਰ, ਸੁਤੰਤਰਤਾ ਅਤੇ ਸਮਾਨਤਾ 'ਤੇ ਅਧਾਰਤ ਰਾਸ਼ਟਰ ਦਾ ਨਿਰਮਾਣ ਸੰਭਵ ਹੋਵੇਗਾ।



ਡਾ. ਬੀ. ਆਰ. ਅੰਬੇਦਕਰ ਸੰਵਿਧਾਨ ਦਾ ਖਰੜਾ ਡਾ. ਰਜੇਂਦਰ ਪ੍ਰਸਾਦ ਜੀ ਨੂੰ ਸੌਂਪਦੇ ਹੋਏ।

ਭਾਰਤ ਲਈ ਸੰਵਿਧਾਨ ਬਨਾਉਣ/ਨਿਰਮਾਣ ਦਾ ਕਾਰਜ ਨੇਪਰੇ ਚਾੜਨ ਲਈ ਅੰਬੇਦਕਰ ਮਸੌਦਾ ਕਮੇਟੀ (Draffting Committee) ਦੇ ਚੇਅਰਮੈਨ ਵਜੋਂ ਮਿਤੀ 29 ਅਗਸਤ, 1947 ਵਿਚ ਨਿਯੁਕਤ ਕੀਤੇ ਗਏ। ਇਹ ਕਮੇਟੀ ਸੰਵਿਧਾਨ ਸਭਾ (Constituent Assembly) ਦੀਆਂ ਬਾਕੀ ਸਾਰੀਆਂ ਕਮੇਟੀਆਂ ਨਾਲੋਂ ਮਹੱਤਵਪੂਰਨ ਕਮੇਟੀ ਸੀ। ਬਾਕੀ ਕਮੇਟੀਆਂ ਦੁਆਰਾ ਦਿੱਤੇ ਜਾਂਦੇ ਪ੍ਰਸਤਾਵਾਂ (Proposals) ਨੂੰ ਵੱਖ (Consider) ਕਿ ਫਰਵਰੀ 1948 ਨੂੰ ਸੰਵਿਧਾਨ ਦਾ ਪਹਿਲਾ ਖਰੜਾ (Draft) ਤਿਆਰ ਕੀਤਾ। ਭਾਰਤ ਦੇ ਲੋਕਾਂ ਨੂੰ ਅੱਠ ਮਹੀਨਿਆਂ ਦੇ ਸਮੇਂ ਵਿਚ ਤਿਆਰ ਖਰੜੇ ਨੂੰ ਪੜ੍ਹਨ, ਸਮਝਣ ਦਾ ਮੌਕਾ ਦਿੱਤਾ ਤਾਂ ਜੋ ਇਸ ਵਿਚ ਬਣਦੀਆਂ ਸੋਧਾਂ ਦੇ ਬਾਰੇ ਵਿਚਾਰ, ਸੁਝਾਅ ਲੋਕ ਤੋਂ ਪ੍ਰਾਪਤ ਕੀਤੇ ਜਾ ਸਕਣ। ਮਸੌਦਾ ਕਮੇਟੀ ਨੇ ਸੰਵਿਧਾਨ ਦਾ ਦੂਜਾ ਖਰੜਾ ਅਕਤੂਬਰ 1948 ਵਿਚ ਪ੍ਰਕਾਸ਼ਤ ਕਰਵਾਇਆ। ਮਸੌਦਾ ਕਮੇਟੀ ਨੇ ਕੇਵਲ 141 ਦਿਨਾਂ ਦੀਆਂ ਕੁੱਲ ਬੈਠਕਾਂ (Sittings) ਵਿਚ ਡਾ. ਅੰਬੇਦਕਰ ਦੀ ਅਗਵਾਈ ਵਿਚ ਸੰਵਿਧਾਨ ਦੇ ਖਰੜੇ ਨੂੰ ਤਿਆਰ ਕੀਤਾ। ਭਾਵੇ ਸੰਵਿਧਾਨ ਦੇ ਮੁੱਖ ਫੈਸਲੇ ਮੁੱਖ ਆਗੂਆ ਵੱਲੋਂ ਲਏ ਗਏ ਸਨ ਪਰ ਡਾ. ਸਾਹਿਬ ਦੀ ਮਿਹਨਤ ਬੇਮਿਸਾਲ ਸੀ।

ਡਾ. ਅੰਬੇਦਕਰ ਅੰਦੋਲਨਕਾਰੀ ਦੇ ਰੂਪ ਵਿੱਚ : ਮਹਾੜ (Mahar) ਸੱਤਿਆਗ੍ਰਹਿ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਦਲਿਤ ਡਾ. ਅੰਬੇਦਕਰ ਦੀ ਅਗਵਾਈ ਵਿਚ ਚਵਦਾਰ ਤਲਾਬ ਪਹੁੰਚੇ। ਡਾ. ਅੰਬੇਦਕਰ ਨੇ ਸਭ ਤੋਂ ਪਹਿਲਾਂ ਆਪ ਤਲਾਬ ਵਿੱਚੋਂ ਪਾਣੀ ਦੋਂ ਹੱਥਾਂ ਦੇ ਉਜਲਿਆਂ ਰਾਹੀਂ ਪੀਤਾ। ਇਸ ਤੋਂ ਬਾਅਦ ਬਾਕੀ ਸਹਿਯੋਗੀਆਂ ਨੇ ਪਾਣੀ ਪੀਣ ਦੀ ਪਰੰਪਰਾ ਨੂੰ ਅੱਗੇ ਤੋਰਿਆ। ਜਾਤੀ ਪ੍ਰਥਾ ਦੀ ਪਰੰਪਰਾ ਅਨੁਸਾਰ ਦਲਿਤ ਨੂੰ ਨਦੀਆਂ, ਤਲਾਬਾਂ ਅਤੇ ਸੜਕਾਂ ਦਾ ਇਸਤੇਮਾਲ ਕਰਨ ਦੀ ਮਨਾਹੀ ਸੀ। ਅਗਸਤ 1923 ਵਿਚ ਬੰਬੇ ਵਿਧਾਨਪਾਲਿਕਾ ਕੌਂਸਲ ਨੇ ਇਕ ਪ੍ਰਸਤਾਵ ਪਾਸ ਕੀਤਾ ਕਿ ਜਿਹੜੀਆਂ ਸੰਸਥਾਵਾਂ ਅਤੇ ਸਥਾਨਾਂ ਦਾ ਕਾਰਜ ਸਰਕਾਰ ਦੀ ਰੇਖ ਵਿਚ ਹੁੰਦਾ ਹੈ। ਉਹਨਾਂ ਦੀ ਵਰਤੋਂ ਸਾਰੇ ਲੋਕਾਂ ਦੇ ਇਸਤੇਮਾਲ ਲਈ ਹੋਣੀ ਚਾਹੀਦੀ ਹੈ। ਜਨਵਰੀ 1924 ਵਿਚ ਨਗਰ ਨਿਗਮ ਪਰਿਸ਼ਦ ਨੇ ਇਸ ਪ੍ਰਸਤਾਵ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ। ਉਚ ਜਾਤ ਦੇ ਹਿੰਦੂਆਂ ਦੇ ਵਿਰੋਧ ਕਾਰਨ ਫੈਸਲੇ ਨੂੰ ਅਸਲ ਵਿਚ ਨਹੀਂ ਲਿਆਂਦਾ ਜਾ ਸਕਿਆ। ਇਸ ਪ੍ਰਤਸਾਵ ਨੂੰ ਲਾਗੂ ਕਰਾਉਣ ਲਈ ਹੀ ਡਾ. ਅੰਬੇਦਕਰ ਦੀ ਅਗਵਾਈ ਅਧੀਨ 20 ਮਾਰਚ 1927 ਨੂੰ ਮਹਾਂਰਾਸ਼ਟਰ (Maharashtra) ਸੂਬੇ ਦੀ ਰਾਏਗੜ (Raigarh) ਜਿਲ੍ਹੇ ਵਿਚ ਪੈਂਦੇ ਮਹਾੜ ਇਲਾਕੇ ਵਿਚ ਦਲਿਤਾਂ ਸਰਵਜਨਕ ਚਵਦਾਰ ਤਾਲਾਬ ਦੇ ਪਾਣੀ ਦਾ ਹੱਕ ਸਾਰਿਆਂ ਨੂੰ ਦਿਵਾਉਣ ਲਈ ਇਕ ਵਿਸ਼ੇਸ਼ ਸੱਤਿਆਗ੍ਰਹਿ ਦੀ ਯੋਜਨਾ ਬਣਾ ਕੇ, ਇਸਨੂੰ ਲਾਗੂ ਵੀ ਕੀਤਾ।



ਮਹਾੜ ਸੱਤਿਆਗ੍ਰਹਿ ਦੌਰਾਨ ਡਾ. ਅੰਬੇਦਕਰ ਜੀ ਤਲਾਬ ਦਾ ਜਲ ਛਕਣ ਸਮੇ

ਡਾ. ਅੰਬੇਦਕਰ ਦੇ ਆਰਥਿਕ ਵਿਚਾਰ (Economic ideas of Ambedkar) : ਡਾ. ਭੀਮ ਰਾਓ ਰਾਮਜੀ ਅੰਬੇਦਕਰ ਦੇ ਰਾਜਨੀਤਕ ਅਤੇ ਸਮਾਜਿਕ ਨਜ਼ਰੀਏ ਬਾਰੇ ਯੋਗਦਾਨ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਅਕਸਰ ਇਹ ਵਿਸਾਰ ਦਿੱਤਾ ਜਾਂਦਾ ਹੈ ਕਿ ਅੰਬੇਦਕਰ ਆਪਣੇ ਸਮੇ ਦੇ ਬਹੁਤ ਤਜ਼ਰਬੇਕਾਰ ਅਤੇ ਪ੍ਰਮੁੱਖ ਅਰਥ ਸ਼ਾਸਤਰੀ (Economists) ਸਨ। ਅਸੀਂ ਸ਼ੁਰੂ ਵਿੱਚ ਜਾਣਿਆ ਹੈ ਕਿ ਅੰਬੇਦਕਰ ਕੋਲੰਬੀਆ ਅਤੇ ਲੰਡਨ ਯੂਨਵਰਸਿਟੀ ਤੋਂ ਪੀ ਐਚ. ਡੀ. (ਡਾਕਟਰ ਆਫ਼ ਫਿਲਾਸਫੀ) ਦੀਆਂ ਦੋ ਸਰਵ ਉਚ ਡਿਗਰੀਆਂ ਪ੍ਰਾਪਤ ਕੀਤੀਆਂ ਸਨ। ਉਹਨਾਂ ਦਾ ਪਹਿਲਾ ਮਹੱਤਵਪੂਰਨ ਆਰਥਿਕ ਵਿਚਾਰ ਸੀ ਕਿ ਕਿਸਾਨਾਂ ਦੀ

ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾਵੇ। ਖੇਤ-ਜੋਤ (Small landholder) ਛੋਟੇ ਹੋਣ ਕਾਰਨ ਘੱਟ ਜ਼ਮੀਨੇ ਕਿਸਾਨ ਕਰਜੇ ਦੇ (Cycle and debt) ਬੋਝ ਥੱਲੇ ਦਬੇ ਰਹੇ ਰਹਿੰਦੇ ਹਨ। ਗਰੀਬ ਕਿਸਾਨਾਂ ਦੀ ਬੁਰੀ ਹਾਲਤ ਦਾ ਕਾਰਨ ਖੇਤੀ ਵਿਚ ਪੂੰਜੀ (Capital) ਘੱਟ ਖਰਚਣ ਨਾਲ ਹੈ ਕਿਉਂਕਿ ਸਾਧਨਾਂ ਦੀਆਂ ਮਾਲਕ ਜਾਤਾਂ ਦੇ ਲੋਕਾਂ ਖੇਤੀ ਨੂੰ ਤੱਵਜੋ ਨਹੀਂ ਦਿੰਦੇ ਅਤੇ ਨਾ ਹੀ ਸਰਕਾਰ ਖੇਤੀਬਾੜੀ ਵੱਲ ਕੋਈ ਖਿਆਲ ਦੇ ਰਹੀ ਹੈ। ਅੰਬੇਦਕਰ ਅਨੁਸਾਰ ਸਾਂਝੀ ਖੇਤੀ ਜਿਸ ਵਿਚ ਕਈ ਕਿਸਾਨ ਇੱਕਠੇ ਹੋ ਕੇ ਆਪਣੇ ਸਾਧਨਾਂ (ਖੇਤੀ ਦੇ ਸੰਦ, ਜਮੀਨ ਆਦਿ) ਦੀ ਸਾਂਝੀ ਵਰਤੋਂ ਕਰਕੇ ਉਤਪਾਦਨ/ਪੈਦਾਵਾਰ (Production) ਨੂੰ ਵਧਾਉਣ ਦਾ ਯਤਨ ਕਰਨਗੇ। ਅਜ਼ਾਦ ਭਾਰਤ ਵਿਚ 'ਯੋਜਨਾਬੱਧ ਖੇਤੀ ਬਾੜੀ (Planned Agriculture) ਦੀ ਧਾਰਨਾ ਅਪਣਾਉਣ ਵਿੱਚ ਵੀ ਅੰਬੇਦਕਰ ਦੀ ਪੂਰਨ ਝਲਕ ਜ਼ਰੂਰ ਦਿਖਾਈ ਦਿੰਦੀ ਹੈ। ਵਰਤਮਾਨ ਵਿਚ ਵੀ ਗਰੀਬ ਕਿਸਾਨਾਂ ਦੀ ਜ਼ਿੰਦਗੀ ਅੰਬੇਦਕਰ ਦੇ ਸਮੇਂ ਤੋਂ ਕੁਝ ਤਬਦੀਲੀ ਨਹੀਂ ਹੋਈ। ਕਿਸਾਨਾਂ ਲਈ ਰਾਸ਼ਟਰੀ ਕਮਿਸ਼ਨ (National Commission for farmers) ਦੀ ਆਖਰੀ ਰਿਪੋਰਟ (5 ਰਿਪੋਰਟਾਂ) ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਹੱਲ ਕਰਨ ਸਬੰਧੀ ਕਮਿਸ਼ਨ ਨੇ ਕਿਹਾ ਕਿ ਕਿਸਾਨਾਂ ਦੇ ਖੇਤੀਬਾੜੀ 'ਤੇ ਕੱਲ ਖਰਚ ਤੋਂ 50% ਵੱਧ ਫਸਲਾਂ ਦਾ ਮੁੱਲ ਤੈਅ ਕੀਤਾ ਜਾਵੇ। ਮੰਡੀ ਦੇ ਨਿਯਮਾਂ ਦੀ ਵਿਰੋਧਤਾ ਕੀਤੀ ਅਤੇ ਸਰਕਾਰ ਨੂੰ ਜਰੂਰੀ ਫਸਲਾਂ ਤਾਂ ਘੱਟੋ-ਘੱਟ ਸਹਾਇਤਾ ਮੁੱਲ (Minimum Support Price) ਨਿਸਚਿਤ ਕਰਨ ਲਈ ਜ਼ਿੰਮੇਵਾਰ ਬਣਾਇਆ।

ਔਰਤਾਂ ਦੇ ਆਰਥਿਕ ਖੇਤਰ ਵਿਚ ਯੋਗਦਾਨ ਨੂੰ ਸਮਝਦਿਆ ਡਾ. ਅੰਬੇਦਕਰ ਨੇ ਕਿਹਾ ਸੀ ਕਿ ਕੋਲੇ ਦੀਆਂ ਖਾਣਾਂ (Mines) ਅਤੇ ਫੈਕਟਰੀਆਂ ਵਿਚ ਕੰਮ ਕਰਦੀਆਂ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਲਾਜ਼ਮੀ ਹੈ। ਪ੍ਰਸੂਤਾ ਛੁੱਟੀ (Maternity leave) ਜੋ ਹਰ ਕੰਮ ਕਰਦੀ ਔਰਤ ਨੂੰ ਬੱਚੇ ਦੇ ਜਨਮ ਤੋਂ ਬਾਅਦ ਮਿਲਦੀ ਹੈ ਤਾਂ ਕਿ ਉਹ ਬੱਚੇ ਦੇ ਮੁੱਢਲੇ ਦਿਨਾਂ ਵਿਚ ਦੇਖਭਾਲ ਅਤੇ ਮਾਂ-ਬਾਪ ਅਰਾਮ ਕਰ ਸਕਣ ਦਾ ਅਧਿਕਾਰ ਵੀ ਅੰਬੇਦਕਰ ਦੀ ਹੀ ਦੇਣ ਹੈ।



ਭਾਰਤ ਵਿੱਚ ਕਾਨੂੰਨਾਂ ਵਿੱਚ ਸੋਧ ਕਰਨ ਲਈ ਲੰਡਨ ਵਿਖੇ ਗੋਲ ਮੇਜ ਕਾਨਫਰੰਸ ਵਿੱਚ ਡਾ. ਅੰਬੇਦਕਰ, ਮਹਾਤਮਾ ਗਾਂਧੀ ਅਤੇ ਹੋਰ ਆਗੂ।

ਰਿਜ਼ਰਵ ਬੈਂਕ ਆੱਫ਼ ਇੰਡੀਆ (Reserve Bank of India) : ਇਹ ਬੈਂਕਾਂ ਦਾ ਬੈਂਕ ਹੈ ਭਾਵ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ। ਰਿਜ਼ਰਵ ਬੈਂਕ ਮੁਦਰਾ ਅਤੇ ਬੈਕਿੰਗ ਨੀਤੀਆਂ ਤਿਆਰ ਕਰਦਾ ਹੈ। ਜਿਸ ਅਨੁਸਾਰ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਨਿੱਜੀ ਬੈਂਕ ਨੂੰ ਕੰਮਕਾਜ ਕਰਨਾ ਪੈਂਦਾ ਹੈ। ਫਿਰ ਬੈਂਕ ਲੋਕਾਂ ਨੂੰ ਕਰਜ਼ਾ ਦਿੰਦੇ ਹਨ। ਬੈਂਕ ਕਰਜ਼ਾ ਦੇਣ ਦੇ ਨਾਲ-ਨਾਲ ਪੈਸੇ ਜਮ੍ਹਾਂ ਵੀ ਕਰਦੇ ਹਨ। ਇਸੇ ਲੈਣ-ਦੇਣ ਨੂੰ ਕੰਟਰੋਲ ਕਰਨ ਲਈ ਵਿਆਜ ਦਰਾਂ (Interest Rates) ਨੂੰ ਘਟਾਇਆ ਜਾਂ ਵਧਾਇਆ ਜਾਂਦਾ ਹੈ। ਰਿਜ਼ਰਵ ਬੈਂਕ ਆੱਫ਼ ਇੰਡੀਆ ਇਹਨਾਂ ਵਿਆਜ ਦਰਾਂ ਦੇ ਅਧਾਰ ਤੇ ਵਿੱਤੀ ਸਥਿਰਤਾ (Fiscal Stability) ਬਣਾਏ ਰੱਖਦਾ ਹੈ। ਸੰਨ 1934 ਵਿਚ ਹਿਲਟਨ ਯੰਗ ਕਮਿਸ਼ਨ (Hilton Young Commission) ਨੇ ਬਸਤੀਵਾਦੀ ਗੁਲਾਮ ਭਾਰਤ ਵਿਚ ਵਿੱਤੀ ਸਥਿਰਤਾ ਲਈ ਬਣਾਈ ਜਾਣ ਵਾਲੀ ਮੁਦਰਾ ਨੀਤੀ (Monetary Policy) ਲਈ ਡਾ. ਅੰਬੇਦਕਰ ਦੀਆਂ ਲਿਖਤਾਂ ਦਾ ਸਹਾਰਾ ਲਿਆ। ਪੁਸਤਕ The Problem of the Rupee (ਪੈਸੇ ਦੀ ਸਮੱਸਿਆ) ਕਮਿਸ਼ਨ ਦੇ ਸਾਰੇ ਮੈਬਰਾਂ ਕੋਲ ਮੌਜੂਦ ਸੀ। ਇਸ ਦੇ ਨਤੀਜੇ ਵਜੋਂ ਕਮੇਟੀ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਦਾ ਖਰੜਾ ਤਿਆਰ ਕੀਤਾ ਜਿਸ ਨਾਲ ਮੁਦਰਾ ਵੀ ਉਥਲ, ਪੁਥਲ

(Fluctuations) ਨੂੰ ਰਾਜ (State) ਦੇ ਕੰਟਰੋਲ ਅਧੀਨ ਕਰ ਦਿੱਤਾ। ਸੋ ਰਿਜ਼ਰਵ ਬੈਂਕ ਆੱਫ ਇੰਡੀਆ ਅਧੀਨ ਆਰਥਿਕ/ਮੁਦਰਾ ਅਦਾਰੇ ਦੀ ਸਥਾਪਨਾ ਵਿਚ ਡਾ. ਅੰਬੇਦਕਰ ਦਾ ਯੋਗਦਾਨ ਭਾਰਤ ਵਾਸੀਆਂ ਲਈ ਦੂਰਗਾਮੀ ਵਿਚਾਰ ਹੈ। ਅੰਬੇਦਕਰ ਅਨੁਸਾਰ ਮੰਡੀ (Market) ਦੇ ਸਹਾਰੇ 'ਤੇ ਵਸਤਾਂ ਦੇ ਮੁੱਲਾਂ ਨੂੰ ਨਹੀਂ ਛੱਡਿਆ ਜਾ ਸਕਦਾ। ਇਸ ਲਈ ਲਾਜ਼ਮੀ ਹੈ ਕਿ ਰਾਜ ਦੇ ਅਦਾਰੇ (Institution of State) ਵਿੱਤੀ ਸਥਿਰਤਾ ਨੂੰ ਬਣਾਏ ਰੱਖਣ ਲਈ ਮੁਦਰਾ ਨੀਤੀ ਬਣਾਉਣ ਤਾਂ ਜੋ ਮਾਰਕੀਟ/ਮੰਡੀ ਦੀਆਂ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਸੰਵਿਧਾਨ ਨਿਰਮਾਣ ਦੀ ਭੂਮਿਕਾ ਵਿਚ ਉਹਨਾਂ ਭਾਰਤ ਦੀਆਂ ਵਿਲੱਖਣ ਲੋੜਾਂ ਦੀ ਪੂਰਤੀ ਕਰਨ ਵਾਲਾ ਸੰਵਿਧਾਨ ਬਨਾਉਣ ਦੀ ਚੇਤਨਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਸੰਵਿਧਾਨ ਦੇਸ ਦੀ ਸਮਾਜਿਕ ਬਣਤਰ (Social Organisation) ਦੀ ਪ੍ਰਤੀਨਿਧਤਾ ਅਨੁਸਾਰ ਤਿਆਰ ਕੀਤਾ ਜਾਣਾ ਚਾਹੀਦੀ ਹੈ। ਅਜਾਦੀ ਤੋਂ ਭਾਸ਼ਾ ਦੇ ਅਧਾਰ 'ਤੇ ਸੂਬਿਆਂ ਦੇ ਨਿਰਮਾਣ ਦਾ ਪੱਖ ਤਾਂ ਉਹ ਪੁਰਦੇ ਸਨ ਪਰੰਤੂ ਭਾਸ਼ਾ ਨੂੰ ਸੂਬੇ ਦੀ ਸਰਕਾਰੀ ਭਾਸ਼ਾ ਬਨਾਉਣ ਦੇ ਖਿਲਾਫ਼ ਸਨ ਕਿਉਂਕਿ ਦੇਸ਼ ਦੀ ਏਕਤਾ ਲਈ ਖ਼ਤਰਾ ਹੋਣਗੇ। ਸੰਨ 1955 ਵਿਚ ਰਾਜ ਪੁਨਰਗਠਨ ਕਮਿਸ਼ਨ (ਫ਼ਜਲ ਅਲੀ ਕਮਿਸ਼ਨ) ਦੀ ਰਿਪੋਰਟ ਬਾਰੇ ਉਹਨਾਂ ਟਿੱਪਣੀ ਕੀਤੀ ਸੀ ਕਿ ਮੇਮਣਿਆਂ ਦੀ ਉੱਨ ਉਤਾਰ ਲਈ ਗਈ ਹੈ ਅਤੇ ਸਰਦੀਆਂ ਦੀ ਠੰਢਕ ਮਹਿਸੂਸ ਕਰ ਰਹੇ ਸਨ। ਫਿਰ ਵੀ ਉਹ ਮਜਬੂਤ ਸੰਘ (Strong union) ਦੇ ਪੱਖ ਵਿਚ ਸਨ। ਭਾਸ਼ਾ ਦੇ ਅਧਾਰ 'ਤੇ ਬਣੇ ਸੂਬਿਆਂ ਵਿੱਚ ਲੋਕਤੰਤਰ ਨੂੰ ਅਸਲ ਵਿਚ ਲਾਗੂ ਕਰਨਾ ਆਸਾਨ ਹੋਏਗਾ ਦੂਜਾ ਜਾਤ ਅਤੇ ਸੱਭਿਆਚਾਰਕ ਤਨਾਅ ਦੂਰ ਹੋਣਗੇ। ਪਰੰਤੂ ਜੇਕਰ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਇਆ ਜਾਵੇਗਾ ਤਾਂ ਸੂਬਿਆਂ ਵਿਚ ਖੇਤਰ ਦੀ ਭਾਵਨਾ ਵਿਕਸਿਤ ਹੋਵੇਗੀ ਇਸ ਕਾਰਨ ਕਰਕੇ ਉਹ ਮਜ਼ਬੂਤ ਸੰਘ ਦੇ ਪੱਖ ਵਿੱਚ ਖੜੇ ਸਨ। ਅਸੀ ਕਹਿ ਸਕਦ ਹਾਂ ਕਿ ਡਾ. ਅੰਬੇਦਕਰ ਇਕ ਬਹੁ-ਪੱਖੀ ਪ੍ਰਤਿਭਾ ਅਤੇ ਸ਼ਖ਼ਸੀਅਤ ਦੇ ਮਾਲਕ ਸਨ। ਉਹਨਾਂ ਦੁਆਰਾ ਲਏ ਗਏ ਪੱਖ ਸਹੀ ਜਾਂ ਗ਼ਲਤ ਦਾ ਫ਼ੈਸਲਾ ਲੈਣ ਤੋਂ ਪਹਿਲਾਂ ਉਹਨਾਂ ਦੀਆਂ ਤਮਾਮ ਲਿਖਤਾਂ ਨੂੰ ਪੜਨ ਤੇ ਸਮਝਣ ਦੇ ਨਾਲ-ਨਾਲ ਲਾਜ਼ਮੀ ਹੈ ਕਿ ਜਿਹੜੀ ਸਥਿਤੀ ਵਿਚ ਉਹ ਫੈਸਲੇ ਕਰ ਰਹੇ ਸਨ ਉਹ ਇਕ ਨਵੇਂ ਦੇਸ਼/ਰਾਜ ਦੀ ਮਜ਼ਬੂਤ ਨੀਂਹ ਰੱਖਣ ਦੇ ਲਈ ਬੇਅੰਤ ਜ਼ਰੂਰੀ ਸਨ। ਇਹਨਾਂ ਵੱਖ-ਵੱਖ ਪੱਖਾਂ ਨੂੰ ਸਮਝਣ ਲਈ ਲਾਜ਼ਮੀ ਹੈ ਕਿ ਉਹ ਸਮੇਂ ਦੇ ਸੰਦਰਭ (Context) ਵਿਚ ਰਹਿ ਕੇ ਉਹਨਾਂ ਦੀਆਂ ਲਿਖਤਾਂ ਨੂੰ ਸਮਝਿਆ ਜਾਵੇ। ਮਿਹਨਤ ਕਰਨ ਦੀ ਰੁਚੀ ਦੀ ਅੰਦਾਜ਼ਾ, ਜਾਤ ਪਾਤ ਤੋੜਕ ਮੰਡਲਾਂ (ਲਾਹੌਰ) ਦੁਆਰਾ ਅੰਬੇਦਕਰ ਦੀ ਪ੍ਰਧਾਨਗੀ ਵਿਚ ਕਰਵਾਈ ਜਾਣ ਵਾਲੀ ਕਾਨਫ਼ਰੰਸ ਵਿਚ ਉਹਨਾਂ ਖਰਾਬ ਸਿਹਤ ਹੋਣ ਦੇ ਬਾਵਜੂਦ ਆਪਣੇ ਵਿਚਾਰ ਮੰਡਲ ਨੂੰ ਭੇਜੇ ਪਰੰਤੂ ਵੱਖ-ਵੱਖ ਕਾਰਨਾਂ ਕਰਕੇ ਇਹ ਕਾਨਫ਼ਰੰਸ ਨਹੀਂ ਹੋ ਸਕੀ। ਇਹ ਇਕ ਪੜਨਯੋਗ ਲੇਖ ਹੈ।

ਅਭਿਆਸ

I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ. ਡਾ. ਅੰਬੇਦਕਰ ਜੀ ਹੋਰ ਕਿਹੜੇ ਨਾਂਵਾਂ ਨਾਲ ਜਾਣਿਆ ਜਾਂਦਾ ਹੈ ?

ਅ. ਕ੍ਰਿਸ਼ਨ ਜੀ ਕੇਸ਼ਵ ਕੌਣ ਸਨ ?

ੲ. ਡਾ. ਅੰਬੇਦਕਰ ਜੀ ਨੂੰ "ਮਹਾਤਮਾ ਬੁੱਧ" ਦੀ ਸਵੈ ਜੀਵਨੀ ਕਿਸ ਨੇ ਭੇਂਟ ਕੀਤੀ ?

ਸ. ਡਾ. ਭੀਮ ਰਾਓ ਦੇ ਲੋਕਤੰਤਰ ਬਾਬਤ ਵਿਚਰਾਂ ਨੂੰ ਕਿਸ ਵਿਚਾਰਕ ਨੇ ਪ੍ਰਭਾਵਿਤ ਕੀਤਾ।

ਹ. ਸੰਨ 1924 ਵਿਚ ਡਾ. ਭੀਮ ਰਾਓ ਅੰਬੇਦਕਰ ਨੇ ਕਿਹੜੀ ਸੰਸਥਾ ਅਦਾਰੇ ਦੀ ਸਥਾਪਨਾ ਕੀਤਾ ?

ਖਾਲੀ ਥਾਵਾਂ ਭਰਕੇ ਵਾਕ ਪੂਰੇ ਕਰੋ—

ਕ. ਡਾ. ਭੀਮ ਰਾਓ ਅੰਬੇਦਕਰ ਨੇ ਆਪਣੀ ਸਾਰੀ ਜ਼ਿੰਦਗੀ ..... ਲੋਕਾਂ ਦੀ ਭਲਾਈ ਕਰਨ ਦੇ ਲੇਖੇ ਲਾਈ।

ਖ. ਭਾਰਤ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ ..... ਹੈ।

ਗ. ਡਾ. ਭੀਮ ਰਾਓ ਅੰਬੇਦਕਰ ਜਾਤ-ਪ੍ਰਥਾ ਨੂੰ ..... ਕਹਿੰਦੇ ਹਨ।

ਘ. ਯੂਰੀਪਨ ਲੋਕਾਂ ਦੇ ਉਥਾਨ ਲਈ ..... ਦਾ ਯੋਗਦਾਨ ਮਹੱਤਵਪੂਰਨ ਹੈ।

ਙ. ਰਾਜਨੀਤਕ ਤੌਰ 'ਤੇ ਅਜ਼ਾਦ ਹੋਣ ਲਈ ..... ਅਤੇ ..... ਦੀ ਮੁਕਤੀ ਲ਼ਾਜਮੀ ਹੈ।

II. ਪ੍ਰਸ਼ਨਾਂ ਦੇ ਉੱਤਰ 5-8 ਸਤਰਾਂ ਵਿੱਚ ਦਿਓ—

ੳ. ਜੌਹਨ ਡਿਊਵੀ ਦੇ ਲੋਕਤੰਤਰ ਬਾਰੇ ਵਿਚਾਰਾਂ ਨੂੰ ਸਮਝਾਓ ?

ਅ. ਸਮਾਜਿਕ ਵਿਕਾਸੇ ਬਾਰੇ ਡਾ. ਭੀਮ ਰਾਓ ਅੰਬੇਦਕਰ ਦੇ ਵਿਚਾਰਾਂ ਦਾ ਵਰਨਣ ਕਰੋ।

ੲ. ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ ਦਰਮਿਆਨ ਆਪਸੀ ਸੰਬੰਧ ਕਿਵੇਂ ਹੈ ?

ਸ. ਸੰਯੁਕਤ ਚੋਣ ਮੰਡਲ ਤੋਂ ਕੀ ਭਾਵ ਹੈ।

ਹ. ਡਾ. ਭੀਮ ਰਾਓ ਅੰਬੇਦਕਰ ਦੇ ਸੰਵਿਧਾਨ ਨਿਰਮਾਮ ਵਿਚ ਪਾਏ ਯੋਗਦਾਨ ਦਾ ਵਰਨਣ ਕਰੋ।

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ—

ੳ. ਡਾ. ਭੀਮ ਰਾਓ ਅੰਬੇਦਕਰ ਅਨੁਸਾਰ ਜਾਤ-ਪ੍ਰਬੰਧ ਪ੍ਰਥਾ ਸਾਰੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬੁਰਾਈਆਂ ਦੀ ਜੜ੍ਹ ਕਿਵੇਂ ਹੈ ?

ਅ. ਡਾ. ਭੀਮ ਰਾਓ ਅੰਬੇਦਕਰ ਰਾਜਨੀਤੀ ਅਤੇ ਆਰਥਿਕਤਾ ਨਾਲੋਂ ਸਮਾਜਿਕਤਾ ਨੂੰ ਪਹਿਲ ਕਿਉਂ ਦਿੰਦੇ ਹਨ ?

ੲ. ਵੱਖਰਾ ਚੋਣ ਮੰਡਲ ਅਤੇ ਸਾਂਝਾ ਸੰਯੁਕਤ ਚੋਣ ਮੰਡਲ ਬਾਰੇ ਮਹਾਤਮਾ ਗਾਂਧੀ ਅਤੇ ਅੰਬੇਦਕਰ ਜੀ ਦੇ ਵਖਰੇਵਾਂ ਅਤੇ ਸਮਝੌਤੇ ਬਾਰੇ ਲਿਖੋ।

ਸ. ਡਾ. ਭੀਮ ਰਾਓ ਅੰਬੇਦਕਰ ਜੀ ਦੇ ਆਰਥਿਕ ਵਿਚਾਰਾਂ ਅਤੇ ਉਹਨਾਂ ਦੇ ਆਰਥਿਕ ਖੇਤਰ ਵਿਚ ਪਾਏ ਯੋਗਦਾਨ ਦਾ ਵਰਨਣ ਕਰੋ।

14

ਸਥਾਨਕ ਸਵੈ-ਸ਼ਾਸਨ ; ਸੰਕਲਪ, ਢਾਂਚਾ ਅਤੇ ਕਾਰਜਵਿਧੀ (ਵੰਗਾਰਾਂ)

[Local Self-Government ; Concept, Structure and Prceduces]

ਮਨੁੱਖ ਇੱਕ ਸਮਾਜਿਕ ਪ੍ਰਾਣੀ (Social animal) ਹੈ। ਉਹ ਆਪਣੀਆਂ ਜਜ਼ਬਾਤੀ ਅਤੇ ਦੁਨਿਆਵੀ ਲੋੜਾਂ ਦੀ ਪੂਰਤੀ ਇੱਕਲਿਆਂ ਨਹੀਂ ਕਰ ਸਕਦਾ। ਇਸ ਲਈ ਮਨੁੱਖਾਂ ਦਾ ਰਲ-ਮਿਲ ਕੇ ਰਹਿਣ ਲਾਜ਼ਮੀ ਹੋ ਗਿਆ। ਪਰਿਵਾਰਾਂ ਦਾ ਕਬੀਲੇ ਦੇ ਰੂਪ ਵਿੱਚ ਵਿਕਸਿਤ ਹੋਣਾ ਇਕੱਠੇ ਰਹਿਣ ਦਾ ਪਹਿਲਾ ਪੜਾਅ ਸੀ। ਕਬੀਲਿਆਂ ਦੀ ਸੰਖਿਆ ਵੱਧਣ ਨਾਲ ਅਤੇ ਖੇਤੀਬਾੜੀ ਦੇ ਵਿਕਾਸ ਨਾਲ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿੰਡ ਬਣਨੇ ਸ਼ੁਰੂ ਹੋਏ। ਜਿਵੇਂ-ਜਿਵੇਂ ਮਨੁੱਖਤਾ ਆਪਣੀਆਂ ਤਕਨੀਕਾਂ ਅਤੇ ਸਾਧਨਾਂ ਵਿੱਚ ਤਰੱਕੀ ਕਰਦੀ ਗਈ ਵੱਡੇ ਸ਼ਹਿਦ ਹੋਂਦ ਵਿੱਚ ਆਉਣ ਲੱਗੇ। ਆਧੁਨਿਕ ਰਾਜਾਂ (Modern States) ਨੇ ਪ੍ਰਬੰਧ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਵੱਖ-ਵੱਖ ਸੰਸਥਾਵਾਂ (Institutions) ਦੀ ਸਥਾਪਨਾ ਕੀਤੀ ਜਿਵੇਂ ਕਿ ਪੰਚਾਇਤ, ਨਗਰਪਾਲਿਕਾ, ਨਗਰ ਨਿਗਮ ਆਦਿ। ਇਹਨਾਂ ਸੰਸਥਾਵਾਂ ਨੇ ਲੋਕਾਂ ਦੀਆਂ ਲੋੜਾਂ ਪੂਰਾ ਕਰਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਅਹਿਮ ਭੂਮਿਕਾ ਨਿਭਾਈ। ਪੰਜਾਬ ਅਤੇ ਹਰਿਆਣੇ ਦੇ ਵਰਤਮਾਨ ਖੇਤਰਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਮੁਗਲਾਂ ਅਤੇ ਉਹਨਾਂ ਦੇ ਪੱਖੀ ਜੰਗੀਰ ਹਾਕਮਾਂ ਨੂੰ ਹਰਾ ਕੇ ਪਿੰਡਾ ਦੀ ਜਿੰਮੇਵਾਰੀ ਲਈ ਖਾਲਸਾ ਪੰਚਾਇਤਾਂ ਬਣਾਈਆਂ ਗਈਆਂ ਸਨ ਜਿਨ੍ਹਾਂ ਦਾ ਪ੍ਰਬੰਧ ਸਥਾਨਕ ਲੋਕ ਆਪਣੀਆ ਲੋੜਾ ਅਤੇ ਢੰਗਾਂ ਅਨੁਸਾਰ ਕਰਦੇ ਸਨ।



ਸਥਾਨ ਸਵੈ ਸ਼ਾਸਨ ਦਾ ਅਰਥ (Meaning of Local Self Government)

ਸਥਾਨਕ ਸਵੈ ਸ਼ਾਸਨ ਤਿੰਨ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ-ਸਥਾਨਕ ਦਾ ਅਰਥ ਹੈ ; ਆਲੇ-ਦੁਆਲੇ ਦਾ ਖਿੱਤਾ ਜਾ ਕਸਬਾ, ਸਵੈ ਦਾ ਅਰਥ ਹੈ ; ਆਪਣਾ-ਆਪ ਸ਼ਾਸਨ ਦਾ ਅਰਥ ਹੈ ; ਪ੍ਰਬੰਧ ਚਲਾਉਣਾ। ਸ਼ਬਦੀ ਅਰਥ ਵਜੋਂ ਸਥਾਨਕ ਸਵੈ ਸ਼ਾਸਨ ਦਾ ਅਰਥ ਆਪਣੇ ਖਿੱਤੇ, ਪਿੰਡ, ਕਸਬੇ, ਨਗਰ ਆਦਿ ਦਾ ਸ਼ਾਸਨ ਪ੍ਰਬੰਧ ਉਥੋਂ ਦੇ ਲੋਕਾਂ ਦੁਆਰਾ ਆਪ ਚਲਾਇਆ ਜਾਣਾ ਹੈ।

ਸਥਾਨਕ ਸਵੈ ਸ਼ਾਸਨ ਦੇ ਵੱਖ-ਵੱਖ ਨਾਮ (Different Names of Local Self Government)

ਸੰਸਾਰ ਵਿੱਚ ਸਥਾਨਕ ਸਵੈ ਸ਼ਾਸਨ ਦੇ ਨਾਮ ਵੱਖੋ-ਵੱਖਰੇ ਹਨ। ਨਾਮ ਦੇ ਨਾਲ-ਨਾਲ ਸਵੈ ਸ਼ਾਸਨ ਨੂੰ ਅਪਨਾਉਣ ਲਈ ਹਰੇਕ ਮੁਲਕ ਨੇ ਆਪਣੀਆਂ ਵਿਲੱਖਣ ਲੋੜਾਂ ਨੂੰ ਅਹਿਮੀਅਤ ਦਿੱਤੀ ਹੈ। ਅਸੀਂ 11 ਵੀਂ ਸ਼੍ਰੇਣੀ ਵਿੱਚ ਸਰਕਾਰ ਦੀਆਂ ਕਿਸਮਾਂ ਸਿਰਲੇਖ ਅਧੀਨ ਸੰਘਾਤਮਕ ਅਤੇ ਇਕਾਤਮਕ (Federal & Unitary) ਸ਼ਾਸਨ ਪ੍ਰਬੰਧ ਬਾਰੇ ਜਾਣਿਆ ਹੈ। ਸੰਘਾਤਮਕ

ਸਰਕਾਰ ਵਿੱਚ ਸ਼ਕਤੀਆਂ ਦੀ ਵੰਡ ਸੰਘ ਅਤੇ ਸੂਬਿਆਂ ਦਰਮਿਆਨ ਕੀਤੀ ਹੁੰਦੀ ਹੈ। ਇਸੇ ਤਰ੍ਹਾਂ ਕਈ ਸੰਘਾਤਮਕ ਸਰਕਾਰਾਂ ਵਿੱਚ ਸਰਕਾਰ ਦਾ ਤੀਜਾ ਪੱਧਰ (Third Level) ਵੀ ਸੰਵਿਧਾਨਕ ਮਾਨਤਾ ਰੱਖਦਾ ਹੈ। ਸੰਘਾਤਮਕ ਸਰਕਾਰ ਵਿੱਚ ਸਰਕਾਰ ਦੇ ਤੀਜੇ ਪੱਧਰ ਭਾਵ ਸਥਾਨਕ ਸਵੈ - ਸ਼ਾਸ਼ਨ ਨੂੰ ਸ਼ਕੀਆਂ ਸੰਵਿਧਾਨ ਰਾਹੀਂ ਦਿੱਤੀਆਂ ਜਾਂਦੀਆਂ ਹਨ।

ਸਰਕਾਰ ਆਪਣੀ ਮਰਜ਼ੀ ਅਨੁਸਾਰ ਸਥਾਨਕ ਸਰਕਾਰਾਂ ਦੀਆਂ ਸ਼ਕਤੀਆਂ ਨੂੰ ਖੋਹ ਨਹੀਂ ਸਕਦੀ। ਸਥਾਨਕ ਸਵੈ ਸ਼ਾਸਨ ਦੇ ਉਦੇਸ਼ (Aims of Local Self Government) ਸਥਾਨਕ ਸਵੈ ਸ਼ਾਸਨ ਦਾ ਨਾਮ ਵੱਖ-ਵੱਖ ਦੇਸ਼ਾਂ ਵਿੱਚ ਅਲੱਗ ਹੈ ਅਤੇ ਇਸਨੂੰ ਲਾਗੂ ਕਰਨ ਲਈ ਵੀ ਵੱਖ-ਵੱਖ ਦੇਸ਼ਾਂ ਵਿੱਚ ਅਲੱਗ ਹੈ ਅਤੇ ਇਸਨੂੰ ਲਾਗੂ ਕਰਨ ਲਈ ਵੀ ਵੱਖ-ਵੱਖ ਢੰਗ ਅਪਣਾਏ ਗਏ ਹਨ ਫਿਰ ਵੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਕੁਝ ਸਾਂਝੇ ਉਦੇਸ਼ ਹਨ ਜਿਨ੍ਹਾਂ ਨੂੰ ਅਸੀ ਸਮਝਣ ਦਾ ਯਤਨ ਕਰਾਂਗੇ :—

(i) ਵਰਤਮਾਨ ਵਿੱਚ ਲੋਕੰਤਤਰੀ ਸ਼ਾਸਨ ਪ੍ਰਨਾਲ਼ੀ ਜ਼ਿਆਦਾਤਰ ਦੇਸ਼ਾਂ ਵਿੱਚ ਕੰਮ ਕਰ ਰਹੀ ਹੈ। ਲੋਕਤੰਤਰੀ ਸਰਕਾਰ ਦੀ ਸਫ਼ਲਤਾ ਨਾਗਰਿਕਾਂ ਦੇ ਗੁਣਾਂ ਉੱਪਰ ਨਿਰਭਰ ਕਰਦੀ ਹੈ। ਸਵੈ-ਸ਼ਾਸਨ ਦਾ ਸਭ ਤੋਂ ਵੱਡਾ ਉਦੇਸ਼ ਲੋਕਾਂ ਨੂੰ ਲੋਕਤੰਤਰ ਦੀ ਸਿੱਖਿਆ ਪ੍ਰਦਾਨ ਕਰਨਾ ਹੈ ਜਿਸ ਰਾਹੀ ਉਹ ਇੱਕ ਦੂਜੇ ਦੇ ਵਿਚਾਰਾਂ ਦੀ ਕਦਰ ਕਰਨਾ ਸਿੱਖਣ ਅਤੇ ਅਸਹਿਮਤ ਹੋਣ ਦੇ ਬਾਵਜੂਦ ਵੀ ਆਪਣੇ ਵਿਚਾਰ ਪ੍ਰਗਟਾਉਣ ਦੀ ਖੁੱਲ੍ਹ ਦੇਣ। ਲੋਕਤੰਤਰ ਦੀ ਸਿੱਖਿਆ ਨਾਲ ਹੀ ਲੋਕ ਆਪਣੇ ਰਾਜਨੀਤਕ ਅਧਿਕਾਰਾਂ ਨੂੰ ਮਾਨਣਗੇ ਅਤੇ ਦੂਜੇ ਦੇ ਅਧਿਕਾਰਾਂ ਦੇ ਅਧਿਕਾਰਾਂ ਦੀ ਵੀ ਕਦਰ ਕਰਨਗੇ। ਸਰਕਾਰ ਦੀ ਚੋਣ ਕਰਨਾ ਅਤੇ ਚੁਣੇ ਜਾਣ ਤੋਂ ਬਾਅਦ ਸਰਕਾਰ ਨੂੰ ਜ਼ਾਬਤੇ (Control) ਵਿੱਚ ਕਿਵੇਂ ਰੱਖਣਾ ਹੈ ਇਕ ਲੋਕ ਸਥਾਨਕ ਪੱਧਰ 'ਤੇ ਸਿੱਖਣ ਦੇ ਕਾਬਲ ਹੁੰਦੇ ਹਨ। ਸਥਾਨਕ ਪੱਧਰ 'ਤੇ ਸਰਕਾਰ ਨੂੰ ਚੁਣ ਕੇ ਅਤੇ ਉਸਨੂੰ ਅਸਲ ਵਿੱਚ ਕਾਰਜ ਕਰਦੇ ਵੇਖਦਿਆਂ ਨਾਗਰਿਕਾਂ ਨੂੰ ਲੋਕਤੰਤਰ ਦੀ ਸਿੱਖਿਆ ਪ੍ਰਾਪਤ ਹੁੰਦੀ ਹੈ।

(ii) ਸਥਾਨਕ ਪੱਧਰ ਦੇ ਵਿਕਾਸ ਤੋਂ ਬਿਨਾਂ ਕੋਈ ਵੀ ਦੇਸ਼ ਸਹੀ ਮਾਇਨੇ ਵਿੱਚ ਤਰੱਕੀ ਨਹੀ ਕਰ ਸਕਦਾ। ਵਰਤਮਾਨ ਵਿੱਚ ਵੀ ਜ਼ਿਆਦਾਤਰ ਜਨਸੰਖਿਆ ਪਿੰਡਾਂ ਵਿੱਚ ਵੱਸਦੀ ਹੈ ਵੱਡੇ ਸ਼ਹਿਰਾਂ ਦੇ ਵਿਕਾਸ ਦੇ ਨਾਲ-ਨਾਲ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ ਵੀ ਬੁਨਿਆਦੀ ਢਾਂਚੇ (Infrastructure) ਦਾ ਹੋਣਾ ਲਾਜ਼ਮੀ ਹੈ। ਸਥਾਨਕ ਪੱਧਰ 'ਤੇ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਤੋਂ ਵਿਰਵੇ ਲੋਕਾਂ ਲਈ ਚੰਗੀ ਜ਼ਿੰਦਗੀ ਦੀ ਉਮੀਦ ਧੁੰਦਲੀ ਜਾਪਦੀ ਹੈ। ਸਥਾਨਕ ਪੱਧਰ ਦਾ ਵਿਕਾਸ ਉਨ੍ਹਾਂ ਤੱਕ ਸੰਭਵ ਨਹੀਂ ਹੈ ਜਿਨ੍ਹਾਂ ਤੱਕ ਸਥਾਨਕ ਲੋਕ ਆਪਣੇ ਵਿਕਾਸ ਵਿੱਚ ਆਪ ਯੋਗਦਾਨ ਨਹੀਂ ਪਾਉਂਦੇ। ਸਥਾਨਕ ਲੋਕਾਂ ਦੀ ਭਾਗੀਦਾਰੀ ਸਥਾਨਕ ਸ੍ਵੈ-ਸ਼ਾਸਨ ਰਾਹੀ ਹੀ ਸੰਭਵ ਹੈ। ਇਹ ਲੋਕਾਂ ਨੂੰ ਮੌਕਾ ਪ੍ਰਦਾਨ ਕਰਦਾ ਹੈ ਜਿਸ ਰਾਹੀਂ ਉਹ ਆਪਣੇ ਆਲੇ-ਦੁਆਲੇ ਦੇ ਵੱਖ-ਵੱਖ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਆਪਣੇ ਖਿੱਤੇ ਦੀ ਖੁਸ਼ਹਾਲੀ ਵਿੱਚ ਯੋਗਦਾਨ ਪਾਉਂਦੇ ਹਨ।



ਮੌਜੂਦਾ ਪੰਚਾਇਤੀ ਪ੍ਰਬੰਧ ਦੇ ਨਿਰਮਾਤਾ ਸ਼੍ਰੀ ਬਲਵੰਤ ਰਾਏ ਮਹਿਤਾ

(iii) ਚੰਗਾ ਆਗੂ ਦੇਸ਼ ਨੂੰ ਆਪਣੀ ਅਗਵਾਈ ਨਾਲ ਕੌਮੀ ਅਤੇ ਕੌਮਾਂਤਰੀ (National & International) ਪੱਧਰ 'ਤੇ ਨਾਮਣਾ ਦਿਵਾ ਸਕਦਾ ਹੈ। ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਸਹੀ ਦਿਸ਼ਾ ਦੇ ਕੇ ਦੇਸ਼ ਨੂੰ ਤਰੱਕੀ ਦੀਆਂ ਨਵੀਆਂ ਮੰਜ਼ਲਾਂ ਉੱਪਰ ਪਹੁੰਚਾ ਸਕਦਾ ਹੈ। ਲੀਡਰ ਸ਼ਿਪ ਦੇ ਇਹ ਗੁਣ ਇੱਕ ਦਿਨ ਵਿੱਚ ਨਹੀਂ ਉਪਜਦੇ। ਇਸਦੇ ਲਈ ਜ਼ਰੂਰੀ ਹੈ ਕਿ ਸਥਾਨਕ ਪੱਧਰ 'ਤੇ ਹੀ ਨਾਗਰਿਕਾਂ ਨੂੰ ਵੱਖ-ਵੱਖ ਕਿਸਮ ਦੇ ਕਾਜਾਂ ਵਿੱਚ ਭਾਗ ਲੈ ਕੇ ਆਪਣੇ ਲੀਡਰਸ਼ਿਪ (Leadership) ਦੇ ਗੁਣ ਵਿਕਸਤ ਕਰਨੇ ਚਾਹੀਦੇ ਹਨ। ਸਥਾਨਕ ਸਵੈ ਸ਼ਾਸਨ ਰਾਜਨੀਤਕ ਲੀਡਰਸ਼ਿਪ ਨੂੰ ਸਿਖਲਾਈ ਦੇ ਕੇ ਉਹਨਾਂ ਦੇ ਗੁਣਾਂ ਦੀ ਪਛਾਣ ਕਰਦਾ ਹੈ। ਇਹ ਸਿਖਲਾਈ ਪ੍ਰਾਪਤ ਕਰਕੇ ਪੱਧਰ ਦੇ ਲੀਡਰ ਸੂਬਾਈ ਅਤੇ ਰਾਸ਼ਟਰੀ ਪੱਧਰ 'ਤੇ ਵੀ ਆਪਣੀ ਜਗ੍ਹਾ ਬਣਾਉਣ ਵਿੱਚ ਕਾਮਯਾਬ ਹੁੰਦੇ ਹਨ। ਭਾਰਤ ਵਿਚ ਕਿੰਨੇ ਹੀ ਅਜਿਹੇ ਲੀਡਰ ਹਨ ਜੋ ਸਥਾਨਕ ਪੱਧਰ ਤੋਂ ਉੱਠ ਕੇ ਸੂਬਾਈ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਅਹੁਦਿਆਂ ਤੱਕ ਪਹੁੰਚੇ ਹਨ। ਪੰਜਾਬ ਦੇ ਸਾਬਕਾ ਮੁੱਖ-ਮੰਤਰੀ ਮਰਹੂਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੀ ਪਿੰਡ ਦੇ ਸਰਪੰਚ ਤੋਂ ਹੀ ਆਪਣੇ ਆਪ ਨੂੰ ਉੱਤੇ ਮੁਕਾਮ ਤੇ ਲੈ ਗਏ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਹੁਣ ਮਰਹੂਮ ਡਾ ਮਨਮੋਹਨ ਸਿੰਘ ਜੀ ਸੰਨ 1947 ਦੀ ਵੰਡ ਵਿੱਚ ਉਜਾੜੇ ਦੇ ਸ਼ਿਕਾ ਪਰਿਵਾਰ ਤੋਂ ਸਨ ਪਰ ਵਿਦਿਅਕ ਖੇਤਰ ਵੱਡੀਆਂ ਪ੍ਰਾਪਤੀਆਂ ਕਰਦੇ ਹੋਏ ਸਮਾਜਿਕ ਤੇ ਰਾਜਨੀਤਕ ਪਾਸੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁੱਜੇ। ਸਥਾਨਕ ਪੱਧਰ ਤੇ ਲੋਕਾਂ ਦੇ ਦਬਾਅ ਅਤੇ ਵੱਖ-ਵੱਖ ਵਰਗਾਂ ਵਿਚਾਲੇ ਸੰਤੁਲਨ ਪੈਦਾ ਕਰਨ ਦੀ ਕਾਬਲੀਅਤ ਵੀ ਸਥਾਨਕ ਪੱਧਰ 'ਤੇ ਹੀ ਪੈਦਾ ਹੁੰਦੀ ਹੈ।

(iv) ਮਨੁੱਖ ਜਿੱਥੇ ਵੱਸਦਾ ਹੈ ਆਪਣੀ ਸਾਂਝ ਅਤੇ ਲੋੜ ਲਈ ਆਪਣੇ ਆਲੇ-ਦੁਆਲੇ ਨਾਲ ਭਾਵਨਾਤਮਕ/ਜਜ਼ਬਾਤੀ ਰਿਸ਼ਤਾ ਜੋੜ ਲੈਂਦਾ ਹੈ। ਇਸ ਅਪਣੱਤ ਦੀ ਨਜ਼ਰ ਤੋਂ ਹੀ ਕਮੀਆਂ ਅਤੇ ਚੰਗਾਈ ਦਾ ਪਛਾਣ ਕਰਦਾ ਹੈ। ਆਪਣੇ ਆਲੇ-ਦੁਆਲੇ ਵਿੱਚ ਵਿਦਰਦਿਆਂ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਕਰਦਾ ਹੈ। ਇਹਨਾਂ ਸਮੱਸਿਆਵਾਂ ਨੂੰ ਕੋਈ ਓਪਰਾ ਬੰਦਾ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ। ਸਥਾਨਕ ਸਵੈ-ਸ਼ਾਸਨ ਹੀ ਉਹਨਾਂ ਨੂੰ ਇਹ ਸ਼ਕਤੀ ਅਤੇ ਮੌਕਾ ਪ੍ਰਦਾਨ ਕਰਦਾ ਹੈ ਕਿ ਉਹ ਇਹਨਾਂ ਸਮੱਸਿਆਵਾਂ ਨੂੰ ਹੱਲ ਕਰ ਸਕਣ। ਪੀਣ ਵਾਲੇ ਪਾਣੀ ਦੀ ਸਮੱਸਿਆ, ਗਲੀਆਂ-ਨਾਲੀਆਂ, ਟੁੱਟੀਆਂ ਸੜਕਾਂ, ਸਿਹਤ ਸਹੂਲਤਾਂ ਦੀ ਕਮੀ, ਵਿਦਿਆ ਪ੍ਰਾਪਤੀ ਦੇ ਰਾਹ ਦੀਆਂ ਔਕੜਾਂ ਆਦਿ ਸਮੱਸਿਆਵਾਂ ਸਥਾਨਕ ਸਰੂਪ ਦੀਆਂ ਹੁੰਦੀਆਂ ਹਨ। ਇਹਨਾਂ ਨੂੰ ਸਥਾਨਕ ਪੱਧਰ ਦੇ ਰਾਜਨੀਤਿਕ ਲੀਡਰਾਂ ਅਤੇ ਪ੍ਰਸ਼ਾਸਕੀ ਅਧਿਕਾਰੀਆਂ (Administrative Officers) ਦੀ ਸਹਾਇਤਾ ਨਾਲ ਲੋਕਾਂ ਦੁਆਰਾ ਹੱਲ ਕਰਵਾਇਆ ਜਾ ਸਕਦਾ ਹੈ।

ਭਾਰਤ ਵਿੱਚ ਸਥਾਨਕ ਸਵੈ ਸ਼ਾਸਨ
(Local Self Government in India)

ਭਾਰਤ ਵਿੱਚ ਸ਼ਕਤੀਆਂ ਦਾ ਵਿਕੇਂਦਰੀਕਰਨ (Decentralisation of Powers) ਸਥਾਨਕ ਸਵੈ ਸ਼ਾਸਨ ਦਾ ਮੂਲ ਅਧਾਰ ਹੈ। ਭਾਰਤ ਵਿੱਚ ਪੰਚਾਇਤਾਂ ਦਾ ਇਤਿਹਾਸ ਬਹੁਤ ਲਮੇਰਾ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ ਵਿੱਚ ਪੰਚਾਇਤਾਂ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਰਹੀਆਂ ਹਨ। ਦੁਨੀਆਂ ਦੇ ਸਭ ਤੋਂ ਪੁਰਾਤਨ ਗ੍ਰੰਥ ਵਿੱਚ ਗ੍ਰਾਮ/ਪਿੰਡ ਦਾ ਵਰਣਨ ਮਿਲਦਾ ਹੈ ਜਿਸਦੇ ਪ੍ਰਧਾਨ ਨੂੰ ਗ੍ਰਾਮੀਣੀ ਕਿਹਾ ਜਾਂਦਾ ਸੀ। ਗ੍ਰਾਮੀਣੀ ਨੂੰ ਰਾਜੇ ਦੁਆਰਾ ਪਿੰਡ ਦਾ ਪ੍ਰਬੰਧ ਚਲਾਉਣ ਲਈ ਨਿਯੁਕਤ ਕੀਤਾ ਜਾਂਦਾ ਸੀ। ਗ੍ਰਾਮੀਣੀ ਦੇ ਨਾਲ-ਨਾਲ ਰਿਗਵੇਦ ਵਿਚ ਸਭਾ ਅਤੇ ਸਮਿਤੀ ਦਾ ਜ਼ਿਕਰ ਵੀ ਆਉਂਦਾ ਹੈ। ਪੁਰਾਤਨ ਸਮੇਂ ਵਿੱਚ ਪੰਚਾਇਤ ਸ਼ਬਦੀ ਦੀ ਉਤਪਤੀ ਪੰਚ ਤੋਂ ਹੋਈ ਜਿਸਦੇ ਪਿੰਡ ਦੇ ਸਿਆਣੇ ਬੁਜ਼ਰਗ ਅਤੇ ਵਿਅਕਤੀ ਪਿੰਡ ਦੇ ਨਿਆਂਇਕ ਫੈਸਲੇ ਕਰਦੇ ਹਨ। ਰਿਗਵੇਦ ਤੋਂ ਇਲਾਵਾ ਉਪਨਿਸ਼ਦਾਂ ਆਦਿ ਵਿੱਚ ਸਥਾਨਕ ਸਵੈ ਸ਼ਾਸਨ ਦਾ ਕਿਸੇ ਨਾ ਕਿਸੇ ਰੂਪ ਵਿੱਚ ਜ਼ਿਕਰ ਮਿਲਦਾ ਹੈ।

ਅੰਗਰੇਜ਼ਾਂ ਦੇ ਭਾਰਤ ਉੱਤੇ ਕਾਬਜ਼ ਹੋ ਜਾਣ ਤੋਂ ਬਾਅਦ ਸਦੀਆਂ ਤੋਂ ਚੱਲੇ ਆ ਰਹੇ ਰੀਤੀ ਰਿਵਾਜਾਂ ਪਰੰਪਰਾਵਾਂ ਅਤੇ ਸੰਸਥਾਵਾਂ ਦਾ ਪਹਿਲਾਂ ਜਿਨ੍ਹਾਂ ਸਤਿਕਾਰ ਨਾ ਰਿਹਾ। ਪਿੰਡ ਦੇ ਮੁਹਬਤਰ ਬੰਦਿਆਂ ਦੀ ਪੰਚਾਇਤ ਦੁਆਰਾ ਕੀਤੇ ਜਾਂਦੇ ਕਾਰਜਾਂ ਨੂੰ ਨਵੀਆਂ ਸੰਸਥਾਵਾਂ ਰਾਹੀ ਬਦਲਣਾ ਸ਼ੁਰੂ ਕਰ ਦਿੱਤਾ। ਉਦਾਹਰਣ ਦੇ ਤੌਰ 'ਤੇ ਪਿੰਡ ਵਿੱਚ ਆਪਸੀ ਲੜਾਈ ਝਗੜੇ ਜਾਂ ਕਿਸੇ ਹੋਰ ਮਾਮਲੇ ਦਾ ਨਿਪਟਾਰਾ ਪਿੰਡ ਦੇ ਸਿਆਣੇ ਬੁਜ਼ਰਗਾਂ ਦੁਆਰਾ ਨਿਯੁਕਤੀ ਕੀਤੀ ਗਈ ਪੰਚਾਇਤ ਰਾਹੀਂ ਕੀਤਾ ਜਾਂਦਾ ਸੀ। ਹੁਣ ਉਸਦੇ ਸਥਾਨ ਤੇ ਨਿਆਂਇਕ ਕੰਮ ਭਾਵ ਝਗੜਿਆਂ ਦਾ ਨਿਪਟਾਰਾ ਕਰਨ ਲਈ ਅਦਾਲਤਾਂ ਦੀ ਸਥਾਪਨਾ ਕਰ ਦਿੱਤੀ ਗਈ। ਅਜਿਹਾ ਕਰਨ ਨਾਲ ਪੰਚਾਇਤ ਦੀ ਸਮਾਜਿਕ ਸ਼ਕਤੀ (Social Power) ਦੇ ਸਥਾਨ 'ਤੇ ਅੰਗਰੇਜ਼ਾਂ ਦੀ ਰਾਜਨੀਤਕ ਸ਼ਕਤੀ ਨੇ ਲੈ ਲਈ। ਜਿਵੇਂ-ਜਿਵੇਂ ਬ੍ਰਿਟਿਸ਼ ਰਾਜ ਦਾ ਵਿਕਾਸ ਹੁੰਦਾ ਗਿਆ ਅੰਗਰੇਜਾਂ ਨੇ ਬਰਤਾਨੀਅ ਦੀ ਨਕਲ ਉੱਤੇ ਭਾਰਤ ਵਿੱਚ ਵੀ ਚੁਣੀ ਹੋਈ ਸਥਾਨਕ ਸਰਕਾਰ ਦੀ ਵਿਵਸਥਾ ਕਰਨ ਵੱਲ ਕਦਮ ਵਧਾਏ। ਅੰਗਰੇਜਾਂ ਵੱਲੋਂ ਸਥਾਨਕ ਸਰਕਾਰ ਦੀ ਸਥਾਪਨਾ ਲਈ ਕੀਤੇ ਗਏ ਯਤਨਾਂ ਵਿੱਚ ਸਭ ਤੋਂ ਜ਼ਰੂਰੀ ਕਾਰਜ ਲਾਰਡ ਰਿਪਨ (Lord Ripan) ਵੱਲੋਂ ਕੀਤਾ ਗਿਆ। ਸੰਨ 1882 ਵਿੱਚ ਲਾਰਡ ਰਿਪਨ ਨੇ ਸਥਾਨਕ ਸਵੈ ਸਾਸਨ ਉੱਪਰ ਮਤਾ (Resolution on Local Government) ਪੇਸ਼ ਕੀਤਾ। ਜਿਸਦੇ ਸਦਕਾ ਉਹਨਾਂ ਨੂੰ ਭਾਰਤ ਵਿੱਚ ਸਥਾਨਕ ਸਵੈ ਸ਼ਾਸਨ/ਸਰਕਾਰ ਦਾ ਪਿਤਾਮਾ (Father of Local Self Government in India) ਵਜੋਂ ਜਾਣਿਆ ਜਾਂਦਾ ਹੈ, ਉਸ ਤੋਂ ਬਾਅਦ ਸੰਨ 1907 ਵਿੱਚ ਬਣੇ ਰਾਇਲ ਕਮਿਸ਼ਨ (Royal Commission) ਨੇ ਪੇਂਡੂ ਪੱਧਰ 'ਤੇ ਪੰਚਾਇਤਾਂ ਦੀ ਮਹੱਤਤਾ ਉਪਰ ਜ਼ੋਰ ਦਿੱਤਾ।


ਲਾਰਡ ਰਿਪਨ

ਅਜ਼ਾਦ ਭਾਰਤ ਵਿੱਚ ਪੰਚਾਇਤਾਂ
(Panchayats in Independent India)

ਅਜਾਦ ਭਾਰਤ ਵਿਚ ਪੰਚਾਇਤ ਰਾਜ ਦੀ ਸ਼ੁਰੂਆਤ ਕਰਨ ਦਾ ਸਿਹਰਾ ਮਹਾਤਮਾ ਗਾਂਧੀ ਨੂੰ ਜਾਂਦਾ ਹੈ। ਮਹਾਤਮਾ ਗਾਂਧੀ ਦੇ ਸੁਪਨਿਆਂ ਦੇ ਸਮਾਜ ਜਿਸਨੂੰ ਉਹ ਰਾਮ ਰਾਜ ਆਖਦੇ ਸਨ, ਵਿੱਚ ਪਿੰਡ ਦੀਆਂ ਪੰਚਾਇਤਾਂ ਖਾਸ ਮਹੱਤਵ ਰੱਖਦੀਆਂ ਸਨ। ਸੰਵਿਧਾਨ ਨਿਰਮਾਣ ਦੌਰਾਨ ਰਾਜ ਦੀ ਨੀਤੀ ਦੇ ਨਿਰਦੇਸ਼ਕ (Directive principles of state policy) ਵਿੱਚ ਅਨੁਛੇਦ-40 ਰਾਹੀਂ ਪੰਚਾਇਤੀ ਰਾਜ ਦੀ ਵਿਵਸਥਾ ਕੀਤੀ ਗਈ।

ਅਨੁਛੇਦ-40 ਰਾਜ ਪੇਂਡੂ ਪੰਚਾਇਤਾਂ ਨੂੰ ਸੰਗਠਿਤ ਕਰਨ ਲਈ ਚੱਕੇਗਾ ਅਤੇ ਉਹਨਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਦੇਵੇਗਾ ਜੋ ਉਹਨਾਂ ਨੂੰ ਸਵੈ ਸ਼ਾਸਨ ਦੀਆਂ ਇਕਾਈਆਂ ਵਜੋਂ ਕਰਨ ਦੇ ਕਾਬਲ ਬਣਾਉਣ ਲਈ ਲਾਜ਼ਮ/ਹੋਣ। ਸੰਨ 1951-56 ਵਿੱਚ ਭਾਰਤ ਸਰਕਾਰ ਦੁਆਰਾ ਪਹਿਲੀ ਪੰਜ ਸਾਲਾ ਯੋਜਨਾ (First five year plan) ਸ਼ੁਰੂ ਕੀਤੀ। ਇਸ ਯੋਜਨਾ ਰਾਹੀਂ 1952 ਵਿੱਚ ਸਮੁਦਾਇਕ ਵਿਕਾਸ ਯੋਜਨਾ-1952 (Community development programme) ਸ਼ੁਰੂ ਕੀਤੀ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੀ :—

(i) ਪਿੰਡ ਦੇ ਭੌਤਿਕ ਅਤੇ ਮਨੁੱਖੀ ਸਰੋਤਾਂ ਦਾ ਵਿਕਾਸ ਕਰਨਾ।

(ii) ਸਥਾਨਕ ਲੀਡਰਸ਼ਿਪ ਅਤੇ ਸਵੈ ਸ਼ਾਸਨ ਦੀਆਂ ਸੰਸਥਾਵਾਂ ਦਾ ਵਿਕਾਸ ਕਰਨਾ।

(iii) ਲੋਕਾਂ ਦਾ ਜੀਵਨ ਪੱਧਰ ਉੱਚਾ ਚੱਕਣਾ।

ਸੰਨ 1957 ਵਿੱਚ ਭਾਰਤ ਸਰਕਾਰ ਨੇ ਸਮੁਦਾਇਕ ਵਿਕਾਸ ਯੋਜਨਾ-1952 (Community development programme) ਦਾ ਅਧਿਐਨ (Examine) ਕਰਨ ਲਈ ਬਲਵੰਤ ਰਾਏ ਮਹਿਤਾ ਕਮੇਟੀ ਬਣਈ। ਜਿਸਨੇ ਲੋਕਤੰਤਰੀ ਵਿਕੇਂਦਰੀਕਰਨ (Democratic Decentralisation) ਸਬੰਧੀ ਸਿਫਾਰਸ਼ਾਂ ਦਿੱਤੀਆਂ। ਤਿੰਨ ਪੱਧਰੀ ਪੰਚਾਇਤੀ ਰਾਜ ਢਾਂਚਾ ਅਤੇ ਪਿੰਡ ਦੀ ਪੰਚਾਇਤ ਦੀ ਲੋਕਾਂ ਦੁਆਰਾ ਸਿੱਧੀ ਚੋਣ (Direct election) ਮੁੱਖ ਸਿਫ਼ਾਰਸ਼ਾਂ ਸਨ।

2 ਅਕਤੂਬਰ 1959 ਮਹਾਤਮਾ ਗਾਂਧੀ ਦੇ ਜਨਮਦਿਨ ਉੱਤੇ ਪ੍ਰਧਾਨ ਮੰਤਰੀ ਪ. ਜਾਹਰ ਲਾਲ ਨਹਿਰੂ ਨੇ ਰਾਜਸਥਾਨ ਨੇ ਨਾਗੌਰ (Nagaur) ਜਿਲ੍ਹੇ ਦੇ ਪਿੰਡ ਬਾਰਾਦਰੀ (Bagdari) ਵਿੱਚ ਪੰਚਾਇਤੀ ਰਾਜ ਦੀ ਸ਼ੁਰੂਆਤ ਕੀਤੀ।

ਵੱਖ ਵੱਖ ਕਮੇਟੀਆਂ ਦੀਆਂ ਸਿਫਾਰਸ਼ਾਂ (recommendation) ਨੂੰ ਧਿਆਨ ਵਿੱਚ ਰੱਖਦੇ ਹੋਏ ਪੰਚਾਇਤ ਨੂੰ ਸੰਵਿਧਾਨਕ ਮਾਨਤਾ ਦੇਣ ਲਈ ਰਾਜੀਵ ਗਾਂਧੀ ਸਰਕਾਰ ਦੁਆਰਾ ਸਭ ਤੋਂ ਪਹਿਲਾਂ ਯਤਨ ਕਰਦਿਆਂ ਜੁਲਾਈ 1989 ਵਿੱਚ ਲੋਕ ਸਭਾ ਵਿੱਚ ਪੰਚਾਇਤਾਂ ਨਾਲ ਸਬੰਧਤ ਬਿੱਲ ਪੇਸ਼ ਕੀਤਾ ਗਿਆ। ਲੋਕ ਸਭਾ ਵਿੱਚ ਬਿੱਲ ਪਾਸ ਹੋਣ ਤੋਂ ਬਾਅਦ ਰਾਜ ਸਭਾ ਵਿੱਚ ਭੇਜਿਆ ਗਿਆ। ਪਰ ਉੱਥੇ ਇਹ ਬਿੱਲ ਪਾਸ ਹੋਣ ਵਿੱਚ ਸਫਲ ਨਾ ਹੋਇਆ। ਸੰਨ 1992 ਵਿੱਚ ਹੋਈ ਨਰਸਿੰਮ੍ਹਾ ਰਾਓ ਦੀ ਸਰਕਾਰ ਵਿੱਚ 73 ਵੀਂ ਸੰਵਿਧਾਨ ਸੋਧ ਨੇ ਪੇਂਡੂ ਪੱਧਰ ਦੇ ਸ਼ਾਸਨ ਨੂੰ ਸੰਵਿਧਾਨਕ ਮਾਨਤਾ (Constitutional recognisation) ਦਿੱਤੀ। 74ਵੀ ਸੋਧ ਨੇ ਸ਼ਹਿਰੀ ਸਵੈ ਸ਼ਹਿਰੀ (Urban Local Government) ਨੂੰ ਸੰਵਿਧਾਨਕ ਮਾਨਤਾ ਦਿੱਤੀ। 73 ਵੀਂ ਅਤੇ 74 ਵੀਂ ਸੋਧ ਸੰਨ ਵਿਚ 1993 ਲਾਗੂ ਕੀਤੀਆਂ ਗਈਆਂ।

ਭਾਰਤ ਵਿੱਚ ਸਥਾਨਕ ਸਵੈ ਸ਼ਾਸਨ ਨੂੰ ਵੰਗਾਰਾਂ
(Challenges to Indian Local Self Government)

ਸਥਾਨਕ ਸਰਕਾਰ ਨੂੰ ਸੰਵਿਧਾਨਕ ਮਾਨਤਾ ਦੇਣ ਲਈ ਵੱਖ-ਵੱਖ ਕਮੇਟੀਆਂ ਨੇ ਆਪਣੀ ਸਿਫਾਰਸ਼ਾਂ ਪੇਸ਼ ਕੀਤੀਆਂ ਜਿਨ੍ਹਾਂ ਦਾ ਮਕਸਦ ਸਥਾਨਕ ਪੱਧਰ ਉੱਤੇ ਲੋਕਤੰਤਰ ਨੂੰ ਮਜ਼ਬੂਤ ਕਰਨਾ ਸੀ। 73 ਵੀ ਅਤੇ 74 ਵੀ ਸੰਵਿਧਾਨਕ ਸੋਧ ਭਾਰਤ ਵਿੱਚ ਸਥਾਨਕ ਸਵੈ ਸ਼ਾਸਨ ਦੀ ਮਜ਼ਬੂਤੀ ਲਈ ਇਹ ਇੱਕ ਕ੍ਰਾਂਤੀਕਾਰੀ ਕਦਮ ਸੀ। ਅਸੀਂ ਜਦੋਂ ਦੇ ਢਾਂਚੇ ਅਤੇ ਲੋਕਾਂ ਦੀ ਭਾਗੀਦਾਰੀ ਵੱਲ ਝਾਤ ਮਾਰਦੇ ਹਾਂ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਸਥਾਨਕ ਸਵੈ ਸ਼ਾਸਨ ਨੂੰ ਅਜੇ ਵੀ ਬਹੁਤ ਸਾਰੇ ਸੁਧਾਰਾਂ ਦੀ ਲੋੜ ਹੈ। ਸਥਾਨਕ ਸਵੈ ਸ਼ਾਸਨ ਕੁਝ ਸਮੱਸਿਆਵਾਂ ਇਹ ਹਨ:-

(i) ਪ੍ਰਸ਼ਾਸਕੀ ਅਧਿਕਾਰੀ (Administrative Officers) ਦੀ ਪੰਚਾਇਤ ਦੇ ਕੰਮਾਂ ਵਿੱਚ ਦਖਲ ਅੰਦਾਜ਼ੀ ਇੱਕ ਵੱਡੀ ਚੁਣੌਤੀ ਹੈ। ਸਾਰਾ ਸ਼ਾਸਨ ਪ੍ਰਬੰਧ ਪ੍ਰਸ਼ਾਸਕੀ ਅਧਿਕਾਰੀਆਂ ਦੀ ਦੇਖ ਰੇਖ ਵਿੱਚ ਚਲਦਾ ਹੈ। ਭਾਰਤ ਵਿੱਚ ਵਿਕਾਸ ਨਾਲ ਸਬੰਧਤ ਸਾਰੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਅਤੇ ਸ਼ਕਤੀ ਪ੍ਰਸ਼ਾਨਕ ਅਧਿਕਾਰੀਆਂ ਨੂੰ ਦਿੱਤੀ ਗਈ ਹੈ। ਇੱਥੋਂ ਤੱਕ ਕਿ ਸਥਾਨਕ ਸਰਕਾਰਾਂ ਨੂੰ ਹਟਾਉਣ ਤੱਕ ਸੂਬਾ ਸਰਕਾਰ ਇਹਨਾਂ ਪ੍ਰਸ਼ਾਸਕੀ ਅਧਿਕਾਰੀਆਂ ਦੀ ਰਿਪੋਰਟ ਉੱਪਰ ਨਿਰਭਰ (Depend) ਕਰਦੀ ਹੈ। ਸਥਾਨਕ ਸਰਕਾਰਾਂ ਲੋਕਾਂ ਦੀ ਪ੍ਰਤੀਨਿਧ (Representative) ਸੰਸਥਾਵਾਂ ਹੁੰਦੀਆਂ ਹਨ। ਕਿਸੇ ਵੀ ਪ੍ਰਕਾਰ ਦੇ ਪ੍ਰਸ਼ਾਸਨਿਕ ਕੰਟਰੋਲ ਦੀ ਅਧੀਨਗੀ ਇਹਨਾਂ ਨੂੰ ਸਹੀ ਤਰੀਕੇ ਨਾਲ ਕੰਮ ਨਹੀਂ ਕਰਨ ਦਿੰਦੀ। ਸਥਾਨਕ ਸਰਕਾਰਾਂ ਉੱਪਰ ਜਦੋਂ ਤੱਕ ਸੂਬਾਈ ਸਰਕਾਰ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਦੇ ਕੰਟਰੋਲ ਤੋਂ ਮੁਕਤੀ ਪ੍ਰਾਪਤ ਨਹੀਂ ਕਰਦੀਆਂ ਉਦੋਂ ਤੱਕ ਇਹ ਨੀਤੀਆਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੇ ਕਾਬਲ ਨਹੀਂ ਹੋ ਸਕਦੀਆਂ।

(ii) ਇਸਤਰੀਆਂ ਦੀ ਭਾਗੀਦਾਰੀ (Representation of Women) : 73 ਵੀ ਅਤੇ 74 ਵੀ ਸੰਵਿਧਾਨਕ ਸੋਧ 1993 ਰਾਹੀਂ ਸਥਾਨਕ ਸਰਕਾਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਲਈ 33% ਸੀਟਾਂ ਦਾ ਰਾਖਵਾਕਰਨ ਕਰਨ ਦੀ

ਵਿਵਸਥਾ ਕੀਤੀ ਗਈ। ਸਵੈ ਸ਼ਾਸਨ ਵਿੱਚ ਔਰਤਾਂ ਨੂੰ ਪ੍ਰਤੀਨਿਧਤਾ ਦੇਣਾ ਅਤੇ ਫੈਸਲਾ ਲੈਣ ਵਿੱਚ ਭਾਗੀਦਾਰ ਬਣਾਉਣ ਦੋ ਵੱਖੋ-ਵੱਖਰੀਆਂ ਗੱਲਾਂ/ਪਹਿਲੂ ਹਨ। ਔਰਤਾਂ ਨੂੰ ਸਥਾਨਕ ਸਵੈ ਸ਼ਾਸਨ ਵਿੱਚ ਪ੍ਰਤੀਨਿਧਤਾ ਤਾਂ ਮਿਲ ਚੁੱਕੀ ਹੈ ਪ੍ਰੰਤੂ ਉਹਨਾਂ ਦੀ ਫੈਸਲਾ ਲੈਣ ਵਿੱਚ ਭਾਗੀਦਾਰੀ ਨਾ-ਮਾਤਰ ਹੈ। ਔਰਤਾਂ ਨੂੰ ਫੈਸਲਾ ਲੈਣ ਦੀ ਪ੍ਰਕਿਰਿਆ (Process of Decision making) ਤੋਂ ਦੂਰ ਰੱਖਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਜੇਕਰ ਔਰਤ ਜਿੱਤ ਜਾਂਦੀ ਹੈ ਤਾਂ ਫ਼ੈਸਲੇ ਉਹਨਾਂ ਦੇ ਪਤੀ ਜਾਂ ਪੁੱਤਰ ਵੱਲੋਂ ਲਏ ਜਾਂਦੇ ਹਨ।

(iii) ਫੰਡਾਂ ਦੀ ਕਮੀ (Scarcity of Funds) : ਸਥਾਨਕ ਸਰਕਾਰ ਨੂੰ ਪਿੰਡਾਂ ਸ਼ਹਿਰਾਂ ਦੇ ਵਿਕਾਸ ਨਾਲ ਅਨੇਕਾਂ ਕੰਮ ਸੌਂਪੇ ਗਏ ਹਨ। ਉਹਨਾਂ ਕੰਮਾਂ ਨੂੰ ਨਪੇਰੇ ਚਾੜਨ ਲਈ ਧਨ (Money) ਦੀ ਲੋੜ ਹੁੰਦੀ ਹੈ। ਸਥਾਨਕ ਸਰਕਾਰਾਂ ਕੋਲ ਆਮਦਨ ਦੇ ਸੋਮੇ ਬਹੁਤ ਘੱਟ ਹੋਣ ਕਾਰਨ ਆਪਣੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਵੀ ਸੂਬਾ ਸਰਕਾਰ ਵੱਲੋਂ ਦਿੱਤੀ ਜਾਂਦੀ ਗ੍ਰਾਂਟ 'ਤੇ ਨਿਰਭਰ ਰਹਿਣਾ ਪੈਂਦਾ ਹੈ। ਸੂਬਾ ਸਰਕਾਰ ਵੱਲੋਂ ਸਸਾਂਰਿਕ ਫੰਡ ਜਾਰੀ ਨਾ ਹੋਣ ਕਾਰਨ ਸਾਫ ਪਾਣੀ, ਪੱਕੀਆਂ ਗੱਲੀਆਂ ਮੁੱਢੀਲਆਂ ਸਿਹਤ ਤੇ ਵਿਦਿਅਕ ਆਦਿ ਲੋੜਾਂ ਦੀ ਪੂਰਤੀ ਵੀ ਨਹੀਂ ਹੋ ਸਕਦੀ।

(iv) ਸਥਾਨਕ ਸਵੈ-ਸ਼ਾਸਨ ਸਭ ਲਈ (Local Government for All) : ਸਥਾਨਕ ਸਵੈ ਵਿੱਚ ਸਭ ਨੂੰ ਬਰਾਬਰ ਦਾ ਭਾਗੀਦਾਰ ਬਣਾਇਆ ਗਿਆ ਹੈ ਭਾਵ ਬਾਲਗ ਵੋਟ ਦੇ ਅਧਿਕਾਰ ਰਾਹੀ ਸਾਰੇ ਨਾਗਰਿਕਾਂ ਨੂੰ ਬਰਾਬਰ ਤੌਰ 'ਤੇ ਮੌਕਾ ਮਿਲਦਾ ਹੈ। ਇਸ ਤੋਂ ਇਲਾਵਾ ਰਾਜਨੀਤਕ ਤੌਰ 'ਤੇ ਰਾਜਨੀਤੀ ਵਿੱਚ ਭਾਗ ਲੈਣ ਦੀ ਸਾਰਿਆਂ ਨੂੰ ਖੁੱਲ੍ਹ ਹੈ ਭਾਰਤ ਵਿਚ ਜਾਤ-ਪਾਤ ਅਤੇ ਸਮਾਜਿਕ ਨਾ-ਬਰਾਬਰੀ ਨੂੰ ਸੰਵਿਧਾਨਕ ਤੌਰ 'ਤੇ ਮਨਾਹੀ ਕੀਤੀ ਗਈ ਹੈ ਪ੍ਰੰਤੂ ਰਾਜਨੀਤਕ ਤੌਰ 'ਤੇ ਬਰਾਬਰ ਨਾਗਰਿਕ ਸਮਾਜਿਕ ਅਤੇ ਆਰਥਿਕ ਤੌਰ ਤੇ ਵੱਖਰੀਆਂ-ਵੱਖਰੀਆਂ ਜ਼ਿੰਦਗੀਆਂ ਜਿਊਂਦੇ ਹਨ। ਸੰਵਿਧਾਨ ਅਤੇ ਸਮਾਜਿਕ ਪਰੰਪਰਾਵਾਂ ਇਕ ਦੂਜੇ ਦੇ ਵਿਰੋਧ ਵਿੱਚ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਇਸਦਾ ਅਸਰ ਗਰੀਬਾਂ ਅਤੇ ਕਥਿਤ ਨੀਵੀਆਂ ਸ਼੍ਰੇਣੀਆਂ ਨੂੰ ਬਰਾਬਰ ਰੁਤਬੇ ਵਾਲੀ ਰਾਜਨੀਤਿਕ ਭੂਮਿਕਾ ਤੋਂ ਵਾਂਝਾ ਰੱਖਦਾ ਹੈ।

ਭਾਰਤ ਵਿੱਚ ਸਥਾਨਕ ਸਵੈ ਸ਼ਾਸਨ ਦਾ ਭਵਿੱਖ ਰਾਜਨੀਤਕ ਲੀਡਰਸ਼ਿਪ ਦੇ ਨਾਲ ਨਾਲ ਸਮਾਜਿਕ ਲੀਡਰਸ਼ਿਪ 'ਤੇ ਵੀ ਨਿਰਭਰ ਕਰਦਾ ਹੈ। ਡਾ. ਭੀਮ ਰਾਓ ਅੰਬੇਦਕਰ ਦੇ ਸ਼ਬਦਾਂ ਅਨੁਸਾਰ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੀ ਅਣਹੋਂਦ ਵਿਚ ਰਾਜਨੀਤਕ ਲੋਕਤੰਤਰ ਸੱਖਣਾ/ਅਧੂਰਾ ਹੈ।

ਅਭਿਆਸ

I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ. ਸਵੈ-ਸ਼ਾਸਨ ਦਾ ਸ਼ਾਬਦਿਕ ਅਰਥ ਕੀ ਹੈ ?

ਅ. ਸਰਕਾਰ ਦੀਆਂ ਦੋ ਕਿਸਮਾਂ ਦੇ ਨਾਂ ਲਿਖੋ ?

ੲ. ਸਪੁਰਦਗੀ ਦੀ ਸ਼ਕਤੀਆਂ (Devolution of Powers) ਕਿਹੜੀ ਕਿਸਮ ਦੀ ਸਰਕਾਰ ਦੀ ਵਿਸ਼ੇਸ਼ਤਾ ਹਨ ?

ਸ. ਸਥਾਨ ਸਵੈ-ਸ਼ਾਸਨ ਦਾ ਮੂਲ ਅਧਾਰ ਕੀ ਹੈ ?

ਹ. ਸਮੁਦਾਇਕ ਵਿਕਾਸ ਯੋਜਨਾ (Community Development Programme) ਕਦੋਂ ਸ਼ੁਰੂ ਕੀਤੀ ਗਈ ?

ਖਾਲੀ ਥਾਵਾਂ ਭਰਕੇ ਵਾਕ ਪੂਰੇ ਕਰੋ—

ਕ. ਸੰਵਿਧਾਨ ਨਿਰਮਾਣ ਦੌਰਾਨ ਰਾਜ ਦੀ ਨੀਤੀ ..... ਵਿਚ ਅਨੁਭੇਦ ..... ਰਾਹੀਂ ਪੰਚਾਇਤੀ ਰਾਜ ਦੀ ਵਿਵਸਥਾ ਕੀਤੀ ਗਈ।

ਖ. ਲੋਕਤੰਤਰੀ ਵਿਕੇਂਦਰੀਕਰਨ ਸਬੰਧੀ ..... ਕਮੇਟੀ ਨੇ ਸਿਫਾਰਸ਼ਾਂ ਕੀਤੀਆਂ।

ਗ. ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ..... ਨੇ ਰਾਜਸਤਾਨ ਨੇ ਨਾਗੌਰ ਜਿਲ੍ਹੇ ਦੇ ਪਿੰਡ ..... ਵਿੱਚ ਪੰਚਾਇਤੀ ਰਾਜ ਦੀ ਸ਼ੁਰੂਆਤ ਕੀਤੀ।

ਘ. ..... ਸੰਵਿਧਾਨਕ ਸੋਧ ਰਾਹੀ ਪਿੰਡ ਪੱਧਰ ਤੇ ਸ਼ਾਸਨ ਨੂੰ ਸੰਵਿਧਾਨਕ ਮਾਨਤਾ ਦਿੱਤੀ ਗਈ।

ਙ. ਪੰਚਾਇਤ ਰਾਜ ਦਾ ਢਾਂਚਾ ..... ਪੱਧਰੀ ਹੈ।

II. ਪ੍ਰਸ਼ਨਾਂ ਦੇ ਉੱਤਰ 5-8 ਸਤਰਾਂ ਵਿੱਚ ਦਿਓ—

ੳ. ਪ੍ਰਾਚੀਨ ਸਮੇਂ ਵਿਚ ਭਾਰਤ ਵਿੱਚ ਪ੍ਰਚਲਿਤ ਰਹੀਆਂ ਪੰਚਾਇਤਾਂ ਬਾਰੇ ਨੋਟ ਲਿਖੋ।

ਅ. ਅੰਗਰੇਜਾਂ ਦੇ ਰਾਜ ਨੇ ਪੰਚਾਇਤਾਂ ਦੀ ਸਮਾਜਿਕ ਸ਼ਕਤੀ ਨੂੰ ਕਿਵੇਂ ਘਟਾਇਆ ?

ੲ. ਲਾਰਡ ਰਿਪਨ ਦਾ ਭਾਰਤ ਦੀਆਂ ਸਥਾਨਕ ਸਵੈ-ਸਾਸ਼ਨ ਸੰਸਥਾਵਾਂ ਵਿੱਚ ਯੋਗਦਾਨ ਦਾ ਵਰਨਣ ਕਰੋ।

ਸ. ਸਮੁਦਾਇਕ ਵਿਕਾਸ ਯੋਜਨਾ 1952 ਦੇ ਪ੍ਰਮੁਖ ਉਦੇਸ਼ ਕੀ ਸਨ ?

ਹ. ਬਲਵੰਤ ਰਾਏ ਮਹਿਤਾ ਕਮੇਟੀ ਬਾਰੇ ਸੰਖੇਪ ਨੋਟ ਲਿਖੋ।

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ—

ੳ. ਸਥਾਨਕ ਸਵੈ-ਸਾਸ਼ਨ ਦੇ ਉਦੇਸ਼ਾਂ ਦੀ ਵਿਆਖਿਆ ਕਰੋ।

ਅ. ਭਾਰਤ ਵਿਚ ਪ੍ਰਾਚੀਨ ਕਾਲ ਤੋਂ ਲੈ ਕੇ ਅੱਜ ਦੇ ਪੰਚਾਇਤ ਰਾਜ ਦੇ ਵਿਕਾਸ ਦੀ ਵਿਆਖਿਆ ਕਰੋ।

ੲ. ਭਾਰਤ ਵਿਚ ਸਥਾਨਕ ਸਵੈ-ਸ਼ਾਸਨ ਦੀਆਂ ਵੰਗਾਰਾਂ ਦਾ ਵਰਨਣ ਕਰੋ।

15

ਪੇਂਡੂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ
[Rural and Urban Local Bodies]

ਅਸੀਂ ਪਿਛਲੇ ਅਧਿਆਇ ਵਿੱਚ ਪੜ੍ਹਿਆ ਹੈ ਲੋਕਾਂ ਦੇ ਸਭ ਤੋਂ ਨੇੜੇ ਉਹਨਾਂ ਦੀ ਸਥਾਨਕ ਸਰਕਾਰ ਹੁੰਦੀ ਹੈ ਉਦਾਹਰਨ ਦੇ ਤੌਰ 'ਤੇ ਪਿੰਡ ਦੀ ਪੰਚਾਇਤ। ਲੋਕਾਂ ਦੀ ਜਿਹੜੀ ਸਾਂਝ ਪੰਚਾਇਤ ਨਾਲ ਹੁੰਦੀ ਹੈ ਉਹ ਸੰਘ (union) ਅਤੇ ਸੂਬਾ (state) ਸਰਕਾਰ ਨਾਲ ਸੰਭਵ ਨਹੀਂ ਹੋ ਸਕਦੀ। ਲੋਕਾਂ ਦੀ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਦਾ ਹੱਲ ਉਹਨਾਂ ਦੇ ਪਿੰਡ ਜਾਂ ਕਸਬੇ ਵਿੱਚ ਹੀ ਹੋ ਸਕਦਾ ਹੈ। ਲੋਕ ਆਪਣੇ ਲੜਾਈ-ਝਗੜਿਆਂ ਦਾ ਹੱਲ ਬਿਨਾਂ ਕਿਸੇ ਖਰਚ ਅਤੇ ਥੋੜ੍ਹੇ ਸਮੇਂ ਵਿਚ ਸਥਾਨਕ ਪੱਧਰ (Local level) ਤੇ ਹੀ ਕਰਵਾ ਲੈਂਦੇ ਹਨ।

ਭਾਰਤ ਵਿੱਚ ਸਥਾਨਕ ਸਵੈ ਸ਼ਾਸਨ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਲਈ 73 ਵੀਂ ਅਤੇ 74 ਵੀਂ ਸੰਵਿਧਾਨਕ ਸੋਧ ਪਾਸ ਕੀਤੀ ਗਈ। ਪੇਂਡੂ ਸ੍ਵੈ ਸ਼ਾਸਨ ਨੂੰ ਸੰਵਿਧਾਨਕ ਮਾਨਤਾ 73 ਵੀਂ ਸੋਧ ਰਾਹੀ ਸੰਨ 1993 ਵਿੱਚ ਦਿੱਤੀ ਗਈ ਅਤੇ 74 ਵੀਂ ਸੰਵਿਧਾਨਕ ਸੋਧ ਸ਼ਹਿਰੀ ਸ੍ਵੈ-ਸ਼ਾਸਨ ਨੂੰ ਸੰਵਿਧਾਨਕ ਮਾਨਤਾ ਪ੍ਰਦਾਨ ਕਰਦੀ ਹੈ।

ਪਿੰਡਾਂ ਦਾ ਸਵੈ ਸ਼ਾਸਨ
(Self Government of Villages)

ਭਾਰਤ ਦੀ ਬਹੁ ਗਿਣਤੀ ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਇਸ ਲਈ ਭਾਰਤ ਨੂੰ ਪਿੰਡ ਦਾ ਦੇਸ਼ ਮੰਨਿਆ ਜਾਂਦਾ ਹੈ। ਪਿੰਡਾਂ ਵਿੱਚ ਬੁਨਿਆਦੀ/ਆਧੁਨਿਕ ਸਹੂਲਤਾਂ ਦੀ ਸ਼ਹਿਰਾਂ ਦੀ ਮੁਕਾਬਲੇ ਘਾਟ ਰਹੀ ਹੈ। ਭਾਰਤ ਦੇ ਪਿੰਡਾਂ ਨੂੰ ਬੁਨਿਆਦੀ ਲੋੜਾਂ ਦੀ ਪੂਰਤੀ ਕਰਕੇ ਪਿੰਡਾਂ ਨੂੰ ਬਾਹਰਲੀ/ਆਧੁਨਿਕ ਦੁਨੀਆਂ ਨਾਲ ਜੋੜਿਆ ਜਾਵੇ ਇਸ ਲੋੜ ਨੂੰ ਮੁੱਖ ਰੱਖਦੇ ਹੋਏ ਪਿੰਡਾਂ ਲਈ ਪੰਚਾਇਤ ਰਾਜ ਪ੍ਰਨਾਲ਼ੀ ਦੀ ਸ਼ੁਰੂਆਤ ਕੀਤੀ ਗਈ।

73 ਵੀ ਸੰਵਿਧਾਨਕ ਸੋਧ ਰਾਹੀਂ ਪੰਚਾਇਤ ਰਾਜ ਵਿੱਚ ਤਿੰਨ ਪੱਧਰੀ ਢਾਂਚਾ ਲਾਗੂ ਕੀਤਾ। ਪਿੰਡ ਪੱਧਰ ਉੱਤੇ ਪਿੰਡ ਦੀ ਪੰਚਾਇਤ, ਪਿੰਡ ਦੇ ਸਮੂਹ ਦੇ ਪੱਧਰ ਤੇ ਬਲਾਕ ਸੰਮਤੀ ਅਤੇ ਤੀਜੇ ਪੱਧਰ 'ਤੇ ਜ਼ਿਲ੍ਹਾ ਪਰਿਸ਼ਦ ਦਾ ਪ੍ਰਬੰਧ ਕੀਤਾ ਗਿਆ ਹੈ।

73 ਵੀ ਸੰਵਿਧਾਨਕ ਸੋਧ ਦੀਆਂ ਮੁੱਖ ਵਿਸ਼ੇਸ਼ਤਾਵਾਂ (Salient features of 73rd Amendment of Indian Constitution)

(i) ਇਸ ਸੋਧ ਰਾਹੀ ਸੰਵਿਧਾਨ ਵਿੱਚ ਨਵਾਂ ਭਾਗ (Part) IX ਅਤੇ ਅਨੁਸੂਚੀ (Schedule) XI (ਗਿਆਰਵੀ) ਜੋੜੀ ਗਈ।

(ii) ਭਾਗ XI ਦਾ ਨਾਮ ਪੰਚਾਇਤ (Panchayat) ਰੱਖਿਆ ਗਿਆ ਜਿਸ ਵਿੱਚ ਅਨੁਛੇਦ 243 ਤੋਂ 243 (O) ਸ਼ਾਮਲ ਕੀਤੇ ਗਏ।

(iii) 11 ਵੀਂ ਅਨੁਸੂਚੀ ਰਾਹੀਂ 29 ਕਾਰਜ (ਅਨੁਛੇਦ-243 G)

(iv) ਪਿੰਡ ਦੀ ਸਭਾ (Gram Sabha) ਦੀ ਵਿਵਸਥਾ ਕੀਤੀ ਗਈ, (ਅਨੁਛੇਦ-243 A)

(v) ਪੰਚਾਇਤੀ ਰਾਜ ਦਾ ਤਿੰਨ ਪੱਧਰੀ ਢਾਂਚਾ ਲਾਗੂ ਕੀਤਾ ਗਿਆ। (ਅਨੁਛੇਦ-243 B)

(vi) ਅਨੁਸੂਚਿਤ ਜਾਤੀਆਂ (Scheduled Castes) ਅਨੁਸੂਚਿਤ ਕਬੀਲਿਆਂ (Scheduled tribes) ਅਤੇ ਔਰਤਾਂ ਲਈ ਸੀਟਾਂ ਦਾ ਰਾਖਵਾਕਰਨ ਕੀਤਾ ਗਿਆ। (ਅਨੁਛੇਦ 243 D)

(vii) ਪੰਚਾਇਤਾਂ ਦੀ ਚੋਣਾਂ ਕਰਵਾਉਣ ਲਈ ਸੂਬਾਈ ਚੋਣ ਕਮਿਸ਼ਨ (State Election Commission) ਦੀ ਵਿਵਸਤਾ ਕੀਤੀ ਗਈ (ਅਨੁਛੇਦ-243 K)

(viii) ਸੂਬਾਈ ਵਿੱਤ ਕਮਿਸ਼ਨ (State Finance Commission) ਦੀ ਸਥਾਪਨਾ ਕੀਤੀ (ਅਨੁਛੇਦ-243 I)

ਪੰਚਾਇਤ ਦੀ ਪਰਿਭਾਸ਼ਾ

ਪਿੰਡ ਦੀ ਸਭਾ (Gram Sabha) ਭਾਰਤ ਦੇ ਸੰਵਿਧਾਨ ਦੇ ਅਨੁਛੇਦ 243 (B) ਰਾਹੀਂ ਪਿੰਡ ਦੀ ਸਭਾ ਦੀ ਵਿਵਸਥਾ ਕੀਤੀ ਗਈ ਹੈ ਇਹ ਪਿੰਡ ਦੇ ਲੋਕਾਂ ਨੂੰ ਸ਼ਾਸਨ ਦੇ ਕੰਮਾਂ ਵਿੱਚ ਭਾਗੀਦਾਰ ਬਣਾਉਣ ਲਈ ਵਚਨਬੱਧ ਹੈ। ਪਿੰਡ ਦੀ ਸਭਾ ਵਿੱਚ ਪਿੰਡ ਦੀ ਵੋਟਰਸੂਚੀ ਵਿੱਚ ਸ਼ਾਮਲ ਸਾਰੇ ਵੋਟਰ ਇਸਦੇ ਮੈਂਬਰ ਹੁੰਦੇ ਹਨ। ਪਿੰਡ ਦੀ ਸਭਾ ਪਿੰਡ ਨਾਲ ਸੰਬੰਧਤ ਵੱਖ-ਵੱਖ ਮਾਮਲਿਆਂ ਉੱਤੇ ਵਿਚਾਰ ਵਟਾਂਦਰਾ ਕਰਦੀ ਹੈ। ਇਹ ਪੰਚਾਇਤ ਨੂੰ ਆਪਣੀਆਂ ਸ਼ਕਤੀ ਦੀ ਗਲਤ ਵਰਤੋਂ ਕਰਨ ਤੋਂ ਵੀ ਰੋਕਦੀ ਹੈ। ਪਿੰਡ ਦੀ ਸਭਾ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਜ਼ਰੂਰੀ ਹੈ ਕਿ ਇਸ ਦੀਆਂ ਬੈਠਕਾਂ ਸਮਾਂਬੱਧ ਹੁੰਦੀਆਂ ਰਹਿਣ। ਪਿੰਡ ਦੇ ਮਾਮਲਿਆਂ ਤੇ ਵਿਚਾਰ ਵਟਾਂਦਰਾ ਕਰਨ ਲਈ ਪਿੰਡ ਦੀ ਸਭਾ ਦੀਆਂ ਇੱਕ ਸਾਲ ਵਿੱਚ ਘੱਟੋ-ਘੱਟ ਦੋ ਬੈਠਕਾਂ ਦਾ ਹੋਣਾ ਜ਼ਰੂਰੀ ਹੈ। ਪਿੰਡ ਦੀ ਸਭਾ ਦੀ ਬੈਠਕ ਕਰਨ ਲਈ ਵੋਟ ਦਾਂ ਦਾ 1/5 ਹਿੱਸਾ ਹੋਣਾ ਜ਼ਰੂਰੀ ਹੈ। ਪਿੰਡ ਦੀ ਸਭਾ ਜਦੋਂ ਵੀ ਲਗਾਈ ਜਾਂਦੀ ਹੈ ਉਸਦੀ ਪ੍ਰਧਾਨਗੀ ਸਰਪੰਚ ਕਰਦਾ ਹੈ।

ਪਿੰਡ ਦੀ ਸਭਾ ਪਿੰਡ ਦੇ ਸ਼ਾਸਨ ਪ੍ਰਬੰਧ ਵਿੱਚ ਭਾਗੀਦਾਰੀ (Participation) ਯਕੀਨੀ ਬਣਾਉਂਦੀ ਹੈ। ਪ੍ਰੰਤੂ ਜ਼ਮੀਨੀ ਪੱਧਰ ਇਹ ਜ਼ਿਆਦਾ ਕਿਰਿਆਸ਼ੀਲ (active) ਰੂਪ ਵਿੱਚ ਦਿਖਾਈ ਨਹੀ ਦਿੰਦੀ। ਬਹੁਤ ਜਿਆਦਾ ਪਿੰਡਾਂ ਦੇ ਵਿੱਚ ਪਿੰਡ ਦੀ ਸਭਾ ਦੀਆਂ ਬੈਠਕਾਂ ਵਿਚਾਰ ਵਟਾਂਦਰਾ ਕਰਦੀਆਂ ਹਨ ਪ੍ਰੰਤੂ ਕੁਝ ਉਦਾਹਰਣਾਂ ਅਜਿਹੀਆਂ ਵੀ ਹਨ ਜਿੱਥੇ ਕਾਗਜਾਂ ਭਾਵ ਪਿੰਡ ਦੀ ਸਭਾ ਦੇ ਮਤਿਆਂ ਵਿੱਚ ਹੀ ਬੈਠਕਾਂ ਹੁੰਦੀਆਂ ਹਨ ਪਰ ਅਸਲੀਅਤ ਵਿੱਚ ਇਹਨਾਂ ਬੈਠਕਾਂ ਵਿਚ ਭਾਗੀਦਾਰੀ ਤੇ ਹੋਂਦ ਨਾ ਮਾਤਰ ਹੀ ਹੁੰਦੀ ਹੈ।

ਪਿੰਡ ਦੀ ਪੰਚਾਇਤ
(Village Panchayat)

ਪੰਚਾਇਤ ਰਾਜ ਦੀ ਪਹਿਲੀ ਇਕਾਈ ਪਿੰਡ ਦੀ ਪੰਚਾਇਤ ਹੈ। ਪਿੰਡਾਂ ਵਿੱਚ ਸਥਾਨਕ ਸਵੈ ਸ਼ਾਸਨ ਨੂੰ ਅਸਲੀ ਰੂਪ ਪੰਚਾਇਤ ਰਾਹੀਂ ਹੀ ਦਿੱਤਾ ਜਾਂਦਾ ਹੈ। ਪਿੰਡ ਦਾ ਸ਼ਾਸਨ ਚਲਾਉਣਾ, ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨਾ, ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਕੇ ਪਿੰਡ ਦਾ ਵਿਕਾਸ ਕਰਨਾ ਪੰਚਾਇਤ ਦੀ ਅਹਿਮ (Important) ਜ਼ਿੰਮੇਵਾਰੀ ਹੈ। ਪੰਚਾਇਤ ਵਿੱਚ ਸਰਪੰਚ ਅਤੇ ਪੰਚ ਸ਼ਾਮਲ ਹੁੰਦੇ ਹਨ। ਪੰਚਾਂ (Members) ਦੀ ਗਿਣਤੀ ਪਿੰਡ ਦੀ ਜਨਸੰਖਿਆ ਦੇ ਅਨੁਪਾਤ (Proportion) ਅਨੁਸਾਰ ਤੈਅ ਕੀਤੀ ਜਾਂਦੀ ਹੈ। ਜਿਹੜੇ ਪਿੰਡ ਦੀ ਜਨਸੰਖਿਆ ਘੱਟ ਹੋਵੇਗੀ ਉੱਥੇ ਪੰਜ ਪੰਚ (Member) ਹੋਣਗੇ। ਜ਼ਿਆਦਾ ਜਨਸੰਖਿਆ (Population) ਵਾਲੇ ਪਿੰਡਾਂ ਵਿੱਚ ਪੰਚਾਂ ਦੀ ਗਿਣਤੀ 13 ਤੱਕ ਹੋ ਸਕਦੀ ਹੈ।

ਪੰਚਾਇਤ ਵਿੱਚ ਪਿੰਡ ਦੇ ਹਰੇਕ ਵਰਗ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਜਿਸਦੇ ਨਤੀਜੇ ਵੱਜੋਂ ਲੋਕਾਂ ਵਿੱਚ ਆਤਮ ਵਿਸ਼ਵਾਸ ਵਧਿਆ ਹੈ ਅਤੇ ਉਹਨਾਂ ਦੇ ਪਿੰਡ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕੀਤਾ ਹੈ। ਪੰਚਾਂ ਤੋਂ ਇਲਾਵਾ ਪੰਚਾਇਤ ਵਿੱਚ ਸਰਪੰਚ ਦਾ ਪ੍ਰਮੁੱਖ ਸਥਾਨ ਹੈ। ਸੰਵਿਧਾਨ ਅਨੁਸਾਰ ਸੂਬਾਈ ਵਿਧਾਨ ਸਭਾ ਨੂੰ ਆਪਣੇ ਸੂਬੇ ਵਿੱਚ ਸਰਪੰਚ ਨੂੰ ਚੁਣਨ ਦਾ ਢੰਗ ਤੈਅ ਕਰਨ ਦਾ ਅਧਿਕਾਰ ਦਿੱਤਾ ਹੈ। ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਸਰਪੰਚ ਦੀ ਚੋਣ ਵਿਧੀ ਵਿੱਲਖਣ ਹੋ ਸਕਦੀ ਹੈ। ਪੰਜਾਬ ਵਿੱਚ ਸਰਪੰਚ ਅਤੇ ਪੰਚਾਂ ਦੀ ਚੋਣ ਲੋਕਾਂ ਦੁਆਰਾ ਪ੍ਰਤੱਖ (Direct) ਤੌਰ 'ਤੇ ਕੀਤੀ ਜਾਂਦੀ ਹੈ।

ਯਾਦ ਰੱਖਣ ਯੋਗ

ਪੰਜਾਬ ਪੇਂਡੂ ਸਾਮਲਾਟ ਜਮੀਨ ਨਿਯਮ, 1964 ਦੇ ਨਿਯਮ 6 ਅਨੁਸਾਰ ਕਿਸੇ ਪਿੰਡ ਦੀ ਵਾਹੀ ਤੇ ਦਿੱਤੀ ਜਾਣ ਵਾਲੀ ਪੰਚਾਇਤੀ ਜਮੀਨ ਦਾ ਤੀਜਾ ਹਿੱਸਾ ਅਨੁਸੂਚਿਤ ਜਾਤੀ ਦੇ ਮੈਬਰਾਂ ਲਈ ਰਾਖਵਾਂ ਹੋਣਾ ਲਾਜ਼ਮੀ ਹੈ।

ਸਰਪੰਚ ਆਹੁਦੇ ਲਈ ਸੀਟਾਂ ਦਾ ਰਾਖਵਾ ਕਰਨ ਕੀਤਾ ਗਿਆ ਹੈ ਤਾਂ ਜੋ ਹਰੇਕ ਵਰਗ ਨੂੰ ਸਰਪੰਚ ਦੇ ਅਹੁਦੇ ਲਈ ਦਾਅਵੇਦਾਰ ਬਣਾਇਆ ਜਾ ਸਕੇ। ਇਤਿਹਾਸਕ ਕਾਰਨਾਂ ਕਰਕੇ ਰਾਖਵੇਂਕਰਨ ਤੋਂ ਬਿਨਾਂ ਸਾਰੇ ਵਰਗਾਂ ਦਾ ਰਾਜਨੀਤੀ ਵਿੱਚ ਅੱਗੇ ਆਉਣਾ ਸੰਭਵ ਨਹੀਂ ਸੀ। ਸਰਪੰਚ ਦੇ ਅਹੁਦੇ ਲਈ ਰਾਖਵਾਕਰਨ—

(i) ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ-ਜਾਤੀਆਂ ਨੂੰ ਪਿੰਡ ਦੀ ਜਨਸੰਖਿਆ ਅਨੁਸਾਰ ਰਾਖਵਾਂਕਰਨ ਦਿੱਤਾ ਗਿਆ।

(ii) ਔਰਤਾਂ ਲਈ ਕੁੱਲ ਸੀਟਾਂ ਦਾ ਇੱਕ ਤਿਹਾਈ (1/3) ਭਾਵ ਤੀਜਾ ਹਿੱਸਾ ਰਾਖਾਵਾਂ ਰੱਖਿਆ ਗਿਆ ਹੈ।

ਜਿਵੇਂ ਅਸੀ ਪਹਿਲਾਂ ਪੜ੍ਹਿਆ ਹੈ ਕਿ ਪਿੰਡ ਦੇ ਪੰਚਾਂ ਦੀ ਚੋਣ ਬਾਲਗ ਮਤ ਅਧਿਕਾਰ ਦੇ ਅਧਾਰ 'ਤੇ ਪ੍ਰਤੱਖ ਤੌਰ 'ਤੇ ਕੀਤੀ ਜਾਂਦੀ ਹੈ। ਪੁਰਾਣੇ ਸਮੇਂ ਲੋਕ ਪੰਚਾਂ ਦਾ ਸਤਿਕਾਰ ਕਰਕੇ ਆਏ ਹਨ। ਪੰਚਾਂ ਵਿੱਚ ਪਰਮੇਸ਼ਵਰ (ਪਰਮਾਤਮਾ) ਮੰਨ ਕੇ ਲੋਕ ਪੰਚਾਇਤ ਵਿੱਚ ਹੋਏ ਫੈਸਲੇ ਕਦੇ ਵੀ ਨਹੀਂ ਮੋੜਦੇ ਸਨ। ਲੋਕਤੰਤਰ ਦੇ ਵਿਕਾਸ ਹੋਣ ਨਾਲ ਇਹ ਮਹਿਸੂਸ ਕੀਤਾ ਗਿਆ ਕਿ ਪੰਚਾਇਤ ਵਿਚ ਪਿੰਡ ਦੇ ਸਾਰੇ ਵਰਗਾਂ ਨੂੰ ਪ੍ਰਤੀਨਿਧਤਾ ਨਹੀਂ ਮਿਲਦੀ। ਸਾਰੇ ਵਰਗਾਂ ਦੀ ਪਿੰਡ ਦੇ ਸ਼ਾਸਨ ਪ੍ਰਬੰਧ ਵਿੱਚ ਭਾਗੀਦਾਰ ਤੈਅ ਕਰਨ ਲਈ ਸਦੀਆਂ ਤੋਂ ਲਤਾੜੇ ਜਾਂਦੇ ਵਰਗਾਂ ਲਈ ਪੰਚਾਂ ਦੇ ਅਹੁਦੇ ਵਿੱਚ ਵੀ ਰਾਖਵਾਂਕਰਨ ਕੀਤਾ ਗਿਆ।

ਪੰਚਾਂ ਦੀ ਪਦਵੀ ਲਈ ਰਾਖਵਾਂਕਰਨ—

(i) ਪਿੰਡ ਦੇ ਅਨੂਸੂਚਿਤ ਅਤੇ ਅਨੂਸੂਚਿਤ ਕਬੀਲਿਆਂ ਦੇ ਲੋਕਾਂ ਲਈ ਉਹਨਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਦਾ ਰਾਖਵਾਂਕਰਨ ਕੀਤਾ ਗਿਆ। ਪੰਜਾਬ ਵਿੱਚ ਅਨੂਸੂਚਿਤ ਕਬੀਲਿਆਂ (Scheduled Tribes) ਦੀ ਵਸੋਂ ਨਹੀਂ ਹੈ।

(ii) ਔਰਤਾਂ ਲਈ ਕੁੱਲ ਸਥਾਨਾਂ ਵਿੱਚੋਂ ਇੱਕ ਤਿਹਾਈ (1/3) ਸਥਾਨਾਂ ਦੀ ਰਾਖਵਾਂਕਰਨ (Reservation)

(iii) ਪਿੰਡ ਦੀ ਵਸੋਂ ਵਿੱਚ 20% ਪੱਛੜੀਆਂ ਸ਼੍ਰੇਣੀਆਂ (Backyard classes) ਹੋਣ ਤੇ ਉਹਨਾਂ ਲਈ ਇੱਕ ਸੀਟ ਰਾਖਵੀਂ ਰੱਖੀ ਜਾਂਦੀ ਹੈ।

ਪੰਚਾਇਤ ਦਾ ਕਾਰਜ ਭਾਵੇ ਪੰਜ ਸਾਲ ਹੁੰਦਾ ਹੈ ਪਰ ਸ਼ਕਤੀਆਂ ਦੀ ਦੁਰਵਰਤੋਂ ਕਰਨ ਤੇ ਪੰਚਾਇਤ ਨੂੰ ਸੂਬਾ ਸਰਕਾਰ ਪੰਜ ਸਾਲ ਤੋਂ ਪਹਿਲਾਂ ਵੀ ਭੰਗ ਕਰ ਸਕਦੀ ਹੈ। ਪੰਚਾਇਤ ਭੰਗ ਹੋਣ ਤੋਂ ਬਾਅਦ 6 (ਛੇ) ਮਹੀਨਿਆਂ ਦੇ ਅੰਦਰ-ਅੰਦਰ ਨਵੀਂ ਪੰਚਾਇਤ ਲਈ ਚੋਣ ਲਈ ਲਾਜ਼ਮੀ ਹੈ। ਭੰਗ ਹੋਈ ਪੰਚਾਇਤ ਦਾ ਕਾਰਜਕਾਲ ਜੇਕਰ 6 (ਛੇ) ਮਹੀਨਿਆਂ ਤੋਂ ਘੱਟ ਰਹਿੰਦਾ ਹੋਵੇ ਤਾਂ ਉੱਤੇ ਨਵੀਂ ਪੰਚਾਇਤ ਦਾ ਕਾਰਜਕਾਲ ਪੰਜ ਸਾਲ ਨਹੀਂ ਸਗੋਂ ਪਿਛਲੀ ਪੰਚਾਇਤ ਦੇ ਰਹਿੰਦੇ ਕਾਰਜਕਾਲ ਦੇ ਸਮਾਨ ਹੁੰਦਾ ਹੈ।



ਪੰਚਾਇਤ ਦੇ ਕੰਮ (Functions of Panchayat)

ਸੰਵਿਧਾਨ ਦੇ ਅਨੁਛੇਦ 243 G ਅਧੀਨ ਪੰਚਾਇਤ ਨੂੰ 29 ਪ੍ਰਕਾਰ ਦੇ ਕੰਮ ਸੌਂਪੇ ਗਏ ਹਨ:-

(i) ਖੇਤੀਬਾੜੀ ਦਾ ਵਿਕਾਸ

(ii) ਭੂਸੀ ਸੁਧਾਰਾਂ ਨੂੰ ਲਾਗੂ ਕਰਨਾ ਅਤੇ ਭੂਮੀ ਸੰਭਾਲ

(iii) ਛੋਟੇ ਪੱਧਰ ਦੀ ਸਿੰਜਾਈ, ਪਾਣੀ ਪ੍ਰਬੰਧ

(iv) ਪਸ਼ੂ ਪਾਲਣ, ਡੇਅਰੀ ਅਤੇ ਮੁਰਗੀ ਪਾਲਣ

(v) ਮੱਛੀ ਪਾਲਣ

(vi) ਸਮਾਜਿਕ ਜੰਗਲਾਤ ਅਤੇ ਖੇਤੀ ਜੰਗਲਾਤ

(vii) ਛੋਟੀਆਂ ਜੰਗਲ ਉਪਜਾਂ

(viii) ਛੋਟੇ ਪੈਮਾਨੇ ਨੇ ਉਦਯੋਗ ਅਤੇ ਭੋਜਨ ਪ੍ਰੋਸੈੱਸਿੰਗ ਉਦਯੋਗ

(ix) ਖਾਦੀ, ਲਘੂ ਉਦਯੋਗ

(x) ਪੇਂਡੂ ਰਿਹਾਇਸ਼ਾਂ

(xi) ਪੀਣ ਵਾਲਾ ਪਾਣੀ

(xii) ਚਾਰਾ ਅਤੇ ਬਾਲਣ

(xiii) ਸੜਕਾਂ, ਪੁੱਲ਼-ਬੇੜੀਆਂ, ਪਾਣੀ ਮਾਰਗ ਅਤੇ ਸੰਚਾਰ ਦੇ ਹੋਰ ਸਾਧਨ

(xiv) ਬਿਜਲੀ ਦੀ ਵੰਡ ਅਤੇ ਪੇਂਡੂ ਬਿਜਲੀਕਰਨ

(xv) ਗੈਰ ਰਿਵਾਇਤ ਊਰਜਾ ਸਰੋਤ

(xvi) ਗਰੀਬੀ ਦੂਰ ਕਰਨ ਵਾਲੇ ਪ੍ਰੋਗਰਾਮ

(xvii) ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਸਿੱਖਿਆ

(xviii) ਤਕਨੀਕੀ ਸਿਖਲਾਈ ਅਤੇ ਵੋਕੇਸ਼ਨਲ ਸਿੱਖਿਆ

(xix) ਬਾਲਗ ਅਤੇ ਗੈਰ ਰਸਮੀ ਸਿੱਖਿਆ

(xx) ਲਾਇਬਰੇਰੀਆਂ

(xxi) ਸਭਿਆਚਾਰਕ ਗਤੀਵਿਧੀਆਂ

(xxii) ਬਜ਼ਾਰ ਅਤੇ ਮੇਲੇ

(xxiii) ਪ੍ਰਾਇਮਰੀ ਸਿਹਤ ਕੇਂਦਰ ਅਤੇ ਡਿਸਪੈਂਸਰੀਆਂ ਅਤੇ ਹਸਪਤਾਲ

(xxiv) ਪਰਿਵਾਰ ਭਲਾਈ

(xxv) ਔਰਤਾਂ ਅਤੇ ਬਾਲ ਵਿਕਾਸ

(xxvi) ਅਪਾਹਜ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਲੋਕਾਂ ਦੀ ਭਲਾਈ ਸਮੇਤ ਸਮਾਜਿਕ ਭਲਾਈ

(xxvii) ਕਮਜ਼ੋਰ ਵਰਗਾਂ ਖਾਸ ਤੌਰ ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ

(xxviii) ਜਨਤਕ ਵੰਡ ਪ੍ਰਨਾਲੀ

(xxix) ਸਾਂਝੀ ਸੰਪਤੀ ਦੀ ਸਾਂਭ-ਸੰਭਾਲ

ਬਲਾਕ ਸੰਮਤੀ
(Block Samiti)

ਸ਼ਾਸਨ ਪ੍ਰਬੰਧ ਵਿੱਚ ਪਿੰਡ ਤੋਂ ਉਪਰ ਵਾਲੀ ਇਕਾਈ ਬਲਾਕ (Block) ਹੁੰਦੀ ਹੈ। ਬਲਾਕ ਪੱਧਰ (Block level) ਦੇ ਪੰਚਾਇਤੀ ਢਾਂਚੇ ਨੂੰ ਪੰਚਾਇਤ ਰਾਜ ਦੀ ਵਿਚਕਾਰਲੀ (Middle) ਕਿਹਾ ਜਾਂਦਾ ਹੈ ਕਿਉਂਕਿ ਇਹ ਪੰਚਾਇਤ ਅਤੇ ਜ਼ਿਲਾ ਪਰਿਸ਼ਦ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦੀ ਹੈ। ਵੱਖ-ਵੱਖ ਸੂਬਿਆਂ ਵਿੱਚ ਬਲਾਕ ਸੰਮਤੀ ਦੇ ਵੱਖ-ਵੱਖ ਨਾਮ ਪ੍ਰਚਲਿੱਤ ਹਨ:-

(i) ਆਂਧਰਾ ਪ੍ਰਦੇਸ-ਮੰਡਲ ਪਰਿਸ਼ਦ

(ii) ਅਰੁਣਾਂਚਲ ਪ੍ਰਦੇਸ-ਆਂਚਲ ਪਰਿਸ਼ਦ

(iii) ਬਿਹਾਰ-ਪੰਚਾਇਤ ਸੰਮਤੀ

(iv) ਛੱਤੀਸਗੜ੍ਹ–ਜਨਪਦ ਪੰਚਾਇਤ

(v) ਪੰਜਾਬ–ਪੰਚਾਇਤ ਸੰਮਤੀ

(vi) ਅਸਾਮ–ਆਂਚਲਕ (ਜ਼ੋਨਲ) ਪੰਚਾਇਤ

ਪੰਚਾਇਤ ਸੰਮਤੀ ਦੀ ਬਣਤਰ–(Structure of Block Samito) ਪੰਚਾਇਤ ਸੰਮਤੀ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਕੀਤੇ ਜਾਂਦੇ ਹਨ –

(i) ਲੋਕਾਂ ਦੁਆਰਾ ਪ੍ਰਤੱਖ ਤੌਰ 'ਤੇ ਚੁਣੇ ਮੈਂਬਰ

(ii) ਬਲਾਕ ਵਿਚ ਆਉਂਦੇ ਸਾਰੇ ਪਿੰਡਾਂ ਦੇ ਸਰਪੰਚ

(iii) ਬਲਾਕ ਵਿਚ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ

(iv) ਸੂਬਾਈ ਵਿਧਾਨ ਸਭਾ ਅਤੇ ਵਿਧਾਨ ਪਰਿਸ਼ਦ ਦੇ ਬਲਾਕ ਵਿਚ ਪੈਂਦੇ ਮੈਂਬਰ

(v) ਬਲਾਕ ਵਿੱਚੋਂ ਚੁਣੇ ਗਏ ਜਿਲ੍ਹਾ ਪਰਿਸ਼ਦ ਦੇ ਮੈਂਬਰ

ਪੰਚਾਇਤ ਸੰਮਤੀ ਦੇ ਚੁਣੇ ਹੋਏ ਮੈਂਬਰਾਂ (elected members) ਆਪਣੇ ਵਿੱਚੋਂ ਬਾਲਕ ਸੰਮਤੀ ਦੇ ਪ੍ਰਧਾਨ ਦੀ ਚੋਣ ਕਰਦੇ ਹਨ। ਬਾਲਕ ਸੰਮਤੀ ਦੇ ਪ੍ਰਧਾਨ ਤੋਂ ਇਲਾਵਾ ਚੁਣੇ ਹੋਏ ਮੈਂਬਰ ਉਪ–ਪ੍ਰਧਾਨ ਦੀ ਚੋਣ ਵੀ ਕਰਦੇ ਜੋ ਬਾਲਕ ਸੰਮਤੀ ਦੇ ਪ੍ਰਧਾਨ ਦੀ ਗੈਰ ਹਾਜ਼ਰੀ ਵਿੱਚ ਪ੍ਰਧਾਨ ਦੇ ਅਹੁਦੇ ਦੀ ਸਾਰੀ ਜਿੰਮੇਵਾਰ ਨਿਭਾਉਂਦਾ ਹੈ/ਨਿਭਾਉਂਦੀ ਹੈ। ਬਾਲਕ ਸੰਮਤੀ ਦੀ ਦੋ ਮਹੀਨਿਆਂ ਵਿੱਚ ਘੱਟ ਘੱਟ ਇੱਕ ਬੈਠਕ ਹੋਣੀ ਲਾਜ਼ਮੀ ਹੈ।

ਪੰਚਾਇਤ ਵਾਂਗ ਹੀ ਪੰਚਾਇਤ ਸੰਮਤੀ ਵਿੱਚ ਵੀ ਵੱਖ–ਵੱਖ ਵਰਗਾਂ ਨੂੰ ਪ੍ਰਤੀਨਿਧਤਾ ਦੇਣ ਲਈ ਸੀਟਾਂ ਦਾ ਰਾਖਵਾਂਕਰਨ ਕੀਤਾ ਗਿਆ ਹੈ।

ਬਾਲਕ ਸੰਮਤੀ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ। ਪੰਚਾਇਤ ਵਾਂਗ ਬਾਲਕ ਸੰਮਤੀ ਨੂੰ ਵੀ ਸ਼ਕਤੀਆਂ ਦੀ ਗਲਤ ਵਰਤੋਂ ਕਰਨ ਕਰਕੇ ਸੂਬਾ ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਭੰਗ ਕੀਤਾ ਜਾ ਸਕਦਾ ਹੈ।

ਬਾਲਕ ਸੰਮਤੀ ਦਾ ਮੁੱਖ ਕੰਮ—ਬਾਲਕ ਸੰਮਤੀ ਵੱਖ–ਵੱਖ ਪੰਚਾਇਤੀ ਦੁਆਰਾ ਬਣਾਈਆਂ ਵਿਕਾਸ ਯੋਜਨਾਵਾਂ ਨੂੰ ਇਕੱਠਾ ਕਰਦੀ ਹੈ ਅਤੇ ਫੰਡ ਪ੍ਰਾਪਤ ਕਰਨ ਅਤੇ ਇਹਨਾਂ ਨੂੰ ਘੋਖਣ ਤੋਂ ਬਾਅਦ ਆਰਥਿਕ ਤੰਗੀਆ, ਸਮਾਜਕ ਭਲਾਈ ਅਤੇ ਇਲਾਕੇ ਦੇ ਵਿਕਾਸ ਲਈ ਕਾਰਜ ਕਰਦੀ ਹੈ।

ਜ਼ਿਲ੍ਹਾ ਪਰਿਸ਼ਦ
(Zila Parishad)

ਪੰਚਾਇਤ ਰਾਜ ਪ੍ਰਨਾਲ਼ੀ ਦਾ ਤੀਸਰਾ ਪੱਧਰ ਜ਼ਿਲ੍ਹਾ ਪਰਿਸ਼ਦ ਹੈ। ਜ਼ਿਲ੍ਹੇ ਦੀਆਂ ਪੰਚਾਇਤਾਂ ਅਤੇ ਬਲਾਕ ਸੰਮਤੀਆਂ ਜ਼ਿਲ੍ਹਾ ਪਰਿਸ਼ਦ ਵਿੱਚ ਸ਼ਾਮਿਲ ਹੁੰਦੀਆਂ ਹਨ। ਸੂਬਾ ਸਰਕਾਰ ਅਤੇ ਪੰਚਾਇਤਾਂ ਵਿਚਕਾਰ ਜ਼ਿਲ੍ਹਾ ਪਰਿਸ਼ਦ ਇੱਕ ਕੜੀ ਵਜੋਂ ਕਾਰਜ ਕਰਦੀ ਹੈ। ਸੰਨ 1994 ਦੇ ਪੰਜਾਬ ਪੰਚਾਇਤੀ ਰਾਜ ਐਕਟ ਅਨੁਸਾਰ ਜ਼ਿਲ੍ਹਾ ਪਰਿਸ਼ਦ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੁੰਦੇ ਹਨ:–

(i) ਲੋਕਾਂ ਦੁਆਰਾ ਪ੍ਰਤੱਖ ਤੌਰ 'ਤੇ ਚੁਣੇ ਗਏ ਮੈਂਬਰ

(ii) ਜ਼ਿਲ੍ਹੇ ਦੇ ਬਲਾਕ ਸੰਮਤੀਆਂ ਦੇ ਪ੍ਰਧਾਨ

(iii) ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾ ਦੇ ਮੈਂਬਰ (ਜਿਹੜਾ ਜ਼ਿਲ੍ਹੇ ਵਿੱਚ ਉਹਨਾਂ ਦੇ ਹਲਕੇ ਦਾ ਜ਼ਿਆਦਾ ਇਲਾਕਾ ਆਉਂਦਾ ਹੈ ਉਹ ਉਸ ਜ਼ਿਲ੍ਹੇ ਦੀ ਜ਼ਿਲ੍ਹਾ ਪਰਿਸ਼ਦ ਦੇ ਮੈਂਬਰ ਬਣਦੇ ਹਨ।

(iv) ਰਾਜ ਸਭਾ ਦੇ ਮੈਂਬਰਾ ਦਾ ਜਿਸ ਜ਼ਿਲ੍ਹੇ ਦੀ ਵੋਟਰ ਸੂਚੀ ਵਿੱਚ ਨਾਮ ਦਰਜ ਹੁੰਦਾ ਹੈ ਉਹ ਉਸ ਜ਼ਿਲ੍ਹੇ ਦੀ ਜ਼ਿਲ੍ਹਾ ਪਰਿਸ਼ਦ ਦੇ ਮੈਂਬਰ ਹੁੰਦੇ ਹਨ।

ਜ਼ਿਲ੍ਹਾ ਪੱਧਰ 'ਤੇ ਸਾਰੇ ਵਰਗਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਅਨੁਸੂਚਿਤ ਜਾਤੀਆਂ (Scheduled Castes) ਅਨੁਸੂਚਿਤ ਕਬੀਲੇ (Scheduled Tribes) ਅਤੇ ਔਰਤਾਂ ਲਈ ਰਾਖਵੇਂ ਕਰਨ (Reservation) ਦੀ ਵਿਵਸਥਾ

ਕੀਤੀ ਗਈ ਹੈ। ਅਨੁਸੂਚਿਤ ਜਾਤੀ (SC) ਅਨੁਸੂਚਿਤ ਕਬੀਲੇ (ST) ਲਈ ਉਹਨਾਂ ਦੀ ਜਿਲ੍ਹੇ ਵਿੱਚ ਜੰਨਸੰਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਦਾ ਰਾਖਵਾਂਕਰਨ ਕੀਤਾ ਗਿਆ ਹੈ। ਔਰਤਾਂ ਲਈ ਕੁੱਲ ਸੀਟਾਂ ਦਾ ਇੱਕ ਤਿਹਾਈ (1/3) ਰਾਖਵਾਂ ਰੱਖਿਆ ਗਿਆ ਹੈ।

ਜ਼ਿਲ੍ਹਾ ਪੰਚਾਇਤ ਦੇ ਖੇਤਰ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ 20% ਅਬਾਦੀ ਹੋਣ ਤੇ ਇੱਕ ਸੀਟ ਰਾਖਵੀਂ ਰੱਖਣ ਦੀ ਵਿਵਸਥਾ ਹੈ।

ਨੋਟ : ਪੰਚਾਇਤ ਰਾਜ ਵਿੱਚ ਅਨੁਸੂਚਿਤ ਜਾਤੀਆਂ (SC) ਅਤੇ ਅਨੁਸੂਚਿਤ ਕਬੀਲਿਆਂ (ST) ਲਈ ਰਾਖਵੀਆਂ ਰੱਖੀਆਂ ਸੀਟਾਂ ਵਿੱਚੋਂ 1/3 ਹਿੱਸਾ ਅਨੁਸੂਚਿਤਜਾਤੀ/ਅਨੁਸੂਚਿਤ ਕਬੀਲੇ ਦੀਆਂ ਔਰਤਾਂ ਲਈ ਰਾਖਵਾਂ ਹੋਵੇਗਾ। ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ ਦੀਆਂ ਔਰਤਾਂ ਦਾ ਇਹ ਰਾਖਵਾਂਕਰਨ ਔਰਤਾਂ ਲਈ ਰਾਖਵੀਆਂ ਰੱਖੀਆ 1/3 ਸੀਟਾਂ ਵਿੱਚ ਗਿਣਨਯੋਗ ਹੋਵੇਗਾ।

ਜ਼ਿਲ੍ਹਾ ਪਰਿਸ਼ਦ ਆਪਣੇ ਜ਼ਿਲ੍ਹੇ ਦੇ ਵਿਕਾਸ ਨਾਲ ਸਬੰਧਤ ਕਾਰਜਾਂ ਦਾ ਫੈਸਲਾ ਬੈਠਕ ਬੁਲਾ ਕੇ ਕਰਦੀ ਹੈ। ਤਿੰਨ ਮਹੀਨਿਆਂ ਦੇ ਵਕਫ਼ੇ ਦੇ ਵਿੱਚ ਵਿੱਚ ਜ਼ਿਲ੍ਹਾ ਪਰਿਸ਼ਦ ਦੀ ਬੈਠਕ ਹੋਣੀ ਜਰੂਰੀ ਹੈ। ਇਹਨਾਂ ਬੈਠਕਾਂ ਦੀ ਪ੍ਰਧਾਨਗੀ ਜ਼ਿਲ੍ਹਾ ਪਰਿਸ਼ਦ ਦੇ ਪ੍ਰਧਾਨ ਦੁਆਰਾ ਕੀਤੀ ਜਾਂਦੀ ਹੈ ਜ਼ਿਲ੍ਹਾ ਪਰਿਸ਼ਦ ਦੇ ਪ੍ਰਤੱਖ ਤੌਰ ਤੇ ਚੁਣੇ ਹੋਏ ਮੈਂਬਰ ਆਪਣੇ ਵਿੱਚੋਂ ਇੱਕ ਪ੍ਰਧਾਨ ਅਤੇ ਇੱਕ ਪ੍ਰਧਾਨ ਦੀ ਚੋਣ ਕਰਦੇ ਹਨ। ਪ੍ਰਧਾਨ ਅਤੇ ਉਪ ਪ੍ਰਧਾਨ ਦਾ ਕਾਰਜਕਾਲ ਜ਼ਿਲਾ ਪਰਿਸ਼ਦ ਦੇ ਬਰਾਬਰ ਭਾਵ ਪੰਜ ਸਾਲ ਹੁੰਦਾ ਹੈ।

ਪੰਜ ਸਾਲ ਤੋਂ ਪਹਿਲਾਂ ਵੀ ਉਹਨਾਂ ਨੂੰ ਜ਼ਿਲ੍ਹਾ ਪਰਿਸ਼ਦ ਮਤਾ ਪਾਸ ਕਰਕੇ ਹਟਾ ਸਕਦੀ ਹੈ। ਜ਼ਿਲ੍ਹਾ ਪਰਿਸ਼ਦ ਨੂੰ ਵੀ ਸੂਬਾ ਸਰਕਾਰ ਪੰਜ ਸਾਲਾਂ ਦੇ ਕਾਰਜਕਾਲ ਤੋਂ ਪਹਿਲਾਂ ਸ਼ਕਤੀਆਂ ਦੀ ਗ਼ਲਤ ਵਰਤੋਂ ਕਰਨ ਕਰਕੇ ਭੰਗ ਕਰ ਸਕਦੀ ਹੈ।

ਅਸੀ ਇਸ ਅਧਿਆਇ ਦੇ ਪਹਿਲੇ ਹਿੱਸੇ ਵਿੱਚ ਸ਼ਾਸਨ (Rule) ਬਾਰੇ ਪੜਿਆ। ਚੁਣੀਆਂ ਹੋਈਆਂ ਸਰਕਾਰਾਂ ਵੱਖ-ਵੱਖ ਸੰਸਥਾਵਾਂ ਰਾਹੀਂ ਸ਼ਾਸਨ ਕਰਦੀਆਂ ਹਨ ਜੋ ਤੈਅ ਸਮੇਂ ਤੱਕ ਆਪਣੇ ਅਹੁਦੇ 'ਤੇ ਬਣੀਆਂ ਰਹਿੰਦੀਆਂ ਹਨ। ਸ਼ਾਸਨ ਦਾ ਸਹਿਯੋਗ ਅਤੇ ਰਾਜ ਪ੍ਰਬੰਧ ਵਿੱਚ ਲਗਾਤਾਰਤਾ ਬਣਾਈ ਰੱਖਣ ਲਈ ਪ੍ਰਸ਼ਾਸਨ (Administration) ਅਹਿਮ ਭੂਮਿਕਾ ਨਿਭਾਉਂਦਾ ਹੈ। ਅਸੀ ਨੌਕਰਸ਼ਾਹੀ (Bureaucracy) ਅਧਿਆਇ ਰਾਹੀ ਸ਼ਾਸਨ ਅਤੇ ਪ੍ਰਸ਼ਾਸਨ ਬਾਰੇ ਪੜ੍ਹਿਆ ਹੈ ਜਿਸਨੂੰ ਰਾਨਜੀਤਕ ਕਾਰਜਪਾਲਿਕਾ ਅਤੇ ਪ੍ਰਸ਼ਾਸਨਕ ਕਾਰਜਪਾਲਿਕਾ ਕਿਹਾ ਜਾਂਦਾ ਹੈ। ਪੰਚਾਇਤੀ ਰਾਜ ਵਿੱਚ ਵੀ ਸ਼ਾਸਨ ਦੇ ਕੰਮ ਨੂੰ ਪ੍ਰਸ਼ਾਸਕੀ ਅਧਿਕਾਰੀਆਂ ਦੀ ਮਦਦ ਨਾਲ ਨੇਪਰੇ ਚਾੜ੍ਹਿਆ ਜਾਂਦਾ ਹੈ। ਪੰਚਾਇਤੀ ਰਾਜ ਦੇ ਤਿੰਨ ਪੱਧਰਾਂ ਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਦਰਸਾਉਂਦਾ ਚਿੱਤਰ:-

ਪੱਧਰ (Level)	ਪਸ਼ਾਸਨਿਕ ਢਾਂਚਾ (Administrative Structure)	ਪ੍ਰਸ਼ਾਸਨਿਕ ਅਧਿਕਾਰੀ (Administrative Officer)
• ਜ਼ਿਲ੍ਹਾ ਪਰਿਸ਼ਦ (Zila Parishad)	• ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਵਿਭਾਗ (District Development and Panchayat department)	• ਅਡੀਸ਼ਨ ਡਿਪਟੀ ਕਮਿਸ਼ਨਰ (ਵਿਕਾਸ) (Additional Deputy Commissioner, Development)
• ਪੰਚਾਇਤੀ ਸੰਮਤੀ (Panchayat Samiti)	• ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ (Block department and Panchayat department)	• ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ (Block Development and Panchayat Ofifcer BDPO)
• ਪਿੰਡ ਦੀ ਪੰਚਾਇਤ (Village Panchayat)	• ਪੰਚਾਇਤ ਘਰ (Panchayat Ghar)	• ਪੇਂਡੂ ਵਿਕਾਸ ਅਧਿਕਾਰੀ Village Development Officer (VDO)

ਸ਼ਹਿਰੀ ਸਥਾਨਕ ਸੰਸਥਾਵਾਂ
(Urban Local Government/Institutions)

ਪਿੰਡਾਂ ਨਾਲ ਸਬੰਧਤ ਸਥਾਨਕ ਸੰਸਥਾਵਾਂ ਅਤੇ ਉਹਨਾਂ ਦੀ ਬਣਤਰ ਆਦਿ ਬਾਰੇ ਪੜ੍ਹਿਆ ਹੈ ਹੁਣ ਅਸੀ ਸ਼ਹਿਰਾਂ ਦੀਆਂ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ। ਇਹਨਾਂ ਸੰਸਥਾਵਾਂ ਦੀ ਚੋਣ ਲੋਕ ਪ੍ਰਤੱਖ (Direct) ਢੰਗ ਨਾਲ ਕਰਦੇ ਹਨ। ਚੁਣੇ ਹੋਏ ਪ੍ਰਤੀਨਿਧੀ ਸ਼ਹਿਰਾਂ ਦਾ ਸ਼ਾਸਨ ਚਲਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਸਥਾਨਕ ਪੱਧਰ 'ਤੇ ਲੋਕਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਨੂੰ ਹੀ ਸਥਾਨਕ ਸਵੈ ਸ਼ਾਸਨ ਕਿਹਾ ਜਾਂਦਾ ਹੈ।

ਸ਼ਹਿਰੀ ਸਥਾਨਕ ਸਵੈ ਸ਼ਾਸਨ ਦੀ ਹੋਂਦ ਦਾ ਨਮੂਨਾ ਹੜੱਪਾ ਜਾਂ ਸਿੰਧ ਘਾਟੀ ਦੀ ਸਭਿਅਤਾ ਵਿੱਚ ਵੀ ਮਿਲਦਾ ਹੈ। ਆਧੁਨਿਕ ਭਾਰਤ ਵਿੱਚ ਸ਼ਹਿਰੀ ਸਥਾਨਕ ਸਵੈ ਸ਼ਾਸਨ ਦੀ ਸ਼ੁਰੂਆਤ ਕਰਨ ਦਾ ਸਿਹਰਾ ਅੰਗਰੇਜਾਂ ਦੇ ਸਿਰ ਜਾਂਦਾ ਹੈ। ਸੰਨ 1687 ਵਿੱਚ ਮਦਰਾਸ (Madras ਹੁਣ ਚੇਨੱਈ) ਵਿੱਚ ਸਭ ਤੋਂ ਪਹਿਲੀ ਨਗਰ ਨਿਗਮ (Municipal Corporation) ਦੀ ਸਥਾਪਨਾ ਕੀਤੀ। ਸੰਨ 1726 ਵਿੱਚ ਬੰਬੇ (ਮੁੰਬਈ) ਅਤੇ ਕਲਕੱਤਾ (ਕੋਲਕਾਤਾ) ਵਿਚ ਵੀ ਨਗਰ ਨਿਗਮ ਸਥਾਪਿਤ ਕੀਤੇ ਗਏ। ਲਾਰਡ ਰਿਪਨ ਦੇ ਸੰਨ 1882 ਵਿੱਚ ਪੇਸ਼ ਕੀਤੇ ਮਤੇ (Resolution) ਨੂੰ ਸਥਾਨਕ ਸਵੈ ਸ਼ਾਸਨ ਦਾ ਮੈਗਨਾ ਕਾਰਟਾ ਕਿਹਾ ਜਾਂਦਾ ਹੈ।

ਭਾਰਤ ਵਿੱਚ ਅਜ਼ਾਦੀ ਤੋਂ ਬਾਅਦ ਲਗਾਤਾਰ ਸਥਾਨਕ ਸਵੈ ਸ਼ਾਸਨ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਗਏ। 1992 ਵਿੱਚ 74 ਵੀਂ ਸੰਵਿਧਾਨਕ ਸੋਧ ਨੇ ਸਥਾਨਕ ਸਰਕਾਰਾਂ ਲਈ ਨਵੀ ਰੂਪ ਰੇਖਾ ਪੇਸ਼ ਕੀਤੀ। 74 ਵੀਂ ਸੋਧ ਨੇ ਸ਼ਹਿਰਾਂ ਵਿੱਚ ਤਿੰਨ ਪ੍ਰਕਾਰ ਦੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਜੋ ਕਿ 1 ਜੂਨ 1993 ਨੂੰ ਲਾਗੂ ਹੋਈ :—

74 ਵੀ ਸੰਵਿਧਾਨਕ ਸੋਧ (74th Amendment of Constitution)

(i) ਸੰਵਿਧਾਨ ਵਿੱਚ ਨਵਾਂ ਭਾਗ (Part) IX–A ਅਤੇ ਅਨੁਸੂਚੀ (Schedule) XII ਜੋੜੀ ਗਈ।

(ii) ਬਾਰਵੀਂ ਅਨੁਸੂਚੀ ਰਾਹੀ 18 (ਅਠਾਰਾਂ) ਕਾਰਜ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪ ਗਏ (ਅਨੁਛੇਦ 243 W)

(iii) ਤਿੰਨ ਪ੍ਰਕਾਰ ਦੀਆਂ ਸ਼ਹਿਰੀ ਸੰਸਥਾਵਾਂ ਦੀ ਵਿਵਸਥਾ ਕੀਤੀ (ਅਨੁਛੇਦ 243 R)

(iv) ਸੀਟਾਂ ਦਾ ਰਾਖਵਾਂਕਰਨ (ਅਨੁਛੇਦ 243 T)

(v) ਸੂਬਾਈ ਵਿੱਤ ਕਮਿਸ਼ਨ ਦੀ ਸਥਾਪਨਾ ਕੀਤ ਅਨੁਛੇਦ 243

(vi) ਜਿਲਾ ਯੋਜਨਾਬੰਦੀ ਕਮੇਟੀ District planning Committee ਦੀ ਵਿਵਸਥਾ ਕੀਤੀ (ਅਨੁਛੇਦ 243 ZD)

(vii) ਸ਼ਹਿਰ ਸਥਾਨਕ ਸੰਸਥਾਵਾਂ ਦੀਆਂ ਚੋਣਾਂ (ਅਨੁਛੇਦ 243 2A)

74 ਵੀ ਸੰਵਿਧਾਨਕ ਸੋਧ ਰਾਹੀਂ ਸੂਬਾ ਸਰਕਾਰ ਨਗਰ ਪਾਲਿਕਾਵਾਂ (Municipalities) ਦੀ ਵਿਵਸਥਾ ਕਰਨ ਲਈ ਵਚਨਬੱਧ ਕੀਤਾ ਗਿਆ। ਸ਼ਹਿਰੀ ਖੇਤਰਾਂ ਨੂੰ ਪਰਿਵਰਤਨੀ ਖੇਤਰਾਂ (Transitional Area) ਛੋਟੇ ਸ਼ਹਿਰਾਂ, ਵੱਡੇ ਸ਼ਹਿਰਾਂ ਵਿੱਚ ਵੰਡਣ ਲੱਗਿਆ ਸੂਬੇ ਦੇ ਗਰਵਰਨਰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਦੇ ਹਨ:–

(i) ਖੇਤ ਸ਼ਹਿਰ ਦੀ ਜਨਸੰਖਿਆ

(ii) ਜਨਸੰਖਿਆ ਦੀ ਸੰਘਣਾਪਣ

(iii) ਗੈਰ ਖੇਤੀਬਾੜੀ ਕਾਰਜਾਂ ਵਿੱਚ ਲੱਗੇ ਲੋਕਾਂ ਦੀ ਗਿਣਤੀ।

ਨਗਰ ਪੰਚਾਇਤ
(Nagar Panchayat)

ਪਿੰਡਾਂ ਤੋਂ ਸ਼ਹਿਰਾਂ ਵੱਲ ਬਦਲ ਰਹੇ ਇਲਾਕਿਆਂ ਨੂੰ ਪਰਿਵਰਤਨੀ ਇਲਾਕੇ ਆਖਦੇ ਹਨ। ਪਰਿਵਰਤਨੀ ਖੇਤਰਾਂ ਦੇ ਲੋਕ ਦੇ ਕਿੱਤੇ ਖੇਤੀਬਾੜੀ ਤੋਂ ਗੈਰ ਖੇਤੀਬਾੜੀ ਭਾਵ ਉਦਯੋਗਾਂ, ਨੌਕਰੀਆਂ ਅਤੇ ਹੋਰ ਪੇਸ਼ਿਆਂ ਵਿੱਚ ਬਦਲ ਰਹੇ ਹੁੰਦੇ ਹਨ। ਇਹਨਾਂ ਇਲਾਕਿਆਂ ਦਾ ਪ੍ਰਬੰਧ ਕਰਨ ਲਈ ਨਗਰ ਪੰਚਾਇਤ ਦੀ ਵਿਵਸਥਾ ਕੀਤੀ ਜਾਂਦੀ ਹੈ। ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿਚਕਾਰਲੇ ਪੱਧਰ 'ਤੇ ਨਗਰ ਪੰਚਾਇਤਾਂ ਦੀ ਸਥਾਪਨਾ ਸਭ ਤੋਂ ਪਹਿਲਾਂ ਤਾਮਿਲਨਾਡੂ (Tamil Nadu) ਵਿੱਚ

ਕੀਤੀ ਗਈ। ਨਗਰ ਪੰਚਾਇਤ ਵਿੱਚ ਪ੍ਰਧਾਨ ਅਤੇ ਵਾਰਡਾਂ ਵਿੱਚੋਂ ਪ੍ਰਤੱਖ ਤੌਰ ਤੇ ਚੁਣੇ ਮੈਂਬਰ ਸ਼ਾਮਿਲ ਹੁੰਦੇ ਹਨ। ਨਗਰ ਪੰਚਾਇਤ ਆਪਣੇ ਇਲਾਕੇ ਦੇ ਵਿਕਾਸ ਕਰਨ ਨਾਲ ਸਬੰਧਤ ਅਨੇਕਾਂ ਪ੍ਰਕਾਰ ਦੇ ਕਾਰਜ ਕਰਦੀ ਹੈ।

74 ਵੀ ਸੰਵਿਧਾਨਕ ਸੋਧ ਲਾਗੂ ਕਰਨ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਨਗਰਪਾਲਿਕਾ ਤਰਮੀਮੀ ਕਾਨੂੰਨ 1994 ਲਾਗੂ ਕੀਤਾ ਗਿਆ।

ਨਗਰਪਾਲਿਕਾ
(Municipalities)

ਛੋਟੇ ਸ਼ਹਿਰਾਂ ਦਾ ਸ਼ਾਸਨ ਪ੍ਰਬੰਧ ਚਲਾਉਣ ਲਈ ਨਗਰਪਾਲਿਕਾ ਦੀ ਵਿਵਸਥਾ ਕੀਤੀ ਜਾਂਦੀ ਹੈ। ਨਗਰਪਾਲਿਕਾ ਦੇ ਮੈਂਬਰਾਂ ਦੀ ਗਿਣਤੀ ਸੰਵਿਧਾਨ ਅਨੁਸਾਰ ਨਿਸਚਿਤ ਨਹੀਂ ਕੀਤੀ ਗਈ। ਸਗੋਂ ਸੂਬਾ ਸਰਕਾਰ ਦੀ ਇਹ ਜ਼ਿੰਮੇਵਾਰ ਹੈ ਕਿ ਉਹ ਹਰੇਕ ਨਗਰਪਾਲਿਕਾ ਦੇ ਮੈਬਰਾਂ ਦੀ ਗਿਣਤੀ ਅਤੇ ਬਣਤਰ ਸੰਬੰਧੀ ਫੈਸਲਾ ਕਰੇ। ਨਗਰਪਾਲਿਕਾਵਾਂ ਵਿੱਚ ਲੋਕਾਂ ਦੁਆਰਾ ਪ੍ਰਤੱਖ ਤੌਰ ਤੇ ਚੁਣੇ ਮੈਂਬਰਾਂ ਸਬਾਈ ਸ਼ਾਮਿਲ ਹੁੰਦੇ ਹਨ। ਨਗਰਪਾਲਿਕਾ ਦੇ ਚੁਣੇ ਹੋਏ ਮੈਂਬਰ ਆਪਣੇ ਵਿੱਚੋਂ ਇੱਕ ਪ੍ਰਧਾਨ ਅਤੇ ਇੱਕ ਉਪ ਪ੍ਰਧਾਨ ਦੀ ਚੋਣ ਕਰਦੇ ਹਨ। ਨਗਰ ਦੀ ਭਲਾਈ ਨਾਲ ਸਬੰਧਤ ਕੰਮ ਕਰਨ ਲਈ ਨਗਰਪਾਲਿਕਾ ਦੇ ਮੈਬਰਾਂ ਮਹੀਨੇ ਵਿੱਚ ਘੱਟੋ-ਘੱਟ ਇੱਕ ਬੈਠਕ ਕਰਨਾ ਜਰੂਰੀ ਹੈ। ਨਗਰਪਾਲਿਕਾ ਦਾ ਕਾਰਜਕਾਲ ਪੰਜ ਸਾਲ ਨਿਸਚਤ ਕੀਤਾ ਗਿਆ। ਨਗਰਪਾਲਿਕਾ ਨੂੰ ਆਪਣੀਆਂ ਸ਼ਕਤੀਆਂ ਦੀ ਗਲਤ ਵਰਤੋਂ ਕਰਨ ਤੇ ਪੰਜ ਸਾਲ ਦੇ ਕਾਰਜਕਾਲ ਤੋਂ ਪਹਿਲਾ ਭੰਗ ਕਰਦੀ ਸ਼ਕਤੀ ਸੂਬਾ ਸਰਕਾਰ ਨੂੰ ਦਿੱਤੀ ਗਈ ਹੈ। ਵੱਖ-ਵੱਖ ਵਰਗਾਂ ਨੂੰ ਪ੍ਰਤੀਨਿਧਤਾਂ ਦੇਣ ਲਈ ਮੈਬਰਾਂ ਅਤੇ ਪ੍ਰਧਾਨ ਦੇ ਅਹੁਦਿਆਂ ਲਈ ਰਾਖਵਾਂਕਰਨ ਦੀ ਵਿਵਸਥਾ ਕੀਤੀ ਗਈ ਹੈ।

ਨਗਰ ਨਿਗਮ
(Municipal Corporation)

ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਨਗਰ ਨਿਗਮ (Municipal Corporation) ਮਹਾਂਨਗਰਾਂ ਵਿੱਚ ਸਥਾਪਿਤ ਸੰਸਥਾ ਹੁੰਦੀ ਹੈ। ਸ਼ਹਿਰਾਂ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ, ਸ਼ਹਿਰਾਂ ਦਾ ਵਿਕਾਸ ਅਤੇ ਸ਼ਾਸਨ ਪ੍ਰਬੰਧ ਚਲਾਉਣ ਲਈ ਨਗਰ ਨਿਗਮ ਦੀ ਵਿਵਸਥਾ ਕੀਤੀ ਜਾਂਦੀ ਹੈ। ਨਗਰ ਨਿਗਮ ਦੀ ਵਿਵਸਥਾ ਕਰਨਾ ਸੂਬਾ ਸਰਕਾਰ ਦੀ ਜ਼ਿੰਮੇਵਾਰ ਹੈ। ਸੂਬਾ ਸਰਕਾਰ ਇਹ ਤੈਅ ਕਰਦੀ ਹੈ ਕਿ ਕਿਹੜੇ-ਕਿਹੜੇ ਸ਼ਹਿਰਾਂ ਵਿੱਚ ਨਗਰ ਨਿਗਮ ਹੋਵੇਗਾ।

ਪੰਜਾਬ ਵਿੱਚ ਨਗਰ ਨਿਗਮ
(Municipal Corporations in Punjab)

1.	ਅੰਮ੍ਰਿਤਸਰ	8.	ਮੋਹਾਲੀ
2.	ਲੁਧਿਆਣਾ	9.	ਮੋਗਾ
3.	ਜਲੰਧਰ	10.	ਪਠਾਨਕੋਟ
4.	ਬਠਿੰਡਾ	11.	ਹੁਸ਼ਿਆਰਪੁਰ
5.	ਫਗਵਾੜਾ	12.	ਬਟਾਲਾ
6.	ਪਟਿਆਲਾ	13.	ਕਪੂਰਥਲਾ
7.	ਅਬੋਹਰ		

ਨਗਰ ਨਿਗਮ ਵਿੱਚ ਮੈਬਰਾਂ ਦੀ ਗਿਣਤੀ ਸੂਬਾ ਸਰਕਾਰ ਦੁਆਰਾ ਤੈਅ ਕੀਤੀ ਜਾਂਦੀ ਹੈ। ਨਗਰ ਨਿਗਮ ਦੇ ਮੈਬਰਾਂ ਦੀ ਚੋਣ ਪ੍ਰਤੱਖ ਤੌਰ 'ਤੇ ਕੀਤੀ ਜਾਂਦੀ ਹੈ। ਨਗਰ ਨਿਗਮ ਦੇ ਖੇਤਰਾਂ ਵਿੱਚੋਂ ਸੂਬਾਈ ਵਿਧਾਨ ਸਭਾ ਦੇ ਮੈਂਬਰ ਵੀ ਨਗਰ ਨਿਗਮ ਦੇ ਮੈਂਬਰ ਹੁੰਦੇ ਹਨ। ਇਹਨਾਂ ਨੂੰ ਨਗਰ ਨਿਗਮ ਦੇ ਅਹੁਦੇ-ਕਾਰਨ ਕੌਂਸਲਰ (Ex-offico members) ਕਿਹਾ ਜਾਂਦਾ ਹੈ ਅਤੇ ਪ੍ਰਤੱਖ ਤੌਰ 'ਤੇ ਚੁਣੇ ਗਏ ਮੈਬਰਾਂ ਵਾਂਗ ਇਹ ਬੈਠਕਾਂ ਵਿੱਚ ਹਿੱਸਾ ਤਾਂ ਲੈਂਦੇ ਹਨ ਪ੍ਰੰਤੂ ਇਹਨਾਂ ਨੂੰ ਵੋਟ ਦਾ ਅਧਿਕਾਰ ਨਹੀਂ ਹੁੰਦਾ। ਨਗਰ ਨਿਗਮ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ।

ਨਗਰ ਨਿਗਮ ਵਿੱਚ ਵੀ ਵੱਖ-ਵੱਖ ਵਰਗਾਂ ਨੂੰ ਪ੍ਰਤੀਨਿਧਤਾ ਦੇਣ ਲਈ ਸੀਟਾਂ ਦਾ ਰਾਖਵਾਂਕਰਨ ਕਰਨ ਦੀ ਵਿਵਸਥਾ ਕੀਤੀ ਗਈ ਹੈ।

ਨਗਰ ਨਿਗਮ ਦਾ ਮੈਂਬਰ ਬਣਨ ਲਈ ਉਮਰ ਘੱਟੋ ਘੱਟ 25 ਸਾਲ ਹੋਣੀ ਜਰੂਰੀ ਹੈ

1. ਅਨੁਸੂਚਿਤ ਜਾਤੀਆਂ (Schedule Castes) ਅਨੁਸੂਚਿਤ ਕਬੀਲਿਆਂ (Schedule tribes) ਲਈ ਉਹਨਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਰਾਖਵੀਆਂ ਰੱਖੀਆਂ ਹਨ।

2. ਔਰਤਾਂ ਲਈ ਇੱਕ ਤਿਹਾਈ (ਤੀਜਾ ਹਿੱਸਾ) ਸੀਟਾਂ ਰਾਖਵੀਆਂ ਹਨ।

3. ਪੱਛੜੀਆਂ ਸ਼੍ਰੇਣੀਆਂ ਲਈ ਦੋ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ।

ਵੱਡੇ ਸ਼ਹਿਰਾਂ ਵਿੱਚ ਮੇਅਰ (Mayor) ਦਾ ਅਹੁਦਾ ਬਹੁਤ ਮਾਣ ਵਾਲਾ ਹੁੰਦਾ ਹੈ। ਨਗਰ ਨਿਗਮ ਦੀ ਪ੍ਰਧਾਨਗੀ ਮੇਅਰ ਦੁਆਰਾ ਕੀਤੀ ਜਾਂਦੀ ਹੈ। ਸ਼ਹਿਰ ਦਾ ਪਹਿਲਾ ਨਗਰਿਕ ਹੋਣ ਦਾ ਮਾਣ ਵੀ ਮੇਅਰ ਦੇ ਹਿੱਸੇ ਜਾਂਦਾ ਹੈ। ਮੇਅਰ ਦਾ ਕਾਰਜਕਾਲ ਵੱਖ-ਵੱਖ ਸੂਬਿਆਂ ਵਿੱਚ 1 ਤੋਂ ਲੈ ਕੇ 5 ਸਾਲ ਤੱਕ ਹੁੰਦਾ ਹੈ।

ਮੇਅਰ ਦਾ ਕਾਰਜਕਾਲ
(Tenure of Mayor)

ਪੰਜਾਬ-5 ਸਾਲ

ਕਰਨਾਟਕ-1 ਸਾਲ

ਮੁੰਬਈ-2.5 ਸਾਲ

ਕਮਿਸ਼ਨਰ ਨਗਰ ਨਿਗਮ ਵਿਚ ਸਰਕਾਰੀ ਕਰਜਾਪਾਲਿਕਾ ਦੇ ਅਹੁਦੇ ਤੇ ਨਿਯੁਕਤ ਹੁੰਦਾ ਹੈ। ਕਮਿਸ਼ਨਰ ਦੀ ਨਿਯੁਕਤੀ ਸੂਬਾ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਕਮਿਸ਼ਨਰ ਜ਼ਿਆਦਤਰ IAS (Indian Administrative Services) ਸੇਵਾਵਾਂ ਦਾ ਅਧਿਕਾਰੀ ਹੁੰਦਾ ਹੈ। ਕਮਿਸ਼ਨਰ ਦਾ ਮੁੱਖ ਕੰਮ ਨਗਰ ਨਿਗਮ ਵੱਲੋਂ ਬਣਾਈਆਂ ਗਈਆਂ ਨੀਤੀਆਂ ਨੂੰ ਲਾਗੂ ਕਰਨਾ ਹੈ।

ਹਰੇਕ ਮਹਾਂਨਗਰ ਵਿੱਚ ਮਹਾਂਨਗਰ ਯੋਜਨਾ ਕਮੇਟੀ ਦੀ ਵਿਵਸਥਾ ਕੀਤੀ ਜਾਂਦੀ ਹੈ ਜਿਸ ਦਾ ਕੰਮ ਮਹਾਂਨਗਰ ਲਈ ਵਿਕਾਸ ਪ੍ਰੋਗਰਾਮ ਬਣਾਉਣਾ ਹੈ। ਮਹਾਂਨਗਰ ਯੋਜਨਾ ਕਮੇਟੀ ਦੀ ਬਣਤਰ ਸੂਬਾ ਸਰਕਾਰ ਦੁਆਰਾ ਤੈਅ ਕੀਤੀ ਜਾਂਦੀ ਹੈ।

ਜ਼ਿਲ੍ਹਾ ਯੋਜਨਾਬੰਦੀ ਕਮੇਟੀ
(District Planning Committee)

ਪਿੰਡਾਂ ਦੀਆਂ ਪੰਚਾਇਤਾਂ ਦੁਆਰਾ ਬਣਾਏ ਵਿਕਾਸ ਪ੍ਰੋਗਰਾਮਾਂ ਅਤੇ ਨਗਰਪਾਲਿਕਾਵਾਂ ਦੁਆਰਾ ਬਣਾਏ ਵਿਕਾਸ ਪ੍ਰੋਗਰਾਮਾਂ ਨੂੰ ਇੱਕਠਾ ਕਰਕੇ ਪੂਰੇ ਜ਼ਿਲ੍ਹੇ ਲਈ ਵਿਕਾਸ ਪ੍ਰੋਗਰਾਮ ਉਲੀਕਣ ਲਈ ਜਿਲਾ ਯੋਜਨਾਬੰਦੀ ਕਮੇਟੀ ਹਰੇਕ ਜ਼ਿਲ੍ਹੇ ਵਿੱਚ ਬਣਾਈ ਜਾਂਦੀ ਹੈ।

ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੇ ਕਾਰਜ ਅਨੁਛੇਦ 243W, ਅਨੁਸੂਚੀ ਬਾਰਵੀਂ (Functions of Local Urban Government, Article–243W, Schedule XII

(i) ਸ਼ਹਿਰੀ ਯੋਜਨਾਬੰਦੀ ਅਤੇ ਨਗਰ ਯੋਜਨਾ

(ii) ਜ਼ਮੀਨ ਦੀ ਵਰਤੋਂ ਅਤੇ ਇਮਾਰਤਾਂ ਦੀ ਉਸਾਰੀ

(iii) ਆਰਥਿਕ ਅਤੇ ਸਮਾਜਿਕ ਯੋਜਨਾਬੰਦੀ ਅਤੇ ਵਿਕਾਸ

(iv) ਸੜਕਾਂ ਅਤੇ ਪੁਲ

(v) ਘਰੇਲੂ, ਉਦਯੋਗਿਕ ਅਤੇ ਵਪਾਰਕ ਉਦੇਸ਼ਾਂ ਲਈ ਪਾਣੀ ਦਾ ਪ੍ਰਬੰਧ

(vi) ਜਨਤਕ ਸਿਹਤ, ਸਫ਼ਾਈ ਅਤੇ ਸੰਭਾਲ ਅਤੇ ਠੋਸ ਰਹਿੰਦ-ਖਹੁੰਦ ਪ੍ਰਬੰਧ

(vii) ਅੱਗ ਬੁਝਾਊ ਸੇਵਾਵਾਂ

(viii) ਸ਼ਹਿਰੀ ਜੰਗਲਾਤ, ਵਾਤਾਵਰਨ ਦੀ ਸੁਰੱਖਿਆ ਅਤੇ ਵਾਤਾਵਰਨ ਪਹਿਲੂਆਂ ਨੂੰ ਉਤਸ਼ਾਹਿਤ ਕਰਨਾ।

(ix) ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾ ਦੀ ਰੱਖਿਆ ਕਰਨਾ, ਜਿਸ ਵਿੱਚ ਅਪਾਹਿਜ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਵੀ ਸ਼ਾਮਲ ਹੋਣ।

(x) ਝੁੱਗੀਆਂ ਝੌਂਪੜੀਆਂ ਦਾ ਸੁਧਾਰ

(xi) ਸ਼ਹਿਰੀ ਗਰੀਬੀ ਦੂਰ ਕਰਨ

(xii) ਸ਼ਹਿਰੀ ਸਹੂਲਤਾਂ ਜਿਵੇਂ ਕਿ ਪਾਰਕ, ਬਗੀਚੇ ਅਤੇ ਖੇਡ ਦੇ ਮੈਦਾਨਾਂ ਦੀ ਵਿਵਸਥਾ।

(xiii) ਸਭਿਆਚਾਰਕ, ਵਿਦਿਅਕ ਅਤੇ ਸੁਹਜਾਤਮਕ ਪਹਿਲੂਆਂ ਨੂੰ ਉਤਸ਼ਾਹਿਤ ਕਰਨ।

(xiv) ਸ਼ਮਸ਼ਾਨ ਘਾਟਾਂ ਦਾ ਪ੍ਰਬੰਧ ਕਰਨ।

(xv) ਪਸ਼ੂਆਂ ਦੇ ਤਲਾਬ, ਜਾਨਵਰਾਂ ਪ੍ਰਤੀ ਬੇਰਹਿਮੀ ਉੱਤੇ ਰੋਕ

(xvi) ਜਨਮ ਅਤੇ ਮੌਤ ਦਾ ਰਜਿਸਟਰੇਸ਼ਨ ਸਮੇਤ ਹੋਰ ਅੰਕੜੇ

(xvii) ਗਲੀਆਂ ਵਿੱਚ ਚਾਣਨ, ਪਾਰਕਿੰਗ, ਬੱਸ ਅੱਡਿਆਂ ਅਤੇ ਹੋਰ ਜਨਤਕ ਸਹੂਲਤਾਂ ਦਾ ਪ੍ਰਬੰਧ ਕਰਨਾ।

(xviii) ਬੁਚੱੜਖਾਨੇ ਅਤੇ ਚਮੜਾ ਸੋਧਨ ਕਾਰਖਾਨੇ ਸੰਬੰਧੀ ਨਿਯਮ ਬਨਾਉਣੇ।

ਸ਼ਹਿਰੀ ਸਥਾਨਕ ਸ਼ਾਸਨ ਦੀਆਂ ਕੁਝ ਹੋਰ ਸੰਸਥਾਵਾਂ (Some other Urban Local Institutions)

1. ਛਾਉਣੀ ਬੋਰਡ (Cantonment Board)
2. ਬੰਦਰਗਾਹ ਟਰੱਸਟ (Port Trust)



I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ—

ੳ. ਪੇਂਡੂ ਪੱਧਰ 'ਤੇ ਸਵੈ-ਸ਼ਾਸਨ ਨੂੰ ਸੰਵਿਧਾਨਕ ਮਾਨਤਾ ਕਿਹੜੇ ਸੰਨ ਅਤੇ ਸੋਧ ਰਾਹੀਂ ਦਿੱਤੀ ਗਈ ?

ਅ. 73 ਵੀਂ ਸੰਵਿਧਾਨਕ ਸੋਧ ਰਾਹੀਂ ਸਥਾਪਤ ਵੱਖ-ਵੱਖ ਪੱਧਰਾਂ ਦੇ ਨਾਂ ਲਿਖੋ।

ੲ. 73ਵੀਂ ਸੰਵਿਧਾਨਕ ਸੋਧ ਰਾਹੀਂ ਕਿਹੜਾ ਨਵਾਂ ਭਾਗ ਅਤੇ ਅਨੁਸੂਚੀ ਸ਼ਾਮਲ ਕੀਤੀ ਗਈ।

ਸ. ਪੰਚਾਇਤ ਦੀਆਂ ਚੋਣਾਂ ਕਿਹੜਾ ਕਮਿਸ਼ਨ ਕਰਵਾਉਂਦਾ ਹੈ।

ਹ. ਪਿੰਡ ਦੀ ਵਸੋਂ ਵਿਚੋਂ 20% ਜਨਸੰਖਿਆ ਹੋਣ 'ਤੇ ਪੱਛੜੀਆਂ ਸ਼੍ਰੇਣੀਆਂ ਲਈ ਕਿੰਨੀਆਂ ਸੀਟਾਂ ਰਾਖਵੀਆਂ ਕੀਤੀਆਂ ਜਾਂਦੀਆਂ ਹਨ।

II. ਪ੍ਰਸ਼ਨਾਂ ਦੇ ਉੱਤਰ 5-8 ਸਤਰਾਂ ਵਿੱਚ ਦਿਓ—

ੳ. ਨਗਰ ਪੰਚਾਇਤ ਬਾਰੇ ਸੰਖੇਪ ਨੋਟ ਲਿਖੋ।

ਅ. ਨਗਰਪਾਲਿਕਾ ਦੀ ਬਣਤਰ ਅਤੇ ਕਾਰਜਾਂ ਬਾਰੇ ਨੋਟ ਲਿਖੋ।

ੲ. ਪਿੰਡ ਦੀ ਪੰਚਾਇਤ ਮਹੱਤਤਾ ਅਤੇ ਚੋਣ ਵਿਧੀ ਬਾਰੇ ਜਾਣਕਾਰੀ ਦਿਓ।

ਸ. ਜ਼ਿਲ੍ਹਾ ਪਰਿਸ਼ਦ ਵਿਚ ਸ਼ਾਮਲ ਮੈਂਬਰਾਂ ਬਾਰੇ ਜਾਣਕਾਰੀ ਦਿਓ।

ਹ. ਮੇਅਰ ਕੌਣ ਹੁੰਦਾ ਹੈ ?

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ—

ੳ. ਪੰਚਾਇਤ ਨੂੰ ਸੌਂਪੇ ਕਾਰਜਾਂ ਦਾ ਵਰਨਣ ਕਰੋ।

ਅ. ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਦਿੱਤੇ ਕਾਰਜਾਂ ਦੀ ਸੂਚੀ ਬਮਾਓ।

ੲ. ਨਗਰ-ਨਿਗਮ 'ਤੇ ਇਕ ਵਿਸਤ੍ਰਿਤ ਨੋਟ ਲਿਖੋ।

ਸ. ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਵਿਚ ਫੈਸਲੇ ਕਿਵੇਂ ਲਏ ਜਾਂਦੇ ਹਨ।

ਹ. ਸ਼ਹਿਰਾਂ ਅਤੇ ਪਿੰਡ ਵਿੱਚ ਸਥਾਨਕ ਪੱਦਰ ਦੀਆਂ ਚੋਣਾ ਵੋਟਾਂ ਦੌਰਾਨ ਆਪਸੀ ਝਗੜੇ ਅਤੇ ਲੜਾਈਆਂ ਹਿੰਸਕ ਕਿਉਂ ਹੋ ਜਾਂਦੀਆਂ ਹਨ, ਜਦੋਂ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਆਮਤੌਰ 'ਤੇ ਸ਼ਾਂਤਮਈ ਹੁੰਦੀਆਂ ਹਨ, ਕਿਉਂ ?

16

ਪੰਜਾਬ ਦੀਆਂ ਰਾਜਨੀਤਕ ਪ੍ਰਕਿਰਿਆਵਾਂ

[Political Activities of Punjab]

ਸਪਤ ਸਿੰਧੂ ਵਜੋਂ ਜਾਣੇ-ਪਛਾਣੇ ਗਏ ਦਰਿਆਵਾਂ; ਸਿੰਧ, ਜਿਹਲਮ, ਝਨਾਂਅ (ਚਨਾਬ), ਰਾਵੀ, ਬਿਆਸ, ਸਤਲੁੱਜ ਤੇ ਘੱਗਰ (ਸਰਸਵਤੀ) ਦੇ ਕੰਢਿਆਂ 'ਤੇ ਵਸਦੇ ਲੋਕਾਂ ਜਿਨ੍ਹਾਂ ਵਿੱਚ ਪੱਛਮ ਵਿੱਚ ਅਟਕ ਦਰਿਆ ਤੋਂ ਲੈ ਕੇ ਪੂਰਬ ਵਿੱਚ ਤਿਬੱਤ ਤੱਕ ਅਤੇ ਉੱਤਰ ਵਿੱਚ ਕਸ਼ਮੀਰ ਤੋਂ ਲੈ ਕੇ ਦੱਖਣ ਵੱਲ ਦਿੱਲੀ ਤੱਕ ਦੀ ਧਰਤੀ 'ਤੇ ਪਣਪੇ ਅਤੇ ਉਗਸੇ ਸਭਿਆਚਾਰ ਨੂੰ ਅਪਣਾਇਆ, ਦੇ ਇਲਾਕੇ ਨੂੰ ਆਮ ਕਰਕੇ ਪੰਜਾਬੀਆਂ ਦਾ ਇਲਾਕਾ ਕਿਹਾ ਜਾਂਦਾ ਹੈ।

ਸਥਾਨਕ ਰਾਜਨੀਤੀ ਦਾ ਇਤਿਹਾਸ

ਪੈਟਾਪੋਟਾਮੀਆ ਜਾਂ ਸਪਤ-ਸਿੰਧੂ ਅਖਵਾਉਂਦੇ ਪੰਜਾਬ ਦੇ ਇਸ ਭੂ-ਭਾਗ ਵਿੱਚ ਧਰਮ ਅਸਲ ਵਿੱਚ ਸਮਾਜਿਕ ਤੇ ਬੌਧਿਕ ਵਿਚਾਰਾਂ ਨੂੰ ਇਕਸੁਰ ਕਰਨ ਵਾਲੀ ਸੋਚ ਵਜੋਂ ਉਭਰੇ ਹਨ। ਬੁੱਧ ਅਤੇ ਜੈਨ ਧਰਮਾਂ ਦਾ ਮੱਤ ਹੈ ਕਿ ਹਿੰਦੋਸਤਾਨ ਦੇ ਇਸ ਇਲਾਕੇ ਵਿੱਚ ਸਿੰਧ ਘਾਟੀ ਦੀ ਸਭਿਅਤਾ ਤੋਂ ਬਾਅਦ ਇਨ੍ਹਾਂ ਦੋਹੇਂ ਧਾਰਮਿਕ ਮੱਤਾਂ ਦੀ ਹੀ ਚੜ੍ਹਤ ਸੀ। ਇਸੇ ਦੌਰਾਨ ਈਰਾਨ ਤੇ ਯੂਨਾਨ ਦੇ ਇਲਾਕਿਆਂ ਤੋਂ ਆਰੀਆ ਲੋਕਾਂ ਦੀ ਪੰਜਾਬ ਵਿੱਚ ਆਮਦ ਅਤੇ ਹੌਲ਼ੀ-ਹੌਲ਼ੀ ਉਨਾਂ ਦੇ ਵੱਡੀ ਗਿਣਤੀ ਵਿੱਚ ਇੱਥੇ ਆ ਵਸਣ ਨਾਲ ਉਨ੍ਹਾਂ ਦੀਆਂ ਰਹੁ-ਰੀਤਾਂ ਅਤੇ ਸਭਿਆਚਾਰ ਦਾ ਇੱਥੋਂ ਦੇ ਮੂਲ ਵਾਸੀਆਂ ਨਾਲ ਪਹਿਲਾਂ ਟਕਰਾਅ ਅਤੇ ਫ਼ਿਰ ਮੇਲ-ਮਿਲਾਪ ਹੋਇਆ ਜਿਸਦੇ ਸਿੱਟੇ ਵਜੋਂ ਆਰੀਆਈ ਸਭਿਅਤਾ ਨੇ ਸਥਾਨਕ ਸਭਿਆਚਾਰ ਪੱਖਾਂ ਉਤੇ ਕਾਬਜ਼ ਹੋ ਕੇ ਇੱਥੋਂ ਦੇ ਕਬੀਲਿਆਂ, ਧਾਰਮਿਕ ਸਥਾਨਾਂ ਤੇ ਰੀਤ-ਰਿਵਾਜਾਂ ਨੂੰ ਆਪਣੇ ਅਨੁਸਾਰ ਢਾਲ਼ਿਆ ਜਿਸਨੂੰ ਕਿ ਬ੍ਰਾਹਮਣੀਕਰਨ ਦੀ ਪ੍ਰਕਿਰਿਆ ਕਿਹਾ ਜਾਂਦਾ ਹੈ।





ਇਤਿਹਾਸ ਦੇ ਅਜਿਹੇ ਪੱਖਾਂ ਦਾ ਗਿਆਨ ਮੈਗਜ਼ਥਨੀਜ਼ ਅਤੇ ਹਿਊਨਸਾਂਗ ਦੀਆਂ ਲਿਖਤਾਂ ਦੇ ਤੁਲਨਾਤਮਕ ਅਧਿਐਨ ਤੋਂ ਸਹਿਜੇ ਹੀ ਹੋ ਜਾਂਦਾ ਹੈ। ਬ੍ਰਾਹਮਣੀਕਰਨ ਦੀ ਪ੍ਰਕਿਰਿਆ ਅਧੀਨ ਨਵੇਂ ਸਾਹਿਤ ਦੀ ਰਚਨਾ ਕੀਤੀ ਗਈ ਜਿਸ ਵਿੱਚ ਆਰੀਅਨਾਂ ਨੇ ਇਸ ਇਲਾਕੇ ਦੇ ਮੂਲ ਨਿਵਾਸੀਆਂ ਨੂੰ ਸਾਹਿਤ ਦੇ ਜ਼ਰੀਏ ਰਾਖਸ਼, ਅਸੁਰ ਅਤੇ ਮਾੜੇ ਕਿਰਦਾਰ ਵਾਲਿਆਂ ਵਜੋਂ ਪਰ ਆਰੀਆਈ ਲੋਕਾਂ ਨੂੰ ਦੇਵਤੇ ਅਤੇ ਤਾਕਤਵਰ ਕਿਰਦਾਰ ਵਜੋਂ ਪੇਸ਼ ਕਰਕੇ ਲੋਕ ਮਨਾਂ ਵਿੱਚ, ਧਰਮ ਤੇ ਰੀਤ-ਰਿਵਾਜਾਂ ਦੀ ਸਹਾਇਤਾ ਨਾਲ ਪ੍ਰਪੱਕ ਕੀਤਾ।

ਉਪਰੋਕਤ ਤੋਂ ਇਲਾਵਾ ਇੱਕ ਮੱਤ ਇਹ ਵੀ ਪ੍ਰਚਲਤ ਹੈ ਕਿ ਸਭ ਤੋਂ ਪਹਿਲਾਂ ਬ੍ਰਾਹਮਣੀ ਜਾਂ ਵੈਦਿਕ ਸਾਹਿਤ ਦੀ ਰਚਨਾ ਹੋਈ ਅਤੇ ਇਸ ਮਗਰੋਂ ਬੁੱਧ ਤੇ ਜੈਨ ਧਰਮ ਹੋਂਦ ਵਿੱਚ ਆਏ ਜਿਸ ਨਾਲ ਇਹ ਵੀ ਮੰਨਿਆ ਗਿਆ ਕਿ ਵਰਣ ਵਿਵਸਥਾ, ਜਾਤ-ਪਾਤ ਆਇ ਬੁਧ ਤੇ ਜੈਨ ਧਰਮ ਦੀ ਉਤਪਤੀ ਤੋਂ ਪਹਿਲਾਂ ਹੀ ਪ੍ਰਚਲਤ ਸੀ। ਮਿਥਹਾਸਕ ਮਹਾਂਕਾਵਾਂ ਦੇ ਅਧਾਰ 'ਤੇ ਇਤਹਾਸ ਦੀ ਵਿਆਖਿਆ ਵੀ ਜ਼ਿਆਦਾਤਰ ਇਵੇਂ ਹੀ ਕੀਤੀ ਜਾਂਦੀ ਰਹੀ ਹੈ। ਦੋਹੇਂ ਧਾਰਨਾਵਾਂ ਦੀ ਸ਼ੁਰੂਆਤ ਕਿਉਂਕਿ ਪੰਜਾਬ ਦੀ ਧਰਤ ਤੋਂ ਹੀ ਹੁੰਦੀ ਹੈ, ਕੁਝ ਵਿਦਵਾਨਾਂ ਦਾ ਮੱਤ ਇਹ ਵੀ ਹੈ ਕਿ ਸ਼ਬਦ 'ਇੰਡੀਆਂ' ਵੀ 'ਇੰਡਸ' ਤੋਂ ਉਪਜਿਆ ਹੈ ਜੋ ਕਿ ਸਿੰਧ ਦਰਿਆ ਦਾ ਨਾਮ ਹੈ ਤੇ ਇਹ ਸ਼ਬਦ ਪੰਜਾਬ ਲਈ ਵਰਤਿਆ ਜਾਣ ਮਗਰੋਂ ਹੀ ਪੂਰੇ ਉਪ-ਮਹਾਂਦੀਪੀ ਇਲਾਕੇ ਲਈ ਵਰਤਿਆ ਜਾਣ ਲੱਗਾ। ਦੋਹੇਂ ਧਾਰਨਾਵਾਂ ਵਿੱਚ ਇਕ ਤੱਤ ਸਪਸ਼ਟ ਹੁੰਦਾ ਹੈ ਕਿ ਇਸ ਧਰਤ ਦੀ ਰਾਜਨੀਤੀ ਦੇ ਇਤਿਹਾਸ ਵਿੱਚ ਪੰਜਾਬ ਦੇ ਸਥਾਨਕ ਭਾਵ ਮੂਲ ਕਬੀਲਿਆਂ ਅਤੇ ਲੋਕ ਸਭਿਆਚਾਰ ਨੂੰ ਅੱਖੋਂ-ਪ੍ਰੋਖੇ ਕੀਤਾ ਗਿਆ ਹੈ।

ਇਸ ਨਾਲ ਸਬੰਧਤ ਇੱਕ ਪੱਖ ਇਹ ਵੀ ਹੈ ਕਿ ਇੱਥੋਂ ਦਾ ਕੋਈ ਵੀ ਗਣ ਜਾਂ ਬਾਹਰੋਂ ਆ ਵਸਿਆ ਕਬੀਲਾ ਹਮੇਸ਼ਾਂ ਲਈ ਹੀ ਇੱਥੋਂ ਦੇ ਸਭਿਆਚਾਰ ਵਿੱਚ ਜਜ਼ਬ ਹੋ ਗਿਆ ਅਤੇ ਭੂਗੋਲਿਕ, ਸਭਿਆਚਾਰਕ, ਰਾਜਨੀਤਕ, ਆਰਥਿਕ ਆਦਿ ਪੱਖਾਂ ਤੋਂ ਪੰਜਾਬ ਦੇ ਇਸ ਖਿੱਤੇ ਦੀ ਵਖਰੀ ਪਛਾਣ ਵਿੱਚ ਹੀ ਸ਼ਾਮਲ ਹੋ ਕੇ ਵੀ ਅਡਰੇ ਰੂਪ ਵਿੱਚ ਪ੍ਰਫੁਲਤ ਹੁੰਦਾ ਗਿਆ।



ਸਮੇਂ ਸਮੇਂ 'ਤੇ ਵੱਖ-ਵੱਖ ਖਿੱਤਿਆਂ ਤੋਂ ਚੱਲ ਕੇ ਲੋਕ ਅਤੇ ਹਮਲਾਵਰ ਇਸ ਧਰਤੀ ਉਪਰ ਆਉਂਦੇ ਰਹੇ ਅਤੇ ਬਹੁਤੇ ਇਥੋਂ ਦੇ ਹੀ ਹੋ ਕੇ ਰਹਿ ਗਏ। ਇਸ ਧਰਤੀ ਦੇ ਨਾਮ, ਸਪਤ ਸਿੰਧੂ, ਪੰਚ ਨੰਦ, ਟੱਕ, ਲਾਹੌਰ ਸੂਬਾ ਆਦਿ ਪੈਂਦੇ ਅਤੇ ਬਦਲਦੇ ਰਹੇ, ਹਕੂਮਤਾਂ ਬਦਲੀਆਂ, ਰਾਜਨੀਤਕ ਲਕੀਰਾਂ (Political Border) ਬਦਲੀਆਂ ਪਰ ਇਸ ਧਰਤੀ ਦੀ ਖਸਲਤ ਨਹੀ ਬਦਲੀ ; ਖੁੱਲੇ ਸੁਭਾਅ, ਦਲੇਰ, ਨਾਬਰ ਬਿਰਤੀ ਵਾਲੇ ਇਥੋਂ ਦੇ ਲੋਕ ਭਾਵੇਂ ਵੱਖ ਵੱਖ ਧਰਮਾਂ ਨਾਲ ਸਬੰਧਤ ਰਹੇ ਹਨ ਪਰ ਪੰਜਾਬ ਦੇ ਸੱਭਿਆਚਾਰ, ਨੇ ਉਹਨਾਂ ਨੂੰ ਹਮੇਸ਼ਾਂ ਪੰਜਾਬੀ ਨਾਮ ਦੇ ਧਾਗੇ ਵਿੱਚ ਪਰੋਅ ਕੇ ਰੱਖਿਆ ਹੈ। ਇਸ ਖੇਤਰ ਦਾ

ਸੁਭਾਅ, ਭੂਗੋਲ, ਸੱਭਿਆਚਾਰ, ਪਛਾਣ, ਮੇਲ-ਜੋਲ ਵਿਸ਼ਵ ਦੇ ਬਾਕੀ ਸਭ ਖੇਤਰਾਂ ਨਾਲੋਂ ਵੱਖਰਾ ਹੈ। ਸਤਿਕਾਰ ਲਈ ਸਤਿਕਾਰ ਅਤੇ ਚੜ੍ਹ ਕੇ ਆਏ ਲਈ ਤਲਵਾਰ ਇਥੋਂ ਦਾ ਸੱਭਿਆਚਾਰ ਰਿਹਾ ਹੈ। ਇਸੇ ਸੱਭਿਆਚਾਰ ਦੀ ਝਲਕ ਇਥੋਂ ਦੀ ਸਿਆਸਤ ਜਾਂ ਰਾਜਨੀਤੀ ਵਿੱਚੋਂ ਵੀ ਝਲਕਦੀ ਹੈ। ਰਾਜਿਆਂ ਦੀ ਪੂਰਨ ਗੁਲਾਮੀ ਦੇ ਉਲਟ ਇੱਥੇ ਵੱਖ ਵੱਖ ਸਮੇ ਤੇ ਸੂਰਮੇ ਅਤੇ ਲਹਿਰਾਂ ਨੇ ਤਖਤਾਂ ਨੂੰ ਪਲਟ ਸੁੱਟਿਆ ਹੈ ਵੱਡੇ ਵੱਡੇ ਸਾਮਰਾਜਾ ਨੂੰ ਖ਼ਤਮ ਕਰਕੇ ਸਵੈ ਸ਼ਾਸਨ ਤੇ ਅਧਾਰਿਤ ਗਣਰਾਜਾਂ ਨੂੰ ਬਨਾਉਣ ਦੀ ਬਿਰਤੀ ਤੋਂ ਅਸੀ ਸਮਝ ਸਕਦੇ ਹਾਂ ਕਿ ਪੰਜਾਬੀ ਹਲੀਮੀ ਰਾਜ, ਸਹਿਯੋਗ, ਸਾਂਝੀ ਵਾਲਤਾ ਵਾਲੇ ਅਤੇ ਧੱਕੇਸ਼ਾਹੀ ਵਾਲੀ ਰਾਜਨੀਤੀ ਦੇ ਖਿਲਾਫ ਰਹੇ ਹਨ।

ਧਰਤੀ ਦੀ ਸਭ ਤੋਂ ਪੁਰਾਣੀ ਸੱਭਿਅਤਾ ਸਿੰਧ ਘਾਟੀ ਦਾ ਉਭਾਰ ਪੰਜਾਬ ਵਿੱਚ ਹੀ ਹੋਇਆ ਸੀ। ਭਵਨ ਨਿਰਮਾਣ, ਸ਼ਹਿਰੀ ਯੋਜਨਾਬੰਦੀ, ਰਹਿਣ ਸਹਿਣ ਆਦਿ ਹਰ ਖੇਤਰ ਵਿੱਚ ਉਤਮ ਸੀ ਉਸ ਸਮੇਂ ਇਸ ਖੇਤਰ ਦੇ ਲੋਕਾਂ ਦੀ ਲਿਪੀ, ਬੋਲੀ ਆਦਿ ਵੱਖਰਾ ਸੀ। ਇਸ ਤੋਂ ਬਾਅਦ ਇਸ ਇਲਾਕੇ ਵਿੱਚ ਆਧੁਨਿਕ ਰੂਪ, ਕਜ਼ਾਖਸਤਾਨ, ਇਰਾਨ ਆਦਿ ਦੇਸ਼ਾਂ ਤੋਂ ਆਰੀਅਨ ਲੋਕਾਂ ਹਿਜਰਤ ਸ਼ੁਰੂ ਹੋਈ। ਆਰੀਅਨ ਲੋਕਾਂ ਦੇ ਸ਼ਾਸਨ ਪ੍ਰਬੰਧ ਵਿੱਚ ਜਾਤ-ਪਾਤ, ਹਰ ਹੀਲਾ ਵਰਤ ਕੇ ਰਾਜ ਕਰਨ ਦੀ ਪ੍ਰਵਿਰਤੀ ਭਾਰੂ ਸੀ ਜਿਸਦਾ ਪੰਜਾਬ ਦੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਸੱਭਿਆਚਾਰ ਉਪਰ ਬੁਰਾ ਪ੍ਰਭਾਵ ਪਿਆ। ਉਪਜਾਊ ਭੂਮੀ, ਦਰਿਆ, ਘਾਹ ਦੇ ਮੈਦਾਨ, ਤੇ ਖੇਤੀਬਾੜੀ ਪੱਖੋਂ ਉਤਮ ਜ਼ਮੀਨ ਹੋਣ ਕਰਕੇ ਦੁਨੀਆ ਭਰ ਦੇ ਹਮਲਵਾਰਾਂ ਨੇ ਇਸ ਇਲਾਕੇ ਉਪਰ ਅਧਿਕਾਰ ਜਮਾਉਣਾ ਚਾਹਿਆ। ਇਥੋਂ ਦੇ ਲੋਕਾਂ ਵਿੱਚ ਬਹਾਦਰੀ, ਅਣਖ, ਲੜਨ ਦਾ ਜਜ਼ਬਾ ਹੋਣ ਕਾਰਨ ਵੱਖ-ਵੱਖ ਸਮੇਂ 'ਤੇ ਸਾਮਰਾਜ ਇਸ ਖੇਤਰ ਉਪਰ ਕਬਜ਼ਾ ਕਰਦੇ ਰਹੇ ਪਰੰਤੂ ਪੰਜਾਬੀ ਲੋਕ ਸਾਮਰਾਜ ਦਾ ਰਾਜ ਤੋੜ ਕੇ ਆਪਣੇ ਸਵੈ ਸ਼ਾਸਨ ਪ੍ਰਬੰਧ ਵਾਲੇ ਕਬਾਇਲੀ ਗਣਰਾਜਾਂ ਨੂੰ ਮੁੜ ਸਥਾਪਿਤ ਕਰ ਲੈਂਦੇ ਸਨ। ਸ਼ਾਸਨ ਪ੍ਰਬੰਧ ਪਿੰਡ ਜਾ ਕਬੀਲਿਆਂ ਦੇ ਮੋਹਤਬਰਾਂ ਦੁਆਰਾ ਚਲਾਇਆ ਜਾਂਦਾ ਸੀ ਅਤੇ ਹਰ ਫੈਸਲਾ ਸਮੁੱਚੇ ਕਬੀਲੇ ਜਾਂ ਗਣਰਾਜ ਦੀ ਸਹਿਮਤੀ ਨਾਲ ਲਿਆ ਜਾਂਦਾ ਸੀ।

ਚੌਥੀ ਸਦੀ ਈ. ਪੂ. ਵਿੱਚ ਯੂਨਾਨ ਨੇ ਸਿੰਕਦਰ ਨੇ ਪੰਜਾਬ ਉਪਰ ਹਮਲਾ ਕਰਕੇ ਪੰਜਾਬ ਦੀ ਰਾਜਨੀਤੀ ਵਿੱਚ ਯੂਨਾਨੀਆਂ ਦਾ ਵੱਖਰਾ ਅਧਿਆਇ ਜੋੜ ਦਿੱਤਾ। ਉਸਨੇ ਪੰਜਾਬ ਦੇ ਗਣਰਾਜਾਂ ਨੂੰ ਸਮਝੌਤੇ ਅਤੇ ਯੁੱਧ ਨਾਲ ਕਬਜ਼ੇ ਵਿੱਚ ਲੈ ਲਿਆ ਪ੍ਰੰਤੂ ਫ਼ੌਜ ਦੀ ਬਗਾਵਤ ਕਾਰਨ ਉਹ ਸਿਲੂਓਕਸ ਨੂੰ ਰਾਜ ਭਾਗ ਸੌਂਪ ਕੇ ਯੂਨਾਨ ਪਹੁੰਚ ਗਿਆ। ਉਸ ਸਮੇ ਨਾਗ ਸਾਮਰਾਜ ਭਾਰਤੀ ਉਪਮਹਾਦੀਪ ਦਾ ਵੱਡਾ ਹਿੱਸੇ 'ਤੇ ਰਾਜ ਕਰ ਰਿਹਾ ਸੀ ਮਗਧ ਦੇ ਤਖਤ ਤੇ ਚੰਦਰਗੁਪਤ ਮੌਰਿਆ ਦੇ ਕਬਜ਼ੇ ਨਾਲ ਹੀ ਸੈਲੂਕਸ ਤੇ ਪੰਜਾਬ ਸਬੰਧੀ ਸੰਧੀ ਹੋਈ ਸੀ ਵੱਖ ਵੱਖ ਸਮੇ ਪੰਜਾਬ ਦਾ ਕੁੱਝ ਹਿੱਸਾ ਪਰਸ਼ੀਆ, ਯੂਨਾਨ, ਅਫ਼ਗਾਨਾਂ ਦੇ ਅਧੀਨ ਰਿਹਾ। ਸਿਖਿਆ ਦੇ ਖੇਤਰ ਵਿੱਚ ਉਸ ਸਮੇਂ ਤਕਸ਼ਿਲਾ ਯੂਨੀਵਰਸਿਟੀ ਬਹੁਤ ਮਸ਼ਹੂਰ ਸੀ ਜਿਸਦੇ ਦੁਆਲੇ ਪੰਜਾਬ ਅਤੇ ਪੂਰੇ ਉਪਮਹਾਂਦੀਪ ਦੀ ਰਾਜਨੀਤੀ ਘੁੰਮਦੀ ਰਹੀ ਹੈ।

ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ, ਗਣਾਂ ਅਤੇ ਸੰਘਾਂ ਦੀ ਜੀਵਨ ਸ਼ੈਲੀ ਤੇ ਸਿਆਸਤ (ਰਾਜਨੀਤੀ) ਹੀ ਭਾਰੂ ਰਹੀ ਹੈ। ਇਹ ਸਮਾਂ ਤੀਸਰੀ ਸਦੀ ਈਸਾ ਪੂਰਵ ਤੋਂ ਲਗਪਗ ਚੌਥੀ ਸਦੀ ਭਾਵ ਲਗਪਗ 700 ਵਰ੍ਹਿਆਂ ਦਾ ਬਣਦਾ ਹੈ ਜਿਸ ਦੌਰਾਨ ਪੰਜਾਬ ਵਿੱਚ ਗਣ ਹੀ ਪ੍ਰਸ਼ਾਸਕੀ ਖੰਡ (ਯੂਨਿਟ) ਸਨ। ਗਣ ਦਾ ਮੁਖੀ ਜਮਹੂਰੀ ਤਰੀਕੇ ਨਾਲ ਚੁਣਿਆ ਜਾਂਦਾ ਸੀ। ਅਜਿਹੀ ਚੋਣ ਕਰਨ ਅਤੇ ਫ਼ੈਸਲੇ ਲੈਣ ਵਿੱਚ ਆਮ ਲੋਕਾਂ ਦੀ ਪੂਰੀ ਵੁਕੱਤ ਜਾਂ ਪੁਰੱਤ ਸੀ ਭਾਵ ਆਮ ਲੋਕਾਂ ਦੀ ਹੀ ਚੱਲਦੀ ਸੀ। ਕਈ ਗਣਾਂ ਨੂੰ ਮਿਲਾ ਕੇ ਗਣ-ਸੰਘ ਬਣਦਾ ਸੀ ਜਿਸ ਵਿੱਚ ਸਾਰੇ ਗਣਾਂ ਦੇ ਮੁਖੀ ਸਾਂਝੇ ਰੂਪ ਵਿੱਚ ਪ੍ਰਬੰਧ, ਰਾਜਨੀਤੀ ਤੇ ਵਪਾਰ ਆਦਿ ਸਬੰਧੀ ਫ਼ੈਸਲੇ ਕਰਦੇ ਸਨ। ਇਹੀ ਗਣ ਸੁਤੰਤਰ ਤੌਰ 'ਤੇ ਆਪੋ-ਆਪਣੇ ਇਲਾਕੇ ਵਿੱਚ ਪੰਚਾਇਤਾਂ ਵਾਂਗੂੰ ਪ੍ਰਬੰਧ ਚਲਾਉਂਦੇ ਸਨ ਤੇ ਦੁਸ਼ਮਣ ਦਾ ਮੁਕਾਬਲਾ ਵੀ ਆਪੋ ਵਿੱਚ ਮਿਲਕੇ ਕਰਦੇ ਸਨ। ਇਰਾਨ ਅਤੇ ਮੱਧ ਏਸ਼ੀਆ ਤੋਂ ਹਿਜਰਤ ਸ਼ੁਰੂ ਹੋਣ ਕਾਰਨ ਸਹਿਜੇ ਤੇ ਅਛੋਪਲੇ ਜਿਹੇ ਹੀ ਇਰਾਨੀ ਸਭਿਆਚਾਰ ਦਾ ਸਾਮੰਤਵਾਦੀ ਢਾਂਚਾ ਪੰਜਾਬ ਦੇ ਇਲਾਕੇ ਵਿੱਚ ਵੀ ਭਾਰੂ ਪੈਣ ਲੱਗਾ ਜਿਸ ਨਾਲ ਸਾਮੰਤਵਾਦੀ ਪ੍ਰਨਾਲ਼ੀ ਵਿੱਚ ਗਣਾਂ ਦੀ ਰਾਜਨੀਤੀ ਹੀ ਵੱਖ-ਵੱਖ ਕਬੀਲਿਆਂ ਜਾਂ ਜਾਤਾਂ ਦੀ ਰਾਜਨੀਤੀ ਵਿੱਚ ਤਬਦੀਲ ਹੋਣ ਲੱਗ ਪਈ। ਗਣਾਂ ਦੇ ਅਧੀਨ ਪੈਂਦੇ ਕੁਝ ਇਲਾਕਿਆਂ ਦੇ ਨਾਮ ਹੇਠ ਦਿੱਤੇ ਗਏ ਹਨ। ਇੱਥੇ ਧਿਆਨ ਦੇਣ ਵਾਲਾ ਪੱਖ ਇਹ ਵੀ ਹੈ ਕਿ ਗਣ ਅਧੀਨ ਪੈਂਦੇ ਇਲਾਕੇ ਤਬਦੀਲ ਵੀ ਹੁੰਦੇ ਹਨ, ਇਹ ਵੰਡ ਸਦੀਵੀ ਜਾਂ ਸਥਾਈ ਕਦੇ ਵੀ ਨਹੀਂ ਰਹੀ।

ਪੰਜਾਬ ਦੇ ਕੁਝ ਗਣ	ਵਰਤਮਾਨ ਸਮੇ ਖੇਤਰ
ਯੌਧੇ	ਪੰਜਾਬ ਦਾ ਮਾਲਵਾ, ਹਰਿਆਣਾ, ਰਾਜਸਥਾਨ ਦਾ ਉਤਰੀ ਹਿੱਸਾ, ਸਹਾਰਨਪੁਰ (ਯੂਪੀ)
ਤ੍ਰਿਕਟੇ	ਜਲੰਧਰ, ਸ਼ਿਵਾਲਿਕ ਖੇਤਰ
ਵਰਿਸ਼ਣੀ	ਲੁਧਿਆਣਾ, ਸੁਨੇਤਰਾ
ਰਾਜਨ	ਨਵਾਂ ਸ਼ਹਿਰ, ਹੁਸ਼ਿਆਰਪੁਰ
ਕੁਨਿੰਦ	ਪੰਜਾਬ ਤੋਂ ਉਤਰਾਖੰਡ ਵਿਚਾਲੈ ਪੈਂਦਾ ਇਲਾਕਾ
ਨਾਗ ਜਾਂ ਤੱਖ (ਟੱਕ)	ਤਖਸ਼ਿਲਾ (ਤਕਸੀਲਾ) ਤੋਂ ਬਿਆਨ ਦਰਿਆ ਤੱਕ
ਅਗਰ	ਹਰਿਆਣਾ
ਸਾਂਗਲਾਂ ਦੀਪ	ਸਤਲੁਜ ਪਾਰ
ਮੱਲ੍ਹਣ/ਮੱਲੀ ਮਾਲਵਾ	ਰਾਵੀ ਨਦੀ ਦੇ ਕੰਢੇ (ਸਿਕੰਦਰ ਨਾਲ ਮੁਕਾਬਲਾ)

ਛੇਵੀਂ ਤੋਂ 8 ਵੀਂ ਸਦੀ ਤਕ ਪੰਜਾਬ ਉਪਰ ਹਰਸ਼ ਵਰਧਨ, ਧੱਕ, ਹੁਵਾ, ਸ਼ੱਕ ਤੇ ਉਦੀਸ਼ਾਹੀ ਵੰਸ਼ਾਂ ਦਾ ਰਾਜ ਰਿਹਾ। 9 ਵੀਂ ਸਦੀ ਵਿੱਚ ਪੰਜਾਬ ਦੇ ਮੁਲਤਾਨ ਖੇਤਰ ਦੇ ਕੁਝ ਹਿੱਸੇ ਉਤੇ ਉਮਾਇਦ ਖਲੀਫਾ ਦੇ ਕਬਜ਼ੇ ਨਾਲ ਇਸਲਾਮ ਦਾ ਉਭਾਰ ਸ਼ੁਰੂ ਹੋਇਆ। 11 ਵੀਂ ਸਦੀ ਵਿੱਚ ਮਹਿਮੂਦ ਗਜ਼ਨਵੀਂ ਨੇ ਪੰਜਾਬ ਉਤੇ ਗਜ਼ਨਵੀ ਸਾਮਰਾਜ ਸਥਾਪਤ ਕੀਤਾ ਜਿਸ ਨਾਲ ਪੰਜਾਬ ਦੀ ਰਾਜਨੀਤੀ ਇਸਲਾਮ ਅਤੇ ਅਰਬ ਦੇ ਤੌਰ-ਤਰੀਕੇ ਅਤੇ ਸੰਸਥਾਵਾਂ ਦੇ ਅਧੀਨ ਗਈ ਸਾਰੀਆਂ ਰਾਜਨੀਤਕ ਪਰੰਪਰਾਵਾਂ ਅਰਬ ਅਤੇ ਅਫਗਾਨ ਖਿੱਤੇ ਤੋਂ ਪ੍ਰਭਾਵਿਤ ਸਨ ਜਿੱਥੇ ਰਾਜੇ ਦੀ ਉਪਾਧੀ ਸਭ ਤੋਂ ਉਪਰ ਹੁੰਦੀ ਹੈ ਅਤੇ ਸਮੁੱਚਾ ਸ਼ਾਸਨ ਪ੍ਰਬੰਧ ਬਾਦਸ਼ਾਹ ਦੀ ਮਨਮਰਜ਼ੀ ਅਨੁਸਾਰ ਚਲਦਾ ਸੀ। ਘੋੜਸਵਾਰੀ, ਛੋਟਾ ਤੀਰ ਕਮਾਨ ਅਤੇ ਤਲਵਾਰਬਾਜ਼ੀ ਵਿੱਚ ਮੁਹਾਰਤ ਨੇ ਇਹਨਾਂ ਲੋਕਾਂ ਨੂੰ ਦੂਸਰੇ ਖਿੱਤਿਆਂ ਉਪਰ ਕਾਬਜ਼ ਹੋਣ ਲਈ ਮਦਦ ਕੀਤੀ ਇਸੇ ਤਰ੍ਹਾਂ ਦਿੱਲੀ ਸਲਤਨਤ ਦਾ ਵਿਸਤਾਰ ਅਤੇ ਤੁਰਕੀ ਦੀਆਂ ਰਵਾਇਤਾਂ 'ਤੇ ਅਧਾਰਿਤ, 1526 ਈ. ਵਿੱਚ ਮੁਗਲ ਸਾਮਰਾਜ ਦਾ ਪੰਜਾਬ ਉਪਰ ਕਬਜ਼ਾ ਹੋਇਆ। ਬਾਬਰ ਨੇ ਪੰਜਾਬ ਉਪਰ ਹਮਲੇ ਕਰਕੇ ਪੰਜਾਬ ਦੇ ਸੱਭਿਆਚਾਰ, ਭਵਨ ਨਿਰਮਾਣ, ਸਮਾਜਿਕ ਆਰਥਿਕ ਤੌਰ 'ਤੇ ਵੱਡਾ ਬਦਲਾਅ ਆਇਆ ਦੂਸਰੇ ਪਾਸੇ ਪੰਜਾਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਵੱਖਰੇ ਵਿਚਾਰ ਤੇ ਅਧਿਆਤਮ ਨਾਲ ਨਵੀਂ ਕ੍ਰਾਂਤੀ ਦੀ ਨੀਂਹ ਰੱਖੀ ਜਿਸ ਵਿਚ ਉਸ ਸਮੇਂ ਦੀ ਧੱਕੇਸ਼ਾਹੀ, ਗੁਲਾਮੀ, ਸਮਾਜਿਕ ਵਖਰੇਵੇਂ, ਧਾਰਮਿਕ ਅਡੰਬਰਾਂ ਤੋਂ ਉਪਰ ਉੱਠ ਕੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਮਨੁੱਖਤਾ ਲਈ ਅਜਿਹਾ ਹੋਕਾ ਦਿੱਤਾ ਜਿਸ ਨਾਲ ਪੰਜਾਬ ਦੇ ਲੋਕਾਂ ਲਈ ਅਧਿਆਤਮਕ, ਸਮਾਜਿਕ ਪੱਖ ਦੇ ਨਾਲ ਨਾਲ ਰਾਜਨੀਤਕ ਅਜ਼ਾਦੀ ਲਈ ਉਮੀਦ ਦੀ ਕਿਰਨ ਨਜ਼ਰ ਆਈ। ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਅਤੇ ਸਮਾਜਿਕ ਏਕਤਾ ਦੇ ਨਾਲ ਨਾਲ ਸੰਗਠਨ ਦੀ ਭੂਮਿਕਾ ਨੂੰ ਉਭਾਰਿਆ ਤਾਂ ਜੋ ਵੱਖ-ਵੱਖ ਸੰਸਥਾਵਾਂ ਦੇ ਅਧਾਰ 'ਤੇ ਲੋਕਾਂ ਨੂੰ ਮਾਨਵਤਾ ਦੇ ਭਲੇ ਦੇ ਲਈ ਲਾਮਬੰਦ ਕੀਤਾ ਜਾ ਸਕੇ।

ਧਾਰਮਿਕ ਅੰਧਵਿਸ਼ਵਾਸ, ਜਾਤ-ਪਾਤ, ਅਮੀਰ ਭਾਗੋਆਂ ਦਾ ਗਰੀਬ ਲਾਲੋਆਂ ਨੂੰ ਲੁੱਟਣ ਅਤੇ ਜ਼ੁਲਮ ਕਰਨ ਵਾਲੀ ਰਾਜ ਕਰਦੀ ਧਿਰ ਦੇ ਖਿਲਾਫ ਗੁਰੂ ਜੀ ਨੇ ਇੱਕ ਨਵੀਂ ਸਮਾਜਿਕ ਕ੍ਰਾਂਤੀ ਦੀ ਪਹਿਲੀ ਕੀਤੀ ਜਿਸ ਵਿੱਚ ਮਾਨਵਤਾ ਨੂੰ ਬਾਰਬਰੀ, ਸਰਬੱਤ ਦਾ ਭਲਾ, ਵੰਡ ਛਕਣ ਦਾ ਵਿਚਾਰ ਦੁਨੀਆਂ ਸਾਹਮਣੇ ਰੱਖਿਆ ਅਤੇ ਉਸ ਉਪਰ ਪਹਿਰਾ ਵੀ ਦਿੱਤਾ। ਇਸ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਲੋਕਾਂ ਵਿਚ ਸਵੈਮਾਣ ਪੈਦਾ ਕਰਨ ਲਈ ਆਪਣੀ ਭਾਸ਼ਾ ਅਤੇ ਲਿੱਪੀ ਦੇ ਸੁੱਧ ਰੂਪ ਦੀ ਵਰਤੋਂ ਉਪਰ ਜ਼ੋਰ ਦਿੱਤਾ ਅਤੇ ਅਹਿਸਾਸ ਪੈਦਾ ਕੀਤਾ ਕਿ ਬੋਲੀ ਵਿੱਚ ਸੰਗਠਨ ਏਕਤਾ ਦੀ ਵੱਡੀ ਤਾਕਤ ਹੈ। ਪੰਜਾਬ ਦੇ ਲੋਕਾਂ ਨੂੰ ਪ੍ਰਬੰਧਕੀ ਕੰਮਾਂ ਵਿੱਚ ਨਿਪੁੰਨ ਕਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਭਾਵ ਪ੍ਰਚਾਰ ਦੇ ਨਾਲ ਨਾਲ ਆਪਣੀ ਸੀਮਤ ਸ਼ਾਸਨ ਪ੍ਰਬੰਧ ਚਲਾਉਣ ਦੀ ਮੁਹਿੰਮ ਸ਼ੁਰੂ ਕੀਤੀ। ਸ਼੍ਰੀ ਗੁਰੂ ਰਾਮਦਾਸ ਜੀ ਨੇ ਵਰਤਮਾਨ ਸਮੇਂ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਨੀਂਹ ਰੱਖੀ ਅਤੇ ਸਿੱਖਾਂ ਲਈ ਧਾਰਮਿਕ ਕੇਂਦਰ ਉਸਾਰਨ ਦੇ ਨਾਲ ਨਾਲ ਸਿਲਕ ਰੂਟ (Silk Route) ਨਾਲ ਇਸਨੂੰ ਜੋੜਨ ਲਈ ਵੱਖ-ਵੱਖ ਕਿੱਤਿਆਂ ਅਤੇ ਵਾਪਰੀਆਂ ਨੂੰ ਵਸਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ, ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਬਿਨਾਂ ਕਿਸੇ ਭੇਦਭਾਵ ਦੇ ਆਦਿ ਗ੍ਰੰਥ ਵਿੱਚ ਇੱਕਤਰ ਕੀਤਾ ਅਤੇ ਆਪਣੇ ਸਿਧਾਂਤਾਂ 'ਤੇ ਅਡਿੱਗ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਇਸ ਘਟਨਾ ਨੇ ਪੰਜਾਬ ਵਿੱਚ



ਛੇਵੇਂ ਗੁਰੂ ਪਾਤਸ਼ਾਹ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਅਜੋਕਾ ਰੂਪ

ਸੰਘਰਸ਼ਸ਼ੀਲ ਲੋਕਾਂ ਦੀ ਰਾਜਨੀਤਕ ਚੇਤਨਾ ਦਾ ਸਾਕਾਰ ਰੂਪ ਦਾ ਮੁੱਢ ਬੰਨ੍ਹ ਦਿੱਤਾ। ਛੇਵੇਂ ਗੁਰੂ ਸ੍ਰੀ ਹਰਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਦੁਨਿਆਵੀਂ ਮਸਲਿਆਂ ਨਾਲ ਅਕਾਲ ਪੁਰਖ ਦੀ ਰਜ਼ਾ ਅਤੇ ਹੁਕਮ ਵਿੱਚ ਨਿਪਟਣ ਲਈ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਅਤੇ ਬਕਾਇਦਾ, ਤਖਤ, ਕਚਹਿਰੀ, ਕਿਰਪਾਨ ਤੇ ਸੈਨਾ ਲੈ ਕੇ ਪਾਤਸ਼ਾਹ ਦਾ ਰੂਪ ਧਾਰਨ ਕਰਦਿਆਂ ਅਧਿਆਤਮਕ, ਬਰਬਾਰੀ ਅਧਾਰਿਤ, ਸਰਬੱਤ ਦੇ ਭਲੇ ਅਤੇ ਸਵੈ ਪ੍ਰਬੰਧ ਵਾਲੇ ਰਾਜ ਦੀ ਨੀਂਹ ਰੱਖੀ। ਇਸਦੇ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਕਸ਼ਮੀਰੀ ਪੰਡਤਾਂ ਅਤੇ ਮੁਗਲਾਂ ਤੋਂ ਦੁਖੀ ਲੋਕਾਂ ਦੀ ਅਰਜ਼ ’ਤੇ ਮੁਗਲ ਸੱਤ੍ਹਾ ਨੂੰ ਵੰਗਾਰਿਆ। ਗੁਰੂ ਜੀ ਦੇ ਸਿਧਾਤਾਂ ਅਤੇ ਅਮਲ ਵਿੱਚ ਕੋਈ ਫਰਕ ਨਹੀ ਸੀ। ਅਧਿਆਤਮਕ ਅਤੇ ਦੁਨਿਆਵੀ ਪ੍ਰਬੰਧ ਲਈ ਬਣਾਏ ਸਿਧਾਂਤਾਂ ਦੇ ਲਈ ਉਹਨਾਂ ਸ਼ਹੀਦੀ ਤੱਕ ਪ੍ਰਾਪਤ ਕਰਨ ਨੂੰ ਛੋਟੀ ਕੀਮਤ ਸਿੱਧ ਕਰ ਦਿੱਤਾ। ਮੁਗਲ ਸਲਤਨਤ ਭਾਰਤੀ ਉਪਮਹਾਂਦੀਪ ਦੇ ਉਤਰ ਅਤੇ ਪੂਰਬੀ ਖੇਤਰ ਵਿੱਚ ਗੁਰੂ ਜੀ ਦੀ ਪ੍ਰਸਿੱਧੀ ਕਾਰਨ ਡਰ ਗਏ ਸਨ ਤੇ ਉਸ ਸਮੇਂ ਦੇ ਪੁਜਾਰੀ, ਅਧਿਕਾਰੀ, ਮਾੜਾ ਸਮਾਜਿਕ ਪ੍ਰਬੰਧ ਅਤੇ ਧੱਕੇਸ਼ਾਹੀ ਵਾਲੇ ਕਾਨੂੰਨ ਗੁਰੂਆਂ ਵੱਲੋਂ ਸਿੱਖਾਂ ਲਈ ਕਾਇਮ ਕੀਤੀਆਂ ਕਦਰਾਂ-ਕੀਮਤਾਂ ਖਿਲਾਫ ਫਜ਼ੂਲ ਦੋਸ਼ਾਂ ਵਾਲਾ ਮਹੌਲ ਬਣਾਉਂਦੇ ਰਹੇ। ਸੰਨ 1699 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਦਾ ਸੰਤ-ਸਿਪਾਹੀ ਵਾਲਾ ਰੁਤਬਾ ਕਾਇਮ ਕਰ ਦਿੱਤਾ ਜਿਸ ਵਿੱਚ ਬਿਨਾਂ ਕਿਸੇ ਜਾਤੀ, ਰੰਗ, ਧਰਮ, ਭਾਸ਼ਾ ਦੇ ਭੇਦਭਾਵ ਤੋਂ ਹਰ ਇੱਕ ਲਈ ਖਾਲਸਾ ਸਜਣ ਦਾ ਮੌਕੇ ਦੇ ਨਾਲ-ਨਾਲ ਆਰਥਿਕ, ਰਾਜਨੀਤਕ ਤੇ ਸਮਾਜਿਕ ਬਰਾਬਰੀ ਦਾ ਅਧਿਕਾਰ ਵੀ ਦਿੱਤਾ। ਦੁਨਿਆਵੀ ਸੱਤ੍ਹਾ ਦੇ ਲਈ ਸਰਬੱਤ ਦੇ ਭਲੇ, ਵੰਡ ਛਕਣ ਦੇ ਨਾਲ ਨਾਲ ‘‘ਪੰਚ ਪ੍ਰਧਾਨੀ’’ ਦੇ ਅਧਾਰ ’ਤੇ ਪੰਜ ਪਿਆਰਿਆ ਨੂੰ ਅੰਮ੍ਰਿਤ ਛਕਾਇਆ ਅਤੇ ਉਹਨਾਂ ਕੋਲੋ ਖੁਦ ਵੀ ਛਕਿਆ। ਪੰਜਾਬ ਖਿੱਤੇ ਵਿੱਚ ਦੱਬੇ ਕੁੱਚਲੇ ਲੋਕਾਂ ਇਸ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਸਿੱਖ ਗੁਰੂਆਂ ਨੇ ਮਨੁੱਖ ਦਾ ਸੰਤ-ਸਿਪਾਹੀ ਵਾਲਾ ਕਿਰਦਾਰ ਉੱਚੇ ਸੁੱਚੇ ਮਨੋਰਥਾਂ ਅਤੇ ਨੈਤਿਕ ਸਿਧਾਤਾਂ ਦਾ ਅਧਾਰ ’ਤੇ ਘੜਿਆ ਤੇ ਇਹ ਕਿਰਦਾਰ ਰਾਜਨੀਤਕ ਮਾਮਲਿਆਂ ਵਿੱਚ ਵੀ ਖਰ੍ਹਾ ਉਤਰਦਾ ਸੀ। ਪੰਜਾਬ ਦੀ ‘‘ਨਾਬਰੀ’’ ਵਿਰਾਸਤ ਨੇ ਇਥੇ ਕਾਬਜ ਹਰ ਜ਼ੁਲਮੀ ਸੱਤ੍ਹਾ ਖਿਲਾਫ ਬਗਾਵਤ ਕੀਤੀ ਅਤੇ ਹਲੀਮੀ ਦੇ ਰਾਜ ਦਾ ਸਾਥ ਦਿੱਤਾ। ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਉੱਤੇ ਭਾਵੇਂ ਮੁਗਲਾਂ ਤੇ ਅਫਗਾਨਾਂ ਦਾ ਰਾਜ ਸੀ ਪ੍ਰੰਤੂ ਪੰਜਾਬੀਆਂ ਦੇ ਉੱਦਮ ਨੇ ਰਾਜਨੀਤੀ ਨੂੰ ਨੈਤਿਕ ਕਿਰਦਾਰ ਬਖਸ਼ਿਆ। ਇਸੇ ਕਿਰਦਾਰ ਦੇ ਅਧਾਰ ਤੇ ਬੰਦਾ ਸਿੰਘ ਬਹਾਦਰ ਦੇ ਹਮਲੇ ਸਮੇਂ ਪੰਜਾਬ ਦੇ ਲੋਕਾਂ ਨੇ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ ਜਿਸਨੇ ਮੁਗਲ ਸਾਮਰਾਜ ਨੂੰ ਖੋਰਨਾ ਸੁਰੂ ਕਰ ਦਿੱਤਾ ਅਤੇ ਆਪਣੇ ਜਿੱਤੇ ਹੋਏ ਇਲਾਕਿਆਂ ਵਿੱਚ ਰਾਜਨੀਤਕ ਸੱਤ੍ਹਾ ਲਈ ਸੂਬੇਦਾਰਾਂ ਦੇ ਨਾਲ ਨਾਲ ਫੈਸਲਾ ਲੈਣ ਲਈ ਬਿਨਾਂ ਕਿਸੇ ਭੇਦਭਾਵ ਦੇ ਖਾਲਸਾ ਪੰਚਾਇਤਾਂ ਸਥਾਪਤ ਕੀਤੀਆਂ। ਜੋ ਸਵੈ ਸ਼ਾਸਨ ਤੇ ਸਥਾਨਕ ਲੋਕਤੰਤਰੀ ਸੱਤਾ ਦਾ ਪ੍ਰਤੀਕ ਸਨ। ਆਰਥਿਕ ਪ੍ਰਬੰਧਾਂ ਵਿੱਚ ਵੱਡੇ ਜਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਮੁਜ਼ਾਰਿਆਂ (ਬੇਜ਼ਮੀਨੇ ਕਿਸਾਨ) ਤੇ ਮਜ਼ੂਦਰਾਂ ਵਿੱਚ ਵੰਡੀਆਂ ਤਾਂ ਜੋ ਜ਼ਮੀਨ ’ਤੇ ਕਿਰਤ ਕਰਨ ਵਾਲਾ ਮਾਲਕ ਬਣ ਸਕੇ। ਮੁਗਲਾਂ ਅਤੇ ਅਫਗਾਨਾਂ ਦੇ ਆਪਸੀ ਭੇੜ ਵਿੱਚ ਸਿੱਖਾਂ ਦਾ ਉਭਾਰ ਹੋ ਰਿਹਾ ਸੀ ਅਤੇ ਸਿੱਖ ਸਿਆਤ ਪੰਜਾਬ ਦੀ ਰਾਜਨੀਤੀ ਦਾ ਕੇਦਰ ਬਿੰਦੂ ਬਣ ਗਈ ਸੀ। ਮੁਗਲਾਂ ਦੁਆਰਾ ਬੰਦਾ ਸਿੰਘ



ਮੁਗ਼ਲ ਹਕੂਮਤ ਨਾਲ ਸਮੇਂ-ਸਮੇਂ ਲੋਹਾਂ ਲੈਣ ਵਾਲੇ ਕੁਝ ਸਿੱਖ ਯੋਧੇ

ਬਹਾਦਰ ਅਤੇ ਸਿੱਖਾਂ ਨੂੰ 1715 ਈ. ਵਿੱਚ ਸ਼ਹੀਦ ਕਰ ਦੇਣ ਤੱਕ ਸਿੱਖਾਂ ਵਿੱਚ ਧਾਰਮਿਕ, ਸਮਾਜਿਕ ਚੇਤਨਤਾ ਦੇ ਨਾਲ-ਨਾਲ ਰਾਜਨੀਤਕ ਚੇਤਨਤਾ ਪੈਦਾ ਹੋ ਚੁੱਕੀ ਸੀ ਜਿਸਨੇ ਪੰਜਾਬੀਆਂ ਵਿੱਚ ਹਲੀਮੀ, ਸਾਂਝ ਅਤੇ ਧਰਮ ਤੇ ਨੈਤਿਕਤਾ ਵਾਲੀ ਸਿਆਸਤ ਨਾਲ ਬੰਦਾ ਸਿੰਘ ਬਹਾਦਰ ਦਾ ਸੰਘਰਸ਼ ਲੋਕ ਲਹਿਰ ਬਣ ਗਿਆ।

ਮਿਸਲਾਂ ਅਧੀਨ ਸ਼ਾਸਨ ਪ੍ਰਬੰਧ ਅਤੇ ਰਾਜਨੀਤਕ ਸੰਸਥਾਵਾਂ

ਮੁਗਲਾਂ ਅਤੇ ਅਫਗਾਨਾਂ ਦੇ ਆਪਸੀ ਰੌਲ਼ੇ ਅਤੇ ਗੁਰੂ ਸਾਹਿਬਾਨ ਦੁਆਰਾ ਬਖਸ਼ੇ ਜਜ਼ਬੇ ਤੇ ਜੁਅਰਤ ਦੇ ਦਮ 'ਤੇ ਸਿੱਖਾਂ ਨੇ ਪੰਜਾਬ ਉਪਰ ਕਬਜ਼ਾ ਕਰਕੇ ਇਸਨੂੰ 12 ਮਿਸਲਾਂ ਵਿੱਚ ਵੰਡ ਲਿਆ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਨੂੰ ਸਿੱਖ ਗਤੀਵਿਧੀਆਂ ਦਾ ਕੇਦਰ ਬਣਾ ਲਿਆ। ਇਹਨਾ ਬਾਰਾਂ ਮਿਸਲਾਂ (Sikh Confderacy) ਦਾ ਸ਼ਾਸਨ ਪ੍ਰਬੰਧ ਸੰਘਾਤਮਕ ਅਤੇ ਸੁਤੰਤਰ ਸਵੈ ਸ਼ਾਸਨ 'ਤੇ ਅਧਾਰਤ ਸੀ ਸਾਰੀਆਂ ਮਿਸਲਾਂ ਦੀ ਹੈਸੀਅਤ ਜੱਥੇਦਾਰ ਸਾਹਮਣੇ ਬਰਾਬਰ ਸੀ। ਵਿਸਾਖੀ ਅਤੇ ਦੀਵਾਲੀ ਆਦਿ ਮੌਕਿਆਂ 'ਤੇ ਸਾਰੀਆਂ ਮਿਸਲਾਂ ਆਪਣੇ ਮਸਲੇ ਜੱਥੇਦਾਰ ਅੱਗੇ ਪੇਸ਼ ਕਰਦੀਆਂ ਸਨ ਕਿਸੇ ਵੀ ਮਸਲੇ ਦੇ ਹੱਲ ਲਈ ਸਰਬੱਤ ਖਾਲਸਾ ਬੁਲਾਇਆ ਜਾਂਦਾ ਸੀ ਜਿਸਨੂੰ ਅੱਜ ਦੇ ਸਮੇਂ ਵਿੱਚ ਅਸੀਂ ਵਿਧਾਨ ਮੰਡਲ ਦੇ ਸਮਾਨ ਮੰਨ ਸਕਦੇ ਹਾਂ। ਗੁਰੂ ਮਰਿਆਦਾ ਅਤੇ ਸਿਧਾਤਾਂ ਅਨੁਸਾਰ ਗੁਰਮਤਾ ਪਾਸ ਕਰਕੇ ਸਭ ਲਈ ਲਾਗੂ ਕਰ ਦਿੱਤਾ ਜਾਂਦਾ ਸੀ। ਇਹਨਾਂ ਸੰਸਥਾਵਾਂ ਵਿੱਚ ਬਿਨਾਂ ਕਿਸੇ ਭੇਦ ਭਾਵ ਅਤੇ ਰੋਕ ਦੇ ਹਰ ਇਕ ਇਨਸਾਨ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਸੀ। ਜੰਗੀਰਦਾਰੀ ਅਤੇ ਹੁਕਮਰਾਨੀ ਆਦਤਾਂ ਉਭਰਨ ਕਾਰਨ ਮਿਸਲਾਂ ਵਿੱਚ ਆਪਸੀ ਭੇੜ ਸ਼ੁਰੂ ਹੋਇਆ ਜਿਸ ਵਿੱਚ ਸ਼ੁਕਰਚੱਕੀਆ ਮਿਸਲ ਦੇ ਰਣਜੀਤ ਸਿੰਘ ਨੇ ਆਪਣੀ ਜੁਅਰਤ ਅਤੇ ਪੰਥ ਦੀ ਸਹਿਮਤੀ ਨਾਲ ਖਾਲਸਾ ਰਾਜ ਦੀ ਨੀਂਹ ਰੱਖੀ ਜਿਸ ਵਿੱਚ ਕਸ਼ਮੀਰ ਤੋਂ ਲੈ ਕੇ ਸਤਲੁਜ ਦਰਿਆ ਅਤੇ ਤਿੱਬਤ ਤੋਂ ਲੈ ਕੇ ਅਫਗਾਨਿਸਤਾਨ ਤੱਕ ਦਾ ਖੇਤਰ ਸ਼ਾਮਲ ਸੀ। ਸਤਲੁਜ ਦਰਿਆ ਤੋਂ ਯਮੁਨਾ ਦਰਿਆ ਤੱਕ ਦੇ ਖੇਤਰ ਤੱਕ ਕਈ ਛੋਟੀਆਂ ਛੋਟੀਆਂ ਰਿਆਸਤਾਂ ਕਾਇਮ ਹੋ ਗਈਆਂ। ਉਨੀਵੀਂ ਸਦੀ ਅਰੰਭ ਹੁੰਦਿਆਂ-ਹੁੰਦਿਆਂ ਪੰਜਾਬ ਤੋਂ ਇਲਾਵਾ ਲਗਪਗ ਬਾਕੀ ਸਾਰੇ ਉਪ ਮਹਾਦੀਪ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਚੁੱਕਾ ਸੀ ਤੇ ਪੰਜਾਬ ਦੀਆਂ ਛੋਟੀਆਂ ਰਿਆਸਤਾਂ ਨੇ ਵੀ ਅੰਗਰੇਜ਼ਾਂ ਦੀ ਅਧੀਨਗੀ ਸਵੀਕਾਰ ਕਰ ਲਈ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਪ੍ਰਬੰਧ

ਸਿੱਖ ਸਾਮਰਾਜ ਦੀ ਸਥਾਪਤੀ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਨੇ ਸਾਮਰਾਜ ਲਈ ਸੰਘਾਤਮਕ ਢਾਂਚਾ ਉਸਾਰਿਆ ਅਤੇ ਲਾਹੌਰ, ਮੁਲਤਾਨ, ਕਸ਼ਮੀਰ ਅਤੇ ਪੇਸ਼ਵਾਰ ਸੂਬਿਆਂ ਵਿੱਚ ਵੰਡ ਕੇ ਸੂਬੇਦਾਰ ਨਿਜ਼ਾਮ (ਗਵਰਨਰ) ਨਿਯੁਕਤ ਕੀਤੇ ਗਏ ਅਤੇ ਸੂਬਿਆਂ ਨੂੰ ਆਪਣੀ ਪੱਧਰ 'ਤੇ ਫੈਸਲਾ ਲੈਣ ਅਤੇ ਸ਼ਾਸਨ ਪ੍ਰਬੰਧ ਦੇ ਅਧਿਕਾਰ ਦਿੱਤੇ ਗਏ। ਨਿਜ਼ਾਮ ਦੀ ਸਹਾਇਤਾ ਲਈ ਜ਼ਿਲੇਦਾਰ (ਮੌਜੂਦਾ ਕਮਿਸ਼ਨਰ ਦੇ ਸਮਾਨ) ਨਿਯੁਕਤ ਕੀਤੇ ਗਏ ਸਨ। ਭਾਵੇਂ ਰਣਜੀਤ ਸਿੰਘ ਦੇ ਸ਼ਾਸਨ ਪ੍ਰਬੰਧ ਦੇ ਨਿਯਮ ਰਵਾਇਤੀ ਸਨ ਅਤੇ ਮਿਸਲਾਂ ਦੇ ਖੇਤਰ ਉਪਰ ਕਬਜ਼ਾ ਕਰਕੇ ਵਾਰਸਾਂ ਨੂੰ ਜਗੀਰਾਂ ਵੰਡੀਆਂ ਗਈਆਂ ਸਨ ਜਿਸ ਕਾਰਨ ਬੰਦਾ ਸਿੰਘ ਬਹਾਦਰ ਵੱਲੋਂ ਖ਼ਤਮ ਕਰ ਦਿੱਤੀ ਗਈ ਜਗੀਰਦਾਰੀ ਦਾ ਦੁਬਾਰਾ ਉਭਾਰ ਹੋਇਆ ਸੀ ਪ੍ਰੰਤੂ ਇਸ ਰਾਜ ਪ੍ਰਬੰਧ ਵਿੱਚ ਹਲੀਮੀ, ਇਨਸਾਫ, ਦਇਆ ਤੇ ਹਰ ਇਨਸਾਨ ਲਈ ਸਨਮਾਨ ਪ੍ਰਾਪਤ ਸੀ। ਮੌਤ ਦੀ ਸਜ਼ਾ ਦੀ ਮਨਾਹੀ ਸੀ। ਸਰਵ ਧਰਮ ਤੇ ਨੈਤਿਕ ਮੁੱਲਾਂ ਦੇ ਅਧਾਰ 'ਤੇ ਨਿਆ ਪ੍ਰਨਾਲ਼ੀ ਕਾਇਮ ਕੀਤੀ ਗਈ ਜਿਸ ਵਿੱਚ ਹਰ ਧਰਮ, ਫਿਰਕੇ, ਦੇ ਲੋਕਾਂ ਦੀ ਸਮੂਲੀਅਤ ਸੀ। ਫਰੀਕ ਅਜੀਜ਼ਉਦ ਦੀਨ (ਵਿਦੇਸ਼ ਮੰਤਰੀ), ਦੀਨਾ ਨਾਥ (ਵਿੱਤ ਮੰਤਰੀ), ਧਿਆਨ ਸਿੰਘ ਡੋਗਰਾ (ਪ੍ਰਧਾਨ ਮੰਤਰੀ) ਆਦਿ ਤੋਂ ਅਸੀ ਸਮਝ ਸਕਦੇ ਹਾਂ ਇਹ ਸਲਤਨਤ ਪੰਜਾਬੀਆਂ ਦੀ ਸਾਂਝੀ ਸਲਤਨਤ ਸੀ ਸਿੱਖ, ਮੁਸਲਿਮ, ਹਿੰਦੂ ਆਦਿ ਹਰ ਧਰਮ ਦੀਆਂ ਸੰਸਥਾਵਾਂ ਲਈ ਦਾਨ-ਪੁੰਨ ਅਤੇ ਅਜ਼ਾਦ ਵਿਚਰਨ ਦਾ ਮਹੌਲ ਸੀ।

ਸੰਨ 1809 ਈ. ਵਿੱਚ ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਵਿਚਾਲ਼ੇ ਸੰਧੀ ਅਤੇ 1838 ਈ. ਦੀ ਅੰਗਰੇਜ਼, ਅਫ਼ਗਾਨ ਤੇ ਪੰਜਾਬ ਸੰਧੀਆਂ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦੀ ਤਾਕਤ ਕਾਰਨ ਹੋਈਆਂ ਜਿਸ ਨਾਲ ਅੰਗਰੇਜ਼ਾਂ ਨੇ ਰਣਜੀਤ ਸਿੰਘ ਦੇ ਰਾਜ ਦਾ ਵਿਸਥਾਰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਸਮੁੱਚੇ ਬ੍ਰਿਟਿਸ਼ ਸਾਮਰਾਜ ਤੇ ਦੇਸੀ ਰਿਆਸਤਾਂ ਨੇ ਮਿਲ ਕੇ ਸਿੱਖ ਸਾਮਰਾਜ ਨੂੰ ਖਤਮ ਕਰਨ ਦੀਆਂ ਮੁਹਿੰਮਾਂ ਸ਼ੁਰੂ ਕੀਤੀਆਂ। 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਦੇ ਅਧਿਕਾਰੀ ਤੇ ਮੰਤਰੀ ਅੰਗਰੇਜ਼ਾਂ ਨੇ ਆਪਣੇ ਨਾਲ ਮਿਲਾ ਲਏ ਸਨ ਜਿਨ੍ਹਾਂ ਨੇ ਪੰਜਾਬ ਨਾਲ ਗਦਾਰੀ ਕਰਕੇ ਲਾਹੌਰ ਦਰਬਾਰ ਦਾ ਸੂਰਜ ਡੁਬੋ ਦਿੱਤਾ ਸੀ। ਰਣਜੀਤ ਸਿੰਘ ਦੇ ਪਰਿਵਾਰ ਅਤੇ ਗੱਦੀ ਦੇ ਵਾਰਸਾਂ ਦਾ ਅੰਗਰੇਜ਼ਾਂ ਅਤੇ ਡੋਗਰਿਆਂ ਦੀ ਗਦਾਰੀ ਕਰਕੇ ਆਪਸੀ ਭੇੜ ਅਤੇ ਲਾਹੌਰ ਦਰਬਾਰ ਦੇ ਗਦਾਰਾਂ ਨੇ ਸਮੁੱਚੇ ਰਾਜ ਵਿੱਚ ਅਰਾਜਕਤਾ ਫੈਲ ਗਈ। ਅੰਗਰੇਜ਼ਾਂ ਦੀ ਦਖਲਅੰਦਾਜ਼ੀ ਅਤੇ ਚਾਲਾਂ ਦੇ ਇਸ ਦੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਪੁੱਤਰ ਕੰਵਰ ਦਲੀਪ ਸਿੰਘ 5 ਸਾਲ ਦੀ ਉਮਰ ਵਿੱਚ ਮਹਾਰਾਜਾ ਅਤੇ ਧਿਆਨ ਸਿੰਘ ਡੋਗਰਾ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਸੰਨ 1846 ਤੱਕ ਮਹਾਰਾਜਾ ਦਲੀਪ ਸਿੰਘ ਦਾ ਸੁਤੰਤਰ ਰਾਜ ਰਿਹਾ। ਅੰਗਰੇਜ਼ਾਂ ਨੇ ਆਪਣੀਆਂ ਚਾਲਾਂ ਅਤੇ ਦਰਬਾਰ ਦੇ ਗਦਾਰਾਂ ਦੀ ਸਹਾਇਤਾ ਨਾਲ ਲਾਹੌਰ ਦਰਬਾਰ 'ਤੇ ਸੰਧੀ ਤੋੜਨ ਦੇ ਦੋਸ਼ ਲਾਏ ਜਿਸ ਕਾਰਨ ਅੰਗਰੇਜ਼ਾਂ ਅਤੇ ਸਿੱਖਾਂ ਵਿਚਾਲ਼ੇ ਦੋ ਯੁੱਧ ਹੋਏ।

ਪਹਿਲਾ ਐਂਗਲੋ ਸਿੱਖ ਯੁੱਧ (1845-46)

ਇਸ ਵਿੱਚ ਮੁੱਦਕੀ, ਫਿਰੋਜਸ਼ਾਹ, ਬੱਦੋਵਾਲ ਤੇ ਸਭਰਾਓ ਦੀਆਂ ਲੜਾਈਆਂ ਹੋਈਆਂ ਜਿਸ ਵਿੱਚ ਸਿੱਖ ਸੈਨਿਕਾਂ ਨੇ ਬਹਾਦਰੀ ਤੇ ਅਣਖ ਦੇ ਜੌਹਰ ਦਿਖਾਏ ਅਤੇ ਅੰਗਰੇਜ਼ ਹਾਰ ਦੇਖ ਕੇ ਘਬਰਾ ਗਏ ਪਰੰਤੂ ਲਹੌਰ ਦਰਬਾਰ ਦੇ ਮੰਤਰੀਆਂ ਤੇ ਅਧਿਕਾਰੀਆਂ ਦੀ ਗਦਾਰੀ ਨੇ ਜਿੱਤੀ ਹੋਈ ਲੜਾਈ ਹਰਵਾ ਦਿੱਤੀ।

> **ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆ ਨੇ,**
> **ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ**
> **—ਸ਼ਾਹ ਮੁਹੰਮਦ**

ਦੂਸਰਾ ਐਗਲੋਂ ਸਿੱਖ ਯੁੱਧ (1848-49) : ਅੰਗਰੇਜ਼ਾਂ ਅਤੇ ਸਿੱਖਾਂ ਵਿਚਾਲੇ ਦੂਸਰੀ ਜੰਗ ਹੋਈ ਬ੍ਰਿਟਿਸ਼ ਭਾਰਤ ਦਾ ਗਵਰਨਰ ਜਰਨਲ ਲਾਰਡ ਡਲਹੌਜ਼ੀ ਸੀ ਜੋ ਚੁਸਤ ਚਲਾਕ ਤੇ ਦਾਬੇ ਦੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਦਾ ਸੀ। ਰਾਜਨੀਤਕ ਉਥਲ ਪੁਥਲ ਅਤੇ ਪਹਿਲੀ ਜੰਗ ਕਾਰਨ ਸਿੱਖਾਂ ਦੀ ਹਾਲਤ ਕਮਜ਼ੋਰ ਹੋ ਗਈ ਸੀ। ਪਰੰਤੂ ਜਜ਼ਬੇ ਅਤੇ ਜੁਝਾਰੂ ਵਿਰਸੇ ਦੀ ਦਮ ਤੇ ਰਾਮ ਨਗਰ ਤੇ ਚਿਲਿਆਂਵਲੀ ਲੜਾਈ ਵਿੱਚ ਸਿੱਖ ਜੇਤੂ ਹੋਏ। ਮੁਲਤਾਨ ਤੇ ਗੁਜਰਾਤ ਦੀ ਲੜਾਈ ਵਿੱਚ ਸਿੱਖ ਭਾਰੂ ਰਹੇ ਪਰ ਗਦਾਰੀਆਂ ਦੇ ਦੌਰ ਕਰਕੇ 29 ਮਾਰਚ, 1849 ਨੂੰ ਦੇਸ ਪੰਜਾਬ ਨੂੰ ਬ੍ਰਿਟਿਸ਼ ਭਾਰਤ ਵਿੱਚ ਸ਼ਾਮਿਲ ਕਰ ਲਿਆ ਗਿਆ।

ਪਹਿਲੇ ਐਂਗਲੋ ਸਿੱਖ ਜੰਗ ਵਿੱਚ ਹਾਰ ਤੋਂ ਬਾਅਦ 9 ਮਾਰਚ 1846 ਨੂੰ ਲਹੌਰ ਸੰਧੀ ਹੋਈ ਜਿਸ ਵਿੱਚ ਦਲੀਪ ਸਿੰਘ ਮਹਾਰਾਜਾ ਬਣਾਇਆ ਗਿਆ ਅਤੇ ਜੰਮੂ ਕਸ਼ਮੀਰ ਨੂੰ ਪੰਜਾਬ ਨਾਲੋਂ ਵੱਖ ਕਰਕੇ ਅੰਗਰੇਜ਼ਾਂ ਦਾ ਸਾਥ ਦੇਣ ਬਦਲੇ ਗੁਲਾਬ ਸਿੰਘ ਨੂੰ ਇਕ ਕਰੋੜ ਰੁਪਏ ਦੇ ਨਜ਼ਰਾਨੇ ਬਦਲੇ ਦੇ ਦਿੱਤਾ ਗਿਆ। 16 ਦਸੰਬਰ 1846 ਨੂੰ ਭੈਰੋਵਾਲ ਦੀ ਸੰਧੀ ਅਨੁਸਾਰ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਲਾਹੌਰ ਦਰਬਾਰ ਵਿੱਚ ਬਰਤਾਨਵੀਂ ਫ਼ੌਜਾਂ ਤੈਨਾਤ ਕਰ ਦਿੱਤੀਆਂ ਅਤੇ ਸਰ ਹੈਨਰੀ ਲਾਰੈਂਸ ਨੂੰ ਦਰਬਾਰ ਵਿੱਚ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ।

ਬਰਤਾਨਵੀਂ ਹਕੂਮਤ ਅਤੇ ਪੰਜਾਬ ਦੀ ਰਾਜਨੀਤੀ

29 ਮਾਰਚ 1849 ਨੂੰ ਦੇਸ਼ ਪੰਜਾਬ ਨੂੰ ਬ੍ਰਿਟਿਸ਼ ਭਾਰਤ ਵਿੱਚ ਸ਼ਾਮਿਲ ਕਰਕੇ ਇੱਕ ਸੂਬਾ (Province) ਬਣਾ ਦਿੱਤਾ ਗਿਆ ਅਤੇ ਨਵਾਂ ਪ੍ਰਸ਼ਾਸਕੀ ਢਾਂਚਾ ਲਾਗੂ ਕਰ ਦਿੱਤਾ ਗਿਆ ਹਾਲਾਂਕਿ ਪੰਜਾਬ ਦੀ ਰਾਜਨੀਤੀ ਵਿੱਚ ਇਹ ਪਹਿਲੀ ਘਟਨਾ ਨਹੀ ਸੀ ਕਿਉਂਕਿ ਪੰਜਾਬ ਵਿੱਚ ਮੁੱਢ ਤੋਂ ਹੀ ਛੋਟੇ ਛੋਟੇ ਸਥਾਨਕ ਗਣਰਾਜਾਂ ਦੀ ਰਾਜਨੀਤੀ ਭਾਰੂ ਰਹੀ ਹੈ। ਵੱਖ-ਵੱਖ ਸਮੇਂ ਵੱਡੇ ਸਾਮਰਾਜਾਂ ਨੂੰ ਪੰਜਾਬ ਉਪਰ ਕਬਜ਼ਾ ਕਰਕੇ ਇਸਨੂੰ ਅਪਣਾ ਵੰਡ ਕੇ ਅਪਣਾ ਸੂਬਾ ਬਣਾਇਆ ਪ੍ਰੰਤੂ ਦੁਬਾਰਾ ਫਿਰ ਸਾਮਰਾਜ ਤੋੜ ਕੇ ਛੋਟੇ ਛੋਟੇ ਗਣਰਾਜਾਂ ਵਿੱਚ ਇਸਦਾ ਉਥਾਨ ਹੋ ਜਾਂਦਾ ਸੀ। ਭੂਗੋਲਿਕ ਅਤੇ ਆਰਥਿਕ ਤੌਰ 'ਤੇ ਉਪਜਾਊ ਖਿੱਤਾ ਹੋਣ ਕਾਰਨ ਬਹੁਤ ਵੰਸ਼ਾਂ, ਕੌਮਾਂ, ਫਿਰਕਿਆਂ ਨੇ ਇਥੇ ਹਮਲੇ ਕੀਤੇ ਅਤੇ ਫ਼ਿਰ ਇਥੇ ਹੀ ਵਸ ਗਏ ਕਿਉਂਕਿ ਪੰਜਾਬੀ ਵੀ ਹਮਲਵਾਰਾਂ ਦੀਆਂ ਚੰਗੀਆਂ ਰਵਾਇਤਾਂ ਅਪਣਾ ਕੇ ਉਹਨਾਂ ਨੂੰ ਅਪਣੇ ਸਮਾਜ ਵਿੱਚ ਹੀ ਜਜ਼ਬ ਕਰ ਲੈਂਦੇ ਸਨ। ਹਮਲਿਆਂ ਕਾਰਨ ਇਥੋ ਦੇ ਲੋਕ ਬਹਾਦਰ ਤੇ ਅਣਖੀ ਹੁੰਦੇ ਗਏ ਜਿਨ੍ਹਾਂ ਨੂੰ ਸਿੱਖ ਗੁਰੂਆਂ, ਭਗਤਾਂ ਤੇ ਫਕੀਰਾਂ ਦੇ ਸਿਧਾਂਤਾ ਨੇ ਅਨੁਸ਼ਾਸਿਤ ਕਰਕੇ ਸੁੱਚੇ ਕਿਰਦਾਰ ਤੇ ਹੱਕ ਸੱਚ ਲਈ ਖੜ੍ਹਨ ਵਾਲੇ ਬਣਾਇਆ ਜਿਸ ਵਿੱਚੋਂ ਪੰਜਾਬ ਵਿੱਚ "ਨਾਬਰੀ" ਅਤੇ ਅਣਖ ਵਾਲਾ ਰਾਜਨੀਤਕ ਸੱਭਿਆਚਾਰ ਪੈਦਾ ਹੋਇਆ ਭਾਵੇਂ ਪੂੰਜੀ ਤੇ ਵਪਾਰ ਦੇ ਦੌਰ ਵਿੱਚ ਆਰਥਿਕ ਪੱਖੋਂ ਅਤੇ ਜਾਤ-ਪਾਤ ਦੇ ਕਾਰਨ ਸਮਾਜਿਕ ਪੱਖੋ ਪੰਜਾਬ ਅਣਛੂਹਿਆ ਨਹੀ ਰਿਹਾ ਪਰ ਵੱਖਰੀ ਸੋਚ ਸੱਭਿਆਚਾਰ ਵਾਲਾ ਇਹ ਖਿੱਤਾ ਬੁਰੀਆਂ ਰਵਾਇਤਾਂ ਖਿਲਾਫ ਲੜਦਾ ਅਤੇ ਹੱਕ-ਸੱਚ ਲਈ ਖੜ੍ਹਦਾ ਰਿਹਾ ਇਸ ਲਈ ਇਸ ਖਿੱਤੇ ਵਿੱਚ ਕੱਟੜਤਾ, ਜਾਤ ਪਾਤ ਦਾ ਬੋਲਬਾਲਾ ਭਾਰਤੀ ਉਪ ਮਹਾਂਦੀਪ ਦੇ ਬਾਕੀ ਖੇਤਰਾਂ ਨਾਲੋਂ ਘੱਟ ਹੈ। ਪ੍ਰਾਚੀਨ ਸਮੇਂ ਤੋਂ ਹੀ ਪੰਜਾਬ ਭੂਗੋਲਿਕ, ਸਮਾਜਿਕ ਤੇ ਰਾਜਨੀਤਕ ਤੌਰ 'ਤੇ ਸਰਹੱਦੀ ਖੇਤਰ ਰਿਹਾ ਹੈ, ਕਿਉਂਕਿ ਪੰਜਾਬ ਦੇ ਦੱਖਣ ਵਿੱਚ ਹਿੰਦੂ ਬਹੁ ਗਿਣਤੀ ਅਤੇ ਉਤਰ ਵਿੱਚ ਮੁਸਲਿਮ ਬਹੁਗਿਣਤੀ ਖੇਤਰ ਹੈ, ਪੰਜਾਬ ਦੇ ਪੂਰਬ ਵੱਲ ਬੋਧੀ ਅਤੇ ਪੱਛਮ ਵੱਲ ਅਰਬੀ ਤੇ (ਪਰਸ਼ੀਆ) ਦਾ ਸੱਭਿਆਚਾਰ ਭਾਰੂ ਰਿਹਾ ਹੈ। ਪੰਜਾਬ ਉਪਰ ਹੁੰਦੇ ਹਮਲਿਆਂ ਨੂੰ ਰੋਕਣ ਲਈ ਕਿਸੇ ਵੀ ਵੱਡੇ ਸ਼ਾਸਕ ਨੇ ਵਿਸ਼ੇਸ਼ ਉਪਰਾਲਾ ਨਹੀ ਕੀਤਾ ਇਸ ਲਈ ਹਮਲਾਵਾਰ ਦੇ ਕਬਜ਼ੇ ਤੋਂ ਬਾਅਦ ਇਥੇ ਸੁਤੰਤਰ ਰਾਜ ਹੋਂਦ ਵਿੱਚ ਆਉਂਦੇ ਰਹੇ ਪ੍ਰੰਤੂ ਸਿੱਖ ਰਾਜਨੀਤੀ ਦੇ ਪੰਜਾਬ ਦੀ ਰਾਜਨੀਤੀ ਵਿੱਚ ਕੇਦਰ ਬਿੰਦੂ ਬਣਨ ਕਾਰਨ ਪੰਜਾਬ ਦੇ ਸੰਘਰਸ਼ੀਲ, ਵੱਖ ਵੱਖ ਧਰਮਾਂ ਤੇ ਦੱਬੇ ਕੁਚਲੇ ਲੋਕਾਂ ਨੂੰ ਅਪਣੇ ਮੂਲ ਸ਼ਾਸਨ ਪ੍ਰਬੰਧ ਦਾ ਅਹਿਸਾਸ ਹੋਇਆ ਭਾਵੇਂ ਪੰਜਾਬ ਦੀ ਵੱਡੀ ਗਿਣਤੀ ਇਸਲਾਮ ਅਤੇ ਹਿੰਦੂ ਧਰਮ ਨਾਲ ਸਬੰਧਤ ਸੀ ਪ੍ਰੰਤੂ ਇਸ ਬਹੁ ਗਿਣਤੀ ਨੇ ਘੱਟ ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਨੂੰ ਆਪਣਾ ਆਗੂ ਹੋਣਾ ਕਬੂਲ ਕਰ ਲਿਆ ਸੀ। ਭਗਤੀ ਲਹਿਰ ਤੇ ਸੂਫ਼ੀ ਲਹਿਰ ਨੇ ਗੁਰੂਆਂ ਨੇ ਸਿਧਾਂਤਾਂ ਨਾਲ ਪੰਜਾਬੀਆਂ ਨੂੰ ਵੰਸ਼ਾਂ, ਘਰਾਣਿਆਂ, ਸਾਮਰਾਜਾਂ ਤੇ ਕਬੀਲਿਆਂ ਦੀ ਰਾਜਨੀਤੀ ਤੋਂ ਸਾਂਝੀ ਕੌਮ ਦੇ ਧਾਗੇ ਵਿੱਚ ਪਰੋਅ ਦਿੱਤਾ ਸੀ। ਪ੍ਰੰਤੂ ਅੰਗਰੇਜਾਂ ਦੇ ਪੰਜਾਬ ਉਪਰ ਕਬਜੇ ਕਰਕੇ ਦੇਸ ਪੰਜਾਬ ਦੀ ਹੈਸੀਅਤ ਇੱਕ ਸੂਬੇ ਦੀ ਰਹਿ ਗਈ ਸੀ ਜਿਸਨੇ ਪੰਜਾਬੀਆਂ ਦੀ ਸਥਾਨਕ ਤੇ ਸਮੂਹਿਕ ਪ੍ਰਭੂਸਤਾ ਨੂੰ ਵੱਡੀ ਸੱਟੀ ਮਾਰੀ। ਲਾਹੌਰ ਦਰਬਾਰ ਨਾਲ ਸਬੰਧਤ ਪਰਿਵਾਰ ਨੂੰ ਵੱਖ-ਵੱਖ ਕਰ ਦਿੱਤਾ ਗਿਆ ਮਹਾਰਾਣੀ ਜਿੰਦ ਕੌਰ ਦੀ ਪੈਨਸ਼ਨ ਕਰ ਕੇ ਤੇ ਦਲੀਪ ਸਿੰਘ ਨੂੰ ਲੰਡਨ ਲਿਜਾ ਕੇ ਇਸਾਈ ਧਰਮ ਗ੍ਰਹਿਣ ਕਰਵਾਇਆ ਗਿਆ। ਸ਼ਾਹੀ ਖਜ਼ਾਨਾ ਇੰਗਲੈਂਡ ਲਿਜਾਇਆ ਗਿਆ ਤੇ ਸੈਨਾਵਾਂ ਦਾ ਪੁਨਰ ਗਠਨ ਕੀਤਾ ਗਿਆ। ਹਥਿਆਰ ਰੱਖਣ 'ਤੇ ਰੋਕ ਲਾਈ, ਸਿੱਖਿਆ ਪ੍ਰਨਾਲ਼ੀ ਨੂੰ ਬਦਲਣ ਲਈ ਸਿੱਖ ਸਾਮਰਾਜ ਦਾ ਰਵਾਇਤੀ ਢੰਗ ਖਤਮ ਕਰਕੇ ਬਰਤਾਨਵੀ ਢੰਗ ਸ਼ੁਰੂ ਕੀਤੇ ਗਏ। ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਇਕ ਪ੍ਰਬੰਧਕੀ ਬੋਰਡ ਦੇ ਅਧੀਨ ਕਰ ਦਿੱਤਾ। ਸਾਰਾ ਸਿਆਸੀ ਪ੍ਰਬੰਧ ਤਬਦੀਲ ਕੀਤਾ ਗਿਆ।

ਅੰਗਰੇਜ਼ਾਂ ਨੇ ਧਾਰਮਿਕ ਅਤੇ ਸੱਭਿਆਚਾਰਕ ਮਸਲਿਆਂ ਵਿੱਚ 'ਉਦਾਰ ਨੀਤੀ' ਅਪਣਾਈ ਕਿਉਂਕਿ ਪੰਜਾਬੀਆਂ ਖਾਸਕਰ ਸਿੱਖਾਂ ਦੀ ਤਾਕਤ ਜੰਗਾਂ ਵਿੱਚ ਦੇਖ ਚੁੱਕੇ ਸਨ ਇਸ ਲਈ ਪੰਜਾਬੀਆਂ ਦੀ ਬਹਾਦਰੀ, ਅਣਖ ਤੇ ਤਾਕਤ ਨੂੰ ਆਪਣੇ ਪੱਖ ਵਿੱਚ ਵਰਤਣ ਲਈ ਯਤਨ ਅਰੰਭ ਦਿੱਤੇ। ਸੰਨ 1857 ਵਿੱਚ ਆਖਰੀ ਮੁਗਲ ਬਾਦਸ਼ਾਹ ਦੀ ਅਗਵਾਈ ਦੇ ਨਾਮ 'ਤੇ ਤਾਂਤੀਆ ਟੋਪੇ, ਲਕਸ਼ਮੀ ਬਾਈ ਆਦਿ ਦੀ ਸਹਾਇਤਾ ਨਾਲ ਬ੍ਰਿਟਿਸ਼ ਭਾਰਤ ਵਿੱਚ ਵੱਡੀ ਬਗਾਵਤ ਹੋਈ ਜਿਸ ਵਿੱਚ ਅਹਿਮਦ ਖਾਨ ਖਰਲ ਦੀ ਅਗਵਾਈ ਵਿੱਚ ਪੰਜਾਬੀਆਂ ਨੇ ਵੀ ਭਾਗ ਲਿਆ ਪਰ ਪੰਜਾਬ ਵਿੱਚ ਵੱਡਾ ਹੁੰਗਾਰਾ ਨਹੀ

ਮਿਲਿਆ ਕਿਉਂਕਿ 8 ਸਾਲ ਪਹਿਲਾਂ 1849 ਵਿੱਚ ਅੰਗਰੇਜ਼ਾਂ ਦੀ ਅਗਵਾਈ ਵਿੱਚ ਸਮੁੱਚੀਆਂ ਭਾਰਤੀ ਰਿਆਸਤਾਂ ਨੇ ਮਿਲ ਕੇ ਸਿੱਖ ਸਾਮਰਾਜ ਨੂੰ ਖਤਮ ਕੀਤਾ ਸੀ ਜਿਸਦੀ ਚੀਸ ਪੰਜਾਬੀਆਂ ਦੇ ਮਨਾਂ ਵਿੱਚ ਵੱਧ ਸੀ। ਨਾਭਾ, ਪਟਿਆਲਾ, ਕਪੂਰਥਲਾ, ਜੀਂਦ ਰਿਆਸਤਾਂ ਨੇ ਅੰਗਰੇਜ਼ਾਂ ਦੇ ਪੱਖ ਪੂਰਿਆ ਅਤੇ ਸਾਥ ਦੇਣ ਵਾਲਿਆਂ ਨੂੰ ਅੰਗਰੇਜ਼ਾਂ ਨੇ ਵੱਡੀਆਂ ਜਗੀਰਾਂ ਦੇ ਕੇ ਸਨਮਾਨਿਤ ਕੀਤਾ। ਪੰਜਾਬ ਵਿੱਚੋਂ ਵੱਡੇ ਪੱਧਰ 'ਤੇ ਫ਼ੌਜੀ ਭਰਤੀ ਕੀਤੀ ਗਈ ਅਤੇ ਸਿੱਖਾ ਨੇ ਜਿੰਨੀ ਬਹਾਦਰੀ ਅੰਗਰੇਜ਼ਾਂ ਵਿਰੁੱਧ ਲੜਦੇ ਦਿਖਾਈ ਸੀ ਓਨੀ ਬਹਾਦਰੀ ਹੀ ਅੰਗਰੇਜ਼ਾਂ ਵਾਸਤੇ ਲੜਦੇ ਹੋਏ ਦਿਖਾਈ। ਇਸ ਪੱਖੋਂ ਸਾਰਾਗੜ੍ਹੀ ਦੀ ਜੰਗ ਬਹੁਤ ਮਸ਼ਹੂਰ ਹੋਈ।

1858 ਈ. ਵਿੱਚ ਰਾਣੀ ਵਿਕਟੋਰੀਆ ਦੇ ਹੁਕਮ ਅਨੁਸਾਰ ਪੰਜਾਬ ਬਾਕੀ ਬ੍ਰਿਟਿਸ਼ ਭਾਰਤ ਦੇ ਨਾਲ ਹੀ ਸ਼ਾਹੀ ਤਖਤ ਦੇ ਅਧੀਨ ਕਰ ਦਿੱਤਾ ਗਿਆ ਅਤੇ ਸਰ ਜੌਹਨ ਲਾਰੈਂਸ ਨੂੰ 1859 ਈ. ਵਿੱਚ ਪਹਿਲਾ ਲੈਫਟੀਨੈਂਟ ਗਵਰਨਰ ਨਿਯੁਕਤ ਜੌਹਨ ਲਾਰੈਂਸ ਨੂੰ 1859 ਈ. ਵਿੱਚ ਪਹਿਲਾਂ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ ਅਤੇ ਉਹਨਾਂ ਤੋਂ ਬਾਅਦ ਰੌਬਰਟ ਮਿੰਟਗੁਮਰੀ ਨੇ ਇਹ ਅਹੁੱਦਾ ਸੰਭਾਲਿਆ। ਇਹ ਨਵਾਂ ਰਾਜਨੀਤਕ ਪ੍ਰਬੰਧ ਸੀ।

ਮਿਸਲਾਂ ਦੇ ਪਹਾੜੀ ਖੇਤਰ ਅਤੇ ਵਾਰਿਸਾਂ ਤੋਂ ਸੱਖਣੀਆਂ ਰਿਆਸਤਾਂ ਵੀ ਪੰਜਾਬ ਵਿੱਚ ਸ਼ਾਮਿਲ ਕੀਤੇ ਗਏ। ਜੱਜ ਕਮਿਸ਼ਨਰ ਦੀ ਥਾਂ ਤੇ ਮੁੱਖ ਜੱਜ ਅਦਾਲਤਾਂ ਵਿੱਚ ਨਿਯੁਕਤ ਕੀਤੇ ਗਏ ਅਤੇ ਸਰਕਾਰ ਦੇ ਸਾਰੇ ਕੰਮ ਲੈਫਟੀਨੈਂਟ ਗਵਰਨਰ ਨੂੰ ਮੁੱਖ ਸਕੱਤਰ ਦੀ ਅਗਵਾਈ ਵਾਲੀ ਸਕੱਤਰੇਤ ਦੀ ਸਹਾਇਤਾ ਨਾਲ ਸੌਂਪੇ ਗਏ। ਇਹ ਸਕੱਤਰ ਇੰਪੀਰੀਅਲ ਸਿਵਲ ਸੇਵਾਵਾਂ ਦੇ ਮੈਂਬਰ ਹੁੰਦੇ ਸਨ। ਇਸ ਤਰ੍ਹਾਂ ਪੰਜਾਬ ਨੂੰ ਕਮਿਸਨਰੀ ਰਾਜ ਦੇ ਅਧੀਨ ਕੀਤਾ ਗਿਆ ਜਿਸ ਵਿੱਚ 29 ਜ਼ਿਲ੍ਹੇ, 5 ਡਿਵੀਜਨਾਂ ਤੇ 43 ਰਿਆਸਤਾਂ ਲੈਫਟੀਨੈਂਟ ਗਵਰਨਰ ਦੇ ਅਧੀਨ ਸਨ। ਹਰੇਕ ਜ਼ਿਲ੍ਹੇ ਵਿੱਚ ਡਿਪਟੀ ਕਮਿਸਨਰ ਲਾਇਆ ਗਿਆ ਜੋ ਡਿਵੀਜ਼ਨ ਨੇ ਕਮਿਸਨਰ ਨੂੰ ਰਿਪੋਰਟ ਕਰਦਾ ਸੀ। ਵਰਤਮਾਨ ਸਮੇਂ ਇਹ ਮੈਂਬਰ ਭਾਰਤੀ ਪ੍ਰਬੰਧਕ ਸੇਵਾ ਦੇ ਮੈਂਬਰ ਹੁੰਦੇ ਹਨ ਜੋ ਅਸੀ ਅਧਿਆਇ 6 ਵਿੱਚ ਨੌਕਰਸ਼ਾਹੀ (Bureaucracy) ਵਿੱਚ ਪੜ੍ਹ ਚੁੱਕੇ ਹਾਂ। ਹਰੇਕ ਜ਼ਿਲ੍ਹਾ 3-7 ਤਹਿਸੀਲਾਂ ਵਿੱਚ ਤਹਿਸੀਲਦਾਰ ਦੀ ਅਗਵਾਈ ਵਿੱਚ ਵੰਡਿਆ ਹੋਇਆ ਸੀ ਅਤੇ ਇਸਦੀ ਸਹਾਇਤਾ ਲਈ ਨਾਇਬ ਤਹਿਸਲੀਦਾਰ ਨਿਯੁਕਤ ਕੀਤਾ ਗਿਆ ਸੀ। ਇਸ ਸਮੇ ਦੌਰਾਨ ਪੰਜਾਬ ਦੇਵ ਸਮਾਜ, ਸਨਾਤਨ ਧਰਮ, ਵਹਾਈ ਆਦਿ ਬਹੁਤ ਸਾਰੀਆਂ ਲਹਿਰਾਂ ਪੰਜਾਬ ਵਿੱਚ ਚਲਾਈਆਂ ਗਈਆਂ ਤਾਂ ਜੋ ਸਬੰਧਤ ਧਰਮਾਂ ਨੂੰ ਪੁਨਰ ਸੁਰਜੀਤ ਕੀਤਾ ਜਾ ਸਕੇ। ਸਿਖ ਧਰਮ ਲਈ ਨਿਰੰਕਾਰੀ ਲਹਿਰ ਪਿਸ਼ਾਵਰ ਵਿੱਚ ਬਾਬਾ ਦਿਆਲ ਸਿੰਘ ਨੇ ਚਲਾਈ ਸੀ। 1851 ਈ. ਵਿੱਚ ਰਾਵਲਪਿੰਡੀ ਵਿੱਚ ਨਿਰੰਕਾਰੀ ਦਰਬਾਰ ਸਥਾਪਤ ਕੀਤਾ ਗਿਆ। ਬਾਬਾ ਬਾਲਕ ਸਿੰਘ ਨੇ ਨਾਮਧਾਰੀ ਲਹਿਰ ਚਲਾਈ ਜਿਨ੍ਹਾਂ ਤੋਂ ਬਾਅਦ ਬਾਬਾ ਰਾਮ ਸਿੰਘ ਨੇ ਅਗਵਾਈ ਕੀਤੀ। ਸਵਦੇਸ਼ੀ ਅੰਦੋਲਨ ਅਤੇ ਅੰਗਰੇਜ਼ਾਂ ਦੇ ਚੰਗੀਆ ਰਵਾਇਤੀ ਪ੍ਰਥਾਵਾਂ ਵਿੱਚ ਦਖਲਅੰਦਾਜ਼ੀ ਜਾ ਬੁਰੇ ਫੈਸਲਿਆਂ ਦਾ ਵਿਰੋਧ ਸ਼ਾਂਤਮਈ ਢੰਗ ਨਾਲ ਕੀਤਾ ਗਿਆ ਜਿਸਦੀ ਵਰਤੋਂ 20 ਵੀਂ ਸਦੀ ਵਿੱਚ ਮਹਾਤਮਾ ਗਾਂਧੀ ਨੇ ਵੀ ਕੀਤੀ ਸੀ। ਇਹਨਾ ਲਹਿਰਾਂ ਨੇ ਪੰਜਾਬ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਮਹੌਲ ਉੱਤੇ ਬਹੁਤ ਅਸਰ ਪਾਇਆ ਤੇ ਇਹਨਾ ਲਹਿਰਾਂ ਦਾ ਸਭ ਤੋਂ ਵੱਡਾ ਕਾਰਨ ਅੰਗਰੇਜ਼ਾਂ ਦੀ ਅਧੀਨਗੀ ਵਿੱਚ ਪੰਜਾਬ ਵਿੱਚ ਇਸਾਈ ਮੱਤ ਦਾ ਪ੍ਰਸਾਰ ਤੇ ਧਰਮ ਪਰਿਵਰਤਨ ਵੀ ਸੀ। 1849 ਈ. ਤੋਂ ਬਾਅਦ ਪੰਜਾਬ ਵਿੱਚੋਂ ਵੱਡੇ ਪੱਧਰ 'ਤੇ ਭਰਤੀ ਕੀਤੀ ਗਈ ਪੰਜਾਬ ਨੂੰ ਪਾਤਸ਼ਾਹੀ ਦਾਅਵੇ ਤੋਂ ਭਟਕਾਉਣ ਲਈ ਅੰਗਰੇਜ਼ਾਂ ਨੇ ਸਿੱਖਾਂ ਦੇ ਹਥਿਆਰਾਂ ਨੂੰ ਜ਼ਬਤ ਕਰਨ, ਬ੍ਰਿਟਿਸ ਕਾਨੂੰਨ ਅਨੁਸਾਰ ਚੱਲਣ, ਨਾਬਰੀ ਵਾਲੀਆਂ ਕਾਰਵਾਈਆਂ ਰੋਕਣ, ਲਈ ਬਹੁਤ ਜ਼ੋਰ ਲਾਇਆ। ਇਸਦੇ ਲਈ ਪੰਜਾਬੀ ਦੇ ਕੈਦਿਆਂ ਨੂੰ ਸਾੜਨਾ ਵੀ ਸ਼ਾਮਲ ਸੀ। ਉਹ ਚਾਹੁੰਦੇ ਸੀ ਕਿ ਸਿੱਖਾਂ ਦਾ ਸਿਪਾਹੀ ਵਾਲਾ ਕਿਰਦਾਰ ਅੰਗਰੇਜ਼ਾਂ ਦੀ ਵਰਤੋਂ ਵਾਸਤੇ ਹੀ ਹੋਏ। ਅੰਗਰੇਜ਼ਾਂ ਵੱਲੋਂ ਸਮੁੱਚੇ ਉਪਮਹਾਦੀਪ ਵਿੱਚ ਜਨਗਣਨਾ ਕਾਰਵਾਈ ਗਈ ਕਿਸੇ ਭਾਈਚਾਰੇ ਦੀ ਗਿਣਤੀ ਦੇ ਹਿਸਾਬ ਕਿਤਾਬ ਸਬੰਧ ਇਹ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਸੀ। ਹਰੇਕ ਭਾਈਚਾਰੇ ਨੂੰ ਉਹਨਾ ਦੀ ਗਿਣਤੀ ਅਨੁਸਾਰ ਸਰਕਾਰੀ ਨੌਕਰੀਆਂ ਤੇ ਰਾਜਨੀਤਕ ਸੰਸਥਾਵਾਂ ਵਿੱਚ ਨੁਮਾਇੰਦਗੀ ਦਿੱਤੀ ਗਈ ਜਿਸਦੇ ਕਾਰਨ ਸਮੂਹ ਭਾਈਚਾਰੇ ਵਿਚਾਲੇ ਆਪੋ-ਆਪਣੇ ਧਰਮ ਦੇ ਲੋਕਾਂ ਦੀ ਗਿਣਤੀ ਵਧਾਉਣ ਜਾ ਧਰਮ ਪਰਿਵਰਤਨ ਰੋਕਣ ਲਈ ਚੰਗੇ ਤੇ ਮਾੜੇ ਢੰਗ ਵਰਤਣੇ ਸੁਰੂ ਕਰ ਦਿੱਤੇ ਜਿਸ ਕਾਰਨ ਵੱਖ-ਵੱਖ ਭਾਈਚਾਰਿਆ ਵਿਚਕਾਰ ਤਣਾਅ ਪੈਦਾ ਹੋਇਆ ਸਰਕਾਰ ਦੀ ਦਲਾਲੀ ਕਰਨਾ ਅਤੇ ਦੰਗੇ ਵਰਗੀਆਂ



ਮਹਾਰਾਜਾ ਦਲੀਪ ਸਿੰਘ ਦਾ ਇੱਕ ਚਿੱਤਰ

ਨਵੀਆਂ ਧਾਰਨਾਵਾਂ ਪੰਜਾਬ ਵਿੱਚ ਸ਼ੁਰੂ ਹੋ ਗਈਆਂ। ਪੰਜਾਬ ਹਿੰਦੂ, ਸਿੱਖ, ਮੁਸਲਿਮ ਆਦਿ ਕਈ ਭਾਈਚਾਰਿਆਂ ਦਾ ਸਾਂਝਾ ਵਸਦਾ ਖਿੱਤਾ ਸੀ ਜੋ ਇਸ ਆਪਸੀ ਤਣਾਅ ਕਾਰਨ ਖੇਰੂ ਖੇਰੂ ਕਰ ਦਿੱਤਾ ਗਿਆ। 1853 ਈ. ਵਿੱਚ ਮਹਾਰਾਜਾ ਦਲੀਪ ਸਿੰਘ ਦੇ ਇਸਾਈ ਧਰਮ ਵਿੱਚ ਪਰਿਵਰਤਿਤ ਹੋਣ ਅਤੇ ਅੰਮ੍ਰਿਤਸਰ ਸਕੂਲ ਦੇ ਚਾਰ ਵਿਦਿਆਰਥੀਆਂ ਦੇ ਧਰਮ ਪਰਿਵਰਤਨ ਕਰਨ ਤੋਂ ਬਾਅਦ 30 ਜੁਲਾਈ 1873 ਨੂੰ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਗੁਰੂ ਸਿੰਘ ਸਭਾ ਨਾਂ ਦੀ ਸੰਸਥਾ ਬਣਾਈ ਇਸਦਾ ਮੁਖ ਉਦੇਸ ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਮਨਮਤ ਨੂੰ ਦੂਰ ਕਰਕੇ ਗੁਰਮਤਿ ਲਾਗੂ ਕਰਨਾ ਸੀ ਇਸੇ ਤਰਜ਼ 'ਤੇ ਲਾਹੌਰ ਵਿੱਚ ਵੀ ਸਿੰਘ ਸਭਾ ਲਹਿਰ ਉਭਰੀ ਜਿਸਨੂੰ ਖਾਲਸਾ ਦੀਵਾਨ ਦਾ ਨਾਮ ਦਿੱਤਾ ਗਿਆ। ਇਸਦੇ ਮੈਂਬਰ ਮੱਧਵਰਗੀ ਪਰਿਵਾਰ ਵਾਲੇ ਪੜ੍ਹੇ-ਲਿਖੇ ਵਿਅਕਤੀ ਸਨ ਜਿਨ੍ਹਾਂ ਵਿਚੋ ਪ੍ਰੋ. ਗੁਰਮੁੱਖ ਸਿੰਘ ਤੇ ਭਾਈ ਦਿੱਤ ਸਿੰਘ ਜੀ ਮੁੱਖ ਸਨ। ਸੰਨ 1892 ਵਿੱਚ ਸਿਖਿਆ ਦੇ ਪ੍ਰਸਾਰ ਲਈ ਖਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ ਉਸੇ ਤਰ੍ਹਾਂ ਹਿੰਦੂ ਧਰਮ ਵਿੱਚ ਸੁਧੀਕਰਨ ਤੇ ਮੁਸਲਿਮ ਵਿੱਚ ਵੀ ਧਰਮ ਸੁਧਾਰ ਲਹਿਰਾਂ ਚੱਲੀਆਂ।

ਸਿੰਜਾਈ ਅਤੇ ਜ਼ਮੀਨੀ ਬੰਦੋਬਸਤ : 1885 ਈ. ਵਿੱਚ ਪੰਜਾਬ ਵਿੱਚ ਨਹਿਰੀ ਪ੍ਰਬੰਧ ਉਸਾਰ ਕੇ 60 ਲੱਖ (6 ਮਿਲੀਅਨ) ਏਕੜ ਭੂਮੀ ਕੇਂਦਰ ਤੋਂ ਪੱਛਮੀ ਪੰਜਾਬ ਵਿੱਚ ਖੇਤੀ ਲਈ ਚੁਣੀ ਗਈ ਇਸਦੇ ਲਈ ਲੋਕਾਂ ਨੂੰ ਕਲੋਨੀਆਂ ਵਿੱਚ ਵਸਾਇਆ ਗਿਆ ਤਾਂ ਜੋ ਬਰਤਾਨੀਆ ਅਤੇ ਭਾਰਤ ਦੀ ਅਨਾਜ ਸਬੰਧੀ ਘਾਟ ਪੂਰੀ ਕੀਤੀ ਜਾਵੇ ਇਸ ਨਾਲ ਵੱਡੇ ਪੱਧਰ 'ਤੇ ਪੈਦਾਵਾਰ ਹੋਈ ਤੇ ਜ਼ਿਮੀਂਦਾਰ ਦਾ ਝੁਕਾਅ ਅੰਗਰੇਜ਼ਾਂ ਵੱਲ ਹੋਣਾ ਸ਼ੁਰੂ ਹੋ ਗਿਆ। ਪੰਜਾਬ ਦੇ ਸਾਰੇ ਧਾਰਮਿਕ ਭਾਈਚਾਰਿਆਂ ਨਾਲ ਸਬੰਧਤ ਜਿਮੀਦਾਰਾਂ ਨੇ ਸਮਾਜਿਕ ਆਰਥਿਕ ਖੇਤਰ ਦੇ ਨਾਲ ਨਾਲ ਯੂਨੀਅਨਿਸਟ ਪਾਰਟੀ ਦੇ ਰੂਪ ਵਿੱਚ ਰਾਜਨੀਤਕ ਖੇਤਰ ਵਿੱਚ ਵੀ ਰਾਜ ਕੀਤਾ ਲਾਇਲਪੁਰ, ਸਰਗੋਧਾ, ਮਿੰਟਗੁਮਰੀ ਵਿੱਚ ਖੇਤੀਬਾੜੀ ਕਲੋਨੀਆਂ ਵਸਾਉਣ ਨਾਲ ਸੰਨ 1947 ਤੱਕ 14 ਮਿਲੀਅਨ ਏਕੜ ਭੂਮੀ ਖੇਤੀਯੋਗ ਹੋ ਚੁੱਕੀ ਸੀ। ਉਸ ਸਮੇਂ ਸਾਮਰਾਜੀ ਦੇਸ਼ ਗਰੀਬ ਮੁਲਕਾਂ ਤੋਂ ਕੱਚਾ ਮਾਲ ਅਪਣੇ ਦੇਸ਼ ਲਿਜਾ ਕੇ ਫੈਟਕਰੀਆਂ ਵਿੱਚ ਵਸਤੂਆਂ ਤਿਆਰ ਕਰਕੇ ਵੇਚਦੇ ਸਨ। ਪੂੰਜੀ ਦੇ ਇਸ ਵਹਾਅ ਲਈ ਬ੍ਰਿਟੇਨ, ਪੁਰਤਗਾਲ, ਹਾਲੈਂਡ ਵਰਗੇ ਦੇਸ਼ ਏਸ਼ੀਆ ਤੇ ਅਫ਼ਰੀਕਾ ਨੂੰ ਕਲੋਨੀਆਂ ਬਣਾ ਕੇ ਲੁੱਟ ਰਹੇ ਸਨ। ਇਸ ਸਮੇਂ ਪੰਜਾਬ ਦੇ ਨੌਜਵਾਨ ਨੇ ਪੱਛਮੀ ਮੁਲਕਾਂ ਵੱਲ ਰੁਜ਼ਗਾਰ ਲਈ ਪ੍ਰਵਾਸ ਕਰਨਾ ਸ਼ੁਰੂ ਕੀਤਾ ਅਤੇ ਉਹਨਾ ਦੇਸ਼ਾਂ ਦੇ ਮਹੌਲ ਨੂੰ ਸਮਝਿਆ ਕਿ ਪੂਰੀ ਦੁਨੀਆ ਦੀ ਰਾਜਨੀਤੀ ਵਿੱਚ ਵੀ ਰੁੱਚੀ ਲੈਣ ਲੱਗੇ ਜਿਸ ਨਾਲ ਉਹਨਾਂ ਨੂੰ ਗੁਲਾਮੀ ਦਾ ਅਹਿਸਾਸ ਹੋਇਆ ਅਤੇ ਅਮਰੀਕਾ ਤੇ ਫ਼ਰਾਂਸ ਦੀ ਤਰਜ਼ 'ਤੇ ਪੰਜਾਬ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਛੇੜੀ ਗਈ। ਚੀਫ਼ ਖਾਲਸਾ ਦੀਵਾਨ ਸੰਸਥਾ ਨੇ ਸੰਘਰਸ ਨਾਲ ਸਿੱਖ ਵਿਆਹ ਐਕਟ, ਦਰਬਾਰ ਸਾਹਿਬ ਵਿੱਚ ਗੁਰਮਰਿਆਦਾ ਸਥਾਪਤ ਕਰਨ ਤੇ ਸਮੁੱਚੇ ਸਿੱਖ ਪੰਥ ਲਈ ਆਚਰਨ ਕੋਡ ਲਾਗੂ ਕਰਵਾ ਕੇ ਸਿੱਖੀ ਨੂੰ ਕਾਇਮ ਰੱਖਿਆ।

ਇਹ ਸੰਸਥਾ ਲੰਬਾ ਸਮਾ ਸਿੱਖਾਂ ਵਿੱਚ ਮਕਬੂਲ ਰਹੀ ਪਰੰਤੂ ਇਸ ਤੋਂ ਬਾਅਦ ਇਸ ਉਪਰ ਅੰਗਰੇਜ਼ ਸਰਕਾਰ ਪੱਖੀ ਹੋਣ ਦੇ ਦੋਸ਼ ਲੱਗੇ ਕਾਮਾਗਾਟਾਮਾਰੂ (ਗੁਰੂ ਨਾਨਕ) ਜਹਾਜ਼ ਦੀ ਘਟਨਾ, ਪੰਜਾਬ ਕਲੋਨੀ ਬਿੱਲ 1900 ਅਤੇ 1906 ਆਦਿ ਦੇ ਵਿਰੋਧ ਨੇ ਅਜੀਤ ਸਿੰਘ ਦੀ "ਪਗੜੀ ਸੰਭਾਲ ਜੱਟਾ" ਕਿਸਾਨ ਲਹਿਰ ਨੂੰ ਉਭਾਰ ਦਿੱਤਾ ਕਿਉਂਕਿ ਸਰਕਾਰ ਵੱਲੋ ਕਾਸ਼ਤਕਾਰ ਅਤੇ ਮਜਦੂਰੀ ਕਰਨ ਵਾਲਿਆਂ ਵਿੱਚ ਫਰਕ ਕਰਕੇ ਜ਼ਮੀਨ ਦੀ ਮਾਲਕੀ ਸਿਰਫ ਕੁਝ ਵਰਗਾਂ ਤੱਕ ਸੀਮਤ ਰੱਖੀ ਸੀ ਅਤੇ ਜੇਕਰ ਕਿਸੇ ਜ਼ਮੀਨ ਦਾ ਮਾਲਕ ਬੇਔਲਾਦ ਮਰ ਜਾਂਦਾ ਸੀ ਤਾਂ ਜ਼ਮੀਨ ਉਪਰ ਸਰਕਾਰ ਦਾ ਕਬਜ਼ਾ ਹੋ ਜਾਂਦਾ ਸੀ ਇਸਦਾ ਬਹੁਤ ਵਿਰੋਧ ਹੋਣ 'ਤੇ ਸਰਕਾਰ ਨੇ ਬਿੱਲ ਵਾਪਸ ਲੈ ਲਏ ਇਸ ਨਾਲ ਕਿਸਾਨੀ, ਧਰਮ ਅਤੇ ਸਮਾਜ ਵਿੱਚ ਪੰਜਾਬੀਆਂ ਦਾ ਸੰਘਰਸ਼ ਦੀ ਸਿਆਸਤ ਵਿੱਚ ਮੁੱਢ ਬੰਨ੍ਹਿਆ ਜਾ ਚੁੱਕਾ ਸੀ। ਸਿਖਾਂ ਨੇ ਅਜਿਹੇ ਮਹੌਲ ਵਿੱਚ 'ਕੇਦਰੀ ਸਿੱਖ ਲੀਗ' ਨਾਮ ਦੀ ਰਾਜਨੀਤਕ ਸੰਸਥਾ ਬਣਾਈ ਅਤੇ ਇਸਨੇ ਲਾਹੌਰ ਵਿੱਚ ਅਕਾਲੀ ਨਾਮ ਦਾ ਅਖਬਾਰ ਵੀ ਕੱਢਿਆ। 10 ਅਪ੍ਰੈਲ 1919 ਨੂੰ ਅੰਗਰੇਜ਼ਾਂ ਵਿਰੋਧੀ ਹਿੰਸਕ ਕਾਰਵਾਈਆਂ ਕਰਕੇ ਅੰਮ੍ਰਿਤਸਰ ਵਿੱਚ ਕਰਫਿਊ ਲਾ ਦਿੱਤਾ ਗਿਆ। 13 ਅਪ੍ਰੈਲ 1919 ਦੇ ਜਲਿਆਂਵਾਲੇ ਬਾਗ ਦੇ ਸਾਕੇ ਨੇ ਪੰਜਾਬ ਵਿੱਚ ਰਾਜਨੀਤਕ ਪੱਖ ਤੋਂ ਬਹੁਤ ਅਸਰ ਪਾਇਆ ਜਿਸ ਵਿੱਚ ਸ਼ਾਂਤਮਈ ਤੌਰ 'ਤੇ ਇਕੱਠੀ ਹੋਈ ਭੀੜ ਉਪਰ ਜਰਨਲ ਡਾਇਰ ਦੁਆਰਾ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ।

19 ਵੀ ਸਦੀ ਦੇ ਦੂਸਰੇ ਦਹਾਕੇ ਵਿੱਚ ਸੋਵੀਅਤ ਸੰਘ ਵਿੱਚ ਲੈਨਿਨ ਦੀ ਅਗਵਾਈ ਵਿੱਚ ਬਾਲਸਵਿਕਾਂ ਦੁਆਰਾ ਕਾਰਲ ਮਾਰਕਸ ਦੇ ਸਮਾਜਵਾਦੀ ਸਿਧਾਤਾਂ ਅਨੁਸਾਰ ਸੰਨ 1917 ਵਿੱਚ ਕ੍ਰਾਂਤੀ ਨੇ ਪੂਰੇ ਵਿਸ਼ਵ ਉਪਰ ਅਸਰ ਪਾਇਆ ਅਤੇ ਇਸਦੇ ਸਿਧਾਂਤਾ ਨੇ ਪੰਜਾਬ ਦੇ ਨੌਜਵਾਨਾਂ ਨੂੰ ਵੀ ਉਤਸ਼ਾਹਿਤ ਕੀਤਾ ਹਿੰਦੂ, ਮੁਸਲਿਮ, ਸਿੱਖ, ਇਸਾਈ ਹਰ ਧਰਮ ਦੇ ਨੌਜਵਾਨਾਂ ਨੇ ਸਮਾਜਵਾਦੀ ਸਿਧਾਂਤਾਂ ਦਾ ਅਸਰ ਕਬੂਲਿਆ ਅਤੇ ਏਸ਼ੀਆ ਅਤੇ ਅਫ਼ਰੀਕਾ ਦੇ ਦੇਸ਼ਾਂ ਨੇ ਅਜ਼ਾਦੀ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਪੰਜਾਬ ਦੇ ਬਹੁਤ ਸਾਰੇ ਨੌਜਵਾਨ ਰੁਜ਼ਗਾਰ ਲਈ ਅਮਰੀਕਾ ਕੈਨੇਡਾ ਜਿਹੇ ਪੂੰਜੀਵਾਦੀ ਮੁਲਕਾਂ

ਵਿੱਚ ਵੀ ਗਏ ਸਨ ਜਿਥੇ ਪਹਿਲੇ ਵਿਸ਼ਵ ਯੁੱਧ ਵਿੱਚ ਇੰਗਲੈਂਡ ਦੀ ਪਤਲੀ ਹੋਈ ਹਾਲਤ ਵਿੱਚ ਪੰਜਾਬ ਵਿੱਚੋਂ ਅੰਗਰੇਜ਼ੀ ਰਾਜ ਖਤਮ ਕਰਨ ਲਈ ਪੰਜਾਬੀਆਂ ਖਾਸ ਕਰ ਸਿੱਖਾਂ ਨੇ 'ਗਦਰ ਪਾਰਟੀ' ਨਾਮ ਦੀ ਸੰਸਥਾ ਬਣਾਈ ਉਹਨਾ ਬੜੇ ਵੱਡੇ ਪੱਧਰ 'ਤੇ ਭਾਰਤ ਵਿੱਚ ਆ ਕੇ ਅਜਿਹੀ ਬਗਾਵਤ ਕਰਨੀ ਸੀ ਜਿਸ ਨਾਲ ਬ੍ਰਿਟਿਸ਼ ਸੱਤਾ ਖ਼ਤਮ ਕੀਤੀ ਜਾਵੇ। ਕਰਤਾਰ ਸਿੰਘ ਸਰਾਭਾ, ਸੋਹਣ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਆਦਿ ਇਸਦੇ ਪ੍ਰਮੁੱਖ ਲੀਡਰ ਸਨ ਪਰੰਤੂ ਕਰਾਵਾਈ ਤੋਂ ਪਹਿਲਾਂ ਕਿਸੇ ਗਦਾਰ ਨੇ ਬ੍ਰਿਟਿਸ਼ ਸਰਕਾਰ ਕੋਲ ਚੁਗਲੀ ਕਰਕੇ ਗਦਰੀਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਭਾਰਤ ਵਿੱਚ ਇਸੇ ਹੀ ਸਮੇਂ ਮਹਾਤਮਾ ਗਾਂਧੀ ਜੀ ਦੀ ਅਹਿੰਸਾ ਦੀ ਨੀਤੀ ਤਹਿਤ ਅੰਦੋਲਨਾਂ ਦਾ ਉਭਾਰ ਹੋਇਆ ਜਿਸ ਵਿੱਚ ਸ਼ਾਂਤਮਈ ਢੰਗ ਦੇ ਨਾਲ ਸਰਕਾਰ ਦਾ ਵਿਰੋਧ ਕਰਨ ਦੀ ਨੀਤੀ ਸ਼ਾਮਲ ਸੀ। ਇਹਨਾਂ ਸਭ ਘਟਨਾਵਾਂ ਨੇ ਪੰਜਾਬ ਦੀ ਰਾਜਨੀਤੀ ਉਪਰ ਬਹੁਤ ਅਸਰ ਪਾਇਆ।



ਬਾਬਾ ਖੜਕ ਸਿੰਘ

ਪਹਾੜੀ ਰਾਜਿਆਂ, ਮੁਗਲਾਂ ਅਤੇ ਅਫਗਾਨਾਂ ਨਾਲ ਜੰਗਾਂ ਯੁੱਧਾਂ ਵਿੱਚ ਰੁਝੇ ਰਹਿਣ ਕਰਕੇ ਸਿੱਖਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲ ਆ ਗਿਆ ਅਤੇ ਮਹਾਰਾਜਾ ਰਣਜੀਤ ਸਿੰਘ ਜਾਂ ਮਿਸਲ ਕਾਲ ਦੌਰਾਨ ਗੁਰਦੁਆਰਿਆਂ ਦੇ ਨਾਮ ਜਗੀਰਾਂ ਹੋਣ ਕਰਕੇ ਕਾਫੀ ਧੰਨ ਮਹੰਤਾਂ ਨੇ ਇਕੱਠਾ ਕਰ ਲਿਆ। ਇਹ ਮਹੰਤ ਹਰ ਕਦਮ ਤੇ ਅੰਗਰੇਜ਼ ਸਰਕਾਰ ਦਾ ਪੱਖ ਪੂਰਦੇ ਸਨ। ਇਸ ਲਈ ਸਿੱਖ ਪੁਨਰ ਜਾਗ੍ਰਿਤੀ ਦੇ ਵਿੱਚ ਆਪਣੇ ਗੁਰਧਾਮਾਂ ਦੇ ਪ੍ਰਬੰਧ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ ਜਿਸਨੂੰ ਅਕਾਲੀ ਲਹਿਰ ਵੀ ਕਿਹਾ ਜਾਂਦਾ ਸੀ। ਇਸ ਲਹਿਰ ਦੌਰਾਨ ਸ਼ਾਂਤਮਈ ਢੰਗ ਨਾਲ ਸਿੱਖ ਜੱਥੇ ਗੁਰੂਦੁਆਰੇ ਦੇ ਪ੍ਰਬੰਧ ਅਤੇ ਸੇਵਾ ਸੰਭਾਲ ਲਈ ਮਹੰਤਾਂ ਨੂੰ ਬੇਨਤੀ ਕਰਦੇ ਸਨ ਪਰ ਸਰਕਾਰ ਵੱਲੋ ਸਿਖਾਂ ਨੂੰ ਤਸੀਹੇ ਅਤੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ। 15 ਨਵੰਬਰ 1920 ਨੂੰ ਅਕਾਲ ਤਖਤ ਤੋਂ ਐਲਾਨ ਦੁਆਰਾ 175 ਸਿਖਾਂ ਦੀ ਕਮੇਟੀ ਬਣੀ ਇਸਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਕਿਹਾ ਗਿਆ ਜਿਸਦਾ ਮੁਖ ਕੰਮ ਗੁਰੂਧਾਮਾਂ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਕਰਨਾ ਸੀ। ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ ਚੁਣਿਆ ਗਿਆ ਪਰ ਉਦੋਂ ਹਾਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਪਾਸ ਨਹੀਂ ਸੀ ਹੋਇਆ। ਐਕਟ ਪਾਸ ਹੋਣ ਮਗਰੋ ਸ਼੍ਰੋਮਣੀ ਕਮੇਟੀ ਦੇ ਪ੍ਰਮੁਖ ਪ੍ਰਧਾਨ ਬਾਬਾ ਖੜਕ ਸਿੰਘ ਬਣੇ। ਬਹੁਤ ਸਾਰੇ ਅਜਿਹੇ ਗੁਰੂਦੁਆਰੇ ਸਨ ਜਿਥੇ ਮਹੰਤ ਜੂਆ ਖੇਡਦੇ ਅਤੇ ਸ਼ਰਾਬ ਪੀਂਦੇ ਸਨ ਅਤੇ ਉਹਨਾਂ ਨੂੰ ਅੰਗਰੇਜ਼ ਸਰਕਾਰ ਦੀ ਸ਼ਹਿ ਪ੍ਰਾਪਤ ਸੀ। ਨਨਕਾਣਾ ਸਾਹਿਬ 20 ਫਰਵਰੀ 1921 ਨੂੰ ਗੁਰੂਦੁਆਰਾ ਸਾਹਿਬ ਦੀ ਸੰਭਾਲ ਲਈ ਗਏ 150 ਅਕਾਲੀਆ ਦੇ ਜੱਥੇ ਨੂੰ ਮਹੰਤ ਨਰਾਇਣ ਦਾਸ ਤੇ ਉਸਦੇ ਸੈਨਿਕਾਂ ਨੇ ਕਤਲ ਕਰ ਦਿੱਤਾ ਜਿਸਦਾ ਪੂਰੇ ਭਾਰਤ ਅਤੇ ਖਾਸਕਰ ਪੰਜਾਬ ਵਿੱਚ ਬਹੁਤ ਵਿਰੋਧ ਹੋਇਆ। ਅਕਾਲੀਆਂ ਦੇ ਸ਼ਾਂਤਮਈ ਪ੍ਰਦਰਸ਼ਨ ਅਤੇ ਸੰਘਰਸ਼ ਕਰਨ ਦੀ ਸ਼ਕਤੀ ਨੇ ਪੂਰੇ ਭਾਰਤ ਦੇ ਨੇਤਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਮਹੰਤ ਨਰੈਣ ਦਾਸ ਨੂੰ ਗ੍ਰਿਫਤਾਕ ਕਰਕੇ ਗੁਰੂਦੁਆਰੇ ਦਾ ਪ੍ਰਬੰਧ ਸਿੱਖਾਂ ਦੇ ਹੱਥ ਦਿੱਤਾ ਗਿਆ। ਮਹਾਤਮਾ ਗਾਂਧੀ ਜੀ ਉਚੇਰੇ ਤੌਰ ਤੇ ਨਨਕਾਣਾ ਸਾਹਿਬ ਪਹੁੰਚੇ ਅਤੇ ਸਿੱਖਾਂ ਨੂੰ ਸਿਰਫ ਪੰਜਾਬ ਹੀ ਨਹੀ ਸਗੋਂ ਸਮੁੱਚਾ ਭਾਰਤ ਅਜ਼ਾਦ ਕਰਵਾਉਣ ਦੀ ਜੰਗ ਵਿੱਚ ਸਾਂਝ ਦੀ ਮੰਗ ਕੀਤੀ ਅਤੇ ਨਨਕਾਣਾ ਸਾਹਿਬ ਦੇ ਸਾਕੇ ਨੂੰ ਅਜ਼ਾਦੀ ਦੀ ਪਹਿਲੀ ਜੰਗ ਕਹਿੰਦੇ ਹੋਏ ਵਾਸਤਾ ਪਾਇਆ ਕਿ ਅਸੀ ਦੇਸ਼ ਨਾਮਕ ਗੁਰੂਘਰ ਨੂੰ ਵੀ ਅਜ਼ਾਦ ਕਰਵਾਉਣ ਹੋ ਜਿੱਥੇ ਸਿੱਖਾਂ ਲਈ ਇੱਕ ਅਜ਼ਾਦ ਘਰ ਹੋਵੇਗਾ ਅਤੇ ਅਜ਼ਾਦੀ ਨਾਲ ਉਥੇ ਵਿਚਰ ਸਕਣਗੇ। ਮਹਾਤਮਾ ਗਾਂਧੀ ਜੀ ਦੇ ਵਾਅਦੇ ਅਤੇ ਸਹੁੰ ਤੋਂ ਪ੍ਰਭਾਵਿਤ ਹੋ ਕੇ ਪੰਜਾਬੀਆਂ ਨੇ ਦੇਸ ਪੰਜਾਬ ਨੂੰ ਅਜ਼ਾਦ ਕਰਵਾਉਣ ਦੀ ਥਾਂ ਪੂਰੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ।

ਗੁਰੂਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਵਾਇਸਰਾਏ ਦੀ ਕੋਠੀ ਲਈ ਢਾਹੁਣ ਦੇ ਵਿਰੁਧ ਮੋਰਚਾ, ਗੁਰੂ ਦੇ ਲੰਗਰਾਂ ਲਈ ਲੱਕੜਾਂ ਇੱਕਠੀਆਂ ਕਰਨ ਵੇਲੇ ਮਹੰਤ ਸੁੰਦਰ ਦਾਸ ਨਾਲ ਝੜਪ ਅਤੇ ਪੁਲੀਸ ਦੀ ਧੱਕੇਸ਼ਾਹੀ ਕਾਰਨ 'ਗੁਰੂ ਕੇ ਬਾਗ ਦਾ ਮੋਰਚਾ', ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਮੁੜ ਗੱਦੀ 'ਤੇ ਬਿਠਾਉਣ ਲਈ 'ਜੈਤੋਂ ਦਾ ਮੋਰਚਾ' ਆਦਿ ਮੁਖ ਮੋਰਚਿਆਂ ਕਰਕੇ ਗੁਰੂਦੁਆਰਾ ਸੁਧਾਰ ਲਹਿਰ ਵੱਡੇ ਪੱਧਰ 'ਤੇ ਸੰਘਰਸ਼ ਕਰਦੀ ਹੋਈ ਪੰਜਾਬ ਦੀ ਰਾਜਨੀਤੀ ਵਿੱਚ ਸ਼ਾਮਲ ਹੋਈ। ਗੁਰੂਦੁਆਰਾ ਸੁਧਾਰ ਲਹਿਰ ਦੇ ਨਾਲ ਹੀ ਬੱਬਰ ਅਕਾਲੀ ਲਹਿਰ ਸ਼ੁਰੂ ਹੋਈ ਜਿਸ ਦਾ ਮੰਤਵ ਸ਼ਾਂਤਮਈ ਢੰਗ ਨਾਲ ਗੁਰੂਦੁਆਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾਉਣਾ ਅਤੇ ਸੇਵਾ ਸੰਭਾਲ ਕਰਨਾ ਸੀ ਪਰੰਤੂ ਨਨਕਾਣਾ ਸਾਹਿਬ ਅਤੇ ਹੋਰ ਮੋਰਚਿਆਂ ਵਿੱਚ ਮਹੰਤਾਂ ਅਤੇ ਪ੍ਰਸ਼ਾਸਨ ਦੁਆਰਾ ਕੀਤੀ ਹਿੰਸਾ ਕਰਕੇ ਕੁਝ ਅਕਾਲੀ ਸ਼ਾਂਤਮਈ ਢੰਗਾਂ ਦੇ ਨਾਲ ਨਾਲ ਅੰਗਰੇਜ਼ਾਂ ਅਤੇ ਮਹੰਤਾਂ ਖਿਲਾਫ਼ ਹਥਿਆਰਬੰਦ ਸੰਘਰਸ਼ ਵਿੱਚ ਕਰਨ ਲੱਗੇ ਜਿਨ੍ਹਾਂ ਵਿੱਚ ਮਾਸਟਰ ਮੋਤਾ ਸਿੰਘ ਅਤੇ ਕ੍ਰਿਸ਼ਨ

ਸਿੰਘ ਗੱਜ਼ਗੱਜ ਮੋਢੀ ਸਨ। 20 ਵੀਂ ਸਦੀ ਦੇ ਅਰੰਭ ਵਿੱਚ ਭਾਰਤ ਵਿੱਚ ਇਸਲਾਮ ਵਿੱਚ ਮੁਸਲਿਮ ਲੀਗ, ਹਿੰਦੂਆਂ ਵਿੱਚ ਜਨਸੰਘ, ਵਿਸ਼ਵ ਹਿੰਦੂ ਪ੍ਰੀਸ਼ਦ ਜਾ 1925 ਵਿੱਚ ਸਵੈਅਮ ਸੇਵਕ ਸੰਘ ਅਤੇ ਸਿਖਾਂ ਵਿੱਚ ਅਕਾਲੀ ਦਲ ਦਾ ਉਭਾਰ ਹੋਇਆ ਜੋ ਪਹਿਲਾਂ ਸਮਾਜਿਕ ਅਤੇ ਧਾਰਮਿਕ ਪੱਧਰ 'ਤੇ ਸੰਗਠਤ ਸਨ ਅਤੇ ਲੋੜ ਤੇ ਹਾਲਤਾਂ ਮੁਤਾਬਕ ਰਾਜਨੀਤੀ ਵਿੱਚ ਵੀ ਸ਼ਾਮਲ ਹੋਏ। ਇਸ ਸਮੇਂ ਭਾਰਤ ਦੀ ਮੁੱਖ ਪਾਰਟੀ ਕਾਂਗਰਸ ਅੰਗਰੇਜ਼ਾਂ ਕੋਲੋ ਸ਼ਾਸਨ ਵਿੱਚ ਸਹਿਭਾਗਤਾ ਅਤੇ ਹਿੱਸੇ ਦੀ ਮੰਗ ਕਰ ਰਹੀ ਸੀ, ਪ੍ਰੰਤੂ ਰੂਸ ਦੀ ਕ੍ਰਾਂਤੀ ਤੋਂ ਪ੍ਰਭਾਵਿਤ ਸਾਮਵਾਦੀ ਵਿਚਾਰਧਾਰਾ ਵਾਲੇ ਨੌਜਵਾਨ ਸੰਪੂਰਨ ਅਜ਼ਾਦੀ ਲਈ ਸ਼ਾਂਤਮਈ ਅਤੇ ਹਥਿਆਰਾਂ ਦੀ ਵਰਤੋਂ ਦਾ ਸਮਰਥਨ ਕਰ ਰਹੇ ਸਨ। ਪੰਜਾਬ ਵਿੱਚ ਇਸ ਸਮੇ ਮਾਸਟਰ ਤਾਰਾ ਸਿੰਘ, ਕਰਤਾਰ ਸਿੰਘ ਝੱਬਰ, ਸੁੰਦਰ ਸਿੰਘ ਮਜੀਠੀਆ, ਤੇਜਾ ਸਿੰਘ ਅਕਰਪੁਰੀ, ਸੋਹਨ ਸਿੰਘ ਜੋਸ਼, ਤੇਜਾ ਸਿੰਘ ਸਮੁੰਦਰੀ ਆਦਿ। ਇਸ ਸਮੇਂ ਪੂਰੇ ਭਾਰਤੀ ਉਪਮਹਾਂਦੀਪ ਦੀ ਰਾਜਨੀਤੀ ਵਿੱਚ ਦੋ ਪ੍ਰਵਿਰਤੀਆਂ ਉਭਰੀਆਂ ; ਪਹਿਲੀ, ਪੂਰੇ ਭਾਰਤ ਨੂੰ ਇੱਕ ਇਕਾਈ ਮੰਨ ਕੇ ਅੰਗਰੇਜ਼ਾਂ ਤੋਂ ਸ਼ਾਸਨ ਵਿੱਚੋ ਹਿੱਸਾ ਪ੍ਰਾਪਤ ਕਰਨਾ ਜਾਂ ਅੰਗਰੇਜ਼ਾਂ ਨੂੰ ਭਾਰਤ ਵਿੱਚ ਕੱਢਣਾ ਦੂਸਰਾ, ਦੁਨੀਆ ਵਿੱਚ ਲੋਕਤੰਤਰੀ ਢੰਗ ਤਰੀਕਿਆਂ ਦੇ ਆਉਣ ਨਾਲ ਕੌਮਾਂ ਦੀ ਤਾਕਤ ਨਾਲੋ ਗਿਣਤੀ ਉਪਰ ਜ਼ਿਆਦਾ ਜ਼ੋਰ ਦਿੱਤਾ ਜਾਣ ਲੱਗਾ ਪੱਛਮ ਵਿੱਚ ਭਾਸ਼ਾ ਅਤੇ ਸੱਭਿਆਚਾਰ ਦੇ ਅਧਾਰ 'ਤੇ ਕੌਮਾਂ ਦਾ ਉਭਾਰ ਹੋਇਆ ਪਰ ਭਾਰਤੀ ਉਪ ਮਹਾਂਦੀਪ ਵਿੱਚ ਅੰਗਰੇਜ਼ਾਂ ਦੀ ਸੱਤ੍ਹਾ ਅਧੀਨ ਆਏ ਕਾਨੂੰਨਾਂ ਲਈ ਸੱਤ੍ਹਾ ਵਿੱਚ ਹਿਸੇਦਾਰੀ ਵਾਸਤੇ ਹਿੰਦੂ, ਮੁਸਲਿਮ, ਸਿੱਖ, ਧਰਮਾਂ ਵਿੱਚ ਸੱਤ੍ਹਾ ਵਿੱਚ ਹਿਸੇਦਾਰੀ ਦੀ ਮੰਗ ਉੱਠੀ ਇਸ ਲਈ ਅੰਗਰੇਜ਼ਾਂ ਉਪਰ ਉਹਨਾਂ ਦੇ ਰਾਜ ਕਰਨ ਸਮੇ ਹਰ ਧਰਮ ਦੀਆਂ ਜੱਥੇਬੰਦੀਆਂ ਨੇ ਅਪਣੇ ਧਰਮ ਤੇ ਸੱਭਿਆਚਾਰ ਦੇ ਹੱਕ ਵਿੱਚ ਵਿਧਾਨਕ ਢਾਂਚਾ ਉਸਾਰਨ ਲਈ ਸੰਘਰਸ਼ ਕੀਤਾ ਇਸੇ ਢੰਗ ਨਾਲ ਪੰਜਾਬ ਵਿੱਚ ਵੀ ਇਹੀ ਪ੍ਰਵਿਰਤੀ ਭਾਰੂ ਸੀ ਪਰੰਤੂ ਅੰਗਰੇਜ਼ਾਂ ਨਾਲ ਸਾਂਝ ਅਤੇ ਜ਼ਿਮੀਦਾਰਾ ਬੰਦੋਬਸਤ ਨਾਲ ਸਬੰਧਤ ਯੂਨੀਅਨਿਸਟ ਪਾਰਟੀ ਸਰਬ ਧਰਮ ਸੰਗਮ ਦੇ ਅਧਾਰ 'ਤੇ ਪੰਜਾਬ ਦੀ ਰਾਜਨੀਤੀ ਵਿੱਚ ਭਾਰੂ ਸੀ। ਸੰਨ 1921 ਤੱਕ ਪੰਜਾਬ ਵਿੱਚ ਕਾਂਗਰਸ ਜਾਂ ਮੁਸਲਿਮ ਲੀਗ ਦਾ ਕੋਈ ਅਧਾਰ ਨਹੀ ਸੀ।

ਸੰਨ 1897 ਵਿੱਚ ਪੰਜਾਬ ਵਿੱਚ ਲੈਫਟੀਨੈਂਟ ਗਵਰਨਰ ਦੀ ਅਗਵਾਈ ਵਿੱਚ ਵਿਧਾਨਕ ਕੌਂਸਲ ਬਣੀ ਸੀ। ਭਾਰਤੀ ਕੌਂਸਲ ਐਕਟ 1909 ਪਹਿਲੀ ਵਾਰ ਚੋਣਾਂ ਦਾ ਆਰੰਭ ਹੋਇਆ ਅਤੇ ਆਧੁਨਿਕ ਸਿਆਸਤ ਦੀ ਨੀਂਹ ਰੱਖੀ ਗਈ। ਮੁਸਲਮਾਨਾਂ ਨੂੰ ਰਾਖਵੇਂ ਚੋਣ ਮੰਡਲ ਦਿੱਤੇ ਗਏ। ਪਹਿਲੇ ਵਿਸ਼ਵ ਯੁੱਧ 1914-1919 ਵਿਚ ਬ੍ਰਿਟੇਨ ਨੂੰ ਭਾਰਤ ਵਿੱਚੋਂ ਖਾਸਕਰ ਪੰਜਾਬ ਵਿੱਚ ਫ਼ੌਜੀ ਭਰਤੀ ਦੀ ਜ਼ਰੂਰਤ ਸੀ ਇਸ ਲਈ ਕੁਝ ਧਿਰਾਂ ਨੇ ਅੰਗਰੇਜ਼ਾਂ ਦਾ ਵਿਰੋਧ ਕੀਤਾ ਪਰੰਤੂ ਅੰਗਰੇਜ਼ਾਂ ਨੇ ਵੱਖ-ਵੱਖ ਧਰਮਾ ਦੀਆਂ ਜੱਥੇਬੰਦੀਆਂ ਨਾਲ ਯੁੱਧ ਤੋਂ ਬਾਅਦ ਸਵੈ-ਸ਼ਾਸਨ ਜਾ ਸ਼ਾਸਨ ਵਿੱਚ ਹਿੱਸੇਦਾਰੀ ਵਧਾਉਣ ਦਾ ਵਾਅਦਾ ਕੀਤਾ ਜਿਸ ਨਾਲ ਪੰਜਾਬ ਵਿੱਚੋ ਵੱਡੇ ਪੱਧਰ 'ਤੇ ਭਰਤੀ ਹੋਈ ਅਤੇ ਪੰਜਾਬੀ ਨੌਜਵਾਨ ਇੰਗਲੈਂਡ ਲਈ ਵਿਸ਼ਵ ਯੁੱਧ ਲੜੇ। ਵੱਖ-ਵੱਖ ਜੰਗੀਰਦਾਰਾਂ ਅਤੇ ਜੱਥੇਬੰਦੀਆਂ ਨੇ ਨੌਜਵਾਨਾਂ ਨੂੰ ਫ਼ੌਜੀ ਭਰਤੀ ਲਈ ਪ੍ਰੇਰਿਤ ਕੀਤਾ।

ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅੰਗਰੇਜਾਂ ਵੱਲੋਂ ਮਨਟੈਗੋ-ਚੈਮਸਫੋਰਡ ਦੀ ਅਗਵਾਈ ਵਿੱਚ ਭਾਰਤ ਸਰਕਾਰ ਐਕਟ 1919 ਲਿਆਂਦਾ ਗਿਆ ਜਿਸ ਵਿੱਚ ਰਾਖਵੇਂ ਚੋਣ-ਮੰਡਲਾਂ ਵਿੱਚ ਮੁਸਲਿਮ ਤੋਂ ਇਲਾਵਾ ਸਿੱਖ, ਐਗਲੋਂ ਭਾਰਤੀ ਅਤੇ ਯੂਰਪੀਅਨਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਜਿਸਨੂੰ ਕਾਂਗਰਸ ਅਤੇ ਹੋਰ ਜੱਥੇਬੰਦਿਆਂ ਨੇ ਅੰਗਰੇਜਾਂ ਦੀ "ਪਾੜੋ ਅਤੇ ਰਾਜ ਕਰੋ' ਦੀ ਨੀਤੀ ਕਿਹਾ। ਇਸਦੇ ਉਲਟ ਰਾਖਵੇਂ ਵਰਗਾਂ ਨਾਲ ਸਬੰਧਿਤ ਆਗੂਆਂ ਨੇ ਇਸਨੂੰ ਸਰਾਹਿਆ।

ਸੰਨ 1925 ਵਿੱਚ ਸਿੱਖ ਗੁਰੂਦੁਆਰਾ ਐਕਟ ਪਾਸ ਹੋਇਆ ਜਿਸ ਵਿੱਚ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਰਾਹੀ ਸਿੱਖਾਂ ਗੁਰੂਦੁਆਰਿਆਂ ਦੀ ਸੇਵਾ ਸੰਭਾਲ ਦਾ ਕਾਨੂੰਨੀ ਹੱਕ ਮਿਲਿਆ ਅਤੇ ਪੰਜਾਬ ਦੀ ਵਿਧਾਨ ਸਭਾ ਜਾ ਕੇਂਦਰੀ ਵਿਧਾਨ ਸਭਾ ਵਿੱਚ ਨੁਮਾਇੰਦਗੀ ਲਈ ਸਿੱਖਾਂ ਨੇ 1920 ਵਿੱਚ ਹੀ "ਅਕਾਲੀ ਦਲ" ਨਾਂ ਦੀ ਪਾਰਟੀ ਬਣਾਈ ਜਿਸਨੂੰ 20 ਵੀਂ ਸਦੀ ਵਿੱਚ ਖਾਸਕਰ ਮਾਸਟਰ ਤਾਰਾ ਸਿੰਘ ਨੇ ਅਗਵਾਈ ਦਿੱਤੀ। ਪੰਜਾਬ ਵਿੱਚ ਵੱਡੇ ਪੱਧਰ 'ਤੇ ਹਿੰਦੂ, ਸਿੱਖ, ਮੁਸਲਿਮ ਕਾਂਗਰਸ ਵਿੱਚ ਸ਼ਾਮਿਲ ਹੋਏ ਦੂਜੇ ਪਾਸੇ ਆਰੀਆ ਸਮਾਜੀ ਲੀਡਰ ਲਾਲਾ ਲਾਜਪਤ ਰਾਏ, ਅਕਾਲੀ ਦਲ ਸਿੱਖਾਂ ਲਈ ਅਤੇ ਯੂਨੀਅਨਿਸਟ ਪਾਰਟੀ (Unionist Party) ਜਿਮੀਂਦਾਰਾਂ ਲਈ ਪੰਜਾਬ ਵਿੱਚ ਨੁਮਾਇੰਦਗੀ ਲਈ ਉੱਤਰੀ। ਸੋਵੀਅਤ ਸੰਘ (ਰੂਸ) ਦੇ, ਲੈਨਿਨ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਵਿੱਚ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ ਨੇ ਨੌਜਵਾਨ ਭਾਰਤ ਸਭਾ ਅਤੇ ਹਿੰਦੋਸਤਾਨ ਰਿਪਲਿਕਨਜ਼ ਐਸੋਸੀਏਸ਼ਨ ਰਾਹੀ ਅੰਗਰੇਜ਼ ਸਰਕਾਰ ਅਤੇ ਉਸਦੀਆਂ ਨੀਤੀਆਂ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ।

ਮੁਸਲਮਾਨਾਂ ਦੀ ਨੁਮਾਇੰਦਗੀ ਕਰਨ ਲਈ ਭਾਰਤੀ ਮੁਸਲਿਮ ਲੀਗ ਨਾਂ ਦੀ ਜੱਥੇਬੰਦੀ 1906 ਵਿੱਚ ਬਣਾਈ ਗਈ ਜਿਸਨੇ ਰਾਖਵੇਂ ਮੁਸਲਿਮ ਚੋਣ ਮੰਡਲ ਅਤੇ ਸ਼ਾਸਨ ਦੇ ਵਿੱਚ ਮੁਸਲਮਾਨਾਂ ਦੀ ਹਿੱਸੇਦਾਰੀ ਲਈ ਸੰਘਰਸ਼ ਕੀਤਾ। ਮੁਹੰਮਦ ਅਲੀ ਜਿਨਾਹ ਇਸਦੇ ਪ੍ਰਮੁੱਖ ਆਗੂ ਸਨ।

ਮੁਸਲਿਮ ਲੀਗ ਅਤੇ ਅਕਾਲੀ ਦਲ ਨੂੰ ਇਹ ਖਦਸ਼ਾ ਸੀ ਕਿ ਕਾਂਗਰਸ ਜੋ ਕਿ ਭਾਰਤ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਦੀ ਗੱਲ ਕਰਦੀ ਹੈ। ਉਸਦਾ ਝੁਕਾਅ ਹਿੰਦੂ ਬਹੁਗਿਣਤੀ ਵੱਲ ਹੈ। ਬ੍ਰਿਟਿਸ਼ ਸਰਕਾਰ ਵੱਲੋਂ 1919 ਦੇ ਰੌਲਟ ਐਕਟ ਬਾਰੇ ਦੇਸ ਉਪਰ ਸੰਵਿਧਾਨਿਕ ਪ੍ਰਭਾਵਾਂ ਨੂੰ ਜਾਨਣ ਲਈ ਸੰਨ 1927 ਵਿਚ ਬ੍ਰਿਟਿਸ਼ ਪਾਰਲੀਮੈਂਟ ਦੁਆਰਾ ਸਰ ਜੌਹਨ ਸਾਈਮਨ (Sir John Simon) ਦੀ ਅਗਵਾਈ ਵਿੱਚ 'ਸਾਈਮਨ ਕਮਿਸ਼ਨ' ਭਾਰਤ ਵਿੱਚ ਭੇਜਿਆ ਜਿਸ ਵਿੱਚ ਕੋਈ ਵੀ ਭਾਰਤੀ ਨਾ ਸ਼ਾਮਲ ਹੋਣ ਕਰਕੇ ਅਤੇ ਅੰਗਰੇਜ਼ਾਂ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਕਰਕੇ ਪੂਰੇ ਭਾਰਤ ਵਿੱਚ ਵਿਰੋਧ ਹੋਇਆ ਪਰੰਤੂ ਡਾ. ਬੀ. ਆਰ. ਅੰਬੇਦਕਰ, ਸਰ ਛੋਟੂ ਰਾਮ ਆਦਿ ਆਗੂਆਂ ਨੇ ਇਸਦਾ ਸਮਰਥਨ ਕੀਤਾ। ਲਾਹੌਰ ਵਿੱਚ ਇਸਦੇ ਵਿਰੋਧ ਵਿੱਚ ਲਾਲ ਲਾਜਪਤ ਰਾਏ ਅਤੇ ਹੋਰ ਲੋਕਾਂ ਉਪਰ ਪੁਲਿਸ ਅਧਿਕਾਰੀਆਂ ਵੱਲੋਂ ਲਾਠੀਚਾਰਜ ਕੀਤਾ ਗਿਆ ਜਿਸਦੀ ਬਹੁਤ ਨਿੰਦਾ ਹੋਈ ਕਿਉਂਕਿ ਕੁਝ ਦਿਨਾਂ ਬਾਅਦ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਪੰਜਾਬ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਹਿੰਸਕ ਅਤੇ ਸੰਕੇਤਕ ਕਾਰਵਾਈਆਂ ਨਾਲ ਸਰਕਾਰ ਨੂੰ ਡਰਾਉਣ ਅਤੇ ਭਾਰਤੀਆਂ ਨੂੰ ਜਗਾਉਣ ਦੀ ਕੋਸ਼ਿਸ ਕੀਤੀ ਜਿਸ ਵਿੱਚ ਸਾਂਡਰਸ ਦਾ ਕਤਲ ਅਤੇ ਅਸੈਂਬਲੀ ਵਿੱਚ ਸੰਕੇਤਕ ਬੰਬ ਸੁੱਟਣਾ ਸ਼ਾਮਲ ਸੀ ਅਤੇ ਕਈ ਕ੍ਰਾਂਤੀਕਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਸਨੇ ਪੂਰੇ ਭਾਰਤ ਖਾਸਕਰ ਪੰਜਾਬ ਵਿੱਚ ਲੋਕਾਂ ਦੀ ਵਿਦਰੋਹ ਨੂੰ ਭੜਕਾ ਦਿੱਤਾ।

ਪੰਜਾਬ ਦੀਆਂ ਪਟਿਆਲਾ, ਜੀਂਦ, ਨਾਭਾ ਆਦਿ ਰਿਆਸਤਾਂ ਅਤੇ ਰਾਜਾਂ ਵਿੱਚ ਲੋਕਾਂ ਦੇ ਹੱਕਾਂ ਦੀ ਰੱਖਿਆ ਪ੍ਰਤੀਨਿਧੀ ਸੰਸਥਾਵਾਂ ਖੋਲਣ ਅਤੇ ਕਿਸਾਨਾਂ ਦੀ ਹਾਲਤ ਵਿੱਚ ਸੁਧਾਰ ਲਈ 1928 ਈ. ਵਿੱਚ ਪਰਜਾ ਮੰਡਲ ਲਹਿਰ ਚੱਲੀ ਜਿਸਨੇ ਸੇਵਾ ਸਿੰਘ ਠੀਕਰੀਵਾਲਾ, ਭਗਵਾਨ ਸਿੰਘ ਲੌਂਗੋਵਾਲੀਆ, ਮਾਸਟਰ ਤਾਰਾ ਸਿੰਘ ਆਦਿ ਆਗੂਆਂ ਦੀ ਅਗਵਾਈ ਵਿੱਚ ਮਾਲਵੇ ਦੇ ਖੇਤਰ ਵਿੱਚ ਰਿਆਸਤਾਂ ਦੀ ਬਰਖਾਸਤਗੀ ਅਤੇ ਲੋਕਾਂ ਦੇ ਰਾਜ ਦੀ ਆਵਾਜ਼ ਚੁੱਕੀ।

ਸਾਈਮਨ ਕਮਿਸ਼ਨ ਦੇ ਵਿਰੋਧ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਭਾਰਤੀਆਂ ਨੂੰ ਖੁਦ ਕਾਨੂੰਨ ਬਨਾਉਣ ਲਈ ਕਿਹਾ ਗਿਆ ਜਿਸ ਤੋਂ ਬਾਅਦ ਮੋਤੀ ਲਾਲ ਨਹਿਰੂ ਦੁਆਰਾ 1928 ਵਿੱਚ ਬ੍ਰਿਟਿਸ਼ ਸਾਮਰਾਜ ਅਧੀਨ ਸਵੈ ਸ਼ਾਸਨ ਵਾਸਤੇ ਭਾਰਤ ਲਈ Domnion Status ਦੀ ਮੰਗ ਕੀਤੀ ਗਈ ਅਤੇ ਰਾਖਵੇ ਚੋਣ ਮੰਡਲ ਦੀ ਥਾਂ ਘੱਟ-ਗਿਣਤੀਆਂ ਲਈ ਨਿਸਚਤ ਕੋਟੇ ਦੀ ਸਿਫਾਰਸ਼ ਕੀਤੀ ਗਈ ਜਿਸਨੂੰ ਅੰਗਰੇਜ਼ ਸਰਕਾਰ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਦੂਸਰੇ ਪਾਸੇ ਮੁਸਲਿਮ ਲੀਗ ਅਤੇ ਸਿੱਖਾਂ ਦੁਆਰਾ ਕੇਂਦਰੀ ਵਿਧਾਨ ਸਭਾ ਅਤੇ ਪੰਜਾਬ ਵਿਧਾਨ ਸਭਾ ਵਿੱਚ ਬਰਾਬਰ ਰਾਖਵਾਕਰਨ ਜਾਂ ਰਾਖਵੇਂ ਚੋਣ ਮੰਡਲਾਂ ਦੀ ਮੰਗ ਰੱਖੀ ਗਈ ਜਿਸ ਕਾਰਨ ਮੁਸਲਮਾਨਾਂ ਲਈ ਆਪਣੇ ਅਲੱਗ ਦੇਸ ਲਈ ਮੰਗ ਨੇ ਜ਼ੋਰ ਫੜ ਲਿਆ। ਪ੍ਰੰਤੂ ਇਹ ਮੰਗ ਸੰਯੁਕਤ ਪ੍ਰਾਂਤ (ਮੌਜੂਦਾ ਉਤਰ ਪ੍ਰਦੇਸ਼) ਵੱਲ ਸੀ, ਪੰਜਾਬ ਵਿੱਚ ਨਹੀ। 31 ਦਸੰਬਰ 1929 ਨੂੰ ਰਾਵੀ ਨਦੀ ਦੇ ਕੰਢੇ ਲਾਹੌਰ ਵਿਖੇ ਕਾਂਗਰਸ ਨੇ ਆਪਣੇ ਸ਼ੈਸ਼ਨ ਵਿੱਚ ਅੰਗਰੇਜ਼ਾਂ ਵੱਲੋਂ ਭਾਰਤ ਵਿੱਚ ਪੂਰਨ ਸਵਰਾਜ ਪ੍ਰਾਪਤ ਕਰਨ ਦਾ ਮਤਾ ਪਾਸ ਕਰ ਦਿੱਤਾ ਕਿਉਂਕਿ ਸਾਈਮਨ ਕਮਿਸ਼ਨ ਦੇ ਵਿਰੋਧ ਤੋਂ ਬਾਅਦ ਨਹਿਰੂ ਰਿਪੋਰਟ ਨੂੰ ਰੱਦ ਕਰ ਦਿੱਤਾ ਗਿਆ ਸੀ। ਸਾਈਮਨ ਕਮਿਸ਼ਨ ਨੇ 1930 ਵਿੱਚ ਰਿਪੋਰਟ ਸੌਂਪੀ ਅਤੇ ਰਾਜਾਂ ਵਿੱਚ ਪ੍ਰਤੀਨਿਧੀ ਸਰਕਾਰ ਬਣਾਉਣ ਦੇ ਨਾਲ-ਨਾਲ ਮੁਸਲਿਮਾਂ ਲਈ ਰਾਖਵੇਂ ਚੋਣ ਮੰਡਲ ਜਾਰੀ ਰੱਖੇ ਗਏ। ਮੁਹੰਮਦ ਅਲੀ ਜਿਨਾਹ ਨੇ ਮੋਤੀ ਲਾਲ ਨਹਿਰੂ ਦੀ ਰਿਪੋਰਟ ਦੇ ਵਿਰੋਧ ਵਿੱਚ 14 ਨੁਕਤਿਆਂ ਦਾ ਮੁਸਲਮਾਨਾਂ ਲਈ ਮੰਗਾਂ ਬ੍ਰਿਟਿਸ਼ ਸਰਕਾਰ ਕੋਲ ਰੱਖੀਆਂ ਇਸ ਲਈ ਭਾਰਤ ਵਿਚਲੇ ਸਾਰੇ ਵਰਗਾਂ ਦੇ ਆਗੂਆਂ ਅਤੇ ਅੰਗਰੇਜ਼ ਸਰਕਾਰ ਵਿੱਚ ਭਵਿੱਖ ਦੇ ਕਾਨੂੰਨ ਤੈਅ ਕਰਨ ਲਈ ਤਿੰਨ ਗੋਲ ਮੇਜ਼ ਕਾਨਫਰੰਸਾਂ ਕੀਤੀਆਂ ਗਈਆਂ ਤਾਂ ਜੋ ਅਜਿਹਾ ਕਾਨੂੰਨ ਬਣਾਇਆ ਜਾਵੇ ਜੋ ਸਾਰੇ ਵਰਗਾਂ ਲਈ ਵਾਜਬ ਹੋਵੇ ਕਿਉਕਿ ਅੰਗਰੇਜ਼ਾਂ ਖਿਲਾਫ਼ ਹਰ ਪੱਧਰ 'ਤੇ ਵਿਦਰੋਹ ਉੱਠ ਖੜ੍ਹਿਆ ਸੀ। ਹਿੰਦੋਸਤਾਨ ਸੋਸ਼ਲਿਸਟ ਰਿਪਲਿਕਨ ਐਸੋਸੀਏਸ਼ਨ, ਦੇ ਮੈਬਰ ਚੰਦਰ ਸ਼ੇਖਰ ਅਜ਼ਾਦ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਦੁਰਗਾ ਭਾਬੀ ਆਦਿ ਅੰਗਰੇਜ਼ਾਂ ਨਾਲ ਹਥਿਆਰਬੰਦ ਟੱਕਰ ਕਰਕੇ ਜੇਲ੍ਹਾਂ ਵਿੱਚ ਬੰਦ ਸਨ ਅਤੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਜਿਸ ਕਰਕੇ ਦੇਸ਼ ਵਿੱਚ ਅੰਗਰੇਜ਼ਾਂ ਖਿਲਾਫ ਆਮ ਜਨਤਾ ਭੜਕ ਉੱਠੀ ਸੀ। ਡਾ. ਬੀ. ਆਰ ਅੰਬੇਦਕਰ ਦਲਿਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਬਰਾਬਰ ਸਮਾਜਿਕ, ਰਾਜਨੀਤਕ, ਅਧਿਕਾਰਾਂ ਲਈ ਜਾਤ-ਪਾਤ ਵਿਰੋਧੀ ਅੰਦੋਲਨ ਚਲਾ ਰਹੇ ਸਨ ਅਤੇ ਲੋੜ ਅਨੁਸਾਰ ਸਰਕਾਰ ਤੋਂ ਕਾਨੂੰਨ ਵਿੱਚ ਸੋਧ ਕਰਨ ਲਈ ਵੀ ਮੰਗ ਕਰ ਰਹੇ ਸਨ ਤਾਂ ਜੋ ਦਲਿਤਾਂ ਲਈ ਵੀ ਰਾਖਵੇਂ ਚੋਣ ਮੰਡਲ ਦਿੱਤੇ ਜਾ ਸਕਣ।

ਪਹਿਲੀ ਗੋਲ ਮੇਜ਼ ਕਾਨਫ਼ੰਰਸ ਸੰਨ 1930 ਵਿੱਚ ਹੋਈ ਜਿਸ ਵਿੱਚ ਬ੍ਰਿਟੇਨ ਦੇ ਤਿੰਨ ਦਲਾਂ ਦੇ 16 ਪ੍ਰਤੀਨਿਧੀ, 58 ਪ੍ਰਤੀਨਿਧੀ ਭਾਰਤ ਦੇ ਦਲਾਂ ਵਿੱਚੋਂ ਅਤੇ 16 ਰਿਆਸਤਾਂ ਵੱਲੋਂ ਨਾਮਜਦ ਕੀਤੇ ਗਏ ਸਨ ਜਿਸ ਵਿੱਚ ਡਾ. ਬੀ. ਆਰ ਅੰਬੇਦਕਰ ਜੀ ਦੁਆਰਾ ਦਲਿਤਾਂ ਲਈ ਰਾਖਵੇਂ ਚੋਣ ਮੰਡਲਾਂ ਦੀ ਮੰਗ, ਤੇਜ ਬਹਾਦਰ ਸਪਰੂ ਜੀ ਦੁਆਰਾ ਭਾਰਤ ਨੂੰ ਇੱਕ

ਫੈਡਰੇਸ਼ਨ ਬਨਾਉਣ ਬਾਰੇ ਮੁਸਲਿਮ ਲੀਗ ਅਤੇ ਰਿਆਸਤਾਂ ਸਹਿਮਤ ਹੋ ਗਈਆਂ ਪ੍ਰੰਤੂ ਨਾ ਮਿਲਵਰਤਨ ਅੰਦੋਲਨ ਕਾਰਨ ਅਤੇ ਪੂਰਨ ਸਵਰਾਜ ਦੀ ਮੰਗ ਕਾਰਨ ਕਾਂਗਰਸ ਦੇ ਵੱਡੇ ਆਗੂ ਜੇਲ੍ਹ ਵਿੱਚ ਬੰਦ ਸਨ ਇਸ ਲਈ ਪਹਿਲੀ ਗੋਲ ਮੇਜ਼ ਕਾਨਫਰੰਸ, ਕਾਂਗਰਸ ਦੀ ਗੈਰ ਹਾਜ਼ਰੀ ਕਾਰਨ ਕੁਝ ਖਾਸ ਨਹੀ ਕਰ ਸਕੀ। ਸੰਨ 1931 ਵਿੱਚ ਗਾਂਧੀ- ਇਰਵਿਨ ਪੈਕਟ ਹੋਣ ਤੇ ਦੂਸਰੀ ਗੋਲ ਮੇਜ਼ ਕਾਨਫ਼ਰੰਸ 7 ਸਤੰਬਰ 1931 ਨੂੰ ਹੋਈ ਜਿਸ ਵਿੱਚ ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ, ਮੁਹੰਮਦ ਇਕਬਾਲ ਡਾ ਮੁੰਜੇ, ਡਾ. ਅੰਬੇਦਕਰ, ਸਰਦਾਰ ਉੱਜਲ ਸਿੰਘ ਅਤੇ ਸਰਦਾਰ ਸੰਪੂਰਨ ਸਿੰਘ ਵੱਲੋ ਭਾਗ ਲਿਆ ਪ੍ਰਧਾਨ ਮੰਤਰੀ ਰਮਸੇ ਮੈਕਡੋਨਾਲਡ ਇਸਦੀ ਪ੍ਰਧਾਨਗੀ ਕਰ ਰਹੇ ਸੀ।

ਬ੍ਰਿਟੇਨ ਨੇ ਭਾਰਤ ਦੀਆਂ ਘੱਟ ਗਿਣਤੀਆਂ ਲਈ ਰਾਖਵੇਂ ਚੋਣ ਮੰਡਲਾਂ ਦੇਣ ਦੀ ਸਿਫਾਰਸ਼ ਕੀਤੀ ਅਤੇ ਡਾ. ਬੀ. ਆਰ ਅੰਬੇਦਕਰ ਜੀ ਨੇ ਅਨੁਸੂਚਿਤ ਜਾਤੀਆਂ ਲਈ ਵੀ ਅਲੱਗ ਰਾਖਵੇਂ ਚੋਣ ਮੰਡਲਾਂ ਦੀ ਮੰਗ ਕੀਤੀ ਜਿਸਦਾ ਮਹਾਤਮਾ ਗਾਂਧੀ ਵੱਲੋਂ ਵਿਰੋਧ ਹੋਇਆ ਅਤੇ ਲੰਬਾ ਸਮਾਂ ਇਸਦੇ ਵਿਰੁੱਧ ਮਰਨ ਵਰਤ ਰੱਖਣ ਤੋਂ ਬਾਅਦ 1932 ਵਿੱਚ ਪੂਨਾ ਪੈਕਟ ਹੋਇਆ ਜਿਸ ਵਿੱਚ ਮਜਬੂਰੀ ਵੱਸ ਡਾ. ਅੰਬੇਦਕਰ ਜੀ ਨੂੰ ਦਲਿਤਾਂ ਲਈ ਰਾਖਵੇ ਚੋਣ ਖੇਤਰਾਂ ਦੀ ਮੰਗ ਦੀ ਥਾਂ ਹਿੰਦੂ ਸੀਟਾਂ ਵਿੱਚੋਂ ਹੀ ਰਾਖਵੀਆਂ ਸੀਟਾਂ ਰੱਖਣ ਲਈ ਸਮਝੌਤਾ ਹੋਇਆ। ਸਿੱਖਾਂ ਤੇ ਮੁਸਲਿਮ ਲੀਗ ਨੇ ਰਾਖਵੇ ਚੋਣ ਮੰਡਲਾਂ ਦਾ ਸਮਰਥਨ ਕੀਤਾ ਅਤੇ ਆਪਣੇ ਲਈ ਵੱਧ ਤੋਂ ਵੱਧ ਸੀਟਾਂ ਦੀ ਮੰਗ ਕੀਤੀ।

ਉਹਨਾਂ ਦੀਆਂ ਸਿਫਾਰਸ਼ਾਂ ਸੁਣ ਕੇ ਭਾਰਤ ਸਰਕਾਰ ਐਕਟ, 1935 ਤਿਆਰ ਕਰਨ ਲਈ ਪਾਰਲੀਮੈਂਟ ਨੂੰ ਸਿਫਾਰਸ਼ਾਂ ਭੇਜ ਦਿੱਤੀਆਂ ਗਈਆਂ ਅਤੇ ਤੀਸਰੀ ਗੋਲਮੇਜ਼ ਕਾਨਫੰਰਸ ਤੋਂ ਬਾਅਦ ਇੰਗਲੈਂਡ ਦੇ ਪ੍ਰਧਾਨ ਮੰਤਰੀ ਰਮਸੇ ਮੈਕਡੋਨਾਲਡ ਨੇ ਦੱਬੀਆ ਕੁਚਲੀਆਂ ਜਾਤਾਂ ਅਤੇ ਘੱਟ ਗਿਣਤੀਆਂ ਨੂੰ ਵੀ ਰਾਖਵੇ ਚੋਣ ਹਲਕੇ ਦੇਣ ਦਾ ਐਲਾਨ ਕਰ ਦਿੱਤਾ। ਕਾਂਗਰਸ ਨੇ ਇਸਦਾ ਵਿਰੋਧ ਕੀਤਾ ਕਿਉਂਕਿ ਸ਼ਾਇਦ ਕਾਂਗਰਸ ਪੂਰੇ ਦੇਸ਼ ਲਈ ਖੁਦ ਹੀ ਇੱਕਲੀ ਨੁੰਮਾਇਦਾ ਪਾਰਟੀ ਬਣਨਾ ਚਾਹੁੰਦੀ ਸੀ ਪਰ ਮੁਸਲਿਮ ਲੀਗ ਅਤੇ ਸਿੱਖ, ਕਾਂਗਰਸ ਦਾ ਹਿੰਦੂ ਪੱਖੀ ਹੋਣਾ ਮਹਿਸੂਸ ਕਰਦੇ ਸਨ।

ਭਾਰਤ ਸਰਕਾਰ ਐਕਟ, 1935 (Government of India act 1935) ਵਿੱਚ, ਰਾਜਾਂ ਵਿੱਚ ਦੋਹਰੀ ਸ਼ਾਸਨ ਪ੍ਰਨਾਲ਼ੀ ਖ਼ਤਮ ਕਰਕੇ ਖੁਦਮੁਖਤਿਆਰੀ ਦਿੱਤੀ ਗਈ। ਭਾਰਤ ਨੂੰ ਰਾਜਾਂ ਦਾ ਸੰਘ (Federation of India) ਬਨਾਉਣ ਦੀ ਸਿਫਾਰਸ਼ ਕੀਤੀ ਗਈ ਅਤੇ ਸਿੱਧੀਆਂ ਚੋਣਾਂ ਲਈ ਵੋਟਰਾਂ ਦੀ ਗਿਣਤੀ 5 ਮਿਲੀਅਨ (50 ਲੱਖ) ਤੋ 35 ਮਿਲੀਅਨ (3.50 ਕਰੋੜ) ਕੀਤੀ ਗਈ ਜਿਸ ਵਿੱਚ ਜਿਮੀਂਦਾਰ, ਧਾਰਮਿਕ ਸੰਸਥਾਵਾਂ ਦੇ ਆਗੂ, ਯੂਨੀਵਰਸਿਟੀਆਂ, ਬੋਰਡਾਂ ਆਦਿ ਦੇ ਮੈਂਬਰ ਅਤੇ ਟੈਕਸ ਦੇਣ ਵਾਲੇ ਲੋਕ ਸ਼ਾਮਲ ਸਨ। ਰਾਜਾਂ ਦੇ ਵਿੱਚ ਬਚੀਆਂ ਤਾਕਤਾਂ (Resudury Powers) ਗਵਰਨਰਾਂ ਕੋਲ ਰੱਖੀਆਂ ਗਈਆਂ ਅਤੇ ਜ਼ਿੰਮੇਵਾਰ ਸਰਕਾਰ ਬਨਾਉਣ ਦੀ ਕਿਰਿਆ ਸ਼ੁਰੂ ਹੋਈ। ਸੰਨ 1937 ਵਿੱਚ ਰਾਜਾਂ ਵਿੱਚ ਚੋਣਾਂ ਹੋਈਆਂ ਸਨ ਇਸ ਲਈ ਵੱਖ ਵੱਖ ਵਰਗਾ ਵੱਲੋਂ ਚੋਣਾਂ ਲੜਨ ਲਈ ਪਾਰਟੀਆਂ ਬਣਾਈਆਂ ਗਈਆਂ।

ਪੰਜਾਬ ਵਿੱਚ ਉਸ ਸਮੇਂ ਯੂਨੀਅਨਿਸਟ ਪਾਰਟੀ ਜੋ ਪੰਜਾਬ ਦੇ ਸਾਰੇ ਧਰਮਾਂ ਦੇ ਜ਼ਿਮੀਦਾਰਾਂ ਨੂੰ ਦੀ ਨੁਮਾਇੰਦਗੀ ਕਰਦੀ ਸੀ ਅਤੇ ਸਿੱਖਾਂ ਵੱਲੋਂ ਖਾਲਸਾ ਨੈਸ਼ਨਲ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਨ। ਕਾਂਗਰਸ ਉਸ ਸਮੇਂ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲ ਰਹੀ ਸੀ। ਹਿੰਦੂ ਚੋਣ ਬੋਰਡ, ਪੰਜਾਬ ਦੇ ਹਿੰਦੂਆਂ ਦੀ ਸਿਆਸੀ ਜਮਾਤ ਦੇ ਤੌਰ 'ਤੇ ਹੋਂਦ ਵਿੱਚ ਮੁਸਲਿਮ ਲੀਗ ਅਤੇ ਕਾਂਗਰਸ ਦਾ ਬਹੁਤ ਅਧਾਰ ਨਹੀ ਸੀ।

ਜਾਤ-ਪਾਤ ਤੋੜਕ ਮੰਡਲ : ਪੰਜਾਬ ਵਿੱਚ ਆਰੀਆ ਸਮਾਜ ਦੇ ਆਗੂ ਭਾਈ ਪਰਮਾਨੰਦ, ਹਰਭਗਵਾਨ ਆਦਿ ਨੇ ਹਿੰਦੂਆਂ ਵਿੱਚ ਜਾਤ-ਪਾਤ ਖ਼ਤਮ ਕਰਨ ਲਈ ਜਾਤ-ਪਾਤ ਤੋੜਕ ਮੰਡਲ ਬਣਾਇਆ ਪਰ ਡਾ. ਅੰਬੇਦਕਰ ਦੁਆਰਾ ਹਿੰਦੂ ਧਰਮ ਗ੍ਰੰਥ ਨੂੰ ਜਾਤ-ਪਾਤ ਦੀ ਜੜ੍ਹ ਕਹਿਣ ਅਤੇ ਹਿੰਦੂ ਧਰਮ ਛੱਡਣ ਦੇ ਐਲਾਨ ਨੇ ਜਾਤ-ਪਾਤ ਤੋੜਕ ਮੰਡਲ ਨੂੰ 1936 ਵਿੱਚ ਡਾ. ਅੰਬੇਦਕਰ ਨੂੰ ਲਾਹੌਰ ਬੁਲਾਉਣ ਲਈ ਮਜਬੂਰ ਕਰ ਦਿੱਤਾ ਪਰੰਤੂ ਉਹਨਾਂ ਦੇ ਭਾਸ਼ਣ ਦੇਣ ਤੋਂ ਪਹਿਲਾ ਭਾਸ਼ਣ ਦਾ ਖਰੜਾ ਜਾਤ-ਪਾਤ ਤੋੜਕ ਮੰਡਲ ਦੁਆਰਾ ਮੰਗਵਾਇਆ ਗਿਆ। ਖਰੜੇ ਵਿੱਚ ਕਿਉਂਕਿ ਹਿੰਦੂ ਧਰਮ ਗ੍ਰੰਥਾਂ ਅਤੇ ਰਵਾਇਤਾਂ ਨੂੰ ਜਾਤ-ਪਾਤ ਦਾ ਪ੍ਰਮੁੱਖ ਕਾਰਨ ਮੰਨਿਆ ਗਿਆ ਸੀ, ਇਸ ਲਈ ਮੰਡਲ ਦੇ ਆਗੂਆਂ, ਵੱਲੋ ਭਾਸ਼ਣ ਬਦਲਣ ਲਈ ਕਿਹਾ ਗਿਆ ਪਰੰਤੂ ਡਾ. ਅੰਬਦੇਕਰ ਨੇ ਇਨਕਾਰ ਕਰ ਦਿੱਤਾ ਅਤੇ ਭਾਸ਼ਣ "ਜਾਤ-ਪਾਤ ਦਾ ਬੀਜ ਨਾਸ਼ (Annihilation of Caste) ਦੀਆਂ ਕਾਪੀਆਂ ਛਪਵਾ ਕੇ ਵੰਡੀਆਂ ਜਿਸਦਾ ਮਹਾਤਮਾ ਗਾਂਧੀ ਵੱਲੋਂ ਅਤੇ ਕਾਂਗਰਸ ਵੱਲੋਂ ਵੀ ਵਿਰੋਧ ਕੀਤਾ ਗਿਆ ਕਿਉਂਕਿ ਹਿੰਦੂ ਧਰਮ ਵਿੱਚ ਦਲਿਤਾਂ ਦੀ ਸੰਖਿਆ ਜ਼ਿਆਦਾ ਸੀ ਅਤੇ ਉਹਨਾਂ ਨੇ ਧਰਮ ਛੱਡਣ ਤੇ ਹਿੰਦੂ ਧਰਮ ਘੱਟ ਗਿਣਤੀ ਬਣ ਸਕਦਾ ਸੀ। ਭਾਰਤ ਦੀ ਰਾਜਨੀਤੀ ਵਿੱਚ ਇਸ ਗੱਲ ਨੇ ਬਹੁਤ ਪ੍ਰਭਾਵ ਪਾਇਆ। ਡਾ. ਅੰਬੇਦਕਰ ਜੀ ਆਪਣੇ ਸਾਥੀਆਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ ਗਏ ਅਤੇ 1935 ਵਿੱਚ ਹੋਈ ਮਾਸਟਰ

ਤਾਰਾ ਸਿੰਘ ਦੀ ਅਗਵਾਈ ਵਾਲੀ ਸਿੱਖ ਕਾਨਫਰੰਸ ਵਿੱਚ ਭਾਗ ਲਿਆ ਅਤੇ ਸਿੱਖ ਧਰਮ ਅਪਨਾਉਣ ਦਾ ਮਨ ਬਣਾ ਲਿਆ ਕਿਉਂਕਿ ਉਹ ਸਿੱਖ ਧਰਮ ਕਿਸੇ ਗੁਰੂਆਂ ਦੇ ਬਰਾਬਰੀ ਅਤੇ ਭਾਈਚਾਰੇ ਦੇ ਸਿਧਾਂਤ ਤੋਂ ਬਹੁਤ ਪ੍ਰਭਾਵਿਤ ਸਨ ਪਰੰਤੂ ਭਾਵੇ ਸਿਖੀ ਸਿਧਾਂਤਾਂ ਵਿੱਚ ਜਾਤ-ਪਾਤ ਨਹੀ ਪਰੰਤੂ ਸਮਾਜ ਵਿੱਚ ਜਾਤ-ਪਾਤ ਦੀ ਰਹਿੰਦ-ਖੁੰਹਦ ਮੌਜੂਦ ਸੀ। ਇਸ ਲਈ ਕੁਝ ਸਿੱਖ ਆਗੂਆਂ ਨੇ ਡਾ. ਅੰਬੇਦਕਰ ਨੂੰ ਸੋਚਣ ਲਈ ਮਜਬੂਰ ਕੀਤਾ ਪ੍ਰੰਤੂ ਸਿੱਖਾਂ ਵੱਲੋਂ ਡਾ. ਅੰਬੇਦਕਰ ਜੀ ਦੀ ਪ੍ਰਚਾਰ ਅਤੇ ਸਿਖਿਆ ਆਦਿ ਖੇਤਰਾਂ ਵਿੱਚ ਮਦਦ ਕਰਨ ਅਤੇ ਸਮਾਜ ਸੁਧਾਰ ਵਾਲੀ ਸੋਚ ਨਾਲ ਡਾ. ਸਾਹਿਬ ਸਿਖੀ ਧਾਰਨ ਕਰਨ ਲਈ ਰਾਜ਼ੀ ਸਨ ਜੋ ਭਾਰਤ ਦੀ ਰਾਜਨੀਤੀ ਖਾਸਕਰ ਪੰਜਾਬ ਦੀ ਰਾਜਨੀਤੀ ਲਈ ਬਹੁਤ ਵੱਡੀ ਘਟਨਾ ਹੋਣੀ ਸੀ। ਪਰੰਤੂ ਕਾਂਗਰਸ ਦੇ ਲੀਡਰਾਂ ਤੇ ਮਹਾਤਮਾ ਗਾਂਧੀ ਨੇ ਇਸਨੂੰ ਪੂਨਾ ਪੈਕਟ ਦੇ ਵਿਰੁੱਧ ਮੰਨਿਆ ਕਿਉਂਕਿ ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਵਿੱਚ ਡਾ. ਅੰਬੇਦਕਰ ਸਿੱਖ ਧਰਮ ਨੂੰ ਇੱਕ ਕੌਮ ਦੀ ਤਰਾਂ ਹਿੰਦੂ ਧਰਮ ਤੋਂ ਅਲੱਗ ਸਮਝਦੇ ਸਨ ਇਸ ਲਈ ਪੂਨਾ ਪੈਕਟ ਵਿੱਚ 'ਰਾਖਵਾਂਕਰਨ' ਸਬੰਧੀ ਹੋਏ ਸਮਝੌਤੇ ਨੂੰ ਤੋੜਨ ਦੀ ਗੱਲ ਕਹੀ ਜਿਸਨੇ ਡਾ. ਅੰਬੇਦਕਰ ਨੂੰ ਮਹਾਤਮਾ ਗਾਂਧੀ ਦੇ ਵਿਰੋਧ ਤੋਂ ਬਾਅਦ ਅਪਣਾ ਫੈਸਲਾ ਬਦਲਣਾ ਪਿਆ।

1937 ਦੀਆਂ ਸੂਬਿਆਂ ਦੀਆਂ ਚੋਣਾਂ

ਭਾਰਤ ਸਰਕਾਰ ਐਕਟ 1935 ਅਨੁਸਾਰ ਸੂਬਿਆਂ ਦੇ ਵਿੱਚ ਚੋਣਾਂ ਹੋਈਆਂ ਅਤੇ ਪੰਜਾਬ ਵਿੱਚ ਯੂਨੀਅਨਿਸਟ ਪਾਰਟੀ ਨੇ ਸਰਕਾਰ ਬਣਾਈ ਜਿਸ ਵਿੱਚ ਸਿੰਕਦਰ ਹਯਾਤ ਖਾਨ ਟਿਵਾਣਾ ਨੂੰ ਪ੍ਰੀਮੀਅਰ (ਮੁੱਖ ਮੰਤਰੀ) ਬਣਾਇਆ ਗਿਆ ਅਤੇ ਸੁੰਦਰ ਸਿੰਘ ਮਜੀਠੀਆ ਅਤੇ ਹਿੰਦੂ ਵਰਗ ਨੂੰ ਵੀ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ। ਮੁਸਲਿਮ ਲੀਗ ਕਿਸੇ ਵੀ ਸੂਬੇ ਵਿੱਚ ਸਰਕਾਰ ਨਹੀ ਬਣਾ ਸਕੀ ਪਰੰਤੂ ਬੰਗਾਲ, ਬੰਬੇ ਅਤੇ ਸੰਯੁਕਤ ਪ੍ਰਾਂਤ ਵਿੱਚ ਮੁਸਲਿਮ ਲੀਗ ਵਿਰੋਧੀ ਧਿਰ ਦੇ ਤੌਰ 'ਤੇ ਉਭਰੀ। ਸੰਨ 1937 ਵਿੱਚ ਵੱਧ ਰਹੇ ਮੁਸਲਿਮ ਦਬਾਅ ਦੇ ਕਰਕੇ ਸਿਕੰਦਰ ਟਿਵਾਣਾ ਨੂੰ ਮੁਹੰਮਦ ਅਲੀ ਜਿਨਾਹ ਨਾਲ ਮੀਟਿੰਗ ਕਰਨੀ ਪਈ ਜਿਸ ਵਿੱਚ ਲਖਨਊ ਵਿਖੇ ਸਿਕੰਦਰ ਹਯਾਤ ਖਾਨ ਅਤੇ ਜਿਨਾਹ ਵਿਚਕਾਰ ਸਮਝੌਤਾ ਹੋਇਆ ਤਾਂ ਜੋ ਮੁਸਲਿਮ ਵਰਗ ਦੇ ਅਧਿਕਾਰਾਂ ਲਈ ਏਕਤਾ ਨਾਲ ਲੜਿਆ ਜਾ ਸਕੇ। ਇਸ ਲਈ ਯੂਨੀਅਨਿਸਟ ਪਾਰਟੀ ਦੇ ਮੁਸਲਿਮ ਮੈਬਰਾਂ ਨੂੰ ਮੁਸਲਿਮ ਲੀਗ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ। ਇਸ ਸਮਝੌਤੇ ਦੇ ਨਾਲ ਅੱਗੇ ਜਾ ਕੇ ਸੰਨ 1940 ਵਿੱਚ ਮੁਸਲਿਮ ਲੀਗ ਦੀ ਪਾਕਿਸਤਾਨ ਦੇਸ ਬਣਾਉਣ ਦੀ ਮੰਗ ਨੂੰ ਮਜ਼ਬੂਤੀ ਮਿਲ ਗਈ ਸੀ ਜੋ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਲਈ ਖਤਰੇ ਦੀ ਘੰਟੀ ਸੀ। ਸੰਨ 1940 ਵਿੱਚ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਕਾਂਗਰਸ, ਅਕਾਲੀ ਦਲ, ਆਦਿ ਪਾਰਟੀਆਂ ਨੇ ਵਿਰੋਧ ਕੀਤਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਨੇ ਥਾਂ ਥਾਂ 'ਤੇ ਇਸਦਾ ਵਿਰੋਧ ਕੀਤਾ ਜੋ ਹਿੰਦੂ, ਸਿੱਖ ਅਤੇ ਮੁਸਲਿਮ ਨੂੰ ਫਿਰਕਾਪ੍ਰਸਤੀ ਦੀਆਂ ਘਟਨਾਵਾਂ ਤੱਕ ਲੈ ਆਇਆ।

22 ਦਸੰਬਰ 1939 ਨੂੰ ਮੁਸਲਿਮ ਲੀਗ ਨੇ ਕਾਂਗਰਸ ਨਾਲੋਂ ਅਲੱਗ ਹੋਣ ਦਾ ਦਿਨ ਮਨਾਇਆ ਪੂਰਾ ਵਿਸ਼ਵ ਦੂਸਰੇ ਵਿਸ਼ਵ ਯੁੱਧ ਵਿੱਚ ਉਲਝਿਆ ਹੋਇਆ ਸੀ। ਭਾਰਤ ਦੇ ਸਾਰੇ ਵਰਗਾਂ ਨਾਲ ਸਹਿਯੋਗ ਕਰਨ ਅਤੇ ਵਿਸ਼ਵ ਯੁੱਧ ਤੋਂ ਬਾਅਦ ਭਾਰਤੀਆਂ ਨੂੰ ਸਵੈ ਸ਼ਾਸਨ ਦੇਣ ਦੇ ਵਾਅਦੇ ਨਾਲ਼ 1942 ਵਿੱਚ ਕ੍ਰਿਪਸ ਮਿਸ਼ਨ ਭਾਰਤ ਆਇਆ ਜਿਸਨੇ ਮੁਸਲਿਮ, ਸਿੱਖਾਂ ਅਤੇ ਕਾਂਗਰਸ ਨਾਲ ਲੰਬੀਆਂ ਮੁਲਾਕਾਤਾਂ ਕੀਤੀਆਂ ਜਾ ਅਜ਼ਾਦ ਪੰਜਾਬ ਸੂਬਾ ਅਤੇ ਕਾਂਗਰਸ ਅਤੇ ਅਕਾਲੀ ਦਲ ਪਾਕਿਸਤਾਨ ਬਣਨ ਦਾ ਵਿਰੋਧ ਕਰ ਰਹੇ ਸਨ। ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਨੇ ਕ੍ਰਿਪਸ ਨਾਲ ਮੁਲਾਕਾਤ ਕੀਤੀ। ਇੰਗਲੈਂਡ ਸਰਕਾਰ ਦੇ ਗ਼ੈਰ ਜ਼ਿੰਮੇਵਾਰੀ ਵਾਲੇ ਵਾਅਦੇ ਅਤੇ ਵਿਸ਼ਵ ਯੁੱਧ ਵਿੱਚ ਇੰਗਲੈਂਡ ਦੀ ਮਾੜੀ ਹਾਲਤ ਕਾਰਨ ਕਾਂਗਰਸ ਨੇ ਮਹਾਤਮਾਂ ਗਾਂਧੀ ਦੀ ਅਗਵਾਈ ਵਿੱਚ ਭਾਰਤ ਛੱਡੋ ਅੰਦੋਲਨ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਚਰਚਿਲ ਨੇ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਦਾ ਆਦੇਸ਼ ਦੇ ਦਿੱਤਾ। ਅਮਰੀਕੀ ਰਾਸ਼ਟਰਪਤੀ ਫ਼ਰੈਂਕਲਿਨ ਰੂਜ਼ਵੈਲਟ ਨੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਵਿਸ਼ਵ ਯੁੱਧ ਦੀ ਸਮਾਪਤੀ ਤੱਕ ਜ਼ਿਆਦਾਤਰ ਆਗੂ ਜੇਲ੍ਹ ਵਿੱਚ ਹੀ ਰਹੇ। ਇਸ ਸਮੇਂ ਦੌਰਾਨ ਭਾਰਤ ਦੇ ਕੁਝ ਆਗੂਆਂ ਨੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਬ੍ਰਿਟਿਸ਼ ਵਿਰੋਧੀ ਦੇਸ ਜਪਾਨ ਦੀ ਸਹਾਇਤਾ ਨਾਲ ਸਿੰਘਾਪੁਰ ਵਿਖੇ ਅਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਗਈ। ਅਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਜਨਰਲ ਮੋਹਨ ਸਿੰਘ ਨੇ ਕੀਤੀ ਸੀ। ਭਾਰਤ-ਬਰਮਾ ਬਾਰਡਰ 'ਤੇ ਇੰਗਲੈਂਡ ਤੇ ਮਿੱਤਰ ਦੇਸ਼ਾਂ ਖਿਲਾਫ਼ ਬਗਾਵਤ ਸ਼ੁਰੂ ਕੀਤੀ ਗਈ। ਅਜ਼ਾਦ ਹਿੰਦ ਫ਼ੌਜ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਭਾਗ ਲਿਆ ਪਰੰਤੂ ਦੂਸਰੀ ਵਿਸ਼ਵ ਜੰਗ ਦੀ ਧਿਰ, ਜਪਾਨ, ਜਰਮਨੀ ਅਤੇ ਇਟਲੀ ਦੀ ਹਾਲਤ ਮਾੜੀ ਹੋਣ ਕਾਰਨ ਇਸ ਬਗਾਵਤ ਨੂੰ ਦਬਾ ਦਿੱਤਾ ਗਿਆ। ਦੂਸਰੇ ਵਿਸ਼ਵ ਯੁੱਧ ਵਿੱਚ ਜਿੱਤ ਤੋਂ ਬਾਅਦ ਇੰਗਲੈਂਡ, ਅਮਰੀਕਾ, ਫ਼ਰਾਂਸ ਨੇ ਸ਼ਰਤਾਂ ਅਨੁਸਾਰ ਇੰਗਲੈਂਡ ਦੇ ਕਲੋਨੀਆਂ ਛੱਡਣ ਅਤੇ ਨਵਾਂ ਆਰਥਿਕ ਢਾਂਚਾ ਉਸਾਰਨ ਦਾ ਦੌਰ ਅਰੰਭ ਹੋਇਆ ਜਿਸ ਵਿੱਚ ਖਿਆਲ ਬਣਿਆ ਕਿ ਹਰੇਕ ਕੌਮ ਨੂੰ ਅਜ਼ਾਦ ਵਿਚਰਨ

ਅਤੇ ਵਿਸ਼ਵ ਬੈਂਕ, ਅੰਤਰ ਰਾਸ਼ਟਰੀ ਮੁਦਰਾ ਕੋਸ਼, ਵਿਸ਼ਵ ਸਿਹਤ ਸੰਗਠਨ ਆਦਿ ਸੰਸਥਾਵਾਂ ਬਣਾ ਕੇ ਪੂਰੀ ਦੁਨੀਆਂ ਨੂੰ ਨਵੇਂ ਆਰਥਿਕ ਢਾਂਚੇ ਵਿੱਚ ਬੰਨ੍ਹਿਆ ਜਾਵੇ। ਇਸ ਲਈ ਇੰਗਲੈਂਡ ਵੱਲੋਂ ਕਲੋਨੀਆਂ ਛੱਡਣ ਦਾ ਦਬਾਅ ਪਹਿਲਾਂ ਹੀ ਸੀ ਉਪਰੋਂ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਖਿਲਾਫ਼ ਉਤੇ ਸੰਘਰਸ਼ ਨੇ ਦਬਾਅ ਹੋਰ ਵਧਾ ਦਿੱਤਾ ਸੀ। ਭਾਰਤ ਉਪਰ ਜਦੋਂ ਅੰਗਰੇਜ਼ਾਂ ਨੇ ਕਬਜ਼ਾ ਕੀਤਾ ਸੀ ਤਾਂ ਇਹ ਕਦੀ ਵੱਖੋ-ਵੱਖਰੇ ਅਜ਼ਾਦ ਦੇਸ਼ ਸਨ। ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਕੌਮਾਂ ਦਾ ਰਾਜ ਸੀ ਪਰ ਬ੍ਰਿਟਿਸ਼ ਸਾਮਰਾਜ ਨੇ ਪੂਰੇ ਹਿੰਦੋਸਤਾਨੀ ਖਿੱਤੇ ਨੂੰ ਪੱਛਮੀ ਕਾਨੂੰਨੀ ਢਾਂਚੇ ਅਨੁਸਾਰ ਢਾਲ ਦਿੱਤਾ ਸੀ ਜਿਥੇ ਮੁਸਲਿਮ, ਸਿੱਖ, ਹਿੰਦੂ ਅਤੇ ਕਾਂਗਰਸ ਅਜ਼ਾਦ ਭਾਰਤ ਵਿੱਚ ਆਪਣੇ ਵਰਗਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਸਨ। ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੇ ਸਥਿਤੀ ਬਹੁਤ ਗੰਭੀਰ ਕਰ ਦਿੱਤੀ ਕਿਉਂਕਿ ਸਿੱਖਾਂ ਨੇ ਅੰਗਰੇਜ਼ਾਂ ਦਾ ਯੁੱਧਾਂ ਵਿੱਚ ਬਹੁਤ ਸਾਥ ਦਿੱਤਾ ਸੀ ਅਤੇ ਸਿੱਖਾਂ ਤੋਂ ਹੀ ਅੰਗਰੇਜ਼ਾਂ ਨੇ ਪੰਜਾਬ ਦੇਸ਼ ਨੂੰ ਜਿੱਤਿਆ ਸੀ ਇਸ ਲਈ ਕੁਝ ਅੰਗਰੇਜ਼ ਅਫਸਰ ਸਿੱਖਾਂ ਦੇ ਰਾਜ ਦੀ ਹਾਮੀ ਭਰਦੇ ਸਨ। ਭਾਰਤ ਵਿੱਚ 1946 ਵਿੱਚ ਰਾਜਾਂ ਦੀਆਂ ਚੋਣਾਂ ਕਾਰਵਾਈਆਂ ਗਈਆਂ ਜਿਸ ਵਿੱਚ ਮੁਸਲਿਮ ਲੀਗ ਵਿੱਚ ਵੱਡਾ ਉਭਾਰ ਆਇਆ। ਇਸ ਲਈ ਪੰਜਾਬ ਵਿੱਚ ਖਿੱਜ਼ਰ ਹਯਾਤ ਟਿਵਾਣਾ, ਛੋਟੂ ਰਾਮ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਯੂਨੀਅਨਿਸਟ, ਕਾਂਗਰਸ ਅਤੇ ਅਕਾਲੀ ਦਲ ਨੇ ਗਠਬੰਧਨ ਨੇ ਸਰਕਾਰ ਬਣਾ ਲਈ ਮੁਸਲਿਮ ਲੀਗ ਸਭ ਤੋਂ ਵੱਧ ਸੀਟਾਂ ਪ੍ਰਾਪਤ ਕਰਕੇ ਵੀ ਸਰਕਾਰ ਨਾ ਬਣਾ ਸਕੀ। ਇਸ ਲਈ ਮੁਹੰਮਦ ਅਲੀ ਜਿਨਾਹ, ਲਿਆਕਤ ਅਲੀ ਖਾਨ ਆਦਿ ਆਗੂਆਂ ਨੇ ਗਠਬੰਧਨ ਸਰਕਾਰ ਦਾ ਵਿਰੋਧ ਕੀਤਾ ਅਤੇ ਅਕਾਲੀ ਦਲ ਨੂੰ ਸ਼ਾਮਲ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਇਸ ਮਹੌਲ ਵਿੱਚ ਰਾਵਲਪਿੰਡੀ ਡਿਵੀਜ਼ਨ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨਾਂ ਵਿਚਾਲੇ ਦੰਗੇ ਸ਼ੁਰੂ ਹੋਏ ਅਤੇ ਪੰਜਾਬ ਦਾ ਮਹੌਲ ਵਿਗੜਨਾ ਸ਼ੁਰੂ ਹੋਇਆ ਪੂਰੇ ਭਾਰਤ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਆਪੋ ਆਪਣੇ ਤਰੀਕੇ ਨਾਲ ਮਹੌਲ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰ ਰਹ ਸਨ।



ਵਾਇਸਰਾਏ ਲਾਰਡ ਵੇਵਲ ਮੁਸਲਿਮ ਲੀਗ, ਅਕਾਲੀ ਦਲ ਅਤੇ ਕਾਂਗਰਸ ਨਾਲ ਭਵਿੱਖੀ ਸੰਵਿਧਾਨ ਬਾਰੇ ਚਰਚਾ ਕਰ ਰਹੇ ਸਨ ਬ੍ਰਿਟਿਸ਼ ਸਰਕਾਰ ਨੇ 1946 ਵਿੱਚ ਭਾਰਤ ਵਿੱਚ ਕੈਬਨਿਟ ਮਿਸ਼ਨ ਯੋਜਨਾ ਦੇ ਅਧੀਨ ਇੱਕ ਵਫ਼ਦ ਭੇਜਿਆ ਗਿਆ ਜਿਸਨੇ ਸੰਯੁਕਤ ਪ੍ਰਦੇਸ, ਕੇਂਦਰੀ ਸੂਬੇ, ਬੰਬੇ, ਬਿਹਾਰ, ਉੜੀਸ਼ਾ ਅਤੇ ਮਦਰਾਸ ਆਦਿ ਸੂਬਿਆਂ ਨੂੰ ਗਰੁੱਪ ਏ ਵਿੱਚ, ਸਿੰਧ, ਪੰਜਾਬ, ਉੱਤਰ ਪੱਛਮੀ ਸੂਬਾ, ਬੰਗਾਲ ਅਤੇ ਅਸਾਮ ਗਰੁੱਪ ਬੀ ਵਿੱਚ ਅਤੇ ਰਿਆਸਤਾਂ ਨੂੰ ਗਰੁੱਪ-ਸੀ ਦੇ ਖੇਤਰਾਂ ਵਿੱਚ ਮੁਸਲਿਮ ਲੀਗ ਅਤੇ ਹਿੰਦੂ ਬਹੁਗਿਣਤੀ ਵਾਲੇ ਗਰੁੱਪ ਏ ਦੇ ਸੂਬਿਆਂ ਵਿੱਚ ਸਰਕਾਰ ਬਣਾ ਸਕੇ ਕੇਂਦਰੀ ਸਰਕਾਰ ਨੂੰ

ਸਿਰਫ ਵਿਦੇਸ਼ੀ ਮਾਮਲੇ, ਕਰੰਸੀ, ਰੱਖਿਆ ਅਤੇ ਸੰਚਾਰ ਦੇ ਮਹਿਕਮੇ ਹੀ ਦਿੱਤੇ ਜਾਣ ਇਸ ਤਰ੍ਹਾਂ ਕੈਬਨਿਟ ਮਿਸ਼ਨ ਯੋਜਨਾ ਨੇ ਕੇਂਦਰ, ਸੂਬੇ ਅਤੇ ਸੂਬਿਆਂ ਨੂੰ ਗਰੁਪ ਬਣਾ ਕੇ ਸ਼ਾਮਲ ਦੀ ਯੋਜਨਾ ਬਣਾਈ। ਜਿਨਾਹ ਇਸ ਗੱਲ ਲਈ ਰਾਜ਼ੀ ਨਹੀ ਸੀ। ਕਾਂਗਰਸ ਨੇ ਇਸ ਯੋਜਨਾ ਨੂੰ ਹਾਂ ਕਰ ਦਿੱਤੀ ਪਰ ਸੂਬਿਆਂ ਦੇ ਗਰੁੱਪ ਵਿੱਚੋਂ ਜੇਕਰ ਕੋਈ ਸੂਬਾ ਬਾਹਰ ਨਿਕਲਣਾ ਚਾਹੁੰਦਾ ਹੈ ਤਾਂ ਨਿਕਲ ਸਕਦਾ ਸੀ ਪਰੰਤੂ ਜਿਨਾਹ ਇਸਦੇ ਵਿਰੁੱਧ ਸੀ ਕਿਉਂਕਿ ਬੰਗਾਲ ਅਤੇ ਅਸਾਮ ਦੇ ਨਾਲ-ਨਾਲ ਪੰਜਾਬ ਦੇ ਬਹੁਤ ਖੇਤਰ ਹਿੰਦੂ ਜਾਂ ਸਿੱਖ ਬਹੁ-ਗਿਣਤੀ ਵਾਲੇ ਸਨ। ਇਸ ਲਈ ਜਿਨਾਹ ਦੇ ਵਿਰੋਧ ਕਰਕੇ ਵਾਇਸਰਾਏ ਵੇਵਲ ਨੇ ਕਾਂਗਰਸ ਨੂੰ ਨਹਿਰੂ ਦੀ ਅਗਵਾਈ ਵਿੱਚ ਅੰਤਰਿਮ ਸਰਕਾਰ ਬਣਾਉਣ ਲਈ ਕਿਹਾ ਪਰੰਤੂ ਮੁਸਲਿਮ ਲੀਗ ਨੇ ਇਸਦੇ ਖਿਲਾਫ਼ 'ਸਿੱਧੀ ਕਾਰਵਾਈ ਦਿਨ' ਦੇ ਤਹਿਤ 16 ਅਗਸਤ 1946 ਨੂੰ ਅਜ਼ਾਦੀ ਦੀ ਮੰਗ ਕਰ ਦਿੱਤੀ ਤਾਂ ਜੋ ਪਾਕਿਸਤਾਨ ਬਣ ਸਕੇ ਜਿਸ ਕਾਰਨ ਬੰਗਾਲ ਅਤੇ ਪੰਜਾਬ ਵਿੱਚ ਵੱਡੇ ਪੱਧਰ ਉਤੇ ਦੰਗੇ ਭੜਕ ਗਏ। ਕਲੱਕਤਾ ਵਿੱਚ ਵੱਡੀ ਪੱਧਰ 'ਤੇ ਕਤਲੇਆਮ ਹੋਇਆ ਜਿਸਨੇ ਅਫਵਾਹਾਂ ਤੇ ਰਾਜਨੀਤਕ ਚਾਲਾਂ ਨਾਲ ਪੰਜਾਬ ਨੂੰ ਵੀ ਲਪੇਟ ਵਿੱਚ ਲੈ ਲਿਆ। ਮਾਸਟਰ ਤਾਰਾ ਸਿੰਘ ਅਤੇ ਬਾਕੀ ਸਿੱਖ ਲੀਡਰਾਂ ਨੂੰ ਪਤਾ ਸੀ ਕਿ ਪਾਕਿਸਤਾਨ ਬਣਨ ਨਾਲ ਸਿੱਖ ਸਭ ਕੁਝ ਗੁਆ ਬੈਠਣਗੇ ਕਿਉਂਕਿ 1945 ਤੋਂ ਬਾਅਦ ਦਾ ਸਮਾਂ ਜਨਤਾ ਦੀ ਗਿਣਤੀ ਦਾ ਆ ਗਿਆ ਸੀ ਪਰ ਗਿਣਤੀ ਪੱਖੋਂ ਸਿੱਖ ਘੱਟ ਗਿਣਤੀ ਹਾਲਾਂਕਿ ਜਾਇਦਾਦ ਪੱਖੋ ਵੱਡੀਆਂ ਜਗੀਰਾਂ ਦੇ ਮਾਲਕ ਸਨ। ਇਸ ਸਮੇਂ ਮਹਾਤਮਾ ਗਾਂਧੀ ਜੀ ਨੇ ਸਿੱਖਾਂ ਨਾਲ ਵਾਅਦਾ ਕੀਤਾ ਕਿ ਕਾਂਗਰਸ ਕਦੇ ਵੀ ਅਜਿਹਾ ਵਿਧਾਨ ਮਨਜ਼ੂਰ ਨਹੀ ਕਰੇਗੀ ਜਿਸ ਵਿੱਚ ਸਿੱਖਾਂ ਦੀ ਸਹਿਮਤੀ ਨਾ ਹੋਵੇ। ਸਿਖਾਂ ਕੋਲ ਕਿਰਪਾਨ ਹੈ ਉਹ ਅਪਣੇ ਹੱਕ ਲੈਣਾ ਜਾਣਦੇ ਹਨ। ਜਵਾਹਰ ਲਾਲ ਨਹਿਰੂ ਨੇ ਸਿੱਖਾਂ ਲਈ ਅਜ਼ਾਦੀ ਤੋਂ ਬਾਅਦ ਭਾਰਤ ਦੇ ਉਤਰ ਵਿੱਚ ਇੱਕ ਖੁਦਮੁਖਤਿਆਰ ਖਿੱਤਾ ਦੇਣ ਦਾ ਵਾਅਦਾ ਕੀਤਾ ਜਿਸਨੇ ਸਿੱਖਾਂ ਨੂੰ ਕਾਂਗਰਸ ਅਤੇ ਹਿੰਦੂ ਲੀਡਰਾਂ ਦੇ ਪੱਖ ਵਿੱਚ ਰੱਖਿਆ ਇਸਦੇ ਉਲਟ ਇਤਿਹਾਸ ਵਿੱਚ ਮੁਗਲਾਂ ਖਿਲਾਫ ਸੰਘਰਸ਼ ਕਾਰਨ ਸਿੱਖ ਮੁਸਲਿਮ ਲੀਡਰਾਂ 'ਤੇ ਵਿਸ਼ਵਾਸ ਨਹੀ ਕਰਦੇ ਸਨ। ਮੁਸਲਿਮ ਲੀਡਰ ਵੀ ਸਿਖਾਂ ਨੂੰ ਮੁਸਲਿਮ ਲੀਗ ਦੀ ਗੱਲ ਮੰਨਣ ਤੇ ਖੁਦਮੁਖਤਿਆਰ ਖਿੱਤਾ ਦੇਣ ਦਾ ਵਾਅਦਾ ਕਰ ਰਹੇ ਸਨ। ਸੰਨ 1946 ਦੀ ਅੰਤਰਿਮ ਸਰਕਾਰ ਵਿੱਚ ਅਕਾਲੀ ਦਲ ਦੇ ਵੱਲੋ ਕੋਈ ਨੁਮਾਇੰਦਾ ਸ਼ਾਮਲ ਨਹੀ ਕੀਤਾ ਗਿਆ। ਬਲਦੇਵ ਸਿੰਘ ਨੂੰ ਪੰਥਕ ਪਾਰਟੀ ਵਲੋਂ ਸ਼ਾਮਲ ਕਰਕੇ ਰੱਖਿਆ ਮੰਤਰੀ ਬਣਾਇਆ ਗਿਆ ਸੀ ਪਰੰਤੂ ਕੈਬਨਿਟ ਮਿਸ਼ਨ ਪਲੈਨ ਵਿੱਚ ਸਿੱਖਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਸੀ ਜਿਸਦਾ ਮਾਸਟਰ ਤਾਰਾ ਸਿੰਘ ਨੇ ਵਿਰੋਧ ਕੀਤਾ। ਸੰਨ 1947 ਦੇ ਸ਼ੁਰੂ ਵਿੱਚ ਵਾਇਸਰਾਏ ਵੇਵਲ (Wavell) ਨੂੰ ਬਦਲ ਕੇ ਮਾਉਟਬੈਟਨ ਨੂੰ ਵਾਇਸਰਾਏ ਬਣਾਇਆ ਗਿਆ। ਮਾਸਟਰ ਤਾਰਾ ਸਿੰਘ ਪਾਕਿਸਤਾਨ ਬਣਨ ਦੇ ਸਖਤ ਵਿਰੋਧੀ ਸਨ ਪਰੰਤੂ ਉਹ ਮੰਗ ਕਰ ਰਹੇ ਸਨ ਜੇਕਰ ਪਾਕਿਸਤਾਨ ਬਣੇਗਾ ਤਾਂ ਸਿੱਖਾਂ ਨੂੰ ਵੀ ਅਜ਼ਾਦ ਪੰਜਾਬ ਬਣਾ ਕੇ ਦਿੱਤਾ ਜਾਵੇ।

20 ਫਰਵਰੀ, 1947 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਕਲੇਮੈਂਟ ਐਟਲੀ (Clement Aitlee) ਨੇ ਭਾਰਤ ਨੂੰ 30 ਜੂਨ 1948 ਨੂੰ ਅਜ਼ਾਦੀ ਦੇਣ ਦਾ ਐਲਾਨ ਕਰ ਦਿੱਤਾ। ਮੁਸਲਿਮ ਲੀਗ ਨੇ ਆਪਣੀ ਮੰਗ ਤੇਜ਼ ਕਰ ਦਿੱਤੀ। ਕਾਂਗਰਸ ਤਾਕਤਵਰ ਕੇਂਦਰ ਸੰਘ ਨਾਲ ਕਾਨੂੰਨ ਬਣਾਉਣਾ ਚਾਹੁੰਦੀ ਸੀ। ਮੁਸਲਿਮ ਲੀਗ ਇਸਨੂੰ ਭਵਿੱਖ ਵਿੱਚ ਹਿੰਦੂ ਬਹੁ ਗਿਣਤੀ ਦੀ ਮੁਸਲਿਮ ਘੱਟ ਗਿਣਤੀ ਉਪਰ ਸੱਤ੍ਹਾ ਸਮਝਦੀ ਸੀ। 3 ਜੂਨ, 1947 ਨੂੰ ਵਾਇਸਰਾਏ ਮਾਊਂਟਬੈਟਨ ਨੇ ਉਪਮਹਾਂਦੀਪ ਦੀ ਵੰਡ ਕਰਨ ਦਾ ਫੈਸਲਾ ਕੀਤਾ ਜਿਸਨੂੰ ਮੁਸਲਿਮ ਲੀਗ ਅਤੇ ਕਾਂਗਰਸ ਨੇ ਮੰਨ ਲਿਆ। ਪੰਜਾਬੀਆਂ ਖਾਸਕਰ ਸਿੱਖਾਂ ਨੂੰ ਆਪਣੇ ਨਾਲ ਇਹ ਵੱਡਾ ਧੋਖਾ ਲੱਗਿਆ ਕਿਉਂਕਿ ਪੰਜਾਬ ਵਿੱਚ ਮੁਸਲਿਮ ਬਹੁ ਗਿਣਤੀ ਸੀ। ਵੰਡ ਅਤੇ ਫਿਰਕਾਪ੍ਰਸਤੀ ਦਾ ਵਿਚਾਰ ਬੰਗਾਲ, ਸੰਯੁਕਤ ਪ੍ਰਦੇਸ ਵਿੱਚ ਕਾਂਗਰਸ ਅਤੇ ਮੁਸਲਿਮ ਲੀਗ ਵਿਚਕਾਰ ਪੈਦਾ ਹੋਇਆ ਸੀ ਪਰੰਤੂ ਇਸਨੇ ਹਿੰਦੂ, ਮੁਸਲਿਮ, ਅਤੇ ਸਿਖਾਂ ਦੇ ਸਾਂਝੇ ਵਸਦੇ ਪੰਜਾਬ ਨੂੰ ਵੰਡਣ ਦਾ ਫੈਸਲਾ ਹੋ ਗਿਆ ਅਤੇ ਇਸ ਤਰ੍ਹਾਂ ਭਾਰਤ ਅਜ਼ਾਦੀ ਐਕਟ 1947 ਪਾਸ ਕੀਤਾ ਗਿਆ ਜਿਸ ਵਿੱਚ ਪੰਜਾਬ ਅਤੇ ਬੰਗਾਲ ਦੀ ਵੰਡ ਕਰਕੇ ਭਾਰਤ ਅਤੇ ਪਾਕਿਸਤਾਨ ਬਣਾ ਦਿੱਤੇ ਗਏ। ਵੰਡ ਦੀ ਗੱਲ ਸੁਣਨ 'ਤੇ ਹੀ ਸਿੱਖਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਦੰਗੇ ਸ਼ੁਰੂ ਹੋ ਗਏ। ਵੱਡੀ ਪੱਧਰ 'ਤੇ ਕਤਲੇਆਮ, ਬਲਾਤਕਾਰ, ਲੁੱਟਾ ਖੋਹਾਂ ਅਤੇ ਉਜਾੜਾ ਹੋਇਆ ਭਾਰਤ ਅਤੇ ਪਾਕਿਸਤਾਨ ਜਦੋਂ ਆਪਣੀ ਸੁਤੰਤਰਤਾ ਦਾ ਦਿਨ ਮਨਾ ਰਹੇ ਸਨ ਉਸ ਸਮੇਂ ਪੰਜਾਬੀ, ਪੰਜਾਬੀਆਂ ਦਾ ਕਤਲੇਆਮ ਕਰ ਰਹੇ ਸਨ ਸਿਆਸਤ ਦੀ ਅੱਗ ਨੇ ਭਾਈਆਂ ਨੂੰ ਦੁਸਮਣ ਬਣਾ ਦਿੱਤਾ ਸੀ। ਵੱਡੇ ਪੱਧਰ ਤੇ ਅਫਵਾਹਾਂ ਫੈਲਾ ਕੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਭੜਕਾਇਆ ਗਿਆ। ਵੰਡ ਕਰਕੇ ਸਿੱਖਾਂ ਦੀਆਂ ਜਾਇਦਾਦਾਂ ਪਾਕਿਸਤਾਨ ਵਿੱਚ ਰਹਿ ਗਈਆਂ ਜਿਨ੍ਹਾਂ ਨੂੰ ਛੱਡ ਕੇ ਉਹਨਾਂ ਨੂੰ ਭਾਰਤ ਵੱਲ ਹਿਜਰਤ ਕਰਨੀ ਪਈ ਰਾਜਧਾਨੀ ਲਾਹੌਰ, ਮੁੱਖ ਗੁਰੂਦੁਆਰੇ ਅਤੇ ਵੱਡੇ ਪੱਧਰ 'ਤੇ ਉਪਜਾਊ ਭੂਮੀ ਪਾਕਿਸਤਾਨ ਵਿੱਚ ਰਹੇ ਗਏ ਜਿਸਨੇ ਪੰਜਾਬ ਦੇ ਰਾਜਨੀਤੀ ਉਪਰ ਬਹੁਤ ਵੱਡਾ ਅਸਰ ਪਾਇਆ। ਪੰਜਾਬ ਦਾ ਰਾਜਨੀਤਕ ਮਹੌਲ ਦੇ ਹੱਲ ਲਈ ਕਈ ਸਾਲ ਪਹਿਲਾਂ ਲਾਲਾ ਲਾਜਪਤ ਰਾਏ ਦੇ ਲਿਖੇ ਅਖਬਾਰ ਵਿੱਚ ਲੇਖਾਂ ਦੇ ਅਨੁਸਾਰ ਅਤੇ ਮੁਸਲਿਮ ਦੀ ਮੰਗ ਤੇ ਕਾਂਗਰਸ ਦੀ ਸਹਿਮਤੀ ਪਿਆਰ ਨਾਲ ਵਸਦਾ ਦੇਸ਼ ਵੰਡ ਦਿੱਤਾ। ਪੰਜਾਬ ਦਾ ਵੱਡਾ ਹਿੱਸਾ ਪਾਕਿਸਤਾਨ ਵਿੱਚ ਤੇ ਇੱਕ ਹਿੱਸਾ ਭਾਰਤ ਵੱਲ ਆਇਆ।

1947 ਤੋਂ 1966 ਤੱਕ ਪੰਜਾਬ ਦੀ ਰਾਜਨੀਤੀ (Punjab Politics during) (1947 to 1966) : 15 ਅਗਸਤ 1947 ਨੂੰ ਪੰਜਾਬ ਵਿੱਚ ਹਿੰਸਾ ਦੇ ਭਾਂਬੜ ਮੱਚ ਰਹੇ ਸਨ। ਪੰਜਾਬੀਆਂ ਨੇ ਲਗਭਗ 10 ਲੱਖ ਪੰਜਾਬੀਆਂ ਨੂੰ ਮਾਰਿਆ 5 ਕਰੋੜ ਨੂੰ ਉਜਾੜਿਆ। ਪੱਛਮੀ ਪੰਜਾਬ ਦੇ ਅਕਾਲੀ ਲੀਡਰ ਜਦੋਂ ਪੂਰਬੀ ਪੰਜਾਬ ਆਏ ਤਾਂ ਉਹਨਾਂ ਦੇ ਰਾਜਨੀਤਕ ਆਧਾਰ ਨੂੰ ਧੱਕਾ ਲੱਗਾ ਪਰੰਤੂ ਪੂਰਬੀ ਪੰਜਾਬ ਵਿੱਚ ਵਸਦੇ ਰਾਜਨੀਤਕ ਆਗੂਆਂ ਦੇ ਪ੍ਰਭਾਵ ਵਿੱਚ ਹੋਇਆ ਅਕਾਲੀ ਦਲ ਨੇ ਕਾਂਗਰਸ ਅਤੇ ਹੋਰ ਲੀਡਰਾਂ ਤੇ ਵਿਸ਼ਵਾਸ ਕਰਦੇ ਹੋਏ ਅਖੀਰ ਨੂੰ ਭਾਰਤ ਨਾਲ ਜੁੜਨਾ ਮੰਨ ਲਿਆ। ਹਾਲਾਂਕਿ ਅੰਗਰੇਜ਼ਾਂ ਅਤੇ ਅਕਾਲੀ ਦਲ ਵੱਲੋਂ ਵਾਰ ਵਾਰ ਅਜ਼ਾਦ ਪੰਜਾਬ ਦੀ ਗੱਲ ਕੀਤੀ ਜਾ ਰਹੀ ਸੀ ਜਿਸ ਲਈ ਸਿਖਾਂ ਦੇ ਨੁਮਾਇੰਦੇ ਬਲਦੇਵ ਸਿੰਘ ਨੂੰ ਅੰਗਰੇਜ਼ ਸਰਕਾਰ ਵੱਲੋਂ ਬੁਲਾਇਆ ਵੀ ਗਿਆ ਸੀ ਪਰੰਤੂ ਕਾਂਗਰਸ ਦੇ ਚੁਸਤ ਲੀਡਰਾਂ ਨੇ ਉਸਨੂੰ ਆਪਣੇ ਵਾਅਦੇ ਵਿੱਚ ਲੈ ਕੇ ਮੁਹੰਮਦ ਅਲੀ ਜਿਨਾਹ ਵੱਲੋਂ ਦਿੱਤੀ ਪੇਸ਼ਕਸ਼ ਵੀ ਠੁਕਰਾ ਦਿੱਤੀ। ਸਿੱਖਾਂ ਦੇ ਭਾਰਤ ਵਿੱਚ ਆਉਣ ਨਾਲ ਪੰਜਾਬ ਤੋਂ ਬੰਗਾਲ ਤੱਕ ਦਾ ਖੇਤਰ ਭਾਰਤ ਦੇ ਹਿੱਸੇ ਰਿਹਾ ਕਿਉਂਕਿ ਸਿੱਖਾਂ ਦੇ ਪਾਕਿਸਤਾਨ ਵੱਲ ਜਾਣ ਤੇ ਹੋਰ ਵੱਡਾ ਖੇਤਰ ਪਾਕਿਸਤਾਨ ਵੱਲ ਜਾ ਸਕਦਾ ਸੀ। ਭਾਰਤ ਦੇ ਸੰਵਿਧਾਨ ਬਨਾਉਣ ਲਈ ਸੰਵਿਧਾਨ ਸਭਾ ਬਣਾਈ ਗਈ ਸੀ ਕੁਲ 389 ਸੀਟਾਂ ਵਿੱਚੋਂ 296 ਸੀਟਾਂ ਬ੍ਰਿਟਿਸ਼ ਭਾਰਤ ਲਈ 93 ਸੀਟਾਂ ਰਿਆਸਤਾ ਲਈ ਸਨ। ਸੀਟਾਂ ਜਨਰਲ, ਮੁਸਲਿਮ ਅਤੇ ਸਿਖਾਂ ਦੇ ਅਧਾਰ 'ਤੇ ਵੰਡੀਆਂ ਗਈਆਂ ਸਨ ਜੋ ਕਿ ਸੂਬਿਆਂ ਵਿੱਚ ਆਪਣੇ ਵਰਗ ਦੀ ਅਸੈਂਬਲੀ ਵਿੱਚ ਸੰਖਿਆ ਦੇ ਅਧਾਰ 'ਤੇ ਸੀ। ਰਿਆਸਤਾਂ ਦੇ ਨੁਮਾਇੰਦੇ ਰਾਜਿਆਂ ਵੱਲੋਂ ਨਾਮਜ਼ਦ ਕੀਤੇ ਗਏ ਸਨ। ਹੁਕਮ ਸਿੰਘ, ਬਲਦੇਵ ਸਿੰਘ, ਜੁਗਿੰਦਰ ਸਿੰਘ, ਉੱਜਲ ਸਿੰਘ, ਭਗਵੰਤ ਰਾਏ ਆਦਿ ਮੈਂਬਰਾਂ ਨੇ ਪੰਜਾਬ ਖੇਤਰ ਨੂੰ ਨੁਮਾਇੰਦਗੀ ਦਿੱਤੀ। ਆਮ ਸਿੱਖ ਜਨਤਾ ਵਿੱਚ ਵਿਰੋਧ ਸੀ ਕਿ ਹਿੰਦੂ ਹਿੰਦੋਸਤਾਨ ਲੈ ਗਏ ਤੇ ਮੁਸਲਿਮ, ਪਾਕਿਸਤਾਨ ਪਰ ਸਿੱਖ ਵੰਡੇ ਤੇ ਵੱਢੇ





ਸੰਨ 1947 ਤੋਂ ਦੋ ਦਹਾਕੇ ਬਾਅਦ ਤੱਕ ਪੰਜਾਬ ਤੇ ਖਿੱਤੇ ਵਿੱਚ ਸਰਗਰਮ ਰਹੇ ਆਗੂਆਂ ਦੀਆਂ ਦੋ ਫ਼ਾਈਲ ਤਸਵੀਰਾਂ

ਗਏ ਜੋ ਵਾਰ ਵਾਰ ਸਿਖ ਰਾਜਨੀਤਕ ਆਗੂਆਂ 'ਤੇ ਅਲੱਗ ਦੇਸ ਲਈ ਦਬਾਅ ਬਣਾ ਰਹੇ ਸਨ। ਗਿਆਨੀ ਗੁਰਮੁੱਖ ਸਿੰਘ ਮੁਸਾਫਿਰ, ਪ੍ਰਤਾਪ ਸਿੰਘ ਕੈਰੋਂ ਉਸ ਸਮੇ ਮਾਸਟਰ ਤਾਰਾ ਸਿੰਘ ਦੇ ਨਾਲ ਉਘੇ ਲੀਡਰ ਸਨ ਪਰੰਤੂ ਉਹ ਦੋਵੇ ਕਾਂਗਰਸ ਪਾਰਟੀ ਨਾਲ ਸਬੰਧਤ ਸਨ। ਮੁਸਲਿਮ ਲੀਗ ਸੰਵਿਧਾਨ ਸਭਾ ਦਾ ਬਾਈਕਾਟ ਕਰਕੇ ਪਾਕਿਸਤਾਨ ਦੀ ਸ਼ਰਤ 'ਤੇ ਕਾਇਮ ਰਹੀ ਜਿਸ ਕਾਰਨ ਸੰਵਿਧਾਨ ਸਭਾ ਵਿੱਚ 299 ਸੀਟਾਂ ਵਿੱਚੋਂ 70 ਰਿਆਸਤਾਂ ਤੇ 229 ਬ੍ਰਿਟਿਸ਼ ਭਾਰਤ ਦੀਆਂ ਸਨ। ਡਾ. ਅੰਬੇਦਕਰ ਨੂੰ ਸੰਵਿਧਾਨ ਤਿਆਰ ਕਰਨ ਲਈ ਖਰੜਾ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਅਤੇ ਸਾਰੇ ਮੈਂਬਰਾਂ ਦੀਆਂ ਵੱਖ-ਵੱਖ ਕਮੇਟੀਆਂ ਬਣਾਈਆਂ ਗਈਆਂ। ਰਾਜਾਂ ਸਬੰਧੀ ਕਮੇਟੀ ਦੇ ਚੇਅਰਮੈਨ ਵੱਲਭ ਭਾਈ ਪਟੇਲ ਨੂੰ ਬਣਾਇਆ ਗਿਆ ਅਤੇ ਘੱਟ ਗਿਣਤੀਆਂ ਲਈ ਬਣੀ ਸਬ ਕਮੇਟੀ ਨੇ ਚੇਅਰਮੈਨ ਐਚ. ਸੀ. ਮੁਖਰਜੀ ਨੂੰ ਬਣਾਇਆ ਗਿਆ। 26 ਨਵੰਬਰ 1949 ਨੂੰ ਸੰਵਿਧਾਨ ਤਿਆਰ ਹੋ ਗਿਆ ਸਿੱਖਾਂ ਨੂੰ ਸੰਵਿਧਾਨ ਵਿੱਚ 25 ਬੀ ਅਨੁਸਾਰ ਧਰਮ ਦੀ ਸੁਤੰਤਰਤਾ ਤਾਂ ਮਿਲੀ ਪਰ ਉਹਨਾਂ ਨੂੰ ਹਿੰਦੂ ਧਰਮ ਦਾ ਹੀ ਅੰਗ ਬਣਾ ਪੇਸ਼ ਕੀਤਾ ਗਿਆ ਜਿਸਦਾ ਬਹੁਤ ਵਿਰੋਧ ਹੋਇਆ। ਪਰੰਤੂ ਸਮਾਂ ਲੰਘ ਗਿਆ ਆਖ ਕੇ ਉਹਨਾਂ ਦੀ ਨਹੀਂ ਸੁਣੀ ਗਈ। ਭਾਰਤ ਦਾ ਸੰਵਿਧਾਨ ਤਾਕਤਵਰ ਕੇਂਦਰ ਦੇ ਨਾਲ ਹੋਂਦ ਵਿੱਚ ਆਇਆ ਜਿਸ ਵਿੱਚ ਸੂਬਿਆਂ ਕੋਲ ਸ਼ਕਤੀਆਂ ਘੱਟ ਸਨ ਇਸ ਲਈ ਪੰਜਾਬ ਵਿੱਚ ਖਾਸਕਰ ਸਿੱਖਾਂ ਲਈ ਇਹ ਸਮਾਂ ਬਹੁਤ ਔਖਾ ਸੀ।

1947 ਤੋਂ ਬਾਅਦ ਪੰਜਾਬ ਦੀ ਰਾਜਧਾਨੀ ਸ਼ਿਮਲਾ ਬਣਾਈ ਗਈ ਅਤੇ ਹੁਣ ਦਾ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦਾ ਇਲਾਕਾ ਵੀ ਸਾਰਾ ਹੀ ਪੰਜਾਬ ਸੀ। ਭਾਰਤ ਵਿੱਚ ਸਿਖਾਂ ਦੇ ਵਸਣ ਤੇ ਸੰਵਿਧਾਨ ਦੁਆਰਾ ਅਨੁਸੂਚਿਤ ਜਾਤੀਆਂ ਨੂੰ ਦਿੱਤੇ ਰਾਖਵਾਂਕਰਨ ਲਈ ਸਿੱਖ ਅਨੁਸੂਚਿਤ ਵਰਗਾਂ ਨੂੰ ਬਾਹਰ ਰੱਖਿਆ ਗਿਆ ਜਿਸਦਾ ਮਾਸਟਰ ਤਾਰਾ ਸਿੰਘ ਦੇ ਵਿਰੋਧ ਮਗਰੋਂ ਸਿੱਖ ਅਨੁਸੂਚਿਤ ਵਰਗਾਂ ਨੂੰ ਵੀ ਰਾਖਵਾਂਕਰਨ ਦੇਣਾ ਮੰਨ ਲਿਆ। ਅਕਾਲੀ ਦਲ ਦਾ ਵਫਦ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਨਹਿਰੂ ਦੇ ਵਾਅਦੇ ਅਨੁਸਾਰ ਉਹਨਾਂ ਨੂੰ ਮਿਲਣ ਲਈ ਗਿਆ ਅਤੇ ਖੁਦਮੁਖਤਿਆਰ ਖਿੱਤੇ ਦੀ ਮੰਗ ਕੀਤੀ ਪ੍ਰੰਤੂ ਜਵਾਹਰ ਲਾਲ ਨਹਿਰੂ ਜੀ ਨੇ "ਸਮਾਂ ਬਦਲਣ" ਦਾ ਤਰਕ ਦੇ ਕੇ ਅਕਾਲੀ ਦਲ ਨੂੰ ਖਾਲੀ ਹੱਥ ਮੋੜ ਦਿੱਤਾ। ਮਾਸਟਰ ਤਾਰਾ ਸਿੰਘ ਨੇ ਸਰਕਾਰ ਖਿਲਾਫ ਮੋਰਚਾ ਲਾਉਣ ਦੀ ਧਮਕੀ ਦਿੱਤੀ ਤਾਂ ਉਹਨਾਂ ਨੂੰ ਗ੍ਰਿਫਤਾਰ ਕਰਕੇ ਜੇਲ ਵਿੱਚ ਸੁੱਟ ਦਿੱਤਾ ਗਿਆ। ਸੰਨ 1947 ਤੋਂ ਬਾਅਦ ਪੰਜਾਬ ਵਿੱਚ ਹਿੰਦੂ ਬਹੁਗਿਣਤੀ ਸੀ ਇਸ ਲਈ ਸਿੱਖਾਂ ਦਾ ਖੁਦਮੁਖਤਿਆਰ ਖਿੱਤੇ ਦੀ ਥਾਂ ਸੂਬੇ ਦੀ ਸਰਕਾਰ ਵੀ ਨਹੀ ਬਣ ਰਹੀ ਸੀ। ਵੰਡ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਪੰਜਾਬ ਨੂੰ ਸਿੱਖਾਂ ਦੇ ਘਰ ਕਿਹਾ ਸੀ ਅਤੇ ਅਜ਼ਾਦ ਪੰਜਾਬ ਦੇਸ਼ ਦੀ ਮੰਗ ਕੀਤੀ ਸੀ ਪਰੰਤੂ ਜਨਸੰਖਿਆ ਦੇ ਹਿਸਾਬ ਨਾਲ ਮੰਗ ਪੂਰੀ ਨਹੀ ਹੋ ਸਕੀ। ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਵਫਦ ਡਾ. ਬੀ. ਆਰ. ਅੰਬੇਦਕਰ ਨੂੰ ਮਿਲਿਆ ਅਤੇ ਸਿੱਖਾਂ ਦੀ ਮਾੜੀ ਹਾਲਤ ਵਿੱਚ ਸੁਧਾਰ ਲਈ ਸਲਾਹ ਮੰਗੀ ਗਈ। ਡਾ. ਅੰਬੇਦਕਰ ਨੇ ਕਿਹਾ ਕਿ ਭਾਵੇਂ ਵੰਡ ਨੇ ਬਹੁਤ ਕਤਲ ਅਤੇ ਉਜਾੜਾ ਕੀਤਾ ਹੈ ਪਰੰਤੂ ਇਤਿਹਾਸ ਵਿੱਚ ਪਹਿਲੀ ਵਾਰ ਸਿੱਖ ਕਿਸੇ ਖੇਤਰ ਵਿੱਚ ਬਹੁ ਗਿਣਤੀ ਵਿੱਚ ਹੋਣਗੇ ਜੇਕਰ ਪੱਛਮੀ ਪੰਜਾਬ ਤੋਂ ਉਜੜ ਕੇ ਆ ਰਹੇ ਸਿੱਖਾਂ ਤੇ ਪੰਜਾਬੀਆਂ ਨੂੰ ਪੂਰਬੀ ਪੰਜਾਬ ਦੇ ਨੇੜੇ ਦੇ ਖੇਤਰਾਂ ਵਿੱਚ ਵਸਾ ਲਿਆ ਜਾਵੇ ਕਿਉਂਕਿ ਸਿੱਖ ਇੱਕ ਕੌਮ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਇਸ ਲਈ ਉਹ ਅਪਣੀ ਬਹੁ ਗਿਣਤੀ ਦੇ ਅਧਾਰ 'ਤੇ ਸੰਘਰਸ਼ ਨਾਲ ਖੁਦਮੁਖਤਿਆਰੀ ਦੀ ਮੰਗ ਕਰ ਸਕਣਗੇ। ਫ਼ਰੀਦਕੋਟ ਸਟੇਟ ਅਤੇ ਡਾ. ਮਹਿੰਦਰ ਸਿੰਘ ਰੰਧਾਵਾ ਦੇ ਯਤਨਾਂ ਨਾਲ ਪੰਜਾਬੀਆਂ ਦਾ ਮੁੜ ਵਸੇਬਾ ਹੋਇਆ ਪਰ ਜ਼ਿਆਦਾਤਰ ਸਿੱਖਾਂ ਨੂੰ ਦਿੱਲੀ ਜਾ ਹੋਰ ਦੂਰ ਦੇ ਖੇਤਰਾਂ ਵਿੱਚ ਵਸੇਬਾ ਮਿਲਿਆ ਅਤੇ ਪੰਜਾਬ ਵਿੱਚ ਸਿੱਖਾਂ ਵੱਲੋਂ ਦੋਸ਼ ਲਾਇਆ ਗਿਆ ਕਿ ਸਰਕਾਰ ਉਹਨਾਂ ਨੂੰ 'ਜ਼ਰਾਇਮ ਪੇਸ਼ ਕੌਮ" ਸਮਝ ਕੇ ਧੱਕਾ ਕਰ ਰਹੀ ਹੈ।

PEPSU (Patiala and East Punjab States Union) : ਸਿੱਖਾਂ ਦੀ ਮੰਗ 'ਤੇ ਪੈਪਸੂ ਨੂੰ 1948 ਵਿੱਚ ਰਾਜ ਬਣਾ ਦਿੱਤਾ ਗਿਆ ਅਤੇ ਗਿਆਨ ਸਿੰਘ ਰਾੜੇ ਵਾਲੇ ਇਸਦੇ ਮੁੱਖ ਮੰਤਰੀ ਬਣੇ। ਰਿਆਸਤਾਂ ਦੇ ਰਾਜਿਆਂ ਨੂੰ ਰਾਜਾਂ ਦੀ ਮੁਖੀ ਲਾਇਆ ਗਿਆ। ਸ਼ਿਮਲਾ, ਕਸੌਲੀ, ਕੰਢਾਘਾਟ ਤੇ ਚੈਲ ਵੀ ਪੈਪਸੂ ਵਿੱਚ ਸ਼ਾਮਿਲ ਕਰ ਲਏ ਗਏ। ਇਹ ਸਿੱਖ ਬਹੁਗਿਣਤੀ ਵਾਲਾ ਇਲਾਕਾ ਸੀ। ਕਾਂਗਰਸ ਦੇ ਕਾਮਰੇਡ ਰਘਬੀਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਇਸਦੇ ਮੁਖੀ ਰਹੇ ਪ੍ਰੰਤੂ ਵਾਰ ਵਾਰ ਰਾਸ਼ਟਰਪਤੀ ਰਾਜ ਲਾਗੂ ਕਰਕੇ ਸਰਕਾਰ ਨੂੰ ਖਤਮ ਕਰ ਦਿੱਤਾ ਜਾਂਦਾ ਸੀ ਜਿਸਦਾ ਅਕਾਲੀ ਦਲ ਨੇ ਵਿਰੋਧ ਕੀਤਾ ਪਰ 1 ਨਵੰਬਰ 1956 ਨੂੰ ਜਦੋਂ ਪੈਪਸੂ ਦਾ ਮੁੱਖ ਮੰਤਰੀ ਬ੍ਰਿਸ਼ ਭਾਨ ਸੀ, ਸਰਕਾਰ ਨੇ ਰਾਜ ਪੁਨਰ ਨਿਰਮਾਣ ਐਕਟ ਦੀਆਂ ਸਿਫਾਰਸ਼ਾਂ 'ਤੇ ਪੈਪਸੂ ਨੂੰ ਪੰਜਾਬ ਵਿੱਚ ਸ਼ਾਮਲ ਕਰ ਦਿੱਤਾ ਅਤੇ ਆਧੁਨਿਕ ਹਿਮਾਚਲ ਦੇ ਕੁਝ ਖੇਤਰਾਂ ਨੂੰ ਕੇਦਰ ਸ਼ਾਸਤ ਪ੍ਰਦੇਸ ਬਣਾ ਦਿੱਤਾ।

ਪੰਜਾਬੀ ਸੂਬਾ ਲਹਿਰ : ਪੰਜਾਬੀ ਸੂਬਾ ਲਹਿਰ ਭਾਸ਼ਾ ਦੇ ਅਧਾਰ 'ਤੇ ਪੰਜਾਬ ਸੂਬੇ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਗਈ ਪਰੰਤੂ ਭਾਰਤ ਸਰਕਾਰ ਇਸਦਾ ਵਿਰੋਧ ਕਰਦੀ ਸੀ ਕਿਉਂਕਿ ਇਸ ਨਾਲ ਸੂਬੇ ਵਿੱਚ ਸਿੱਖਾ ਦੀ ਬਹੁ ਗਿਣਤੀ ਹੋ ਜਾਣੀ ਸੀ। ਇਸ ਮੰਗ ਦੇ ਕਾਰਨ ਕੁਝ ਹਿੰਦੂ ਜੱਥੇਬੰਦੀਆਂ ਅਤੇ ਭਾਰਤ ਸਰਕਾਰ ਨੇ ਖਾਸਕਰ 1951 ਤੇ 1961 ਦੀ ਜਨਗਣਨਾ ਦੌਰਾਨ ਪੰਜਾਬੀ ਸੂਬੇ ਨੂੰ ਬਣਨ ਤੋ ਰੋਕਣ ਲਈ ਪੰਜਾਬ ਦੇ ਹਿੰਦੂਆਂ ਨੂੰ ਆਪਣੀ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਲਈ ਪ੍ਰਚਾਰਿਆ ਜਿਸਨੇ ਹਿੰਦੂਆਂ ਅਤੇ ਸਿਖ ਭਾਈਚਰਿਆਂ ਵਿੱਚ ਦਰਾੜ ਪਾਈ ਅਤੇ ਪੰਜਾਬ ਦੇ ਬਾਕੀ ਮਸਲਿਆਂ ਨੂੰ ਵੀ ਖੂਹ-ਖਾਤੇ ਪਾ ਦਿੱਤਾ ਗਿਆ। ਸੰਨ 1953 ਦੇ ਰਾਜ ਪੁਨਰਗਠਨ ਐਕਟ ਨੇ ਪੰਜਾਬ ਸੂਬੇ ਦੀ ਮੰਗ ਇਹ ਕਹਿ ਕੇ ਠੁਕਰਾ ਦਿੱਤੀ ਕਿ ਪੰਜਾਬੀ ਤੇ ਹਿੰਦੀ ਵਿੱਚ ਖਾਸ ਫਰਕ ਨਹੀ, ਪਰੰਤੂ ਦੱਖਣੀ ਭਾਰਤ ਵਿੱਚ ਸ੍ਰੀ ਮੱਲੂ ਦੀ ਭੁੱਖ ਹੜਤਾਲ ਨਾਲ ਆਂਧਰਾ ਪ੍ਰਦੇਸ ਨਾਂ ਦਾ ਸੂਬਾ ਭਾਸ਼ਾ ਦੇ ਅਧਾਰ 'ਤੇ ਹੋਂਦ ਵਿੱਚ ਆਇਆ ਅਤੇ ਅੱਗੇ ਜਾ ਕੇ ਤਾਮਿਲਨਾਡੂ, ਮਹਾਰਾਸ਼ਟਰ, ਗੁਜਰਾਤ ਆਦਿ ਭਾਸ਼ਾਵਾਂ ਦੇ ਅਧਾਰ 'ਤੇ ਸੂਬੇ ਬਣੇ ਪਰੰਤੂ ਪੰਜਾਬ ਲਈ ਭਾਸ਼ਾ ਦੇ ਅਧਾਰ 'ਤੇ ਸੂਬੇ ਦੀ ਇਹ ਮੰਗ ਫਿਰਕਾਪ੍ਰਸਤੀ ਐਲਾਨੀ ਗਈ। ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਤੇ ਪੰਜਾਬ ਪ੍ਰਸਤ ਪਾਰਟੀਆਂ ਇਸ ਮੰਗ 'ਤੇ ਅਕਾਲ ਤਖਤ ਸਾਹਿਬ ਰਾਹੀ ਇਕਮੁੱਠ ਹੋ ਗਏ। ਵੰਡ ਤੋਂ ਬਾਅਦ ਪੰਜਾਬ ਵਿੱਚ ਗੋਪੀ ਚੰਦ ਭਾਰਗਵ ਅਤੇ ਭੀਮ ਸੈਨ ਸੱਚਰ ਮੁੱਖ ਮੰਤਰੀ ਬਣੇ ਜੋ ਕਾਂਗਰਸ ਵਿੱਚ ਹੁੰਦੇ ਹੋਏ ਦੋ ਧੜਿਆਂ ਦੇ ਆਗੂ ਸਨ ਪਰ ਦੋਵੇਂ ਹੀ ਪੰਜਾਬੀ ਸੂਬੇ ਦੇ ਵਿਰੁੱਧ ਸਨ।

ਭੀਮ ਸੈਨ ਸੱਚਰ ਨੇ ਪੰਜਾਬੀ ਖੇਤਰ ਲਈ ਦਸਵੀਂ ਤੱਕ ਪੰਜਾਬੀ ਜ਼ਰੂਰੀ ਅਤੇ ਪ੍ਰਾਇਮਰੀ ਤੋਂ ਬਾਅਦ ਹਿੰਦੀ ਪੜ੍ਹਾਉਣ ਅਤੇ ਉਸੇ ਤਰ੍ਹਾਂ ਹਿੰਦੀ ਖੇਤਰ ਵਿੱਚ ਦਸਵੀ ਤੱਕ ਹਿੰਦੀ ਜ਼ਰੂਰੀ ਅਤੇ ਪ੍ਰਾਈਮਰੀ ਤੋਂ ਬਾਅਦ ਪੰਜਾਬੀ ਪੜ੍ਹਾਉਣ

ਦਾ ਫਾਰਮੂਲਾ ਦਿੱਤਾ। ਅਸੈਂਬਲੀ ਵਿੱਚ ਵੀ ਪੰਜਾਬੀ ਅਤੇ ਹਿੰਦੀ ਵੀ ਵੰਡ ਦੇ ਅਧਾਰ 'ਤੇ ਹੀ ਮੈਂਬਰ ਬੈਠਦੇ ਸਨ ਇਸ ਫਾਰਮੂਲੇ ਅਧਾਰ 'ਤੇ ਹੀ 1966 ਵਿੱਚ ਪੰਜਾਬ ਦੀ ਵੰਡ ਹੋਈ।

ਪੰਜਾਬ ਵਿੱਚ ਪੰਜਾਬੀ ਭਾਸ਼ਾ ਦਾ ਵਿਰੋਧ ਕੀਤਾ ਗਿਆ। ਆਰਿਆ ਸਮਾਜ, ਹਿੰਦੂ ਮਹਾਂ ਸਭਾ ਅਤੇ ਜਨ ਸੰਘ ਦੇ ਵਿਰੋਧ ਤੇ ਪੰਜਾਬ ਯੂਨੀਵਰਸਿਟੀ ਵਿੱਚ ਵੀ ਪੰਜਾਬੀ ਦੀ ਪੜ੍ਹਾਈ ਬੰਦ ਕਰ ਦਿੱਤੀ ਗਈ। 1951 ਦੀ ਮਰਦਮਸ਼ੁਮਾਰੀ ਵਿੱਚ ਸਮੂਹ ਪੰਜਾਬੀ ਹਿੰਦੂਆਂ ਨੂੰ ਆਪਣੀ ਭਾਸ਼ਾ ਹਿੰਦੀ ਲਿਖਾਉਣ ਲਈ ਕੁਰਾਹੇ ਪਾਇਆ ਗਿਆ ਇਸੇ ਤਰ੍ਹਾਂ 1961 ਦੀ ਮਰਦਸ਼ੁਮਾਰੀ ਵਿੱਚ ਹੋਇਆ। 14 ਮਈ 1954 ਨੂੰ ਅਕਾਲੀ ਦਲ ਨੇ ਇੱਕ ਮੰਮਰੋਡੰਮ ਵਿੱਚ ਪੈਪਸੂ ਅਤੇ ਰਾਜਸਥਾਨ ਦੇ ਉਤਰੀ ਜ਼ਿਲਿਆਂ ਸਮੇਤ ਪੰਜਾਬੀ ਸੂਬਾ ਬਣਾਉਣ ਲਈ ਪੇਸ਼ ਕੀਤਾ ਅਤੇ ਗੁੜਗਾਂਓ, ਰੋਹਤਕ, ਪਾਣੀਪਤ, ਤਹਿਸੀਲ ਤੇ ਹਿਸਾਰ ਜਿਲ੍ਹੇ ਦੀਆਂ ਕੁਝ ਤਹਿਸੀਲਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਲਈ ਕਿਹਾ ਤਾਂ ਕਿ ਸਿੱਖ ਬਹੁਗਿਣਤੀ ਨਾਲ ਸਰਕਾਰ ਬਣ ਸਕੇ।

1951-52 ਦੀਆਂ ਚੋਣਾਂ (1952-52 Election)

ਚੋਣਾਂ ਵਿੱਚ ਕਾਂਗਰਸ ਦੀ ਜਿੱਤ ਹੋਈ ਨਹਿਰੂ ਜੀ ਨੂੰ ਪ੍ਰਧਾਨ ਮੰਤਰੀ ਚੁਣਿਆ ਗਿਆ। ਪੰਜਾਬ ਵਿੱਚ ਕਾਂਗਰਸ ਨੇ 126 ਸੀਟਾਂ ਵਿੱਚੋਂ 96 ਸੀਟਾਂ ਜਿੱਤ ਕੇ ਭੀਮ ਸੈਨ ਸੱਚਰ ਨੂੰ ਮੁੱਖ ਮੰਤਰੀ ਬਣਾਇਆ, ਸੋਮਣੀ ਅਕਾਲੀ ਦਲ ਨੇ ਸਿੱਖ ਖੇਤਰਾਂ ਵਿੱਚ 13 ਸੀਟਾਂ, ਕਮਿਊਨਿਸਟ ਪਾਰਟੀ ਨੇ 4 ਸੀਟਾਂ ਪ੍ਰਾਪਤ ਕੀਤੀਆਂ। ਸਮਾਜਵਾਦੀ ਵਿਚਾਰਧਾਰਾ ਨਾਲ ਸਬੰਧਤ ਆਗੂ ਸਿਖਾਂ ਦੇ ਪੰਜਾਬ ਦੀ ਵੰਡ ਦੇ ਖਿਲਾਫ ਪਰ ਪੰਜਾਬੀਆਂ ਦੇ ਹੱਕਾਂ ਦੇ ਪੱਖ ਵਿੱਚ ਸਨ ਇਸ ਲਈ ਪੰਜਾਬ ਦੀਆਂ ਆਰਥਿਕ ਮੰਗਾਂ ਵਿੱਚ ਸਾਥ ਦਿੱਤਾ ਪਰੰਤੂ ਕਾਂਗਰਸ ਦੇ ਮਜ਼ਬੂਤ ਕੇਂਦਰ ਰਾਹੀ ਪੰਜਾਬ ਖਾਸ ਕਰ/ਸਿੱਖਾਂ ਤੇ ਕੰਟਰੋਲ ਰੱਖਣ ਸਮੇਂ ਕੇਂਦਰ ਦਾ ਸਾਥ ਦਿੱਤਾ।

4 ਜੁਲਾਈ, 1955 ਨੂੰ ਪੰਜਾਬੀ ਸੂਬੇ ਲਈ ਅੰਮ੍ਰਿਤਸਰ ਵਿਖੇ ਕੀਤੇ ਇਕੱਠ ਵਿਰੁੱਧ ਹਕੂਮਤ ਨੇ ਹਰਿਮੰਦਰ ਸਾਹਿਬ ਵਿੱਚ ਪੁਲਿਸ ਭੇਜ ਦਿੱਤੀ ਅਤੇ ਗੋਲੀ ਚੱਲਣ ਕਾਰਨ ਲਈ ਸ਼ਰਧਾਲੂ ਜ਼ਖਮੀ ਹੋਏ ਜਿਸ ਕਾਰਨ ਸਿੱਖਾਂ ਵਿੱਚ ਰੋਸ ਵਧ ਗਿਆ। ਪੰਜਾਬ ਪੰਜਾਬੀ ਸੂਬਾ ਅਤੇ ਮਹਾ ਪੰਜਾਬ ਦੇ ਅਧਾਰ 'ਤੇ ਦੋ ਧੜਿਆਂ ਵਿੱਚ ਵੰਡਿਆ ਗਿਆ। ਸੰਨ 1956 ਵਿੱਚ ਪ੍ਰਤਾਪ ਸਿੰਘ ਕੈਰੋਂ ਨੂੰ ਮੁੱਖ ਮੰਤਰੀ ਬਣਾਇਆ ਗਿਆ ਜੋ ਮਹਾਂ ਪੰਜਾਬ ਦੇ ਹੱਕ ਵਿੱਚ ਅਤੇ ਜਵਾਹਰ ਲਾਲ ਨਹਿਰੂ ਦੇ ਕਰੀਬੀ ਸਨ। ਉਹਨਾਂ ਨੇ ਪੰਜਾਬ ਵਿੱਚ ਭਾਖੜਾ ਬੰਨ੍ਹ, ਯੂਨੀਵਰਸਿਟੀਆਂ ਅਤੇ ਹੋਰ ਵੱਡੇ ਪ੍ਰੋਜੈਕਟਾਂ ਦਾ ਨਿਰਮਾਣ ਕਰਵਾਇਆ ਅਤੇ ਉਹਨਾਂ ਦੇ ਸਮੇ ਦੌਰਾਨ ਹੀ ਪੰਜਾਬ ਖੇਤੀਬਾੜੀ ਵਿੱਚ ਹਰੀ ਕ੍ਰਾਂਤੀ ਦੇ ਅਧਾਰ 'ਤੇ ਭਾਰਤ ਦਾ ਅਮੀਰ ਸੂਬਾ ਬਣਨਾ ਸ਼ੁਰੂ ਹੋਇਆ। ਹਰੀ ਕ੍ਰਾਂਤੀ ਦੇ ਆਉਣ ਨਾਲ ਪੰਜਾਬ ਦੇ ਪਿੰਡਾਂ ਖਾਸਕਰ ਜਿਮੀਂਦਾਰ ਆਰਥਿਕ ਤੌਰ 'ਤੇ ਮਜ਼ਬੂਤ ਹੋਏ ਜਿਸਨੇ ਸਹਿਰੀ ਮੱਧ ਵਰਗੀ ਸਿਆਸਤ 'ਤੇ ਆਗੂ ਮਾਸਟਰ ਤਾਰਾ ਸਿੰਘ ਅਤੇ ਸਾਥੀਆਂ ਦੇ ਨਿਘਾਰ ਅਤੇ ਪੰਜਾਬ ਦੇ ਪਿੰਡਾਂ ਦੀ ਜਿਮੀਦਾਰ ਭਾਈਚਾਰੇ ਨਾਲ ਸਬੰਧਿਤ ਖਾਸਕਰ ਜੱਟ ਕਿਸਾਨੀ ਦਾ ਅਕਾਲੀ ਦਲ ਵਿੱਚ ਉਭਾਰ ਹੋਇਆ। ਸੰਤ ਫਤਹਿ ਸਿੰਘ ਦੀ ਅਗਵਾਈ ਵਿੱਚ ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ, ਤਲਵੰਡੀ, ਗੁਰਚਰਨ ਸਿੰਘ





ਪੰਜਾਬ ਦੇ ਅਕਾਲੀ ਆਗੂਆਂ ਦੀਆਂ ਦੋ ਫ਼ਾਈਲ ਤਸਵੀਰਾਂ ਵੱਖੋ-ਵੱਖਰੀ ਕਥਾ ਬਿਆਨ ਕਰਦੀਆਂ ਹੋਈਆਂ

ਟੌਹੜਾ ਆਦਿ ਲੀਡਰਾਂ ਦਾ ਉਭਾਰ ਪੰਜਾਬ ਦੀ ਕਿਸਾਨੀ ਵਿੱਚੋਂ ਹੀ ਹੋਇਆ ਜਿਸਨੇ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਲਿਆਂਦਾ। ਪੰਜਾਬੀ ਸੂਬੇ ਦੀ ਮੰਗ ਪੂਰੀ ਨਾ ਹੋਣ ਤੇ ਗਿਆਨੀ ਕਰਤਾਰ ਸਿੰਘ ਅਤੇ ਹੁਕਮ ਸਿੰਘ ਨੇ ਵਿਰੋਧ ਕਰਦੇ ਹੋਏ ਕਿਹਾ, "ਸਾਰੀਆਂ ਕੌਮਾਂ ਨੂੰ ਰਾਜ ਅਤੇ ਭਾਸ਼ਾ ਮਿਲੇ ਪਰ ਅਸੀ ਆਪਣੀ ਭਾਸ਼ਾ ਵੀ ਗੁਆ ਰਹੇ ਹਾਂ। ਭਾਰਤੀ ਸੰਵਿਧਾਨ ਵਿੱਚ 14 ਭਾਸ਼ਾਵਾਂ ਹਨ ਪਰ ਸਿਰਫ ਪੰਜਾਬੀ ਕੋਲ ਹੀ ਅਪਣਾ ਰਾਜ ਨਹੀ ਹੈ।" 6 ਅਪ੍ਰੈਲ 1955 ਨੂੰ ਸਰਕਾਰ ਨੇ "ਪੰਜਾਬੀ ਸੂਬਾ" ਨਾਅਰੇ 'ਤੇ ਪਾਬੰਦੀ ਲਾ ਦਿੱਤੀ। ਅਕਾਲੀ ਦਲ ਨੇ ਇਸ ਫੈਸਲੇ ਖਿਲਾਫ ਅੰਦੋਲਨ ਕੀਤਾ ਅਤੇ ਗ੍ਰਿਫਤਾਰੀਆਂ ਦਿੱਤੀਆਂ।

1956 ਵਿੱਚ ਰਾਜਪੁਨਰਗਠਨ ਐਕਟ ਦੀ 10 ਅਕਤਬੂਰ ਨੂੰ ਛਪੀ ਰਿਪੋਰਟ ਵਿੱਚ ਹਿਮਾਚਲ ਅਤੇ ਪੈਪਸੂ ਨੂੰ ਪੰਜਾਬ ਵਿੱਚ ਸ਼ਾਮਲ ਕਰ ਦਿੱਤਾ ਜਿਸਦਾ ਅਕਾਲੀ ਦਲ ਨੇ ਵਿਰੋਧ ਕੀਤਾ। ਅਕਾਲੀ ਦਲ ਨੇ ਅੰਮ੍ਰਿਤਸਰ ਵਿਖੇ ਕਨਵੈਨਸ਼ਨ ਦੌਰਾਨ ਪੰਜਾਬੀ ਸੂਬੇ ਲਈ ਤਿੱਖਾ ਸੰਘਰਸ਼ ਸ਼ੁਰੂ ਕੀਤਾ ਅਤੇ ਭਾਰਤ ਸਰਕਾਰ ਨੂੰ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਦੇ ਸਿੱਖਾਂ ਨਾਲ ਵਾਅਦੇ ਬਾਰੇ ਯਾਦ ਕਰਵਾਇਆ ਗਿਆ ਪ੍ਰੰਤੂ ਹੁਣ ਸਰਕਾਰ ਪੰਜਾਬੀ ਸੂਬਾ ਅਤੇ ਸੱਚਰ ਫਾਰਮੂਲੇ ਨੂੰ ਵੀ ਲਾਗੂ ਨਹੀ ਕਰ ਰਹੀ ਸੀ। ਜਵਾਹਰ ਲਾਲ ਨਹਿਰੂ, ਗੋਬਿੰਦਵਾਲ ਪੰਤ, ਮੌਲਾਨਾ ਅਬੁਲ ਕਲਾਮ ਨੇ ਸਿੱਖ ਵਫਦ, ਮਾਸਟਰ ਤਾਰਾ ਸਿੰਘ, ਹੁਕਮ ਸਿੰਘ, ਭਾਈ ਜੋਧ ਸਿੰਘ ਨਾਲ ਮੁਲਾਕਾਤ ਕੀਤੀ ਪਰੰਤੂ ਹੱਲ ਨਾ ਹੋਇਆ ਅਤੇ ਸਰਕਾਰ ਨੇ 1956 ਵਿੱਚ ਕਾਂਗਰਸ ਪਾਰਟੀ ਦਾ ਸ਼ੈਸਨ ਅੰਮ੍ਰਿਤਸਰ ਵਿਖੇ ਬੁਲਾਇਆ ਜਿਸਦੇ ਵਿਰੋਧ ਵਿੱਚ ਅਕਾਲੀ ਆਗੂਆਂ ਨੇ ਵੀ ਉਸੇ ਦਿਨ ਅੰਮ੍ਰਿਤਸਰ ਸ਼ੈਸਨ ਬੁਲਾਇਆ ਜਿਸ ਵਿੱਚ ਲੱਖਾਂ ਲੋਕ ਸ਼ਾਮਲ ਹੋਏ ਅਤੇ ਕਾਂਗਰਸ ਦਾ ਸ਼ੈਸਨ ਨਾਂ-ਮਾਤਰ ਰਿਹਾ। ਹੁਕਮ ਸਿੰਘ ਨੇ ਖੇਤਰੀ ਫਾਰਮੂਲਾ ਦਿੱਤਾ ਜਿਸ ਅਨੁਸਾਰ ਪੰਜਾਬੀ ਅਤੇ ਹਿੰਦੀ ਖੇਤਰ ਦੇ ਵਿਧਾਨਕਾਰ ਕਮੇਟੀਆਂ ਬਣਾ ਕੇ ਆਪੋ ਆਪਣੇ ਖੇਤਰ ਲਈ ਨਿਯਮ ਬਣਾਉਣਗੇ ਜਿਸ ਵਿੱਚ ਕਾਨੂੰਨ ਵਿਵਸਥਾ, ਟੈਕਸ ਅਤੇ ਵਿੱਤ ਵਿਭਾਗਾਂ ਸਾਂਝਾ ਹੋਵੇਗਾ। ਪੰਜਾਬ ਖੇਤਰ ਲਈ ਪੰਜਾਬੀ, ਗੁਰਮੱਖੀ ਲਿਪੀ ਵਿੱਚ ਹੋਵੇਗੀ ਜਿਸ ਦੇ ਵਿਕਾਸ ਲਈ ਬੋਲੀ ਮਹਿਕਮਾ ਬਣਾਇਆ ਜਾਵੇਗਾ। 23 ਸਤੰਬਰ 1956 ਨੂੰ ਖੇਤਰੀ ਫਾਰਮੂਲੇ ਨੂੰ ਮੰਨ ਕੇ ਆਪਣੇ ਰਾਜਨੀਤਕ ਪ੍ਰੋਗਰਾਮ ਕਾਂਗਰਸ ਨਾਲ ਸਾਂਝੇ ਕਰ ਲਏ। ਸਿਖ ਧਰਮ ਦੇ ਪ੍ਰਚਾਰ, ਸਿਖਿਆ ਅਤੇ ਸੱਭਿਆਚਾਰ ਦੀ ਦੇਖਭਾਲ ਅਕਾਲੀ ਦਲ ਕਰੇਗਾ ਅਤੇ ਅਕਾਲੀ ਦਲ ਦੇ ਲੀਡਰ ਕਾਂਗਰਸ ਨਾਲ ਮਿਲ ਕੇ ਰਾਜਨੀਤਕ ਸੱਤਾ ਚਲਾਉਣਗੇ। ਪੰਜਾਬੀ ਖੇਤਰਾਂ ਵਿੱਚ ਗੁਰਮੁਖੀ ਨੂੰ ਰਾਜ ਦੀ ਦਫਤਰੀ ਭਾਸ਼ਾ ਦੀ ਮੰਗ ਦੇ ਵਿਰੁੱਧ ਨੇ ਇਸ ਫਾਰਮੂਲੇ ਦਾ ਵਿਰੋਧ ਕੀਤਾ ਅਤੇ ਕੁਝ ਪੰਜਾਬੀ ਵਿਰੋਧੀਆਂ ਸਮੂਹਾਂ ਨੇ "ਹਿੰਦੀ ਬਚਾਓ" ਅੰਦੋਲਨ ਸ਼ੁਰੂ ਕਰ ਦਿੱਤਾ। 1957 ਵਿੱਚ ਹਿੰਦੀ ਰੱਖਿਆ ਸਮਿਤੀ ਨੇ ਪੰਜਾਬੀ ਵਿਰੁੱਧ, "ਗੰਦੀ ਭਾਸ਼ਾ ਨਹੀ ਪੜੇਗੇਂ-ਲੰਗੜੀ ਭਾਸ਼ਾ ਨਹੀਂ ਪੜੇਂਗੇ" ਦੇ ਨਾਅਰੇ ਲਾਏ ਗਏ। ਅਜਿਹਾ ਮਹੌਲ ਬਣਾਇਆ ਗਿਆ ਜਿਵੇਂ ਪੰਜਾਬੀ ਸੂਬਾ ਦੇਸ਼ ਦੀ ਏਕਤਾ ਲਈ ਖਤਰਾ ਹੋਵੇ। ਸੰਨ 1957 ਵਿੱਚ ਪ੍ਰਤਾਪ ਸਿੰਘ ਕੈਰੋਂ ਨੇ ਮੁੱਖ ਮੰਤਰੀ ਦਾ ਅਹੁੱਦਾ ਸੰਭਾਲਿਆ ਤੇ ਖੇਤਰੀ ਫਾਰਮੂਲਾ ਰੱਦ ਕਰ ਦਿੱਤਾ। ਗੁਰੂਦੁਆਰਿਆਂ ਉਪਰ ਹਮਲੇ ਹੋਏ ਅਤੇ ਪੰਜਾਬੀ ਭਾਸ਼ਾ ਦਾ ਅਪਮਾਨ ਕੀਤਾ ਗਿਆ। ਸਿੱਖਾਂ ਅਤੇ ਹਿੰਦੂਆਂ ਵਿਚਕਾਰ ਅਜਿਹੀ ਦਰਾੜ ਪਈ ਕਿ ਉਹ ਹਰ ਆਮ ਮੰਗ ਨੂੰ ਵੀ ਇੱਕ ਦੂਸਰੇ ਦੇ ਖਿਲਾਫ ਸਮਝਣ ਲੱਗੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਰਮਾਣ ਲਈ ਕੀਤੇ ਸੰਘਰਸ਼ ਦਾ ਹੀ ਨਤੀਜਾ ਸੀ। 22 ਮਈ 1960 ਨੂੰ ਸਵਤੰਤਰ ਪਾਰਟੀ ਤੇ ਪਰਜਾ ਸੋਸ਼ਲਿਸਟ ਪਾਰਟੀ ਨੂੰ ਅਕਾਲੀ ਕਾਨਫਰੰਸ ਵਿੱਚ ਬੁਲਾਇਆ ਗਿਆ। ਪੰਡਿਤ ਸੁੰਦਰ ਲਾਲ, ਸੈਫੂਦੀਨ ਕਿਚਲੂ, ਮੁੱਖ ਤੌਰ 'ਤੇ ਹਾਜ਼ਰ ਸਨ ਸਰਦਾਰ (ਜਸਟਿਸ) ਗੁਰਨਾਮ ਸਿੰਘ ਦੁਆਰਾ ਪੰਜਾਬੀ ਸੂਬਾ ਜਲਦੀ ਬਨਾਉਣ ਦਾ ਮਤਾ ਪੇਸ਼ ਕੀਤਾ ਗਿਆ ਜਿਸ ਲਈ ਦਿਲੀ ਤੱਕ ਮਾਰਚ ਕੱਢਿਆ ਗਿਆ ਅਤੇ ਪੰਜਾਬੀਆਂ ਦੀਆਂ ਸਿੱਖਾਂ ਦੀਆਂ ਗ੍ਰਿਫਤਾਰੀਆਂ ਹੋਈਆਂ। ਮਾਸਟਰ ਤਾਰਾ ਸਿੰਘ ਦੇ ਜੇਲ੍ਹ ਜਾਣ ਕਰਕੇ ਸੰਤ ਫਤਹਿ ਸਿੰਘ ਨੇ ਸੰਘਰਸ਼ ਦੀ ਅਗਵਾਈ ਕੀਤੀ ਅਤੇ ਪੰਜਾਬੀ ਬੋਲੀ ਨੂੰ ਰਾਜ ਦਾ ਮੁਖ ਅਧਾਰ ਮੰਨ ਕੇ ਧਰਮ ਨਿਰਪੱਖ ਅਤੇ ਨੂੰ ਰਾਜ ਦਾ ਮੁਖ ਅਧਾਰ ਮੰਨ ਕੇ ਧਰਮ ਨਿਰਪੱਖ ਅਤੇ ਲੋਕਤੰਤਰੀ ਮੰਗ ਉਠਾਈ। ਪੇਂਡੂ ਕਿਸਾਨੀ ਦੇ ਉਭਾਰ ਕਰਕੇ ਸੰਤ ਫਤਹਿ ਸਿੰਘ ਦਾ ਰਾਜਨੀਤੀ ਵਿੱਚ ਵੱਡਾ ਉਭਾਰ ਹੋਇਆ। 18 ਦਸੰਬਰ 1960 ਨੂੰ ਸੰਤ ਫਤਹਿ ਸਿੰਘ ਨੇ ਪੰਜਾਬੀ ਸੂਬੇ ਲਈ ਮਰਨ ਵਰਤ ਸੁਰੂ ਕਰ ਦਿੱਤਾ ਜਿਸ ਦੇ ਲਈ ਜਵਾਹਰ ਲਾਲ ਨਹਿਰੂ ਨੇ ਭਾਸਾਵਾਂ ਦੇ ਵਿੱਚ ਪੰਜਾਬੀ ਭਾਸ਼ਾ ਤੇ ਪੰਜਾਬੀ ਸੂਬੇ ਬਣਾਉਣ ਲਈ ਹਾਮੀ ਭਰੀ। ਮਾਸਟਰ ਤਾਰਾ ਸਿੰਘ ਨੂੰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਅਤੇ ਸਿਖਾਂ ਨੇ ਮਾਸਟਰ ਜੀ ਉਪਰ ਨਹਿਰੂ ਲਾਲ ਗੱਲਬਾਤ ਕਰਕੇ ਸੰਤ ਫਤਹਿ ਸੰਘ ਦੀ ਜਾਨ ਬਚਾਉਣ ਤੇ ਪੰਜਾਬੀ ਸੂਬਾ ਬਨਾਉਣ ਦਾ ਦਬਾਅ ਬਣਾਇਆ ਗਿਆ। ਮਾਸਟਰ ਤਾਰਾ ਸਿੰਘ ਨੇ ਨਹਿਰੂ ਨਾਲ ਦੋ ਘੰਟੇ ਗੱਲਬਾਤ ਕੀਤੀ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਜ਼ੁਬਾਨੀ ਭਰੋਸਾ ਦਵਾਇਆ ਅਤੇ ਸੰਤ ਫਤਹਿ ਸਿੰਘ ਦਾ ਮਰਨ ਵਰਤ ਖਤਮ ਕਰ ਦਿੱਤਾ ਗਿਆ ਪਰੰਤੂ ਫਤਹਿ ਸਿੰਘ ਅਤੇ ਜਵਾਹਰ ਲਾਲ ਨਹਿਰੂ ਨਾਲ ਹੋਈਆਂ ਮੀਟਿੰਗਾਂ ਵਿੱਚ ਨਹਿਰੂ ਨੇ ਪੰਜਾਬੀ ਸੂਬੇ ਲਈ ਸਾਫ ਮਨ੍ਹਾਂ ਕਰ ਦਿੱਤਾ ਜਿਸ ਗੱਲ ਨੇ ਮਾਸਟਰ ਤਾਰਾ ਸਿੰਘ ਦੇ ਰਾਜਨੀਤਕ ਜੀਵਨ ਉਪਰ ਬੁਰਾ ਅਸਰ ਪਾਇਆ।

15 ਅਗਸਤ 1961 ਨੂੰ ਮਾਸਟਰ ਤਾਰਾ ਸਿੰਘ ਦੇ ਖੁਦ ਮਰਨ ਵਰਤ ਸ਼ੁਰੂ ਕਰ ਦਿੱਤਾ। ਕੇਂਦਰ ਸਰਕਾਰ ਨੇ ਹਰਦਿਤ ਮਲਿਕ ਨੂੰ ਅੰਮ੍ਰਿਤਸਰ ਭੇਜਿਆ ਤਾਂ ਜੋ ਗੱਲਬਾਤ ਹੋ ਸਕੇ। ਮਾਸਟਰ ਤਾਰਾ ਸਿੰਘ ਨੇ ਇਸਨੂੰ ਪੰਜਾਬੀ ਸੂਬੇ ਦਾ ਭਰੋਸਾ ਸਮਝਦੇ ਹੋਏ ਮਰਨ ਵਰਤ ਖਤਮ ਕਰ ਦਿੱਤਾ ਜਿਸਨੇ ਮਾਸਟਰ ਜੀ ਦਾ ਰਾਜਨੀਤਕ ਜੀਵਨ ਖਤਮ ਕਰ ਦਿੱਤਾ ਕਿਉਂਕਿ ਸਿੱਖੀ ਵਿੱਚ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ ਕਿਸੇ ਵੀ ਕੰਮ ਲਈ ਜਾਨ ਵਾਰਨ ਜਾਂ ਸਫਲਤਾ ਪ੍ਰਾਪਤ ਕਰਨ ਦੀ ਰਵਾਇਤ ਹੈ। ਪੰਜ ਪਿਆਰਿਆਂ ਵੱਲੋ ਮਾਸਟਰ ਤਾਰਾ ਸਿੰਘ ਨੂੰ ਸਜ਼ਾ ਲਾਈ ਗਈ। ਸੰਨ 1962 ਵਿੱਚ ਸੰਤ ਫਤਹਿ ਸਿੰਘ ਅਕਾਲੀ ਦਲ ਦੇ ਆਗੂ ਦੇ ਤੌਰ 'ਤੇ ਕਮਾਨ ਸੰਭਾਲ ਰਹੇ ਸਨ। ਸੰਨ 1964 ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਰਕੇ ਪ੍ਰਤਾਪ ਸਿੰਘ ਕੈਰੋਂ ਨੇ ਅਸਤੀਫਾ ਦੇ ਦਿੱਤਾ। 4 ਜੁਲਾਈ 1965 ਨੂੰ ਲੁਧਿਆਣਾ ਵਿਖੇ ਮਾਸਟਰ ਤਾਰਾ ਸਿੰਘ, ਗੁਰਨਾਮ ਸਿੰਘ, ਕਪੂਰ ਸਿੰਘ ਨੇ ਨਲਵਾ ਕਾਨਫਰੰਸ ਬੁਲਾਈ ਜਿਥੇ ਸਿੱਖਾਂ ਦੀ ਹਾਲਤ ਨੂੰ ਦੇਖਦੇ ਹੋਏ ਭਾਰਤੀ ਸੰਘ ਵਿੱਚ ਇੱਕ ਖੁਦਮੁਖਤਿਆਰ ਖਿੱਤੇ ਦੀ ਮੰਗ ਕੀਤੀ ਗਈ ਸੋ 24 ਜੁਲਾਈ 1965 ਨੂੰ ਮਾਸਟਰ ਤਾਰਾ ਸਿੰਘ ਨੇ ਨਲਵਾ ਕਾਨਫਰੰਸ ਦਾ ਪੱਖ ਦਿੱਲੀ ਵਿਖੇ ਰੱਖਿਆ ਪਰੰਤੂ ਸੰਤ ਫਤਹਿ ਸਿੰਘ ਨੇ ਪੰਜਾਬੀ ਸੂਬੇ ਲਈ 10 ਸਤੰਬਰ ਤੋਂ ਮਰਨ ਵਰਤ ਦਾ ਐਲਾਨ ਕਰ ਦਿੱਤਾ ਅਤੇ ਮੰਗਾਂ ਨਾ ਮੰਨੇ ਜਾਣ ਦੇ 25 ਸਤੰਬਰ ਨੂੰ ਅਗਨ ਭੇਂਟ ਕਰਨ ਦਾ ਐਲਾਨ ਵੀ ਕੀਤਾ ਪਰੰਤੂ ਉਸੇ ਸਮੇਂ ਭਾਰਤ ਅਤੇ ਪਾਕਿਸਤਾਨ ਵਿਚਕਾਰ 1965 ਵਿੱਚ ਯੁੱਧ ਦਾ ਐਲਾਨ ਹੋ ਗਿਆ ਅਤੇ ਭਾਰਤ ਸਰਕਾਰ ਤੇ ਸੈਨਾ ਦੀ ਬੇਨਤੀ 'ਤੇ ਸੰਤ ਫਤਹਿ ਸਿੰਘ ਨੇ ਯੁੱਧ ਵਿੱਚ ਸਹਾਇਤਾ ਕਰਨ ਦਾ ਫੈਸਲਾ ਕੀਤਾ।

22 ਸਤੰਬਰ ਨੂੰ ਭਾਰਤ-ਪਾਕਿ ਯੁੱਧ ਦੇ ਖਾਤਮੇ ਅਤੇ ਯੁੱਧ ਵਿੱਚ ਸਿੱਖਾਂ ਦੀ ਦੇਣ ਕਾਰਨ ਸਿੱਖ ਭਾਈਚਾਰੇ ਦਾ ਮਾਣ ਵਧਿਆ। ਗੁਲਜ਼ਾਰੀ ਲਾਲ ਨੰਦਾ ਵੱਲੋ ਪਾਰਲੀਮੈਂਟ ਵਿੱਚ ਪੰਜਾਬੀ ਸੂਬੇ ਲਈ ਕਮੇਟੀਆਂ ਬਣਾਈਆਂ ਗਈਆਂ ਅਤੇ ਹੁਕਮ ਸਿੰਘ ਨੇ 22 ਮੈਂਬਰਾਂ ਦੀ ਕਮੇਟੀ ਬਣਾਈ ਜੋ ਅਕਾਲੀ ਦਲ, ਕਾਂਗਰਸ, ਜਨ ਸੰਘ, ਸਵਤੰਤਰ ਪਾਰਟੀ ਅਤੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੀ ਸੀ। 9 ਮਾਰਚ 1966 ਨੂੰ ਕੇਦਰ ਸਰਕਾਰ ਨੇ ਪੰਜਾਬੀ ਸੂਬੇ ਦੀ ਪੰਜਾਬੀ ਭਾਸ਼ਾ ਸਮੇਤ ਮੰਗ ਮੰਨ ਲਈ ਜਿਸ ਕਰਕੇ ਪੰਜਾਬੀ ਸੂਬੇ ਦੇ ਵਿਰੋਧ ਵਿੱਚ ਹਰਿਆਣਾ ਵਿੱਚ ਹਿੰਸਾ ਸ਼ੁਰੂ ਹੋਈ 1 ਨਵੰਬਰ 1966 ਨੂੰ ਪੰਜਾਬ, ਹਰਿਆਣਾ ਅਤੇ ਨਵੇ ਸੂਬੇ ਬਣੇ, ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ ਅਤੇ ਦੋਹੇਂ ਸੂਬਿਆਂ ਦੀ ਸਾਂਝੀ ਰਾਜਧਾਨੀ ਬਣਾ ਦਿੱਤਾ ਗਿਆ ਜਿਸਦਾ ਪੰਜਾਬੀਆਂ ਨੇ ਬਹੁਤ ਵਿਰੋਧ ਕੀਤਾ ਅਤੇ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਲਈ ਸੰਘਰਸ਼ ਸ਼ੁਰੂ ਹੋਇਆ। ਪੰਜਾਬ ਦੀਆਂ ਸਾਰੀਆਂ ਰਾਜਨੀਤਕ ਧਿਰਾਂ ਨੇ ਚੰਡੀਗੜ੍ਹ ਦੀ ਮੰਗ ਰੱਖੀ। ਦਰਸ਼ਨ ਸਿੰਘ ਫੇਰੂਮਾਨ ਨੇ ਇਸਦੇ ਲਈ ਮਰਨ ਵਰਤ ਸ਼ੁਰੂ ਕਰ ਦਿੱਤਾ ਪ੍ਰੰਤੂ ਮੰਗ ਨਹੀ ਮੰਨੀ ਗਈ ਤੇ ਉਹ ਸ਼ਹੀਦ ਹੋ ਗਏ। ਪੰਜਾਬੀ ਬੋਲ ਦੇ ਖੇਤਰ ਹਰਿਆਣਾ, ਹਿਮਾਚਲ, ਰਾਜਸਥਾਨ ਵਿੱਚ ਵੰਡ ਦਿੱਤੇ ਗਏ ਦੇ ਪੰਜਾਬੀ ਬੋਲਦੇ ਖੇਤਰਾਂ ਰਾਜਸਥਾਨ ਦੇ ਪੰਜਾਬੀ ਬੋਲਦੇ ਖੇਤਰਾਂ 'ਤੇ ਕੋਈ ਕਾਰਵਾਈ ਨਹੀ ਕੀਤੀ ਗਈ। ਪੰਜਾਬ ਪੁਨਰਗਠਨ ਐਕਟ ਵਿੱਚ ਧਾਰਾ 78, 79 ਅਤੇ 80 ਸ਼ਾਮਲ ਕਰਕੇ ਪਾਣੀਆਂ ਦੀ ਵੰਡ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਚਲੀ ਗਈ ਜਿਸਨੇ ਬਲਦੀ ਉਤੇ ਤੇਲ ਦਾ ਕੰਮ ਕੀਤਾ। ਸੰਵਿਧਾਨ ਦੇ ਅਨੁਸਾਰ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਅਨੁਸਾਰ ਪੰਜਾਬ ਦੇ ਦਰਿਆਵਾਂ ਦਾ ਮਾਲਕ ਪੰਜਾਬ ਸੀ ਪਰੰਤੂ ਆਰਜ਼ੀ ਪ੍ਰਧਾਨ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬ ਦਾ ਪਾਣੀ ਆਪਣੇ ਪੱਧਰ 'ਤੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਲਈ ਵੰਡ ਦਿੱਤਾ ਜਿਸ ਕਾਰਨ ਪੰਜਾਬੀਆਂ ਵਿੱਚ ਆਪਣੇ ਹੀ ਦੇਸ਼ ਵਿੱਚ ਭੇਦਭਾਵ ਹੋਇਆ ਕਿਉਂਕਿ ਬਾਕੀ ਸਾਰੇ ਰਾਜਾਂ ਵਿੱਚੋਂ ਲੰਘਦੇ ਦਰਿਆਵਾਂ ਦੇ ਮਾਲਕ ਉਹ ਰਾਜ ਖੁਦ ਸਨ ਪਰੰਤੂ ਪੰਜਾਬ ਨੂੰ ਇਹ ਅਧਿਕਾਰ ਨਹੀ ਮਿਲੇ। ਭਾਰਤ ਦੇ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਉਹਨਾਂ ਦੇ ਅਧਿਕਾਰ ਖੇਤਰ ਵਿੱਚ ਸਨ ਪਰ ਪੰਜਾਬ ਦੀ ਰਾਜਧਾਨੀ ਇੱਕ ਕੇਂਦਰ ਸਾਸਿਤ ਪ੍ਰਦੇਸ ਸੀ। ਪੰਜਾਬੀ ਬੋਲਦੇ ਖੇਤਰਾਂ ਦੀ ਸ਼ਨਾਖਤ ਸਮੇਂ ਸਾਹ ਕਮਿਸ਼ਨ ਦੁਆਰਾ ਪਿੰਡਾਂ ਦੀ ਬਜਾਏ ਤਹਿਸੀਲਾਂ ਨੂੰ ਇਕਾਈ ਮੰਨਿਆ ਗਿਆ ਜਿਸ ਕਰਕੇ ਅੰਬਾਲਾ ਸਰਸਾ, ਫਤਿਆਬਾਦ ਆਦਿ ਤਹਿਸੀਲਾਂ ਦੇ ਇਲਾਕੇ ਹਰਿਆਣੇ ਵਿੱਚ ਸ਼ਾਮਲ ਕਰ ਦਿੱਤੇ ਗਏ। ਨਵੇਂ ਪੰਜਾਬ ਦਾ ਮੁੱਖ ਮੰਤਰੀ, ਸਾਹਿਤਕਾਰ ਅਤੇ ਹਰਮਨ ਪਿਆਰੇ ਸਿਆਸੀ ਆਗੂ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਨੂੰ ਬਣਾਇਆ ਗਿਆ।

ਪੰਜਾਬ ਦੀ ਰਾਜਨੀਤੀ 1966 ਤੋਂ ਵਰਤਮਾਨ
(Punjab Politics during 1966–Punjab)

ਪੰਜਾਬ ਪੁਨਰਗਠਨ ਐਕਟ 1966 ਸਮੁੱਚੇ ਪੰਜਾਬੀਆਂ ਦੀਆਂ ਮੰਗਾਂ ਨੂੰ ਪੂਰਾ ਨਾ ਕਰ ਸਕਿਆ ਕਿਉਂਕਿ ਪੰਜਾਬੀ ਸੂਬੇ ਦੀ ਸ਼ਾਹ-ਰਗ, ਉਸਦੇ ਪਾਣੀ, ਪੰਜਾਬੀ ਬੋਲਦੇ ਖੇਤਰ, ਰਾਜਧਾਨੀ ਅਤੇ ਹੋਰ ਹੱਕੀ ਮੰਗਾਂ ਨੂੰ ਪੂਰਾ ਨਹੀ ਕੀਤਾ ਜਿਸਦਾ ਸਮੁੱਚੇ ਪੰਜਾਬੀਆਂ ਨੇ ਵਿਰੋਧ ਕੀਤਾ।

ਮਾਰਕਸਵਾਦੀ ਅਤੇ ਚੀਨ ਦੇ ਮਾਓ ਤੋਂ ਪ੍ਰਭਾਵਿਤ ਬੰਗਾਲ ਦੀ ਨਕਸਲਵਾੜੀ ਲਹਿਰ ਦਾ ਅਸਰ ਪੰਜਾਬ ਵਿੱਚ ਵੀ ਸ਼ੁਰੂ ਹੋਇਆ ਕਿਉਂਕਿ ਪੰਜਾਬ ਦੇ ਸੰਘਰਸ਼ੀਲ ਅਤੇ ਬਾਗੀ ਸੁਭਾਅ ਦੇ ਕਿਰਤੀ ਲੋਕਾਂ ਨੇ ਪੰਜਾਬ ਦੀ ਇਸ ਲਹਿਰ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਜਗੀਰਦਾਰਾਂ ਅਤੇ ਰਜਵਾੜਿਆਂ ਦੇ ਖਿਲਾਫ ਕਾਨੂੰਨੀ ਅਤੇ ਜ਼ਮੀਨੀ ਸੰਘਰਸ਼ ਕੀਤਾ ਗਿਆ ਤਾਂ ਜੋ ਜ਼ਮੀਨਾਂ ਦੀ ਮੁੜ ਵੰਡ ਕੀਤੀ ਜਾ ਸਕੇ। 1970 ਵਿਆਂ ਦੇ ਦਹਾਕੇ ਵਿੱਚ ਪੰਜਾਬ ਦੀ ਕਿਸਾਨੀ, ਵਿਦਿਆਰਥੀ ਅਤੇ ਰਾਜਨੀਤੀ ਵਿੱਚ ਸਮਾਜਵਾਦੀ ਲਹਿਰਾਂ ਦਾ ਬਹੁਤ ਪ੍ਰਭਾਵ ਸੀ ਕਾਮਰੇਡ ਹਰ ਕ੍ਰਿਸ਼ਨ ਸਿੰਘ ਸੁਰਜੀਤ, ਸਤਪਾਲ ਡਾਂਗ ਆਦਿ ਪ੍ਰਭਾਵ ਸ਼ਖ਼ਸੀਅਤਾਂ ਪੰਜਾਬ ਦੀ ਰਾਜਨੀਤੀ ਵਿਚ ਸਮਾਜਵਾਦੀ ਵਿਚਾਰਧਾਰਾ ਦਾ ਝੰਡਾ ਬੁਲੰਦ ਰੱਖਿਆ ਪਰੰਤੂ ਸਿੱਖ ਅਤੇ ਸਮਾਜਵਾਦੀ ਵਿਚਾਰਧਾਰਾ ਭਾਵੇ ਨੇੜੇ ਦੇ ਸਬੰਧ ਰੱਖਦੀਆਂ ਹਨ ਪਰ ਜ਼ਮੀਨੀ ਤੌਰ 'ਤੇ ਕੁਝ ਉਲਝਣਾਂ ਕਾਰਨ ਇਹ ਦੋਵੇਂ ਵਿਚਾਰਧਾਰਾਵਾਂ ਪੈਰੋਕਾਰ ਇੱਕ ਦੂਸਰੇ ਦੇ ਵਿਰੁੱਧ ਹੋ ਗਈਆਂ ਜਿਸਨੇ ਪੰਜਾਬ ਦੇ ਹੱਕਾਂ ਅਤੇ ਸੰਘਰਸ਼ ਦਾ ਬਹੁਤ ਨੁਕਸਾਨ ਕੀਤਾ। ਇਹਨਾਂ ਦੋਵਾਂ ਧਿਰਾਂ ਦੇ ਆਪਸ ਵਿੱਚ ਉਲਝਣ ਦਾ ਫਾਇਦਾ ਪੰਜਾਬ ਵਿਰੋਧੀ ਤਾਕਤਾਂ ਨੂੰ ਹੋਇਆ ਕਿਉਂਕਿ ਦੋਵੇਂ ਵਿਚਾਰਧਾਰਾਵਾਂ ਤੋਂ ਹੀ ਹਕੂਮਤ ਕੰਨੀ ਕਤਰਾਉਂਦੀ ਸੀ।

ਸੰਨ 1947 ਤੋਂ ਲਗਾਤਾਰ ਸਾਰੇ ਦੇਸ਼ ਵਿੱਚ (ਕੇਰਲ ਦਾ ਬੰਗਾਲ ਛੱਡ ਕੇ ਸਾਰੇ ਸੂਬਿਆਂ ਵਿੱਚ) ਕਾਂਗਰਸ ਭਾਰੂ ਰਹੀ ਸੀ ਪਰ ਸ਼੍ਰੋਮਣੀ ਅਕਾਲੀ ਦਲ, ਜਨ ਸੰਘ, ਕਮਿਊਨਿਸਟ ਪਾਰਟੀਆਂ ਨੇ ਮਿਲ ਕੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ 22 ਨਵੰਬਰ 1967 ਨੂੰ ਸਰਕਾਰ ਬਣਾਈ ਪਰੰਤੂ ਉਸੇ ਪਾਰਟੀ ਦੇ ਲਛਮਣ ਸਿੰਘ ਗਿੱਲ ਨੇ 16 ਵਿਧਾਨ ਸਭਾ ਮੈਂਬਰਾਂ ਨਾਲ ਲੈ ਕੇ ਬਗਾਵਤ ਕਰ ਦਿੱਤੀ ਅਤੇ ਕਾਂਗਰਸ ਦੇ ਨਾਲ ਗਠਬੰਧਨ ਕਰਕੇ ਸਰਕਾਰ ਬਣਾ ਲਈ। 13 ਅਪ੍ਰੈਲ 1968 ਨੂੰ ਲਛਮਣ ਸਿੰਘ ਗਿੱਲ ਸਰਕਾਰ ਨੇ ਪੰਜਾਬੀ ਨੂੰ ਪੰਜਾਬ ਦੀ ਦਫਤਰੀ ਭਾਸ਼ਾ ਦਾ ਰੁਤਬਾ ਦਿੱਤਾ ਪਰੰਤੂ ਸਰਕਾਰ ਡਿੱਗਣ ਤੇ ਪੰਜਾਬ ਵਿੱਚ ਇੱਕ ਸਾਲ ਤੱਕ ਰਾਸਟਰਪਤੀ ਰਾਜ ਲਾਗੂ ਰਿਹਾ। 1969 ਈ. ਨੂੰ ਪੰਜਾਬ ਵਿਧਾਨ ਸਭਾ ਦੀਆਂ ਦੁਬਾਰਾ ਚੋਣਾਂ ਹੋਈਆਂ ਅਕਾਲੀ ਦਲ ਨੇ 104 ਵਿੱਚੋਂ 43 ਸੀਟਾਂ ਜਨ ਸੰਘ ਨੇ 8, ਕਮਿਊਨਿਸਟ ਪਾਰਟੀਆਂ ਨੇ 6 ਸੀਟਾਂ ਦੇ ਨਾਲ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਦੁਬਾਰਾ ਸਰਕਾਰ ਬਣਾ ਲਈ ਪਰੰਤੂ ਅਕਾਲੀ ਮੈਂਬਰਾਂ ਨੂੰ ਬਗਾਵਤ ਲਈ ਮੰਨਵਾਉਣ ਤੋਂ ਪਹਿਲਾ ਹੀ ਪਰਕਾਸ਼ ਸਿੰਘ ਬਾਦਲ ਨੇ ਰਾਜਪਾਲ ਨੂੰ ਮਿਲ ਕੇ ਅਸਤੀਫਾ ਦਿੱਤਾ ਅਤੇ ਵਿਧਾਨ ਸਭਾ ਭੰਗ ਕਰਵਾ ਕੇ ਦੁਬਾਰਾ ਚੋਣਾਂ ਕਰਵਾਉਣ ਦੀ ਮੰਗ ਕੀਤੀ। ਸਪੀਕਰ ਦਰਬਾਰਾ ਸਿੰਘ ਅਤੇ ਗੁਰਨਾਮ ਸਿੰਘ ਦੇ ਵਿਰੋਧ ਤੋਂ ਬਾਅਦ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। 1971 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ ਇੰਦਰਾ ਗਾਂਧੀ ਦੀ ਅਗਵਾਈ ਵਿੱਚ ਜਿੱਤ ਪ੍ਰਾਪਤ ਕੀਤੀ। ਕੇਂਦਰ ਸਰਕਾਰ ਉਸ ਸਮੇ ਸਮਾਜਵਾਦੀ ਨੀਤੀਆਂ ਦੇ ਤਹਿਤ ਮਹਿਕਮਿਆਂ ਦਾ ਰਾਸਟਰੀਕਰਨ ਕੀਤਾ ਜਾ ਰਿਹਾ ਸੀ ਅਤੇ ਸਰਕਾਰ ਮਜ਼ਬੂਤ ਕੇਂਦਰ ਦੇ ਨਾਲ ਸੂਬਿਆਂ ਦੀਆਂ ਤਾਕਤਾਂ ਆਪਣੇ ਹੱਥ ਲੈ ਰਹੀ ਸੀ ਇਸਦੇ ਉਲਟ ਬਹੁਤ ਸਾਰੀਆਂ ਪਾਰਟੀਆਂ ਦੇ ਨਾਲ ਅਕਾਲੀ ਦਲ ਵੀ ਸੰਘੀ ਢਾਂਚੇ ਨੂੰ ਬਚਾਉਣ ਅਤੇ ਮਜ਼ਬੂਤ ਕਰਨ ਲਈ ਜੱਦੋ ਜਹਿਦ ਕਰ ਰਿਹਾ ਸੀ ਕਿਉਂਕਿ ਪੰਜਾਬ ਦੇ ਸਾਰੇ ਹੱਕ ਕੇਂਦਰ ਦੇ ਹੱਥ ਵਿੱਚ ਸਨ। ਸੂਬਿਆਂ ਨੂੰ ਵੱਧ ਤੋਂ ਵੱਧ ਤਾਕਤਾਂ ਦੇਣ ਅਤੇ ਕੇਂਦਰ ਨੂੰ ਸਿਰਫ ਸੰਘੀ ਮਹੱਤਤਾ ਦੇ ਵਿਸ਼ੇ ਦੇਣ ਲਈ ਸੰਘਰਸ਼ ਚੱਲ ਰਿਹਾ ਸੀ। 1971 ਵਿੱਚ ਭਾਰਤ ਅਤੇ ਪਾਕਿਸਤਾਨ ਦੀ ਜੰਗ ਸ਼ੁਰੂ ਹੋਈ ਜਿਸ ਵਿੱਚ ਬੰਗਲਾਦੇਸ਼ ਦੀ ਅਜ਼ਾਦੀ ਲਈ ਭਾਰਤ ਨੇ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੀ ਅਗਵਾਈ ਵਿੱਚ ਜਿੱਤ ਪ੍ਰਾਪਤ ਕੀਤੀ। ਇਸੇ ਦੌਰਾਨ 1972 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿੱਚ ਪੰਜਾਬ ਵਿੱਚ ਸਰਕਾਰ ਬਣਾਈ। ਜ਼ੈਲ ਸਿੰਘ ਨੇ ਸ਼ਹਿਰ ਮੋਹਾਲੀ ਦੀ ਸਥਾਪਨਾ, ਮੋਹਾਲੀ ਵਿੱਚ ਸੈਮੀਕੰਡਕਟਰ ਯੂਨਿਟ, ਪੰਜਾਬ ਵਿੱਚ ਜ਼ਮੀਨਾਂ ਦੀ ਮੁਰੱਬਾਬੰਦੀ ਐਕਟ 1972 ਆਦਿ ਲਾਗੂ ਕੀਤੇ, ਗੁਰੂ ਗੋਬਿੰਦ ਸਿੰਘ ਮਾਰਗ ਸਥਾਪਤ ਕਰਵਾਇਆ ਅਤੇ ਮਜ਼ਬੀ ਸਿੱਖ ਤੇ ਵਾਲਮੀਕੀਆਂ ਲਈ ਸਿਖਿਆ, ਨੌਕਰੀਆਂ ਵਿੱਚ ਰਾਖਵਾਂਕਰਨ ਅਲੱਗ ਕੀਤਾ ਸੀ।

ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਦੇ ਸੰਘੀ ਢਾਂਚੇ ਨੂੰ ਬਚਾਉਣ ਅਤੇ ਪੰਜਾਬ ਦੇ ਹੱਕਾਂ ਲਈ 1973 ਵਿੱਚ ਸੁਰਜੀਤ ਸਿੰਘ ਬਰਨਾਲਾ, ਗੁਰਚਰਨ ਸਿੰਘ ਟੌਹੜਾ, ਡਾ. ਭਗਤ ਸਿੰਘ, ਗਿਆਨ ਸਿੰਘ ਰਾੜੇਵਾਲਾ ਆਦਿ 12 ਮੈਂਬਰਾਂ ਦੀ ਕਮੇਟੀ ਬਣਾਈ ਗਈ ਕਮੇਟੀ ਨੇ ਸਰਦਾਰ ਕਪੂਰ ਸਿੰਘ ਨਾਲ ਮਿਲ ਕੇ ਮੰਗਾਂ ਦੀ ਲੜੀ 16-17 ਅਕਤੂਬਰ ਨੂੰ ਪੇਸ਼ ਕੀਤੀ ਇਹਨਾਂ ਮੰਗਾਂ ਨੂੰ ਸੰਯੁਕਤ ਰੂਪ ਵਿੱਚ 'ਅਨੰਦਪੁਰ ਸਾਹਿਬ ਦਾ ਮਤਾ' ਕਿਹਾ ਜਾਂਦਾ ਹੈ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀ ਚੋਣ ਹਾਈਕੋਰਟ ਰਾਹੀਂ ਰੱਦ ਹੁੰਦੀ ਵੇਖਦਿਆਂ ਰਾਸ਼ਟਰਪਤੀ ਫ਼ਖ਼ਰੂਦੀਨ ਅਲੀ ਅਹਿਮਦ ਦੇ ਰਾਹੀਂ ਦੇਸ਼ ਵਿੱਚ ਐਮਰਜੈਂਸੀ ਲਾਗੂ ਕਰਵਾ ਦਿੱਤੀ ਇਸਦੇ ਲਈ ਅਨੁਛੇਦ 352 ਦੀ ਵਰਤੋਂ ਕੀਤੀ ਗਈ ਜੋ ਕਿ ਸਿਰਫ ਯੁੱਧ ਦੇ ਸਮੇਂ ਹੀ ਐਲਾਨੀ ਜਾ ਸਕਦੀ ਸੀ। ਸਾਰੀਆਂ ਅਖਬਾਰਾਂ ਦੀ ਬਿਜਲੀ ਬੰਦ, ਵਿਰੋਧੀ ਧਿਰ ਗ੍ਰਿਫਤਾਰ ਅਤੇ ਹਰ ਵਿਰੋਧੀ ਨੂੰ ਸਖਤੀ ਨਾਲ ਦਬਾਇਆ ਗਿਆ ਇਸ ਸਮੇਂ ਦੇ ਦੌਰਾਨ ਸਰਕਾਰ ਨੇ ਲੋਕਾਂ ਉਪਰ ਕੰਟਰੋਲ ਲਈ ਕਾਨੂੰਨ

ਵੀ ਬਦਲ ਗਏ। ਇੰਦਰਾ ਗਾਂਧੀ ਦਾ ਪੁੱਤਰ ਸੰਜੇ ਗਾਧੀ ਹੀ ਅਸਲ ਵਿੱਚ ਸੱਤ੍ਹਾ ਦੀ ਵਰਤੋਂ ਕਰ ਰਿਹਾ ਸੀ। ਐਮਰਜੈਂਸੀ ਦੇ ਖਿਲਾਫ ਅਕਾਲੀ ਦਲ ਨੇ "ਲੋਕਤੰਤਰ ਬਚਾਓ ਮੋਰਚਾ" ਲਾ ਦਿੱਤਾ ਜਿਸਦੀ ਅਗਵਾਈ ਹਰਚੰਦ ਸਿੰਘ ਲੋਗੋਵਾਲ ਨੇ ਕੀਤੀ। ਸੰਵਿਧਾਨ ਅਤੇ ਕੇਂਦਰ ਸਰਕਾਰ ਉਪਰ ਧੱਕੇਸ਼ਾਹੀ ਦਾ ਦੋਸ਼ ਲਾਉਣ ਵਾਲੇ ਅਕਾਲੀਆਂ ਸਮੇਤ ਭਾਰਤ ਦੇਸ ਵਿੱਚ ਲੋਕਤੰਤਰ ਬਚਾਉਣ ਲਈ ਪੰਜਾਬੀ ਜੇਲ੍ਹਾਂ ਵਿੱਚ ਗਏ ਅਤੇ ਪੰਜਾਬ ਨੇ ਪੂਰੇ ਦੇਸ ਨਾਲੋ ਸਭ ਤੋਂ ਵੱਧ ਵਿਰੋਧ ਕੀਤਾ।

ਭਾਰਤ ਦੀ 2% ਜਨਸੰਖਿਆ ਵਾਲੇ ਸਿੱਖਾਂ ਨੇ ਲਗਭਗ 70% ਗ੍ਰਿਫਤਾਰੀਆਂ ਦਿੱਤੀਆਂ। ਇਸ ਸਮੇਂ ਭਾਵੇਂ ਇੰਦਰਾ ਗਾਂਧੀ ਨਾਲ ਪੰਜਾਬ ਦੀ ਖੁਦਮੁਖਤਿਆਰੀ ਦੀ ਗੱਲ ਕੀਤੀ ਜਾ ਸਕਦੀ ਸੀ ਪਰੰਤੂ ਇਸਦੇ ਉਲਟ ਪੰਜਾਬੀਆਂ ਨੇ ਦੇਸ਼ ਅਤੇ ਲੋਕਤੰਤਰ ਨੂੰ ਪਹਿਲ ਦਿੱਤੀ। ਇੰਦਰਾ ਗਾਂਧੀ ਪੰਜਾਬੀਆਂ ਖਾਸ ਕਰ ਸਿੱਖਾਂ ਦੇ ਇਸ ਮੋਰਚੇ ਤੋਂ ਬਹੁਤ ਨਰਾਜ਼ ਸੀ। ਸਤੰਬਰ 1976 ਨੂੰ 42 ਵੀ ਸੰਵਿਧਾਨਿਕ ਸੋਧ ਪੇਸ਼ ਕੀਤੀ ਗਈ ਜਿਸ ਵਿੱਚ ਵੱਡੇ ਪੱਧਰ 'ਤੇ ਸੰਵਿਧਾਨਿਕ ਢਾਂਚਾ ਬਦਲ ਦਿੱਤਾ ਗਿਆ ਅਤੇ ਰਾਜਾਂ ਦੀ ਬਹੁਤ ਸਾਰੀਆ ਸ਼ਕਤੀਆਂ ਸੰਘ ਸਰਕਾਰ ਹਵਾਲੇ ਕਰ ਦਿੱਤੀਆਂ ਗਈਆਂ।

ਐਮਰਜੈਂਸੀ ਹਟਣ ਤੋਂ ਬਾਅਦ 1977 ਦੀਆਂ ਆਮ ਚੋਣਾਂ ਵਿੱਚ ਕਾਂਗਰਸ ਦੀ ਹਾਰ ਹੋਈ ਅਤੇ ਗੁਜਰਾਤੀ ਮੂਲ ਦੇ ਮੋਰਾਰਜੀ ਦੇਸਾਈ ਦੇਸ ਦੇ ਚੌਥੇ ਪ੍ਰਧਾਨ ਮੰਤਰੀ ਚੁਣੇ ਗਏ। 42 ਵੀਂ ਸੋਧ ਦੇ ਕੁਝ ਹਿੱਸੇ ਨੂੰ ਜਨਤਾ ਪਾਰਟੀ ਦੀ ਸਰਕਾਰ ਨੇ 43-44 ਵੀਂ ਸੋਧ (1977-78) ਰਾਹੀ ਬਦਲ ਦਿੱਤਾ ਗਿਆ। 1977 ਵਿੱਚ ਹੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਕਾਲੀ ਦਲ ਨੇ 117 ਸੀਟਾਂ ਵਿੱਚ 58 ਸੀਟਾਂ ਜਿੱਤ ਕੇ ਜਨਤਾ ਪਾਰਟੀ ਨਾਲ ਮਿਲ ਕੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸਰਕਾਰ ਬਣਾਈ। 13 ਅਪ੍ਰੈਲ 1978 ਈ. ਨੂੰ ਸਿੱਖਾਂ ਅਤੇ ਨਿਰੰਕਾਰੀ ਵਿਚਕਾਰ ਹਿੰਸਕ ਟਕਰਾਅ ਹੋਈਆ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜੱਥਾ ਨੇ ਨਿਰੰਕਾਰੀ ਮੁਖੀ 'ਤੇ ਸਿੱਖ ਗੁਰੂਆਂ ਦੀ ਨਕਲ ਅਤੇ ਗੁਰੂ ਗ੍ਰੰਥ ਸਾਹਿਬ ਦੀ ਥਾਂ ਖੁਦ ਨੂੰ ਗੁਰੂ ਸਮਝਣ ਦੇ ਦੋਸ਼ ਲਏ ਜਿਸ ਕਾਰਨ 13 ਅਪ੍ਰੈਲ 1978 ਨੂੰ ਨਿਰੰਕਾਰੀ ਸਮਾਗਮ ਮੌਕੇ ਟਕਰਾਅ ਵਿੱਚ ਫ਼ੌਜਾ ਸਿੰਘ ਸਮੇਤ 13 ਸਿੰਘ ਸ਼ਹੀਦ ਹੋ ਗਏ ਜਿਸ ਵਿੱਚ ਸਰਕਾਰਾਂ ਨੇ ਉਸ ਸਮੇਂ ਦੀ ਹਕੂਮਤ ਨੇ ਨਿਰੰਕਾਰੀਆਂ ਦਾ ਪੱਖ ਪੂਰਨ ਦਾ ਦੋਸ਼ ਲੱਗਿਆ। ਨਿਰੰਕਾਰੀਆਂ ਅਤੇ ਸਿੱਖਾਂ ਦੇ ਇਸ ਰੌਲੇ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਧਾਰਮਿਕ ਆਗੂ ਵਜੋਂ ਉਭਾਰ ਹੋਇਆ ਹੈ ਜੋ ਸੰਤ ਕਰਤਾਰ ਸਿੰਘ ਤੋਂ ਬਾਅਦ ਦਮਦਮੀ ਟਕਸਾਲ ਦੇ ਮੁਖੀ ਬਣੇ ਸਨ। ਸਿੱਖਾਂ ਦੀ ਅਜ਼ਾਦ ਤੇ ਖੁਦਮੁਖਤਿਆਰੀ ਹਸਤੀ ਅਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਨ ਲਈ ਵੀ ਦਮਦਮੀ ਟਕਸਾਲ ਦੇ ਮੁਖੀ ਨੇ ਕਾਰਵਾਈਆਂ ਆਰੰਭ ਕਰ ਦਿੱਤੀਆਂ। 'ਮੁੱਖ ਧਾਰਾ' ਦੇ ਮੀਡੀਆ ਨੇ ਇਸ ਸਾਰੀ ਕਾਰਵਾਈ ਨੂੰ ਹਿੰਦੂ ਵਿਰੋਧੀ ਅਤੇ ਭਾਰਤ ਦੀ ਏਕਤਾ ਲਈ ਖਤਰਾ ਕਰਾਰ ਦਿੱਤਾ। ਟਕਸਾਲ, ਭਾਰਤੀ ਸੰਘ ਦੇ ਅੰਦਰ ਅਜਿਹਾ ਖੁਦਮੁਖਤਿਆਰ ਖਿੱਤੇ ਹੀ ਮੰਗ ਕਰਦੀ ਸੀ ਜਿਥੇ ਪੰਜਾਬੀ ਖਾਸਕਰ ਸਿੱਖ ਅਜ਼ਾਦੀ ਨਾਲ ਰਹਿ ਸਕਣ ਅਤੇ ਆਪਣੇ ਧਰਮ ਦਾ ਪ੍ਰਚਾਰ ਤੇ ਪਸਾਰ ਕਰ ਸਕਣ। ਸੰਨ 1977 ਦੀਆਂ ਚੋਣਾਂ ਵਿੱਚ ਭਾਵੇਂ ਜਨਤਾ ਪਾਰਟੀ ਅਤੇ ਪੂਰੇ ਦੇਸ਼ ਦੀਆਂ ਪਾਰਟੀਆਂ, ਯੂਨੀਅਨਾਂ ਆਦਿ ਨੇ ਮਿਲ ਕੇ ਕਾਂਗਰਸ ਨੂੰ ਹਰਾ ਦਿੱਤਾ। ਪੰਜਾਬ ਵਿੱਚ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਬਣੀ ਪਰ ਕੋਈ ਵੱਡੀ ਸਿਆਸੀ ਕਾਮਯਾਬੀ ਸਰਕਾਰ ਦੇ ਸਿਰ ਨਾ ਸਜੀ। ਜਨਤਾ ਪਾਰਟੀ ਦਾ ਹੀ ਇੱਕ ਧੜਾ ਜੋ ਹਿੰਦੂ ਸੱਜੇਪੱਖੀ ਢਾਂਚੇ ਦੀ ਮੰਗ ਕਰਦਾ ਸੀ, ਦੇ ਵਿਰੋਧ ਨੇ ਸਰਕਾਰ ਤੋੜ ਦਿੱਤੀ ਅਤੇ 1980 ਵਿੱਚ ਕੇਂਦਰ ਤੇ ਪੰਜਾਬ ਵਿੱਚ ਨਵੀਆਂ ਸਰਕਾਰਾਂ ਬਣੀਆਂ।

ਪੰਜਾਬ ਦੇ ਹੱਕਾਂ ਲਈ ਸ਼੍ਰੋਮਣੀ ਅਕਾਲੀ ਦਲ, ਕਮਿਊਨਿਸਟ ਪਾਰਟੀਆਂ ਅਤੇ ਸੁਹਿਰਦ ਜੱਥੇਬੰਦੀਆਂ ਅੰਦੋਲਨ ਕਰ ਰਹੀਆਂ ਸੀ। ਸੰਨ 1980 ਵਿਧਾਨ ਸਭਾ ਚੋਣਾਂ ਪੰਜਾਬ ਵਿੱਚ ਦਰਬਾਰਾ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਬਣੀ ਅਤੇ ਸ਼੍ਰੋਮਣੀ ਅਕਾਲੀ ਦਲ (ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ) ਵਿਰੋਧੀ ਧਿਰ ਬਣ ਗਿਆ। 1947 ਤੋਂ ਬਾਅਦ ਪੰਜਾਬ ਦੇ ਪਾਣੀਆਂ ਦਾ ਮਸਲਾ ਵੱਡੇ ਪੱਧਰ 'ਤੇ ਉਭਰਿਆ। ਪੰਜਾਬ ਦੀ ਵੰਡ ਕਾਰਨ ਸਿੰਧ ਦਰਿਆਈ ਬੇਸਿਨ ਅਤੇ ਦਰਿਆ ਦੀ ਵੰਡੇ ਗਏ ਜਿਸ ਵਿੱਚ ਸਿੰਧ, ਜਿਹਲਮ, ਝਨਾਅ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਸਤਲੁਜ, ਬਿਆਸ, ਰਾਵੀ ਪੂਰਬੀ ਪੰਜਾਬ ਵਿੱਚ ਰਹੇ ਪਰ ਅਖੀਰ ਨੂੰ ਇਹ ਸਾਰੇ ਦਰਿਆ ਸਿੰਧ ਦਰਿਆ ਰਾਹੀ ਅਰਬ ਸਾਗਰ ਵਿੱਚ ਡਿੱਗਦੇ ਹਨ। 1950 ਵਿੱਚ ਜਵਾਹਰ ਲਾਲ ਨਹਿਰੂ ਅਤੇ ਸਿੰਚਾਈ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੂਰਬੀ ਪੰਜਾਬ ਦੇ ਦਰਿਆਵਾਂ ਨੂੰ ਜੋੜਨ ਲਈ ਯੋਜਨਾ ਬਣਾਈ ਜਿਸ ਵਿੱਚ ਨੰਗਲ ਅਤੇ ਭਾਖੜਾ ਡੈਮ ਅਤੇ ਹਰੀਕੇ ਹੈਡ ਵਰਕਸ ਦਾ ਨਿਰਮਾਣ ਹੋਇਆ। ਸਤਲੁਜ ਅਤੇ ਬਿਆਸ ਦਾ ਪਾਣੀ ਗੋਬਿੰਦ ਸਾਗਰ ਝੀਲ ਵਿੱਚ ਇਕੱਠਾ ਕਰਕੇ ਭਾਖੜਾ ਅਤੇ 13 ਕਿਲੋਮੀਟਰ ਦੂਰ ਨੰਗਲ ਡੈਮ ਤੋਂ ਵੱਖ-ਵੱਖ ਨਹਿਰਾਂ ਰਾਹੀ ਪਾਣੀ ਪੰਜਾਬ, ਦਿੱਲੀ, ਨੂੰ ਅਤੇ ਹਰੀਕੇ ਹੈਡ ਵਰਕਸ ਰਾਹੀ ਸਤਲੁਜ ਬਿਆਸ ਦਾ ਪਾਣੀ ਇਕੱਠਾ ਕਰਕੇ ਰਾਜਸਥਾਨ ਨੂੰ ਦੇਣ ਦੀ ਯੋਜਨਾ ਬਣਾਈ ਗਈ, ਰਿਪੇਅਰਨ ਸਿਧਾਂਤ ਅਤੇ ਭਾਰਤ ਦੇ ਸੰਵਿਧਾਨ ਅਨੁਸਾਰ ਸਾਰੇ ਪਾਣੀ ਦਾ ਮਾਲਕ ਪੰਜਾਬ ਬਣਦਾ ਹੈ ਪਰੰਤੂ ਕੇਂਦਰ ਨੇ 29 ਜਨਵਰੀ 1955 ਨੂੰ

ਭਾਰਤ ਸਰਕਾਰ ਨੇ ਰਾਵੀ ਅਤੇ ਬਿਆਸ ਦੇ ਪਾਣੀ ਨੂੰ ਇਕੱਠਾ ਕਰਕੇ ਹਰੀਕੇ ਹੈਡ ਵਰਕਸ ਤੱਕ ਲੈ ਕੇ ਜਾਣ ਅਤੇ ਨਹਿਰਾਂ ਰਾਹੀ ਰਾਜਸਥਾਨ ਨੂੰ ਪਾਣੀ ਦੇਣ ਦੀ ਯੋਜਨਾ ਬਣਾਈ ਜਿਕਰਯੋਗ ਹੈ ਕਿ ਵੰਡ ਤੋਂ ਪਹਿਲਾਂ ਪੰਜਾਬ 'ਗੰਗ ਨਹਿਰ' ਰਾਹੀ ਬੀਕਾਨੇਰ (ਰਾਜਸਥਾਨ) ਨੂੰ ਪਾਣੀ ਵੇਚਦਾ ਸੀ ਜਿਸਦਾ ਉਸ ਸਮੇਂ ਦੇ ਰਾਜੇ ਵੱਲੋ ਇਵਜ਼ਾਨਾ ਦਿੱਤਾ ਜਾਂਦਾ ਸੀ। ਰਾਜਸਥਾਨ ਫੀਡਰ ਨਹਿਰ ਰਾਹੀ ਰਾਜਸਥਾਨ ਦੇ ਮਾਰੂਥਲੀ ਇਲਾਕਿਆਂ ਨੂੰ ਪਾਣੀ ਦੇਣ ਦੀ ਯੋਜਨਾ ਸੰਸਾਰ ਬੈਂਕ (World Bank) ਨੇ ਠੁਕਰਾ ਦਿੱਤੀ ਸੀ ਕਿਉਂਕਿ ਸੰਸਾਰ ਬੈਂਕ ਦਾ ਵਿਚਾਰ ਸੀ ਕਿ ਇਸ ਨਾਲ ਪੰਜਾਬ ਦੇ ਕੁਦਰਤੀ ਸਾਧਨਾਂ ਨਾਲ ਰਾਜਸਥਾਨ ਨੂੰ ਅਬਾਦ ਕਰਨ ਅਤੇ ਪੰਜਾਬ ਨੂੰ ਬਰਬਾਦ ਕਰਨ ਦੀ ਯੋਜਨਾ ਹੈ ਪਰੰਤੂ ਫਿਰ ਵੀ ਕੇਂਦਰੀ ਹਕੂਮਤ ਨੇ ਰਾਜਸਥਾਨ ਲਈ ਇਹਨਾਂ ਨਹਿਰਾਂ ਦਾ ਨਿਰਮਾਣ ਕਰਵਾਇਆ। 1 ਮਈ 1959 ਨੂੰ ਸੰਸਾਰ ਬੈਂਕ ਦਾ ਚੇਅਰਮੈਨ ਈਅਰ ਬਲੈਕ ਭਾਰਤ ਆਇਆ ਅਤੇ ਇੰਜਨੀਅਰ ਨਾਲ ਮਿਲ ਕੇ 80,000 ਲੱਖ ਡਾਲਰ ਦੇ ਖਰਚ ਦਾ ਅਨੁਮਾਨ ਲਾਇਆ ਸੀ, ਅਮਰੀਕਾ, ਬਰਤਾਨੀਆ, ਆਸਟਰੇਲੀਆ ਆਦਿ ਦੇਸ਼ਾਂ ਨੇ ਇਸ ਪ੍ਰਜੈਕਟ ਲਈ ਪੈਸਾ ਦੇਣ ਦਾ ਵਾਅਦਾ ਕੀਤਾ ਸੀ। 18 ਸਤੰਬਰ 1960 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸਟਰਪਤੀ ਅਯੂਬ ਖਾਨ ਵਿਚਕਾਰ ਰਾਵਲਪਿੰਡੀ ਵਿਖੇ 'ਸਿੰਧ ਜਲ ਸਮਝੌਤਾ' ਹੋਇਆ ਜਿਸ ਵਿੱਚ ਜਿਹਲਮ, ਝਨਾਅ ਤੇ ਸਿੰਧ ਦਰਿਆ ਦਾ ਪਾਣੀ ਪਾਕਿਸਤਾਨ ਨੂੰ ਦਿੱਤੇ ਅਤੇ ਰਾਵੀ, ਸਤਲੁਜ ਤੇ ਬਿਆਸ ਦਰਿਆ ਭਾਰਤ ਹਿੱਸੇ ਆਏ। ਭਾਰਤ ਅਤੇ ਪਾਕਿਸਤਾਨ ਦੀ ਇਸ ਸੰਧੀ ਵਿੱਚ ਸੂਬਿਆਂ ਨੂੰ ਮੁਖ ਰੱਖ ਕੇ ਮਾਲਕ ਮੰਨਿਆ ਗਿਆ ਸੀ।

29 ਜਨਵਰੀ 1955 ਨੂੰ ਪੰਜਾਬ ਨੂੰ 5.9 ਮਿਲੀਅਨ ਏਕੜ ਫੁੱਟ, ਪੈਪਸੂ ਨੂੰ 1.3 ਐਮ. ਏ. ਐਫ., ਰਾਜਸਥਾਨ ਨੂੰ 8 ਐਮ. ਏ. ਐਫ. ਅਤੇ ਜੰਮੂ ਕਸ਼ਮੀਰ ਨੂੰ 0.65 ਐਮ. ਏ. ਐਫ. ਪਾਣੀ ਦੇਣ ਦਾ ਐਲਾਨ ਹੋਇਆ। 1966 ਵਿੱਚ ਪੰਜਾਬ ਵਿੱਚੋਂ, ਹਰਿਆਣਾ, ਹਿਮਾਚਲ ਪ੍ਰਦੇਸ ਸੂਬੇ ਵੱਖ ਬਣਾ ਦਿੱਤੇ ਜਾਣ ਲਈ ਪੰਜਾਬ ਪੁਨਰਗਠਨ ਐਕਟ ਪਾਸ ਕੀਤਾ ਗਿਆ ਜਿਸ ਵਿੱਚ ਪੰਜਾਬ ਦੇ ਪਾਣੀਆ ਨਾਲ ਸਬੰਧਤ ਧਾਰਾ 78, 79 ਤੇ 80 ਦਰਜ ਕੀਤੀਆਂ ਗਈਆਂ ਜਿਨ੍ਹਾਂ ਰਾਹੀ ਪੰਜਾਬ ਦੇ ਪਾਣੀਆਂ ਦਾ ਪ੍ਰਬੰਧ ਰਿਪੇਰੀਅਨ ਸਿਧਾਂਤ ਅਤੇ ਸੰਵਿਧਾਨ ਦੇ ਉਲਟ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਲੈ ਲਿਆ ਗਿਆ। ਪੰਜਾਬ ਦੇ ਦਰਿਆ ਹੁਣ ਵਾਲੇ ਨਵੇਂ ਰਾਜ ਹਿਮਾਚਲ ਵਿੱਚੋਂ ਦੀ ਹੋ ਕੇ ਪੰਜਾਬ ਵਿੱਚ ਦਾਖਲ ਹੁੰਦੇ ਹਨ ਅਤੇ ਪੰਜਾਬ ਵਿੱਚੋ ਹੀ ਪਾਕਿਸਤਾਨ ਵਿੱਚ ਚਲੇ ਜਾਂਦੇ ਹਨ। ਨਵਾਂ ਰਾਜ ਹਰਿਆਣਾ ਬਣਨ ਤੇ ਰਿਪੇਰਿਅਨ ਸਿਧਾਂਤ ਅਨੁਸਾਰ ਸਿੰਧ ਬੇਧਿਨ ਕੋਈ ਵੀ ਦਰਿਆ ਹਰਿਆਣਾ ਜਾਂ ਰਾਜਸਥਾਨ ਵਿੱਚ ਨਹੀ ਲੰਘਦਾ ਸੀ ਇਸ ਲਈ ਸੰਵਿਧਾਨ ਅਤੇ ਰਿਪੇਰਿਅਨ ਸਿਧਾਂਤ ਅਨੁਸਾਰ ਹਰਿਆਣਾ ਦਾ ਪੰਜਾਬ ਦੇ ਦਰਿਆਵਾਂ ਦੇ ਉਪਰ ਹੱਕ ਨਹੀ ਸੀ ਇਸਦੇ ਉਲਟ ਹਰਿਆਣਾ ਨੇ ਪੰਜਾਬ ਦੇ ਕੁਲ ਪਾਣੀ ਵਿੱਚੋਂ 5.9 Maf ਪਾਣੀ ਉਪਰ ਹੱਕ ਜਤਾਇਆ। 1976 ਵਿੱਚ ਐਮਰਜੈਂਸੀ ਦੇ ਦੌਰਾਨ ਪ੍ਰਧਾਨ ਇੰਦਰਾ ਗਾਂਧੀ ਦੀ ਅਗਵਾਈ ਵਿੱਚ ਮੰਤਰੀ ਮੰਡਲ ਦੇ ਇੱਕ ਹੁਕਮ ਅਨੁਸਾਰ 4.3 Maf ਪਾਣੀ ਪੰਜਾਬ, 4.3 Maf ਪਾਣੀ ਹਰਿਆਣਾ ਤੇ 0.25 Maf ਪਾਣੀ ਦਿਲੀ ਨੂੰ ਦੇਣ ਦਾ ਹੁਕਮ ਦਿੱਤਾ। ਹਰਿਆਣਾ ਤੱਕ ਪਾਣੀ ਪਹੁੰਚਾਉਣ ਲਈ ਸਤਲੁਜ ਤੋਂ ਯੁਮਨਾ ਦਰਿਆ ਤੱਕ ਸਤਲੁਜ-ਯਮੁਨਾ ਲਿੰਕ (SYL) ਨਹਿਰ ਬਣਾਉਣ ਦਾ ਐਲਾਨ ਕੀਤਾ ਗਿਆ ਜਿਸਦਾ ਪੰਜਾਬ ਨੇ ਵਿਰੋਧ ਕੀਤਾ ਅਤੇ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ। ਇਸ ਤਰੀਕੇ ਨਾਲ ਚੰਡੀਗੜ੍ਹ, ਪਾਣੀ, ਬਿਜਲੀ, ਪੰਜਾਬੀ ਬੋਲਦੇ ਇਲਾਕੇ ਅਤੇ ਸੰਘਾਤਮਕ ਪ੍ਰਨਾਲ਼ੀ ਤਹਿਤ ਬਾਕੀ ਸੂਬਿਆਂ ਦੇ ਨਾਲ ਪੰਜਾਬ ਸੂਬੇ ਲਈ ਵੱਧ ਅਧਿਕਾਰ ਦਾ ਮੁੱਦਾ ਗਰਮਾਇਆ ਰਹੇ ਸਨ। ਸੰਨ 1981 ਵਿੱਚ ਦਰਬਾਰਾ ਸਿੰਘ ਦੇ ਮੁੱਖ ਮੰਤਰੀ ਬਣਨ ਤੇ ਪੰਜਾਬ ਦੇ ਪਾਣੀਆਂ ਦਾ ਕੇਸ ਸੁਪਰੀਮ ਕੋਰਟ ਵਿੱਚੋਂ ਦਰਬਾਰਾ ਸਿੰਘ ਨੇ ਅਣਮੰਨੇ ਮਨ ਨਾਲ ਕੇਸ ਵਾਪਸ ਲੈ ਲਿਆ ਅਤੇ ਪੰਜਾਬ ਦਾ ਕੇਸ ਭਵਿੱਖ ਲਈ ਵੀ ਖੋਖਲਾ ਕਰ ਦਿੱਤਾ। ਇਸ ਫੈਸਲੇ ਦਾ ਪੰਜਾਬ ਵਿੱਚ ਸਾਰੀਆਂ ਪਾਰਟੀਆਂ ਨੇ ਵਿਰੋਧ ਕੀਤਾ। SYL ਦੇ ਨਿਰਮਾਣ ਲਈ ਅਪ੍ਰੈਲ 1982 ਵਿੱਚ ਇੰਦਰਾ ਗਾਂਧੀ ਦੇ ਉਦਘਾਟਨ ਕਰਨ ਮੌਕੇ ਸ਼੍ਰੋਮਣੀ ਅਕਾਲੀ ਦਲ, ਕਮਿਊਨਿਸਟ ਅਤੇ ਪੰਜਾਬ ਪ੍ਰਾਂਤ ਜੱਥੇਬੰਦੀਆ ਵੱਲੋ ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰਨ ਲਈ "ਕਪੂਰੀ ਦਾ ਮੋਰਚਾ" ਲਾ ਦਿੱਤਾ ਕਿਉਂਕਿ ਪਾਣੀ ਦੀ ਵੰਡ 1921 ਤੋਂ 1960 ਦੇ ਕੁਲ ਪਾਣੀ 17.17 MAF ਵਿੱਚੋਂ ਕੀਤੀ ਗਈ ਸੀ ਜਦੋਂ ਕਿ 1981 ਤੱਕ ਪਾਣੀ ਦੀ ਮਾਤਰਾ ਘੱਟ ਕੇ 14.37 ਰਹਿ ਚੁੱਕੀ ਸੀ। ਪੰਜਾਬ ਵਿੱਚ ਅਕਾਲੀ ਦਲ ਦੁਆਰਾ ਸਰਕਾਰ ਦੇ ਖਿਲਾਫ ਪੰਜਾਬ ਦੀਆਂ ਮੰਗਾਂ ਲਈ 1982 ਵਿੱਚ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਜਿਸ ਵਿੱਚ ਪੰਜਾਬ ਦੀਆਂ ਆਰਥਿਕ, ਰਾਜਨੀਤਕ ਮੰਗਾਂ ਦੇ ਨਾਲ ਸਿੱਖਾਂ ਦੀਆਂ ਕੁਝ ਧਾਰਮਿਕ ਮੰਗਾਂ ਵੀ ਸਨ। ਇਹਨਾ ਮੰਗਾਂ ਦਾ ਮੁੱਖ ਅਧਾਰ "ਆਨੰਦਪੁਰ ਸਾਹਿਬ ਦਾ ਮਤਾ 1973" ਸੀ ਜਿਸ ਤਹਿਤ ਸੂਬਿਆਂ ਨੂੰ ਵੱਧ ਤੋਂ ਵੱਧ ਅਧਿਕਾਰ ਦਿੱਤੇ ਜਾਣ ਅਤੇ ਸਿੱਖ ਧਰਮ ਤੇ ਪ੍ਰਚਾਰ ਤੇ ਪਸਾਰ ਲਈ ਪ੍ਰਬੰਧ ਕੀਤੇ ਜਾਣ। ਅਕਾਲ ਤਖਤ ਸਾਹਿਬ ਵਿਖੇ ਚੱਲ ਰਹੇ ਇਸ ਮੋਰਚੇ ਦੇ ਦੌਰਾਨ ਪੰਜਾਬ ਵਿੱਚ ਕੁਝ

ਹਿੰਸਕ ਘਟਨਾਵਾਂ ਹੋਈਆਂ ਜਿਸ ਨਾਲ ਹਿੰਦੂ-ਸਿੱਖਾਂ ਵਿੱਚ ਦਰਾੜ ਹੋਰ ਵੱਧ ਗਈ। ਅਕਾਲੀਆਂ ਅਤੇ ਤਤਕਾਲੀ ਦਮਦਮੀ ਟਕਸਾਲ ਦੇ ਵਿਚਾਲ਼ੇ ਵੀ ਉਸ ਸਮੇਂ ਆਪਸੀ ਵਿਰੋਧ ਸ਼ੁਰੂ ਹੋਇਆ, ਜਗਦੇਵ ਸਿੰਘ ਤਲਵੰਡੀ, ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੋਹੜਾ, ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਕਰ ਰਹੇ ਸਨ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜੱਥੇਬੰਦੀਆਂ ਦੁਆਰਾ ਇਸ ਮੋਰਚੇ ਨੂੰ ਰੋਕਣ ਤੇ ਮੋਰਚੇ ਦਾ ਰਾਹ ਛੱਡਣ ਦੀ ਕੋਸ਼ਿਸ਼ ਕੀਤੀ, ਗਈ ਪਰੰਤੂ ਸਹਿਮਤੀ ਨਾ ਬਣ ਸਕੀ। ਕੇਂਦਰ ਨੇ ਅਕਤੂਬਰ, 1982 ਵਿੱਚ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਰਤਰਫ਼ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜੋ ਕਿ ਸੰਵਿਧਾਨ ਅਨੁਸਾਰ ਸਿਰਫ਼ ਛੇ ਮਹੀਨਿਆਂ ਲਈ ਕੀਤਾ ਜਾਣ ਵਾਲਾ ਪ੍ਰਬੰਧ ਸੀ ਪਰ ਪੰਜਾਬ ਵਿੱਚ ਇਹ ਪ੍ਰਬੰਧ ਸੰਵਿਧਾਨਕ ਤ ਤਰਮੀਮਾਂ ਰਾਹੀਂ ਕਈ ਵਰ੍ਹੇ ਚਲਦਾ ਰਿਹਾ। CRPF, BSF ਆਦਿ ਹਥਿਆਰਬੰਦ ਸੈਨਾਵਾਂ ਤੈਨਾਤ ਕਰ ਦਿੱਤੀਆਂ ਗਈਆਂ ਅਤੇ ਸਰਕਾਰ ਨੇ ਮੋਰਚੇ ਦੀਆਂ ਮੰਗਾਂ 'ਤੇ ਵਿਚਾਰ ਕਰਕੇ ਮੰਨਣ ਦੀ ਥਾਂ ਜੂਨ 1984 ਵਿੱਚ ਫ਼ੌਜ ਰਾਹੀ ਸ੍ਰੀ ਅਕਾਲ ਤਖਤ ਅਤੇ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਘੇਰ ਲਿਆ ਗਿਆ। ਪੂਰੇ ਪੰਜਾਬ ਵਿੱਚ ਕਰਫਿਊ ਲਾ ਦਿੱਤਾ ਗਿਆ ਅਤੇ ਦੇਸ਼ ਵਿਚ ਇਹ ਪ੍ਰਚਾਰ ਕੀਤਾ ਗਿਆ ਕਿ ਧਰਮ ਯੁੱਧ ਮੋਰਚੇ ਰਾਹੀਂ ਸਿੱਖਾਂ ਵੱਲੋ ਅਲੱਗ ਦੇਸ਼ ਦੀ ਮੰਗ ਕੀਤੀ ਗਈ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪੰਜਾਬ ਦੇ 33 ਹੋਰ ਗੁਰਦੁਆਰਿਆਂ 'ਤੇ ਫ਼ੌਜੀ ਕਾਰਵਾਈ ਕੀਤੀ ਗਈ। ਦਮਦਮੀ ਟਕਸਾਲ ਦੇ ਮੁੱਖੀ ਸੰਤ ਭਿੰਡਰਾਂਵਾਲੇ, ਬੱਬਰ ਖਾਲਸਾ, ਸਿੱਖ ਵਿਦਿਆਰਥੀ ਜੱਥੇਬੰਦੀਆਂ ਆਦਿ ਨੇ ਗੁਰੂਘਰਾਂ ਵਿੱਚੋਂ ਹੀ ਫ਼ੌਜ ਦਾ ਮੁਕਾਬਲਾ ਕੀਤਾ। ਸਿੱਖਾਂ ਉਪਰ ਇਸ ਹਮਲੇ ਦਾ ਬਹੁਤ ਬੁਰਾ ਪ੍ਰਭਾਵ ਪਿਆ ਜਿਸਨੇ ਭਾਰਤ ਸਰਕਾਰ ਨਾਲੋਂ ਅਲੱਗ ਸਵੈ-ਸ਼ਾਸਨ ਦੀ ਮੰਗ ਨੂੰ ਜਨਮ ਦਿੱਤਾ। ਪੰਜਾਬ ਵਿੱਚ ਹਥਿਆਰਬੰਦ ਲਹਿਰ ਸ਼ੁਰੂ ਹੋਈ ਜਿਸ ਤਹਿਤ ਪੰਜਾਬ ਵਿੱਚ ਖਾੜਕੂਆਂ ਨੂੰ ਖਤਮ ਕਰਨ ਲਈ ਹਥਿਆਰਬੰਦ ਸੈਨਾਵਾਂ ਨੂੰ ਕਈ ਸਾਰੇ ਅਧਿਕਾਰ ਦੇ ਦਿੱਤੇ ਗਏ। ਫੌਜੀ ਹਮਲੇ ਦਾ ਬਦਲਾ ਲੈਣ ਲਈ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ, ਉਸਦੇ ਸਿੱਖ ਅੰਗਰੱਖਿਅਕਾਂ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਹੱਤਿਆ ਕਰ ਦਿੱਤੀ। ਇਸੇ ਦੇ ਨਾਲ ਹੀ ਪੂਰੇ ਦੇਸ਼ ਵਿੱਚ ਕਈ ਥਾਈਂ ਸਿੱਖਾਂ ਵਿਰੁੱਧ ਕਤਲੇਆਮ ਸੁਰੂ ਹੋ ਗਿਆ ਅਤੇ ਭੀੜਾਂ ਨੇ ਭਾਰਤ ਦੇ ਕਈ ਹਿੱਸਿਆਂ ਵਿੱਚ ਵਸਦੇ ਸਿੱਖਾਂ ਦੇ ਕਤਲ ਕੀਤੇ ਔਰਤਾਂ ਨਾਲ ਬਲਾਤਕਾਰ, ਜਾਇਦਾਦਾਂ ਨੂੰ ਅੱਗ ਲਾ ਦਿੱਤੀ ਗਈ ਪੰਜਾਬ ਦੀਆਂ ਮੰਗਾਂ ਨੂੰ ਫਿਰਕਾਪ੍ਰਸਤੀ ਦਾ ਰੰਗ ਦੇ ਦਿੱਤਾ ਗਿਆ ਸੀ ਅਤੇ ਪੰਜਾਬ ਵਿੱਚ ਨੌਜਵਾਨਾਂ ਖਾਸਕਰ ਸਿੱਖ ਨੌਜਵਾਨਾਂ ਨੇ ਕੇਂਦਰੀ ਹਕੂਮਤ ਦੇ ਖਿਲਾਫ ਸੰਘਰਸ਼ ਨੂੰ ਹਰ ਹੀਲੇ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਕੇਂਦਰੀ ਹੁਕਮਨਾਂ ਅਤੇ ਏਜੰਸੀਆਂ ਨੇ ਵੱਧ ਸੂਬਾਈ ਹੱਕਾਂ ਦੀ ਲਹਿਰ ਨੂੰ ਖਤਮ ਤੇ ਬਦਨਾਮ ਕਰਨ ਲਈ ਹਰ ਹੀਲਾ ਵਰਤ ਕੇ ਦਬਾਉਣ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ ਭਾਰਤ ਵਿੱਚ ਕਈ ਥਾਈਂ ਗੁਰੂਦੁਆਰਿਆਂ ਉਪਰ ਹਮਲੇ ਕੀਤੀ ਗਏ ਤੇ ਕੁਝ ਗੁਰੂਦੁਆਰੇ ਢਾਹ ਦਿੱਤੇ ਗਏ ਜਿਨ੍ਹਾਂ ਵਿੱਚ ਗੁਰੂਦੁਆਰਾ ਗਿਆਨ ਗੋਦੜੀ ਸਾਹਿਬ, ਹਰਿਦੁਆਰ (ਉਤਰਾਖੰਡ) ਮੁੱਖ ਹੈ।

ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਰਾਜੀਵ ਗਾਧੀ ਪ੍ਰਧਾਨ ਮੰਤਰੀ ਬਣੇ ਜਿਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨੂੰ ਸਾਰੇ ਪੰਜਾਬ ਦਾ ਪ੍ਰਤੀਨਿਧ ਮੰਨਦਿਆਂ ਉਸ ਨਾਲ 24 ਜੁਲਾਈ 1985 ਨੂੰ ਇੱਕ ਸਮਝੌਤਾ ਕੀਤਾ ਜਿਸ ਅਨੁਸਾਰ ਭਾਰਤ ਸਰਕਾਰ ਵੱਲੋਂ ਚੰਡੀਗੜ੍ਹ ਸਮੇਤ ਪੰਜਾਬ ਦੀਆਂ ਮੰਗਾਂ 26 ਜਨਵਰੀ 1986 ਤੱਕ ਮੰਨਣ ਦਾ ਵਾਅਦਾ ਕੀਤਾ ਅਤੇ ਅਕਾਲੀ ਦਲ ਨੇ ਧਰਮ ਯੁੱਧ ਮੋਰਚੇ ਵਾਲਾ ਅੰਦੋਲਨ ਵਾਪਸ ਲੈ ਲਿਆ। ਪ੍ਰੰਤੂ ਇਸ ਸਮਝੌਤੇ ਦੀਆਂ ਮੰਗਾਂ ਕੇਂਦਰੀ ਹਕੂਮਤ ਵੱਲੋ ਪੂਰੀਆਂ ਨਹੀ ਕੀਤੀਆਂ ਗਈਆਂ। ਉੱਧਰ ਇੱਕਲਵਾਂਝੇ ਹੀ ਕੇਂਦਰ ਨਾਲ ਸਮਝੌਤਾ ਕਰਨ ਕਰਕੇ ਸਿੱਖ ਹਥਿਆਰਬੰਦ ਜੱਥੇਬੰਦੀਆਂ ਨੇ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ ਕਰ ਦਿੱਤਾ। ਪੰਜਾਬ ਵਿੱਚ ਇਸ ਸਮੇ ਖਾੜਕੂ ਲਹਿਰ ਨੇ ਜ਼ੋਰ ਫ਼ੜਿਆ। ਕਮਿਊਨਿਸਟ, ਆਰੀਆ ਸਮਾਜੀ, ਜਨ ਸੰਘ, ਅਤੇ ਹੋਰ ਜੱਥੇਬੰਦੀਆਂ ਨੇ ਪੰਜਾਬ ਦੀ ਲਹਿਰ ਖਿਲਾਫ ਕੇਂਦਰੀ ਹਕੂਮਤ ਦਾ ਸਾਥ ਦਿੱਤਾ। ਸੰਨ 1985 ਵਿੱਚ ਸੰਤ ਲੌਂਗੋਵਾਲ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਈਆਂ ਅਤੇ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਬਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀ ਗੁਰਚਰਨ ਸਿੰਘ ਟੌਹੜਾ ਨੇ ਕੇਦਰ ਸਰਕਾਰ ਦੁਆਰਾ ਅਕਾਲ ਤਖਤ ਸਾਹਿਬ ਦੀ ਬਣਵਾਈ ਇਮਾਰਤ ਨੂੰ ਢਹਾ ਕੇ ਸੰਗਤਾਂ ਦੇ ਸਹਿਯੋਗ ਨਾਲ ਦੁਬਾਰਾ ਬਣਾਇਆ ਗਿਆ। ਪੰਜਾਬ ਵਿੱਚ ਸਿਧਾਰਥ ਸ਼ੰਕਰ ਰੇਅ ਨੂੰ ਰਾਜਪਾਲ ਥਾਪਿਆ ਗਿਆ ਸੀ ਤੇ ਉਸ ਅਧੀਨ ਹੀ ਜੇ. ਐਫ. ਰਬੈਰੋ, ਕੇ. ਪੀ. ਐਸ ਗਿੱਲ ਆਦਿ ਡਾਇਰੈਕਟਰ ਜਰਨਲ ਲਾਏ ਗਏ ਜਿਨ੍ਹਾਂ ਨੇ ਅਪ੍ਰੇਸ਼ਨ ਕਾਲਾ ਤੂਫਾਨ (Black thunder) ਅਤੇ "ਗੋਲੀ ਨੂੰ ਗੋਲੀ" (Bullet VS Bullet) ਨੀਤੀ ਤਹਿਤ ਪੰਜਾਬ ਵਿੱਚ ਸਿੱਖ ਨੌਜੁਆਨਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਕੀਤਾ

ਗਿਆ। ਸੰਨ 1987 ਵਿੱਚ ਬਰਨਾਲਾ ਸਰਕਾਰ ਨੂੰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਬੰਗਾਲ ਵਿੱਚ ਮਾਰਕਸੀਆਂ ਨੂੰ ਖ਼ਤਮ ਕਰਨ ਲਈ ਪ੍ਰਸਿੱਧ ਰਹੇ ਕਾਂਗਰਸੀ ਮੁੱਖ ਮੰਤਰੀ ਸਿਧਾਰਥ ਸ਼ੰਕਰ ਰੇਅ ਨੇ ਪੰਜਾਬ ਵਿੱਚ ਟਾਡਾ (TADA) ਤੇ ਅਫਸਪਾ (AFSPA) ਕਾਨੂੰਨ ਲਾਗੂ ਕੀਤੇ ਗਏ ਜਿਨ੍ਹਾਂ ਵਿੱਚ ਕਿਸੇ ਨੂੰ ਵੀ ਮਾਰਨ, ਦਹਿਸ਼ਤਗਰਦ ਕਰਾਰ ਦੇਣ ਜਾਂ ਕਿਸੇ ਨੂੰ ਵੀ ਬੰਦੀ ਬਣਾਉਣ ਦੀਆਂ ਤਾਕਤਾਂ ਪੁਲਿਸ ਨੂੰ ਦਿੱਤੀਆਂ ਗਈਆਂ। ਮਨੁੱਖੀ ਅਧਿਕਾਰ ਸੰਸਥਾਵਾਂ ਦੁਆਰਾ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਦੁਹਾਈ ਪਾਈ ਗਈ ਕਿਉਂਕਿ BSF, ਪੰਜਾਬ ਪੁਲਿਸ, CRPF ਅਤੇ ਭਾਰਤ ਦੀਆਂ ਗੁਪਤ ਏਜੰਸੀਆਂ ਦੁਆਰਾ ਪੰਜਾਬ ਦੇ ਖਾੜਕੂ ਅਤੇ ਬੇਕਸੂਰ ਲੋਕਾਂ, ਉਹਨਾਂ ਦੇ ਮਾਤਾ-ਪਿਤਾ ਦੀ ਹੱਤਿਆ, ਔਰਤਾਂ ਨਾਲ ਥਾਣਿਆਂ ਵਿੱਚ ਬਲਾਤਕਾਰ ਅਤੇ ਨਕਲੀ ਖਾੜਕੂ ਬਣ ਕੇ ਖਾੜਕੂ ਵਿਰੋਧੀ ਗਤੀਵਿਧੀਆਂ ਕਰਨ ਦੇ ਦੋਸ਼ ਲੱਗੇ। ਪੁਲਿਸ ਅਫ਼ਸਰਾਂ ਨੂੰ ਵੱਡੇ ਪੱਧਰ 'ਤੇ ਸਨਮਾਨਿਤ ਕੀਤਾ ਗਿਆ।

ਇਸੇ ਦੌਰਾਨ ਖਾੜਕੂ ਜੱਥੇਬੰਦੀਆਂ ਵੱਲੋਂ ਦਰਬਾਰ ਸਾਹਿਬ ਦੇ ਫ਼ੌਜੀ ਹਮਲੇ ਵਿਰੁੱਧ, ਸਾਬਕਾ ਫ਼ੌਜ ਮੁਖੀ ਜਨਰਲ ਵੈਦਿਆ ਦਾ ਕਤਲ ਕਰ ਦਿੱਤਾ ਗਿਆ ਅਤੇ ਬਹੁਤ ਸਾਰੇ ਅਜਿਹੇ ਮੰਤਰੀ ਅਤੇ ਅਫਸਰਾਂ ਦਾ ਕਤਲ ਕੀਤਾ ਗਿਆ ਜੋ ਸਿੱਖ ਕਤਲੇਆਮ ਜਾ ਸਿੱਖ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਸਨ। ਪੰਜਾਬ ਵੱਡੇ ਪੱਧਰ ਤੇ ਕਤਲੇਆਮ ਦੇ ਦੌਰ ਵਿੱਚੋਂ ਲੰਘਿਆ ਭਾਰਤ ਵਿੱਚ 1984 ਦੀਆਂ ਚੋਣਾਂ ਵਿੱਚ ਸਿੱਖ ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਨੇ ਸਭ ਤੋਂ ਵੱਡੀ ਜਿੱਤ ਦਰਜ ਕੀਤੀ ਸੀ ਜਿਸ ਵਿੱਚ 514 ਸੀਟਾਂ ਵਿੱਚੋਂ 414 ਸੀਟਾਂ ਕਾਗਰਸ ਨੇ ਜਿੱਤੀਆਂ ਸਨ ਉਸ ਸਮੇ ਭਾਰਤ ਸ੍ਰੀ ਲੰਕਾ ਵਿੱਚ ਤਮਿਲਾਂ ਦੀ ਸਮੱਸਿਆ ਨਾਲ ਵੀ ਨਿਬੜ ਰਿਹਾ ਸੀ। ਕੇਦਰ ਸਰਕਾਰ ਦੇ ਹੁਕਮ ਅਨੁਸਾਰ SYL ਦਾ ਹਰਿਆਣਾ ਰਾਜ ਵਾਲਾ ਹਿੱਸਾ ਬਣ ਚੁੱਕਾ ਸੀ। ਪੰਜਾਬ ਵਾਲਾ ਹਿੱਸਾ ਬਣ ਰਿਹਾ ਸੀ। ਜਿਸ ਕਾਰਨ 1988 ਵਿੱਚ SYL ਦੇ ਮੁੱਖ ਇੰਜਨੀਅਰ ਅਤੇ ਕੁਝ ਮਜ਼ਦੂਰਾਂ ਦਾ ਕਤਲ ਕਰ ਦਿੱਤਾ ਗਿਆ ਅਤੇ SYL ਦਾ ਕੰਮ ਉਥੇ ਹੀ ਰੁੱਕ ਗਿਆ। ਸੰਨ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ. ਪੀ. ਸਿੰਘ ਦੀ ਅਗਵਾਈ ਵਿੱਚ ਜਨਤਾ ਦੱਲ ਦੀ ਸਰਕਾਰ ਬਣੀ ਪੰਜਾਬ ਵਿੱਚ ਸ਼੍ਰੋਮਣੀ ਅਕਾਲ ਦਲ ਦੇ ਸਿਮਰਜੀਤ ਸਿੰਘ ਮਾਨ ਧੜੇ ਵੱਲੋਂ 13 ਵਿੱਚੋਂ 6 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ 3 ਸੀਟਾਂ 'ਤੇ ਅਜ਼ਾਦ ਉਮੀਦਵਾਰ ਜਿੱਤੇ। 1991 ਵਿੱਚ ਤਮਿਲਾਂ ਦੇ ਇੱਕ ਆਤਮ ਘਾਤੀ ਬੰਬ ਗਰੁੱਪ ਦੁਆਰਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਾਰ ਦਿੱਤਾ ਗਿਆ। ਭਾਰਤ ਵਿੱਚ ਉਸ ਸਮੇ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਲਈ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਵਿੱਚ ਰੱਥ ਯਾਤਰਾ ਚੱਲ ਰਹੀ ਸੀ ਅਤੇ ਪ੍ਰਧਾਨ ਮੰਤਰੀ V.P. ਸਿੰਘ ਦੁਆਰਾ ਪਛੜੀਆਂ ਸ਼੍ਰੇਣੀਆ ਲਈ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਗਈ ਸੀ ਜੋ ਕਿ ਪਛੜੀਆਂ ਸ਼੍ਰੇਣੀਆਂ ਨੂੰ ਸਿੱਖਿਆ ਅਤੇ ਨੌਕਰੀਆਂ ਵਿੱਚ ਰਾਖਵਾਂਕਰਨ ਦੇਣ ਦੀ ਪੈਰਵੀ ਕਰਦੀ ਸੀ। ਸੰਸਾਰ ਵਿੱਚ ਸਮਾਜਵਾਦੀ ਢਾਂਚੇ ਵਾਲੇ ਸੋਵੀਅਤ ਸੰਘ ਦੇ ਆਖਰੀ ਦਿਨ ਚਲ ਰਹੇ ਸਨ ਸੋ ਭਾਰਤ ਦੀ ਆਰਥਿਕਤਾ ਦੀ ਹਾਲਤ ਵੀ ਬਹੁਤ ਪਤਲੀ ਸੀ । ਸੋਵੀਅਤ ਸੰਘ ਦੀਆਂ ਫ਼ੌਜਾਂ ਅਤੇ ਅਮਰੀਕਾ ਦੀਆਂ ਫ਼ੌਜਾਂ ਵਿਚਕਾਰ ਅਫਗਾਨਿਸਤਾਨ ਉਪਰ ਸਰਦਾਰੀ ਲਈ ਸੰਘਰਸ਼ ਚੱਲ ਰਿਹਾ ਸੀ। ਕੌਮਾਂਤਰੀ ਪੱਧਰ 'ਤੇ ਵੀ ਪੰਜਾਬ ਦਾ ਕੋਈ ਵਾਲੀ ਨਹੀਂ ਸੀ। ਰੱਥ ਯਾਤਰਾ ਦਾ ਵਿਰੋਧ ਕਰਨ ਕਰਕੇ ਭਾਰਤੀ ਜਨਤਾ ਪਾਰਟੀ ਨੇ ਵੀ. ਪੀ. ਸਿੰਘ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ ਅਤੇ 7 ਨਵੰਬਰ 1990 ਵੀ. ਪੀ. ਸਿੰਘ ਨੇ ਅਸਤੀਫਾ ਦੇ ਦਿੱਤਾ। ਕਾਂਗਰਸ ਦੀ ਬਾਹਰੀ ਸਮਰਥਨ ਦੇ ਨਾਲ ਜਨਤਾ ਦਲ ਦੇ ਆਗੂ ਚੰਦਰ ਸ਼ੇਖਰ ਪ੍ਰਧਾਨ ਮੰਤਰੀ ਬਣੇ। ਭਾਰਤ ਦੇ ਪ੍ਰਧਾਨ ਮੰਤਰੀ ਭਾਵੇਂ ਬਦਲ ਰਹੇ ਸਨ ਪਰ ਉਹਨਾਂ ਦੀ ਪੰਜਾਬ ਪ੍ਰਤੀ ਨੀਤੀ ਓਂਵੇਂ ਦੀ ਓਂਵੇਂ ਹੀ ਰਹੀ। ਕਾਂਗਰਸ ਦੁਆਰਾ ਸਮਰਥਨ ਵਾਪਸ ਲੈਣ ਕਰਕੇ ਚੰਦਰ ਸ਼ੇਖਰ ਨੇ ਅਸਤੀਫਾ ਦੇ ਦਿੱਤਾ ਅਤੇ ਲੋਕ ਸਭਾ ਚੋਣਾਂ 1991 ਵਿੱਚ ਨਰਸਿਮਾ ਰਾਓ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਬਣੀ ਜਿਸਨੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿੱਚ ਭਾਰਤ ਵਿੱਚ ਉਦਾਰਵਾਦੀ ਅਤੇ ਪੂੰਜੀਵਾਦੀ ਨੀਤੀਆਂ ਲਾਗੂ ਕਰ ਦਿੱਤੀਆਂ।

ਪੰਜਾਬ ਵਿੱਚ 5 ਸਾਲ ਦੇ ਰਾਸ਼ਟਰਪਤੀ ਰਾਜ ਤੋਂ ਬਾਅਦ ਸੰਨ 1992 ਵਿੱਚ ਵਿਧਾਨ ਸਭਾ ਚੋਣਾਂ ਹੋਈਆਂ ਜਿਸ ਵਿੱਚੋਂ ਖਾੜਕੂ ਜੱਥੇਬੰਦੀਆਂ ਅਤੇ ਅਕਾਲੀ ਦਲ ਵੱਲੋ ਚੋਣਾਂ ਦਾ ਬਾਈਕਾਟ ਕੀਤਾ ਗਿਆ ਤੇ ਬੇਅੰਤ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੇ ਸਰਕਾਰ ਬਣਾਈ। ਚੋਣਾਂ ਤੋਂ ਬਾਅਦ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਨ, ਸਿੱਖ ਔਰਤਾਂ ਦੀ ਪੁਲਿਸ ਥਾਣਿਆਂ ਵਿੱਚ ਬੇਪੱਤੀ ਅਤੇ ਬਲੈਕ ਮੇਲ ਕਰਨ ਦਾ ਧੰਦਾ ਚਲਦਾ ਰਿਹਾ। ਅਗਸਤ 1995 ਵਿੱਚ ਸਿੱਖ ਆਤਮਘਾਤੀ ਬੰਬ ਰਾਹੀ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਅਤੇ ਕਾਂਗਰਸ ਪਾਰਟੀ ਦੇ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣੇ ਪਰੰਤੂ ਕਾਂਗਰਸ ਵਿੱਚ ਚਲਦੀ ਧੜੇ ਬੰਦੀ ਕਾਰਨ 1996 ਨੂੰ ਲਹਿਰਾ ਵਿਧਾਨ ਸਭਾ ਹਲਕੇ ਤੋਂ ਜਿੱਤੀ ਪਹਿਲੀ ਔਰਤ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਅਹੁੱਦਾ ਸੰਭਾਲਿਆ। ਸੰਨ 1997 ਤੱਕ ਪੰਜਾਬ ਵਿੱਚ

ਹਥਿਆਰਬੰਦ ਸੰਘਰਸ਼ ਖਤਮ ਹੋ ਚੁੱਕਿਆ ਸੀ ਅਤੇ ਸੰਘਰਸ਼ ਵਿੱਚ ਸ਼ਾਮਲ ਹੋਏ ਫ਼ੌਜੀਆਂ, ਵਿਦਿਆਰਥੀਆਂ ਅਤੇ ਲੋਕਾਂ ਦੀ ਰਿਹਾਈ ਜਾਂ ਇਸ ਸਮੇਂ ਦੌਰਾਨ ਹੋਈਆਂ ਮੌਤਾਂ ਦੀ ਜ਼ਿੰਮੇਵਾਰੀ ਅਤੇ ਦੋਸ਼ ਲਾਉਣ ਦੀ ਸਿਆਸਤ ਸ਼ੁਰੂ ਹੋ ਚੁੱਕੀ ਸੀ। ਸੰਨ 1997 ਦੀਆਂ ਵਿਧਾਨ ਸਭਾ ਚੋਣਾ ਵਿੱਚ ਸ੍. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਬਣਾਈ ਜੋ ਕਿ ਲਹਿਰ ਦੇ ਸਮੇਂ ਦੌਰਾਨ ਹੋਏ ਕੌਮ ਦੇ ਨੁਕਸਾਨ ਦਾ ਇਨਸਾਫ ਲੈਣ ਦੇ ਵਾਅਦੇ ਨਾਲ ਬਣੀ ਸੀ ਅਤੇ ਹਿੰਦੂ ਸਿੱਖ ਤਣਾਅ ਨੂੰ ਦੂਰ ਕਰਨ ਲਈ ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਸ਼੍ਰੋਮਣੀ ਅਕਾਲੀ ਦਲ ਨੇ ਰਾਸ਼ਟਰੀ ਲੋਕਤੰਤਰ ਗਠਜੋੜ ਬਣਾਇਆ ਜਿਸ ਵਿੱਚ ਹਿੰਦੂ ਸਿੱਖ ਏਕਤਾ ਦੇ ਨਾਲ ਨਾਲ ਪੰਜਾਬ ਦੀਆਂ ਆਰਥਿਕ ਯੋਜਨਾਵਾਂ ਵੱਲ ਧਿਆਨ ਕੇਂਦਰਿਤ ਕੀਤਾ।

ਸ. ਪ੍ਰਕਾਸ਼ ਸਿੰਘ ਬਾਦਲ ਨੇ 1997 ਤੋਂ 2002 ਤੱਕ ਮੁੱਖ ਮੰਤਰੀ ਦੇ ਤੌਰ 'ਤੇ ਕਾਰਜਕਾਲ ਪੂਰਾ ਕੀਤਾ। ਸੰਨ 1999 ਵਿੱਚ ਗੁਰਚਰਨ ਸਿੰਘ ਟੌਹੜਾ ਦੇ ਪ੍ਰਕਾਸ਼ ਸਿੰਘ ਬਾਦਲ ਉਪਰ ਕੌਮ ਦੇ ਇਨਸਾਫ ਲਈ ਕਦਮ ਨਾ ਚੁਕਣਾ ਤੇ ਹੋਏ ਮਤਭੇਦ ਬਾਅਦ ਨਵੀਂ ਪਾਰਟੀ ਬਣਾ ਲਈ ਸੀ ਕਿਉਂਕਿ ਅਕਾਲੀ ਦਲ ਨੇ ਪੰਜਾਬ ਦੇ ਲਈ 1984 ਦੇ ਹਮਲੇ, ਸਿੱਖ ਕਤਲੇਅਮ, ਪੰਜਾਬ ਲਈ ਸੰਯੁਕਤ ਰਾਸ਼ਟਰ ਦੀ ਦਖਲਅੰਦਾਜ਼ੀ, ਖੁਦਮੁਖਤਿਆਰੀ, ਪਾਣੀ, ਚੰਡੀਗੜ ਆਦਿ ਮੁੱਦੇ ਪਿਛੇ ਧੱਕ ਦਿੱਤੇ ਸਨ। ਚੰਡੀਗੜ੍ਹ ਅਤੇ ਐਸ. ਵਾਈ. ਐਲ ਮੁੱਦੇ ਲਈ ਨਾਂ ਮਾਤਰ ਕੋਸ਼ਿਸ਼ ਕੀਤੀ ਗਈ ਇਸ ਲਈ ਪੰਜਾਬ ਦੇ ਲੋਕ ਨਿਰਾਸ਼ ਹੋਏ। ਵਿਧਾਨ ਸਭਾ ਚੋਣਾਂ 2002 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੇ ਸਰਕਾਰ ਬਣਾਈ ਇਸਦੇ ਉਲਟ ਕੇਂਦਰ ਵਿੱਚ ਕਈ ਪ੍ਰਧਾਨ ਮੰਤਰੀਆਂ ਦਾ ਕਾਰਜਕਾਲ ਪੂਰਾ ਨਾ ਹੋਣ ਤੇ 1999 ਵਿੱਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਰਾਸ਼ਟਰੀ ਲੋਕਤੰਤਰੀ ਗਠਜੋੜ ਨੇ ਸਰਕਾਰ ਬਣਾਈ। ਸ਼੍ਰੋਮਣੀ ਅਕਾਲੀ ਦਲ ਇਸ ਗਠਜੋੜ ਵਿੱਚ ਸ਼ਾਮਲ ਸੀ। ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨੇ ਪ੍ਰਸ਼ਾਸਨਿਕ ਸੁਧਾਰ ਅਤੇ ਭ੍ਰਿਸ਼ਟਾਚਾਰ ਖਿਲਾਫ਼ ਮੁਹਿੰਮ ਚਲਾਈ ਪਰੰਤੂ SYL ਦਾ ਰੋੜਾ ਵੱਡੀਆਂ ਰੁਕਾਵਟਾਂ ਖੜ੍ਹੀਆਂ ਕਰ ਰਿਹਾ ਸੀ ਇਸ ਲਈ ਕੈਪਟਨ ਅਪਰਿੰਦਰ ਸਿੰਘ ਨੇ 2004 ਵਿੱਚ, 31 ਦਸੰਬਰ 1981 ਨੂੰ ਤਿੰਨ ਰਾਜ (ਪੰਜਾਬ, ਹਰਿਆਣਾ, ਰਾਜਸਥਾਨ) ਵਿਚਕਾਰ ਹੋਇਆ SYL ਦਾ ਸਮਝੌਤਾ ਵਿਧਾਨ ਸਭਾ 'ਚ ਮਤਾ ਪਾ ਕੇ ਰੱਦ ਕਰ ਦਿੱਤਾ ਅਤੇ ਨਾਲ ਹੀ ਪਹਿਲਾਂ ਵੱਗ ਰਹੇ ਪਾਣੀਆਂ ਨੂੰ ਉਸੇ ਤਰ੍ਹਾਂ ਵਗਦੇ ਰਹਿਣ ਦਾ ਫੈਸਲਾ ਕੀਤਾ ਗਿਆ ਪ੍ਰੰਤੂ ਸੁਪਰੀਮ ਕੋਰਟ ਨੇ ਪੰਜਾਬ ਦੇ ਇਸ ਫ਼ੈਸਲੇ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਕਿਉਂਕਿ ਪੰਜਾਬ ਸਮਝੌਤਾ ਕਰਕੇ ਤੇ ਨਹਿਰ ਦਾ ਨਿਰਮਾਣ ਕਰਕੇ ਇਸ ਸਮਝੌਤੇ ਨੂੰ ਰੱਦ ਨਹੀ ਕਰ ਸਕਦਾ ਭਾਵ ਸੁਪਰੀਮ ਕੋਰਟ ਵਿੱਚ ਮਸਲਾ ਪਾਣੀਆਂ ਦੀ ਵੰਡ ਦਾ ਨਹੀ ਸਗੋਂ ਸਮਝੌਤੇ ਤੋੜਨ ਅਤੇ ਨਹਿਰ ਦਾ ਨਿਰਮਾਣ ਦੀ ਸਹਿਮਤੀ ਤੋਂ ਬਾਅਦ ਪਿਛੇ ਹਟਣ ਦੇ ਖਿਲਾਫ਼ ਖੜ੍ਹਾ ਹੋ ਗਿਆ। ਪੰਜਾਬ ਸਰਕਾਰ ਅਤੇ ਲੋਕਾਂ ਦੇ ਵਿਰੋਧ ਕਰਕੇ SYL ਦਾ ਮਸਲਾ ਲਟਕਦਾ ਰਿਹਾ ਅਤੇ ਸੁਪਰੀਮ ਕੋਰਟ ਤੇ ਕੇਂਦਰ ਸਰਕਾਰ ਇਸ ਮਸਲੇ ਨੂੰ ਪੰਜਾਬ ਅਤੇ ਹਰਿਆਣਾ ਨੂੰ ਮਿਲ ਬੈਠ ਕੇ ਸੁਲਝਾਉਣ ਦੀ ਸਲਾਹ ਦਿੱਤੀ।

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੁਆਰਾ ਪੰਜਾਬ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਠੇਕੇ 'ਤੇ ਅਧਾਰਤ ਭਰਤੀ ਦੀ ਸ਼ੁਰੂਆਤ ਕੀਤੀ ਜਿਸਨੇ ਭਵਿੱਖ ਵਿੱਚ ਪੰਜਾਬ ਦੇ ਨੌਜਵਾਨਾਂ ਦੇ ਪੱਕੇ ਰੁਜ਼ਗਾਰ ਦੇ ਸੁਪਨੇ ਨੂੰ ਧੁੰਦਲਾ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਾ ਮੁੱਖ ਅਧਾਰ ਪੰਜਾਬ ਦੇ ਪਿੰਡਾਂ ਦੀ ਕਿਸਾਨੀ ਅਤੇ ਸ਼ਹਿਰਾਂ ਦੇ ਸਿੱਖ ਸਨ ਅਤੇ ਸ਼ਹਿਰ ਦਾ ਹਿੰਦੂ ਵਰਗ ਕਾਂਗਰਸ ਅਤੇ ਭਾਜਪਾ ਵਿੱਚ ਵੰਡਿਆ ਜਾਂਦਾ ਸੀ। ਪਿੰਡ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕ ਕਾਂਗਰਸ ਭਾਜਪਾ ਅਤੇ ਕਮਿਊਨਿਸਟ ਪਾਰਟੀਆਂ ਦੇ ਪੱਖ ਵਿੱਚ ਸਨ ਪਰੰਤੂ ਸ਼੍ਰੋਮਣੀ ਅਕਾਲੀ ਦਲ ਨੇ 2007 ਵਿੱਚ ਪੇਂਡੂ ਕਿਸਾਨੀ ਦੇ ਨਾਲ ਨਾਲ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਵੀ ਵੱਡੇ ਪੱਧਰ 'ਤੇ ਪਾਰਟੀ ਵਿੱਚ ਅਹੁੱਦੇ ਦਿੱਤੇ ਅਤੇ ਉਹਨਾਂ ਦੇ ਭਲੇ ਲਈ ਵਾਅਦੇ ਕੀਤੇ ਆਟਾ ਦਾਲ ਸਕੀਮ, ਉਨ੍ਹਾਂ ਵਾਅਦਿਆਂ ਵਿੱਚੋ ਇੱਕ ਸੀ ਭਾਜਪਾ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਗਠਜੋੜ ਕਾਰਨ ਸ਼ਹਿਰਾਂ ਦੀ ਵੋਟ ਵੀ ਅਕਾਲੀ-ਭਾਜਪਾ ਗਠਜੋੜ ਹਿੱਸੇ ਆਈ ਅਤੇ 2007 ਵਿੱਚ 117 ਵਿੱਚੋਂ 67 ਸੀਟਾਂ ਜਿੱਤ ਕੇ ਪਰ ਪ੍ਰਕਾਸ਼ ਸਿੰਘ ਬਾਦਲ ਚੌਥੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਮਈ 2007 ਵਿੱਚ ਹਰਿਆਣਾ ਵਿੱਚ ਮੌਜੂਦ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਉਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਅੰਮ੍ਰਿਤ ਸੰਚਾਰ ਦੀ ਨਕਲ ਕਰਨ ਦਾ ਮੁੱਦਾ ਗਰਮਾਇਆ ਅਤੇ ਡੇਰਾ ਸਿਰਸਾ ਨੇ ਇਹਨਾ ਦੋਸ਼ਾਂ ਨੂੰ ਨਕਾਰ ਦਿੱਤਾ ਪਰ ਵੱਡੇ ਪੱਧਰ 'ਤੇ ਪੰਜਾਬ ਹਰਿਆਣਾ ਅਤੇ ਰਾਜਸਥਾਨ ਵਿੱਚ ਡੇਰਾ ਸ਼ਰਧਾਲੂਆਂ ਅਤੇ ਸਿੱਖਾਂ ਵਿਚਾਲੇ ਝੜਪਾਂ ਹੋਈਆਂ ਅਤੇ ਸਰਕਾਰ ਨੇ ਇਹਨਾ ਝੜਪਾਂ ਖਿਲਾਫ ਸਖਤੀ ਕੀਤੀ।

ਮੁੱਢ ਤੋਂ ਨਾਮਧਾਰੀ, ਨਿਰਮਲੇ, ਨੂਰਪਹਿਲੀਏ, ਰਾਮਰਾਈਏ, ਵੈਰਾਗੀ, ਰਾਧਾ ਸੁਆਮੀ, ਰਵਿਦਾਸੀ, ਗਰੀਬਦਾਸੀ, ਨਿਹੰਗ ਅਤੇ ਨਾਥ ਆਦਿ ਭਾਵੇ ਸਿੱਖ ਧਰਮ ਦਾ ਹੀ ਅੰਗ ਸਨ ਪਰੰਤੂ ਅਕਾਲ ਤਖਤ ਸਾਹਿਬ ਦੁਆਰਾ ਰਹਿਤ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਖਰੀ ਗੁਰੂ ਮੰਨਣ ਦੀ ਜਗ੍ਹਾਂ ਇਹਨਾ ਡੇਰਿਆਂ ਦਾ ਮੁਖੀ ਵੀ ਗੁਰੂ ਮੰਨਿਆ ਜਾਂਦਾ ਰਿਹਾ ਅਤੇ ਇਹਨਾ ਡੇਰਿਆਂ ਦੀਆਂ ਰਵਾਇਤਾਂ ਵੱਖਰੀਆਂ ਹੋਣ ਜਿਸ ਕਰਕੇ ਸਿਖਾਂ ਅਤੇ ਡੇਰਿਆਂ ਵਿਚਕਾਰ ਵਿਵਾਦ ਚਲਦਾ ਰਹਿੰਦਾ। ਪਰੰਤੂ ਡੇਰਾ ਸਿਰਸਾ (2007) ਅਤੇ ਨਿਰੰਕਾਰੀਆਂ (1978) ਵਿਚਾਲੇ ਅਜਿਹੇ ਵਿਵਾਦ ਖੂਨੀ ਰੂਪ ਧਾਰਨ ਕਰ ਗਏ ਸੀ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਅਨੁਸੂਚਿਤ ਜਾਤੀਆ ਨਾਲ ਸਬੰਧਤ ਲੋਕਾਂ ਦੀ ਜਨਸੰਖਿਆ ਸਾਰੇ ਰਾਜਾਂ ਨਾਲੋ ਵੱਧ ਅਤੇ ਹਾਲਤ ਚੰਗੀ ਹੈ। ਸਿੱਖ ਧਰਮ ਦੀ ਹੋਂਦ ਕਰਕੇ ਪੰਜਾਬ ਜਾਤੀਵਾਦੀ ਪ੍ਰਨਾਲ਼ੀ ਵਿੱਚ ਸਮਾਜਿਕ ਤੌਰ 'ਤੇ ਘੱਟ ਸਗੋਂ ਆਰਥਿਕ ਤੌਰ 'ਤੇ ਵੱਧ ਪ੍ਰਭਾਵਿਤ ਸੀ ਅਤੇ ਅਨੁਸੂਚਿਤ ਜਾਤੀ ਨਾਲ ਸੰਬੰਧਤ ਕੁਝ ਲੋਕਾਂ ਦਾ ਪੱਖ ਸੀ ਕਿ ਪੰਜਾਬ ਦੇ ਜੱਟ ਭਾਈਚਾਰੇ ਨਾਲ ਸਬੰਧਤ ਲੋਕਾਂ ਦਾ ਸਿੱਖ ਧਰਮ ਤੇ ਕਬਜ਼ਾ ਹੈ ਅਤੇ ਉਹ ਖਾਲਸਾ ਪੰਥ ਦੀਆਂ ਰਵਾਇਤਾਂ ਦੇ ਉਲਟ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਗੁਰੂਘਰਾਂ ਵਿੱਚ ਸਮਾਨ ਸਤਿਕਾਰ ਨਹੀ ਦਿੰਦੇ ਇਸ ਲਈ ਵੱਡੀ ਗਿਣਤੀ ਵਿੱਚ ਲੋਕ ਡੇਰਿਆਂ ਦੇ ਸਰਧਾਲੂ ਬਣ ਰਹੇ ਸਨ। ਉਹਨਾਂ ਦੀ ਮੰਗ ਰਹੀ ਕਿ ਸਿੱਖ ਧਰਮ ਦੀਆਂ ਰਵਾਇਤਾਂ ਅਤੇ ਸਿਧਾਤਾਂ ਅਨੁਸਾਰ ਹੀ ਸਾਰਾ ਪ੍ਰਬੰਧ ਹੋਣਾ ਚਾਹੀਦਾ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦਾ 2007 ਤੋਂ 2012 ਤੱਕ ਦਾ ਕਾਰਜਕਾਲ ਪ੍ਰੇਮੀ-ਸਿੱਖ ਵਿਵਾਦ ਵਿੱਚ ਘਿਰਿਆ ਰਿਹਾ ਅਤੇ 1978 ਦੇ ਨਿਰੰਕਾਰੀ ਕਾਂਢ ਦੀ ਤਰ੍ਹਾਂ ਹੀ ਪਰਕਾਸ਼ ਸਿੰਘ ਬਾਦਲ ਉੱਤੇ ਡੇਰਾ ਮੁਖੀ ਖਿਲਾਫ ਕਾਰਵਾਈ ਨਾ ਕਰਨ ਦੇ ਦੋਸ਼ ਲੱਗੇ। ਪ੍ਰਕਾਸ਼ ਸਿੰਘ ਬਾਦਲ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਡਸਾ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਰਣੀਕੇ, ਬਿਕਰਮ ਸਿੰਘ ਮਜੀਠੀਆ, ਦਲਜੀਤ ਸਿੰਘ ਚੀਮਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਆਦਿ ਆਗੂਆਂ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਨੇ ਪੰਥਕ ਮੰਗਾਂ ਤੋਂ ਆਰਥਿਕ ਪੱਖਾਂ ਵੱਲ ਰੁੱਖ ਕਰ ਲਿਆ। ਪੰਜਾਬ ਦੇ ਸੰਘੀ ਪ੍ਰਨਾਲ਼ੀ ਜਾਂ ਪਾਣੀਆਂ ਅਤੇ ਪੰਥ ਮੁੱਦਿਆਂ ਦੀ ਥਾਂ ਵੱਡੀਆਂ ਸੜਕਾਂ, ਬਹੁ ਰਾਸ਼ਟਰੀ ਕੰਪਨੀਆਂ, ਰੁਜ਼ਗਾਰ ਅਤੇ ਵਿਦੇਸ਼ੀ ਨਿਵੇਸ਼ ਜਿਹੇ ਮੁੱਦਿਆਂ 'ਤੇ ਜ਼ੋਰ ਦਿੱਤਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਜੋੜ ਪੰਜਾਬ ਦੇ ਹਰ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਨਤੀਜੇ ਵਜੋਂ ਪੰਜਾਬ ਵਿਧਾਨ ਸਭਾ 2012 ਦੀਆਂ ਚੋਣਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਮੁੜ 68 ਸੀਟਾਂ ਜਿੱਤ ਕੇ ਭਾਜਪਾ ਅਕਾਲੀ ਗਠਜੋੜ ਦੀ ਸਰਕਾਰ ਬਣੀ। ਸਰਕਾਰ ਵੱਲੋਂ ਕੀਤੇ ਗਏ ਆਰਥਿਕ ਕੰਮਾਂ ਨੂੰ ਪ੍ਰਚਾਰਿਆ ਗਿਆ ਪ੍ਰੰਤੂ ਇਨ੍ਹਾਂ ਕੰਮਾਂ ਲਈ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਵੀ ਹੌਲੀ-ਹੌਲੀ ਵੱਡੀ ਹੋ ਰਹੀ ਸੀ। ਪ੍ਰੇਮੀ ਅਤੇ ਸਿੱਖਾਂ ਦਾ ਵਿਵਾਦ ਅਕਾਲੀਆਂ ਲਈ 2012-2017 ਸਰਕਾਰ ਵਿੱਚ ਵੀ ਭਖਿਆ ਰਿਹਾ। ਬਹਿਬਲਾਂ ਕਲਾਂ ਅਤੇ ਕੋਟਕਪੂਰਾ ਨੇੜੇ ਬਰਗਾੜੀ ਵਿਖੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਿਰੁੱਧ ਸਿੱਖ ਸੰਗਤਾਂ ਵੱਲੋ ਸਾਂਤਮਈ ਧਰਨਾ ਦੇ ਰਹੇ ਅਤੇ ਕੀਰਤਨ ਕਰ ਰਹੇ ਸਿੱਖ ਸਰਧਾਲੂਆਂ ਤੇ ਪੁਲੀਸ ਵੱਲੋ ਲਾਠੀਚਾਰਜ ਅਤੇ ਗੋਲੀਬਾਰੀ ਕੀਤੀ ਗਈ ਤਾਂ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਸਿੱਖ ਸੰਗਤ ਵਿੱਚ ਵੱਡੇ ਪੱਧਰ 'ਤੇ ਸਰਕਾਰ ਖਿਲਾਫ ਰੋਸ ਜਾਗਿਆ।

ਇਸਦੇ ਨਾਲ ਹੀ ਪੰਜਾਬ ਵਿੱਚ ਨਸ਼ੇ ਅਤੇ ਗੈਗਸਟਰਾਂ ਦਾ ਮੁੱਦਾ ਵੀ ਉਠਿਆ ਅਤੇ ਸਰਕਾਰ ਦੁਆਰਾ ਨੌਜਵਾਨਾਂ ਨੂੰ ਨਸ਼ਿਆਂ ਤੇ ਗੈਗਸਟਰਾਂ ਨੂੰ ਨਾ ਰੋਕ ਸਕਣ ਦੇ ਦੋਸ ਲੱਗੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਉੱਤੇ ਪ੍ਰਕਾਸ਼ ਬਾਦਲ ਦਾ ਕੰਟਰੋਲ ਹੋਣ ਅਤੇ ਪੰਜ ਸਿੰਘ ਸਹਿਬਾਨ ਵੱਲੋ ਸਰਸਾ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਕਾਰਨ ਲੋਕ ਅਕਾਲੀ ਸਰਕਾਰ ਦੁਆਰਾ ਰਾਜਨੀਤੀ ਲਈ ਧਾਰਮਿਕ ਸਿਧਾਤਾਂ ਦੀ ਗਲਤ ਵਰਤੋਂ ਕਾਰਨ ਖਿਲਾਫ ਹੋ ਗਏ। ਸੰਨ 2014 ਵਿੱਚ ਰਾਸ਼ਟਰੀ ਲੋਕਤੰਤਰੀ ਗਠਜੋੜ ਦੁਆਰਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਬਣਾਈ ਗਈ ਸ਼੍ਰੋਮਣੀ ਅਕਾਲੀ ਦਲ ਕੇਦਰ ਹੀ ਸਰਕਾਰ ਵਿੱਚ ਭਾਜਪਾ ਦਾ ਭਾਈਵਾਲ ਸੀ ਅਤੇ ਹਰ ਸਿਮਰਤ ਕੌਰ ਬਾਦਲ ਨੂੰ ਕੇਦਰੀ ਕੈਬਨਿਟ ਵਿੱਚ ਮੰਤਰੀ ਬਣਾਇਆ ਗਿਆ ਇਸ ਤਰ੍ਹਾਂ ਪੰਜਾਬ ਵਿੱਚ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕੇਦਰ ਸਰਕਾਰ ਵਿੱਚ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਨਾਲ ਹਰ ਰਾਜਨੀਤਕ ਫਰੰਟ ਉਪਰ ਬਾਦਲ ਪਰਿਵਾਰ ਦਾ ਕਬਜ਼ਾ ਹੋ ਗਿਆ ਸੀ। ਉਧਰ ਕੇਂਦਰ ਵਿੱਚ ਅੰਨਾ ਹਜਾਰੇ ਦੀ ਅਗਵਾਈ ਵਿੱਚ ਹੋਏ ਅੰਦੋਲਨ ਵਿੱਚੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਬਣੀ ਜਿਸਨੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ 4 ਲੋਕ ਸਭਾ ਸੀਟਾਂ (ਸੰਗਰੂਰ, ਪਟਿਆਲਾ, ਫ਼ਰੀਦ ਕੋਟ ਅਤੇ ਫਤਿਹਗੜ ਸਾਹਿਬ) ਜਿੱਤ ਕੇ ਪੰਜਾਬ ਦੀ ਰਾਜਨੀਤੀ ਲਈ ਤੀਸਰੀ ਧਿਰ ਦਾ ਦਾਅਵਾ ਪੇਸ਼ ਕੀਤਾ। ਪੰਜਾਬ ਵਿੱਚ ਵੱਖ-ਵੱਖ ਪਾਰਟੀਆਂ ਵਿੱਚ

ਵੱਡੇ ਪੱਧਰ 'ਤੇ ਲੀਡਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਜਿਨ੍ਹਾਂ ਵਿੱਚੋਂ ਭਗਵੰਤ ਮਾਨ, ਸੁਖਪਾਲ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਧਰਮਵੀਰ ਗਾਂਧੀ, ਹਰਿੰਦਰ ਸਿੰਘ ਖਾਲਸਾ ਆਦਿ ਨਾਮ ਪ੍ਰਮੁੱਖ ਸਨ। ਆਮ ਆਦਮੀ ਪਾਰਟੀ ਦਾ ਮੁੱਖ ਮੁੱਦਾ ਭ੍ਰਿਸ਼ਟਾਚਾਰ ਹੋਣ ਕਰਕੇ ਪੰਜਾਬ ਦੇ ਬੁਧੀ ਜੀਵੀ, ਕਲਾਕਾਰ, ਅਤੇ ਹਰ ਵਰਗ ਦੀਆਂ ਆਸਾਂ ਜਾਗ ਉਠੀਆਂ ਪਰੰਤੂ ਪੰਜਾਬ ਵਿਧਾਨ ਸਭਾ ਦੀਆਂ 2017 ਵਿੱਚ ਹੋਈਆ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੂਸਰੀ ਵਾਰ ਪੰਜਾਬ ਦੇ ਮੁੱਖ ਮੰਤਰੀ ਚੁਣੇ ਗਏ। ਪੰਜਾਬ ਕਾਗਰਸ਼ ਵਿੱਚ ਕੈਪਟਨ ਅਤੇ ਪ੍ਰਤਾਪ ਸਿੰਘ ਬਾਜਵਾ ਦੇ ਵਿਚਾਲੇ ਅਗਵਾਈ ਲਈ ਸੰਘਰਸ਼ ਚੱਲ ਰਿਹਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਨਸ਼ੇ ਖਤਮ ਕਰਨ, ਘਰ-ਘਰ ਨੌਕਰੀ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਦੇ ਵਾਅਦੇ ਕੀਤੇ ਸਨ ਮਾਝੇ ਅਤੇ ਦੁਆਬੇ ਵਿੱਚ ਕਾਂਗਰਸ ਪਾਰਟੀ ਨੇ ਵੱਡੇ ਪੱਧਰ 'ਤੇ ਸੀਟਾਂ ਜਿੱਤੀਆਂ ਅਤੇ ਆਮ ਆਦਮੀ ਪਾਰਟੀ ਮਾਲਵਾ ਖੇਤਰ ਦੇ ਸੰਗਰੂਰ, ਮਾਨਸਾ, ਬਠਿੰਡਾ, ਬਰਨਾਲਾ ਅਤੇ ਪਟਿਆਲਾ ਖੇਤਰ ਤੱਕ ਸੀਮਤ ਰਹੀ ਪਰੰਤੂ ਆਮ ਆਦਮੀ 20 ਸੀਟਾਂ ਜਿੱਤ ਕੇ ਕਾਂਗਰਸ ਅਤੇ ਅਕਾਲੀਆਂ ਦੇ ਪੰਜਾਬ ਦੀ ਸਿਆਸੀ ਅਜ਼ਾਰੇਦਾਰੀ ਵਿੱਚ ਸੰਨ੍ਹ ਲਾ ਦਿੱਤੀ ਸੀ। ਪੰਜਾਬ ਵੀ ਬਹੁ ਪਾਰਟੀ ਪ੍ਰਨਾਲ਼ੀ ਵਾਲੇ ਸੂਬੇ ਦੇ ਤੌਰ ਤੇ ਉਭਰਿਆ। ਅਪਣੀ ਲਗਾਤਾਰ ਦੂਸਰੀ ਸਰਕਾਰ (2017-2022) ਵਿੱਚ ਕੈਪਟਨ ਅਮਰਿੰਦਰ ਸਿੰਘ ਉਪਰ ਬਹਿਬਲ ਕਲਾਂ ਅਤੇ ਬਰਗਾੜੀ ਗੋਲੀਕਾਂਡ ਦਾ ਇਨਸਾਫ ਨਾ ਦੇਣ, ਬੇਅਦਬੀ, ਨਸ਼ਿਆਂ ਅਤੇ ਘਰ ਘਰ ਨੌਕਰੀ ਵਾਲਾ ਮੁੱਦਾ ਅਮਲ ਵਿੱਚ ਆਉਣ ਸਮੇ ਫੇਲ੍ਹ ਸਾਬਿਤ ਹੋਇਆ। ਮੁੱਖ ਮੰਤਰੀ ਉਪਰ ਗ਼ੈਰ-ਲੋਕਤੰਤਰੀ ਢੰਗ ਵਿੱਚ ਰਹਿਣ ਅਤੇ ਕੈਬਨਿਟ ਮੰਤਰੀਆਂ ਤੇ ਵਰਕਰਾਂ ਨਾਲ ਵੀ ਨਾ ਮਿਲਣ ਦੇ ਦੋਸ਼ ਲੱਗੇ ਜਿਸਨੇ ਅਗਲੀਆ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਦੇ ਭਵਿੱਖ ਨੂੰ ਖਤਰੇ ਵਿੱਚ ਪਾ ਦਿੱਤਾ ਇਸਦੇ ਉਲਟ ਵੱਖ-ਵੱਖ ਗੁੱਟਾਂ ਵਿੱਚ ਖਿੱਚੋਤਾਣ ਤੋਂ ਬਾਅਦ ਭਗਵੰਤ ਮਾਨ ਨੂੰ ਆਮ ਆਦਮੀ ਪਾਰਟੀ ਪੰਜਾਬ ਦਾ ਪ੍ਰਧਾਨ ਬਣਾਇਆ ਗਿਆ ਜੋ ਕਿ ਪ੍ਰਚਾਰ ਰਾਹੀ ਵੱਡੇ ਪੱਧਰ ਤੇ ਪੰਜਾਬ ਦੇ ਹਰ ਵਰਗ ਨੂੰ ਅਪਣੇ ਪੱਖ ਵਿੱਚ ਕਰ ਰਹੇ ਸਨ। ਕਾਂਗਰਸ ਸਰਕਾਰ ਦੇ ਆਖਰੀ ਸਾਲ 2021 ਵਿੱਚ ਦਲਿਤ ਵੋਟ ਬੈਂਕ ਨੂੰ ਪੱਖ ਵਿੱਚ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਸ੍. ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਭਾਵੇਂ ਪੰਜਾਬ, ਭਾਰਤ ਵਿੱਚ ਸਭ ਤੋਂ ਵੱਧ ਦਲਿਤ ਜਨਸੰਖਿਆ ਵਾਲਾ ਸੂਬਾ ਸੀ ਪ੍ਰੰਤੂ ਕਦੇ ਵੀ ਕੋਈ ਦਲਿਤ ਮੁੱਖ ਮੰਤਰੀ ਨਹੀ ਬਣਿਆ ਸੀ। ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਦੇ ਹੀ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਅਤੇ ਵਾਪਰੀਆਂ ਦੇ ਕਈ ਮਸਲੇ ਹੱਲ ਕੀਤੇ ਗਏ ਨਸ਼ਿਆਂ ਦੇ ਖਾਤਮੇ, ਬੇਅਦਬੀ ਦੇ ਦੋਸ਼ੀਆਂ ਨੂੰ ਸਜਾਵਾ ਲਈ ਕਮੇਟੀਆਂ ਬਣਾਈਆਂ ਗਈਆਂ ਅਤੇ ਕਾਂਗਰਸ ਪਾਰਟੀ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਮੋਹਰੀ ਪਾਰਟੀ ਬਣ ਕੇ ਚੱਲ ਰਹੀ ਸੀ ਪ੍ਰੰਤੂ ਕਾਗਰਸ ਪਾਰਟੀ ਵਿੱਚ ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ, ਮਨਪ੍ਰੀਤ ਸਿੰਘ ਬਾਦਲ ਅਤੇ ਕੈਪਟਨ ਪੱਖੀ ਧੜਿਆਂ ਨੇ ਪਾਰਟੀ ਏਕਤਾ ਨੂੰ ਵੰਡ ਦਿੱਤਾ ਜਿਸਦੇ ਕਾਰਨ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ।

ਭਾਰਤ ਸਰਕਾਰ ਵੱਲੋ ਸੰਨ 2020 ਵਿੱਚ ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਸ ਪਾਸ ਕੀਤੇ ਗਏ ਜਿਸਦਾ ਪੂਰੇ ਭਾਰਤ ਵਿੱਚ ਖਾਸਕਰ ਪੰਜਾਬ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਵੱਡੇ ਪੱਧਰ 'ਤੇ ਵਿਰੋਧ ਹੋਇਆ 32 ਕਿਸਾਨ ਜੱਥੇਬੰਦੀਆਂ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਦਿੱਲੀ ਵਿਖੇ ਮੋਰਚਾ ਲਾਇਆ ਗਿਆ ਅਤੇ ਕੇਦਰ ਸਰਕਾਰ ਵੱਲੋਂ ਇਹਨਾਂ ਬਿਲਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਗਿਆ। ਕਿਸਾਨ ਜੱਥੇਬੰਦੀਆਂ ਵਿੱਚੋਂ 22 ਕਿਸਾਨ ਜੱਥੇਬੰਦੀਆਂ ਨੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਵਿਧਾਨ ਸਭਾ ਚੋਣਾਂ 2022 ਵਿੱਚ ਭਾਗ ਲਿਆ ਪਰੰਤੂ ਇੱਕ ਵੀ ਸੀਟ ਨਾ ਜਿੱਤ ਸਕੇ। ਸ਼੍ਰੋਮਣੀ ਅਕਾਲੀ ਦਲ ਵਿੱਚੋ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨਾਮ ਦੀ ਪਾਰਟੀ ਬਣਾਈ ਤੇ ਜਿੱਤ ਤੋਂ ਸੱਖਣੀ ਰਹੀ। ਪੰਜਾਬ ਵਿਧਾਨ ਸਭਾ ਚੋਣਾ 2022 ਵਿੱਚ ਪਹਿਲੀ ਵਾਰ ਕੋਈ ਤੀਸਰੀ ਪਾਰਟੀ ਦੀ ਸਰਕਾਰ ਬਣੀ ਸੀ ਜਿਸ ਵਿੱਚ ਆਮ ਆਦਮੀ ਪਾਰਟੀ ਦੁਆਰਾ 117 ਵਿੱਚੋਂ 92 ਸੀਟਾਂ ਜਿੱਤ ਕੇ ਭਗਵੰਤ ਸਿੰਘ ਮਾਨ ਨੇ ਮੁਖ ਮੰਤਰੀ ਦੀ ਸਹੁੰ ਚੁੱਕੀ ਇਹਨਾਂ ਚੋਣਾਂ ਵਿੱਚ ਅਕਾਲੀ ਅਤੇ ਕਾਂਗਰਸ ਦੇ ਵੱਡੇ ਆਗੂ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ ਆਦਿ ਹਾਰ ਗਏ ਅਤੇ ਆਮ ਆਦਮੀ ਪਾਰਟੀ ਦੇ ਨਵੇਂ ਅਤੇ ਮੱਧ ਵਰਗੀ ਪਰਿਵਾਰ ਦੇ ਆਗੂਆਂ ਨੇ ਜਿੱਤ ਪ੍ਰਾਪਤ ਕੀਤੀ। ਆਮ ਆਦਮੀ ਪਾਰਟੀ ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ, ਗੈਗਸਟਰ, ਰੇਤ ਮਾਫੀਆ, ਅਤੇ ਹਰ ਤਰਾਂ ਦੇ ਭ੍ਰਿਸ਼ਟਾਚਾਰ ਨੂੰ ਖਤਮ ਕਰਕੇ ਪੰਜਾਬ ਦੇ ਲੋਕਾਂ ਲਈ ਮੁਫ਼ਤ ਬਿਜਲੀ, ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ, ਔਰਤਾਂ ਲਈ 1000 ਰੁਪਏ ਮਹੀਨਾ ਅਤੇ ਮੁਫਤ ਬੱਸ ਕਿਰਾਇਆ ਆਦਿ ਵਾਅਦਿਆਂ ਨਾਲ ਸੱਤ੍ਹਾ ਵਿੱਚ ਆਈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਕਿਹੜਾ ਨਾਮ ਪੰਜਾਬ ਨਾਲ ਸਬੰਧਤ ਨਹੀ ਹੈ ?

(i) ਸਪਤ ਸਿੰਧੂ (ii) ਟੱਕ (ਤੱਖ)

(iii) ਪੰਚ ਨੰਦ (iv) ਮਿਸਰ

ਅ. ਸਿੰਕਦਰ ਕਿਸ ਦੇਸ਼ ਨਾਲ ਸਬੰਧਤ ਸੀ।

(i) ਯੂਨਾਨਯ (ਯਵਨ) (ii) ਰੋਮ

(iii) ਪਰਸ਼ੀਆ (iv) ਉਸਮਾਨ ਸਾਮਰਾਜ

ੲ. ਪੰਜਾਬ ਦੇ ਗਣਰਾਜ ਵਿੱਚ ਕਿਹੜਾ ਗਣ ਸ਼ਾਮਿਲ ਨਹੀ ਹੈ ?

(i) ਯੋਧੇ (ii) ਅਰਜਨਾਇਆ

(iii) ਡਿਕਟੇ (iv) ਅਸਾਕਾ

ਸ. 22 ਮੰਜੀਆ ਦੀ ਸਥਾਪਨਾ ਕਿਸ ਗੁਰੂ ਸਾਹਿਬਾਨ ਵੱਲੋਂ ਕੀਤੀ ਗਈ ?

(i) ਗੁਰੂ ਨਾਨਕ ਦੇਵ ਜੀ (ii) ਗੁਰੂ ਅੰਗਦ ਦੇਵ ਜੀ

(iii) ਗੁਰੂ ਅਮਰਦਾਸ ਜੀ (iv) ਗੁਰੂ ਗੋਬਿੰਦ ਸਿੰਘ ਜੀ

ਹ. ਪੰਜਾਬੀ ਲੋਕਾਂ ਦਾ ਰਾਜਨੀਤਕ ਸੁਭਾਅ ਕਿਹੋ ਜਿਹਾ ਰਿਹਾ ਹੈ ?

(i) ਨਾਬਰੀ ਅਤੇ ਬਗਾਵਤੀ (ii) ਸਹਿਮਿਆ ਹੋਇਆ

(iii) ਸੱਤਾ ਲਾਲਚ (iv) ਅਧੀਨਗੀ ਕਬੂਲਣ ਵਾਲਾ

ਕ. ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਵਿਚਕਾਰ ਸੰਧੀ ਕਦੋ ਹੋਈ ?

(i) 1809 (ii) 1840

(iii) 1835 (iv) 1801

ਖ. "ਹੋਵੇ ਸਰਕਾਰ ਤਾ ਮੁੱਲ ਪਾਵੇ ਕਿਵੇ ਖਾਲਸੇ ਨੇ ਤਾਗਾਂ ਮਾਰੀਆ ਨੇ ਸ਼ਾਹ ਮੁਹੰਮਦਾ ਇੱਕ ਸਰਕਾਰ ਵਜੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆ ਨੇ" ਕਥਨ ਕਿਸਦਾ ਹੈ ?

ਗ. ਦੂਸਰੇ ਅੰਗਰੇਜ ਸਿੱਖ ਯੁੱਧ ਸਮੇ ਭਾਰਤ ਦਾ ਗਵਰਨਰ ਜਨਰਲ ਕੌਣ ਸੀ ?

(i) ਕਾਰਨਵਾਇਸ (ii) ਲਾਰਡ ਡਲਹੌਜੀ

(iii) ਕਲਾਈਵ (iv) ਓਲੀਵ

ਘ. 9 ਮਾਰਚ 1846 ਨੂੰ ਜੰਮੂ ਕਸ਼ਮੀਰ ਨੂੰ ਪੰਜਾਬ ਨਾਲੋ ਵੱਖ ਕਰਕੇ ਕਿਸ ਸ਼ਾਸਕ ਨੂੰ ਇਨਾਮ ਵਜੋ ਵੇਚ ਦਿੱਤਾ ਗਿਆ ਸੀ ?

ਙ. ਪੰਜਾਬ ਦਾ ਪਹਿਲਾ ਲੈਫਟਨੀਨੈਂਟ ਗਵਰਨਰ ਕੌਣ ਸੀ ?

ਚ. ਸੱਤਾ ਤਬਾਦਲੇ 1947 ਤੋਂ ਬਾਅਦ ਪੰਜਾਬ ਦਾ ਮੁੱਖ ਮੰਤਰੀ ਕੋਣ ਬਣਿਆ ?

ਛ. ਪੰਜਾਬ ਪੁਰਨਗਠਨ ਐਕਟ ਵਿੱਚ ਪਾਣੀਆ ਸਬੰਧੀ ਕਿਹੜੀਆ ਧਾਰਾਵਾਂ ਦਾ ਰੌਲਾ ਹੈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਪੰਜਾਬ ਦੇ ਵੱਖ-ਵੱਖ ਸਮੇਂ ਰਹੇਂ ਨਾਵਾਂ ਤੇ ਚਰਚਾ ਕਰੋ।

ਅ. ਪੰਜਾਬੀਆ ਦੇ ਨਾਬਰੀ ਸੁਭਾਅ ਉਤੇ ਨੋਟ ਲਿਖੋ।

ਇ. ਸ੍ਰੀ ਗੁਰੂ ਹਰਗੋਬਿੰਦ ਜੀ ਦੁਆਰਾ ਮੀਰੀ ਪੀਰ ਅਤੇ ਅਕਾਲ ਤਖਤ ਸਾਹਿਬ ਦੀ ਸਥਾਪਤੀ ਦੇ ਉਦੇਸ਼ਾ ਦੀ ਜਾਣਕਾਰੀ ਦਿਓ।

ਸ. ਖਾਲਸਾ ਪੰਥ ਦੀ ਸਾਜਨਾ ਅਤੇ ਪੰਜਾਬ ਦੀ ਰਾਜਨੀਤੀ ਦੇ ਅਸਰ ਕੀ ਪਏ ?

ਹ. ਮਿਸਲਾ ਅਧੀਨ ਰਾਜਨੀਤਕ ਪ੍ਰਬੰਧ ਦੀ ਚਰਚਾ ਕਰੋ।

ਕ. ਆਰਿਆ ਸਮਾਜ ਅਤੇ ਸਿੰਘ ਸਭਾ ਅੰਦੋਲਨ ਬਾਰੇ ਲਿਖੋ।

ਖ. ਪੰਜਾਬ ਵਿਚਲੀਆ ਨਹਿਰੀ ਪ੍ਰਬੰਧ ਵਾਲੀਆ ਜਮੀਨੀ ਕਲੋਨੀਆ ਦੁਆਰਾ ਰਾਜਨੀਤੀ ਉਪਰ ਪਏ ਪ੍ਰਭਾਵ ਦੀ ਚਰਚਾ ਕਰੋ।

ਗ. ਮਹਾਤਮਾ ਗਾਂਧੀ ਜੀ ਅਤੇ ਜਵਾਹਰ ਲਾਲ ਨਹਿਰੂ ਦੇ ਨਾਲ-ਨਾਲ ਬਾਕੀ ਭਾਰਤੀ ਲੀਡਰਾਂ ਦੇ ਪੰਜਾਬੀਆਂ ਨਾਲ ਕੀਤੇ ਵਾਅਦ ਬਾਰੇ ਲਿਖੋ।

ਘ. ਸਾਕਾ ਨਨਕਾਣਾ ਸਾਹਿਬ ਤੇ ਨੋਟ ਲਿਖੋ।

ਙ. ਮਾਸਟਰ ਤਾਰਾ ਸਿੰਘ ਕੌਣ ਸੀ ?

ਚ. ਸਾਈਮਨ ਕਮਿਸ਼ਨ ਦੀਆਂ ਕੀ ਸਿਫਾਰਸ਼ਾ ਸਨ ?

ਛ. ਜਾਤ-ਪਾਤ ਤੋੜਕ ਮੰਡਲ ਅਤੇ ਡਾ. ਅੰਬੇਦਕਰ ਜੀ ਦੇ ਲਾਹੌਰ ਮਸਲੇ ਬਾਰੇ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. 1947 ਤੋਂ ਬਾਅਦ ਸੰਘ ਅਤੇ ਪੰਜਾਬ ਦੇ ਸੰਬੰਧਾਂ ਦਾ ਵਰਨਣ ਕਰੋ।

ਅ. ਬਰਤਾਨਵੀ ਸਾਮਰਾਜ ਦੇ ਅਧੀਨ ਪੰਜਾਬ ਦੀ ਰਾਜਨੀਤੀ ਦਾ ਸੰਖੇਪ ਵਰਨਣ ਕਰੋ।

ੲ. ਪੰਜਾਬ ਉਪਰ ਹੋਏ ਹਮਲੇ ਅਤੇ ਪੰਜਾਬੀਆਂ ਦੇ ਸੁਭਾਅ ਬਾਰੇ ਲਿਖੋ।

ਸ. 1947 ਦੇ ਉਜਾੜੇ ਅਤੇ ਵੰਡ ਕਾਰਨ ਪੰਜਾਬ ਦੀ ਰਾਜਨੀਤੀ ਉਪਰ ਕੀ ਪ੍ਰਭਾਵ ਪਿਆ ?

ਹ. ਭਾਰਤ ਦੀ ਅਜ਼ਾਦੀ ਅਤੇ ਦੇਸ਼ ਦੀ ਤਰੱਕੀ ਵਿੱਚ ਪੰਜਾਬੀਆਂ ਖਾਸਕਰ ਸਿੱਖਾਂ ਦੇ ਯੋਗਦਾਨ ਦਾ ਵਰਣਨ ਕਰੋ।

ਕ. ਪੰਜਾਬ ਦੇ ਪਾਣੀਆਂ ਦੇ ਮਸਲੇ ਦਾ ਵਰਨਣ ਕਰੋ।

17

ਭਾਰਤ ਦਾ ਸੰਸਦੀ ਮਾਡਲ ; ਵਿਲੱਖਣ ਵਿਸ਼ੇਸ਼ਤਾਵਾਂ ਅਤੇ ਵਿਰੋਧੀ ਧਿਰ ਦੀ ਭੂਮਿਕਾ

[Parliamentary Model of India ; Unique Features and Role of Opposition]

ਸੰਵਿਧਾਨ ਦੇ ਅਨੁਸਾਰ ਭਾਰਤ ਪ੍ਰਭੂਤਾਧਾਰੀ, ਸਮਾਜਵਾਦੀ, ਧਰਮ-ਨਿਰਪੱਖ ਅਤੇ ਲੋਕਤੰਤਰੀ ਗਣਰਾਜ ਹੈ। ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਵੋਟ ਪਾਉਣ ਦਾ, ਚੋਣ ਲੜਨ ਦਾ ਤੇ ਹਰ ਸਰਕਾਰੀ ਪਦਵੀ ਗ੍ਰਹਿਣ ਕਰਨ ਦਾ ਇਕ-ਸਮਾਨ ਮੌਕਾ ਅਤੇ ਅਧਿਕਾਰ, ਬਿਨਾਂ ਕਿਸੇ ਜਾਤ, ਧਰਮ, ਲਿੰਗ ਆਦਿ ਦੇ ਭੇਦ-ਭਾਵ ਤੋਂ ਦਿੱਤਾ ਗਿਆ ਹੈ। ਇਹ ਵੀ ਲਾਜ਼ਮੀ ਪ੍ਰਬੰਧ ਕੀਤਾ ਗਿਆ ਹੈ ਤੇ ਯਕੀਨੀ ਬਣਾਇਆ ਗਿਆ ਹੈ ਕਿ ਦੇਸ਼ ਦੇ ਹਰ ਨਾਗਰਿਕ ਨੂੰ ਸਮਾਜਿਕ, ਆਰਥਿਕ ਜਾਂ ਰਾਜਨੀਤਕ ਅਧਾਰ 'ਤੇ ਨਿਆ ਮਿਲ ਸਕੇ। ਹਰ ਨਾਗਰਿਕ ਨੂੰ ਮੌਲਿਕ ਅਧਿਕਾਰ ਪ੍ਰਾਪਤ ਹਨ। ਭਾਰਤ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਦੇ ਅਹੁਦੇ 'ਤੇ ਪੁੱਜਣ ਵਾਲੇ ਵਿਅਕਤੀ ਵੀ ਆਮ ਲੋਕਾਂ ਵਿੱਚੋਂ ਹੀ ਆਉਂਦੇ ਹਨ।

ਕਿਸੇ ਵੀ ਦੇਸ਼ ਵਿੱਚ ਲੋਕਤੰਤਰੀ ਸਿਧਾਂਤਾਂ ਨੂੰ ਲਾਗੂ ਕਰਨ ਲਈ ਕਿਸੇ ਅਜਿਹੇ ਤਰੀਕੇ ਦੀ ਜਾਂ ਪ੍ਰਨਾਲ਼ੀ ਦੀ ਲੋੜ ਹੁੰਦੀ ਹੈ ਜਿਸ ਪ੍ਰਤੀ, ਸਰਕਾਰ ਵੱਲੋਂ ਲਏ ਗਏ ਫ਼ੈਸਲੇ ਬਾਰੇ ਨਾਗਰਿਕਾਂ ਵਿੱਚ ਭਾਈਵਾਲੀ ਜਿਹੀ ਸਹਿਮਤੀ ਹੋਵੇ। ਸੰਸਾਰ ਭਰ ਵਿੱਚ ਮਕਬੂਲ ਲੋਕਤੰਤਰੀ ਪ੍ਰਨਾਲ਼ੀ ਅਧੀਨ ਸਰਕਾਰਾਂ ਨੂੰ ਉਨ੍ਹਾਂ ਦੇ ਅੰਗਾਂ; ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚਾਲੇ ਸਬੰਧਾਂ ਦੇ ਅਧਾਰ 'ਤੇ ਦੋ ਕਿਸਮਾਂ ਵਿੱਚ ਵੰਡਿਆ ਜਾਂਦਾ ਹੈ; (i) ਸੰਸਦੀ ਪ੍ਰਨਾਲ਼ੀ ਅਤੇ (ii) ਪ੍ਰਧਾਨਗੀ ਪ੍ਰਨਾਲੀ 1 ਭਾਰਤ ਵਿੱਚ ਦੇਸ਼ ਦਾ ਪ੍ਰਬੰਧ ਚਲਾਉਣ ਲਈ ਸੰਵਿਧਾਨ ਦੇ ਅਨੁਛੇਦ 74 ਅਤੇ 75 ਅਨੁਸਾਰ ਕੇਂਦਰ ਵਿੱਚ ਅਤੇ ਅਨੁਛੇਦ 163 ਅਤੇ 164 ਦੇ ਅਨੁਸਾਰ ਸੂਬਿਆਂ (ਪ੍ਰਾਂਤਾਂ ਜਾਂ ਰਾਜਾਂ) ਵਿੱਚ ਸੰਸਦੀ ਪ੍ਰਨਾਲ਼ੀ ਦੀ ਵਿਵਸਥਾ ਕੀਤੀ ਗਈ ਹੈ। ਦੇਸ਼ ਵਿੱਚ ਇਕਾਤਮਕ ਵਿਸ਼ੇਸ਼ਤਾਵਾਂ ਵਾਲੇ ਸੰਘੀ ਢਾਂਚੇ ਦੀ ਸਥਾਪਨਾ ਕੀਤੀ ਗਈ ਹੈ ਤਾਂ ਜੋ ਲੋਕਾਂ ਦੀ ਅਵਾਜ਼ ਸਰਕਾਰ ਤੱਕ ਪੁੱਜ ਸਕੇ ਅਤੇ ਸਰਕਾਰ ਲੋਕਤੰਤਰੀ ਢੰਗ ਨਾਲ ਫ਼ੈਸਲੇ ਲੈ ਸਕੇ।

ਸੰਸਦੀ ਪ੍ਰਨਾਲ਼ੀ (Parliamentary System) ਆਪਣੀ ਹੋਂਦ ਅਤੇ ਨੀਤੀਆਂ ਲਈ ਵਿਧਾਨਪਾਲਿਕਾ ਪ੍ਰਤੀ ਜਵਾਬਦੇਹ ਹੁੰਦੀ ਹੈ ਲੋਕਾਂ ਦੁਆਰਾ ਵਿਧਾਨਪਾਲਿਕਾ ਦੇ ਹੇਠਲੇ ਸਦਨ ਦੇ ਮੈਂਬਰਾਂ ਨੂੰ ਚੁਣਿਆ ਜਾਂਦਾ ਹੈ ਅਤੇ ਸਦਨ ਦੇ ਮੈਂਬਰ ਬਹੁ ਗਿਣਤੀ ਦੇ ਅਧਾਰ 'ਤੇ ਕਾਰਜਪਾਲਿਕਾ ਦਾ ਨਿਰਮਾਣ ਕਰਦੇ ਹਨ ਜੋ ਵਿਧਾਨਪਾਲਿਕਾ ਦੀ ਸਥਿਤੀ ਉਤੇ ਨਿਰਭਰ ਹੁੰਦੀ ਹੈ ਅਤੇ ਉਸਨੂੰ ਜਵਾਬਦੇਹ ਹੋਣੀ ਹੁੰਦੀ ਹੈ। ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚਲੇ ਗੂੜ੍ਹਾ ਸਬੰਧ ਹੁੰਦਾ ਹੈ। ਦੇਸ਼ ਦਾ ਮੁਖੀ ਨਾ-ਮਾਤਰ ਕਾਰਜਪਾਲਿਕਾ ਅਤੇ ਸਰਕਾਰ ਦਾ ਮੁਖੀ ਅਸਲੀ ਕਾਰਜਪਾਲਿਕਾ ਅਖਵਾਉਂਦਾ ਹੈ। ਸੰਵਿਧਾਨਕ ਜ਼ਾਬਤੇ 'ਚ ਰਹਿ ਕੇ ਸੰਸਦ ਦੁਆਰਾ ਲਏ ਗਏ ਫ਼ੈਸਲਿਆਂ ਨੂੰ ਸੁਪਰੀਮ ਮੰਨਿਆ ਜਾਂਦਾ ਹੈ। ਆਈਵਰ ਜੈਨਿੰਗ (Ivor Jenning) ਦੇ ਅਨੁਸਾਰ ਸੰਸਦੀ ਪ੍ਰਨਾਲ਼ੀ ਕੈਬਨਿਟ ਪ੍ਰਨਾਲ਼ੀ ਹੈ ਕਿਉਂਕਿ ਕੈਬਨਿਟ ਹੀ ਸੰਸਦੀ ਪ੍ਰਨਾਲ਼ੀ ਵਿੱਚ ਸ਼ਕਤੀ ਦਾ ਕੇਂਦਰ ਹੁੰਦੀ ਹੈ।

ਇਹ ਪ੍ਰਨਾਲ਼ੀ ਬਰਤਾਨੀਆਂ, ਭਾਰਤ, ਜਪਾਨ ਅਤੇ ਕੈਨੇਡਾ ਆਦਿ ਦੇਸ਼ਾਂ ਵਿੱਚ ਚੱਲ ਰਹੀ ਹੈ ਇਸਦੇ ਉਲਟ ਪ੍ਰਧਾਨਗੀ ਪ੍ਰਨਾਲੀ ਵਿੱਚ ਸਰਕਾਰ ਦੇ ਤਿੰਨੋਂ ਅੰਗ ਸੰਵਿਧਾਨਿਕ ਜ਼ਾਬਤੇ ਅਨੁਸਾਰ ਅਜ਼ਾਦ ਹੁੰਦੇ ਹਨ। ਨਾ ਤਾਂ ਕਾਰਜਪਾਲਿਕਾ ਵਿਧਾਨਪਾਲਿਕਾ ਪ੍ਰਤੀ ਜਵਾਬਦੇਹ ਹੁੰਦੀ ਹੈ ਅਤੇ ਨਾ ਹੀ ਕਾਰਜਪਾਲਿਕਾ ਦਾ ਕਾਰਜਕਾਲ ਵਿਧਾਨਪਾਲਿਕਾ ਉਪਰ ਟਿਕਿਆ ਹੁੰਦਾ ਹੈ ਇਹ ਪ੍ਰਨਾਲੀ ਸੰਯੁਕਤ ਰਾਜ ਅਮਰੀਕਾ ਅਤੇ ਸਵਿਟਜ਼ਰਲੈਂਡ ਆਦਿ ਦੇਸ਼ਾਂ ਵਿੱਚ ਵੀ ਹੈ।

ਸੋ ਅਸੀ ਸਮਝ ਸਕਦੇ ਹਾਂ ਕਿ ਲੋਕਤੰਤਰੀ ਸਿਧਾਂਤਾਂ ਨੂੰ ਰਾਜ ਕਰਨ ਦੇ ਤਰੀਕੇ ਵਿੱਚ ਸ਼ਾਮਲ ਕਰਨ ਲਈ, ਲੋਕਾਂ ਦੀ ਸਹਿਭਾਗਤਾ ਅਤੇ ਸਹਿਮਤੀ ਦੇ ਲਈ ਬਣਾਏ ਗਏ ਪ੍ਰਬੰਧਾਂ, ਵਿੱਚੋ ਸਾਡੇ ਦੇਸ਼ ਵਿੱਚ ਸੰਸਦੀ ਪ੍ਰਨਾਲ਼ੀ ਦੀ ਵਿਵਸਥਾ ਕੀਤੀ ਗਈ ਹੈ। ਲੋਕ ਸੰਸਦ ਦੇ ਹੇਠਲੇ ਸਦਨ ਦੇ ਮੈਂਬਰਾਂ ਦੀ ਸਿੱਧਾ ਚੋਣ ਕਰਨਗੇ। ਸੰਸਦ ਦੇ ਮੈਂਬਰ ਲੋਕਾਂ ਦੇ ਪ੍ਰਤੀਨਿਧ ਬਣ ਕੇ ਬਹੁ ਗਿਣਤੀ ਦੇ ਅਧਾਰ 'ਤੇ ਅਸਲੀ ਕਾਰਜਪਾਲਿਕਾ ਦਾ ਨਿਰਮਾਣ ਕਰਨਗੇ ਜੋ ਵਿਧਾਨਪਾਲਿਕਾ ਨੂੰ ਹੀ ਜਵਾਬਦੇਹ ਹੋਵੇਗੀ ਇਸ ਤਰ੍ਹਾਂ ਸੰਸਦੀ ਪ੍ਰਨਾਲੀ ਵਿੱਚ ਸੰਸਦ ਦੀ ਮੁੱਖ ਭੂਮਿਕਾ ਹੁੰਦੀ ਹੈ ਇਸ ਪ੍ਰਨਾਲ਼ੀ ਲਈ ਕੁਝ ਜ਼ਰੂਰੀ "ਸ਼ਰਤਾਂ/ਵਿਸ਼ੇਸ਼ਤਾਵਾਂ" ਹੇਠ ਲਿਖੀਆਂ ਹਨ:-

- ਨਾਂ ਮਾਤਰ ਅਤੇ ਅਸਲੀ ਕਾਰਜਪਾਲਿਕਾ, ਕਾਰਜਪਾਲਿਕਾ ਦੇ ਦੋ ਰੂਪ ਹਨ
- ਅਸਲੀ ਕਾਰਜਪਾਲਿਕਾ ਦਾ ਕਾਰਜਕਾਲ, ਵਿਧਾਨਪਾਲਿਕਾ ਦੀ ਸਥਿਤੀ ਉਪਰ ਟਿਕਿਆ ਹੁੰਦਾ ਹੈ।
- ਦੇਸ ਦੇ ਮੁਖੀ ਦੁਆਰਾ ਕਾਰਜਕਾਲ ਤੋਂ ਪਹਿਲਾ ਵੀ ਮੰਤਰੀ ਪ੍ਰੀਸ਼ਦ ਦੀ ਸਲਾਹ ਤੇ ਵਿਧਾਨਪਾਲਿਕਾ ਦੇ ਹੇਠਲੇ ਸਦਨ ਨੂੰ ਭੰਗ ਕੀਤਾ ਜਾ ਸਕਦਾ ਹੈ।
- ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚਾਲੇ ਗੂੜ੍ਹੇ ਸਬੰਧ ਹੁੰਦੇ ਹਨ ਅਤੇ ਕਾਰਜਪਾਲਿਕਾ ਦੇ ਮੈਬਰਾਂ ਕੋਲ ਵਿਧਾਨਪਾਲਿਕਾ ਦੀ ਮੈਂਬਰੀ ਹੋਣੀ ਜ਼ਰੂਰੀ ਹੈ।
- ਅਸਲੀ ਕਾਰਜਪਾਲਿਕਾ, ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਮੰਤਰੀ ਪ੍ਰੀਸ਼ਦ ਹੁੰਦੀ ਹੈ।

ਇਹਨਾਂ ਵਿਸ਼ੇਸ਼ਤਾਵਾਂ ਜਾਂ ਸਰਤਾ ਦੇ ਅਧਾਰ ਤੇ ਅਸੀ ਸੰਸਦੀ ਪ੍ਰਨਾਲ਼ੀ ਵਾਲੇ ਪ੍ਰਬੰਧ ਦੀ ਪਛਾਣ ਕਰ ਸਕਦੇ ਹਾਂ ਭਾਰਤ ਵਿੱਚ ਵੀ ਸੰਸਦੀ ਸੰਸਦੀ ਪ੍ਰਨਾਲ਼ੀ ਦੀ ਸਰਕਾਰ ਹੈ ਸੋ ਉਪਰੋਕਤ ਸਰਤਾਂ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋ ਅਸੀਂ ਭਾਰਤ ਦੇ ਸੰਸਦੀ ਪ੍ਰਬੰਧ ਅਤੇ ਸੰਸਥਾਵਾਂ ਬਾਰੇ ਪੜ੍ਹਾਂਗੇ–



ਸੰਸਦੀ ਲੋਕਤੰਤਰ ਅਤੇ ਪ੍ਰਧਾਨਗੀ ਲੋਕਤੰਤਰ ਵਿੱਚ ਸੱਤਾ ਦੀ ਵੰਡ ਦਾ ਚਾਰਟ

ਭਾਰਤ ਵਿੱਚ ਸੰਸਦੀ ਪ੍ਰਨਾਲ਼ੀ
(Parliament System in India)

1. ਭਾਰਤ ਵਿੱਚ ਸੰਸਦ (Parliament in India) : ਭਾਰਤ ਦੇ ਸੰਵਿਧਾਨ ਅਨੁਸਾਰ ਭਾਰਤ ਵਿੱਚ ਸੰਸਦ ਸਥਾਪਤ ਕੀਤੀ ਗਈ ਹੈ ਜਿਥੇ ਸੰਘ (union) ਸਰਕਾਰ ਨਾਲ ਸਬੰਧਤ ਫ਼ੈਸਲੇ ਲਏ ਜਾਂਦੇ ਹਨ। ਦੇਸ ਦੇ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧੀਆਂ ਨੂੰ ਕਿਸੇ ਅਜਿਹੀ ਸੰਸਥਾ ਦੀ ਜ਼ਰੂਰਤ ਹੁੰਦੀ ਹੈ ਜਿਥੇ ਬੈਠ ਕੇ ਉਹ ਦੇਸ ਦੇ ਲਈ ਕਾਨੂੰਨ ਬਣਾ ਸਕਣ ਅਤੇ ਸਰਕਾਰ ਉਪਰ ਕੰਟਰੋਲ ਰੱਖ ਸਕਣ। ਆਮ ਤੌਰ 'ਤੇ ਇਸ ਸੰਸਥਾ ਨੂੰ ਸੰਸਦ (Parliament) ਕਿਹਾ ਜਾਂਦਾ ਹੈ ਭਾਰਤ ਵਿੱਚ ਸੰਸਦ ਦਿੱਲੀ ਵਿਖੇ ਸਥਿਤ ਹੈ ਜਿਸਦੇ ਰਾਜ ਸਭਾ ਅਤੇ ਲੋਕ ਸਭਾ, ਦੋ ਸਦਨ ਹਨ। ਲੋਕ ਸਭਾ ਦੇ ਮੈਂਬਰਾਂ ਦੀ ਚੋਣ ਬਾਲਗ ਮੱਤ ਅਧਾਰ ਤੇ ਪੂਰੇ ਦੇਸ ਵਿੱਚੋਂ ਪ੍ਰਤੱਖ ਰੂਪ ਵਿੱਚ ਹੁੰਦੀ ਹੈ ਅਤੇ ਲੋਕ ਸਭਾ ਵਿੱਚੋ ਮੈਬਰਾਂ ਦੀ ਗਿਣਤੀ ਦੇ ਅਧਾਰ ਤੇ ਬਹੁਮਤ ਪ੍ਰਾਪਤ ਪਾਰਟੀ ਹੀ ਅਸਲੀ ਕਾਰਜਪਾਲਿਕਾ ਦਾ ਨਿਰਮਾਣ ਕਰਦੀ ਹੈ ਹੁਣ ਤੱਕ 18 ਲੋਕ ਸਭਾ ਚੋਣਾ ਹੋ ਚੁੱਕੀਆਂ ਹਨ। ਦੇਸ਼ ਵਿੱਚ ਸੰਘਾਤਮਕ ਵਿਵਸਥਾ ਹੋਣ ਕਾਰਨ ਸੰਸਦ ਦਾ ਉਪਰਲਾ ਸਦਨ ਰਾਜ ਸਭਾ, ਰਾਜਾਂ ਦਾ ਸੂਬਾਈ ਸਰਕਾਰਾਂ ਦੀ ਸੰਸਦ ਵਿੱਚ ਨੁਮਾਇੰਦਗੀ ਕਰਦਾ ਹੈ ਅਤੇ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਵੀ ਰਾਜ ਵਿਧਾਨ ਸਭਾਵਾਂ ਦੀ ਮੈਂਬਰਾਂ ਦੁਆਰਾ ਹੁੰਦੀ ਹੈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਪਾਸ ਕੀਤੇ ਬਿੱਲ ਉਪਰ ਦੇਸ਼ ਦੇ ਸੰਵਿਧਾਨਕ ਮੁਖੀ ਰਾਸ਼ਟਰਪਤੀ ਦੇ ਦਸਤਖਤ ਹੋਣੇ ਜ਼ਰੂਰੀ ਹਨ। ਇਸ ਲਈ ਲੋਕ ਸਭਾ, ਰਾਜ ਸਭਾ ਅਤੇ ਰਾਸ਼ਟਰਪਤੀ ਨੂੰ ਮਿਲਾ ਕੇ ਹੀ ਸੰਸਦ ਬਣਦੀ ਹੈ।



ਭਾਰਤ ਵਿੱਚ ਸੰਸਦੀ ਪ੍ਰਨਾਲੀ ਦਾ ਮਾਡਲ

2. ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿਚਾਲੇ ਗੂੜ੍ਹੇ ਸਬੰਧ (Close relations between the executive and the legislative) : ਦੇਸ਼ ਦੇ ਨਾਗਰਿਕ ਸਿੱਧੇ ਢੰਗ ਨਾਲ ਲੋਕ ਸਭਾ ਦੇ ਮੈਂਬਰਾਂ ਨੂੰ ਅਤੇ ਸੂਬਾਈ ਵਿਧਾਨ ਸਭਾਵਾਂ ਦੇ ਮੈਂਬਰ, ਰਾਜ ਸਭਾ ਦੇ ਮੈਬਰਾਂ ਨੂੰ ਚੁਣਦੇ ਹਨ। ਲੋਕ ਸਭਾ ਵਿੱਚ ਜਿਸ ਪਾਰਟੀ ਜਾਂ ਗਠਬੰਧਨ ਦੇ ਮੈਬਰ/ਸੂਬਾਈ ਬਹੁਮਤ ਦੇ ਅੰਕੜੇ (ਕੁਲ ਵਿੱਚ ਅੱਧ) ਤੋਂ ਵੱਧ ਸੀਟਾਂ ਜਿੱਤ ਲੈਂਦੇ ਹਨ ਉਸ ਪਾਰਟੀ ਕੋਲ ਮੰਤਰੀ ਮੰਡਲ ਭਾਵ ਕਾਰਜਪਾਲਿਕਾ ਬਣਾਉਣ ਦਾ ਹੱਕ ਹੁੰਦਾ ਹੈ ਕਾਰਜਪਾਲਿਕਾ ਭਾਵ ਮੰਤਰੀ ਮੰਡਲ, ਜੋ ਵੀ ਫੈਸਲੇ ਲੈਂਦੇ ਹਨ ਉਸ ਨਾਲ ਲੋਕ ਸਭਾ ਦੇ ਬਹੁਮਤ ਦਾ ਹੋਣਾ ਜ਼ਰੂਰੀ ਹੈ ਕਿ ਜੇਕਰ ਲੋਕ ਸਭਾ ਵਿੱਚ ਉਸ ਮੰਤਰੀ ਮੰਡਲ ਦੇ ਮੈਬਰ ਬਹੁਮਤ ਦੇ ਅੰਕੜੇ (ਕੁੱਲ ਵਿੱਚੋਂ ਅੱਧ) ਤੋਂ ਘੱਟ ਜਾਂਦੇ ਹਨ ਤਾਂ ਅਵਿਸ਼ਵਾਸ ਮੱਤ ਦੇ ਅਧਾਰ ਤੇ ਸਰਕਾਰ ਟੁੱਟ ਜਾਂਦੀ ਹੈ ਭਾਵ ਸਰਕਾਰ ਦੀ ਹੋਂਦ ਲੋਕ ਸਭਾ ਵਿੱਚ ਗਿਣਤੀ ਦੇ ਅਧਾਰ 'ਤੇ ਹੀ ਹੁੰਦੀ ਹੈ ਅਤੇ ਸਰਕਾਰ ਦੁਆਰਾ ਲੈ ਗਏ ਹਨ ਫ਼ੈਸਲੇ ਸਬੰਧੀ ਸਵਾਲ ਪੁੱਛਣ ਦਾ ਹੱਕ ਸੰਸਦ ਮੈਬਰਾਂ ਨੂੰ ਹੁੰਦਾ ਹੈ। ਇਸੇ ਤਰ੍ਹਾਂ ਕਾਰਜਪਾਲਿਕਾ ਦਾ ਹਿੱਸਾ ਬਣਨ ਲਈ ਵਿਧਾਨਪਾਲਿਕਾ (ਸੰਸਦ) ਦਾ ਮੈਂਬਰ ਹੋਣਾ ਜ਼ਰੂਰੀ ਹੈ। ਉਹ ਭਾਵੇਂ ਲੋਕ ਸਭਾ ਦਾ ਹੋਵੇ ਜਾਂ ਫਿਰ ਰਾਜ ਸਭਾ ਦਾ।

ਜੇਕਰ ਕੋਈ ਅਜਿਹਾ ਮੈਂਬਰ ਮੰਤਰੀ ਮੰਡਲ ਵਿੱਚ ਸ਼ਾਮਲ ਹੁੰਦਾ ਹੈ ਜੋ ਨਾ ਲੋਕ ਸਭਾ ਦਾ ਮੈਂਬਰ ਹੈ ਤੇ ਨਾ ਰਾਜ ਸਭਾ ਦਾ, ਤਾਂ ਉਸ ਲਈ 6 ਮਹੀਨਿਆਂ ਵਿੱਚ ਮੈਂਬਰੀ ਲੈਣੀ ਲਾਜ਼ਮੀ ਹੁੰਦੀ ਹੈ ਨਹੀ ਤਾਂ ਉਸਨੂੰ ਮੰਤਰੀ ਮੰਡਲ ਵਿੱਚੋਂ ਅਯੋਗ ਮੰਨਿਆ ਜਾਂਦਾ ਹੈ।

3. ਨਾਂ ਮਾਤਰ ਅਤੇ ਅਸਲੀ ਕਾਰਜਪਾਲਿਕਾ (Nominal and Real Executive) : ਸੰਸਦੀ ਪ੍ਰਣਾਲੀ ਵਿੱਚ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀ ਅਤੇ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੁੰਦਾ ਹੈ। ਸੰਵਿਧਾਨ ਅਨੁਸਾਰ ਦੇਸ਼ ਦੀਆਂ ਸੰਘ ਨਾਲ ਸਬੰਧ ਕਾਰਜਕਾਰੀ ਸਕਤੀਆਂ ਰਾਸ਼ਟਰਪਤੀ ਨੂੰ ਦਿੱਤੀਆਂ ਗਈਆਂ ਹਨ ਪਰੰਤੂ ਰਾਸ਼ਟਰਪਤੀ ਉਹਨਾਂ ਸਕਤੀ ਦੀ ਵਰਤੋ ਆਪਣੀ ਮਰਜ਼ੀ ਨਾਲ ਨਹੀਂ ਸਗੋਂ ਮੰਤਰੀ ਪ੍ਰੀਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ। ਕਿਉਂਕਿ ਮੰਤਰੀ ਪ੍ਰੀਸ਼ਦ ਲੋਕਾਂ ਦੁਆਰਾ ਚੁਣੀ ਗਈ ਸੰਸਦ ਦੇ ਮੈਂਬਰਾਂ ਵਿੱਚੋਂ ਬਹੁਮਤ ਪ੍ਰਾਪਤ ਦਲ ਦੀ ਕਾਰਜਪਾਲਿਕਾ ਭਾਵ ਅਸਿੱਧੇ ਢੰਗ ਨਾਲ ਲੋਕਾਂ ਦੀ ਪ੍ਰਤੀਨਿਧੀ ਹੁੰਦੇ ਹਨ ਇਸਦੇ ਉਲਟ ਰਾਸ਼ਟਰਪਤੀ ਦੀ ਚੋਣ ਸੰਸਦ ਦੇ ਮੈਂਬਰਾਂ ਅਤੇ ਰਾਜ ਵਿਧਾਨ ਸਭਾਵਾਂ ਦੇ ਮੈਬਰਾਂ ਦੁਆਰਾ ਕੀਤੀ ਜਾਂਦੀ ਹੈ। ਮੰਤਰੀ ਪ੍ਰੀਸ਼ਦ ਲੋਕਾਂ ਦੇ ਚੁਣੇ ਗਏ ਪ੍ਰਤੀਨਿਧਾਂ (ਸੰਸਦ) ਨੂੰ ਜਵਾਬਦੇਹ ਹੁੰਦੀ ਹੈ ਜਦੋਂ

ਕਿ ਰਾਸ਼ਟਰਪਤੀ ਕਿਸੇ ਅਜਿਹੀ ਨੀਤੀ ਲਈ ਜਵਾਬਦੇਹ ਨਹੀ ਹੁੰਦਾ ਸਗੋਂ ਰਾਸ਼ਟਰਪਤੀ ਨੇ ਮੰਤਰੀ ਪ੍ਰੀਸ਼ਦ ਅਤੇ ਸਰਕਾਰ ਦੀ ਹਰ ਕੰਮ ਲਈ ਸੰਵਿਧਾਨਿਕ ਤੌਰ 'ਤੇ ਸਹੀ ਤੇ ਪਾਰਦਰਸ਼ੀ ਹੋਣਾ ਪਰਖਣਾ ਹੁੰਦਾ ਹੈ ਇਸ ਲਈ ਦੇਸ ਲਈ ਕੋਈ ਨੀਤੀ ਕਾਨੂੰਨ ਹਰ ਤਰ੍ਹਾਂ ਦਾ ਫੈਸਲਾ ਲੈਣ ਦਾ ਹੱਕ ਭਾਵੇਂ ਰਾਸ਼ਟਰਪਤੀ ਕੋਲ ਹੈ ਪਰੰਤੂ ਉਹ ਮੰਤਰੀ ਪ੍ਰੀਸ਼ਦ ਦੀ ਸਲਾਹ ਨਾਲ ਬੰਨਿਆ ਹੋਇਆ ਹੈ ਇਸ ਲਈ ਰਾਸ਼ਟਰਪਤੀ ਨੂੰ ਨਾਂ ਮਾਤਰ ਕਾਰਜਪਾਲਿਕਾ ਅਤੇ ਮੰਤਰੀ ਪ੍ਰੀਸ਼ਦ ਨੂੰ ਅਸਲੀ ਕਾਰਜਪਾਲਿਕਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਸੂਬਿਆਂ ਦੇ ਵਿੱਚ ਰਾਜਪਾਲ ਨਾਂ-ਮਾਤਰ ਕਾਰਜਪਾਲਿਕਾ ਅਤੇ ਮੁੱਖ ਮੰਤਰੀ ਅਸਲੀ ਕਾਰਜਪਾਲਿਕਾ ਹੁੰਦਾ ਹੈ।

4. ਬਹੁਮਤ ਪ੍ਰਾਪਤ ਦਲ ਦਾ ਸ਼ਾਸਨ (Majority Party rule) : ਲੋਕ ਸਭਾ ਵਿੱਚ ਬਹੁਮਤ (ਲੋਕ ਸਭਾ ਦੀਆਂ ਕੁੱਲ ਸੀਟਾਂ ਵਿੱਚੋ ਅੱਧ) ਪ੍ਰਾਪਤ ਕਰਨ ਵਾਲੇ ਦਲ ਦੇ ਨੇਤਾ ਨੂੰ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ ਅਤੇ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਨਾਵਾਂ ਨੂੰ ਰਾਸ਼ਟਰਪਤੀ ਬਾਕੀ ਮੰਤਰੀ ਦੇ ਤੋਰ ਤੇ ਨਿਯੁਕਤ ਕਰਦਾ ਹੈ ਜੇਕਰ ਲੋਕ ਸਭਾ ਵਿੱਚ ਕਿਸੇ ਇੱਕ ਦਲ ਵੱਲੋਂ ਬਹੁਮਤ ਪ੍ਰਾਪਤ ਨਹੀ ਹੁੰਦਾ ਤਾਂ ਰਾਸ਼ਟਰਪਤੀ ਪਾਰਟੀ ਦੀਆਂ ਗਠਬੰਧਨ ਨਾਲ ਵੀ ਸਰਕਾਰ ਬਨਾਉਣ ਲਈ ਸੱਦਾ ਦੇ ਸਕਦਾ ਹੈ। ਸੰਸਦੀ ਪ੍ਰਨਾਲ਼ੀ ਵਿੱਚ ਪ੍ਰਧਾਨਮੰਤਰੀ ਮੁੱਖ ਭੂਮਿਕਾ ਨਿਭਾਉਂਦਾ ਹੈ ਜੋ ਸਰਕਾਰ ਅਤੇ ਦੇਸ਼ ਦੇ ਮੁਖੀ (ਰਾਸ਼ਟਰਪਤੀ) ਵਿਚਾਲੇ ਕੜੀ ਦਾ ਕੰਮ ਕਰਦਾ ਹੈ ਅਤੇ ਸਰਕਾਰ ਦੀ ਅਗਵਾਈ ਕਰਦਾ ਹੈ। ਇਸ ਲਈ ਕਈ ਵਾਰ ਸੰਸਦੀ ਪ੍ਰਨਾਲ਼ੀ ਨੂੰ ਪ੍ਰਧਾਨ ਮੰਤਰੀ ਪ੍ਰਨਾਲ਼ੀ ਵੀ ਕਿਹਾ ਜਾਂਦਾ ਹੈ।

5. ਕਾਰਜਪਾਲਿਕਾ ਦਾ ਕਾਰਜਕਾਲ ਅਨਿਸ਼ਚਤ (Indefinite tenure of the executive) : ਸੰਸਦੀ ਸ਼ਾਸਨ ਪ੍ਰਨਾਲ਼ੀ ਵਿਚ ਅਸਲੀ ਕਾਰਜਪਾਲਿਕਾ (ਮੰਤਰੀ ਮੰਡਲ) ਦਾ ਕਾਰਕਾਲ ਨਿਸਚਤ ਨਹੀ ਹੁੰਦਾ ਸਗੋਂ ਜਦੋਂ ਤੱਕ ਲੋਕ ਸਭਾ ਵਿੱਚ ਬਹੁਮਤ ਹੋ ਉਦੋ ਤੱਕ ਹੀ ਪ੍ਰਧਾਨ ਮੰਤਰੀ ਅਤੇ ਬਾਕੀ ਮੰਤਰੀ ਅਹੁਦੇ ਉਪਰ ਕਾਇਮ ਹਨ ਜੇਕਰ ਹੇਠਲਾ ਸਦਨ ਸਰਕਾਰ ਖਿਲਾਫ਼ ਅਵਿਸ਼ਵਾਸ ਦਾ ਮਤਾ ਪਾਸ ਕਰ ਦੇਵੇ ਤਾਂ ਮੰਤਰੀ ਮੰਡਲ ਨੂੰ ਅਸਤੀਫ਼ਾ ਦੇਣਾ ਪੈਦਾ ਹੈ। ਇਸ ਲਈ ਸਰਕਾਰ ਵਿੱਚ ਬਣੇ ਰਹਿਣ ਲਈ ਵਿਧਾਨਪਾਲਿਕਾ ਵਿੱਚ ਸਪਸ਼ਟ ਬਹੁਮਤ ਹੋਣਾ ਜ਼ਰੂਰੀ ਹੈ।

6. ਕਾਰਜਪਾਲਿਕਾ ਦੀ ਸਮੂਹਿਕ ਜ਼ਿੰਮੇਵਾਰੀ (Collective responsibility of the executive) : ਸਮੂਹਿਕ ਜ਼ਿੰਮੇਵਾਰੀ ਤੋਂ ਭਾਵ ਹੋ ਪੂਰੇ ਸਮੂਹ (ਮੰਤਰੀ ਮੰਡਲ) ਦੀ ਜ਼ਿੰਮੇਵਾਰੀ। ਪ੍ਰਧਾਨ ਮੰਤਰੀ ਦੁਆਰਾ ਭਾਵੇਂ ਮਹਿਕਮਿਆਂ ਨੂੰ ਸਮੂਹ ਮੰਤਰੀ ਵਿੱਚ ਵੰਡ ਦਿੱਤਾ ਜਾਂਦਾ ਹੈ ਅਤੇ ਸਬੰਧਤ ਮੰਤਰੀ ਦੀ ਅਪਣੇ ਮਹਿਕਮੇ ਪ੍ਰਤੀ ਜ਼ਿੰਮੇਵਾਰੀ ਹੁੰਦੀ ਹੈ ਪਰੰਤੂ ਪੂਰਾ ਮੰਤਰੀ ਮੰਡਲ ਸਮੂਹਿਕ ਤੌਰ ਤੇ ਵਿਧਾਨ ਮੰਡਲ ਪ੍ਰਤੀ ਜਵਾਬਦੇਹ ਹੁੰਦਾ ਹੈ ਕਿਉਂਕਿ ਕਿਸੇ ਵੀ ਵਿਭਾਗ ਨਾਲ ਸਬੰਧਤ ਨੀਤੀ ਕੈਬਨਿਟ ਮੀਟਿੰਗ ਕਰਕੇ ਮੰਤਰੀ ਮੰਡਲ ਦੁਆਰਾ ਜ਼ਿਮੇਵਾਰੀ ਤਹਿਤ ਬਣਾਈ ਜਾਂਦੀ ਹੈ ਅਤੇ ਉਸ ਵਿੱਚ ਕੋਈ ਉਣਤਾਈ ਦੀ ਜ਼ਿੰਮੇਵਾਰੀ ਸਮੂਹ ਮੰਤਰੀ ਮੰਡਲ ਦੀ ਹੁੰਦੀ ਹੈ। ਜਿਕਰਯੋਗ ਹੈ ਕਿ ਕੈਬਨਿਟ ਵਿੱਚ ਤੈਅ ਕੀਤੀ ਨੀਤੀ ਨਾਲ ਸਹਿਤ ਹੋਣ ਤੋਂ ਬਾਅਦ ਕੋਈ ਵੀ ਮੰਤਰੀ ਮੀਟਿੰਗ ਤੋਂ ਬਾਹਰ ਨੀਤੀ ਨਾਲੋ ਅਸਹਿਮਤੀ ਨਹੀ ਜਤਾ ਸਕਦਾ ਇਸ ਲਈ ਕਿਸੇ ਵੀ ਮੰਤਰੀ ਨੀਤੀ ਖਿਲਾਫ਼ ਜੇਕਰ ਵਿਧਾਨ ਮੰਡਲ ਅਵਿਸ਼ਵਾਸ ਦਾ ਮਤਾ ਪਾਸ ਕਰ ਦੇਵੇ ਤਾਂ ਸਮੁੱਚੀ ਮੰਤਰੀ ਮੰਡਲ ਨੂੰ ਹੀ ਅਸਤੀਫ਼ਾ ਦੇਣਾ ਪੈਂਦਾ ਹੈ।

7. ਵਿਅਕਤੀ ਗਤ ਜ਼ਿੰਮੇਵਾਰੀ (Individual responsibility) : ਸੰਸਦੀ ਪ੍ਰਨਾਲੀ ਵਿੱਚ ਹਰੇਕ ਕੈਬਨਿਟ ਮੰਤਰੀ ਕਿਸੇ ਨਾ ਕਿਸੇ ਵਿਭਾਗ ਦਾ ਮੁਖੀ ਹੁੰਦਾ ਹੈ ਅਤੇ ਅਪਣੇ ਵਿਭਾਗ ਦੇ ਚੰਗੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੁੰਦਾ ਹੈ ਸੋ ਮੰਤਰੀ ਆਪਣੇ ਵਿਭਾਗ ਵਿੱਚ ਹੋਈ ਕਿਸੇ ਗਲਤੀ ਕਿਸੇ ਅਧਿਕਾਰੀ ਜਾਂ ਕਿਸੇ ਹੋਰ ਮੰਤਰੀ ਨੂੰ ਜ਼ਿੰਮੇਵਾਰ ਨਹੀ ਠਹਿਰਾ ਸਕਦਾ ਕਿਉਂਕਿ ਇਸਦੀ ਜ਼ਿੰਮੇਵਾਰ ਉਸਦੀ ਆਪਣੀ ਹੈ ਅਤੇ ਪ੍ਰਧਾਨ ਮੰਤਰੀ ਇਸ ਗਲਤੀ ਤੇ ਉਸ ਕੋਲੋਂ ਅਸਤੀਫ਼ਾ ਦੀ ਮੰਗ ਕਰ ਸਕਦਾ ਹੈ। ਆਪਣੇ ਵਿਭਾਗ ਦਾ ਕਾਰਜ ਸਹੀ ਢੰਗ ਨਾਲ ਚਲਾਉਣ ਲਈ ਉਹ ਭ੍ਰਿਸ਼ਟ ਅਧਿਕਾਰੀਆਂ ਜਾਂ ਬੇਨਿਯਮੀਆਂ ਦੀ ਜਾਂਚ ਕਰਕੇ ਉਹਨਾਂ ਖਿਲਾਫ਼ ਕਾਰਵਾਈ ਕਰ ਸਕਦਾ ਹੈ। ਇਹ ਉਸਦੇ ਅਪਣੇ ਵਿਭਾਗ ਸਬੰਧੀ ਵਿਅਕਤੀਗਤ ਜ਼ਿੰਮੇਵਾਰੀ ਹੁੰਦੀ ਹੈ।

8. ਮੰਤਰੀ ਪ੍ਰੀਸ਼ਦ ਦਾ ਨਿਸਚਤ ਅਕਾਰ (Fixed Size of Council of Ministers) : ਦਸੰਬਰ 2003 ਵਿੱਚ ਸੰਸਦ ਦੇ ਦੋਂਹੇ ਸਦਨਾਂ ਵੱਲੋਂ ਅਤੇ 2 ਜਨਵਰੀ 2004 ਨੂੰ ਰਾਸਟਰਪਤੀ ਵੱਲੋਂ 91 ਵਾਂ ਸੰਵਿਧਾਨਿ ਸੋਧ ਪਾਸ ਕਰਨ ਪਰੋਂਰ ਮੰਤਰੀ ਪਰਿਸ਼ਦ ਵਿੱਚ ਮੰਤਰੀਆ ਗਿਣਤੀ ਸਬੰਧੀ ਨਵਾਂ ਕਾਨੂੰਨ ਪਾਸ ਕੀਤਾ ਗਿਆ ਜਿਸਦੇ ਅਨੁਸਾਰ ਮੰਤਰੀ ਪਰਿਸ਼ਦ ਵਿੱਚ ਕੁਲ ਮੰਤਰੀਆਂ ਦੀ ਗਿਣਤੀ ਲੋਕ ਸਭਾ ਦੀ ਕੁੱਲ ਗਿਣਤੀ ਦਾ 15% ਤੋਂ ਵੱਧ ਨਹੀ ਹੋਵੇਗੀ ਅਤੇ ਰਾਜਾਂ ਦੇ ਵਿੱਚ ਵੀ ਇਹ ਗਿਣਤੀ ਵਿਧਾਨ ਸਭਾ ਦੇ ਕੁਲ ਮੈਬਰਾਂ ਦੀ ਗਿਣਤੀ ਦਾ ਵੱਧ ਤੋਂ ਵੱਧ 15% ਅਤੇ ਘੱਟ ਤੋਂ ਘੱਟ 12% ਰੱਖਿਆ ਗਿਆ

ਹੈ। ਜਿਨ੍ਹਾ ਰਾਜਾਂ ਵਿੱਚ ਵਿਧਾਨ ਸਭਾ ਦੇ ਮੈਬਰਾਂ ਦੀ ਗਿਣਤੀ 60 ਤੋਂ ਘੱਟ ਹੈ ਉਹਨਾਂ ਲਈ ਮੰਤਰੀਆਂ ਦੀ ਗਿਣਤੀ 12 ਨਿਸਚਤ ਕੀਤੀ ਗਈ।

ਦੋਹਰੀ ਮੈਂਬਰਸ਼ਿਪ ਕਾਰਜਪਾਲਿਕਾ ਅਤੇ (Double Membership) ਸੰਸਦੀ ਪ੍ਰਨਾਲ਼ੀ ਵਿੱਚ ਮੰਤਰੀ ਵਿਧਾਨਪਾਲਿਕਾ ਦੋਵੇ ਦੀ ਮੈਂਬਰੀ ਪ੍ਰਾਪਤ ਕਰਦੇ ਹਨ ਭਾਵ ਵਿਧਾਨਪਾਲਿਕਾ ਦੀ ਮੈਂਬਰੀ ਤੋਂ ਬਿਨਾਂ ਕਾਰਜਪਾਲਿਕਾ ਦੀ ਮੈਂਬਰੀ ਪ੍ਰਾਪਤ ਨਹੀ ਹੋ ਸਕਦੀ ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ 6 ਮਹੀਨਿਆਂ ਦੇ ਅੰਦਰ ਅੰਦਰ ਉਸ ਮੰਤਰੀ ਦਾ ਵਿਧਾਨਪਾਲਿਕਾ ਦਾ ਮੈਂਬਰ ਬਣਨਾ ਜਰੂਰੀ ਹੈ।

10. ਵਿਰੋਧੀ ਦਲ ਨੂੰ ਕਨੂੰਨੀ ਮਾਨਤਾ ਅਤੇ ਹੇਠਲੇ ਸਦਨ ਨੂੰ ਭੰਗ ਕਰਨ ਦੀ ਵਿਵਸਥਾ (Legal recognition to opposition and Provision to dissolve the lower house of Parliament) : ਸੰਸਦੀ ਪ੍ਰਨਾਲ਼ੀ ਬਹੁਮਤ ਪ੍ਰਾਪਤ ਕਰਨ ਵਾਲੀ ਪਾਰਟੀ ਦੇ ਹੱਕ ਦੀ ਸਰਕਾਰ ਹੈ ਅਤੇ ਇਹ ਬਹੁਮਤ ਮੰਤਰੀ ਮੰਡਲ ਨੂੰ ਸੰਸਦ ਵਿੱਚ ਕੋਈ ਵੀ ਫ਼ੈਸਲਾ ਲੈਣ ਦੀ ਤਾਕਤ ਦਿੰਦਾ ਹੈ ਪਰੰਤੂ ਪਾਰਟੀ ਜਾਂ ਸਰਕਾਰ ਦੁਆਰਾ ਲਏ ਗਏ ਫ਼ੈਸਲੇ ਤਾਂ ਹੀ ਸਹੀ ਮੰਨੇ ਜਾ ਸਕਦੇ ਹਨ ਜੇਕਰ ਉਹਨਾਂ ਲਈ ਕੋਈ ਸਾਰਥਕ ਅਲੋਚਨਾ ਕਰਨ ਦਾ ਅਧਿਕਾਰ ਹੋਵੇ ਤਾਂ ਜੋ ਸੰਸਦ ਵਿੱਚ ਸਰਕਾਰ ਦੀ ਕਿਸੇ ਕਾਰਵਾਈ ਜਾਂ ਬਿੱਲ ਦੀਆਂ ਗਲਤੀਆਂ ਦੀ ਅਲੋਚਨਾ ਕਰਕੇ ਉਸਨੂੰ ਦਰੁੱਸਤ ਕੀਤਾ ਜਾ ਸਕੇ। ਇਸਦੇ ਲਈ 1977 ਤੋਂ ਲੋਕ ਸਭਾ ਅਤੇ ਰਾਜ ਸਭਾ ਵਿੱਚ ਸਰਕਾਰ ਤੋਂ ਬਿਨਾ ਜੋ ਵੀ ਦਲ ਵੱਧ ਸੀਟਾਂ ਪ੍ਰਾਪਤ ਕਰਦਾ ਹੈ ਉਸਨੂੰ ਵਿਰੋਧੀ ਦਲ ਵਜੋਂ ਮਾਨਤਾ ਹੁੰਦੀ ਹੈ ਅਤੇ ਉਸਦੇ ਨੇਤਾ ਨੂੰ ਕੈਬਨਿਟ ਰੈਂਕ ਦੀਆਂ ਸ਼ਕਤੀਆਂ ਹੁੰਦੀਆਂ ਹਨ। ਵਿਰੋਧੀ ਦਲ ਬਣਨ ਲਈ ਸਦਨ ਦੀਆਂ ਕੁੱਲ ਸੀਟਾਂ ਦਾ 10 ਵਾਂ ਹਿੱਸਾ ਪ੍ਰਾਪਤ ਕਰਨਾ ਜ਼ਰੂਰੀ ਹੁੰਦਾ ਹੈ। ਇਸਦੇ ਨਾਲ ਹੀ ਜੇਕਰ ਲੋਕ ਸਭਾ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਰਾਸਟਰਪਤੀ ਮੰਤਰੀ ਪ੍ਰੀਸ਼ਦ ਦੀ ਸਲਾਹ 'ਤੇ ਹੇਠਲੇ ਸਦਨ ਨੂੰ ਭੰਗ ਕਰ ਸਕਦਾ ਹੈ।

11. ਰਾਜਨੀਤਕ ਇਕਰੂਪਤਾ (Political homogeneity) : ਮੰਤਰੀ ਪ੍ਰੀਸ਼ਦ ਦੇ ਸਾਰੇ ਮੈਂਬਰ ਇੱਕ ਹੀ ਪਾਰਟੀ ਅਤੇ ਵਿਚਾਰਧਾਰਾ ਦੇ ਹੋਣ ਕਰਕੇ ਉਹਨਾਂ ਦੇ ਰਾਜਨੀਤਕ ਵਿਚਾਰਾਂ ਵਿੱਚ ਵੀ ਇਕਰੂਪਤਾ ਹੁੰਦਾ ਹੈ। ਵਿਧਾਨ ਮੰਡਲ ਅਤੇ ਕਾਰਜਪਾਲਿਕਾ ਵਿੱਚ ਇੱਕ ਦਲ ਜਾ ਗਠਬੰਧਨ ਦੀ ਸਰਕਾਰ ਹੋਣ ਕਰਕੇ ਵਿਧਾਨ ਮੰਡਲ ਅਤੇ ਕਾਰਜਪਾਲਿਕਾ ਵਿੱਚ ਇੱਕ ਦਲ ਜਾ ਗਠਬੰਧਨ ਦੀ ਸਰਕਾਰ ਹੋਣ ਕਰਕੇ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿੱਚ ਵੀ ਰਾਜਨੀਤਕ ਇਕਰੂਪਤਾ ਹੁੰਦੀ ਹੈ।

ਸੰਸਦੀ ਪ੍ਰਨਾਲੀ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਤੋਂ ਅਸੀ ਸਮਝ ਸਕਦੇ ਹਾਂ ਕਿ ਭਾਰਤ ਦਾ ਰਾਜਨੀਤਕ ਢਾਂਚਾ ਕਿਸ ਤਰ੍ਹਾਂ ਲੋਕਤੰਤਰੀ ਸਿਧਾਤਾਂ ਅਨੁਸਾਰ ਲੋਕਾਂ ਦੀ ਸਹਿਭਾਗਤਾ ਨਾਲ ਸ਼ਾਸਨ ਪ੍ਰਬੰਧ ਚਲਾਉਂਦਾ ਹੈ। ਸੰਸਦੀ ਪ੍ਰਨਾਲ਼ੀ ਬਰਤਾਨੀਆਂ ਤੋਂ ਲਈ ਗਈ ਹੈ ਜਿਥੇ ਵੈਸਟਮਿਨਸਟਰ (Westminster) ਨਾਮ ਦੀ ਸਥਾਨ 'ਤੇ ਸੰਸਦ ਸਥਾਪਤ ਹੈ ਇਸ ਲਈ ਇਸ ਪ੍ਰਨਾਲ਼ੀ ਨੂੰ ਵੈਸਟਮਿਨਸਟਰ ਮਾਡਲ ਵੀ ਕਹਿ ਦਿੱਤਾ ਜਾਂਦਾ ਹੈ। ਭਾਰਤ ਵਿੱਚ ਸੰਸਦੀ ਪ੍ਰਨਾਲੀ ਬਹੁਤ ਸਾਰਾ ਢਾਂਚਾ ਬਰਤਾਨੀਆਂ ਦੀ ਸੰਸਦੀ ਪ੍ਰਣਾਲੀ ਨਾਲ ਮਿਲਦਾ ਜੁਲਦਾ ਹੈ ਪਰੰਤੂ ਫਿਰ ਵੀ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਵਿੱਚ ਸੱਭਿਆਚਾਰਕ ਭਿੰਨਤਾਵਾਂ ਹੋਣ ਕਰਕੇ ਜਾਂ ਇੰਗਲੈਂਡ ਦੇ ਨਾਲੋ ਸਮਾਜਿਕ, ਆਰਥਿਕ ਤੇ ਰਾਜਨੀਤਕ ਹਾਲਤਾਂ ਦੇ ਫਰਕ ਹੋਣ ਕਾਰਨ ਭਾਰਤ ਦੀ ਸੰਸਦੀ ਪ੍ਰਨਾਲੀ ਵਿੱਚ ਕੁਝ ਵਿਲੱਖਣਤਾਵਾਂ ਪਾਈਆਂ ਗਈਆਂ ਹਨ ਜਿਨ੍ਹਾਂ ਨੂੰ ਸੰਵਿਧਾਨ ਪੜ੍ਹਿਆ ਨੇ ਭਾਰਤ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਤਾਂ ਨੂੰ ਸਮਝ ਕੇ ਚੰਗੇ ਭਵਿੱਖ ਦੀ ਆਸ ਲਈ ਸੰਸਦੀ ਪ੍ਰਬੰਧ ਵਿੱਚ ਸ਼ਾਮਲ ਕੀਤਾ ਸੀ।

ਭਾਰਤ ਵਿੱਚ ਸੰਸਦੀ ਪ੍ਰਨਾਲੀ ਵਿੱਚ ਵਿਲੱਖਣਤਾਵਾਂ (Unique Characteristics of Indian Parliamentary System) : ਦੇਸ਼ ਦਾ ਮੁਖੀ (Head of the State) 11 ਵੀਂ ਸਦੀ ਤੋਂ ਸੰਸਦ ਦੀ ਬ੍ਰਿਟੇਨ ਵਿੱਚ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ ਅਤੇ ਪੂਰੀ ਦੁਨੀਆਂ ਵਿੱਚੋਂ ਬਹੁਤ ਸਾਰੇ ਦੇਸ਼ਾਂ ਨੇ ਸੰਸਦੀ ਪ੍ਰਨਾਲੀ ਅਪਣਾਈ ਹੈ ਬ੍ਰਿਟੇਨ ਵਿੱਚ ਦੇਸ ਦਾ ਮੁਖੀ ਉਥੋਂ ਦਾ ਰਾਜਾ ਹੈ ਅਤੇ ਉਸਦੀ ਚੋਣ ਨਹੀ ਹੁੰਦੀ ਸਗੋਂ ਪੀੜ੍ਹੀ ਦਰ ਪੀੜ੍ਹੀ ਇਕੋ ਪਰਿਵਾਰ ਦਾ ਰਾਜ ਚਲਦਾ ਹੈ ਇਸਦੇ ਉਲਟ ਭਾਰਤ ਵਿੱਚ ਦੇਸ਼ ਦਾ ਮੁਖੀ ਰਾਸਟਰਪਤੀ, ਸੰਸਦ ਦੇ ਮੈਂਬਰਾਂ ਅਤੇ ਰਾਜ ਵਿਧਾਨ ਸਭਾਵਾਂ ਦੇ ਮੈਬਰਾਂ ਦੁਆਰਾ 5 ਸਾਲ ਲਈ ਚੁਣਿਆ ਜਾਂਦਾ ਹੈ ਅਤੇ ਰਾਸਟਰਪਤੀ ਸੰਸਦ ਦਾ ਅੰਦਰੂਨੀ ਅੰਗ ਹੈ।

- **ਸੰਸਦ ਦੀ ਸਰਵਉੱਚਤਾ (Supermacy of Parliament) :** ਬ੍ਰਿਟੇਨ ਦੀ ਸੰਸਦੀ ਪ੍ਰਨਾਲੀ ਉਥੋ ਦੀ ਸੰਸਦ ਦੀ ਸਰਵਉਚਤਾ ਅਤੇ ਪ੍ਰਭੁਸੱਤਾ ਤੇ ਅਧਾਰਤ ਹੈ ਭਾਵ ਕੋਈ ਵੀ ਸਹੀ ਤਰੀਕਾ ਵਰਤ ਕੇ ਸੰਸਦ ਦੁਆਰਾ ਪਾਸ ਕੀਤੇ ਫ਼ੈਸਲਾ ਆਖਰੀ ਮੰਨਿਆ ਜਾਂਦਾ ਹੈ ਸੰਸਦ ਦੇ ਫ਼ੈਸਲੇ ਤੇ ਨਿਆਂਪਾਲਿਕਾ ਜਾ ਦੇਸ ਦਾ ਮੁਖੀ ਰੋਕ

ਨਹੀ ਲਾ ਸਕਦਾ ਇਸਦੇ ਉਲਟ ਭਾਰਤ ਵਿੱਚ ਸੰਵਿਧਾਨ ਸਰਵ ਉੱਚ ਹੈ ਅਤੇ ਸੰਸਦ ਦੀ ਪ੍ਰਭੂਸੱਤਾ ਸੀਮਤ ਹੈ। ਸੰਸਦ ਦਾ ਪਾਸ ਕੀਤਾ ਫ਼ੈਸਲਾ ਸੰਵਿਧਾਨ ਅਨੁਸਾਰ ਸਹੀ ਹੋਣਾ ਜ਼ਰੂਰੀ ਹੈ ਨਿਆਂਇਕ ਪੁਨਰ ਨਿਰੀਖਣ (Judicial review) ਰਾਹੀਂ ਫ਼ੈਸਲੇ ਦੀ ਸਾਰਥਕਤਾ ਨੂੰ ਨਿਆਂਪਾਲਿਕਾ ਦੁਆਰਾ ਚੈੱਕ ਕੀਤਾ ਜਾ ਸਕਦਾ ਹੈ ਅਤੇ ਤਰੁੱਟੀ ਹੋਣ 'ਤੇ ਰੱਦ ਵੀ ਕੀਤਾ ਜਾ ਸਕਦਾ ਹੈ। ਲਿਖਤੀ ਸੰਵਿਧਾਨ, ਸੰਘਾਤਮਕ ਪ੍ਰਬੰਧ, ਮੌਲਿਕ ਅਧਿਕਾਰ ਆਦਿ ਵਿਸ਼ਿਆਂ 'ਤੇ ਸੰਸਦ ਦੀ ਸ਼ਕਤੀ ਸੀਮਤ ਹੈ।

- **ਸਰਕਾਰ ਦਾ ਮੁਖੀ (Head of the Goverment) :** ਭਾਰਤ ਵਿੱਚ ਸਰਕਾਰ ਦੇ ਮੁਖੀ ਭਾਵ ਪ੍ਰਧਾਨਮੰਤਰੀ ਦੀ ਨਿਯੁਕਤੀ ਲੋਕ ਸਭਾ ਜਾਂ ਰਾਜ ਸਭਾ, ਕਿਸੇ ਵੀ ਸਦਨ ਦਾ ਮੈਂਬਰ ਬਣਨ 'ਤੇ ਕੀਤੀ ਜਾ ਸਕਦੀ ਹੈ ਅਤੇ ਮੰਤਰੀ ਜਾਂ ਪ੍ਰਧਾਨ ਮੰਤਰੀ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਤਾਂ ਵੀ ਨਿਯੁਕਤੀ ਹੋਣ 'ਤੇ ਉਸਨੂੰ 6 ਮਹੀਨਿਆਂ ਦਾ ਸਮਾਂ ਦਿੱਤਾ ਜਾਂਦਾ ਹੈ ਤਾਂ ਜੋ ਕਿਸੇ ਵੀ ਇੱਕ ਸਦਨ ਦੀ ਮੈਂਬਰੀ ਪ੍ਰਾਪਤ ਕਰ ਸਕੇ ਇਹਦੇ ਉਲਟ ਬਰਤਾਨੀਆਂ ਵਿਚ ਪ੍ਰਧਾਨ ਮੰਤਰੀ ਸਿਰਫ਼ ਹਾਊਸ ਆਫ਼ ਕਾਮਨਜ਼ (House of Commons) ਦਾ ਮੈਂਬਰ ਹੋਣਾ ਜ਼ਰੂਰੀ ਹੈ।
- **ਰਾਖਵਾਕਰਨ (Reservation) :** ਭਾਰਤ ਵਿੱਚ ਸਦੀਆਂ ਤੋ ਜਾਰੀ ਜਾਤ-ਪਾਤ ਪ੍ਰਨਾਲ਼ੀ ਦੇ ਅਣਮਨੁੱਖੀ ਨਤੀਜਿਆਂ ਕਾਰਨ ਮਨੁੱਖਤਾ ਵਿਚਾਲੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਕਤੀ ਦੇ ਪੱਧਰ 'ਤੇ ਪਾੜਾ ਇਸ ਹੱਦ ਤੱਕ ਵੱਧ ਗਿਆ ਕਿ ਕੁਝ ਲੋਕਾਂ ਦੀ ਜਿੰਦਗੀ ਸ਼ਾਹੀ ਤੇ ਬਹੁਤੇ ਲੋਕਾਂ ਦੀ ਜ਼ਿੰਦਗੀ ਬਹੁਤ ਬੁਰੀ ਹੋ ਗਈ। ਇਸ ਪਾੜੇ ਨੂੰ ਖਤਮ ਕਰਨ ਦੀ ਕੋਸ਼ਿਸ਼ ਤਹਿਤ ਜਾਤ-ਪਾਤ ਦੀ ਸ਼ਿਕਾਰ ਹੋਏ ਲੋਕਾਂ ਦੀ ਅਵਾਜ਼ ਸੰਸਦ ਤੱਕ ਲੈ ਕੇ ਆਉਣ ਲਈ ਸੰਸਦ ਦੀਆਂ ਸੀਟਾਂ ਦਾ ਕੁੱਝ ਹਿੱਸਾ ਇਹਨਾਂ ਪੱਛੜੇ ਲੋਕਾ ਲਈ ਰਾਖਵਾ ਰੱਖਿਆ ਗਿਆ ਹੈ ਇਸਦੇ ਉਲਟ ਬਰਤਾਨੀਆਂ ਦੀ ਸੰਸਦ ਵਿੱਚ ਅਜਿਹੀ ਕੋਈ ਧਾਰਨਾ ਨਹੀਂ ਪਰੰਤੂ ਪੀੜ੍ਹੀ ਦਰ ਪੀੜ੍ਹੀ ਅਧਾਰ 'ਤੇ ਲਾਰਡ ਸਦਨ ਵਿੱਚ ਪੁਰਾਣੇ ਜ਼ਿੰਮੀਦਾਰਾਂ, ਚਰਚ ਤੇ ਪਾਦਰੀਆਂ ਲਈ ਸੀਟਾਂ ਰਾਖਵੀਆਂ ਰੱਖੀਆ ਗਈਆਂ ਹਨ।
- **ਸੰਘਾਤਮਕ ਵਿਵਸਥਾ (Federal System) :** ਬਰਤਾਨੀਆਂ ਦੀ ਸੰਸਦੀ ਪ੍ਰਨਾਲੀ ਇਕਾਤਮਕ ਵਿਵਸਥਾ ਉਪਰ ਟਿਕੀ ਹੋਈ ਹੈ ਭਾਵ ਪੂਰੇ ਬਰਤਾਨੀਆਂ ਦੀ ਇੱਕ ਹੀ ਸਰਕਾਰ ਹੈ ਜਦੋਂ ਕਿ ਕੈਨੇਡਾ ਦੀ ਤਰ੍ਹਾਂ ਭਾਰਤ ਦੀ ਸੰਸਦੀ ਪ੍ਰਨਾਲੀ ਇਕਾਤਮਕ ਵਿਸ਼ੇਸ਼ਤਾਵਾਂ ਵਾਲੇ ਸੰਘਾਤਮਕ ਢਾਂਚੇ ਉਪਰ ਟਿੱਕੀ ਹੋਈ ਹੋਏ ਸੰਵਿਧਾਨ ਦੁਆਰਾ ਕਾਨੂੰਨ ਬਣਾਉਣ ਲਈ ਸੰਘ, ਸੂਬੇ ਅਤੇ ਸਾਝੀ ਸੂਚੀ ਦੇ ਤੌਰ 'ਤੇ ਵਿਭਾਗਾਂ ਦੀ ਵੰਡ ਕੀਤੀ ਗਈ ਭਾਵ ਭਾਰਤ ਦੀ ਸੰਸਦ ਕਾਨੂੰਨ ਬਲਾਉਣ ਅਤੇ ਲਾਗੂ ਕਰਨ ਦੇ ਮਸਲੇ ਉਪਰ ਰਾਜਾਂ ਦੀਆਂ ਵਿਧਾਨ ਸਭਾਵਾਂ ਦਾ ਅਧਿਕਾਰ ਖੇਤਰ ਸੂਚੀ ਅਨੁਸਾਰ ਹੈ। ਜਿਵੇਂ ਖੇਤੀਬਾੜੀ, ਦਰਿਆ, ਪੁਲਿਸ ਆਦਿ। ਵਿਭਾਗ ਰਾਜ ਸਰਕਾਰ ਦੇ ਅਧਨਿ ਆਉਦੇ ਹਨ ਉਪ ਰਾਸ਼ਟਰਪਤੀ (Vice President) ਰਾਸ਼ਟਰਪਤੀ ਦੀ ਗੈਰ ਹਾਜ਼ਰੀ ਜਾਂ ਮੌਤ ਹੋਣ 'ਤੇ ਉਪ ਰਾਸ਼ਟਰਪਤੀ ਉਸਦੇ ਕੰਮਾਂ ਨੂੰ ਸੰਭਾਲਦਾ ਹੈ ਅਤੇ ਉਸਨੂੰ ਰਾਜ ਸਭਾ ਦੇ ਚੇਅਰਮੈਨ ਦੇ ਤੌਰ ਤੇ ਵੀ ਨਿਯੁਕਤ ਕੀਤਾ ਜਾਂਦਾ ਹੈ ਪਰੰਤੂ ਉਪ ਰਾਸ਼ਟਰਪਤੀ ਦੀ ਪਦਵੀ ਅਮਰੀਕਾ ਦੀ ਪ੍ਰਧਾਨਗੀ ਸ਼ਾਸਨ ਪ੍ਰਨਾਲੀ ਦੀ ਤਰਜ ਤੇ ਬਣਾਈ ਗਈ ਹੈ ਅਤੇ ਬਰਤਾਨੀਆਂ ਦੇ ਵਿਚ ਉਪ ਰਾਸ਼ਟਰਪਤੀ ਦੀ ਪਦਵੀ ਨਹੀ ਹੈ।
- **ਮੰਤਰੀਆਂ ਦੀ ਕਨੂੰਨੀ ਜ਼ਿੰਮੇਵਾਰੀ (Legal Responsibility of the ministers) :** ਬਰਤਾਨੀਆਂ ਵਿੱਚ ਕਿਸੇ ਵੀ ਮੰਤਰੀ ਦੇ ਆਪਣੇ ਵਿਭਾਗ ਦੇ ਕੰਮਕਾਜ, ਨੀਤੀਆਂ ਆਦਿ ਪ੍ਰਤੀ ਜ਼ਿੰਮੇਵਾਰੀ ਕਨੂੰਨੀ ਰੂਪ ਵਿੱਚ ਹੁੰਦੀ ਹੈ ਭਾਵ ਮੰਤਰੀਆਂ ਨਾਲ ਸਬੰਧਤ ਵਿਭਾਗਾਂ ਦੀ ਜਾਣਕਾਰੀ, ਨੀਤੀਆਂ ਆਦਿ ਸਬੰਧੀ ਸੰਸਦ ਵੱਲੋਂ ਪੁੱਛੇ ਗਏ ਸਵਾਲਾਂ ਦਾ ਸਹੀ ਉੱਤਰ ਦੇਣਾ ਜ਼ਰੂਰੀ ਹੈ ਅਤੇ ਸਬੰਧਤ ਵਿਭਾਗ ਦੇ ਹਰ ਕਾਰਜ ਲਈ ਮੰਤਰੀ ਸੰਸਦ ਨੂੰ ਜਵਾਬਦੇਹ ਹੈ। ਗਲਤੀ ਹੋਣ ਦੀ ਸੂਰਤ ਵਿੱਚ ਮੰਤਰੀ ਨੂੰ ਅਸਤੀਫ਼ਾ ਦੇਣਾ ਪਵੇਗਾ। ਇਸਦੇ ਉਲਟ ਭਾਰਤ ਵਿੱਚ ਵੀ ਭਾਵੇ ਇਸ ਦੀ ਜ਼ਿੰਮੇਵਾਰੀ ਕੈਬਿਨਟ ਜਾਂ ਮੰਤਰੀ ਦੀ ਹੁੰਦੀ ਹੈ ਪਰੰਤੂ ਇਸ ਸਬੰਧੀ ਕਨੂੰਨੀ ਕਾਰਵਾਈ ਮੰਤਰੀ ਖਿਲਾਫ਼ ਨਹੀ ਕੀਤੀ ਜਾ ਸਕਦੀ, ਕਾਨੂੰਨ ਲਾਗੂ ਕਰਨ ਸਮੇਂ ਦੇਸ਼ ਦੇ ਮੁਖੀ ਦੇ ਹਸਤਾਖਰ ਹੁੰਦੇ ਹਨ ਇਸਦੇ ਉਲਟ ਬ੍ਰਿਟੇਨ ਵਿੱਚ ਦੇਸ਼ ਦੇ ਮੁਖੀ ਦੇ ਹਸਤਾਖਰਾਂ ਤੋਂ ਪਹਿਲਾਂ ਕੋਈ ਵੀ ਬਿੱਲ ਸਬੰਧਤ ਮੰਤਰੀ ਵੱਲੋ ਵੀ (Counter Sign) ਕੀਤਾ ਜਾਂਦਾ ਹੈ।

ਸੁਤੰਤਰ ਨਿਆਂਪਾਲਿਕਾ (Independent Judiciary) ਸੰਸਦੀ ਪ੍ਰਨਾਲ਼ੀ ਦੀ ਸਰਕਾਰ ਵਾਲੇ ਦੇਸਾ ਵਿੱਚ ਆਮ ਕਰਕੇ ਸੰਸਦ ਦੀ ਸਰਵਉੱਚਤਾ ਕਾਇਮ ਹੁੰਦੀ ਹੈ ਪਰੰਤੂ ਭਾਰਤ ਦੇ ਵਿੱਚ ਸੰਵਿਧਾਨ ਦੇ ਅਨੁਸਾਰ ਸੰਸਦ ਦੀ ਸਰਵਉਚ ਸਕਤੀ ਨੂੰ ਸੀਮਤ ਕੀਤਾ ਗਿਆ ਹੈ। ਨਿਆਂਇਕ ਪੁਨਰ ਨਿਰੀਖਣ ਰਾਹੀਂ ਸੰਸਦ ਦੁਆਰਾ ਬਣਾਏ ਕਾਨੂੰਨ ਨੂੰ ਨਿਆਂਪਾਲਿਕਾ ਦੁਆਰਾ ਸੰਵਿਧਾਨ ਅਨੁਸਾਰ ਪਰਖਿਆ ਜਾਂਦਾ ਹੈ ਜੇਕਰ ਉਸ ਵਿੱਚ ਕੋਈ ਊਣਤਾਈ ਹੈ ਤਾਂ ਨਿਆਂਪਾਲਿਕਾ ਉਸਨੂੰ ਰੱਦ ਕਰ ਸਕਦੀ ਹੈ ਕਿਉਂਕਿ ਨਿਆਂਪਾਲਿਕਾ ਸੰਵਿਧਾਨਿਕ ਤੌਰ 'ਤੇ ਸੁਤੰਤਰਤਾ ਪ੍ਰਾਪਤ ਹੈ।

ਰਾਜ ਸਭਾ (Rajya Sbaha) : ਭਾਰਤ ਵਿੱਚ ਉਪਰਲਾ ਸਦਨ ਰਾਜਾਂ ਦੀ ਸਰਕਾਰਾਂ ਦੀ ਕੇਂਦਰੀ ਕਾਨੂੰਨ ਬਣਾਉਣ ਸਮੇਂ ਨੁਮਾਇੰਦਗੀ ਕਰਦਾ ਹੈ ਭਾਵ ਰਾਜ ਸਭਾ ਦੇ ਮੈਂਬਰ ਰਾਜਾਂ ਦੀਆਂ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਚੁਣੇ ਜਾਂਦੇ ਹਨ। ਬ੍ਰਿਟੇਨ ਵਿੱਚ ਇਕਾਤਮਕ ਪ੍ਰਨਾਲੀ ਹੋਣ ਕਰਕੇ ਲਾਰਡ ਸਦਨ ਦੇ ਮੈਂਬਰ ਰਾਜਾਂ ਦੇ ਅਧਾਰ 'ਤੇ ਨਹੀ ਚੁਣੇ ਜਾਂਦੇ ਸਗੋਂ ਕੁਝ ਪੀੜ੍ਹੀ ਦਰ ਪੀੜ੍ਹੀ, ਚਰਚ ਦੇ ਪਾਦਰੀ, ਜਿੰਮੀਂਦਾਰ, ਪੂੰਜੀਪਤੀ ਅਤੇ ਪੂਰੇ ਦੇਸ ਵਿੱਚੋਂ ਚੁਣੇ ਜਾਂਦੇ ਹਨ। ਪ੍ਰਧਾਨਗੀ ਪ੍ਰਨਾਲੀ ਵਿੱਚ ਸੰਯੁਕਤ ਰਾਜ ਅਮਰੀਕਾ ਦੀ ਸੰਘਾਤਮਕ ਵਿਵਸਥਾ ਵਿੱਚ ਉਪਰਲੇ ਸਦਨ ਦੇ ਮੈਂਬਰਾਂ ਦੀ ਗਿਣਤੀ ਸਾਰੇ ਸਾਰੇ ਰਾਜਾਂ ਵਿੱਚੋਂ ਬਰਾਬਰ ਹੁੰਦੀ ਹੈ ਪਰ ਭਾਰਤ ਵਿੱਚ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ ਹਰੇਕ ਰਾਜ ਲਈ ਜਨਸੰਖਿਆ ਦੇ ਅਧਾਰ 'ਤੇ ਨਿਸਚਤ ਕੀਤੀ ਗਈ ਹੈ।

ਉਪਰੋਕਤ ਸੰਸਦੀ ਪ੍ਰਨਾਲੀ ਦੀਆਂ ਵਿਲੱਖਣਤਾਵਾਂ ਤੋਂ ਇਲਾਵਾ ਭਾਰਤ ਇੰਗਲੈਂਡ ਜਾਂ ਕੈਨੇਡਾ ਦੇ ਸਮਾਜਿਕ ਆਰਥਿਕ ਅਤੇ ਰਾਜਨੀਤਕ ਮਹੌਲ ਵਿੱਚ ਬਹੁਤ ਅੰਤਰ ਹੈ ਭਾਰਤ ਵਿੱਚ ਵੱਖ-ਵੱਖ ਧਰਮਾਂ, ਸੱਭਿਆਚਾਰ, ਫਿਰਕਿਆਂ ਨਾਲ ਸਬੰਧਤ ਲੋਕ ਹਨ। ਵੱਡੀ ਗਿਣਤੀ ਵਿੱਚ ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ ਆਦਿ ਹਨ ਅਤੇ ਸੰਸਦੀ ਪ੍ਰਨਾਲ਼ੀ ਨੂੰ ਆਮ ਲੋਕਾਂ ਦੀ ਸਮਝ ਤੋਂ ਦੂਰ ਰੱਖਦੀਆਂ ਹਨ। ਇਸਦੇ ਉਲਟ ਬਰਤਾਨੀਆਂ ਵਿੱਚ ਇਸ ਪ੍ਰਨਾਲ਼ੀ ਲਈ ਮਹੌਲ ਪੂਰੀ ਤਰ੍ਹਾਂ ਸਾਜ਼ਗਾਰ ਹੈ ਕਿਉਂਕਿ ਸੰਸਦ ਬਰਤਾਨੀਆਂ ਵਿੱਚ ਬਾਦਸ਼ਾਹ ਦੀ ਸਲਾਹਕਾਰ ਸੰਸਥਾ ਵਜੋਂ ਹੋਂਦ ਵਿੱਚ ਆ ਕੇ ਸਰਵਉੱਚਤਾ ਹਾਸਲ ਕਰ ਗਈ ਹੈ। ਇਸ ਲਈ ਬਰਤਾਨੀਆਂ ਵਿੱਚ ਸੰਸਦੀ ਪ੍ਰਨਾਲ਼ੀ ਨਾਲ ਸਬੰਧਤ ਭਾਵਨਾਵਾਂ, ਪਰੰਪਰਾਵਾਂ ਅਤੇ ਨਿਯਮ ਆਮ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਏ ਹਨ।

ਭਾਰਤ ਵੱਖ-ਵੱਖ ਖੇਤਰ ਪ੍ਰਾਚੀਨ ਸਮੇਂ ਤੋਂ ਨੂੰ ਖੁਦ ਮੁਖਤਿਆਰ ਅਤੇ ਸਮੇ ਸਮੇ ਤੇ ਇੱਕ ਦੇਸ ਦਾ ਰੂਪ ਧਾਰਨ ਕਰਦੇ ਰਹੇ ਹਨ ਇਸ ਲਈ ਭਾਰਤੀ ਉਪਮਹਾਂਦੀਪ ਸੱਭਿਆਚਾਰ, ਆਰਥਿਕ ਅਤੇ ਸਮਾਜਿਕ ਤੌਰ 'ਤੇ ਭਿੰਨਤਾਵਾਂ ਭਰਿਆ ਹੋਣ ਦੇ ਨਾਲ ਰਾਜਨੀਤਕ ਤੌਰ ਤੇ ਵੀ ਭਿੰਨ ਰਿਹਾ ਹੈ ਭਾਵ ਪ੍ਰਾਚੀਨ ਸਮੇਂ ਤੋਂ ਵੱਖ ਹੀ ਭਾਰਤੀ ਉਪ ਮਹਾਂਦੀਪ ਦੇ ਵੱਖ-ਵੱਖ ਖੇਤਰਾਂ ਵਿੱਚ ਰਾਜਿਆਂ, ਬਾਹਰੀ ਹਮਲਾਵਰਾਂ ਜਾਂ ਸਥਾਨਕ ਲੋਕਾਂ ਦਾ ਮਿਲ ਕੇ ਰਾਜ ਬਣਦਾ ਜਾ ਟੁੱਟਦਾ ਰਿਹਾ ਹੈ ਅਤੇ ਅਪਣੇ ਪੱਧਰ ਦੀਆਂ ਰਾਜਨੀਤਕ ਪ੍ਰਣਾਲੀਆਂ ਬਣਦੀਆਂ ਜਾਂ ਟੁਟੱਦੀਆਂ ਰਹੀਆਂ ਹਨ ਪਰੰਤੂ ਬਰਤਾਨਵੀ ਸ਼ਾਸਨ ਤੋਂ ਬਾਅਦ ਪੂਰੇ ਭਾਰਤ ਲਈ ਸੰਸਦੀ ਮਾਡਲ ਅਪਣਾਉਣ ਲਈ ਰਾਜਨੀਤਕ ਪੱਖ ਤੋਂ ਕਈ ਕਾਰਨ ਸਨ।

ਭਾਰਤ ਵਿਚ ਸੰਸਦੀ ਪ੍ਰਨਾਲੀ ਦਾ ਇਤਿਹਾਸਕ ਪਿਛੋਕੜ

ਸੰਵਿਧਾਨ ਸਭਾ ਦੇ ਸਾਰੇ/ਮੈਂਬਰ ਇਸ ਤੱਥ ਤੋਂ ਜਾਣੂ ਸਨ ਕਿ ਅੰਗਰੇਜ਼ਾਂ ਨੇ ਦੱਖਣੀ ਏਸ਼ੀਆ ਦੇ ਵੱਖ-ਵੱਖ ਖੇਤਰਾ ਨੂੰ ਅਲੱਗ ਅਲੱਗ ਸਮੇ ਤੇ ਬ੍ਰਿਟਿਸ ਸਾਮਰਾਜ ਵਿੱਚ ਸ਼ਾਮਿਲ ਕੀਤਾ ਸੀ ਅਤੇ ਆਪਣੇ ਰਾਜ ਕਰਨ ਦੇ ਤਰੀਕੇ ਤੇ ਲੋੜਾਂ ਦੇ ਅਨੁਸਾਰ ਬਰਤਾਨੀਆਂ ਨੇ ਹੌਲੀ ਹੌਲੀ ਭਾਰਤ ਵਿੱਚ ਸਰਕਾਰ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ ਜੋ ਭਾਰਤੀਆਂ ਲੋਕਾਂ ਲਈ ਕਾਨੂੰਨ ਵਿਵਸਥਾ ਦਾ ਪ੍ਰਬੰਧ ਚਲਾ ਸਕੇ ਅੰਗਰੇਜ਼ਾਂ ਨੇ ਭਾਰਤੀ ਉਪਮਹਾਂਦੀਪ 'ਤੇ ਕਬਜ਼ਾ ਕਰਕੇ ਹਿੰਦੀ ਤੇ ਉਰਦੂ ਦੋ ਭਾਸ਼ਾਵਾਂ ਨੂੰ ਭਾਰਤੀ ਲੋਕਾਂ ਉਪਰ ਲਾਗੂ ਕੀਤਾ ਜੋ ਉਸ ਸਮੇਂ ਦਿੱਲੀ ਦੇ ਆਲੇ - ਦੁਆਲੇ ਦੇ ਖੇਤਰਾਂ ਵਿੱਚ ਬੋਲੀਆਂ ਜਾਂਦੀਆਂ ਸਨ ਪਰਤੂੰ ਕਿਸੇ ਵੀ ਖਿੱਤੇ ਦੀਆਂ ਮਾਂ - ਬੋਲੀਆਂ ਨਹੀਂ ਸਨ । ਸਥਾਨਕ ਬੋਲੀਆਂ ਨੂੰ ਬਣਦੀ ਥਾਂ ਨਹੀਂ ਦਿੱਤੀ। ਪੰਜਾਬ ਵਿੱਚ ਵੀ ਪੰਜਾਬੀ ਭਾਸ਼ਾ ਲਾਗੂ ਨਹੀਂ ਕੀਤੀ ਗਈ ਸੀ ਉਸ ਸਮੇਂ ਤੋ ਭਾਸ਼ਾ ਦੇ ਅਧਾਰ 'ਤੇ ਦੇਸ਼ ਘੜਨ ਦਾ ਚਲਨ ਸ਼ੁਰੂ ਹੋ ਗਿਆ ਸੀ। ਭਾਰਤੀ ਵਿਧਾਨਕ ਐਕਟ 1861 (Indian Councils act of 1861) ਅਨੁਸਾਰ ਕਾਨੂੰਨ ਬਨਾਉਣ ਦੀ ਪ੍ਰਕਿਰਿਆ ਵਿੱਚ ਪਹਿਲੀ ਵਾਰ ਭਾਰਤੀਆਂ ਨੂੰ ਸ਼ਾਮਿਲ ਕਰਨ ਦਾ ਫ਼ੈਸਲਾ ਕੀਤਾ ਗਿਆ 1862 ਵਿੱਚ ਲਾਰਡ ਕੈਨਿੰਗ (Lord Canning) ਦੇ ਤਿੰਨ ਭਾਰਤੀ, ਬਨਾਰਸ ਦਾ ਰਾਜਾ, ਪਟਿਆਲੇ ਦਾ ਮਹਾਰਾਜਾ ਅਤੇ ਸਰ ਦਿਨਕਰ ਰਾਓ ਨੂੰ ਵਿਧਾਨ ਪਰਿਸ਼ਦ ਵਿੱਚ ਸ਼ਾਮਿਲ ਕਰ ਲਿਆ ਅਤੇ ਬੰਬੇ ਤੇ ਮਦਰਾਸ ਪ੍ਰੈਜ਼ੀਡੈਂਸੀ ਦੀਆਂ ਵਿਧਾਨਕ ਸ਼ਕਤੀਆਂ ਵੀ ਬਹਾਲ ਕਰ ਦਿੱਤੀਆਂ। ਇਸਦੇ ਨਾਲ ਹੀ ਪੰਜਾਬ ਵਿੱਚ 1897, ਬੰਗਾਲ ਵਿੱਚ 1862 ਅਤੇ ਉਤਰ ਪੱਛਮੀ ਸੂਬੇ ਵਿੱਚ 1886 ਨੂੰ ਸੂਬਾ ਵਿਧਾਨਕ ਪਰਿਸ਼ਦਾਂ ਬਣਾਈਆਂ ਗਈਆਂ। ਇਸ ਤਰ੍ਹਾਂ ਇਸ ਐਕਟ ਨੇ ਭਾਰਤੀਆਂ ਦੀ ਸਰਕਾਰ ਦੇ ਵਿੱਚ ਸ਼ਮੂਲੀਅਤ ਸ਼ੁਰੂ

ਕੀਤੀ ਅਤੇ ਸੰਸਦੀ ਪ੍ਰਨਾਲ਼ੀ ਭਾਰਤ ਵਿੱਚ ਲਾਗੂ ਹੋਣੀ ਸ਼ੁਰੂ ਹੋਈ। ਭਾਰਤੀ ਪਰਿਸ਼ਦ ਐਕਟ 1892 (Indian Council Act, 1892) ਨੇ ਕੇਂਦਰੀ ਵਿਧਾਨ ਪਰਿਸ਼ਦ ਅਤੇ ਸੂਬਿਆਂ ਦੀਆਂ ਵਿਧਾਨ ਪਰਿਸ਼ਦਾਂ ਦੇ ਗ਼ੈਰ-ਸਰਕਾਰੀ ਮੈਬਰਾਂ ਦੀ ਗਿਣਤੀ ਵਧਾ ਦਿੱਤੀ ਅਤੇ ਮੈਬਰਾਂ ਨੂੰ ਬਜਟ ਬਾਰੇ ਗੱਲ ਕਰਨ ਤੇ ਕਾਰਜਪਾਲਿਕਾ ਤੋਂ ਸਵਾਲ ਪੁਛਣ ਦੇ ਅਧਿਕਾਰ ਮਿਲ ਗਏ। ਇਸਦੇ ਨਾਲ ਹੀ ਕੇਦਰੀ ਵਿਧਾਨ ਪਰਿਸ਼ਦ ਵਿੱਚ ਵਾਇਸਰਾਏ ਦੁਆਰਾ ਨਾ ਦਫਤਰੀ ਮੈਬਰਾਂ ਨੂੰ ਰਾਜਾਂ ਦੀਆਂ ਵਿਧਾਨ ਪਰਿਸ਼ਦ ਅਤੇ ਬੰਗਾਲ ਚੈਂਬਰ ਆਫ ਕਾਮਰਸ (Bengal Chamber of Commerce) ਦੀ ਸਿਫਾਰਸ ਤੇ ਨਿਯੁਕਤ ਕਰਨ ਦੇ ਅਧਿਕਾਰ ਮਿਲ ਗਏ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਰਾਜਪਾਲ ਨੂੰ ਜ਼ਿਲ੍ਹਾ ਬੋਰਡਾਂ, ਨਗਰਪਾਲਿਕਾ, ਯੂਨੀਵਰਸਿਟੀਆਂ, ਮਜ਼ਦੂਰ ਯੂਨੀਅਨਾਂ ਅਤੇ ਜਿੰਮੀਦਾਰਾਂ ਦੀ ਸਿਫਾਰਸ 'ਤੇ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਮਿਲ ਗਏ, ਪਹਿਲੀ ਵਾਰ ਇਸ ਐਕਟ ਵਿੱਚ ਅਸਿੱਧੇ ਚੋਣ ਤਰੀਕੇ ਦੀ ਵਰਤੋਂ ਹੋਈ। ਲਾਰਡ ਮਾਰਲੇ, ਗ੍ਰਹਿ ਮਾਮਲਿਆਂ (Secretary of the state) ਅਤੇ ਲਾਰਡ ਮਿੰਟੋ, ਵਾਇਸਰਾਏ (Vicerey) ਦੇ ਸਮੇਂ ਭਾਰਤੀ ਪਰਿਸ਼ਦਾ ਐਕਟ 1909 (Indian Councils act 1909) ਪਾਸ ਹੋਇਆ ਇਸ ਅਨੁਸਾਰ ਕੇਂਦਰੀ ਵਿਧਾਨ ਪਰਿਸਦ ਦੇ ਮੈਬਰਾਂ ਦੀ ਗਿਣਤੀ 16 ਤੋਂ 60 ਹੋ ਗਈ ਅਤੇ ਸੂਬਿਆਂ ਦੀਆਂ ਵਿਧਾਨ ਪਰਿਸ਼ਦ ਦੇ ਦੀ ਗਿਣਤੀ ਵੀ ਵਧਾਈ ਗਈ। ਵਿਧਾਨ ਪਰਿਸਦ ਦੇ ਮੈਬਰਾਂ ਨੂੰ ਪੂਰਕ ਪ੍ਰਸਨ (Supplementary) ਪੁਛਣ ਅਤੇ ਬਜਟ ਤੇ ਮਤਾ ਪਾਸ ਕਰਨ ਦਾ ਅਧਿਕਾਰ ਮਿਲ ਗਿਆ। ਸਤਿੰਦਰ ਪ੍ਰਸ਼ਾਦ ਸਿੰਨਹਾਂ ਪਹਿਲਾ ਭਾਰਤੀ ਸੀ ਜਿਸਨੂੰ ਇਸ ਐਕਟ ਰਾਹੀ ਵਾਈਸਰਾਏ ਦੀ ਕਾਰਜਕਾਰੀ ਪਰਿਸ਼ਦ ਵਿੱਚ ਕਾਨੂੰਨ ਮੈਂਬਰ ਦੇ ਤੌਰ 'ਤੇ ਸਾਮਲ ਕੀਤਾ ਗਿਆ ਇਸ ਐਕਟ ਵਿੱਚ ਪਹਿਲੀ ਵਾਰ ਮੁਸਲਿਮ ਲਈ ਵਿਸ਼ੇਸ਼ ਚੋਣ ਮੰਡਲ ਕਾਨੂੰਨ ਲਿਆਂਦਾ ਗਿਆ। ਭਾਵ ਮੁਸਲਿਮ ਵਿਧਾਨਕਾਰਾਂ ਦੀ ਚੋਣ ਮੁਸਲਿਮ ਲੋਕਾਂ ਦੁਆਰਾ ਹੀ ਕੀਤੀ ਜਾਵੇਗੀ ਇਸ ਲਈ ਲਾਰਡ ਮਿੰਟੋ ਨੂੰ ਧਰਮ ਅਧਾਰਤ ਚੋਣ ਮੰਡਲ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ।

20 ਅਗਸਤ 1917 ਨੂੰ ਸਰਕਾਰ ਨੇ ਬ੍ਰਿਟਿਸ਼ ਭਾਰਤ ਲਈ ਜ਼ਿੰਮੇਵਾਰ ਸਰਕਾਰ ਦੇ ਉਦੇਸ਼ ਨਾਲ ਕਾਨੂੰਨ ਬਨਾਉਣ ਦਾ ਵਾਅਦਾ ਕੀਤਾ ਅਤੇ ਭਾਰਤ ਸਰਕਾਰ ਐਕਟ 1919 (Government of India act 1919) ਦੇ ਅਨੁਸਾਰ ਪਹਿਲੀ ਵਾਰ ਕੇਂਦਰ ਅਤੇ ਸੂਬਿਆਂ ਦੇ ਕਾਨੂੰਨ ਬਣਾਉਣ ਦੇ ਵਿਸ਼ੇ ਅਲੱਗ/ਅਲੱਗ ਕੀਤੇ। ਸੂਬਿਆਂ ਨੂੰ ਮਿਲੇ ਵਿਸ਼ਿਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਬਦਲਵੇਂ (Transferred) ਅਤੇ ਰਾਖਵੇਂ। ਬਦਲਵੇਂ (Transferred) ਤੇ ਰਾਜਪਾਲ, ਮੰਤਰੀ ਦੀ ਸਲਾਹ ਤੇ ਕੰਮ ਕਰਦਾ ਸੀ ਤੇ ਉਹ ਮੰਤਰੀ ਸੂਬੇ ਦੀ ਵਿਧਾਨ ਪਰਿਸ਼ਦ ਨੂੰ ਉਤਰਦਾਈ ਹੁੰਦਾ ਸੀ ਅਤੇ ਰਾਖਵੇਂ ਵਿਸ਼ਿਆਂ ਤੇ ਰਾਜਪਾਲ 'ਤੇ ਉਸਦੀ ਕਾਰਜਕਾਰੀ ਪਰਿਸ਼ਦ ਬਿਨਾਂ ਵਿਧਾਨ ਪਰਿਸ਼ਦ ਨੂੰ ਉਤਰਦਾਈ ਹੋਏ ਕੰਮ ਕਰਦੀ ਸੀ। ਇਸ ਪ੍ਰਨਾਲੀ ਨੂੰ ਦੂਹਰੀ ਸ਼ਾਸਨ ਪ੍ਰਨਾਲ਼ੀ (Dyrchy) ਕਿਹਾ ਜਾਂਦਾ ਹੈ। ਇਸ ਕਾਨੂੰਨ ਰਾਹੀ ਕੇਦਰ ਵਿਧਾਨ ਪਰਿਸ਼ਦ ਨੂੰ ਦੋ ਸਦਨੀ ਵਿਧਾਨ ਪਰਿਸ਼ਦ ਬਣਾ ਦਿਤਾ ਗਿਆ ਉਪਰਲਾ ਸਦਨ (Council of State) ਤੇ ਹੇਠਲਾ ਸਦਨ (Legislative Assembly) ਦੋਹੇਂ ਸਦਨਾਂ ਦੇ ਜ਼ਿਆਦਾਤਰ ਮੈਂਬਰ ਸਿੱਧੇ ਚੋਣਾਂ ਰਾਹੀ ਚੁਣੇ ਜਾਂਦੇ ਹਨ ਅਤੇ ਵਇਸਰਾਏ ਦੀ ਕਾਰਜਕਾਰੀ ਪਰਿਸ਼ਦ ਦੇ 6 ਮੈਬਰਾਂ ਵਿੱਚੋਂ 03 ਮੈਂਬਰ ਭਾਰਤੀ ਬਣਾਏ ਗਏ। ਸਭ ਤੋਂ ਵੱਡੀ ਗੱਲ ਇਸ ਕਨੂੰਨ ਨੇ ਵਿਸ਼ੇਸ਼ ਚੋਣ ਮੰਡਲ ਦਾ ਅਧਿਕਾਰ ਸਿੱਖਾਂ, ਭਾਰਤੀ ਈਸਾਈਆਂ ਐਂਗਲੋ ਭਾਰਤੀਆਂ ਅਤੇ ਯੂਰਪੀਅਨਾਂ ਨੂੰ ਵੀ ਦਿੱਤਾ ਗਿਆ ਅਤੇ ਜਾਇਦਾਦ, ਪੜ੍ਹਾਈ ਅਤੇ ਟੈਕਸ ਭਰਨ ਦੇ ਅਧਾਰ 'ਤੇ ਵੋਟ ਦਾ ਅਧਿਕਾਰ ਦਿੱਤਾ ਗਿਆ। ਕੇਂਦਰੀ ਬਜਟ ਅਤੇ ਸੂਬਿਆ ਦੇ ਬਜਟ ਨੂੰ ਅਲੱਗ ਕਰਕੇ ਸੂਬਿਆਂ ਦੇ ਬਜਟ ਸਬੰਧੀ ਸੂਬਾ ਵਿਧਾਨ ਸਭਾ ਨੂੰ ਅਧਿਕਾਰ ਦਿੱਤੇ ਗਏ। ਇਸ ਐਕਟ ਦੇ 10 ਸਾਲ ਦੇ ਪ੍ਰਬੰਧ ਦੀ ਪੁਣ-ਛਾਣ ਕਰਨ ਲਈ ਨਵੰਬਰ, 1927 ਨੂੰ ਸਰ ਜੌਹਨ ਸਾਈਮਨ (Sirjohn Simon) ਦੀ ਅਗਵਾਈ ਵਿੱਚ 7 ਮੈਂਬਰੀ ਕਮਿਸ਼ਨ ਬਣਾਇਆ ਗਿਆ। ਸਾਰੇ ਮੈਂਬਰ ਬਰਤਾਨੀਆਂ ਦੇ ਹੋਣ ਕਾਰਨ ਭਾਰਤ ਵਿੱਚ ਸਾਰੀਆਂ ਪਾਰਟੀਆਂ ਨੇ ਇਸਦਾ ਬਾਈਕਾਟ ਕੀਤਾ ਇਸ ਕਮਿਸ਼ਨ ਨੇ ਆਪਣੀ ਰਿਪੋਰਟ 1930 ਵਿੱਚ ਦਿੱਤੀ ਅਤੇ ਸਿਫਾਰਸਾਂ ਕੀਤੀਆਂ ਕਿ ਦੋਹਰੀ ਸ਼ਾਸਨ ਪ੍ਰਨਾਲੀ ਖਤਮ ਕਰਕੇ ਸੂਬਿਆਂ ਵਿੱਚ ਜ਼ਿਮੇਵਾਰ ਸਰਕਾਰ ਹੋਵੇ।

- ਬ੍ਰਿਟਿਸ਼ ਭਾਰਤ ਨੂੰ ਸੰਘਾਤਮਕ (Federation) ਬਣਾਇਆ ਜਾਵੇ ਜਿਸ ਵਿੱਚ ਰਾਜਾਸ਼ਾਹੀ ਰਾਜ ਵੀ ਸ਼ਾਮਲ ਹੋਣ
- ਧਰਮ ਦੇ ਅਧਾਰ 'ਤੇ ਵਿਸੇਸ ਚੋਣ ਮੰਡਲ ਵਾਲਾ ਤਰੀਕਾ ਚਲਦਾ ਰੱਖਿਆ ਜਾਵੇ।

ਇਹਨਾਂ ਸਿਫਾਰਸ਼ਾਂ ਲਈ ਬ੍ਰਿਟੇਨ ਸਰਕਾਰ ਨੇ ਭਾਰਤ ਦੀਆਂ ਵੱਖ-ਵੱਖ ਪਾਰਟੀਆਂ ਰਾਜਾਸ਼ਾਹੀ ਰਾਜਾ (Princly states) ਅਤੇ ਵੱਖ -ਵੱਖ ਧਰਮਾਂ ਦੇ ਲੋਕਾਂ ਦੀ ਗੱਲ ਸੁਣਨ ਲਈ ਤਿੰਨ ਗੋਲ ਮੇਜ਼ ਕਾਨਫਰੰਸਾਂ ਕਰਵਾਈਆਂ ਅਤੇ ਇਹਨਾ ਕਾਨਫਰੰਸਾਂ ਦੇ ਅਧਾਰ 'ਤੇ ਸਫੈਦ ਪੰਨਾ (White Paper) ਤੋਂ ਸੰਵਿਧਾਨਿਕ ਸੋਧਾਂ ਕਰਵਾਉਣ ਲਈ ਬ੍ਰਿਟੇਨ ਦੀ ਸੰਸਦ ਵਿੱਚ ਕਮੇਟੀ ਬਣਾਈ ਗਈ ਤਾਂ ਭਾਰਤੀ ਉਪ ਮਹਾਦੀਪ ਦੇ ਹਿੰਦੂ, ਸਿੱਖ, ਮੁਸਲਿਮ, ਇਸਾਈ, ਐਗਲੋਂ ਇੰਡੀਅਨ ਅਤੇ

ਪਛੜੀਆਂ ਜਾਤਾਂ ਦੀ ਗੱਲ ਵਿਸਤਾਰ ਨਾਲ ਲਾਗੂ ਕੀਤੀ ਜਾ ਸਕੇ। ਬ੍ਰਿਟੇਨ ਦੀ ਸਰਕਾਰ ਨੂੰ ਇਸ ਗੱਲ ਦੀ ਸਮਝ ਸੀ ਕਿ ਭਾਰਤੀ ਉਪ ਮਹਾਂਦੀਪ ਉਪਰ ਕਬਜ਼ਾ ਕਰਨ ਸਮੇਂ ਇਥੇ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਵਰਗਾਂ ਰਾਜਿਆਂ ਜਾਂ ਲੋਕਾਂ ਦਾ ਆਪਣੇ ਸੱਭਿਆਚਾਰ ਅਨੁਸਾਰ ਰਾਜ ਚੱਲ ਰਿਹਾ ਸੀ ਭਾਵੇਂ ਉਹਨਾਂ ਵਿੱਚ ਕੁਝ ਤਰੁੱਟੀਆਂ ਅਤੇ ਚੰਗੀਆਈਆਂ ਸੀ ਪਰੰਤੂ ਉਹ ਰਾਜ ਉਸ ਖੇਤਰ ਦੇ ਲੋਕਾਂ ਦਾ ਆਪਣਾ ਸੀ ਇਸ ਲਈ ਬ੍ਰਿਟਿਸ਼ ਸਰਕਾਰ ਨੇ ਸੰਘਾਤਮ ਢਾਂਚੇ ਦੇ ਨਾਲ ਨਾਲ ਬ੍ਰਿਟਿਸ਼ ਭਾਰਤ ਦੀਆਂ ਘੱਟ ਗਿਣਤੀ ਲਈ ਨਵੀਂ ਸਿਫਾਰਸ਼ ਕੀਤੀ ਸਨ 1932 ਵਿੱਚ ਪ੍ਰਧਾਨ ਮੰਤਰੀ ਰਸਮੇ ਮੈਕਡੋਨਾਲਡ (Ramsay Medonold) ਨੇ ਅਗਸਤ ਆਫ਼ਰ (August Offer) ਜਾ ਧਰਮ ਅਧਾਰਿਤ ਚੋਣ ਮੰਡਲ (Comminal award) ਦੇਣ ਸਮੇਂ ਮੁਸਲਿਮ, ਸਿੱਖਾਂ, ਭਾਰਤੀ, ਈਸਾਈਆਂ, ਐਗਲੋ-ਭਾਰਤੀਆਂ ਅਤੇ ਯੂਰੀਪਅਨਾਂ ਦੇ ਨਾਲ - ਨਾਲ ਪਛੜੀਆ ਜਾਤਾਂ (Schedule Castes) ਨੂੰ ਵੀ ਸ਼ਾਮਿਲ ਕਰ ਲਿਆ। ਇਸ ਫ਼ੈਸਲੇ ਨੇ ਮਹਾਤਮਾ ਗਾਂਧੀ ਨੂੰ ਬਹੁਤ ਉਦਾਸ ਕੀਤਾ ਅਤੇ ਉਹਨਾਂ ਇਸ ਫੈਸਲੇ ਦੇ ਵਿਰੋਧ ਵਿੱਚ ਯਰਵਾੜਾ ਜੇਲ੍ਹ ਪੂਨਾ ਵਿਖੇ ਮਰਨ ਵਰਤ ਸ਼ੁਰੂ ਕਰ ਲਿਆ। ਡਾ ਬੀ. ਆਰ. ਅੰਬਦੇਕਰ ਪਛੜੀਆਂ ਜਾਤਾਂ ਲਈ ਅਲੱਗ ਚੋਣ ਮੰਡਲ ਦੇ ਹੱਕ ਵਿੱਚ ਸਨ ਪਰੰਤੂ ਮਹਾਤਮਾ ਗਾਂਧੀ ਅਤੇ ਬਾਕੀ ਕਾਂਗਰਸ ਲੀਡਰਾਂ ਨੂੰ ਪਤਾ ਸੀ ਕਿ ਪਛੜੀਆਂ ਸ਼੍ਰੇਣੀਆਂ ਲਈ ਅੱਲਗ ਚੋਣ ਮੰਡਲ ਨਾਲ ਹਿੰਦੂ ਬਹੁ - ਗਿਣਤੀ ਖਤਮ ਹੋ ਜਾਵੇਗੀ ਇਸ ਲਈ ਪੂਰੇ ਭਾਰਤ ਵਿੱਚ ਪਛੜੀਆਂ ਸ਼੍ਰੇਣੀਆਂ ਦੇ ਲੀਡਰਾਂ ਉਪਰ ਗਾਂਧੀ ਜੀ ਦੀ ਮਰਨ - ਵਰਤ ਨਾਲ ਮੌਤ ਦੀ ਜ਼ਿੰਮੇਵਾਰੀ ਦਾ ਡਰ ਬਣਾਇਆ ਗਿਆ ਅੰਤ ਨੂੰ ਪਛੜੀਆਂ ਸ਼੍ਰੇਣੀਆਂ ਦੇ ਲੀਡਰਾਂ ਨੇ ਕਾਗਰਸੀ ਲੀਡਰਾਂ ਨਾਲ ਸਮਝੌਤਾ ਕਰ ਲਿਆ ਅਤੇ ਫੈਸਲਾ ਕੀਤਾ ਗਿਆ ਕਿ ਪਛੜੀਆਂ ਸ਼੍ਰੇਣੀਆਂ ਨੂੰ ਸਾਂਝੇ ਹਿੰਦੂ ਚੋਣ- ਮੰਡਲ ਦੇ ਵਿੱਚੋਂ ਵੀ ਪਛੜੀਆਂ ਸ਼੍ਰੇਣੀਆਂ ਦੇ ਹੱਕ ਰਾਖਵੇਂ ਰੱਖੇ ਜਾਣਗੇ। ਡਾ. ਬੀ. ਆਰ. ਅੰਬੇਦਕਰ ਜੀ ਨੂੰ ਮਜਬੂਰੀ ਵਸ ਇਹ ਫ਼ੈਸਲਾ ਮੰਨਣਾ ਪਿਆ ਜਿਸਨੂੰ ਪੂਨਾ ਪੈਕਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਪੈਕਟ ਨੇ ਭਾਰਤ ਦੀ ਰਾਜਨੀਤੀ ਵਿੱਚ ਰਾਖਵਾਂਕਰਨ ਦਾ ਮੁੱਢ ਬੰਨ੍ਹਿਆ। ਬ੍ਰਿਟਿਸ਼ ਭਾਰਤ ਦੀ ਸਰਕਾਰ ਨੇ 10 ਅਨੁਸੂਚੀਆਂ ਅਤੇ 321 ਧਾਰਵਾਂ ਵਾਲਾ ਭਾਰਤ ਸਰਕਾਰ ਐਕਟ 1935 (Government of India act 1935) ਲਾਗੂ ਕੀਤਾ ਗਿਆ ਜਿਸਨੇ ਸੰਘ ਅਤੇ ਸੂਬਿਆਂ ਦੇ ਵਿੱਚ ਸੰਸਦੀ ਸ਼ਾਸਨ ਪ੍ਰਨਾਲੀ ਨੂੰ ਪੂਰਾ ਸਥਾਨ ਪ੍ਰਚਲਤ ਕਰ ਦਿੱਤਾ ਇਸਨੇ ਬ੍ਰਿਟਿਸ਼ ਭਾਰਤ ਨੂੰ ਸਰਵ ਭਾਰਤੀ ਸੰਘ ਬਣਾ ਦਿੱਤਾ ਅਤੇ ਸੂਬਿਆਂ 'ਤੇ ਰਿਆਸਤਾਂ ਨੂੰ ਵਿੱਚ ਵੰਡ ਕੇ ਕਾਨੂੰਨ ਬਣਾਉਣ ਦੇ ਵਿਸ਼ਿਆਂ ਸਬੰਧੀ ਤਿੰਨ ਸੂਚੀਆਂ ਬਣਾ ਦਿੱਤੀਆਂ ਸੰਘ ਸੂਚੀ 59 ਵਿਸ਼ੇ, ਸੂਬਾ ਸੂਚੀ 54 ਵਿਸ਼ੇ ਅਤੇ ਸਾਂਝੀ ਸੂਚੀ ਵਿੱਚ 36 ਵਿਸ਼ੇ ਰੱਖੇ ਗਏ। ਬਚੀਆਂ ਤਾਕਤਾਂ ਵਾਇਸਰਾਏ ਨੂੰ ਦਿੱਤੀਆਂ ਗਈਆਂ ਪਰੰਤੂ ਰਿਆਸਤਾਂ ਦੇ ਨਾਂ ਇਸਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਕਾਨੂੰਨ ਰਾਹੀਂ ਦੂਹਰੀ ਸ਼ਾਸਨ ਪ੍ਰਨਾਲੀ ਸੂਬਿਆਂ ਵਿੱਚੋਂ ਖਤਮ ਕਰਕੇ ਸੂਬਿਆਂ ਨੂੰ ਖੁਦਮੁਖਤਿਆਰੀ ਦਿੱਤੀ ਗਈ ਅਤੇ ਸੰਸਦੀ ਪ੍ਰਣਾਲੀ ਦੀ ਤਰਜ਼ 'ਤੇ ਗਵਰਨਰ ਨੂੰ ਕੋਈ ਵੀ ਫ਼ੈਸਲਾ ਲੈਣ ਲਈ ਮੰਤਰੀਆਂ ਦੀ ਸਲਾਹ ਲੈਣੀ ਜ਼ਰੂਰੀ ਸੀ ਉਹ ਮੰਤਰੀ ਸੂਬੇ ਦੀ ਵਿਧਾਨਪਾਲਿਕਾ ਪ੍ਰਤੀ ਜਵਾਬਦੇਹ ਸਨ। ਇਸਨੇ 11 ਸੂਬਿਆਂ ਵਿੱਚੋਂ 6 ਸੂਬਿਆਂ ਵਿੱਚ ਦੋ ਸਦਨੀ ਵਿਧਾਨ ਮੰਡਲ ਬਣਾ ਦਿੱਤੇ ਜਿਸ ਵਿੱਚ ਬੰਗਾਲ, ਬੰਬੇ, ਮਦਰਾਸ, ਬਿਹਾਰ, ਅਸਾਮ ਅਤੇ ਉਤਰ ਪੱਛਮੀ ਸੂਬੇ ਵਿੱਚ ਉਪਰਲਾ ਸਦਨ ਤੇ ਹੇਠਲਾ ਸਦਨ ਬਣਾ ਦਿੱਤਾ ਗਿਆ। ਪਛੜੀਆਂ ਸ਼੍ਰੇਣੀਆਂ ਦੇ ਨਾਲ ਨਾਲ ਔਰਤਾਂ ਅਤੇ ਮਜ਼ਦੂਰਾਂ ਲਈ ਵੀ ਵਿਸ਼ੇਸ਼ ਚੋਣ ਮੰਡਲ ਬਨਾਉਣ ਲਈ ਸਿਫ਼ਾਰਸ਼ ਕੀਤੀ ਗਈ। ਇਸਨੇ ਪਰਿਸ਼ਦਾਂ ਨੂੰ ਖਤਮ ਕਰਕੇ 10% ਲੋਕਾਂ ਨੂੰ ਵੋਟਾਂ ਦਾ ਹੱਕ ਦੇ ਦਿੱਤਾ। 20 ਫਰਵਰੀ, 1947 ਨੂੰ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕਲੀਮੇਂਟ ਏਟਲੀ (Clement Atlee) ਨੇ ਐਲਾਨ ਕਰ ਦਿੱਤਾ ਕਿ 30 ਜੂਨ, 1948 ਨੂੰ ਬ੍ਰਿਟਿਸ ਰਾਜ ਭਾਰਤ ਵਿੱਚੋਂ ਖ਼ਤਮ ਕਰਕੇ ਜ਼ਿੰਮੇਵਾਰੀ ਹੱਥਾਂ ਵਿੱਚ ਸੱਤਾ ਸੌਂਪ ਦਿੱਤੀ ਜਾਵੇਗੀ। ਇਸਦੇ ਨਾਲ-ਨਾਲ ਭਾਰਤ ਵਿੱਚ ਇੱਕ ਬਹਿਸ ਚੱਲ ਰਹੀ ਸੀ ਕਿ ਭਾਰਤ ਸਾਰੇ ਵਰਗ ਦੇ ਲੋਕਾਂ ਲਈ ਇੱਕ ਸਾਂਝਾ ਸੰਘ ਬਣੇਗਾ ਜਿਸ ਵਿੱਚ ਸੂਬਿਆਂ ਲਈ ਖੁਦਮੁਖਤਿਆਰੀ ਹੋਵੇ ਜਾਂ ਫਿਰ ਇੱਕ ਇਕਾਤਮਕ ਵਿਸ਼ੇਸ਼ਤਾ ਵਾਲਾ ਢਾਂਚਾ ਉਸਾਰਿਆ ਜਾਵੇਗਾ ਭਾਵ ਘੱਟ ਗਿਣਤੀਆਂ ਦੀ ਕਿਸਮਤ ਦਾ ਫੈਸਲੇ ਸਬੰਧੀ ਲੰਬੀ ਬਹਿਸ ਚੱਲ ਰਹੀ ਸੀ। ਉਸ ਸਮੇ ਪੰਜਾਬੀ ਅਤੇ ਬੰਗਾਲੀ ਸੱਭਿਆਚਰ ਦੇ ਲੋਕ ਹਰ ਪੱਖੀ ਸਰਕਾਰ ਵਿੱਚ ਮੋਹਰੀ ਸਨ ਪਰ ਅੰਗਰੇਜਾ ਨੇ ਸ਼ੁਰੂ ਤੋਂ ਢਾਂਚਾ ਹਿੰਦੀ ਤੇ ਉਰਦੂ ਦੇ ਹਿਸਾਬ ਨਾਲ ਉਪਾਰਿਆ ਸੀ ਇਸ ਲਈ ਹੁਕਮਤ ਵੱਲੋਂ ਪੰਜਾਬ ਅਤੇ ਬੰਗਾਲ ਕੌਮਾਂ ਦੇ ਖਿਤਿਆ ਦੀ ਧਰਮ ਦੇ ਅਧਾਰ ਤੇ ਵੰਡ ਕਰਨ ਦੀ ਬਿਉਂਤ ਬਣਾਈ ਗਈ। ਸਮੇ ਦਾ ਰੁੱਖ ਦੇਖਦੇ ਹੋਏ ਮੁਸਲਿਮ ਲੀਗ ਨੇ ਅਲੱਗ ਦੇਸ ਦੀ ਮੰਗ ਕੀਤੀ ਪ੍ਰੰਤੂ 3 ਜੂਨ, 1947 ਨੂੰ ਦੇਸ ਦੀ ਵੰਡ ਉਸ ਜਗਾਂ ਤੋਂ ਕਰਨ ਦਾ ਫ਼ੈਸਲਾ ਕੀਤਾ ਗਿਆ ਜਿਥੇ ਨਾ ਕਾਂਗਰਸ ਅਤੇ ਨਾ ਹੀ ਮੁਸਲਿਮ ਲੀਗ ਦੀ ਸਰਕਾਰ ਸੀ ਭਾਵ ਪੰਜਾਬ ਅਤੇ ਬੰਗਾਲ ਨੂੰ ਧਰਮ ਦੇ ਅਧਾਰਿਤ ਤੇ ਵੰਡਣ ਦਾ ਫ਼ੈਸਲਾ ਕੀਤਾ ਗਿਆ ਜੋ ਪੰਜਾਬ ਦੇ ਸਿੱਖਾਂ ਲਈ ਮਾਰੂ ਸਿੱਧ ਹੋਇਆ। ਭਾਰਤੀ ਅਜ਼ਾਦੀ ਐਕਟ 1947 ਦੇ ਅਨੁਸਾਰ ਭਾਰਤ 15 ਅਗਸਤ 1947 ਨੂੰ ਅਜ਼ਾਦ ਹੋਇਆ ਅਤੇ ਭਾਰਤ ਦੀ ਵੰਡ ਕਰਕੇ ਪਾਕਿਸਤਾਨ ਅਤੇ ਭਾਰਤ ਦੋ ਦੇਸ਼ ਬਣੇ ਇਸ ਐਕਟ ਨੇ ਦੋਵੇ ਦੇਸਾਂ ਨੂੰ ਆਪੋ ਆਪਣੇ ਦੇਸ ਵਿੱਚ ਸੰਵਿਧਾਨ ਸਭਾਵਾਂ ਬਣਾ ਕੇ ਸੰਵਿਧਾਨ ਬਨਾਉਣ ਦੀ ਆਗਿਆ ਦਿੱਤੀ ਅਤੇ ਭਾਰਤੀ ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਕਿਸੇ ਵੀ ਦੇਸ ਨੂੰ ਅਪਣਾਉਣ ਦੀ

ਖੁੱਲ ਦਿੱਤੀ ਗਈ। ਇਸ ਤਰ੍ਹਾਂ ਸੰਸਦੀ ਪ੍ਰਨਾਲੀ ਦਾ ਭਾਰਤ ਵਿੱਚ ਸਮੇ ਅਤੇ ਹਾਲਤਾਂ ਅਨੁਸਾਰ ਵਿਕਾਸ ਹੋਇਆ। ਸੰਵਿਧਾਨ ਸਭਾ ਵਿੱਚ ਜਦੋਂ ਪ੍ਰਧਾਨਗੀ ਸ਼ਾਸਨ ਪ੍ਰਨਾਲ਼ੀ ਅਤੇ ਸੰਸਦੀ ਸ਼ਾਸਨ ਪ੍ਰਨਾਲ਼ੀ ਅਪਨਾਉਣ ਦੀ ਗੱਲ ਹੋਈ ਤਾਂ ਡਾ ਅੰਬੇਦਕਰ ਜੀ ਨੇ ਬ੍ਰਿਟਿਸ਼ ਅਤੇ ਸਵਿਸ (Switzerland) ਪ੍ਰਨਾਲ਼ੀਆਂ ਦੀ ਵਧੇਰੇ ਸਥਿਰਤਾ ਬਾਰੇ ਗੱਲ ਕਰਦਿਆਂ ਕਿਹਾ "ਸਵਿਸ ਅਤੇ ਅਮਰੀਕਾ ਦੀਆਂ ਪ੍ਰਨਾਲੀਆਂ ਵਧੇਰੇ ਸਥਿਰਤਾ ਦਿੰਦੀਆਂ ਹਨ ਪਰ ਜਿੰਮੇਵਾਰੀ ਘੱਟ ਦੂਜੇ ਪਾਸੇ ਬ੍ਰਿਟਿਸ਼ ਪ੍ਰਣਾਲੀ ਜਿਆਦਾ ਜਿੰਮੇਵਾਰੀ ਦਿੰਦੀ ਹੈ ਪਰ ਸਥਿਰਤਾ ਘੱਟ, ਵਿਧਾਨਪਾਲਿਕਾ ਲਈ ਸੰਸਦੀ ਪ੍ਰਣਾਲੀ ਦੀ ਚੋਣ ਜ਼ਿੰਮੇਵਾਰੀ ਅਤੇ ਸਥਿਰਤਾ ਦੇ ਤੱਥਾਂ ਤੇ ਨਿਰਭਰ ਕਰਦੀ ਹੈ ਕਿਉਂਕਿ ਪ੍ਰਧਾਨਗੀ ਪ੍ਰਨਾਲੀ ਵਿੱਚ ਕਾਰਜਪਾਲਿਕਾ ਦਾ ਮੁੱਖੀ ਸੰਸਦ ਤੋਂ ਸੁਤੰਤਰ ਹੋਣ ਕਾਰਨ ਵਿਧਾਨਪਾਲਿਕਾ ਪ੍ਰਤੀ ਜਵਾਬਦੇਹ ਨਹੀ ਹੁੰਦਾ ਜਦੋਂ ਕਿ ਸੰਸਦੀ ਕਾਰਜਪਾਲਿਕਾ ਸੰਸਦ ਵਿੱਚ ਬਹੁਮਤ ਦੇ ਲਈ ਵਿਧਾਨਪਾਲਿਕਾ ਸਾਹਮਣੇ ਵਧੇਰੇ ਜਿੰਮੇਵਾਰ ਹੁੰਦੀ ਹੈ।" ਡਾ. ਅੰਬੇਦਕਰ ਭਾਵੇਂ ਭਾਰਤ ਦੇ ਹਾਲਤਾਂ ਅਤੇ ਭਿੰਨਤਾਵਾਂ ਕਰਕੇ ਵਧੇਰੇ ਲੋਕਾ ਦਾ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਸੰਸਦੀ ਪ੍ਰਣਾਲੀ ਦੇ ਹੱਕ ਵਿੱਚ ਸੀ ਪਰੰਤੂ ਪ੍ਰਧਾਨਗੀ ਪ੍ਰਣਾਲੀ ਦੇ ਵਿਰੋਧ ਵਿੱਚ ਨਹੀ ਸੀ ਇਸਦੇ ਉਲਟ ਜਵਾਹਰ ਲਾਲ ਨਹਿਰੂ ਅਤੇ ਹੋਰ ਕਾਂਗਰਸੀ ਲੀਡਰ ਮਜ਼ਬੂਤ ਕੇਦਰ ਅਤੇ ਸੰਸਦੀ ਪ੍ਰਨਾਲੀ ਦੇ ਹੱਕ ਵਿੱਚ ਸਨ ਜਿਸ ਕਰਕੇ ਸਾਰੀ ਸੰਵਿਧਾਨ ਸਭਾ ਨੇ ਇਸ ਫੈਸਲੇ ਨੂੰ ਮੰਨ ਲਿਆ ਗਿਆ ਜ਼ਿਕਰਯੋਗ ਹੈ ਕਿ ਸੰਸਦੀ ਪ੍ਰਨਾਲੀ ਅਪਣਾਉਣ ਸਬੰਧੀ ਸੰਵਿਧਾਨ ਸਭਾ ਵਿੱਚ ਵੋਟਿੰਗ ਨਹੀ ਹੋਈ। ਉਪਰੋਕਤ ਕੀਤੀ ਵਿਆਖਿਆ ਤੋ ਅਸੀ ਸਮਝ ਸਕਦੇ ਹਾਂ ਕਿ ਬ੍ਰਿਟੇਸ ਦੁਆਰਾ ਭਾਰਤ ਦੇ ਹਾਲਤਾ ਅਨੁਸਾਰ ਇਥੇ ਸੰਸਦੀ ਪ੍ਰਣਾਲੀ ਲਾਗੂ ਕੀਤੀ ਗਈ ਜਿਸਨੂੰ ਸਾਡੇ ਸੰਵਿਧਾਨ ਦੀ ਰਚਨਹਾਰਿਆਂ ਨੇ ਅਜ਼ਾਦੀ ਤੋਂ ਬਾਅਦ ਵੀ ਸੰਸਦੀ ਪ੍ਰਨਾਲੀ ਨੂੰ ਅਪਣਾਇਆ। ਭਾਰਤ ਵਿੱਚ ਰਿਆਸਤਾਂ ਨੂੰ ਜਦੋਂ ਸ਼ਾਮਿਲ ਕੀਤਾ ਗਿਆ ਤਾਂ ਰਿਆਸਤਾਂ ਦੇ ਸ਼ਾਸਕਾਂ ਨੂੰ ਨਾ ਮਾਤਰ ਕਾਰਜਪਾਲਿਕਾ ਦੇ ਤੌਰ ਤੇ ਸੂਬਿਆ ਵਿੱਚ ਗਵਰਨਰ ਨਿਯੁਕਤ ਕਰ ਦਿੱਤਾ ਗਿਆ ਇਸ ਲਈ ਹੌਲੀ-ਹੌਲੀ ਰਿਆਸਤਾਂ ਭਾਰਤ ਵਿੱਚ ਸਾਮਿਲ ਵੀ ਹੁੰਦੀਆਂ ਗਈਆਂ ਅਤੇ ਰਾਜੇ ਸੰਵਿਧਾਨਿਕ ਮੁਖੀ ਬਣਨ ਲਈ ਮੰਨ ਵੀ ਗਏ।

ਭਾਰਤੀ ਸੰਸਦੀ ਪ੍ਰਨਾਲੀ ਵਿੱਚ ਦੋਸ਼ (Defects in Indian Parliamentry System) : ਭਾਰਤ ਦੀ ਅਜ਼ਾਦੀ ਤੋਂ ਬਾਅਦ ਸੰਵਿਧਾਨ ਘਾੜਨੀ ਸਭਾ ਨੇ ਉਹੀ ਪ੍ਰਨਾਲੀ ਅਪਣਾਈ ਜੋ ਅੰਗਰੇਜ਼ਾਂ ਦੁਆਰਾ ਲਾਗੂ ਕੀਤਾ ਗਿਆ ਸੀ ਇਸ ਵਿੱਚ ਸੋਧ ਕਰਕੇ ਕੇਂਦਰ ਨੂੰ ਸਕਤੀਸ਼ਾਲੀ ਅਤੇ ਸੂਬਿਆਂ ਨੂੰ ਸੀਮਿਤ ਸ਼ਕਤੀਆਂ ਦਿੱਤੀਆਂ ਗਈਆਂ ਵੱਖ-ਵੱਖ ਵਰਗਾਂ ਅਤੇ ਖੇਤਰਾਂ ਵਿੱਚ ਵਿਕਾਸ ਉਸ ਕਿਸਮ ਦਾ ਨਹੀ ਹੋ ਸਕਿਆ ਜੋ ਹੋਣਾ ਚਾਹੀਦਾ ਸੀ ਅਤੇ ਸੰਸਦੀ ਸ਼ਾਸਨ ਪ੍ਰਨਾਲੀ ਉਸ ਕਿਮਸ ਦਾ ਪ੍ਰਭਾਵ ਭਾਰਤ ਵਿੱਚ ਨਹੀ ਪਾ ਸਕੀ ਜਿਸ ਕਿਸਮ ਦਾ ਪ੍ਰਭਾਵ ਅਤੇ ਵਿਕਾਸ ਬ੍ਰਿਟੇਨ ਵਿੱਚ ਹੋਇਆ। ਇਸਦੇ ਕਈ ਕਾਰਨ ਤੇ ਅਥਰ ਹਨ।

- **ਲੋੜੀਦਾ ਵਾਤਾਵਰਨ (Essential Environment) :** ਭਾਰਤੀ ਉਪ ਮਹਾਂਦੀਪ ਦਾ ਹਰ ਖੇਤਰ ਅਪਣੇ ਸੱਭਿਆਚਾਰ ਤੇ ਪ੍ਰੰਪਰਾਵਾਂ ਦੇ ਕਾਰਨ ਕਿਸੇ ਨਾ ਘਰੇਲੂ ਸ਼ਾਸਨ ਪ੍ਰਣਾਲੀ ਅਨੁਸਾਰ ਚਲਦਾ ਰਿਹਾ ਪਰੰਤੂ ਬਰਤਾਨਵੀਂ ਸ਼ਾਸਨ ਸਮੇਂ ਇਸ ਉਪਰ ਸੰਸਦੀ ਸ਼ਾਸਨ ਪ੍ਰਨਾਲੀ ਲਾਗੂ ਕੀਤਾ ਗਿਆ ਅਤੇ ਇਥੋਂ ਹੀ ਜਨਤਾ ਨੇ ਇਸਨੂੰ ਅਪਣਾਇਆ ਵੀ ਪ੍ਰੰਤੂ ਅਨਪੜਤਾ, ਗਰੀਬੀ, ਵੱਧ ਜਨਸੰਖਿਆ, ਵੱਖ ਵੱਖ ਵਰਗਾਂ ਅਤੇ ਸੱਭਿਆਚਾਰਾਂ ਦੇ ਲੋਕ ਹੋਣ ਕਾਰਨ ਭਾਰਤ ਵਿੱਚ ਸੰਸਦੀ ਪ੍ਰਨਾਲੀ ਲਈ ਲੋੜੀਂਦਾ ਵਾਤਾਵਰਨ ਨਹੀ ਬਣ ਸਕਿਆ ਇਸ ਲਈ ਪੂਰੇ ਦੇਸ ਨੂੰ ਪਰਿਵਾਰ ਮੰਨ ਕੇ ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਨਾਲੀ ਵਿੱਚ ਮੌਜੂਦ ਉਣਤਾਈਆਂ ਨੂੰ ਦੂਰ ਕਰਨ ਲਈ ਲੋੜੀਦਾ ਵਾਤਾਵਰਨ ਦੇਣ ਦੀ ਕੋਸਿਸ਼ ਕੀਤੀ ਜਾਵੇ।
- **ਸੰਵਿਧਾਨ ਵਿੱਚ ਤਬਦੀਲੀਆਂ (Many amendments in the constitution) :** ਸ਼ਾਸਨ ਪ੍ਰਨਾਲ਼ੀ ਚਾਹੇ ਕਿੰਨੀ ਵੀ ਚੰਗੀ ਹੋਵੇ ਪ੍ਰੰਤੂ ਜੇਕਰ ਉਸਨੂੰ ਚਲਾਉਣ ਵਾਲੇ ਲੋਕ ਚੰਗੀ ਭਾਵਨਾ ਨਾ ਰੱਖਦੇ ਹੋਣ ਤਾਂ ਸਫ਼ਲ ਨਹੀ ਹੋ ਸਕਦੀ। ਭਾਰਤ ਦੇ ਸੰਵਿਧਾਨ ਵਿੱਚ ਸਮੇਂ ਸਮੇਂ ਤੇ ਸਰਕਾਰਾਂ ਨੇ ਅਪਣੇ ਹਿੱਤਾਂ ਲਈ ਬਹੁਤ ਵਾਰ ਸੋਧ ਕਰ ਦਿੱਤੀ ਹੈ ਇਸ ਲਈ ਸੰਵਿਧਾਨ ਘੜਨ ਵੇਲੇ ਬਣਾਏ ਗਏ ਟੀਚੇ, ਪ੍ਰੰਪਰਾਵਾਂ ਅਤੇ ਨਿਯਮ ਕਨੂੰਨ ਬਦਲਣ ਕਾਰਨ ਸੰਸਦੀ ਪ੍ਰਨਾਲੀ ਅਸਰਦਾਰ ਸਾਬਿਤ ਨਹੀ ਹੋਈ ਇਸ ਲਈ ਜ਼ਰੂਰਤ ਹੈ। ਭਾਰਤ ਦੇ ਲੋਕਾਂ ਦੀ ਮੰਗ ਅਤੇ ਹਾਲਤਾਂ ਅਨੁਸਾਰ ਇਸ ਵਿੱਚ ਲੋੜੀਂਦੀ ਸੋਧ ਕੀਤੀ ਜਾਵੇ।
- **ਘੱਟ ਗਿਣਤੀਆਂ ਨੂੰ ਨਜ਼ਰ ਅੰਦਾਜ਼ ਕਰਨਾ (Ignored the minorites) :** ਬਰਤਾਨਵੀਂ ਰਾਜ ਦੌਰਾਨ ਘੱਟ ਗਿਣਤੀ ਦੇ ਹਿੱਤਾਂ ਦੀ ਪ੍ਰਤੀਨਿਧਤਾ ਲਈ ਅਲੱਗ ਚੋਣ ਮੰਡਲ ਦੀ ਸਿਫਾਰਸ ਕੀਤੀ ਗਈ ਸੀ ਅਤੇ ਸੰਵਿਧਾਨ ਘਾੜ੍ਹਨੀ ਸਭਾ ਵਿੱਚ ਵੀ ਘੱਟ ਗਿਣਤੀਆਂ ਦੇ ਅਧਿਕਾਰ ਸਬੰਧੀ ਕਮੇਟੀ ਬਣਾਈ ਗਈ ਸੀ ਅਤੇ ਸੰਵਿਧਾਨ ਦੇ ਰਚਨ ਹਾਰਿਆਂ ਨੇ ਇਹ ਡਰ ਵਾਰ ਵਾਰ ਜਤਾਇਆ ਸੀ ਕਿ ਸੰਸਦੀ ਪ੍ਰਨਾਲੀ ਵਿੱਚ ਬਹੁ -

ਗਿਣਤੀ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਖਤਰਾ ਸਿੱਧ ਨਾ ਹੋਵੇ ਪਰੰਤੂ ਸਮੇਂ ਸਮੇ ਤੇ ਭਾਰਤ ਵਿੱਚ ਅਜਿਹਾ ਮਹੌਲ ਬਣਿਆ ਕਿ ਘੱਟ ਗਿਣਤੀਆਂ ਦਾ ਕਤਲੇਆਮ ਹੋਇਆ ਅਤੇ ਅਗਲੀਆਂ ਚੋਣਾਂ ਵੇਲੇ ਉਸ ਧਰਤੀ ਨੂੰ ਵੱਡੀ ਪੱਧਰ ਤੇ ਜਿੱਤ ਪ੍ਰਾਪਤ ਹੋਈ ਇਸ ਲਈ ਇਕ ਦੂਸਰੇ ਵਰਗ ਖਿਲਾਫ ਹਿੰਸਾ ਕਰਕ ਵੀ ਸੰਸਦੀ ਸ਼ਾਸਨ ਪ੍ਰਨਾਲੀ ਲਈ ਲੋੜੀਂਦਾ ਵਾਤਾਵਰਨ ਨਹੀ ਬਣ ਸਕਿਆ ਜੋ ਸਿਰਫ ਚੋਣਾਂ ਜਿੱਤਣ ਤੱਕ ਸੀਮਤ ਰਿਹਾ।

- **ਚੰਗੀਆਂ ਪਰੰਪਰਾਵਾ ਦੀ ਘਾਟ (Lack of healthy convention) :** ਕਿਸੇ ਦੇਸ ਦੇ ਸੱਭਿਆਚਾਰ ਵਿੱਚ ਉਥੋਂ ਦੀ ਰਾਜਨੀਤਕ ਪ੍ਰਨਾਲੀ ਦੇ ਸਨਮਾਨ ਵਿੱਚ ਅਜਿਹੀਆਂ ਪ੍ਰੰਪਰਾਵਾਂ ਬਣ ਜਾਂਦੀਆਂ ਹਨ ਕਿ ਭਾਵੇਂ ਕਾਨੂੰਨੀ ਰੂਪ ਵਿੱਚ ਕੋਈ ਗੱਲ ਲੱਗ ਨਾ ਹੋਵੇ ਪ੍ਰੰਤੂ ਲੋਕ ਨੈਤਿਕ ਤੌਰ 'ਤੇ ਉਸ ਗੱਲ ਨੂੰ ਮੰਨ ਕੇ ਕਾਨੂੰਨ ਅਤੇ ਰਾਜਨੀਤਕ ਸੰਸਥਾਵਾਂ ਦਾ ਸਨਮਾਨ ਕਰਦੇ ਹਨ ਉਦਾਹਰਨ ਦੇ ਤੌਰ ਤੇ ਰੇਲ ਮੰਤਰੀ ਹੁੰਦੇ ਹੋਏ ਲਾਲ ਬਹਾਦਰ ਸ਼ਾਸਤਰੀ ਜੀ ਵੇਲੇ ਰੇਲ ਹਾਦਸਾ ਹੋਣ ਤੇ ਹੋਏ ਨੁਕਸਾਨ ਕਾਰਨ ਉਹਨਾ ਅਸਤੀਫਾ ਦੇ ਦਿੱਤਾ ਸੀ ਜੋ ਉਹਨਾਂ ਨੂੰ ਨੈਤਿਕ ਅਤੇ ਭਾਵਨਾਤਮਕ ਤੌਰ 'ਤੇ ਸਹੀ ਲੱਗਦਾ ਸੀ ਪ੍ਰੰਤੂ ਅੱਜ ਕੱਲ ਨੇਤਾਵਾਂ ਵਿੱਚ ਅਜਿਹੀ ਨੈਤਿਕ ਅਤੇ ਪ੍ਰੰਪਰਾਵਾਂ ਦੀ ਘਾਟ ਹੈ ਕਿਉਂਕਿ ਬਹੁਤ ਸਾਰੀਆ ਫੈਸਲੇ ਸ਼ਾਸਨ ਪ੍ਰਨਾਲੀ ਅਤੇ ਦੇਸ ਦੇ ਭਲੇ ਲਈ ਨਿੱਜ ਤੋਂ ਉਪਰ ਉੱਠ ਕੇ ਲੈਣੇ ਪੈਂਦੇ ਹਨ।
- **ਲਟਕਦੀ ਸੰਸਦ ਅਤੇ ਗਠਬੰਧਨਾਂ ਦੀ ਰਾਜਨੀਤੀ (Hung Parliament and Politics and alliance) :** ਤਕ ਦਲ ਨੂੰ ਸਪਸ਼ਟ ਬਹੁਮਤ ਪ੍ਰਾਪਤ ਨਹੀ ਹੁੰਦਾ ਤਾਂ ਇਸਨੂੰ ਲਟਕਦੀ ਸੰਸਦ ਕਿਹਾ ਜਾਂਦਾ ਹੈ ਕਿਉਂਕਿ ਕੋਈ ਵੀ ਪਾਰਟੀ ਸਰਕਾਰ ਨਹੀ ਬਣਾ ਸਕਦੀ ਤਾਂ ਕਈ ਪਾਰਟੀਆਂ ਦੂਸਰੇ ਦਲਾਂ ਨਾਲ ਗਠਬੰਧਨ ਕਰਕੇ ਬਹੁਮਤ ਨਾਲ ਸਰਕਾਰ ਬਣਾ ਲੈਦੀਆਂ ਹਨ ਜਿਸ ਨਾਲ ਲੋਕਾਂ ਦੁਆਰਾ ਵੱਖ-ਵੱਖ ਪਾਰਟੀਆਂ ਨੂੰ ਪਾਈ ਵੋਟ ਦਾ ਮੁੱਲ ਖਤਮ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਹੋ ਸਕਦਾ ਹੈ ਦੋ ਅਜਿਹੀਆਂ ਪਾਰਟੀਆ ਦਾ ਗਠਬੰਧਨ ਹੋ ਜਾਵੇ ਜਿਸਦੇ ਵਿਰੋਧ ਵਿੱਚ ਲੋਕਾ ਨੇ ਵੋਟ ਪਾਈ ਹੋਵੇ। ਬਹੁਤ ਵਾਰ ਦਲ ਭਾਈਵਲ ਦਲਾਂ ਨੂੰ ਗਠਬੰਧਨ ਤੋੜ ਕੇ ਸਰਕਾਰ ਤੋੜ ਦੇਣ ਦੀ ਧਮਕੀ ਦੇ ਕੇ ਅਪਣੇ ਹਿੱਤ ਪੂਰੇ ਕਰ ਲੈਂਦੇ ਹਨ ਜਾਂ ਸਮੇ ਤੋਂ ਪਹਿਲਾਂ ਸਮਰਥਨ ਵਾਪਸ ਲੈ ਕੇ ਸਰਕਾਰ ਤੋੜ ਦਿੰਦੇ ਹਨ ਇਸ ਨਾਲ ਸੰਸਦੀ ਪ੍ਰਨਾਲੀ ਸਹੀ ਰੂਪ ਵਿੱਚ ਕੰਮ ਨਹੀ ਕਰ ਸਕਦੀ।
- **ਬਹੁਦਲੀ ਪ੍ਰਨਾਲੀ ਅਤੇ ਵਿਰੋਧੀ ਧਿਰ (Multi Party System and opposition) :** ਭਾਰਤ ਵਿੱਚ ਬਹੁਤ ਗਿਣਤੀ ਵਿੱਚ ਦਲ ਹੋਣ ਕਾਰਨ ਲੋਕ ਦਲਾਂ ਦੀਆਂ ਨੀਤੀਆਂ ਨਹੀ ਸਮਝ ਸਕਦੇ ਜਿਸ ਕਾਰਨ ਲੋਕਾਂ ਦੀਆਂ ਮੰਗਾਂ ਅਤੇ ਦਲਾਂ ਦੇ ਉਦੇਸ਼ਾਂ ਵਿੱਚ ਰਲ - ਗੱਡ ਹੋ ਜਾਂਦਾ ਹੈ ਦੂਸਰਾ ਇੱਕ ਦਲ ਵੱਲੋ ਬਣਾਈ ਸਰਕਾਰ ਦੀਆਂ ਨੀਤੀਆਂ ਵਿੱਚ ਬਹੁਤ ਹੈ। ਅਲੋਚਨਾ ਕਰਨ ਲਈ ਵਿਰੋਧ ਧਿਰ ਇੱਕ ਜੁੱਟ ਨਹੀ ਕਿਉਂਕਿ ਬਹੁਦਲੀ ਸਰੂਪ ਹੋਣ ਕਾਰਨ ਇਕੱਜੁਟ ਹੋ ਕੇ ਵਿਰੋਧ ਨਹੀ ਕਰ ਸਕਦੇ ਸਗੋਂ ਬਹੁਤ ਵਾਰ ਸਰਕਾਰ ਦੀ ਅਲੋਚਨਾ ਕਰਨ ਦੀ ਥਾਂ ਵਿਰੋਧੀ ਧਿਰ ਵਾਲੇ ਦਲ ਆਪਸ ਵਿੱਚ ਹੀ ਲੜਦੇ ਰਹਿੰਦੇ ਹਨ ਜਿਸ ਕਾਰਨ ਸਰਕਾਰ ਦੀ ਸਾਰਥਕ ਅਲੋਚਨਾ ਨਾ ਹੋਣ ਕਾਰਨ ਭਾਰਤ ਵਿੱਚ ਸੰਸਦੀ ਪ੍ਰਨਾਲੀ ਓਨੀ ਸਫਲ ਨਹੀ ਹੋ ਸਕੀ।
- **ਸੰਸਦ ਦੇ ਸਨਮਾਨ ਵਿੱਚ ਕਮੀ (Decline of the respect of Parliament) :** ਸੰਸਦ ਨੂੰ ਕਨੂੰਨ ਦਾ ਮੰਦਰ ਕਿਹਾ ਜਾਂਦਾ ਹੈ ਕੋਈ ਵੀ ਵਿਅਕਤੀ ਜਾ ਪ੍ਰਤੀਨਿਧੀ ਸੰਸਦ ਵਿੱਚ ਆ ਕੇ ਝੂਠ ਨਹੀਂ ਬੋਲ ਸਕਦਾ ਸਾਰੇ ਕਨੂੰਨਾਂ ਅਤੇ ਲੋਕਤੰਤਰੀ ਸਿਧਾਂਤਾ ਦਾ ਖਿਆਲ ਰੱਖਣਾ ਹਰ ਇੱਕ ਦਾ ਫ਼ਰਜ਼ ਹੈ ਪਰ ਪਿਛਲੇ ਲੰਬੇ ਸਮੇ ਤੋਂ ਭਾਰਤ ਸੰਸਦ ਦਾ ਜੋ ਜਲੂਸ ਸੰਸਦ ਦੇ ਮੈਬਰਾਂ ਨੇ ਕੱਢਿਆ ਹੈ ਉਹ ਦੁਨੀਆ ਵਿੱਚ ਕਿਤੇ ਵੀ ਨਹੀ ਹੋਣਾ। ਸੰਸਦ ਵਿੱਚ ਹਿੰਸਾ, ਗਾਲਾਂ, ਇੱਕ ਦੂਸਰੇ ਦੇ ਧਰਮ ਨੂੰ ਮਾੜਾ ਕਹਿਣਾ ਆਦਿ ਬਹੁਤ ਬੁਰਾ ਵਰਤਾਓ ਕੀਤਾ ਜਾਂਦਾ ਹੈ ਹੱਕ ਸੱਚ ਅਤੇ ਬੋਲਣ ਦੀ ਅਜ਼ਾਦੀ ਦੇਣ ਵਾਲੀ ਇਸ ਸੰਸਥਾ ਵਿੱਚ ਸਚਾਈ ਨੂੰ ਧੱਕੇ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਸਰਕਾਰੀ ਅਤੇ ਵਿਰੋਧੀ ਧਿਰਾਂ ਵਾਲੇ ਅਪਣੇ ਨਿਜੀ ਹਿਤਾਂ ਲਈ ਝੂਠ ਬੋਲਿਆ ਜਾਂਦਾ ਹੈ ਇਸ ਤਰ੍ਹਾਂ ਸੰਸਦ ਦੇ ਸਨਮਾਨ ਦਾ ਪਤਨ ਹੋਣ ਕਾਰਨ ਆਮ ਜਨਤਾ ਦਾ ਇਸ ਸੰਸਥਾ ਅਤੇ ਪ੍ਰਤੀਨਿਧੀਆਂ ਉਪਰ ਵਿਸ਼ਵਾਸ ਘੱਟ ਹੋ ਗਿਆ ਹੈ।
- **ਭ੍ਰਿਸ਼ਟਾਚਾਰ ਅਤੇ ਵਿਧਾਇਕਾਂ ਤੇ ਜਨਤਾ ਦੀ ਘੱਟ ਰੁੱਚੀ (Corruption, Lack of Interest of People and legislatrue) :** ਦਿਨੋ ਦਿਨ ਵੱਧ ਰਹੇ ਭ੍ਰਿਸ਼ਟਾਚਾਰ ਕਾਰਨ ਦੇਸ ਦੀ ਸ਼ਾਸਨ ਪ੍ਰਨਾਲੀ ਵਿੱਚ ਨਿਘਾਰ

ਆ ਰਿਹਾ ਹੈ। ਸ਼ਾਸਨ ਸੱਚ ਤੇ ਨਹੀ ਸਗੋਂ ਨਿੱਜੀ ਹਿੱਤਾਂ ਦੀ ਪੂਰਤੀ ਲਈ ਚਲਾਇਆ ਜਾ ਰਿਹਾ ਹੈ। ਬਹੁਤ ਸਾਰੇ ਲੀਡਰ ਜਾ ਅਫ਼ਸਰ ਜਿਥੇ ਤੱਕ ਵੱਸ ਚਲਦਾ ਹੈ, ਨਿੱਜੀ ਹਿੱਤ ਪੂਰੇ ਕਰਨ ਲਈ ਸਮਾਜ ਅਤੇ ਦੇਸ ਦੇ ਹਿੱਤਾਂ ਨੂੰ ਵਾਰ ਦਿੰਦੇ ਹਨ ਸੁਤੰਤਰਤਾ ਅੰਦੋਲਨ ਅਤੇ ਦੇਸ ਭਗਤੀ ਦੀ ਭਾਵਨਾ ਦੇ ਆਦਰਸ਼ਾਂ ਦਾ ਪਤਨ ਸੰਸਦੀ ਪ੍ਰਨਾਲੀ ਲਈ ਖਤਰਾ ਹੈ ਇਸਦੇ ਨਾਲ ਹੀ ਜਨਤਾ ਦੁਆਰਾ ਆਪਣੀ ਮੰਗਾਂ ਸਰਕਾਰ ਤੱਕ ਲੈ ਕੇ ਜਾਣ ਲਈ ਜਿਨ੍ਹਾ ਵਿਧਾਇਕਾਂ ਜਾਂ ਪ੍ਰਤੀਨਿਧੀਆਂ ਦੀ ਚੋਣ ਕੀਤੀ ਜਾਂਦੀ ਹੈ ਉਹ ਕਾਨੂੰਨ ਬਨਾਉਣ ਜਾ ਸੰਸਦ ਵਿੱਚ ਬਹਿਸ ਕਰਨ ਵਿੱਚ ਰੁੱਚੀ ਹੀ ਨਹੀ ਰੱਖਦੇ। ਅਨਪੜ੍ਹਤਾ ਅਤੇ ਸ਼ਾਸਨ, ਨਿਯਮ ਕਨੂੰਨਾਂ ਦੀ ਘੱਟ ਜਾਣਕਾਰੀ ਹੋਣ ਕਾਰਨ ਲੋਕਾ ਦੀ ਨੂੰ ਨੁਮਾਇਦਗੀ ਇਮਾਨਦਾਰੀ ਅਤੇ ਦ੍ਰਿੜ ਮਨ ਨਾਲ ਨਹੀ ਹੋ ਸਕਦੀ।

ਇਸ ਤਰ੍ਹਾਂ ਅਸੀ ਸਮਝ ਸਕਦੇ ਹਾਂ ਕਿ ਸੰਸਦੀ ਪ੍ਰਨਾਲੀ ਵਿੱਚ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚਾਲ਼ੇ ਗੂੜ੍ਹਾ ਸਬੰਧ ਹੁੰਦਾ ਹੈ। ਬਰਤਾਨਵੀਂ ਸ਼ਾਸਨ ਦੇ ਸਮੇ ਤੋਂ ਹੀ ਹੌਲੀ ਹੌਲੀ ਸੰਸਦੀ ਪ੍ਰਨਾਲ਼ੀ ਦੀਆਂ ਸੰਸਥਾਵਾਂ ਦੇਸ ਉਪਰ ਲਾਗੂ ਹੋਣ ਕਾਰਨ ਅਤੇ ਦੇਸ ਦੀਆਂ ਭਿੰਨਤਾਵਾਂ ਦੇ ਅਧਾਰ 'ਤੇ ਹਰ ਵਰਗ ਨੂੰ ਸਰਕਾਰ ਵਿੱਚ ਨੁਮਾਇੰਦਗੀ ਦੇਣ ਕਾਰਨ ਸੰਸਦੀ ਪ੍ਰਨਾਲੀ ਦੀ ਚੋਣ ਕੀਤੀ ਗਈ ਤਾਂ ਜੋ ਸਥਾਪਤੀ ਦੇ ਨਾਲੋ ਜ਼ਿੰਮੇਵਾਰੀ ਨੂੰ ਪਹਿਲ ਦਿੱਤੀ ਜਾਵੇ ਭਾਵੇਂ ਭਾਰਤ ਦੀ ਸੰਸਦੀ ਪ੍ਰਨਾਲੀ ਵਿੱਚ ਬਹੁਤ ਤਰੁੱਟੀਆਂ ਹਨ ਪ੍ਰੰਤੂ ਅਸੀ 75 ਸਾਲ ਦਾ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਪ੍ਰਾਪਤ ਕਰ ਚੁੱਕੇ ਹਾਂ। ਤਰੁੱਟੀਆਂ ਨੂੰ ਦੂਰ ਕਰਕੇ ਸਾਂਝ ਅਤੇ ਇਮਾਨਦਾਰੀ ਦੇ ਅਧਾਰ ਤੇ ਇਸ ਪ੍ਰਨਾਲੀ ਨੂੰ ਹੋਰ ਵੀ ਕਾਰਗਰ ਬਣਾਇਆ ਜਾ ਸਕਦਾ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਭਾਰਤ ਵਿੱਚ ਨਾਮਾਤਰ ਕਾਰਜਪਾਲਿਕਾ ਦਾ ਮੁਖੀ ਕੌਣ ਹੈ ?

(i) ਪ੍ਰਦਾਨ ਮੰਤਰੀ (ii) ਰਾਸ਼ਟਰਪਤੀ

(iii) ਲੋਕ ਸਭਾ ਦਾ ਸਪੀਕਰ (iv) ਉਪਰਾਸ਼ਟਰਪਤੀ

ਅ. ਭਾਰਤ ਵਿੱਚ ਸਰਵ ਉੱਚ ਸ਼ਕਤੀ ਕਿਸ ਕੋਲ ਹੈ ?

(i) ਪ੍ਰਧਾਨ ਮੰਤਰੀ (ii) ਰਸ਼ਟਰਪਤੀ

(iii) ਜਨਤਾ ਕੋਲ (iv) ਰਾਜਪਾਲ

ੲ. ਸੰਸਦੀ ਪ੍ਰਨਾਲੀ ਦੀ ਮੁੱਖ ਵਿਸੇਸ਼ਤਾ ਹੈ ?

(i) ਕਾਰਜਪਾਲਿਕਾ ਵਿਧਾਨ ਪਾਲਿਕਾ ਤੇ ਨਿਰਭਰ

(ii) ਕਾਰਜਪਾਲਿਕਾ ਅਤੇ ਵਿਧਾਨ ਪਾਲਿਕਾ ਵਿਚਕਾਰ ਕੋਈ ਸੰਬੰਧ ਨਹੀਂ

(iii) ਵਿਧਾਨ ਪਾਲਿਕਾ ਦੀ ਕਾਰਜਪਾਲਿਕਾ ਸਾਹਮਣੇ ਜਵਾਬਦੇਹੀ

(iv) ਕੋਈ ਵੀ ਵਿਸ਼ੇਸ਼ਤਾ ਹੈ ਹੀ ਨਹੀਂ

ਸ. ਕਿਸੇ ਵਿਅਕਤੀ ਨੂੰ ਵੱਧ ਤੋਂ ਵੱਧ ਕਿੰਨੇ ਸਮੇਂ ਲਈ ਪ੍ਰਧਾਨ ਮੰਤਰੀ ਦਾ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ ਜੇਕਰ ਉਹ ਸੰਸਦਾ ਦਾ ਮੈਂਬਰ ਨਹੀਂ ਹੈ ?

(i) ਤਿੰਨ ਮਹੀਨੇ (ii) ਇੱਕ ਸਾਲ

(iii) ਪੰਜ ਸਾਲ (iv) ਛੇ ਮਹੀਨੇ

ਹ. ਬ੍ਰਿਟੇਨ ਵਿੱਚ ..... ਸ਼ਾਸਨ ਪ੍ਰਨਾਲੀ ਹੈ।

ਕ. ਸੰਸਦੀ ਸ਼ਾਸਨ ਪ੍ਰਨਾਲੀ ਵਿੱਚ ਰਾਜਨੀਤਕ ਕਾਰਜਪਾਲਿਕਾ ਦਾ ਕਾਰਜਕਾਲ ..... ਹੁੰਦਾ ਹੈ।

ਖ. ਭਾਰਤ ਵਿੱਚ ਅਸਲੀ ਕਾਰਜਪਲਿਕਾ ..... ਹੁੰਦਾ ਹੈ।

ਗ. ਸੰਸਦ ਦਾ ਉਪਰਲਾ ਸਦਨ ..... ਸਰਕਾਰਾਂ ਦੀ ਨੁਮਾਇਦਗੀ ਕਰਦਾ ਹੈ।

ਘ. ਸੰਸਦੀ ਸਰਕਾਰ ਵਿੱਚ ਮੰਤਰੀ ਮੰਡਲ ਦੀ ਕੋਈ ਜਵਾਬਦੇਹੀ ਨਹੀਂ ਹੁੰਦੀ। (ਠੀਕ/ਗਲਤ)

ਙ. ਵਿਧਾਨਪਲਿਕਾ ਦੇ ਮੈਬਰ ਕਾਰਜਪਾਲਿਕਾ ਦਾ ਹਿੱਸਾ ਸੰਸਦੀ ਪ੍ਰਣਾਲੀ ਵਿੱਚ ਬਣ ਸਕਦੇ ਹਨ। (ਠੀਕ/ਗਲਤ)

ਚ. ਸੰਸਦੀ ਪ੍ਰਨਾਲੀ ਵਿੱਚ ਰਾਜਪਾਲ ਦੀ ਚੋਣ ਕੀਤੀ ਜਾਂਦੀ ਹੈ? (ਠੀਕ/ਗਲਤ)

ਛ. ਸੰਸਦੀ ਪ੍ਰਨਾਲੀ ਵਿੱਚ ਰਾਜਨੀਤਕ ਕਾਰਜਪਾਲਿਕਾ ਦੀਆਂ ਕਿਸਮਾ ਲਿਖੋ ?

ਜ. ਭਾਰਤ ਵਿੱਚ ਮੰਤਰੀ ਪ੍ਰੀਸਦ ਦੀ ਵੱਧ ਤੋਂ ਵੱਧ ਗਿਣਤੀ ਸੰਬੰਧ ਦੀ ਉਪਬੰਧ ਕੀਤਾ ਗਿਆ ਹੈ ?

ਝ. ਕੀ ਭਾਰਤ ਵਿੱਚ ਵੀ ਬ੍ਰਿਟੇਨ ਵਾਂਗ ਸੰਸਦ ਦੀ ਸਰਵਉਚਤਾ ਹੈ ?

ਞ. ਭਾਰਤ ਵਿੱਚ ਸੰਸਦ ਪ੍ਰਣਾਲੀ ਦਾ ਕੋਈ ਇੱਕ ਦੋਸ਼ ਲਿਖੋ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ।

ੳ. ਨਾ-ਮਾਤਰ ਕਾਰਜਪਲਿਕਾ ਤੋਂ ਕੀ ਭਾਵ ਹੈ ?

ਅ. ਸੰਸਦੀ ਪ੍ਰਣਾਲੀ ਵਾਲੇ ਚਾਰ ਦੇਸ਼ਾਂ ਦੇ ਨਾਮ ਲਿਖੋ।

ੲ. ਮੰਤਰੀ ਮੰਡਲ ਦੀ ਸਮੂਹਿਕ ਜਿੰਮੇਵਾਰੀ ਤੋਂ ਤੁਹਾਡਾ ਕੀ ਭਾਵ ਹੈ ?

ਸ. ਧਰਮ ਅਧਾਰਿਤ ਚੋਣ ਮੰਡਲ ਤੋਂ ਕੀ ਭਾਵ ਹੈ ?

ਹ. ਦੂਹਰੀ ਸ਼ਾਸਨ ਪ੍ਰਣਾਲੀ ਤੋਂ ਕੀ ਭਾਵ ਹੈ ?

ਕ. ਭਾਰਤ ਸਰਕਾਰ ਐਕਟ 1919 ਦੇ ਚਾਰ ਮੁਦੇ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਭਾਰਤ ਵਿੱਚ ਸੰਸਦੀ ਪ੍ਰਨਾਲੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

ਅ. ਭਾਰਤ ਵਿੱਚ ਬ੍ਰਿਟੇਨ ਨਾਲੋਂ ਸੰਸਦੀ ਪ੍ਰਨਾਲੀ ਦੀਆਂ ਵਿਲੱਖਣਤਾਵਾਂ ਲਿਖੋ।

18

ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਅਤੇ ਆਰਥਿਕ ਤੱਤ

[Social and Economic Factors Influencing Indian Democracy]

ਸਾਬਕਾ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੇ ਸ਼ਬਦਾਂ ਵਿੱਚ "ਲੋਕਤੰਤਰ, ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੈ" ਭਾਵ ਲੋਕਤੰਤਰੀ ਸਰਕਾਰ ਦੀ ਅਜਿਹੀ ਪ੍ਰਨਾਲੀ ਹੈ ਜਿਸ ਵਿੱਚ ਕਨੂੰਨ, ਨੀਤੀਆਂ, ਆਗੂ ਅਤੇ ਹਰ ਤਰ੍ਹਾਂ ਦੇ ਰਾਜ ਅਤੇ ਸਰਕਾਰ ਦੇ ਫੈਸਲੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਲੋਕਾਂ ਵੱਲੋਂ ਲਏ ਜਾਂਦੇ ਹਨ।

ਕਿਸੇ ਵੀ ਖਿੱਤੇ ਵਿੱਚ ਰਾਜ ਕਰ ਰਹੀ ਧਿਰ ਉਸ ਖਿੱਤੇ ਦੇ ਲੋਕਾਂ ਦੁਆਰਾ ਚੁਣੀ ਹੋਈ ਅਤੇ ਉਸੇ ਖਿੱਤੇ ਦੇ ਲੋਕਾਂ ਪ੍ਰਤੀ ਜਵਾਬਦੇਹ ਤੇ ਜ਼ਿੰਮੇਵਾਰ ਹੁੰਦੀ ਹੈ। ਦੇਸ਼ ਦੇ ਸਾਰੇ ਨਾਗਰਿਕਾਂ ਲਈ ਸ਼ਾਸਨ ਪ੍ਰਨਾਲੀ ਵਿੱਚ ਸਹਿਭਾਗਤਾ ਦਾ ਬਰਾਬਰ ਅਧਿਕਾਰ ਅਤੇ ਲੋਕਤੰਤਰੀ ਸਰਕਾਰਾਂ ਵੱਲੋਂ ਲੋਕਾਂ ਦੀ ਸਹਿਮਤੀ (Consent) ਜ਼ਰੂਰੀ ਵੀ ਹੁੰਦੀ ਹੈ। ਲੋਕਾਂ ਦੀਆਂ ਇਛਾਵਾਂ, ਸਹਿਮਤੀ ਅਤੇ ਸਹਿਭਾਗਤਾ ਨੂੰ ਹੀ ਲੋਕਤੰਤਰੀ ਸੰਸਥਾਵਾਂ ਦੁਆਰਾ ਲਾਗੂ ਕੀਤਾ ਜਾਂਦਾ ਹੈ। ਸਾਰੇ ਲੋਕ ਬਾਲਗ – ਮਤ ਅਧਿਕਾਰ ਦੇ ਅਧਾਰ ਤੇ ਆਪਣੇ ਪ੍ਰਤੀਨਿਧੀਆਂ ਨੂੰ ਚੁਣ ਕੇ ਲੋਕਤੰਤਰੀ ਸੰਸਥਾਵਾਂ (ਸੰਸਦ, ਵਿਧਾਨ ਸਭਾ) ਵਿੱਚ ਭੇਜਦੇ ਹਨ ਜੋ ਬਹੁਗਿਣਤੀ ਦੇ ਅਧਾਰ ਤੇ ਸਰਕਾਰ ਦਾ ਨਿਰਮਾਣ ਕਰਦੇ ਹਨ ਅਤੇ ਇਨ੍ਹਾਂ ਸੰਸਥਾਵਾਂ ਦੇ ਰਾਹੀਂ ਹੀ ਲੋਕਾਂ ਪ੍ਰਤੀ ਜ਼ਿੰਮੇਵਾਰ ਹੁੰਦੇ ਹਨ ਭਾਵ ਪ੍ਰਤੀਨਿਧੀ, ਸੰਸਥਾਵਾਂ ਰਾਹੀ ਸਰਕਾਰ ਤੇ ਕੰਟਰੋਲ ਰੱਖਣਗੇ ਤੇ ਲੋਕ ਪ੍ਰਤੀਨਿਧੀਆਂ ਰਾਹੀ ਸਰਕਾਰ ਬਣਾਉਣਗੇ ਤੇ ਚਲਾਉਣਗੇ। ਇਸ ਲਈ ਲੋਕਤੰਤਰੀ ਪ੍ਰਣਾਲੀ ਲਈ ਸਮਾਜ ਵਿੱਚ ਅਜਿਹਾ ਮਾਹੌਲ ਹੋਣਾ ਜ਼ਰੂਰੀ ਹੈ ਜਿਥੇ ਕੋਈ ਮਨੁੱਖ ਦੂਸਰੇ ਮਨੁੱਖ ਦਾ ਜਾ ਕੋਈ ਵੀ ਵਰਗ ਦੂਸਰੇ ਵਰਗ ਦਾ ਗੁਲਾਮ ਨਾ ਹੋਵੇ ਸਾਰਿਆਂ ਨੂੰ ਆਪਣੀ ਜ਼ਿੰਦਗੀ, ਵਿਸ਼ਵਾਸ, ਧਰਮ, ਸੱਭਿਆਚਾਰ, ਵਿਚਾਰ ਪ੍ਰਗਟਾਉਣ ਅਤੇ ਰਾਜਨੀਤਕ ਵਿਚਾਰਧਾਰਾ ਲਈ ਅਜ਼ਾਦ ਢੰਗ ਨਾਲ ਵਿਚਰਨ ਦਾ ਹੱਕ ਹੋਵੇ ਹਰ ਮਨੁੱਖ ਨੂੰ ਉਸਦੀ ਗਲਤੀ ਅਤੇ ਹੱਕ ਅਨੁਸਾਰ ਆਰਥਿਕ, ਸਮਾਜਿਕ ਤੇ ਰਾਜਨੀਤਕ ਨਿਆਂ ਮਿਲੇ। ਮਨੁੱਖ ਦੂਸਰੇ ਮਨੁੱਖ ਦੀ ਕਿਰਤ ਨਾ ਲੁੱਟੇ। ਸਾਰੇ ਕਨੂੰਨ, ਫ਼ਰਜ਼ ਅਧਿਕਾਰ, ਵਿਸ਼ਵ ਮਾਨਵੀ ਅਧਿਕਾਰਾਂ ਦੇ ਅਨੁਕੂਲ ਹੋਣ। ਨਿਸ਼ਚਿਤ ਸਮੇਂ ਲਈ ਸਰਕਾਰ ਦੀ ਚੋਣ ਸਮਾਨਤਾ ਦੇ ਅਧਾਰ ਤੇ ਲੋਕਾਂ ਵੱਲੋਂ ਕੀਤੀ ਜਾਵੇ ਜਿਸ ਵਿੱਚ ਕਿਸੇ ਨਾਲ ਵੀ ਜਾਤ, ਧਰਮ, ਨਸਲ, ਭਾਸ਼ਾ ਆਦਿ ਦੇ ਅਧਾਰ ਤੇ ਭੇਦਭਾਵ ਨਾ ਹੋਵੇ ਇਸ ਲਈ ਲੋਕਾਂ ਦੁਆਰਾ ਖੁਦ ਸਰਕਾਰ ਬਣਾਉਣ ਤੇ ਚਲਾਉਣ ਦਾ ਕੰਮ ਤਾਂ ਹੀ ਸਾਰਥਕ ਹੋ ਸਕਦਾ ਹੈ ਜੇਕਰ ਲੋਕ ਸਮਝਦਾਰ, ਪੜ੍ਹੇ-ਲਿਖੇ, ਸੁਚੇਤ ਅਤੇ ਸਮਾਨਤਾ, ਸੁਤੰਤਰਤਾ ਦੇ ਸਮਾਨ ਅਧਿਕਾਰ ਦੇ ਪਹਿਰੇਦਾਰ ਹੋਣਗੇ। ਚੰਗਾ ਮਾਹੌਲ ਹੀ ਲੋਕਾਂ ਨੂੰ ਸਮਝ ਅਨੁਸਾਰ ਸਹੀ ਸਰਕਾਰ ਚੁਣਨ ਲਈ ਜ਼ਿੰਮੇਵਾਰ ਹੁੰਦਾ ਹੈ।

ਉਦਾਰਵਾਦੀ ਵਿਚਾਰਕ, ਬਹੁਲਵਾਦੀ ਸਮਾਜ, ਕਾਨੂੰਨ ਦਾ ਰਾਜ, ਮਨੁੱਖੀ ਅਧਿਕਾਰ, ਨਿੱਜੀ ਜਾਇਦਾਦ ਦਾ ਹੱਕ, ਖੁੱਲ੍ਹੀ ਮੰਡੀ, ਚੋਣਾਂ ਆਦਿ ਪ੍ਰਬੰਧ ਦੇ ਅਧਾਰ 'ਤੇ ਲੋਕਤੰਤਰ ਦੀ ਪੁਸ਼ਟੀ ਕਰਦੇ ਹਨ ਇਸਦੇ ਉਲਟ ਮਾਰਕਸਵਾਦੀ ਵਿਚਾਰਕ ਸਾਂਝੀ ਸੰਪਤੀ, ਲੋਕਾਂ ਦੀ ਲੋੜ ਅਨੁਸਾਰ ਚੀਜ਼ਾਂ ਦੇਣੀਆਂ ਅਤੇ ਸਮਰਥਾ ਅਨੁਸਾਰ ਕੰਮ ਕਰਵਾਉਣਾ ਲਈ ਇੱਕ ਪਾਰਟੀ ਇੱਕ ਕਮਿਊਨਿਸਟ ਵਿਚਾਰਧਾਰਾਂ ਅਨੁਸਾਰ ਸਮਾਜਵਾਦੀ ਸਮਾਜ ਬਣਾਉਣਾ ਹੀ ਲੋਕਤੰਤਰ ਹੈ।

ਉਦਾਰਵਾਦੀ ਲੋਕਤੰਤਰ ਵਿੱਚ ਲੋਕ ਸਰਕਾਰ ਵਿੱਚ ਸਿੱਧੇ ਵੀ ਹਿੱਸਾ ਲੈਂਦੇ ਹਨ ਅਤੇ ਆਪਣੇ ਪ੍ਰਤੀਨਿਧੀਆਂ ਰਾਹੀ ਅਸਿੱਧੇ ਢੰਗ ਨਾਲ ਵੀ ਭਾਵ ਸ਼ਾਸਨ ਪ੍ਰਨਾਲ਼ੀ ਵਿੱਚ ਸਿੱਧੇ ਅਤੇ ਅਸਿੱਧੇ ਢੰਗ ਨਾਲ ਲੋਕਾਂ ਦੁਆਰਾ ਸ਼ਮੂਲੀਅਤ ਕੀਤੀ ਜਾਂਦੀ ਹੈ। ਲੋਕਤੰਤਰ ਵਿਚ ਲੋਕਾਂ ਰਾਹੀਂ ਅਸਿੱਧੇ ਭਾਵ ਪ੍ਰਤੀਨਿਧਾਂ ਰਾਹੀਂ ਭਾਗਦਾਰੀ ਨੂੰ ਪ੍ਰਤੀਨਿਧ ਲੋਕਤੰਤਰ ਕਿਹਾ ਜਾਂਦਾ ਹੈ। ਭਾਰਤ ਦੇ ਸੰਵਿਧਾਨ ਵਿੱਚ ਪ੍ਰਤੀਨਿਧ ਲੋਕਤੰਤਰ ਦੇ ਅਧਾਰ ਤੇ ਸੰਸਦੀ ਪ੍ਰਨਾਲ਼ੀ ਦੀ ਵਿਵਸਥਾ ਕੀਤੀ ਗਈ। ਸੰਵਿਧਾਨ ਦੀ ਪ੍ਰਸਤਾਵਨਾ ਤੋਂ ਹੀ ਸਪਸ਼ੱਟ ਹੁੰਦਾ ਹੈ ਕਿ ਭਾਰਤ ਇੱਕ ਪ੍ਰਭੂਸੱਤਾ ਸੰਪੰਨ, ਧਰਮ ਨਿਰਪੱਖ, ਸਮਾਜਵਾਦੀ ਲੋਕਤੰਤਰੀ ਗਣਰਾਜ ਹੈ ਭਾਰਤੀ ਲੋਕਤੰਤਰ ਦੀ ਸਥਾਪਨਾ ਕਰਨ ਲਈ ਹੇਠ ਲਿਖੇ ਪ੍ਰਬੰਧ ਕੀਤੇ ਗਏ ਹਨ–

1. ਲੋਕਤੰਤਰੀ ਸੰਵਿਧਾਨ (Democratic Constitution) : ਭਾਰਤੀ ਉਪ-ਮਹਾਦੀਪ ਵਿੱਚ ਸੱਭਿਆਚਾਰਕ, ਭਾਸ਼ਾਈ, ਧਾਰਮਿਕ ਭਿੰਨਤਾਵਾਂ ਹਨ ਇਸ ਲਈ ਬਰਤਾਨਵੀ ਸ਼ਾਸਨ ਦੇ ਦੌਰਾਨ ਅਜ਼ਾਦੀ ਦੀ ਲੜਾਈ ਵਿੱਚ ਮੋਹਰੀ ਹਸਤੀਆਂ ਦਾ ਸੁਪਨਾ

ਸੀ ਕਿ ਭਾਰਤ ਇੱਕ ਲੋਕਤੰਤਰੀ ਦੇਸ਼ ਹੋਵੇ ਅਤੇ ਸਰਕਾਰ ਇਥੇ ਦੇ ਲੋਕਾਂ ਅਤੇ ਸਥਾਨਕ ਭਿੰਨਤਾਵਾਂ ਦੇ ਅਨੁਸਾਰ ਸ਼ਾਸਨ ਕਰੇ। ਇਸੇ ਵਿਚਾਰ ਦੇ ਅਧਾਰ 'ਤੇ ਸੰਵਿਧਾਨ ਸਭਾ ਦੇ ਮੈਬਰਾਂ ਦੁਆਰਾ ਅਜਿਹੇ ਸੰਵਿਧਾਨ ਲਈ ਹਾਮੀ ਭਰੀ ਗਈ ਜੋ ਲੋਕਤੰਤਰੀ ਸਿਧਾਂਤਾਂ 'ਤੇ ਖਰਾ ਉਤਰਦਾ ਹੋਵੇ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਸਮਾਨ ਅਧਿਕਾਰ, ਮੌਕੇ ਅਤੇ ਨਿਆਂ ਦੇਣ ਦਾ ਜ਼ਿਕਰ ਕੀਤਾ ਗਿਆ। ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਦੇ ਅਧਾਰ 'ਤੇ ਕਾਨੂੰਨ ਦੁਆਰਾ ਸਥਾਪਿਤ ਵਿਧੀ ਰਾਹੀ ਸੰਵਿਧਾਨ ਘਾੜਿਆ ਨੇ ਭਾਰਤ ਦੇ ਲੋਕਤੰਤਰੀ ਸੰਵਿਧਾਨ ਨੂੰ ਕਲਮਬੱਧ ਕੀਤਾ ਭਾਵ ਦੇਸ਼ ਦੇ ਸੁਪਰੀਮ ਸਰਉੱਚ ਕਾਨੂੰਨ ਵਿਧਾਨ ਵਿੱਚ ਸਾਰੀਆਂ ਸਿਫਾਰਸਾਂ ਲੋਕਤੰਤਰੀ ਅਧਾਰ 'ਤੇ ਤਿਆਰ ਕਰਨ ਲਈ ਸ਼ਾਮਲ ਕੀਤੀਆਂ ਗਈਆਂ।

2. ਬਾਲਗ ਵੋਟ ਅਧਿਕਾਰ ਅਤੇ ਚੋਣਾਂ (Adult Franchise and elections) : ਭਾਰਤ ਵਿੱਚ ਕੇਂਦਰ ਅਤੇ ਸੂਬਿਆਂ ਦੇ ਨਾਲ ਨਾਲ ਸਥਾਨਕ ਪੱਧਰ ਤੇ ਪੰਚਾਇਤਾ ਅਤੇ ਨਗਰ ਪਾਲਿਕਾਵਾਂ ਦੀਆਂ ਚੋਣਾਂ ਹਰ ਪੰਜ ਸਾਲ ਬਾਅਦ ਕਰਵਾਈਆਂ ਜਾਂਦੀਆਂ ਹਨ। ਸੰਸਦ ਜਾਂ ਵਿਧਾਨ ਸਭਾ ਵਿੱਚ ਬਹੁਮਤ ਨਾ ਹੋਣ ਜਾ ਕਿਸੇ ਮੈਂਬਰ ਦੇ ਅਸਤੀਫ਼ਾ ਦੇਣ ਜਾਂ ਮੌਤ ਹੋਣ ਤੇ ਸਮੇਂ ਤੋਂ ਪਹਿਲਾਂ ਵੀ ਚੋਣਾਂ ਕਰਵਾ ਲਈਆਂ ਜਾਂਦੀਆਂ ਹਨ ਜਿਸਦੀ ਸਾਰੀ ਜ਼ਿੰਮੇਵਾਰ ਸੰਵਿਧਾਨਿਕ ਸੰਸਥਾਂ ਭਾਰਤੀ ਚੋਣ ਕਮਿਸ਼ਨ ਦੀ ਹੁੰਦੀ ਹੈ ਤਾਂ ਜੋ ਬਿਨਾਂ ਭੇਦਭਾਵ ਤੋਂ ਪਾਰਦਰਸ਼ੀ ਢੰਗ ਨਾਲ ਚੋਣਾਂ ਹੋ ਸਕਣ। ਭਾਰਤ ਵਿੱਚ ਵੋਟ ਦਾ ਅਧਿਕਾਰ ਹਰ ਨਾਗਰਿਕ ਨੂੰ ਤੈਅ ਉਮਰ ਦੇ ਅਧਾਰ 'ਤੇ ਬਿਨਾਂ ਕਿਸੇ ਜਾਤੀ, ਧਰਮ, ਰੰਗ, ਨਸਲ, ਭਾਸ਼ਾ ਦੇ ਭੇਦਭਾਵ ਤੋਂ ਦਿੱਤਾ ਗਿਆ ਹੈ। ਸੰਵਿਧਾਨ ਦੇ ਨਿਰਮਾਣ ਸਮੇਂ ਵੋਟ ਲਈ ਉਪਰ 21 ਸਾਲ ਸੀ ਪਰੰਤੂ 1989 ਵਿੱਚ ਵੋਟ ਪਾਉਣ ਦੀ ਉਮਰ 18 ਸਾਲ ਕਰ ਦਿੱਤੀ ਗਈ। ਇਸ ਲਈ ਬਾਲਗ ਵੋਟ ਅਧਿਕਾਰ ਦੇ ਤਹਿਤ ਭਾਰਤ ਦੇ ਹਰ ਨਾਗਰਿਕ ਨੂੰ ਵੋਟਾਂ ਰਾਹੀ ਆਪਣੀ ਸਰਕਾਰ ਦੀ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਦਾ ਹੱਕ ਹੈ।

3. ਰਾਜਨੀਤਕ ਦਲਾਂ ਦੇ ਨਿਰਮਾਣ ਦੀ ਸੁਤੰਤਰਤਾ (Freedom to form Political Parties) : ਰਾਜਨੀਤਕ ਦਲਾਂ, ਪ੍ਰਤੀਨਿਧੀ ਲੋਕਤੰਤਰ ਵਿੱਚ ਸਰਕਾਰ ਅਤੇ ਲੋਕਾਂ ਦੇ ਵਿਚਾਲੇ ਕੜੀ ਦਾ ਕੰਮ ਕਰਦੇ ਹਨ ਭਾਵ ਲੋਕਾਂ ਨੂੰ ਆਪਣੀ ਖੂਬੀਆਂ ਦੱਸ ਕੇ ਉਹਨਾਂ ਦੀਆਂ ਵੋਟਾਂ ਨਾਲ ਸਰਕਾਰ ਬਣਾਉਂਦੇ ਹਨ ਅਤੇ ਲੋਕਾਂ ਦੀਆਂ ਮੰਗਾ ਦਾ ਨਿਪਟਾਰਾ ਕਰਦੇ ਹਨ। ਰਾਜਨੀਤਕ ਦਲਾਂ ਕਰਕੇ ਹੀ ਸੰਸਦ ਜਾਂ ਵਿਧਾਨ ਸਭਾ ਵਿੱਚ ਵਿਧਾਨ ਪਾਲਿਕਾ ਸਰਕਾਰ ਬਣਾਉਣ ਲਈ ਆਪਣਾ ਬਹੁਮਤ ਪੇਸ਼ ਕਰ ਸਕਦੀ ਹੈ। ਭਾਰਤ ਵਿੱਚ ਹਰ ਨਾਗਰਿਕ ਅਤੇ ਸਮੂਹ ਨੂੰ ਰਾਜਨੀਤਕ ਦਲ ਦਾ ਨਿਰਮਾਣ ਕਰਨ ਦਾ ਹੱਕ ਹੈ।

ਲੋਕਤੰਤਰ ਦੀਆਂ ਵਿਸ਼ੇਸ਼ਤਾਵਾਂ
(Key Features of Democracy)



ਲੋਕਤੰਤਰ ਦੀਆਂ ਵਿਸ਼ੇਸ਼ਤਾਵਾਂ ਦਰਸਾਉਂਦਾ ਚਾਰਟ

4. ਘੱਟ ਗਿਣਤੀਆਂ (Minorities) : ਭਾਰਤੀ ਉਪ ਮਹਾਦੀਪ ਵਿੱਚ ਵੱਖ-ਵੱਖ ਧਰਮਾਂ, ਸੱਭਿਆਚਾਰ ਅਤੇ ਕੌਮਾਂ ਦੇ ਲੋਕ ਰਹਿੰਦੇ ਹਨ। ਹਿੰਦੂ ਭਾਈਚਾਰੇ ਦੇ ਲੋਕ ਬਹੁਗਿਣਤੀ ਅਤੇ ਸਿੱਖ, ਪਾਰਸੀ, ਮੁਸਲਿਮ, ਬੋਧੀ, ਜੈਨੀ, ਇਸਾਈ ਆਦਿ ਘੱਟ ਗਿਣਤੀ ਕੌਮਾਂ ਹਨ ਭਾਰਤ ਵਿੱਚ ਹਿੰਦੂ ਦਬਦਬੇ ਅਤੇ ਬਹੁਮਤ ਅਧਾਰਤ ਪ੍ਰਨਾਲ਼ੀ ਹੋਣ ਕਾਰਨ ਘੱਟ ਗਿਣਤੀਆਂ ਦੀ ਵੱਖ-ਵੱਖ ਸੰਸਥਾਵਾਂ ਵਿੱਚ ਨੁਮਾਇੰਦਗੀ ਅਤੇ ਮੰਗਾਂ ਦੇ ਦੱਬ ਜਾਣ ਦਾ ਡਰ ਸੀ ਜਿਸਨੂੰ ਸੰਵਿਧਾਨ ਘਾੜਿਆ ਨੇ ਆਪਣੀ ਸੂਝ-ਬੂਝ ਨਾਲ

ਹੱਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੰਵਿਧਾਨ ਵਿੱਚ ਘੱਟ ਗਿਣਤੀਆਂ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ। ਸੰਵਿਧਾਨ ਵਿੱਚ ਅਨੁਛੇਦ 29 ਅਤੇ 30 ਅਨੁਸਾਰ ਘੱਟ ਗਿਣਤੀਆਂ ਨੂੰ ਆਪਣੇ ਸੱਭਿਆਚਾਰ, ਭਾਸ਼ਾ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਬਰਾਬਰੀ ਦੇ ਨਾਲ ਨਾਲ ਆਪਣੇ ਧਰਮ, ਭਾਸ਼ਾ ਨਾਲ ਸੰਬੰਧਤ ਵਿਦਿਅਕ ਅਦਾਰੇ ਸਥਾਪਤ ਕਰਨ ਦੀ ਹੱਕ ਦਿੱਤਾ ਗਿਆ ਹੈ ਅਤੇ ਸਰਕਾਰ ਦੇਸ਼ ਦੇ ਸਾਰੇ ਵਿਦਿਅਕ ਅਦਾਰਿਆਂ ਵਾਂਗ ਹੀ ਇਹਨਾਂ ਸੰਸਥਾਵਾਂ ਨੂੰ ਸਹਾਇਤਾ ਦੇਵੇਗੀ। ਸੰਵਿਧਾਨ ਵਿੱਚ 22 ਭਾਸ਼ਾਵਾਂ ਨੂੰ ਬਰਾਬਰ ਦੀ ਮਾਨਤਾ ਦਿੱਤੀ ਗਈ ਹੈ। ਘੱਟ ਗਿਣਤੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ (National Commision for minorities) ਬਣਾਇਆ ਗਿਆ ਹੈ। ਘੱਟ ਗਿਣਤੀ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਵਜ਼ੀਫ਼ਾ ਵੀ ਦਿੱਤਾ ਜਾਂਦਾ ਹੈ। ਇਹ ਗੱਲਾਂ ਪੁਸ਼ਟੀ ਕਰਦੀਆਂ ਹਨ ਕਿ ਭਾਰਤ ਦੇ ਲੋਕਤੰਤਰ ਵਿੱਚ ਘੱਟ ਗਿਣਤੀਆਂ ਦੀ ਵੀ ਕਾਫੀ ਹੱਦ ਤੱਕ ਸਮੂਲੀਅਤ ਕਰਨ ਦਾ ਉਪਰਾਲਾ ਕੀਤਾ ਗਿਆ।

5. ਸੰਸਦੀ ਸ਼ਾਸਨ ਪ੍ਰਨਾਲੀ ਅਤੇ ਸਰਕਾਰ ਦੀ ਜ਼ਿੰਮੇਵਾਰੀ (Parliamentary system of Government and responsible Government) : ਭਾਰਤ ਦੇ ਲੋਕਤੰਤਰੀ ਸੰਵਿਧਾਨ ਵਿੱਚ ਸੰਘ ਅਤੇ ਸੂਬਿਆਂ ਦੇ ਲਈ ਸੰਸਦੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਦੇ ਲੋਕ ਆਪਣੇ ਨੂੰ ਮਾਇੰਦਿਆਂ ਨੂੰ ਚੁਣ ਕੇ ਸੰਸਦ ਵਿੱਚ ਭੇਜਦੇ ਹਨ ਅਤੇ ਬਹੁ-ਗਿਣਤੀ ਮੈਂਬਰੀ ਦੇ ਅਧਾਰ 'ਤੇ ਸਰਕਾਰ ਬਣਦੀ ਹੈ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਭਾਵ ਸੰਸਦ ਨੂੰ ਹੀ ਜਵਾਬਦੇਹ ਹੁੰਦੀ ਹੈ। ਇਸ ਲਈ ਭਾਰਤ ਵਿੱਚ ਫ਼ੈਸਲਾ ਲੈਣ ਦੀ ਪ੍ਰਕਿਰਿਆ ਉਤੇ ਲੋਕਾਂ ਦਾ ਹੱਕ ਹੈ ਕਿਉਂ ਜੋ ਇਹ ਨੁਮਾਇੰਦੇ ਲੋਕਾਂ ਨੇ ਹੀ ਚੁਣ ਕੇ ਭੇਜੇ ਹੁੰਦੇ ਹਨ। ਭਾਰਤ ਦੀ ਸੰਸਦ ਲੋਕਤੰਤਰ ਦਾ ਪ੍ਰਤੀਕ ਹੈ ਜਿਸ ਨੂੰ ਲੋਕ ਰਾਏ ਅਤੇ ਲੋਕ- ਮਤ ਦੇ ਅਧਾਰ 'ਤੇ ਚੁਣਿਆ 'ਤੇ ਚਲਾਇਆ ਜਾਂਦਾ ਹੈ।

6. ਪ੍ਰੈਸ ਦੀ ਸੁਤੰਤਰਤਾ (Freedom of press) : ਪ੍ਰੈਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ। ਦੇਸ਼ ਵਿੱਚ ਕੋਈ ਵੀ ਘਟਨਾ ਹੋਣ ਤੇ ਉਸਦੀ ਖਬਰ ਦੇਸ਼ ਵਾਸੀਆਂ ਤੱਕ ਪ੍ਰੈਸ, ਬਿਜਲਈ ਮੀਡੀਆ ਰਾਹੀ ਪਹੁੰਚਦੀ ਹੈ ਅਤੇ ਇਹਨਾਂ ਖ਼ਬਰਾਂ ਦੇ ਅਧਾਰ 'ਤੇ ਹੀ ਲੋਕ ਕਿਸੇ ਪਾਰਟੀ ਦੇ ਸਹੀ ਜਾ ਗਲਤ ਕੰਮਾਂ ਦਾ ਨਿਰਣਾ ਕਰਦੇ ਹਨ ਦੂਸਰਾ ਮੀਡੀਆ ਜਿਸ ਤਰੀਕੇ ਨਾਲ ਖ਼ਬਰ ਨੂੰ ਪੇਸ਼ ਕਰੇਗਾ ਲੋਕਾਂ ਉਪਰ ਉਸ ਖਬਰ ਦਾ ਅਸਰ ਉਸੇ ਢੰਗ ਨਾਲ ਹੋਵੇਗਾ। ਇਸ ਲਈ ਲੋਕਤੰਤਰ ਦੀ ਸਫਲਤਾ ਲਈ ਇੱਕ ਅਜ਼ਾਦ ਤੇ ਇਮਾਨਦਾਰ ਪ੍ਰੈੱਸ ਦੀ ਜ਼ਰੂਰਤ ਹੁੰਦੀ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਆਪਣੇ ਵਿਚਾਰ ਪ੍ਰਗਟ ਕਰਨ ਨੂੰ ਮੌਲਿਕ ਅਧਿਕਾਰ ਮੰਨਿਆ ਜਾਂਦਾ ਹੈ। ਇਸ ਲਈ ਭਾਰਤ ਵਿੱਚ ਪ੍ਰੈੱਸ ਦੀ ਸੰਵਿਧਾਨਕ ਅਜ਼ਾਦੀ ਹੈ। ਦੇਸ਼ ਵਿੱਚ ਕੋਈ ਵੱਡੀ ਘਟਨਾ ਹੋਣ ਦਾ ਫਿਰ ਦੰਗਿਆਂ ਆਦਿ ਦੀ ਸੰਭਾਵਨਾ ਤੇ ਉਸ ਖੇਤਰ ਦਾ ਇੰਟਰਨੈੱਟ ਸੁਰੱਖਿਆ ਦੇ ਲਿਹਾਜ਼ ਨਾਲ ਬੰਦ ਕਰ ਦਿੱਤਾ ਜਾਂਦਾ ਹੈ। ਗੈਰ-ਲੋਕਤੰਤਰ ਦੇਸ਼ਾਂ ਵਿੱਚ ਲੋਕਾਂ ਜਾਂ ਲੋਕਾਂ ਦੇ ਅਸਹਿਮਤੀ ਰੱਖਣ ਵਾਲੇ ਸਮੂਹ, ਜੋ ਸਮੇਂ ਦੀ ਸਰਕਾਰ ਦੀ ਬੋਲੀ ਨਾ ਬੋਲਦੇ ਹੋਣ ਨੂੰ, ਖੁੱਲ ਕੇ ਵਿਚਰਣ ਦੀ ਅਜ਼ਾਦੀ ਨਹੀਂ ਹੁੰਦੀ। ਲੋਕਤੰਤਰ ਦੀ ਮੀਡੀਆ ਪ੍ਰੈੱਸ ਦੀ ਅਜ਼ਾਦੀ ਇਸ ਦੀਆਂ ਵੱਖ ਸੰਸਥਾਵਾਂ ਸਰਕਾਰੀ ਮਹਿਕਮੇ ਦੀਆਂ ਖਾਮੀਆਂ ਨੂੰ ਉਜਾਗਰ ਕਰਕੇ ਸੁਧਾਰ ਦਾ ਮੁੱਢ ਬੰਨਦੀ ਹੈ। ਕਈ ਵਾਰ ਲੋਕ ਮੁੱਦਿਆਂ ਨੂੰ ਲੁਕਾਉਣ ਲਈ ਵੀ ਕਈ ਸਰਕਾਰਾਂ ਅਜਿਹੀ ਕੋਸ਼ਿਸ਼ ਕਰਦੀਆਂ ਹਨ ਜੋ ਇੱਕ ਲੋਕਤੰਤਰੀ ਸਰਕਾਰ ਲਈ ਸ਼ਰਮਨਾਕ ਅਤੇ ਗੈਰ- ਲੋਕਤੰਤਰ ਰਵੱਈਆ ਹੈ।

7. ਉਸਾਰੂ ਵਿਤਕਰੇ ਦੀ ਵਿਵਸਥਾ (Provision of Protective Descrimination) : ਭਾਰਤ ਦੇ ਸੰਵਿਧਾਨ ਵਿੱਚ ਸਮੂਹ ਨਾਗਰਿਕਾ ਲਈ ਸੁਤੰਤਰਤਾ ਅਤੇ ਸਮਾਨਤਾ ਦੇ ਅਧਿਕਾਰਾਂ ਦਾ ਪ੍ਰਬੰਧ ਕੀਤਾ ਗਿਆ ਪ੍ਰੰਤੂ ਸੁਤੰਤਰਤਾ ਅਤੇ ਸਮਾਨਤਾ ਤਾਂ ਹੀ ਲਾਗੂ ਹੋਵੇਗੀ ਜੇਕਰ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਹਾਲਤ ਇਕਸਾਰ ਹੋਣਗੇ। ਪ੍ਰਾਚੀਨ ਸਮੇਂ ਤੋਂ ਹੀ ਭਾਰਤ ਵਿੱਚ ਜਾਤ-ਪਾਤ ਤੇ ਆਧਾਰਿਤ ਵਰਨ ਪ੍ਰਨਾਲੀ ਰਹੀ ਹੈ ਜਿਸ ਵਿੱਚ ਮਨੁੱਖਾਂ ਨੂੰ ਜਾਤਾਂ ਵਿੱਚ ਵੰਡ ਕੇ ਉਹਨਾਂ ਦੇ ਅਧਿਕਾਰ, ਕੰਮਾਂ, ਹਾਲਤਾਂ ਦੀ ਵੰਡ ਕੀਤੀ ਗਈ ਸੀ ਜਿਸ ਵਿੱਚ ਕੁਝ ਵਰਗਾ ਲਈ ਅਸੀਮਤ ਬੇਸੁਮਾਰ ਤਾਕਤਾਂ ਦਿੱਤੀਆਂ ਗਈਆਂ ਅਤੇ ਕਈ ਵਰਗਾਂ ਦੀ ਹਾਲਤ ਪਸ਼ੂਆਂ ਤੋਂ ਵੀ ਭੈੜੀ ਹੋ ਗਈ ਸੀ ਸੋ ਲੋਕਤੰਤਰ ਦੇ ਸਮਾਨਤਾ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਭਾਰਤ ਵਿੱਚ ਸਮਾਜਿਕ ਤੌਰ ਤੇ ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਕੁਝ ਵਿਸ਼ੇਸ਼ ਛੋਟਾਂ ਦੇ ਕੇ ਅਤੇ ਵਿਧਾਨ ਪਾਲਿਕਾ, ਸਰਕਾਰੀ ਨੌਕਰੀਆਂ ਆਦਿ ਵਿੱਚ ਇਹਨਾਂ ਵਰਗਾ ਦੇ ਸਥਾਨ ਰਾਖਵੇ ਰੱਖ ਕੇ ਬਰਾਬਰੀ ਦਾ ਅਧਿਕਾਰ ਸਹੀ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸਦੇ ਨਾਲ ਹੀ ਮਰਦ ਅਤੇ ਔਰਤ ਦੇ ਅਧਿਕਾਰਾਂ, ਸ਼ਕਤੀਆਂ ਅਤੇ ਹਾਲਤਾਂ ਦੇ ਵੱਧ ਰਹੇ ਪਾੜੇ ਨੂੰ ਪੂਰਨ ਲਈ ਔਰਤਾਂ ਲਈ ਵੀ ਸੁਰੱਖਿਅਕ ਵਿਤਕਰੇ ਦੀ ਵਿਵਸਥਾ ਕੀਤੀ ਗਈ ਹੈ।

8. ਸੁਤੰਤਰ ਨਿਆਪਾਲਿਕਾ (Independent Judiciery) : ਨਿਆਂਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਂਦਾ ਹੈ ਕਿਉਂਕਿ ਭਾਰਤ ਦੇ ਸੁਪਰੀਮ ਕੋਰਟ ਕੋਲ ਸੰਵਿਧਾਨ ਦੀ ਵਿਆਖਿਆ ਦਾ ਹੱਕ ਹੈ ਇਸ ਲਈ ਜੇਕਰ ਸਰਕਾਰ ਦਾ ਕੋਈ

ਵੀ ਅੰਗ ਸੰਵਿਧਾਨ ਜਾਂ ਕਾਨੂੰਨਾਂ ਤੋਂ ਉਲਟ ਚਲਦਾ ਹੈ ਤਾਂ ਨਿਆਂਪਾਲਿਕਾ ਉਸਨੂੰ ਅਜਿਹਾ ਨਾ ਕਰਨ ਦਾ ਹੁਕਮ ਦੇ ਕੇ ਵਾਪਸ ਸੰਵਿਧਾਨ ਦੇ ਅਨੁਸਾਰ ਚੱਲਣ ਲਈ ਕਹਿੰਦੀ ਹੈ। ਕਿਸੇ ਵੀ ਨਾਗਰਿਕ ਨਾਲ ਜੇਕਰ ਕੋਈ ਵਿਅਕਤੀ ਜਾਂ ਸਰਕਾਰੀ ਸੰਸਥਾ ਸੰਵਿਧਾਨ ਜਾਂ ਕਾਨੂੰਨ ਦੇ ਉਲਟ ਵਿਹਾਰ ਕਰਦੀ ਹੈ ਤਾਂ ਉਹ ਵਿਅਕਤੀ ਨਿਆਪਾਲਿਕਾ ਕੋਲ ਕੇਸ ਦੇ ਰੂਪ ਵਿੱਚ ਸ਼ਿਕਾਇਤ ਦਰਜ ਕਰਵਾਉਂਦਾ ਅਤੇ ਦਲੀਲ ਦਿੰਦਾ ਹੈ ਤਾਂ ਨਿਆਂਪਾਲਿਕਾ ਦਲੀਲਾਂ ਸੁਣ ਕੇ ਗਲਤ ਪੱਖ ਨੂੰ ਸਜ਼ਾ ਦਿੰਦੀ ਅਤੇ ਸਹੀ ਪੱਖ ਨੂੰ ਬਰੀ ਕਰਦੀ ਹੈ। ਇਸ ਲਈ ਨਿਆਂਪਾਲਿਕਾ ਦੇਸ ਦੇ ਸਮੁੱਚੇ ਸ਼ਾਸਨ ਪ੍ਰਬੰਧ 'ਤੇ ਨਿਗ੍ਹਾ ਰੱਖਦੀ ਹੈ। ਇਸ ਲਈ ਸ਼ਾਸਨ ਪ੍ਰਬੰਧ ਵਿੱਚ ਕਿਸੇ ਵਿਅਕਤੀ, ਸੰਸਥਾ ਜਾਂ ਵਰਗ ਦੀ ਗਲਤੀ ਨੂੰ ਸਹੀ ਰਾਹ ਦਿਖਾ ਕੇ ਨਿਆਂ ਦੇਣ ਦਾ ਕੰਮ ਨਿਆਪਾਲਿਕਾ ਦਾ ਹੈ ਜੋ ਲੋਕਤੰਤਰ ਵਿੱਚ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦਾ ਹੈ ਅਤੇ ਸਰਕਾਰਾਂ ਨੂੰ ਵੀ ਮਨਮਰਜ਼ੀ ਕਰਨ ਤੋਂ ਰੋਕਦਾ ਹੈ।

9. ਮੌਲਿਕ ਅਧਿਕਾਰ (Fundamental rights) : ਸੰਵਿਧਾਨ ਦੇ ਭਾਗ ਤੀਜੇ ਵਿੱਚ ਅਨੁਛੇਦ 12 ਤੋਂ 35 ਤੱਕ ਸੁਤੰਤਰਤਾ, ਸਮਾਨਤਾ, ਬਰਾਬਰ ਮੌਕੇ, ਸ਼ੋਸਣ ਦੇ ਖਿਲਾਫ਼ ਅਤੇ ਘੱਟ ਗਿਣਤੀਆਂ ਨਾਲ ਸੰਬੰਧਤ ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ ਤਾਂ ਜੋ ਦੇਸ਼ ਵਿੱਚ ਵਿਅਕਤੀ ਦੀ ਅਜ਼ਾਦੀ ਮੁਢਲੇ ਰੂਪ ਵਿੱਚ ਹੋਏ ਇਸ ਲਈ ਮੌਲਿਕ ਅਧਿਕਾਰਾਂ ਦੀ ਸੰਵਿਧਾਨਿਕ ਵਿਵਸਥਾ ਭਾਰਤੀ ਲੋਕਤੰਤਰ ਨੂੰ ਲੋਕ-ਪੱਖੀ ਬਣਾਉਂਦੀ ਹੈ।

10. ਸਥਾਨਕ ਪੱਧਰ 'ਤੇ ਲੋਕਤੰਤਰ (Democracy of Grass root level) : ਭਾਰਤ ਦੇ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ (1992) ਦੇ ਅਨੁਸਾਰ ਪਿੰਡਾਂ ਵਿੱਚ ਪੰਚਾਇਤੀ ਰਾਜ ਅਤੇ ਸ਼ਹਿਰਾਂ ਵਿੱਚ ਨਗਰ ਪਾਲਿਕਾਵਾਂ ਦੀ ਵਿਵਸਥਾ ਕੀਤੀ ਗਈ। ਪੰਚਾਇਤਾਂ ਦੀ ਚੋਣ ਪਿੰਡ ਦੇ ਲੋਕਾਂ ਦੁਆਰਾ ਅਤੇ ਨਗਰ ਪਾਲਿਕਾਵਾਂ ਦੀ ਚੋਣ ਸ਼ਹਿਰ ਦੇ ਨਿਵਾਸੀਆਂ ਦੁਆਰਾ ਸਿੱਧੀਆਂ ਚੋਣਾਂ ਦੁਆਰਾ ਕੀਤੀ ਜਾਂਦੀ ਹੈ। ਸਥਾਨਕ 'ਪੱਧਰ ਤੇ ਸਰਕਾਰ ਬਣਾ ਕੇ 29 ਵਿਸ਼ੇ ਪੰਚਾਇਤ ਅਤੇ 16 ਵਿਸ਼ੇ ਵਿੱਚ ਨਗਰ ਪਾਲਿਕਾ ਖੁਦ ਸ਼ਾਸਨ ਕਰਨ ਹਿੱਤ ਸੰਵਿਧਾਨ ਰਾਹੀਂ ਸੌਂਪੇ ਗਏ ਹਨ। ਇਸ ਤਰ੍ਹਾਂ ਹਰ ਪਿੰਡ ਜਾਂ ਸ਼ਹਿਰ ਪੱਧਰ ਦੇ ਮਸਲੇ ਨੂੰ ਸੰਸਦ ਜਾ ਵਿਧਾਨ ਸਭਾ ਵਿੱਚ ਲਿਜਾਏ ਤੋਂ ਬਿਨਾਂ ਸਥਾਨਕ ਪੱਧਰ ਤੇ ਲੋਕ, ਲੋਕਤੰਤਰੀ ਸੰਸਥਾਵਾਂ ਦੁਆਰਾ ਹੱਲ ਕਰ ਸਕਦੇ ਹਨ।

11. ਬਹੁਮਤ ਦਾ ਸ਼ਾਸਨ (Rule of Majority) : ਹਰ ਇੱਕ ਨਾਗਰਿਕ ਦਾ ਵੋਟ ਦਾ ਮੁੱਲ ਬਰਾਬਰ ਹੈ ਇਸ ਲਈ ਸਰਕਾਰ ਦਾ ਫੈਸਲਾ ਸਿਰਾਂ ਦੀ ਗਿਣਤੀ (ਵੋਟਾਂ ਦੀ ਗਿਣਤੀ) ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਸੰਸਦ, ਵਿਧਾਨਸਭਾ, ਪੰਚਾਇਤਾਂ ਅਤੇ ਨਗਰਪਾਲਿਕਾਵਾਂ ਵਿੱਚ ਜੋ ਵਿਅਕਤੀ ਦੂਸਰੇ ਤੋਂ ਵੱਧ ਵੋਟਾਂ ਹਾਸਿਲ ਕਰਦਾ ਹੈ ਉਸਨੂੰ ਜੇਤੂ ਮੰਨਿਆ ਜਾਂਦਾ ਹੈ। ਦੇਸ਼ ਦੀ ਸ਼ਾਸਨ ਪ੍ਰਣਾਲੀ ਦੇ ਜ਼ਿਆਦਾਤਰ ਫੈਸਲੇ ਗਿਣਤੀ ਦੇ ਅਧਾਰ ਤੇ ਹੀ ਲਏ ਜਾਂਦੇ ਹਨ। ਭਾਵੇਂ ਗੁਣਾਂ ਨਾਲੋਂ ਗਿਣਤੀ ਨੂੰ ਪਹਿਲ ਦਿੱਤੀ ਜਾਂਦੀ ਹੈ ਪਰੰਤੂ ਫਿਰ ਵੀ ਬਹੁਮਤ ਦਾ ਸ਼ਾਸਨ ਆਧੁਨਿਕ ਲੋਕਤੰਤਰੀ ਸਰਕਾਰਾਂ ਦੀ ਮੁੱਖ ਵਿਸ਼ੇਸਤਾ ਹੈ।



ਭਾਰਤ ਵਿਚ ਲੋਕਤੰਤਰ ਨੂੰ ਵੰਗਾਰਾਂ ਦਰਸਾਉਂਦਾ ਮਾਡਲ

ਭਾਰਤ ਦੇ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਅਤੇ ਆਰਥਿਕ ਤੱਤ (Socio economic factors conditioning Indian democracy) : ਅਸੀਂ ਭਾਰਤ ਦੇ ਲੋਕਤੰਤਰ ਨੂੰ ਸਮਝਣ ਲਈ ਇਸਨੂੰ ਦੋ ਹਿੱਸਿਆ ਵਿੱਚ ਵੰਡਿਆ ਹੈ। ਪਹਿਲਾਂ ਭਾਰਤ ਦੇ ਲੋਕਤੰਤਰ ਲਈ ਸੰਵਿਧਾਨਿਕ ਅਤੇ ਕਾਨੂੰਨੀ ਢਾਂਚਾ ਅਤੇ ਦੂਸਰਾ ਭਾਰਤੀ ਉਪਮਹਾਂਦੀਪ ਦਾ ਸਮਾਜਿਕ ਅਤੇ ਆਰਥਿਕ ਮਾਹੌਲ। ਭਾਰਤੀ ਲੋਕਤੰਤਰ ਦੀਆਂ ਵਿਸ਼ੇਸ਼ਤਾਵਾਂ ਵਿੱਚ ਅਸੀ ਸੰਵਿਧਾਨਿਕ ਢਾਂਚੇ ਨੂੰ ਸਮਝਿਆ ਹੈ ਅਤੇ ਹੁਣ ਅਸੀ ਭਾਰਤ ਦੇ ਸਮਾਜਿਕ ਅਤੇ ਆਰਥਿਕ ਮਾਹੌਲ ਨੂੰ ਸਮਝਾਂਗੇ। ਕਿਸੇ ਦੇਸ਼ ਦੇ ਆਰਥਿਕ ਅਤੇ ਸਮਾਜਿਕ ਮਾਹੌਲ ਦੇ ਮੁਤਾਬਿਕ ਹੀ ਕਾਨੂੰਨ ਅਤੇ ਸੰਵਿਧਾਨਿਕ ਢਾਂਚਾ ਬਣਾਇਆ ਜਾਂਦਾ ਹੈ ਤਾਂ ਜੋ ਲੋਕਾਂ ਦੀ ਉਹਨਾਂ ਦੇ ਸੁਭਾਅ, ਸੱਭਿਆਚਾਰ ਦੀ ਸਹੀ ਤਰਜਮਾਨੀ ਹੋ ਸਕੇ ਅਤੇ ਵਿਸਵ ਮਾਨਵੀ ਕਦਰਾਂ ਕੀਮਤਾਂ ਦੇ ਅਧਾਰ ਤੇ ਬੁਰੀਆਂ ਪ੍ਰਥਾਵਾਂ ਉਪਰ ਰੋਕ ਲਗਾ ਕੇ ਚੰਗੀਆਂ ਪ੍ਰਥਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਅਜ਼ਾਦੀ ਪ੍ਰਾਪਤੀ ਸੰਘਰਸ਼ ਸਮੇਂ ਬਰਤਾਨਵੀ ਅਤੇ ਪੱਛਮੀ ਵਿਦਵਾਨਾਂ ਦਾ ਮੱਤ ਸੀ ਕਿ ਭਾਰਤ ਜਿਹੇ ਅਨਪੜ੍ਹ, ਗਰੀਬ, ਪਛੜੇ ਮੁਲਕਾਂ ਵਿੱਚ ਵਿਕਸਤ ਦੇਸ਼ਾਂ ਵਰਗੀਆਂ ਸੰਸਥਾਵਾਂ ਅਤੇ ਪ੍ਰਥਾਵਾਂ ਸਹੀ ਢੰਗ ਨਾਲ ਕੰਮ ਨਹੀਂ ਕਰ ਸਕਣਗੀਆਂ। ਲੋਕਤੰਤਰ ਬਾਰੇ ਰਾਏ ਸੀ ਕਿ ਸਾਂਝ ਆਧਾਰਿਤ ਜ਼ਿੰਦਗੀ ਜੋ ਭਾਰਤ ਦੀ ਵਿਸ਼ੇਸ਼ਤਾ ਹੈ ਪਰੰਤੂ ਲੋਕਤੰਤਰ ਵਿਅਕਤੀ ਨੂੰ ਅਹਿਮ ਮੰਨਦਾ ਹੈ।

ਭਾਰਤੀ ਸੰਵਿਧਾਨ ਨਿਰਮਾਤਾਵਾਂ ਅਤੇ ਰਾਜਨੀਤਕ ਆਗੂਆਂ ਦੀ ਪਹਿਲ ਸਦਕਾ ਭਾਰਤ ਨੇ ਆਪਣੀ ਲੋੜਾਂ ਅਨੁਸਾਰ, ਲੋਕਤੰਤਰ ਸਿਰਜਿਆ ਜਿਸਦੀ ਕਾਰਜ ਕਰਨ ਦੀ ਪ੍ਰਕਿਰਿਆ ਨੂੰ ਭਾਰਤ ਦੀਆਂ ਵਿਲੱਖਣ ਸਮਾਜਿਕ ਅਤੇ ਆਰਥਿਕ ਸਥਿਤੀਆਂ ਸਿੰਜਦੀਆਂ ਹਨ। ਇਹਨਾਂ ਨੂੰ ਹੇਠ ਲਿਖੇ ਅਨੁਸਾਰ ਸਮਝਣ ਦਾ ਯਤਨ ਕਰਾਂਗੇ–

ਸਮਾਜਿਕ ਤੱਤ (Social Factors) : ਪ੍ਰਾਚੀਨ ਸਮੇਂ ਤੋਂ ਭਾਰਤ ਵੱਖ-ਵੱਖ ਗਣਰਾਜਾਂ ਵਿੱਚ ਵੰਡਿਆ ਰਿਹਾ ਹੈ। ਹੁਣ, ਸ਼ੱਕ, ਇਰਾਨੀ, ਅਫਗਾਨੀ, ਯੂਨਾਨੀ, ਅੰਗਰੇਜ਼, ਡੱਚ, ਪੁਰਤਗਾਲੀ ਕਿੰਨੇ ਹੀ ਲੋਕਾਂ ਨੇ ਭਾਰਤ ਉੱਪਰ ਕਬਜ਼ਾ ਕਰਕੇ ਇਸਨੂੰ ਇੱਕ ਸਾਮਰਾਜ ਵਿੱਚ ਸ਼ਾਮਲ ਕੀਤਾ ਤੇ ਸਮੇਂ ਨਾਲ ਸਾਮਰਾਜ ਬਣਦੇ ਟੁੱਟਦੇ ਰਹੇ। ਬਹੁਤ ਲੋਕ ਬਾਹਰੋਂ ਆ ਕੇ ਇਥੇ ਵੱਸ ਗਏ ਅਤੇ ਇੱਥੋਂ ਦੇ ਸਭਿਆਚਾਰ ਵਿਚ ਰਚ ਮਿਚ ਗਏ। ਇਸ ਲਈ ਭਾਰਤ ਵੱਖ-ਵੱਖ ਧਰਮ, ਸੱਭਿਆਚਾਰ, ਭਾਸ਼ਾਵਾਂ ਦਾ ਦੇਸ਼ ਹੈ। ਪਰੰਤੂ ਇਸਦੇ ਉਲਟ ਭਾਰਤ ਵਿੱਚ ਬਾਹਰੋ ਆਈ ਵਰਨਪ੍ਰਣਾਲ਼ੀ ਜੋ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਮਨੁੱਖ ਨੂੰ ਜਨਮ ਤੋਂ ਹੀ ਜਾਤਾਂ ਵਿੱਚ ਵੰਡਦੀ ਸੀ ਅਤੇ ਜਾਤ ਦੇ ਅਧਾਰ ਤੇ ਹੀ ਮਨੁੱਖ ਦੇ ਕੰਮ, ਅਧਿਕਾਰ, ਸਥਾਨ, ਫਰਜ਼ ਤੈਅ ਕਰਦੀ ਸੀ। ਇਸਨੇ ਸਮਾਜ ਤੇ ਬਹੁਤ ਬੁਰਾ ਅਸਰ ਪਾਇਆ। ਜਾਤ ਤੇ ਆਧਾਰਤ ਇਸ ਪ੍ਰਨਾਲੀ ਨੂੰ ਧਰਮ ਅਤੇ ਰਾਜ ਦੀ ਸ਼ਹਿ ਪ੍ਰਾਪਤ ਸੀ ਅਤੇ ਅਖੌਤੀ ਉਚ ਜਾਤਾਂ ਨਾਲ ਸੰਬੰਧਤ ਲੋਕਾਂ ਨੂੰ ਅਸੀਮਤ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਜਿਸਦੇ ਸਹਾਰੇ ਉਹ ਲੋਕਾਂ ਦਾ ਸ਼ੋਸ਼ਣ ਕਰ ਸਕਦੇ ਸਨ ਇਸਨੇ ਸਮਾਜ ਵਿੱਚ ਜਾਤ ਦੇ ਅਧਾਰ 'ਤੇ ਵੱਡਾ ਪਾੜਾ ਪਾ ਦਿੱਤਾ। ਮਾਨਸਿਕ ਤੌਰ 'ਤੇ ਅਖੌਤੀ ਨੀਵੀਂ ਜਾਤੀ ਦੇ ਲੋਕ ਅਧਿਕਾਰਾਂ, ਜ਼ਰੂਰੀ ਲੋੜਾਂ, ਰੁਤਬੇ ਅਤੇ ਹੌਂਸਲੇ ਵਿਹੁਣੇ ਹੋ ਗਏ ਅਤੇ ਇਸਦੇ ਉਲਟ ਅਖੌਤੀ ਉਚ ਜਾਤੀ ਦੇ ਲੋਕ ਸ਼ਾਸਕ, ਦੌਲਤਮੰਦ ਅਤੇ ਮਾਲਕੀਅਤਾਂ ਨਾਲ ਸਮਾਜਿਕ ਦਾਬਾ ਪਾਉਣ ਵਾਲੇ ਬਣ ਗਏ ਜਿਸਨੇ ਭਾਰਤ ਦੇ ਸਮਾਜ ਨੂੰ ਬੁਰੀ ਤਰ੍ਹਾਂ ਤਹਿਸ ਨਹਿਸ ਕਰ ਦਿੱਤਾ। ਜਾਤ-ਪਾਤ ਦੇ ਕੋਹੜ ਨਾਲ ਨਾਲ ਲਿੰਗ ਦੇ ਅਧਾਰ 'ਤੇ ਔਰਤਾਂ ਦੀ ਸਥਿਤੀ ਵੀ ਮਾੜੀ ਸੀ। ਔਰਤਾਂ ਨੂੰ ਘਰ ਦੇ ਕੰਮ ਤੱਕ ਸੀਮਤ ਅਤੇ ਮਰਦ ਦੇ ਕਹਿਣੇ ਵਿੱਚ ਰਹਿਣ ਵਾਲੀ ਔਰਤ ਤੋਂ ਇਲਾਵਾ ਕੋਈ ਹੋਰ ਅਧਿਕਾਰ ਪ੍ਰਾਪਤ ਨਹੀਂ ਸੀ ਸਮਾਜਿਕ ਅਸਮਾਨਤਾ ਦੀ ਸਥਿਤੀ ਵਿੱਚ ਭਾਰਤ ਨੇ ਅਜ਼ਾਦੀ ਪ੍ਰਾਪਤ ਕੀਤੀ ਪਰੰਤੂ ਭਾਰਤ ਦੇ ਸੁਤੰਤਰਤਾ, ਸਮਾਨਤਾ ਅਤੇ ਨਿਆਂ ਤੇ ਅਧਾਰਿਤ ਸੰਵਿਧਾਨਕ ਢਾਂਚੇ ਲਈ ਢੁਕਵਾਂ ਸਮਾਜਿਕ ਮਾਹੌਲ ਨਹੀਂ ਦਿੱਤਾ। ਅਜਿਹੇ ਮਾਹੌਲ ਵਿੱਚ ਭਾਰਤ ਦੀਆਂ ਲੋਕਤੰਤਰੀ ਸੰਸਥਾਵਾਂ ਨੇ ਮਨੁੱਖੀ ਬਰਾਬਰੀ, ਸਮਾਜਿਕ ਨਿਆਂ ਵਰਗੇ ਰਿਸ਼ਤਿਆਂ ਨੂੰ ਨਵੇਂ ਸਿਰਿਓ ਬੁਣਨਾ ਸੀ। ਇਹ ਕਾਰਜ ਸਰਕਾਰੀ ਅਦਾਰਿਆ ਅਤੇ ਸਮਾਜਿਕ ਆਗੂਆਂ ਅਤੇ ਰਾਜਨੀਤਿਕ ਅਗਵਾਈ ਨੇ ਕਰਨਾ ਸੀ। ਦੂਜੇ ਪਾਸੇ ਸਮਾਜਿਕ ਅਤੇ ਰਾਜਨੀਤਕ ਅੰਤਰ-ਕਿਰਿਆ ਵਿਚੋਂ ਹੀ ਭਾਰਤ ਦੀ ਵਿਸ਼ੇਸ਼ ਲੋਕਤੰਤਰੀ ਪ੍ਰਥਾਵਾਂ ਨੇ ਉਭਰਨਾ ਸੀ। ਇਹਨਾਂ ਪ੍ਰਥਾਵਾਂ ਨੂੰ ਇਤਿਹਾਸਿਕ ਵਿਤਕਰੀਆਂ ਤੋਂ ਅਗਾਂਹ ਚੱਲਦੇ ਕਾਮਯਾਬ ਲੋਕਤੰਤਰ ਦੀ ਸਿਰਜਣਾ ਕਰਨੀ ਸੀ। ਇਹ ਮਾਹੌਲ ਭਾਵੇਂ ਪ੍ਰਾਚੀਨ ਸਮੇਂ ਤੋਂ ਥੋੜ੍ਹਾ ਸੁਧਾਰ ਆਇਆ ਪ੍ਰੰਤੂ ਅੱਜ ਵੀ ਅਨਪੜਤਾ, ਜਾਤ-ਪਾਤ, ਛੂਤਛਾਤ, ਸੰਪਰਦਾਇਕਤਾ, ਸਮਾਜਿਕ ਤਣਾਓ, ਹਿੰਸਾ, ਵੱਧਦੀ ਵਸੋਂ ਆਦਿ ਵਿਸ਼ਿਆਂ ਨੇ ਭਾਰਤ ਦੇ ਲੋਕਤੰਤਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

1. ਜਾਤਪਾਤ ਦਾ ਭਾਰਤ ਦੇ ਲੋਕਤੰਤਰ ਤੇ ਪ੍ਰਭਾਵ (Caste effects on Indian Democracy) : ਜਾਤਪਾਤ ਨੂੰ ਖ਼ਤਮ ਕਰਨ ਦੇ ਲਈ ਬਹੁਤ ਸਾਰੀਆਂ ਸਮਾਜਿਕ ਲਹਿਰਾਂ ਚੱਲੀਆਂ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਇਸਦਾ ਪ੍ਰਭਾਵ ਅਲੱਗ - ਅਲੱਗ ਹੈ ਪ੍ਰੰਤੂ ਫਿਰ ਵੀ ਅਸਲੀ ਤੌਰ 'ਤੇ ਇਹ ਪ੍ਰਨਾਲੀ ਲੋਕਾਂ ਦੇ ਦਿਮਾਗ ਅਤੇ ਦਿਲਾਂ ਵਿਚੋਂ ਨਹੀਂ ਨਿਕਲੀ। ਅੱਜ ਵੀ ਜ਼ਿਆਦਾਤਰ ਸਮਾਜਿਕ ਰਸਮਾਂ, ਆਰਥਿਕ ਅਤੇ ਰਾਜਨੀਤਿਕ ਕਾਰਜ ਜਾਤੀਵਾਦ ਦੇ ਅਸਰ ਅਧੀਨ ਹਨ। ਭਾਰਤ ਦਾ ਲੋਕਤੰਤਰੀ

ਢਾਂਚਾ ਬਹੁਮਤ ਦੇ ਸ਼ਾਸਨ 'ਤੇ ਅਧਾਰਤ ਹੈ. ਸੰਸਦ ਵਿਧਾਨ ਸਭਾਵਾਂ ਵਿੱਚ ਕੁਝ ਸੀਟਾਂ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਰਾਖਵੀਆਂ ਕਰਨ ਦਾ ਕਾਰਨ ਵੀ ਇਹਨਾਂ ਵਰਗਾਂ ਨੂੰ ਸਮਾਜਿਕ ਅਤੇ ਰਾਜਨੀਤਕ ਤੌਰ ਤੇ ਬਰਾਬਰ ਕਰਨ ਲਈ ਕੀਤਾ ਗਿਆ ਸੀ। ਵੋਟਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਰਾਜਨੀਤਕ ਦਲ ਜਾਤ ਦੀ ਪਛਾਣ ਦੇ ਅਧਾਰ ਤੇ ਟਿਕਟਾਂ ਦੀ ਵੰਡ ਕਰਦੇ ਹਨ ਜਿਸ ਖੇਤਰ ਵਿੱਚ ਜਿਸ ਜਾਤ ਦੇ ਵੋਟਰ ਵੱਧ ਹਨ ਉਹਨਾਂ ਦੇ ਪੱਖ ਵਿੱਚ ਫ਼ੈਸਲੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੋਕਾਂ ਨੂੰ ਜਾਤ ਦੇ ਅਧਾਰ ਉਤੇ ਲਭਾਇਆ ਜਾਂਦਾ ਹੈ ਤਾਂ ਜੋ ਵਿਰੋਧ ਵਜੋਂ ਵੱਖ-ਵੱਖ ਜਾਤੀ ਗਰੁੱਪ ਦਲਾਂ ਨਾਲ ਪੱਕੇ ਤੌਰ ਤੇ ਜੁੜਦੇ ਵੋਟਾਂ ਵਿੱਚ ਮਦਦ ਕਰ ਸਕਣ। ਭਾਰਤ ਦੇ ਸਾਰੇ ਦਲਾਂ ਦੇ ਮੁੱਖ ਅਹੁੱਦਿਆਂ ਉਪਰ ਅੱਜ ਵੀ ਉੱਚ ਜਾਤੀ ਦੇ ਲੋਕਾਂ ਦਾ ਕਬਜਾਂ ਹੈ ਲੋਕਤੰਤਰ ਵਿੱਚ ਰਾਜਨੀਤਕ ਦਲ ਲੋਕਤੰਤਰੀ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਾਜ਼ਮੀ ਮੰਨੇ ਜਾਂਦੇ ਹਨ। ਸਮਾਜਿਕ ਸਚਾਈਆਂ ਜਿਵੇਂ ਵਿਸ਼ੇਸ਼ ਜਾਤ ਤੋਂ ਵੋਟਾਂ ਦੀ ਆਸ ਨੂੰ ਅਸਲੀਅਤ ਵਿਚ ਬਦਲਣ ਲਈ ਰਾਜਨੀਤਕ ਦਲ ਆਪਣੇ ਆਪ ਨੂੰ ਉਸ ਜਾਤ ਨਾਲ ਜੁੜੇ ਹੋਣ ਦਾ ਪ੍ਰਤੀਕ ਸਿਰਜਦੇ ਹਨ। ਹਲਕਿਆਂ ਦੇ ਉਮੀਦਵਾਰਾਂ ਦੀ ਲਿਸਟ ਬਣਾਉਂਦੇ ਸਮੇਂ ਪਾਰਟੀ ਅਹੁਦੇਦਾਰ ਉਸ ਹਲਕੇ ਦੀ ਸਮਾਜਿਕ ਬਣਤਰ ਭਾਵ ਵਰਗਾਂ ਦੀਆਂ ਵੋਟਾਂ ਦੀ ਗਿਣਤੀ-ਮਿਣਤੀ ਦਾ ਹਿਸਾਬ ਲਗਾ ਕੇ ਟਿਕਟਾਂ ਦੀ ਵੰਡ ਕਰਦੇ ਹਨ। ਅਜਿਹਾ ਕਰਨ ਦਾ ਕਾਰਨ ਸੱਤ੍ਹਾ ਪ੍ਰਾਪਤੀ ਹੀ ਹੁੰਦਾ ਹੈ ਪਰੰਤੂ ਇਸਦੇ ਨਾਲ-ਨਾਲ ਪਾਰਟੀਆਂ ਸੰਵਿਧਾਨਕ ਤੌਰ 'ਤੇ ਜਾਣਦੀਆਂ ਹਨ ਕਿ ਸਰਕਾਰ ਬਣਾਉਣ ਭਾਵ ਸੱਤਾ ਚ ਆਉਣ ਲਈ ਵੋਟਾਂ ਪ੍ਰਾਪਤ ਕਰਨੀਆਂ ਲਾਜ਼ਮੀ ਹਨ। ਲੋਕਾਂ ਦੀ ਵੋਟ ਹੀ ਲੋਕਤੰਤਰ ਵਿੱਚ ਸੱਤਾ ਸਿਰਜਣਾ ਦਾ ਢੰਗ ਹਨ ਜੋ ਪੁਰਾਣੇ ਸਮੇਂ ਦੇ ਰਾਜ-ਮਹਾਰਾਜਿਆਂ ਦੇ ਸ਼ਾਸਨ ਤੋਂ ਉਲਟ ਸ਼ਾਂਤਮਈ ਢੰਗ ਸੱਤਾ ਤਬਦੀਲ ਕਰਦੇ ਹਨ।

ਰਾਜਨੀਤਕ ਦਲ ਕੇਵਲ ਚੋਣਾਂ ਸਮੇਂ ਹੀ ਨਹੀਂ ਸਗੋਂ ਪੱਕੇ ਤੌਰ 'ਤੇ ਵੱਖ - ਵੱਖ ਭਾਈਚਾਰਿਆਂ ਨੂੰ ਆਪਣੇ ਨਾਲ ਜੋੜਨ ਦਾ ਯਤਨ ਕਰਦੇ ਹਨ। ਅਜਿਹਾ ਕਰਨ ਲਈ ਵੱਖ-ਵੱਖ ਸੰਸਥਾਵਾਂ ਨੂੰ ਵੀ ਨਾਲ ਜੋੜਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਕੇਰਲ (Kerala) ਵਿੱਚ ਨਾਇਰ ਸੇਵਾ ਸੰਸਥਾ (Nair Service Society) ਉੱਚ ਜਾਤੀ ਦੇ ਨਾਇਰਾਂ ਅਤੇ ਨਰਾਇਣ ਧਰਮ ਪਰਿਪਲਾਣ ਯੋਗਮ (Naryana Dharma paripalana yogan) ਮੱਧ-ਵਰਗ ਈਜ਼ਹਾਵਾਸ (Erhavas) ਜਾਤ-ਵੋਟ ਬੈਂਕ ਹਨ। ਮੱਧ ਪ੍ਰਦੇਸ਼ ਵਿਚ ਰਾਜਪੂਤ (Rajput) ਸਰਕਾਰ ਬਣਾਉਣ ਵਿਚ ਅਹਿਮ-ਭੂਮਿਕਾ ਨਿਭਾਉਂਦੇ ਹਨ, ਉੱਤਰ-ਪ੍ਰਦੇਸ ਵਿਚ ਅਤੇ ਬਿਹਾਰ ਵਿਚ ਕ੍ਰਮਵਾਰ ਬਹੁਜਨ-ਸਰਵਜਨ (Bahujan-Sarvajan) ਯਾਦਵ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹਨ। ਪੰਜਾਬ ਦੀ ਰਾਜਨੀਤੀ ਨੂੰ ਵੱਖੋ-ਵੱਖ ਅਨੁਸੂਚਿਤ ਜਾਤੀ ਭਾਈਚਾਰੇ ਤੈਅ ਕਰਦੇ ਹਨ। ਰਾਜਨੀਤਿਕ ਦਲ ਵਾਂਗ ਹੀ ਜਾਤ-ਸਮੂਹਾਂ ਵਿਚੋਂ ਉਪਜੀ ਚੇਤਨਾ ਆਪਣੇ ਸਮਾਜਿਕ, ਆਰਥਿਕ, ਰਾਜਨੀਤਿਕ ਟੀਚਿਆਂ ਦੀ ਪੂਰਤੀ ਲਈ ਵਿਸ਼ੇਸ਼ ਰਾਜਨੀਤਕ ਦਲ ਨੂੰ ਸਹਿਯੋਗ ਕਰਦੀ ਹੈ। ਭਾਰਤ ਦੀ ਰਾਜਨੀਤੀ ਲਈ ਜਾਤ ਵੰਡ ਪਾਉਣ ਵਾਲੀ ਅਤੇ ਜੋੜਨ ਵਾਲੀ ਹੈ। ਵੱਖ-ਵੱਖ ਜਾਤ ਸਮੂਹ ਆਪਸ ਵਿੱਚ ਸੱਤ੍ਹਾ ਪ੍ਰਾਪਤੀ ਲਈ ਸੰਘਰਸ਼ ਕਰਦੇ ਹਨ ਜੋ ਲੋਕਤੰਤਰ ਲਈ ਲਾਜ਼ਮੀ ਹੈ। ਇਸ ਤੋਂ ਉਲਟ ਅਖੌਤੀ ਉਚ ਜਾਤੀ ਲੋਕਾਂ ਦਾ ਰਾਜਨੀਤਕ ਦਲਾਂ ਦੇ ਮੁੱਖ ਅਹੁੱਦਿਆ ਉਪਰ ਅਧਿਕਾਰ ਹੈ। ਅਜ਼ਾਦੀ ਦੇ 76 ਸਾਲ ਬੀਤ ਜਾਣ ਤੇ ਵੀ ਭਾਰਤ ਵਿੱਚ ਸਮਾਨਤਾ ਦਾ ਸਿਧਾਂਤ ਸਹੀ ਢੰਗ ਨਾਲ ਸਫਲਤਾ ਪ੍ਰਾਪਤ ਕਰਨ ਲਈ ਕਾਮਯਾਬ ਨਹੀਂ ਹੋ ਸਕਿਆ। ਜਾਤੀ ਦਾ ਤੱਥ ਮਤਦਾਨ ਵਿਹਾਰ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪਚੜੀਆਂ ਸ਼੍ਰੇਣੀਆਂ ਦੇ ਰਾਖਵੇਂਕਰਨ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਉਕਸਾ ਕੇ ਬਹੁਤ ਸਾਰੇ ਦਲ ਵੋਟ ਬੈਂਕ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

ਜਾਤ-ਪਾਤ ਸਮਾਜਿਕ ਪ੍ਰਣਾਲੀ ਹੋਣ ਕਰਕੇ ਸਮਾਜਿਕ ਅਤੇ ਧਾਰਮਿਕ ਅਧਾਰ ਤੇ ਹੀ ਇਸਨੂੰ ਵੱਡੇ ਪੱਧਰ ਤੇ ਖਤਮ ਕੀਤਾ ਜਾ ਸਕਦਾ ਹੈ ਕਿਉਂਕਿ ਸਮਾਜਿਕ ਅਤੇ ਧਾਰਮਿਕ ਲੀਡਰ ਸਮਾਜ ਵਿੱਚ ਸੁਧਾਰ ਲਿਆਉਂਦੇ ਹਨ ਇਸਦੇ ਉਲਟ ਰਾਜਨੀਤਿਕ ਲੀਡਰ ਸਮਾਜ ਵਿੱਚ ਪਏ ਤੱਤਾਂ ਨੂੰ ਹੀ ਆਪਣੀ ਰਾਜਨੀਤੀ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਸਿੱਖ ਗੁਰੂਆਂ ਵੱਲੋਂ ਸੰਗਤ, ਪੰਗਤ ਅਤੇ ਕਿਰਤ ਕੋਰ ਦਾ ਹੋਕਾ ਦੇ ਕੇ ਜਾਤਪਾਤ ਤੇ ਵੱਡੀ ਸੱਟ ਮਾਰੀ ਸੀ। ਇਨਸਾਨਿਅਤ ਦੇ ਅਧਾਰ ਤੇ ਸਭ ਨੂੰ ਬਰਾਬਰ ਸਮਝਣ ਲਈ ਉੱਚ-ਨੀਚ ਦਾ ਖਾਤਮਾ ਕੀਤਾ ਸੀ। ਧਾਰਮਿਕ ਅਤੇ ਸਮਾਜਿਕ ਰੀਤੀ-ਰਿਵਾਜਾਂ ਨੂੰ ਸਭ ਲਈ ਸਮਾਨ ਅਤੇ ਭੇਦਭਾਵ ਮੁਕਤ ਕੀਤਾ ਗਿਆ ਸੀ। ਸ਼੍ਰੀ ਗੁਰੂ ਅਮਰਦਾਸ ਜੀ ਦੁਆਰਾ ਅੰਤਰ ਜਾਤੀ ਵਿਆਹ ਦਾ ਹੋਕਾ ਅਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਸਮੇਂ ਬਿਨਾਂ ਜਾਤ ਦੇਖੇ, ਗੁਣਾਂ ਦੇ ਅਧਾਰ ਤੇ ਬਾਣੀ ਦਰਜ ਕੀਤੀ ਗਈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਸਮੇਂ ਸਾਰੀਆਂ ਰਸਮਾਂ ਬਰਾਬਰੀ ਦੇ ਅਧਾਰ ਤੇ ਕੀਤੀਆਂ ਸਨ। ਬ੍ਰਾਹਮਣਵਾਦੀ ਢਾਂਚੇ ਦੁਆਰਾ ਦੁਰਕਾਰੇ ਲੋਕਾਂ ਨੂੰ ਗੁਰੂ ਰਾਮਦਾਸ ਜੀ ਤੇ ਰਵਿਦਾਸ ਜੀ ਦਾ ਨਾਮ ਦੇ ਕੇ ਇੱਕ ਵਰਗ ਬਣਾਇਆ ਗਿਆ ਅਤੇ ਮਜਹਬ ਵਿੱਚ ਦ੍ਰਿੜ ਬਕੀਨ ਰੱਖਣ ਵਾਲਿਆ ਲਈ ਮਜਬੀ ਵਰਗ ਸੁਧਾਰ ਦੇ ਰੂਪ ਵਿੱਚ ਉਭਰਿਆ ਪਰੰਤੂ ਜਾਤ-ਪਾਤ ਦੀ ਰਹਿੰਦ ਨੇ ਦੁਬਾਰਾ ਇਨ੍ਹਾਂ ਵਰਗਾਂ ਨੂੰ ਉਸੇ ਸਥਿਤੀ ਵਿੱਚ ਧੱਕ ਦਿੱਤਾ। ਇਸ ਤਰ੍ਹਾਂ ਭਾਰਤ ਵਿੱਚ ਬਹੁਤ ਸਾਰੇ ਸਮਾਜਿਕ

ਸੁਧਾਰ ਆਗੂਆਂ ਨੇ ਜਾਤ – ਪਾਤ ਖਿਲਾਫ ਬੜੀ ਸਰਗਰਮ ਭੂਮਿਕਾ ਨਿਭਾਈ ਜਿਸ ਕਾਰਨ ਵਰਤਮਾਨ ਸਮੇਂ ਜਾਤ-ਪਾਤ ਦੀ ਪਕੜ ਢਿੱਲੀ ਹੋਈ ਹੈ। ਇਹੀ ਪਕੜ, ਰਾਜਨੀਤੀ ਵਿੱਚ ਬਿਨਾਂ ਜਾਤੀ ਭੇਦਭਾਵ ਦੇ ਇੱਕ ਸੱਚੇ ਲੋਕਤੰਤਰ ਵੱਲੇ ਲੈ ਕੇ ਜਾਵੇਗੀ।

ਸੰਵਿਧਾਨ ਦੁਆਰਾ ਰਖਵਾਂਕਰਨ (Reservation) ਦੀ ਕੀਤੀ ਵਿਵਸਥਾ ਬਹੁਤ ਵਾਰ ਰਾਜਨੀਤਕ ਦਲਾਂ ਲਈ ਰਾਖਵਾਂਕਰਨ ਦਾ ਵਿਰੋਧ ਜਾਂ ਪੱਖ ਕਰਨ ਵਾਲੇ ਲੋਕ ਵੋਟ ਬੈਂਕ ਬਣ ਜਾਂਦੇ ਹਨ। ਇਸ ਲਈ ਹਰ ਨਾਗਰਿਕ ਨੂੰ ਸਕਰਾਤਮਕ ਤਰੀਕੇ ਨਾਲ ਸਮਝਾਉਣਾ ਜ਼ਰੂਰੀ ਹੈ ਕਿ ਜੇਕਰ ਜਾਤਪਾਤ ਹੈ ਤਾਂ ਹੀ ਰਾਖਵਕਰਨ ਹੈ ਜੋ ਜਾਤ-ਪਾਤ ਨਹੀਂ ਹੋਵੇਗੀ ਤਾਂ ਰਾਖਵਾਂਕਰਨ ਨਹੀਂ ਹੋਵੇਗਾ।

2. ਅਨਪੜ੍ਹਤਾ (Illiteracy) : 21ਵੀਂ ਸਦੀ ਵਿਗਿਆਨ ਅਤੇ ਤਕਨੀਕ ਦੀ ਸਦੀ ਹੈ ਜਿਸ ਵਿੱਚ ਹਰ ਕੰਮ ਜਾਂ ਗਤੀਵਿਧੀ ਵਿੱਚ ਤਕਨੀਕ ਅਤੇ ਪੜਾਈ ਦੀ ਲੋੜ ਪੈਂਦੀ ਹੈ। ਕਿਸੇ ਪਾਰਟੀ, ਵਿਅਕਤੀ, ਸ਼ੋਸ਼ਲ ਮੀਡੀਆ ਜਾ ਦੁਨੀਆਂ ਬਾਰੇ ਜਾਣਨਾ ਹੋਵੇ ਭਾਵੇਂ ਕੋਈ ਵੀ ਆਧੁਨਿਕ ਤਕਨੀਕ ਦੀ ਮਸ਼ੀਨ ਚਲਾਉਣੀ ਹੋਵੇ, ਵਿਅਕਤੀ ਦਾ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ ਹੈ। ਰਾਜਨੀਤੀ ਦੀ ਸ਼ਬਦਾਵਲੀ, ਵੋਟਾਂ ਨਾਲ ਸੰਬੰਧਤ ਗਤੀਵਿਧੀਆਂ, ਪਾਰਟੀਆਂ ਦਾ ਰਾਜਨੀਤਕ ਪ੍ਰਚਾਰ ਅਤੇ ਆਧੁਨਿਕ ਦੁਨਿਆਦਾਰੀ ਦਾ ਏਜੰਡਾ ਬਿਨਾਂ ਪੜੇ ਲਿਖੇ ਤੋਂ ਸਮਝ ਨਹੀਂ ਆ ਸਕਦਾ ਕਿਉਂਕਿ ਵੋਟ ਦੀ ਰਾਜਨੀਤੀ ਲਈ ਲੀਡਰ ਆਮ ਵਿਅਕਤੀ ਨੂੰ ਝੂਠੇ ਵਾਅਦੇ ਕਰਕੇ ਬੇਵਕੂਫ ਬਣਾ ਜਾਂਦੇ ਹਨ। ਜ਼ਿਕਰਯੋਗ ਹੈ ਪੜੇ ਲਿਖੇ ਵਿਅਕਤੀ ਦਾ ਅਰਥ ਵਿਆਹਰਕ ਤੌਰ ਤੇ ਸਮਝ ਰੱਖਣ ਵਾਲਾ ਹੈ। ਅਸਲ ਜ਼ਿੰਦਗੀ ਤੇ ਅਮਲੀ ਬਾਰੇ ਅਗਿਆਨ ਹੋਣਾ ਵੀ ਅਨਪੜ੍ਹਤਾ ਹੈ ਜੋ ਲੋਕਤੰਤਰ ਦੀ ਸਫਲਤਾ ਦੇ ਰਾਹ ਵਿੱਚ ਵੱਡਾ ਰੋੜਾ ਹੈ। ਅਸਲ ਰਾਜਨੀਤੀ ਵਿਚ ਭਾਵ ਸਿਆਸਤ ਨੂੰ ਚਲਾਉਣ ਸਮੇਂ ਸਰਕਾਰਾਂ ਜਾਂ ਰਾਜਨੀਤਕ ਦਲ ਝੂਠੇ-ਵਾਅਦੇ ਕਰਦੇ ਹਨ। ਰਾਜਨੀਤੀ ਦੀ ਅਸਲੀਅਤ ਤੋਂ ਵਿਰਵੇ ਲੋਕਾਂ ਸੱਤ੍ਹਾ ਪ੍ਰਾਪਤੀ ਲਈ ਕੀਤੇ ਜਾਂਦੇ ਅਜਿਹੇ ਵਾਅਦਿਆਂ ਦੇ ਪੂਰਾ ਨਾਂ ਹੋਣ ਤੇ ਲੁੱਟਿਆ ਮਹਿਸੂਸ ਕਰਦੇ ਹਨ। ਪੜ੍ਹਿਆ-ਲਿਖਿਆ ਸੂਝਵਾਨ ਨਾਗਰਿਕ ਹੀ ਰਾਜਨੀਤੀ ਦੇ ਝੂਠਾਂ ਅਤੇ ਮਜ਼ਬੂਰੀਆਂ ਨੂੰ ਸਮਝ ਸਕਦਾ ਹੈ ਜਿਵੇਂ ਦੇ ਲੋਕ ਹੋਣਗੇ ਉਹੋ ਜਿਹੀ ਸਰਕਾਰ ਨੂੰ ਚੁਣਨਗੇ। ਇਸ ਕਰਕੇ ਅਣਪੜਤਾ ਵਿਹਾਰਕ ਤੌਰ ਤੇ ਰਾਜਨੀਤਕ ਪ੍ਰਕਿਰਿਆ ਨੂ ਤੈਅ ਕਰਦੀ ਹੈ ਕਿ ਕਿਸੇ ਦੇਸ਼ ਦੀਆਂ ਸੰਸਥਾਵਾਂ ਜਿਵੇਂ ਕਾਰਜ ਕਰਨਗੀਆਂ।

ੳ) ਦੇਸ਼ ਦੇ ਸਿਖਿਆ ਢਾਂਚੇਂ ਨੂੰ ਮਜ਼ਬੂਤ, ਇਮਾਨਦਾਰ ਤੇ ਸਸਤਾ ਬਣਾਇਆ ਜਾਵੇ ਤਾਂ ਜੋ ਸਿਖਿਆ ਹਰ ਵਿਅਕਤੀ ਦੀ ਪਹੁੰਚ ਵਿੱਚ ਹੋਵੇ। ਇਮਾਨਦਾਰ ਤੇ ਮਜ਼ਬੂਤੀ ਨਾਲ ਸਿਖਿਆ ਢਾਂਚਾਂ ਅਜ਼ਾਦ ਤੌਰ ਤੇ ਹੀ ਸੂਝਵਾਨ ਸਮਾਜ ਦੀ ਸਿਰਜਨਾ ਕਰ ਸਕਦਾ ਹੈ। ਵਿਦਿਆਰਥੀ ਨੂੰ ਵਿਹਾਰਕ ਅਤੇ ਅਸਲੀ ਤੌਰ ਤੇ ਸਿਖਿਆ ਨਾਲ ਜੋੜਿਆ ਜਾਵੇ ਜੋ ਰਾਜਨੀਤੀ ਦੀ ਵੀ ਸਮਝ ਰੱਖਦਾ ਹੋਵੇ।

ਅ) ਸਮੁੱਚੇ ਸਿਖਿਆ ਪ੍ਰਬੰਧ ਉਪਰ ਕਰੜੀ ਨਜ਼ਰ ਰੱਖੀ ਜਾਵੇ ਅਤੇ ਕਿਸੇ ਵੀ ਭ੍ਰਿਸ਼ਟਾਚਾਰ ਜਾਂ ਚਾਲਬਾਜੀ ਦੀ ਵੱਡੀ ਸਜਾ ਦਿੱਤੀ ਜਾਵੇ।

ੲ) ਸਿਖਿਆ ਪ੍ਰਾਪਤ ਕਰਨ ਲਈ ਵਿਦਿਆਰਥੀ ਦੇ ਰਸਤੇ ਵਿੱਚ ਆਉਂਦੀਆਂ ਕਿਸੇ ਵੀ ਭੇਦਭਾਵ ਅਧਾਰਿਤ ਰੁਕਾਵਟਾਂ ਨੂੰ ਦੂਰ ਕੀਤਾ ਜਾਵੇ।

3. ਸੰਪਰਦਾਇਕਤਾ (Communalism) : ਪੂਰੀ ਦੁਨੀਆ ਵਿੱਚ ਈਸਾਈ, ਹਿੰਦੂ, ਸਿੱਖ, ਮੁਸਲਿਮ, ਯਹੂਦੀ, ਬੁੱਧ, ਜੈਨ ਆਦਿ ਬਹੁਤ ਧਰਮ ਹਨ ਅਤੇ ਹਰ ਧਰਮ ਦੇ ਸੇਵਕ ਆਪੋ ਆਪਣੇ ਪਰੰਪਰਾ, ਆਦਰਸ਼ਾਂ ਮੁਤਾਬਕ ਸੁਤੰਤਰ ਵਿਚਰਨ ਲਈ ਪਾਬੰਦ ਹਨ। ਇੱਕ ਦੇਸ਼ ਵਿੱਚ ਰਹਿੰਦੇ ਹੋਏ ਸਾਰੇ ਲੋਕ ਜੇਕਰ ਮਾਨਵਤਾ ਦੇ ਅਧਾਰ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਅਤੇ ਸਾਰੇ ਧਰਮ ਸਾਰੇ ਵਿਅਕਤੀਆਂ ਦਾ ਬਰਾਬਰ ਸਤਿਕਾਰ ਕਰਦੇ ਹਨ ਤਾਂ ਸਭ ਸਹਿਣਸ਼ੀਲਤਾ ਤੇ ਅਧਾਰਿਤ ਹੁੰਦਾ ਹੈ ਪਰੰਤੂ ਜੇਕਰ ਇੱਕ ਦੂਸਰੇ ਧਰਮਾਂ ਦੀਆਂ ਇਨਸਾਨੀਅਤ ਤੇ ਅਧਾਰਿਤ ਕਦਰਾਂ ਕੀਮਤਾਂ ਹੋਣ ਦੇ ਬਾਵਜੂਦ ਵੀ ਵਿਰੋਧ ਕਰਦੇ ਹਨ ਜਾਂ ਦੂਸਰੇ ਧਰਮਾਂ ਦੇ ਰੀਤੀ ਰਿਵਾਜ, ਪਰੰਪਰਾਵਾਂ, ਲੋਕਾਂ ਨੂੰ ਸਹਿਣ ਨਹੀਂ ਕਰਦੇ ਸਗੋਂ ਉਹਨਾਂ ਦੇ ਆਰਥਿਕ, ਰਾਜਨੀਤਕ, ਸਮਾਜਿਕ ਪੱਧਰ ਤੇ ਬਾਈਕਾਟ ਅਤੇ ਹਿੰਸਾ ਕਰਦੇ ਹਨ ਤਾਂ ਇਸਨੂੰ ਸੰਪਰਦਾਇਕਤਾ ਕਿਹਾ ਜਾਂਦਾ ਹੈ। ਇਹ ਸਮਾਜ ਨੂੰ ਆਪਸ ਵਿੱਚ ਧਾਰਮਿਕ ਸਮੂਹਾਂ ਦੀਆਂ ਲੜਾਈਆਂ ਸੰਸਾਰ ਪੱਧਰ ਤੇ ਵਾਪਰ ਰਹੀਆਂ ਹਨ। ਬਰਤਾਨੀਆਂ ਵਿੱਚ ਅੰਗਰੇਜ਼ਾਂ ਦੇ ਕੱਟੜ ਸਮੂਹਾਂ ਦੁਆਰਾ ਮੁਸਲਮਾਨਾਂ ਨਾਲ ਹਿੰਸਕ ਘਟਨਾਵਾਂ ਵਾਪਰਨ ਤੋਂ ਪਹਿਲਾਂ ਮਨਾਂ ਵਿੱਚ ਵਾਪਰਦੀਆਂ ਹਨ। ਇਸੇ ਤਰ੍ਹਾਂ ਬੰਗਲਾਦੇਸ਼ ਤੋਂ ਮੁਸਲਮਾਨਾਂ ਦੁਆਰਾ ਹਿੰਦੂ ਭਾਈਚਾਰੇ ਦੇ ਲੋਕਾਂ ਪ੍ਰਤੀ ਹਿੰਸਕ ਕਾਰਵਾਈਆਂ ਸੰਪ੍ਰਦਾਇਕਤਾ (Communalism) ਵਿੱਚ ਹੀ ਉਪਜੀਆਂ ਹਨ। ਭਾਰਤ ਵਿੱਚ ਸੰਨ 1984 ਵਿੱਚ ਸਿੱਖ ਕਤਲੇਆਮ, 2002 ਵਿੱਚ ਮੁਸਲਿਮ ਕਤਲੇਆਮ ਅਜਿਹੀਆਂ ਹੀ ਉਦਾਹਰਨਾਂ ਹਨ। ਇਹਨਾਂ ਝਗੜਿਆਂ ਤੋਂ ਬਾਅਦ ਰਾਜਨੀਤਕ ਤੌਰ ਤੇ ਵੀ ਲਾਹਾ ਲੈਣ ਦੀ ਰੀਤ ਦਾ ਚੱਲਣਾ ਖ਼ਤਰਨਾਕ ਪ੍ਰਥਾ ਨੂੰ ਜਨਮ ਦਿੰਦਾ ਹੈ। ਲੋਕਤੰਤਰੀ ਸੰਸਥਾਵਾਂ ਨੂੰ ਲੋਕ-ਭਲਾਈ ਅਤੇ ਵਿਕਾਸ ਕਾਰਜਾਂ ਲਈ ਸਿਰਜਿਆ ਨਾ ਕੇ ਵੱਖ-ਵੱਖ

ਭਾਈਚਾਰਿਆਂ ਨੂੰ ਆਪਸ ਵਿਰੋਧੀ ਲੜਾਉਣ ਲਈ। ਰਾਜਨੀਤੀ ਵਿਚ ਕੇਵਲ ਸੱਤਾ ਪ੍ਰਾਪਤੀ ਲਈ ਧਾਰਮਿਕ ਭਾਵਨਾਵਾਂ ਨੂੰ ਵਰਤਣਾ ਭਾਰਤ ਵਿੱਚ ਲੋਕਤੰਤਰ ਲਈ ਚੰਗੀ ਗੱਲ ਨਹੀਂ ਹੈ। ਫਿਰ ਵੀ ਵੱਖ-ਵੱਖ ਧਾਰਮਿਕ ਸਮੂਹਾਂ ਦੀ ਰਾਜਨੀਤਕ ਖਿਚੋਤਾਣ ਭਾਰਤ ਵਿਚਲੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਆ ਰਹੀ ਹੈ। ਚੋਣਾਂ ਸਮੇਂ ਸਮਾਜਿਕ-ਆਰਥਿਕ ਮੁੱਦਿਆਂ ਦੀ ਥਾਂ ਤੇ ਧਾਰਮਿਕ ਏਕੇ ਦੇ ਹੋਕੇ ਨਾਲ ਸੱਤਾ ਪ੍ਰਾਪਤੀ ਦੀਆਂ ਕੋਸ਼ਿਸ਼ਾਂ ਲੋਕਤੰਤਰੀ ਰੁਹ-ਰੀਤਾਂ ਨੂੰ ਲੀਹੋਂ-ਲਾਹ ਦੇਣੀਗੀਆਂ।

ਸੰਪਰਦਾਇਕਤਾ ਧਰਮ ਅਧਾਰਿਤ ਵਿਰੋਧੀ ਭਾਈਚਾਰੀਆਂ ਵਿੱਚ ਵੰਡ ਦਿੰਦੀ ਹੈ ਅਤੇ ਚੋਣਾਂ ਦੇ ਸਮੇਂ ਧਰਮ ਦੇ ਅਧਾਰ ਰਾਜਨੀਤੀ ਲੋਕਾਂ ਨੂੰ ਤੇ ਧਰਮ ਦੇ ਅਧਾਰ ਬਣੀਆ ਪਾਰਟੀਆਂ ਨੂੰ ਬਹੁਤ ਰਾਸ ਆਉਂਦੀ ਹੈ, ਭਾਵ ਰਾਜਨੀਤਕ ਦਲ ਧਰਮ ਦੇ ਅਧਾਰ ਤੇ ਵੰਡੇ ਗਏ ਲੋਕਾਂ ਨਾਲ ਉਹਨਾਂ ਦੇ ਧਰਮ ਨੂੰ ਖਤਰਾ, ਜਾ ਅੱਗੇ ਲਿਜਾਣ ਦਾ ਵਾਅਦਾ ਕਰਦੇ ਵੋਟਾਂ ਦੀ ਮੰਗ ਕਰਦੇ ਹਨ ਜਿਸ ਨਾਲ ਭਾਰਤੀ ਲੋਕਤੰਤਰ ਸਾਂਝ ਦੀ ਥਾਂ ਸੰਪਰਦਾਇਕਤਾ ਦੁਆਰਾ ਬਣਾਇਆ ਲੋਕਤੰਤਰ ਬਣ ਜਾਂਦਾ ਹੈ ਜੋ ਲੋਕਤੰਤਰ ਦੀ ਆਤਮਾ ਨੂੰ ਜ਼ਖਮੀ ਕਰ ਦਿੰਦਾ ਹੈ।

ਸੁਝਾਅ—

ੳ) ਦੇਸ਼ ਦੇ ਸਾਰੇ ਧਾਰਮਿਕ ਭਾਈਚਾਰੀਆਂ ਨੂੰ ਵਿਸ਼ਵ ਮਾਨਵੀ ਕਦਰਾਂ ਕੀਮਤਾਂ ਤੇ ਅਧਾਰ ਦੇ ਬਰਾਬਰ ਸਤਿਕਾਰ ਦਿੱਤਾ ਜਾਵੇ ਅਤੇ ਕਾਨੂੰਨ ਦਾ ਅਮਲ ਸਾਰੇ ਧਰਮਾਂ ਲਈ ਸਮਾਨ ਹੋਵੇ।

ਅ) ਦੇਸ਼ ਦੀ ਆਰਥਿਕ, ਰਾਜਨੀਤਕ, ਸਮਾਜਿਕ ਤਰੱਕੀ ਵਿੱਚ ਸਾਰੇ ਵਰਗਾਂ ਦਾ ਯੋਗਦਾਨ ਬਣਾਉਣ ਲਈ ਕਿਸੇ ਵੀ ਧਾਰਮਿਕ ਭੇਦਭਾਵ ਜਾਂ ਹੀਣਤਾ ਨੂੰ ਖ਼ਤਮ ਕਰਕੇ ਹਰ ਵਰਗ ਨੂੰ ਵਿਸ਼ਵਾਸ ਵਿੱਚ ਲੈਣਾ ਜ਼ਰੂਰੀ ਹੈ ਅਤੇ ਸਭ ਲਈ ਸਮਾਨ ਮੌਕੇ ਤੇ ਸਮਾਨ ਵਿਹਾਰ ਕੀਤਾ ਜਾਵੇ।

ੲ) ਕਿਸੇ ਵੀ ਸੰਪਰਦਾਇਕ ਘਟਨਾ ਦੀ ਪਾਰਦਰਸ਼ੀ ਢੰਗ ਨਾਲ ਜਾਂਚ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ ਤਾਂ ਜੋ ਸਾਰਿਆਂ ਨੂੰ ਇਨਸਾਫ਼ ਮਿਲ ਸਕੇ। ਇਨਸਾਨ ਸਮੇਂ ਦੇ ਨਾਲ ਮਿਲਣਾ ਜ਼ਰੂਰੀ ਹੈ ਕਿਉਂਕਿ ਇਨਸਾਫ਼ ਵਿੱਚ ਦੇਰੀ ਤੋਂ ਭਾਵ ਇਨਸਾਫ਼ ਨਾ ਕਰਨਾ ਹੀ ਹੰਦਾ ਹੈ।

ਸ) ਸਮੂਹ ਘੱਟ ਗਿਣਤੀ ਵਰਗਾਂ ਦੀਆਂ ਮੰਗਾਂ ਤੇ ਵਿਸ਼ੇਸ਼ ਲੋਕਾਂ ਵੱਲ ਉਚੇਚਾ ਧਿਆਨ ਦੇਣਾ ਅਤਿ ਜ਼ਰੂਰੀ ਹੁੰਦਾ ਹੈ ਕਿਉਂਕਿ ਬਹੁਗਿਣਤੀ ਦੇ ਰੌਲੇ ਵਿੱਚ ਇਹ ਮੰਗਾਂ ਰੁਲ੍ਹ ਜਾਂਦੀਆਂ ਹਨ। ਸੰਪਰਦਾਇਕਤਾ ਫੈਲਾਉਣ ਵਾਲੇ ਰਾਜਨੀਤਕ ਦਲਾਂ ਤੇ ਰੋਕ ਲਾਉਣੀ ਚਾਹੀਦੀ ਹੈ ਅਤੇ ਦੋਸ਼ੀ ਵਿਅਕਤੀ ਨੂੰ ਚੋਣ ਲੜਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਦੇਸ਼ ਦੀ ਸਿਖਿਆ ਪ੍ਰਨਾਲੀ ਵਿੱਚ ਸੰਪਰਦਾਇਕਤਾ ਵਿਰੋਧੀ ਕਦਰਾਂ ਕੀਮਤਾਂ ਰਾਹੀਂ ਵਿਦਿਆਰਥੀਆਂ ਨੂੰ ਇਸ ਕੋਹੜ ਤੋਂ ਦੂਰ ਰੱਖਿਆ ਜਾਵੇ।

ਹ) ਸਰਵ ਧਰਮ ਸਮਾਨਤਾ ਨਾਲ ਹੀ ਸੰਪਰਦਾਇਕਤਾ ਨੂੰ ਖਤਮ ਕੀਤਾ ਜਾ ਸਕਦਾ ਹੈ ਅਤੇ ਇਸਦੇ ਲੋਕਤੰਤਰੀ ਸੰਸਥਾਵਾਂ ਉਤੇ ਮਾੜੇ ਪ੍ਰਭਾਵ ਨੂੰ ਰੋਕਿਆ ਜਾ ਸਕਦਾ ਹੈ।

4. ਰਾਜਨੀਤਕ ਹਿੰਸਾ (Violence) : ਸਮਾਜ ਵਿੱਚ ਫੈਲੇ ਗਲਤ ਸ਼ਾਸਨ ਢੰਗ, ਆਰਥਿਕ, ਸਮਾਜਿਕ ਪ੍ਰਨਾਲੀ, ਭ੍ਰਿਸ਼ਟਾਚਰ ਅਤੇ ਧੋਖੇਬਾਜ਼ੀ ਆਦਿ ਮਨੁੱਖਾਂ ਦੇ ਵੱਖ-ਵੱਖ ਸਮੂਹਾਂ ਵਿਚਾਲੇ ਹਿੰਸਾ ਦਾ ਕਾਰਨ ਬਣਦੇ ਹਨ ਪਰੰਤੂ ਬਹੁਤ ਵਾਰ ਰਾਜਨੀਤਕ ਲੋਕ ਆਪਣੇ ਵੋਟ ਬੈਂਕ ਲਈ ਇਸਦਾ ਇਸਤਮਾਲ ਕਰਦੇ ਹਨ। ਹਿੰਸਕ ਮਹੌਲ ਵਿੱਚ ਕਦੇ ਵੀ ਵਿਚਾਰਾਂ ਦਾ ਖੁਲੇ ਤੌਰ ਤੇ ਪ੍ਰਗਟਾਅ ਨਹੀਂ ਹੋ ਸਕਦਾ। ਸਮਾਜ ਵਿੱਚ ਡਰ ਅਤੇ ਸਹਿਮ ਦੇ ਹਲਾਤ ਨਾਗਰਿਕਾਂ ਨੂੰ ਸਹੀ ਸਰਕਾਰ ਦੀ ਚੋਣ ਦੀ ਜਗ੍ਹਾ ਭਾਰਤੀ ਲੋਕਤੰਤਰ ਦੀ ਕਾਰਜ ਸ਼ੀਲਤਾ ਨੂੰ ਧੱਕੇਸ਼ਾਹੀ ਵੱਲ ਲੈ ਜਾਂਦੇ ਹਨ। ਭਾਰਤ ਵਿੱਚ ਚੋਣਾਂ ਤੋਂ ਪਹਿਲਾਂ ਹਿੰਸਕ ਘਟਨਾਵਾਂ ਨਾਲ ਵੋਟਰਾਂ ਨੂੰ ਡਰਾਉਣਾ ਅਤੇ ਰਾਜਨੀਤਕ ਦਲਾਂ ਵੱਲੋਂ ਉਸ ਡਰ ਨੂੰ ਵੋਟਾਂ ਵਿੱਚ ਬਦਲਣਾ ਆਮ ਗੱਲ ਹੈ ਅਤੇ ਵੋਟਾਂ ਦੇ ਅਮਲ ਵਾਲੇ ਦਿਨ ਵੀ ਹਿੰਸਕ ਘਟਨਾਵਾਂ ਨਾਲ ਚੋਣ ਬੂਥਾਂ ਉਪਰ ਕਬਜ਼ੇ ਕਰਕੇ ਤਕੜੇ ਉਮੀਦਵਾਰ ਸਾਰੀਆਂ ਵੋਟਾਂ ਆਪਣੇ ਹੱਕ ਵਿੱਚ ਭੁਗਤਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਰਾਜਨੀਤਕ ਹਿੰਸਾ ਅਤੇ ਡਰ ਦੇ ਮਹੌਲ ਵਿੱਚ ਵੋਟਾਂ ਸਿਰਫ਼ ਖਾਨਾਪੂਰਤੀ ਬਣ ਕੇ ਰਹਿ ਜਾਂਦੀਆਂ ਹਨ।

ਸੁਝਾਅ—

ੳ) ਦੇਸ਼ ਦੇ ਪ੍ਰਸ਼ਾਸਨ ਵੱਲੋਂ ਕਾਨੂੰਨ ਵਿਵਸਥਾ ਇਮਾਨਦਾਰੀ ਅਤੇ ਸਖਤਾਈ ਨਾਲ ਲਾਗੂ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕੋਈ ਹਿੰਸਕ ਘਟਨਾਂ ਨਾ ਵਾਪਰਣ।

ਅ) ਦੇਸ਼ ਵਿੱਚ ਸਭ ਲਈ ਆਰਥਿਕ, ਸਮਾਜਿਕ, ਰਾਜਨੀਤਕ ਨਿਆਂ ਸਮੇਂ ਤੇ ਮਿਲਣਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਜੁਰਮ ਅਨੁਸਾਰ ਸਖਤ ਸਜ਼ਾਵਾਂ ਦੇਣੀਆਂ ਜ਼ਰੂਰੀ ਹਨ ਤਾਂ ਜੋ ਹਿੰਸਕ ਮਹੌਲ ਨਾ ਬਣੇ।

ਏ) ਦੇਸ਼ ਵਿੱਚ ਸਿੱਖਿਆ ਢਾਚੇਂ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਜੋ ਵਿਦਿਆਰਥੀ ਹਿੰਸਾ ਚਲਨ ਤੋਂ ਬਚ ਕੇ ਨੈਤਿਕ ਕਦਰਾਂ ਕੀਮਤਾਂ ਵਾਲੇ ਬਣ ਸਕਣ।

ਸ) ਬਹੁਤ ਵਾਰ ਸੈਨਾ, ਪੁਲਿਸ ਜਾ ਹੋਰ ਮਹਿਕਮਿਆਂ ਰਾਹੀ ਰਾਜ ਵੱਲੋਂ ਵੀ ਲੋਕਾਂ ਉਪਰ ਹਿੰਸਾ ਦੀ ਵਰਤੋ ਕੀਤੀ ਜਾਂਦੀ ਹੈ ਜਿਸ ਲਈ ਪਾਰਦਰਸ਼ੀ ਢੰਗ ਨਾਲ ਵਿਸ਼ਵ ਮਾਨਵੀ ਕਦਰਾਂ ਕੀਮਤਾਂ ਦੇ ਅਧਾਰ ਤੇ ਜਾਂਚ ਹੋਣੀ ਚਾਹੀਦੀ ਹੈ ਅਤੇ ਸਭ ਲਈ ਸਜ਼ਾ ਲਾਜ਼ਮੀ ਹੋਵੇ।

ਹ) ਜ਼ੁਲਮ ਦੇ ਖਿਲਾਫ਼ ਕੀਤੀ ਗਈ ਹਿੰਸਾ ਨੂੰ ਅਸੀ ਆਮ ਹਿੰਸਾ ਵਿੱਚ ਨਹੀਂ ਰੱਖ ਸਕਦੇ ਇਸ ਲਈ ਹਿੰਸਾ ਪਿੱਛੇ ਲੁਕੇ ਕਾਰਨਾਂ ਨੂੰ ਜਾਣਨਾ ਜ਼ਰੂਰੀ ਹੈ।



5. ਮੀਡੀਆ (Media) : ਦੁਨੀਆਂ ਵਿੱਚ ਹੋਈ ਵੱਖ-ਵੱਖ ਘਟਨਾਵਾਂ ਦੀਆਂ ਖਬਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਅਖ਼ਬਾਰ ਜਰਨਲ ਅਤੇ ਰਸਾਲਿਆਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ ਪਰੰਤੂ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਬਿਜਲਈ ਮੀਡੀਆ ਭਾਵ ਟੀ.ਵੀ, ਡਾਟਾ ਤੇ ਖਬਰਾਂ ਦੇ ਚੈਨਲਾਂ ਰਾਹੀ ਦੁਨੀਆਂ ਅਤੇ ਦੇਸ਼ ਭਰ ਦੀਆਂ ਖਬਰਾਂ ਆਮ ਲੋਕਾਂ ਤੱਕ ਪਹੁੰਚਾਈਆਂ ਜਾਣ ਲੱਗੀਆਂ। 21ਵੀਂ ਸਦੀ ਵਿੱਚ ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਕਰਕੇ ਬਹੁਤ ਸਾਰੀਆਂ ਸਮਾਜਿਕ ਸਾਈਟਾਂ (Social sites) ਜਿਵੇਂ ਬੂਥਾਪੋਥੀ (Facebook) ਇੰਸਟਾਗ੍ਰਾਮ (Instagram), ਵਟਸ ਐਪ (whatsapp) ਟਵਿਟਰ ਜਾਂ ਐਕਸ (Twitter) ਆਦਿ ਦੀ ਵਰਤੋਂ ਨਾਲ ਦੇਸ਼ ਦੁਨੀਆ ਦੀ ਹਰ ਖਬਰ ਇਹਨਾਂ ਸਾਈਟਾਂ ਰਾਹੀ ਲੋਕਾਂ ਤੱਕ ਪਹੁੰਚਦੀ ਹੈ ਅਤੇ ਆਮ ਲੋਕਾਂ ਕੋਲ ਇਸਨੂ ਚਲਾਉਣ, ਵਿਚਾਰ ਪ੍ਰਗਟਾਉਣ, ਖਬਰ ਪਾਉਣ ਦੀ ਆਗਿਆ ਹੋਣ ਕਾਰਨ ਹਰ ਮਨੁੱਖ ਦੀ ਜ਼ਿੰਦਗੀ ਉਪਰ ਡੂੰਘਾ ਪ੍ਰਭਾਵ ਪਾਉਂਦੇ ਹਨ। ਹਰ ਤਰ੍ਹਾਂ ਦੀ ਸਮਾਜਿਕ, ਰਾਜਨੀਤਕ ਜਾਂ ਆਰਥਿਕ ਚਰਚਾ ਇਹਨਾਂ ਤੇ ਚਲਦੀ ਰਹਿੰਦੀ ਹੈ ਅਤੇ ਸੋਸ਼ਲ ਮੀਡੀਆ ਤੇ ਚਲ ਰਹੀ ਚਰਚਾ ਦਾ ਪ੍ਰਭਾਵ ਸਰਕਾਰ ਦੇ ਫੈਸਲਿਆਂ ਉਪਰ ਅਤੇ ਚੋਣਾਂ ਦੇ ਨਤੀਜਿਆਂ ਉਪਰ ਪ੍ਰਤੱਖ ਰੂਪ ਵਿੱਚ ਨਜ਼ਰ ਆਉਂਦਾ ਹੈ। ਇਸ ਲਈ ਅਖਬਾਰਾਂ ਦੀਆਂ ਖਬਰਾਂ ਟੀ.ਵੀ ਚੈਨਲਾਂ ਤੇ ਹੁੰਦੀਆਂ ਰਾਜਨੀਤਕ ਬਹਿਸਾਂ, ਸੋਸ਼ਲ ਸਾਈਟਸ ਤੇ ਹੁੰਦੀ ਚਰਚਾ ਦੇਸ਼ ਦੀ ਸ਼ਾਸਨ ਵਿਵਸਥਾ, ਚੋਣ ਨਤੀਜੇ ਅਤੇ ਸਰਕਾਰ ਦੇ ਫੈਸਲਿਆਂ ਨੂੰ ਨਿਰਧਾਰਿਤ ਕਰਦੇ ਹਨ ਜੋ ਭਾਰਤ ਦੇ ਲੋਕਤੰਤਰ ਉਪਰ ਡੂੰਘਾ ਪ੍ਰਭਾਵ ਸਿਰਜਦੇ ਹਨ। ਮੀਡੀਆ ਦੇ ਇਸ ਪ੍ਰਭਾਵ ਨੂੰ ਵੋਟ ਬੈਂਕ ਵਿੱਚ ਬਦਲਣ ਲਈ ਜ਼ਿਆਦਾਤਰ ਹਕੂਮਤਾਂ ਮੀਡੀਆਂ ਦੇ ਸਾਧਨਾਂ ਉਪਰ ਆਪਣਾ ਕੰਟਰੋਲ ਕਰਨ ਜਾਂ ਰਾਜਨੀਤਕ ਪਾਰਟੀਆਂ ਆਪਣੇ ਆਈ.ਟੀ. (I.T) ਵਿੰਗ ਬਣਾ ਕੇ ਜਨਤਾ ਦੀ ਰਾਏ ਆਪਣੇ ਪੱਖ਼ ਵਿੱਚ ਕਰਨ ਦਾ ਯਤਨ ਕਰਦੀਆਂ ਹਨ। ਹਰ ਵਿਰੋਧੀ ਗੱਲ ਜਾ ਅਵਾਜ਼ ਦੇ ਖਿਲਾਫ਼ ਕਾਰਵਾਈ ਕਰਕੇ ਪਾਰਟੀਆਂ ਦੇ ਮੀਡੀਆ ਆਈ ਟੀ ਵਿੰਗ ਲੋਕਮਤ ਆਪਣੇ ਪੱਖ ਵਿੱਚ ਕਰ ਲੈਂਦੇ ਹਨ। ਇਸ ਤਰ੍ਹਾਂ ਅਮੀਰ ਉਮੀਦਵਾਰ ਅਤੇ ਤਕੜੀਆਂ ਪਾਰਟੀਆਂ ਇਹਨਾਂ ਮੀਡੀਆ ਦੇ ਸਾਧਨਾਂ ਰਾਹੀਂ ਆਪਣੀ ਸੱਤਾ ਸਥਾਪਿਤ ਕਰ ਲੈਂਦੇ ਹਨ। ਮੀਡੀਆ ਲੋਕਤੰਤਰ ਦਾ ਚੌਥਾ ਥੰਮ ਹੰਦਾ ਹੈ ਇਸ ਦਾ ਇਮਾਨਦਾਰੀ ਹੋਣਾ ਲੋਕਤੰਤਰੀ ਦੀ ਬਿਹਤਰੀ ਲਈ ਜ਼ਰੂਰੀ ਸ਼ਰਤ ਹੈ। ਵੱਖ-ਵੱਖ ਮਾਧਿਅਮਾਂ ਵਿਚੋਂ ਮੋਬਾਇਲ ਵਿਚਲੀਆਂ ਐਪਸ ਰਾਹੀਂ ਮਹਈਆ ਕਰਵਾਈ ਜਾ ਰਹੀ ਜਾਣਕਾਰੀ ਲੋਕਾਂ ਦੇ ਮਨਾ ਤੇ ਅਸਰ ਕਰਦੀ ਹੈ ਅਤੇ ਉਹਨਾਂ ਦੇ ਰਾਜਨੀਤੀ ਬਾਰੇ ਵਿਅਕਤ ਕੀਤੇ ਵਿਚਾਰਾਂ ਦੀ ਪਿੱਠਭੂਮੀ ਤਿਆਰ ਕਰਦੀ ਹੈ।

6. ਭਾਸ਼ਾ ਦੀ ਰਾਜਨੀਤੀ (Politics of language) : ਭਾਰਤ ਦੀ ਧਰਤੀ ਉਪਰ ਹਜਾਰਾਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਭਾਰਤ ਦੇ ਸੰਵਿਧਾਨ ਦੀ ਅੱਠਵੀ ਅਨੁਸੂਚੀ ਵਿੱਚ ਸਿਰਫ਼ 22 ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ। ਮੌਲਿਕ ਅਧਿਕਾਰਾਂ ਵਿੱਚ ਅਨੁਛੇਦ 29 ਵਿੱਚ ਸਾਰੇ ਨਾਗਰਿਕਾਂ ਨੂੰ ਆਪਣੇ ਸੱਭਿਆਚਾਰ, ਭਾਸ਼ਾ ਅਤੇ ਲਿਪੀ ਨੂੰ ਅਪਨਾਉਣ ਅਤੇ ਵਿਕਾਸ ਕਰਨ ਦਾ ਅਧਿਕਾਰ ਪ੍ਰਾਪਤ ਹੈ। ਭਾਵ ਭਾਰਤ ਦਾ ਹਰ ਨਾਗਰਿਕ ਆਪਣੀ ਭਾਸ਼ਾ 'ਤੇ ਮਾਣ ਲਈ ਉਸਦੇ ਵਿਕਾਸ ਵਿੱਚ ਹਿੱਸਾ ਪਾ ਸਕਦਾ ਹੈ ਕਿਉਂਕਿ ਮਾਂ ਬੋਲੀ ਅਤੇ ਵਿਅਕਤੀ ਦੇ ਜੀਵਣ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਪੱਛਮੀ ਦੇਸ਼ਾਂ ਵਿੱਚ

ਖਾਸਕਰ ਯੂਰਪ ਮਹਾਂਦੀਪ ਵਿੱਚ ਦੇਸ਼, ਭਾਸ਼ਾ ਸੱਭਿਆਚਾਰ ਦੇ ਆਧਾਰ 'ਤੇ ਹੋਂਦ ਵਿੱਚ ਆਏ ਜਿਥੇ ਹਰ ਕੌਮ ਆਪਣੇ ਦੇਸ਼ ਵਿੱਚ ਆਪਣੇ ਕਾਨੂੰਨੀ ਢਾਂਚੇ ਸੱਭਿਆਚਾਰ, ਕਦਰਾਂ ਕੀਮਤਾਂ ਦੇ ਅਧਾਰ ਤੇ ਸ਼ਾਸਨ ਪ੍ਰਬੰਧ ਬਣਾ ਸਕਦੀ ਸੀ ਅਤੇ ਰਾਸ਼ਟਰਵਾਦ ਦੇ ਅਧਾਰ ਤੇ ਇੱਕ ਸੱਭਿਆਚਾਰ, ਬੋਲੀ ਆਦਿ ਹੋਣ ਕਾਰਨ ਲੋਕ ਆਪਣੇ ਦੇਸ਼ ਵਿੱਚ ਏਕਤਾ ਦਾ ਪ੍ਰਗਟਾਵਾ ਕਰਦੇ ਸਨ। ਜਦੋਂ ਪੱਛਮ ਦੇ ਪੂਰਬੀ ਦੇਸ਼ਾਂ ਉਪਰ ਤਕਨਾਲੋਜੀ ਅਤੇ ਵਿਚਾਰਧਾਰਾਂ ਦੇ ਪ੍ਰਭਾਵ ਸਦਕਾ ਪੱਛਮੀ ਢੰਗ ਤਰੀਕੇ ਭਾਰਤ ਉਪਰ ਲਾਗੂ ਕੀਤੇ ਗਏ ਤਾਂ ਇਥੇ ਵੀ ਰਾਸ਼ਟਰਵਾਦ ਦੇ ਅਧਾਰ ਤੇ ਏਕਤਾ ਦਾ ਚਲਣ ਸ਼ੁਰੂ ਹੋਇਆ ਪਰੰਤੂ ਪੱਛਮ ਵਿੱਚ ਹਰੇਕ ਦੇਸ਼ ਵਿੱਚ ਇੱਕ ਸੱਭਿਆਚਾਰ ਜਾਂ ਬੋਲੀ ਦਾ ਦਾਬਾ ਹੋਣ ਦੇ ਉਲਟ ਭਾਰਤ ਵਿੱਚ ਵੱਖ-ਵੱਖ ਭਾਸ਼ਾਵਾਂ, ਸੱਭਿਆਚਾਰਾਂ ਅਤੇ ਲਿਪੀਆਂ ਵਰਤਣ ਵਾਲੇ ਲੋਕ ਰਹਿੰਦੇ ਹਨ ਇਸ ਲਈ ਇੱਕ ਸੱਭਿਆਚਾਰ ਜਾਂ ਬੋਲੀ ਤੇ ਅਧਾਰਿਤ ਰਾਜਨੀਤਕ ਢਾਂਚੇ ਵਾਲੇ ਰਾਸ਼ਟਰਵਾਦ ਨੇ ਭਾਰਤ ਵਿੱਚ ਵੀ ਕਿਸੇ ਇੱਕ ਭਾਸ਼ਾ ਦੀ ਦਾਬੇ ਦੇ ਅਧਾਰ ਤੇ ਰਾਸ਼ਟਰਵਾਦੀ ਏਕਤਾ ਦਾ ਪ੍ਰਭਾਵ ਸਿਰਜਣਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਭਾਸ਼ਾ ਅਤੇ ਸੱਭਿਆਚਾਰ ਦੇ ਅਧਾਰ ਤੇ ਵੱਖ ਵੱਖ ਵਰਗਾ ਵਿੱਚ ਵਖਰੇਵਾਂ ਸ਼ੁਰੂ ਹੋਇਆ। ਇਸ ਵਖਰੇਵੇ ਨੂੰ ਰਾਜਨੀਤਕ ਦਲਾਂ ਵੱਲੋਂ ਆਪਣੇ ਵੋਟ ਬੈਂਕ ਦੇ ਤੌਰ 'ਤੇ ਵਰਤਣ ਲਈ ਹੋਰ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਭਾਵ ਪੱਛਮ ਦੇ ਇੱਕ ਰਾਸ਼ਟਰ ਇੱਕ ਦੇਸ਼ ਦੇ ਸੰਕਲਪ ਨੇ ਭਾਰਤ ਦੇ ਇੱਕ ਦੇਸ਼ ਬਹੁਕੌਮੀ ਸੰਕਲਪ ਵਿੱਚ ਉਲਝਣ ਪੈਦਾ ਕਰ ਦਿੱਤੀ। ਜੋ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਭਾਸ਼ਾ ਦੇ ਅਧਾਰ ਤੇ ਲੋਕਾਂ ਨੂੰ ਵੰਡ ਕੇ ਭਾਸ਼ਾਵਾਦ, ਭਾਰਤ ਦੇ ਲੋਕਤੰਤਰ ਉਪਰ ਡੂੰਘਾ ਪ੍ਰਭਾਵ ਪਾਉਂਦਾ ਹੈ। ਚੋਣਾਂ ਸਮੇਂ ਭਾਸ਼ਾਈ ਭਾਵਨਾਵਾਂ ਨੂੰ ਭੜਕਾਇਆ ਜਾਂਦਾ ਹੈ। ਇਸ ਲਈ ਲੋਕ ਵੋਟ ਸਮੇਂ ਸਹੀ ਉਮੀਦਵਾਰ ਦੀ ਚੋਣ ਦੀ ਬਜਾਏ ਭਾਸ਼ਾ ਦੀ ਰਾਜਨੀਤੀ ਵਿੱਚ ਫਸ ਜਾਂਦੇ ਹਨ। ਇਸਦੇ ਨਾਲ-ਨਾਲ ਭਾਸ਼ਾਵਾਂ ਦੀ ਵਿਲੱਖਣਤਾ ਭਾਰਤ ਦੀ ਅਨੇਕਤਾ ਵਿਚ ਏਕਤਾ ਦੀ ਅਸਲ ਉਦਾਹਰਨ ਵੀ ਹਨ। ਭਾਸ਼ਾ ਦੇ ਅਧਾਰ ਤੇ ਆਪਣਾ ਗਰੁੱਪ ਨੂੰ ਰਾਜਨੀਤਕ ਤੌਰ ਤੇ ਮਜ਼ਬੂਤ ਕਰਨਾ ਅਤੇ ਆਪਣੇ ਖਿੱਤੇ ਦਾ ਰਾਜਨੀਤੀ ਰਾਹੀਂ ਸਭਿਆਚਾਰਕ ਵਿਕਾਸ ਕਰਨਾ ਇਕ ਸੰਵਿਧਾਨਕ ਅਧਾਰ ਹੈ। ਭਾਸ਼ਾ ਭਾਰਤ ਦੀ ਰਾਜਨੀਤੀ ਦਾ ਸ਼ੁਰੂ ਤੋਂ ਹੀ ਅਧਾਰ ਰਿਹਾ। ਉਦਾਹਰਨ ਦੇ ਤੌਰ ਤੇ ਆਂਧਰਾ ਪ੍ਰਦੇਸ਼ ਦਾ ਸੂਬੇ ਦੇ ਤੌਰ ਜਨਮ ਅਤੇ ਪੰਜਾਬ ਦਾ ਉਦੇ ਵੀ ਭਾਸ਼ਾ ਦੀ ਰਾਜਨੀਤੀ ਦੀ ਪੈਦਾਇਸ਼ ਹੈ।

ੳ. ਦੇਸ਼ ਦਾ ਸ਼ਾਸਨ ਪ੍ਰਬੰਧ ਵੱਖ ਵੱਖ ਬੋਲੀਆਂ, ਸੱਭਿਆਚਾਰ ਅਤੇ ਲਿਪੀਆਂ ਦੀ ਸੁਤੰਤਰਤਾ ਦੇ ਅਧਾਰ ਤੇ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਣਾ ਚਾਹੀਦਾ ਹੈ ਅਤੇ ਕਿਸੇ ਵਰਗ ਜਾਂ ਵਿਅਕਤੀ ਨੂੰ ਕਿਸੇ ਵੀ ਭਾਸ਼ਾ, ਸੱਭਿਆਚਾਰ ਉਪਰ ਮਾਨਸਿਕ ਜਾਂ ਸਰੀਰਕ ਰੂਪ ਵਿਚ ਦਬਾਅ ਪਾਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ ਲਈ ਭਾਸ਼ਾ ਦਾ ਮੁੱਦਾ ਨਹੀਂ ਬਣੇਗਾ ਸਗੋਂ ਲੋਕ ਆਰਥਿਕ ਮੰਗਾਂ ਵੱਲ ਧਿਆਨ ਦੇਣਗੇ।

ਅ) ਹਰ ਇੱਕ ਬੱਚੇ ਦੀ ਪੜਾਈ ਉਸਦੀ ਮਾਂ ਬੋਲੀ ਵਿਚ ਹੋਣੀ ਚਾਹੀਦੀ ਹੈ ਅਤੇ ਸਿਖਿਆ ਢਾਚੇਂ ਰਾਹੀਂ ਵਿਦਿਆਰਥੀਆਂ ਵਿੱਚ ਸਾਰੀਆਂ ਬੋਲੀਆਂ ਅਤੇ ਸੱਭਿਆਚਾਰਾਂ ਪ੍ਰਤੀ ਸਹਿਣਸ਼ੀਲਤਾ ਅਪਣਾਉਣ ਦੀ ਭਾਵਨਾ ਦਾ ਵਿਕਾਸ ਕਰਨਾ ਚਾਹੀਦਾ ਹੈ।

ੲ) ਭਾਸ਼ਾ ਮਾਹਰ ਅਤੇ ਬੁਧੀਜੀਵਿਆਂ ਦੀ ਸਲਾਹ ਤੇ ਦੇਸ਼ ਵਿੱਚ ਰਾਜਾ ਦਾ ਪੁਨਰਗਠਨ ਇਸ ਢੰਗ ਨਾਲ ਕੀਤਾ ਜਾਵੇ ਕਿ ਹਰ ਵਰਗ ਨੂੰ ਇਨਸਾਫ਼ ਮਿਲੇ ਅਤੇ ਕਿਸੇ ਨਾਲ ਵੀ ਧੱਕਾ ਨਾ ਹੋਵੇ।

ਇਸ ਤਰ੍ਹਾਂ ਉਪਰੋਕਤ ਸਮਾਜਿਕ ਤੱਤਾਂ ਦੇ ਭਾਰਤ ਦੇ ਲੋਕਤੰਤਰ ਉਪਰ ਪੈ ਰਹੇ ਪ੍ਰਭਾਵ ਤੋਂ ਅਸੀਂ ਸਮਝ ਸਕਦੇ ਹਾਂ ਕਿ ਭਾਰਤ ਦੀ ਰਾਜਨੀਤੀ ਜਾਤ, ਭਾਸ਼ਾ, ਧਰਮ ਆਦਿ ਦੀ ਉਪਜ ਹੈ। ਇਹਨਾਂ ਤੱਤਾਂ ਦਾ ਰਾਜਨੀਤਕ ਸੰਸਥਾਵਾਂ ਨਾਲ ਸੰਬੰਧ ਅਤੇ ਟਕਰਾਅ ਭਾਰਤ ਵਿਚਲੀਆਂ ਰਾਜਨੀਤਕ ਪ੍ਰਕਿਰਿਆਵਾਂ ਨੂੰ ਜਨਮ ਦਿੰਦਾ ਹੈ। ਉਦਾਹਰਨ ਦੇ ਤੌਰ ਤੇ ਆਰਥਿਕ ਤੌਰ ਤੇ ਕੰਮਜੋਰ ਵਰਗਾਂ (ਜਰਨਲ) ਲਈ ਸਰਕਾਰੀ ਨੌਕਰੀਆਂ ਅਤੇ ਸੰਸਥਾਵਾਂ ਵਿਚ ਰਾਖਵਾਂਕਰਨ ਵੀ ਇਹਨਾਂ ਤੱਤਾਂ ਦੇ ਪ੍ਰਭਾਵ ਦੀ ਪੈਦਾਇਸ਼ ਹੈ। ਸਰਕਾਰੀ ਨੌਕਰੀਆਂ ਸੀਮਤ ਹੋ ਰਹੀਆਂ ਹਨ। ਨਾਲ-ਨਾਲ ਰਾਖਵੇਕਰਨ ਦੀ ਰਾਜਨੀਤੀ ਦਾ ਚੱਲਣਾ ਵੀ ਉਪਰੋਕਤ ਤੱਤਾਂ ਦੀ ਹੀ ਪੈਦਾਇਸ਼ ਹੈ।

ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਆਰਥਿਕ ਤੱਤ (Economic factors conditioning Indian democracy) : ਭਾਰਤ ਵਿੱਚ ਲੋਕਤੰਤਰੀ ਪ੍ਰਨਾਲੀ ਉਪਰ ਸਮਾਜਿਕ ਤੱਤ ਬਹੁਤ ਪ੍ਰਭਾਵ ਪਾਉਂਦੇ ਹਨ ਪ੍ਰੰਤੂ ਇਸਦੇ ਨਾਲ ਨਾਲ ਆਰਥਿਕ ਤੱਤ ਜਿਵੇਂ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਆਦਿ ਵੀ ਬਹੁਤ ਪ੍ਰਭਾਵਿਤ ਕਰਦੇ ਹਨ। ਸਾਰੀਆਂ ਰਾਜਨੀਤਕ ਪਾਰਟੀਆਂ ਵੋਟਾਂ ਦੀ ਪ੍ਰਾਪਤੀ ਲਈ ਵਰਗਾਂ ਦੀ ਗਿਣਤੀ ਅਤੇ ਆਰਥਿਕ ਸਥਿਤੀ ਦੇ ਅਧਾਰ ਤੇ ਲੋਕਾਂ ਨਾਲ ਵਾਅਦੇ ਕਰਦੀਆਂ ਹਨ। ਵੱਖ ਰਾਜਨੀਤਕ ਪਾਰਟੀਆਂ ਵਰਗਾਂ ਨੂੰ ਆਪਣੇ ਨਾਲ ਜੋੜਦੀਆਂ ਹਨ ਅਤੇ ਉਹਨਾਂ ਦੇ ਹਿੱਤਾਂ ਦੀ ਰਾਖੀ ਕਰਦੀਆਂ ਹਨ

ਅਤੇ ਵਾਪਸੀ ਵਿੱਚ ਇਹਨਾਂ ਵਰਗਾਂ ਤੋਂ ਸੱਤਾ ਪ੍ਰਾਪਤੀ ਲਈ ਸਹਾਇਤਾ ਪ੍ਰਾਪਤ ਕਰਦੀਆਂ ਹਨ। ਆਰਥਿਕ ਤੌਰ 'ਤੇ ਮਜ਼ਬੂਤ ਵਰਗ ਜਿਵੇਂ ਕਿ ਵੱਡੇ ਉਦਯੋਗਪਤੀ, ਅਮੀਰ ਜਿੰਮੀਦਾਰ ਅਤੇ ਵੱਡੀ ਕੰਪਨੀਆਂ ਅਤੇ ਕਿੱਤਾਮੁੱਖੀ ਅਫ਼ਸਰ, ਦਾਬੇ ਵਾਲੀ ਸ਼੍ਰੇਣੀ ਦੀ ਸਿਰਜਣਾ ਕਰਦੇ ਹਨ। ਵੋਟਾਂ ਸਮੇਂ ਇਹਨਾਂ ਦੇ ਗਰੁੱਪ ਰਾਜਨੀਤਕ ਪਾਰਟੀਆਂ ਦੀ ਸਹਾਇਤਾ ਕਰਦੇ ਹਨ ਅਤੇ ਰਾਜਨੀਤਕ ਪਾਰਟੀਆਂ ਇਹਨਾਂ ਵਰਗਾਂ ਦੀ ਨੀਤੀ ਨਿਰਮਾਣ ਸਮੇਂ ਖ਼ਿਆਲ ਰੱਖਦੀਆਂ ਹਨ। ਆਰਥਿਕ ਤੌਰ 'ਤੇ ਮਜ਼ਬੂਤ ਵਰਗਾਂ ਦੀ ਪਹੁੰਚ ਅਤੇ ਰੁਤਬਾ ਨੀਤੀਆਂ ਨੂੰ ਆਪਣੇ ਪੱਖ ਵਿੱਚ ਕਰਦਾ ਰਹਿੰਦਾ ਹੈ। ਵਰਤਮਾਨ ਵਿੱਚ ਨਿੱਜੀ ਕੰਪਨੀਆਂ ਮੁਨਾਫ਼ੇ ਨੂੰ ਪਹਿਲ ਦੇ ਕੇ ਨਿੱਜੀ ਵਿਕਾਸ ਦਾ ਪੱਖ ਵੇਖਦੀਆਂ ਹਨ ਜਦੋਂ ਕਿ ਉਨ੍ਹਾਂ ਦੀ ਸਥਾਪਨਾ ਵੇਲੇ ਦਿੱਤੀਆਂ ਜਾਂਦੀਅ ਸਰਕਾਰੀ ਸਹੂਲਤਾ ਉਨ੍ਹਾਂ ਤੋਂ ਆਸ ਕਰਦੀਆਂ ਹਨ ਕਿ ਉਨ੍ਹ ਦੇ ਕਾਰਜਾਂ ਦਾ ਟੀਚਾ ਨਿੱਜੀ ਭਲਾਈ ਨਹੀ ਨਹੀ ਸਗੋਂ ਸਮਾਜ ਭਲਾਈ ਵੀ ਹੋਵੇ ਅਸਾਵੇਂ ਵਿਕਾਸ ਦੇ ਕਾਰਨ ਅਤੇ ਨੀਤੀ ਨਿਰਮਾਣ ਦੇ ਕਾਰਨ ਵੱਖ-ਵੱਖ ਵਰਗਾਂ ਦਰਮਿਆਨ ਆਰਥਿਕ ਪਾੜਾ ਵੱਧ ਰਿਹਾ ਹੈ, ਲੋਕਤੰਤਰ ਵਿੱਚ ਰਾਜਨੀਤਕ ਬਰਾਬਰੀ ਨੂੰ ਵੰਗਾਰ ਰਿਹਾ ਹੈ।

ਰਾਜਨੀਤਕ ਬਰਾਬਰੀ ਸਾਰੇ ਨਾਗਰਿਕਾਂ ਨੂੰ ਬਰਾਬਰ ਰਾਜਨੀਤਕ ਅਧਿਕਾਰ ਬਖਸਦੀ ਹੈ ਪਰੰਤੂ ਆਰਥਿਕ ਸਾਧਨਾਂ ਦੀ ਘਾਟ ਸਹੀ ਢੰਗ ਨਾਲ ਰਾਜਨੀਤਕ ਅਧਿਕਾਰ ਜਿਵੇਂ ਵੋਟ ਪਾਉਣਾ, ਚੋਣ ਲੜਨਾ, ਘਪਲਿਆਂ ਰਾਹੀਂ ਰਾਜਨੀਤੀ ਆਦਿ ਵਿੱਚ ਭਾਗੀਦਾਰੀ ਨੂੰ ਸੀਮਤ ਕਰਦਾ ਹੈ। ਭਾਰਤ ਦੁਨੀਆਂ ਦੇ ਵਿਚ ਸਭ ਤੋਂ ਨਾਂ ਬਰਾਬਰੀ ਵਾਲਾ ਮੁਲਕ ਹੈ। ਦੇਸ਼ ਦੀ ਕਲ ਆਮਦਨ ਨੂੰ ਜੇਕਰ 100 ਰੁਪਇਆ ਮੰਨ ਲਿਆ ਜਾਵੇ ਤਾਂ 10% ਅਬਾਦੀ ਕੋਲ 71 ਰੁਪਏ ਦੀ ਮਾਲਕੀ ਹੈ। ਇਸਤੋਂ ਵੀ ਅੱਗੇ ਕੇਵਲ 01 ਪ੍ਰਤੀਸ਼ਤ ਅਮੀਰ ਲੋਕਾਂ ਕੋਲ 53% ਪ੍ਰਤੀਸ਼ਤ ਜਾਇਦਾਦ ਹੈ। ਹੇਠਲੇ 50% ਅਬਾਦੀ ਕੋਲ ਕੇਵਲ 13% ਜਾਇਦਾਦ ਹੈ। ਆਰਥਿਕ ਤੌਰ ਤੇ ਇਹ ਪਾੜਾ ਰਾਜਨੀਤੀ ਨੂੰ ਤੈਅ ਕਰਨ ਦੀ ਸਮਰੱਥਾ ਰੱਖਦਾ ਹੈ। ਗਰੀਬ ਅਤੇ ਆਰਥਿਕ ਤੌਰ ਤੇ ਕਮਜੋਰ ਵਰਗ ਵੋਟਾਂ ਸਮੇਂ ਅਤੇ ਆਮ ਰਾਜਨੀਤਕ ਪ੍ਰਕਿਰਿਆ ਨੂੰ ਵੀ ਬੇਮਤਲਬੀ ਸਮਝਦੇ। ਵੱਡੀ ਕੰਪਨੀਆਂ ਦੀ ਸਰਕਾਰ ਦਰਬਾਰੇ ਪਹੁੰਚ ਲੋਕਾਂ ਲਈ ਤਨਖਾਹਾਂ ਅਤੇ ਸਹੂਲਤਾਂ ਤੋਂ ਹੱਥ ਖਿੱਚਣ ਦਾ ਕਾਰਨ ਹੈ। ਦੂਜੇ ਪਾਸੇ ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾ ਖੋਟੀਆਂ ਦੀ ਕਹਾਵਤ ਅਨੁਸਾਰ ਗਰੀਬਾਂ ਲਈ ਰਾਜਨੀਤੀ ਨੂੰ ਵਿਹਲਿਆਂ ਦੀ ਖੇਡ ਬਣਾ ਕੇ ਰੱਖ ਦਿੱਤਾ ਗਿਆ। ਵੱਖ-ਵੱਖ ਰਾਜਨੀਤਕ ਪਾਰਟੀਆਂ ਬਦਲਾਅ ਦੇ ਵੱਡੇ-ਵੱਡੇ ਦਾਅਵਿਆਂ ਨਾਲ ਸੱਤ੍ਹਾ ਪ੍ਰਾਪਤ ਕਰਦੀਆਂ ਹਨ ਪਰੰਤੂ ਗਰੀਬਾਂ ਦੀਆਂ ਜ਼ਿੰਦਗੀਆਂ ਦੀ ਅਹਿਮੀਅਤ ਨਾਲੋਂ ਵੱਡੇ ਉਦਯੋਗ ਪਤੀਆਂ, ਅਮੀਰ ਜਿੰਮੀਦਾਰਾਂ ਅਤੇ ਵੱਡੇ ਅਹੁਦੇਦਾਰਾਂ ਦੀਆਂ ਸਕੀਰੀਆਂ ਪਹਿਲ ਲੈ ਜਾਂਦੀਆਂ ਹਨ। ਰਾਜਨੀਤੀ ਦੀ ਸਮਝ ਨਾਲ ਅਤੇ ਇਸ ਨੂੰ ਲਾਗੂ ਕਰਕ ਹੀ ਵਰਤਮਾਨ ਲੋਕਤੰਤਰਕ ਸੰਸਥਾਵਾਂ ਵਿਚੋਂ ਕੁੱਝ ਪ੍ਰਾਪਤ ਕੀਤਾ ਜਾ ਸਕਦਾ ਹੈ। ਆਰਥਿਕ ਸਾਧਨਾਂ ਦੀ ਘਾਟ ਆਰਥਿਕ ਤੌਰ ਤੇ ਪੱਛੜੇ ਲੋਕਾਂ ਅਤੇ ਸਮੂਹਾਂ ਨੂੰ ਰਾਜਨੀਤੀ ਦੀ ਸਮਝ ਅਤੇ ਰਾਜਨੀਤੀ ਵਿੱਚ ਭਾਗ ਲੈਣ ਤੋਂ ਰੋਕਦੀਆਂ ਹਨ। ਆਰਥਿਕ ਅਸਮਾਨਤਾ ਦਾ ਵੱਡਾ ਕਾਰਨ ਪੂੰਜੀਵਾਦ ਰਾਹੀਂ ਪੈਦਾ ਕੀਤੇ ਜਾਂਦੇ ਨਿੱਜੀ ਮੁਨਾਫ਼ੇ ਵਿਚ ਪਿਆ ਹੈ। ਸਿਹਤ, ਸਿੱਖਿਆ ਜਿਹੇ ਅਤਿ ਜ਼ਰੂਰੀ ਵਿਸ਼ਿਆਂ ਨੂੰ ਮੁਨਾਫ਼ੇ ਦੀ ਤਕੜੀ ਤੋਲਨ ਨਾਲ ਗਰੀਬ ਤਬਕੇ ਇਹਨਾਂ ਤੋਂ ਸੱਖਣੇ ਰਹਿ ਜਾਂਦੇ ਹਨ। ਆਰਥਿਕ ਨਾਂ ਬਰਾਬਰੀ ਜਿਥੇ ਅਨਪੜਤਾ ਨੂੰ ਬੀਜਦੀ ਹੈ ਜਿਸਦਾ ਫ਼ਲ ਅੱਤ ਦਰਜੇ ਦੀ ਗਰੀਬੀ ਵਿਚ ਨਿਕਲਦਾ ਹੈ। ਲੋੜ ਹੈ ਕਿ ਆਰਥਿਕ ਨੀਤੀ ਨੂੰ ਸਾਰਿਆਂ ਦੀ ਭਲਾਈ ਲਈ ਵਰਤਿਆ ਜਾਵੇ ਨਾਂ ਕਿ ਅਮੀਰਾਂ ਦੀ ਚਮਕਦੀ-ਦਮਕਦੀ ਜ਼ਿੰਦਗੀ ਸਿਰਜਣ ਲਈ। ਭਾਰਤ ਦੇ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

1. ਗਰੀਬੀ (Poverty) : ਲੋਕਤੰਤਰ ਰਾਜਨੀਤਕ ਬਰਾਬਰੀ ਦੇ ਸਿਧਾਂਤ 'ਤੇ ਅਧਾਰਿਤ ਹੁੰਦਾ ਹੈ ਜਿਸ ਵਿੱਚ ਅਨਪੜ ਅਤੇ ਗਰੀਬ ਦਾ ਰੁਤਬਾ ਅਮੀਰ ਅਤੇ ਪੜੇ ਲਿਖੇ ਦੇ ਬਰਾਬਰ ਹੁੰਦਾ ਹੈ ਪਰੰਤੂ ਆਧੁਨਿਕ ਚੋਣ ਪ੍ਰਨਾਲੀ ਬਹੁਤ ਮਹਿੰਗੀ ਅਤੇ ਅਮੀਰਾਂ ਦੇ ਹੱਕ ਵਿੱਚ ਭੁਗਤਦੀ ਹੈ ਭਾਵ ਚੋਣ ਲੜਨ ਦੇ ਲਈ ਪਾਰਟੀ ਫੰਡ, ਪ੍ਰਚਾਰ ਦਾ ਖਰਚਾ, ਚੋਣਾਂ ਦਾ ਖਰਚਾ ਆਦਿ ਸਿਰਫ਼ ਅਮੀਰ ਵਿਅਕਤੀ ਹੀ ਕਰ ਸਕਦਾ ਹੈ ਅਤੇ ਵੋਟ ਪਾਉਣ ਲਈ ਵੀ ਇੰਟਰਨੈਟ ਦੇ ਸਾਧਨ, ਵਿਹਲਾ ਸਮਾਂ ਅਤੇ ਪੜ੍ਹਿਆ ਲਿਖਿਆ ਹੋਣ ਕਰਕੇ ਧਨੀ ਵਿਅਕਤੀ ਹੀ ਮਤ ਦਾ ਇਸਤੇਮਾਲ ਕਰ ਸਕਦਾ ਹੈ। ਇਸਦੇ ਉਲਟ ਗਰੀਬ ਵਿਅਕਤੀ ਚੋਣ ਲੜਨ ਦਾ ਸੁਪਨਾ ਨਹੀਂ ਦੇਖ ਸਕਦਾ ਅਤੇ ਵੋਟ ਦੀ ਕੀਮਤ ਉਸ ਲਈ ਸਿਰਫ ਪਰਚੀ ਹੈ ਰੋਜ਼ੀ ਰੋਟੀ ਦੀ ਭਾਲ ਵਿੱਚ ਰੁਕਿਆ ਹੋਣ ਕਰਕੇ ਉਸ ਕੋਲ ਸਮਾਂ ਜਾ ਸਮਝ ਨਹੀਂ ਕਿ ਪਾਰਟੀਆਂ ਦੇ ਵਾਅਦੇ ਜਾਂ ਏਜੰਡੇ ਸਮਝ ਸਕੇ। ਗਰੀਬੀ ਦੀ ਮਜ਼ਬੂਰੀ ਕਾਰਨ ਅਮੀਰਾਂ ਵੱਲੋਂ ਵੋਟ ਬਦਲੇ ਦਿੱਤੇ ਕੁਝ ਰੁਪਏ ਉਸਨੂੰ ਲਾਭਦਾਇਕ ਪ੍ਰਤੀਤ ਹੁੰਦੇ ਹਨ। ਬਹੁਤ ਸਾਰੇ ਦਲ ਗਰੀਬਾਂ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਉਹਨਾਂ ਦੇ ਭਲੇ ਦੇ ਝੂਠੇ ਵਾਅਦੇ ਕਰਕੇ ਸੱਤਾ ਪ੍ਰਾਪਤ ਕਰ ਲੈਂਦੇ ਹਨ ਜੋ ਲੋਕਤੰਤਰ ਦੇ ਅਸਲੀ ਸਿਧਾਂਤਾਂ ਦੇ ਬਿਲਕੁਲ ਖਿਲਾਫ ਹੈ। ਪੈਸੇ ਦੇ ਜ਼ੋਰ ਨਾਲ ਧਨੀ ਵਿਅਕਤੀ ਪਰਚਾਰ ਦੇ ਬਿਜਲੀ ਸਾਧਨਾਂ, ਸੋਸ਼ਲ ਮੀਡੀਆ, ਖਬਰਾਂ ਆਦਿ ਉਪਰ ਅਧਿਕਾਰ ਜਮਾ ਕੇ ਆਮ ਲੋਕਾਂ ਦੇ ਮਤ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦਾ ਹਰ ਸੰਭਵ ਯਤਨ ਕਰਦੇ ਹਨ। ਦੇਸ਼ ਦੇ ਧਨੀ ਲੋਕ ਚੋਣਾਂ ਵੇਲੇ ਆਪਣੀ ਪਸੰਦ ਦੀ ਰਾਜਨੀਤਕ ਪਾਰਟੀ ਦੀ ਪੈਸੇ ਨਾਲ ਮਦਦ ਕਰਦੇ ਹਨ ਅਤੇ ਸਰਕਾਰ ਬਣ ਜਾਣ 'ਤੇ ਸਾਰੇ ਕਾਨੂੰਨ ਆਪਣੇ ਪੱਖ ਵਿੱਚ ਬਣਵਾ ਲੈਂਦੇ ਹਨ।

ਸੁਝਾਅ—

ੳ. ਸਮੁੱਚੇ ਦੇਸ ਵਿੱਚ ਅਜਿਹੇ ਕਨੂੰਨ ਸਖ਼ਤੀ ਨਾਲ ਲਾਗੂ ਕੀਤੇ ਜਾਣ ਤਾਂ ਜੋ ਅਮੀਰ ਅਤੇ ਗਰੀਬ ਵਿਚਕਾਰ ਪਾੜਾ ਖਤਮ ਕੀਤਾ ਜਾਵੇ। ਸਾਰੀ ਨੀਤੀਆਂ ਅਤੇ ਫ਼ੈਸਲੇ ਆਰਥਿਕ ਵਿਕੇਂਦਰੀਕਰਨ ਦੇ ਅਧਾਰ ਉਤੇ ਲੈਣੇ ਜ਼ਰੂਰੀ ਹਨ ਦੇਸ ਦੇ ਕੁਝ ਵਿਅਕਤੀਆਂ ਦਾ ਸਾਰੀ ਧਨ ਦੌਲਤ 'ਤੇ ਕੰਟਰੋਲ ਨਹੀ ਹੋਣਾ ਚਾਹੀਦਾ।

ਅ. ਦੇਸ ਦਾ ਚੋਣ ਪ੍ਰਬੰਧ ਬਹੁਤ ਸਸਤਾ ਅਤੇ ਹਰ ਵਿਅਕਤੀ ਲਈ ਸਮਾਨ ਹੋਣਾ ਚਾਹੀਦਾ ਅਤੇ ਸਖਤ ਕਾਨੂੰਨਾ ਦੇ ਰਾਹੀ ਚੋਣਾਂ ਦੌਰਾਨ ਧਨ ਦੀ ਵਰਤੋ ਉਪਰ ਪੂਰਨ 'ਤੌਰ ਤੇ ਪਾਬੰਦੀ ਲਾਉਣੀ ਚਾਹੀਦੀ ਹੈ ਤਾਂ ਜੋ ਵਿਅਕਤੀ ਅਮੀਰ-ਗਰੀਬ ਦੇ ਅਧਾਰ ਤੇ ਨਹੀ ਸਗੋਂ ਚੰਗੇ-ਮਾੜੇ ਦੇ ਅਧਾਰ 'ਤੇ ਚੋਣ ਲੜ ਸਕੇ।

ੲ. ਹਰ ਨਾਗਰਿਕ ਦੇ ਲਈ ਉਸਦੀ ਜ਼ਰੂਰੀ ਲੋੜਾਂ ਦੀ ਪੂਰਤੀ ਕਰਨਾ ਸਰਕਾਰ ਦਾ ਫਰਜ ਹੈ ਤਾਂ ਜੋ ਹਰ ਵਿਅਕਤੀ ਰੋਜ ਮਰਾਂ ਦੀ ਜਿੰਦਗੀ ਵਿੱਚੋਂ ਕੁਝ ਸਮਾਂ ਅਜਾਦੀ ਨਾਲ ਰਾਜਨੀਤੀ ਸਬੰਧੀ ਸੋਚ ਸਕੇ।

ਸ. ਦੇਸ ਦਾ ਮਜਬੂਤ ਅਤੇ ਰਚਨਾਤਮਕ ਸਿਖਿਆ ਢਾਂਚਾ ਹੋਣਾ ਚਾਹੀਦਾ ਹੈ ਜਿਸ ਵਿੱਚ ਹਰ ਨਾਗਰਿਕ ਕੋਲ ਚੰਗੀਆਂ ਕਦਰਾਂ ਕੀਮਤਾਂ, ਵਧੀਆ ਚਰਿਤਰ, ਲੋਕ ਪੱਖੀ ਸੁਭਾਅ ਅਤੇ ਮਨੁਖੀ ਕਦਰਾਂ ਕੀਮਤਾਂ ਨੂੰ ਸਮਝਦਾ ਹੋਵੇ।

2. ਬੇਰੁਜ਼ਗਾਰੀ (Unemployment) : ਬੇਰੁਜ਼ਗਾਰੀ ਅਤੇ ਗਰੀਬੀ ਪਰਸਪਰ ਸਬੰਧਤ ਹਨ। ਬੇਰੁਜ਼ਗਾਰੀ ਨਾਲ ਗਰੀਬੀ ਦਾ ਜਨਮ ਹੁੰਦਾ ਹੈ। ਭਾਰਤ ਵਿੱਚ ਲਗਭਗ 7.2% ਲੋਕ ਪੂਰੀ ਤਰਾਂ ਬੇਰੁਜਗਾਰ ਹਨ ਜਿੰਨਾਂ ਵਿੱਚ ਵੱਡੀ ਗਿਣਤੀ ਪੜੇ - ਲਿਖੇ ਵਰਗ ਦੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰੁਜ਼ਗਾਰ ਸਿਰਫ਼ ਤਿਮਾਹੀ ਜਾ ਛਿਮਾਹੀ 'ਤੇ ਅਧਾਰਤ ਹੈ, ਅਜਿਹੀ ਸਥਿਤੀ ਨੂੰ ਮੌਸਮੀ ਰੁਜ਼ਗਾਰ ਕਿਹਾ ਜਾਂਦਾ ਹੈ। ਪੜ-ਲਿਖ ਮਿਹਨਤ ਕਰਕੇ ਡਿਗਰੀਆਂ ਲੈਣ ਤੋ ਬਾਅਦ ਬੇਰੁਜ਼ਗਾਰੀ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਕਰਦੀ ਹੈ ਇਹ ਨਿਰਾਸ਼ਾ ਨੌਜਵਾਨਾ ਨੂੰ ਦੇਸ ਦੀ ਤਰੱਕੀ ਵਿੱਚ ਹਿੱਸਾ ਪਾਉਣ ਦੀ ਬਜਾਏ ਆਤਮਹੱਤਿਆ, ਨਸ਼ੇ, ਚੋਰੀ, ਡਕੈਤੀ ਆਦਿ ਦਲਦਲ ਵੱਲ ਲੈ ਜਾਂਦੀ ਹੈ। ਉਸੇ ਤਰਾਂ ਰਾਜਨੀਤਕ ਪਾਰਟੀਆਂ ਬੇਰੁਜ਼ਗਾਰਾਂ ਨਾਲ ਰੁਜ਼ਗਾਰ ਦੇਣ ਦੇ ਝੂਠੇ ਵਾਅਦ ਕਰਕੇ ਚੋਣਾ ਜਿੱਤ ਲੈਂਦੀਆਂ ਹਨ। ਬੇਰੁਜ਼ਗਾਰ ਵਿਅਕਤੀ ਨੂੰ ਕੁਝ ਪੈਸਿਆ ਦੇ ਬਦਲੇ ਵੋਟਾਂ ਦੇ ਪ੍ਰਚਾਰ ਲਈ, ਬੂਥਾਂ ਤੇ ਕਬਜਿਆ ਲਈ ਅਤੇ ਰਾਜਨੀਤਿਕ ਹਿੰਸਾ ਦੇ ਲਈ ਅਸਾਨੀ ਨਾਲ ਭੜਕਾਇਆ ਜਾ ਸਕਦਾ ਹੈ। ਚੋਣ ਮੈਨਰਥ ਪੱਤਰਾਂ ਨੂੰ ਪੇਸ਼ ਕਰਦਿਆ ਰਾਜਨੀਤਕ ਪਾਰਟੀਆਂ ਰੁਜ਼ਗਾਰ ਦੇਣ ਦੇ ਵਾਅਦੇ ਕਰਦੀਆਂ ਹਨ। ਅਸਲੀਅਤ ਵਿੱਚ ਇਹ ਵਾਅਦੇ ਚੜ੍ਹਦੀ ਜਵਾਨੀ ਵਾਂਗ ਲਾਰਿਆਂ ਵਿਚ ਤਬਦੀਲ ਹੁੰਦੀਆਂ ਦੇਰ ਨਹੀਂ ਲਾਉਂਦੇ। ਬੇਰੁਜ਼ਗਾਰ ਨੌਜਵਾਨ ਇਸ ਮੁੱਦੇ ਦਾ ਰਾਜਨੀਤੀਕਰਨ ਕਰਕੇ ਸਰਕਾਰਾਂ 'ਤੇ ਦਬਾਅ ਪਾਉਂਦੇ ਹਨ ਜਿਸ ਨਾਲ ਆਉਣ ਵਾਲੀਆਂ ਸਰਕਾਰਾਂ ਲਈ ਕੰਨ ਹੋ ਜਾਂਦੇ ਹਨ। ਬੇਰੁਜਗਾਰਾਂ ਦੀਆਂ ਲਹਿਰਾਂ ਵਿੱਚ ਜਵਾਨੀ ਦੇ ਜੋਸ਼ ਨਾਲ ਸਮਝ ਵਰਤਦੇ ਕੁਝ ਨਵੇਂ ਆਗੂ ਵੀ ਉਭਰਦੇ ਹਨ ਜੋ ਭਾਰਤ ਦੀ ਰਾਜਨੀਤੀ ਦਾ ਮੁਹਾਂਦਰਾ ਬਦਲਣ ਦਾ ਦਮ ਰੱਖਦੇ ਹਨ। ਬੰਗਲਾਦੇਸ਼ ਦੇ ਵਿਦਿਆਰਥੀਆਂ ਦੀ ਉਦਾਹਰਣ ਸਾਡੇ ਸਾਹਮਣੇ ਜਿਸ ਵਿਚ ਨੌਜਵਾਨਾਂ ਨੇ ਸਰਕਾਰ ਨੂੰ ਅਸਤੀਫ਼ਾ ਦੇਣ ਲਈ ਮਜ਼ਬੂਰ ਕਰ ਦਿੱਤਾ।

ਸੁਝਾਅ—

ੳ. ਪੂੰਜੀਵਾਦੀ ਵਿਵਸਥਾ, ਘੱਟ ਵਸੋਂ ਵਾਲੇ ਪੱਛਮੀ ਦੇਸਾ ਲਈ ਵਰਦਾਨ ਸਾਬਤ ਹੋਈ ਹੈ ਕਿਉਂਕਿ ਜਨਸੰਖਿਆ ਘੱਟ ਤੇ ਕੰਮ ਵੱਧ ਹੋਣ ਕਾਰਨ ਕਿਰਤ ਦਾ ਮੁੱਲ ਵੱਧ ਮਿਲਦਾ ਹੈ। ਪ੍ਰੰਤੂ ਭਾਰਤ ਵਿੱਚ ਜਨਸੰਖਿਆ ਵੱਧ ਹੋਣ ਕਾਰਨ ਕਿਰਤ ਦਾ ਮੁੱਲ ਨਹੀ ਮਿਲਦਾ। ਸਗੋਂ ਮਸ਼ੀਨੀ ਯੁੱਗ ਕਾਰਨ ਕੰਮ ਲਈ ਮਸ਼ੀਨਾਂ ਦੀ ਵਰਤੋ ਵਧਣ ਨਾਲ ਬੇਰੁਜ਼ਗਾਰੀ ਵਧਦੀ ਹੈ ਇਸ ਲਈ ਭਾਰਤ ਵਿੱਚ ਬੇਰੁਜ਼ਗਾਰੀ ਨੂੰ ਕੰਟਰੋਲ ਕਰਨ ਲਈ ਨੀਤੀਆਂ ਵਿੱਚ ਤਬਦੀਲੀਆਂ ਕਰਨ ਦੀ ਲੋੜ ਹੈ।

ਅ ਸਰਕਾਰ ਅਜਿਹੀਆਂ ਨੀਤੀਆਂ ਦਾ ਨਿਰਮਾਣ ਕਰੇ ਜਿਸ ਨਾਲ ਮੁਨਾਫ਼ੇ ਦੇ ਨਾਲ-ਨਾਲ ਰੁਜ਼ਗਾਰ ਪੈਦਾ ਹੋਵੇ ਅਤੇ ਬੇਰੁਜ਼ਗਾਰਾਂ ਲਈ ਕਿਸੇ ਭੱਤੇ ਦਾ ਵੀ ਪ੍ਰਬੰਧ ਕੀਤਾ ਜਾਵੇ।

3. ਭ੍ਰਿਸ਼ਟਾਚਾਰ (Corruption) : ਭਾਰਤ ਵਿੱਚ ਪ੍ਰਸ਼ਾਸਨ, ਰਾਜਨੀਤੀ, ਵਿਦਿਆ, ਸੇਵਾ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਭਾਰੂ ਹੈ ਭਾਵ ਜੋ ਜ਼ਿੰਮੇਵਾਰੀ, ਤਾਕਤ ਅਤੇ ਪੈਸਾ ਕਿਸੇ ਅਧਿਕਾਰੀ ਜਾ ਨੇਤਾ ਨੂੰ ਦੇਸ ਦੇ ਵਿਕਾਸ ਲਈ ਦਿੱਤਾ ਜਾਂਦਾ ਹੈ ਉਹ ਆਪਣੇ ਨਿੱਜੀ ਹਿੱਤ ਦੇ ਲਈ ਵਰਤ ਲੈਂਦਾ ਹੈ। ਭਾਵੇਂ ਭ੍ਰਿਸ਼ਟਾਚਾਰ ਦੇ ਖਿਲਾਫ ਬਹੁਤ ਕਾਨੂੰਨ ਬਣੇ ਹਨ ਪ੍ਰੰਤੂ ਜਦੋਂ ਤੱਕ ਇਮਾਨਦਾਰੀ ਨਾਲ ਸਾਰੇ ਕਾਨੂੰਨ ਲਾਗੂ ਨਹੀਂ ਕੀਤੇ ਜਾਂਦੇ ਤਾਂ ਸੁਧਾਰ ਹੋਣਾ ਮੁਸ਼ਕਿਲ ਹੈ ਭ੍ਰਿਸ਼ਟਾਚਾਰ ਦੇਸ ਦੇ ਸਮੁੱਚੇ ਪ੍ਰਬੰਧ ਨੂੰ

ਸਿਉਂਕ ਵਾਂਗ ਖਾ ਜਾਂਦਾ ਹੈ ਇਸ ਲਈ ਸਰਕਾਰ ਦੀ ਚੋਣ ਸਮੇਂ ਜਾਂ ਸਰਕਾਰ ਚਲਾਉਣ ਸਮੇ ਭ੍ਰਿਸ਼ਟਾਚਾਰ ਬਹੁਤ ਮਾੜਾ ਪ੍ਰਭਾਵ ਪਾਉਂਦਾ ਹੈ ਸਾਡਾ ਦੇਸ਼ ਰਾਜਨੀਤਕ ਸੱਭਿਆਚਾਰ, ਪ੍ਰਸ਼ਾਸਨਿਕ ਭ੍ਰਿਸ਼ਟਾਚਾਰ ਤੋਂ ਕਿਤੇ ਵੱਧ ਰਾਜਨੀਤਕ ਭ੍ਰਿਸ਼ਟਾਚਾਰ ਤੋ ਪ੍ਰਭਾਵਿਤ ਹੈ ਨਿੱਤ ਦਿਨ ਮੰਤਰੀਆਂ ਅਤੇ ਅਧਿਕਾਰੀਆਂ ਵੱਲੋਂ ਘੋਟਾਲਿਆਂ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ ਜੋ ਆਮ ਲੋਕਾਂ ਨੂੰ ਅਸਲ ਦੇਸ਼ ਭਗਤੀ ਅਤੇ ਮਿਹਨਤ ਤੋਂ ਦੂਰ ਕਰਕੇ ਨਿੱਜ ਲਈ ਜਿਊਣ ਬਾਰੇ ਪ੍ਰੇਰਦਾ ਹੈ ਇਸੇ ਤਰਾ ਚੋਣ ਪ੍ਰਨਾਲੀ , ਪ੍ਰਚਾਰ ਆਦਿ ਵਿੱਚ ਵੀ ਪੈਸੇ ਭ੍ਰਿਸ਼ਟਾਚਾਰ ਰਾਹੀ ਵਰਤਿਆ ਜਾਂਦਾ ਹੈ ਅਤੇ ਤਾਕਤ ਦੇ ਦਮ ਤੇ ਲੋਕਤੰਤਰ ਨੂੰ ਬੇਹਾਲ ਕੀਤਾ ਜਾਂਦਾ ਹੈ।

ਸੁਝਾਅ—

ੳ. ਭ੍ਰਿਸ਼ਟਾਚਾਰ ਵਿਰੋਧੀ ਕਨੂੰਨਾਂ ਉਪਰ ਇਮਾਨਦਾਰੀ, ਪਾਰਦਰਸ਼ੀ ਅਤੇ ਸਖਤੀ ਨਾਲ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

2. ਆਮ ਲੋਕਾਂ, ਸਰਕਾਰੀ ਅਧਿਕਾਰੀ ਅਤੇ ਸਰਕਾਰ ਦੇ ਸੁਮੇਲ ਨਾਲ ਅਜਿਹਾ ਮਹੌਲ ਬਨਾਉਣਾ ਜ਼ਰੂਰੀ ਹੈ ਤਾਂ ਜੋ ਸਮੁੱਚਾ ਸਮਾਜ ਭ੍ਰਿਸ਼ਟਾਚਾਰ ਉਪਰ ਰੋਕ ਲਾਵੇ।

4. ਖੇਤਰੀ ਅਸੰਤੁਲਨ (Regional Imbalance) : ਭਾਰਤੀ ਉਪ ਮਹਾਂਦੀਪ ਵਿੱਚ ਵੱਖ-ਵੱਖ ਧਰਮਾਂ, ਸੱਭਿਆਚਾਰਾਂ ਦੇ ਲੋਕ ਰਹਿੰਦੇ ਹਨ ਅਤੇ ਸਾਰੇ ਲੋਕਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਦਸ਼ਾ ਵਿੱਚ ਬਹੁਤ ਅੰਤਰ ਹੈ। ਆਰਥਿਕ ਪੱਖੋਂ ਪੱਛੜੇ ਖੇਤਰਾਂ ਵੱਲੋਂ ਰੋਸ ਜ਼ਾਹਿਰ ਕੀਤਾ ਜਾਂਦਾ ਹੈ ਕਿ ਦੇਸ ਦਾ ਸਰਮਾਇਆ ਸਿਰਫ ਵਿਕਸਿਤ ਅਤੇ ਆਰਥਿਕ ਪੱਖੋ ਅਮੀਰ ਖੇਤਰ ਉਪਰ ਹੀ ਖਰਚ ਕੀਤਾ ਜਾਂਦਾ ਹੈ ਅਤੇ ਪੱਛੜੇ ਖੇਤਰ ਪੱਛੜੇ ਹੀ ਰਹਿ ਜਾਂਦੇ ਹਨ ਜੋ ਉਹਨਾਂ ਦੇ ਮਨ ਵਿੱਚ ਨਿਰਾਸਤਾ ਪੈਦਾ ਕਰਦਾ ਹੈ। ਬਹੁਤ ਵਾਰ ਇੱਕ ਖੇਤਰ ਦੇ ਸਾਧਨਾਂ ਨੂੰ ਧੱਕੇ ਨਾਲ ਦੂਸਰੇ ਖੇਤਰਾਂ ਨੂੰ ਦੇ ਦਿੱਤਾ ਜਾਂਦਾ ਹੈ ਜੋ ਉਹਨਾਂ ਖੇਤਰਾਂ ਵਿੱਚ ਝਗੜੇ ਦਾ ਕਾਰਨ ਬਣਦਾ ਹੈ ਅਤੇ ਖੇਤਰੀ ਅਸੰਤੁਲਨ ਨੂੰ ਜਨਮ ਦਿੰਦਾ ਹੈ। ਖੇਤਰੀ ਅੰਸੁਤੁਲਨ ਲੋਕਤੰਤਰ ਉਪਰ ਮਾੜਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਦੇਸ ਦੀ ਸੱਤ੍ਹਾ ਸਿਰਫ ਵਿਕਸਿਤ ਖੇਤਰ ਦੇ ਲੋਕਾਂ ਦੇ ਹੱਥ ਵਿੱਚ ਆ ਜਾਂਦੀ ਹੈ ਅਤੇ ਪੱਛੜੇ ਖੇਤਰ ਦੇ ਲੋਕ ਠੱਗਿਆ ਹੋਇਆ ਮਹਿਸੂਸ ਕਰਦੇ ਹਨ।

ਸੁਝਾਅ—

ੳ. ਦੇਸ ਦੇ ਉਹਨਾਂ ਸਾਧਨਾਂ ਉਪਰ ਉਸ ਖੇਤਰ ਦੇ ਲੋਕਾਂ ਦਾ ਹੱਕ ਹੋਣਾ ਚਾਹੀਦਾ ਹੈ ਜੋ ਭੂਗੋਲਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਨਿਰਭਰ ਹਨ।

ਅ. ਕੇਂਦਰੀ ਗ੍ਰਾਂਟਾ ਵਿੱਚ ਸਮੁੱਚੇ ਸੂਬਿਆ ਲਈ ਹਰ ਖੇਤਰ ਲਈ ਇਕਸਾਰ ਵੰਡ ਪ੍ਰਣਾਲੀ ਹੋਵੇ ਅਤੇ ਪੱਛੜੇ ਖੇਤਰਾਂ ਲਈ ਵਿਸ਼ੇਸ਼ ਗ੍ਰਾਂਟਾਂ ਦਿੱਤੀਆਂ ਜਾਣ।

ੲ ਸੰਘੀ ਢਾਚੇ ਦੇ ਅਧਾਰ 'ਤੇ ਸੂਬਿਆਂ ਨੂੰ ਆਰਥਿਕ, ਰਾਜਨੀਤਕ ਅਤੇ ਸਮਾਜਿਕ ਤੌਰ 'ਤੇ ਹੋਰ ਖ਼ੁਦਮਖ਼ਤਿਆਰੀ ਦਿੱਤੀ ਜਾਵੇ ਤਾਂ ਜੋ ਉਸ ਖੇਤਰ ਦੇ ਲੋਕ ਆਪਣਾ ਪ੍ਰਬੰਧ ਖੁਦ ਚਲਾ ਸਕਣ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ-

ੳ. "ਲੋਕਤੰਤਰ ਲੋਕਾਂ ਦੀ, ਲੋਕਾ ਲਈ ਅਤੇ ਲੋਕਾਂ ਰਾਹੀ ਸਰਕਾਰ ਹੈ" ਇਹ ਪਰਿਭਾਸ਼ਾ ਕਿਸਦੀ ਹੈ ?

(i) ਪ੍ਰੋ. ਡਾਇਸੀ (ii) ਅਬਰਾਹਮ ਲਿੰਕਨ

(iii) ਲਾਰਡ ਬ੍ਰਾਈਸ (iv) ਲਾਸਕੀ

ਅ. ਲੋਕਤੰਤਰੀ ਪ੍ਰਣਾਲੀ ਵਿੱਚ ਦੇਸ ਦੇ ਕਿਹੜੇ-ਕਿਹੜੇ ਨਾਗਰਿਕਾ ਨੂੰ ਰਾਜਨੀਤਕ ਕੰਮਾਂ ਵਿੱਚ ਹਿੱਸਾ ਲੈਣ ਦੀ ਸੁਤੰਤਰਤਾ ਹੁੰਦੀ ਹੈ ?

(i) ਘੱਟੋ ਘੱਟ ਨਿਸਚਿਤ ਉਮਰ ਅਨੁਸਾਰ ਸਾਰੇ ਨਾਗਰਿਕ

(ii) ਉਸ ਦੇਸ਼ ਦੀਆਂ ਸਿਰਫ ਔਰਤਾਂ ਲਈ

(iii) ਉਸ ਦੇਸ਼ ਦੇ ਮਰਦਾਂ ਲਈ

(iv) ਧਰਮ ਅਧਾਰਤ

ਏ. ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ "ਕਿਹੜੇ ਲੋਕ" ਸ਼ਬਦਾ ਨਾਲ ਸ਼ੁਰੂ ਹੁੰਦੀ ਹੈ ?

(i) ਰਾਜ ਦਾ ਹੁਕਮ (ii) ਸਰਕਾਰ ਦੇ ਆਦੇਸ਼

(iii) ਅਸੀ ਭਾਰਤ ਦੇ ਲੋਕ (iv) ਭਾਰਤ ਮਾਤਾ ਦੇ ਸਪੂਤ

ਸ. ਭਾਰਤ ਵਿੱਚ ਵੋਟ ਦੇ ਅਧਿਕਾਰ ਲਈ ਮੁੱਖ ਅਧਾਰ ਕੀ ਹੈ ?

(i) ਜਾਤ (ii) ਧਰਮ

(iii) ਉਮਰ (iv) ਭਾਸ਼ਾ

ਹ. ਭਾਰਤ ਵਿੱਚ ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਕਿਸਦੀ ਹੈ ?

ਕ. ਲੋਕਤੰਤਰ ਵਿੱਚ ਲੋਕਾ ਲਈ ਸਰਕਾਰ ਵਾਸਤੇ ਮੁਖ ਮੁੱਦਾ ਕੀ ਹੈ ?

ਖ. ਧਰਮ ਅਧਾਰਿਤ ਕੋਈ ਦੋ ਰਾਜਨੀਤਕ ਦਲਾਂ ਦੇ ਨਾਮ ਲਿਖੋ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ।

ੳ. ਰਾਜਨੀਤਕ ਹਿੰਸਾ ਤੋਂ ਕੀ ਭਾਵ ਹੈ ?

ਅ. ਅਨਪੜ੍ਹਤਾ ਲੋਕਤੰਤਰ ਨੂੰ ਕਿਵੇ ਪ੍ਰਭਾਵਿਤ ਕਰਦੀ ਹੈ ?

ਏ. ਗਰੀਬੀ ਦੇ ਲੋਕਤੰਤਰ ਉਪਰ ਪ੍ਰਭਾਵਾਂ ਬਾਰੇ ਲਿਖੋ।

ਸ. ਸੰਪਰਦਾਇਕਤਾ ਦੇ ਲੋਕਤੰਤਰ ਉਪਰ ਪ੍ਰਭਾਵ ਲਿਖੋ।

ਹ. ਜਾਤੀਵਾਦ ਸਾਰਥਿਕ ਲੋਕਤੰਤਰ ਦੇ ਰਾਹ ਵਿੱਚ ਰੋੜ੍ਹਾ ਹੈ, ਕਿਵੇਂ ?

ਕ. ਭਾਰਤ ਵਿੱਚ ਦੇਸ ਦੀ ਏਕਤਾਂ ਤੇ ਸਾਰੀਆ ਕੌਮਾਂ ਦਾ ਸਨਮਾਨ ਦੀ ਮਹੱਤਤਾ ਬਾਰੇ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਭਾਰਤ ਵਿੱਚ ਲੋਕਤੰਤਰ ਦੀਆ ਵਿਸ਼ੇਸ਼ਤਾਵਾਂ ਲਿਖੋ।

ਅ. ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਤੱਤਾਂ ਦਾ ਵਰਨਣ ਕਰੋ।

ਏ. ਭਾਰਤੀ ਲੋਕਤੰਤਰ ਤੇ ਅਸਰ ਪਾਉਣ ਵਾਲੇ ਆਰਥਿਕ ਤੱਤਾਂ ਬਾਰੇ ਲਿਖੋ।

19

ਰਾਸ਼ਟਰ ਨਿਰਮਾਣ ; ਪ੍ਰਕਿਰਿਆਵਾਂ ਅਤੇ ਸਮੱਸਿਆਵਾਂ

[Nation Building : Processes and Problems]

ਏਸ਼ੀਆ ਮਹਾਂਦੀਪ (Asia Continent) ਅਤੇ ਸੰਸਾਰ ਦੇ ਦੂਜੇ ਖਿਤਿਆਂ/ਇਲਾਕਿਆਂ ਉੱਤੇ ਸਾਮਰਾਜਵਾਦੀ ਦੇਸ਼ਾਂ ਨੇ ਕਬਜ਼ਾ ਕੀਤਾ ਹੋਇਆ ਸੀ। ਸਾਮਰਾਜਵਾਦੀ ਦੇਸ਼ਾਂ ਤੋਂ ਭਾਵ ਉਹ ਦੇਸ਼ ਜੋ ਆਪਣੀ ਤਾਕਤ ਅਤੇ ਚਲਾਕੀ ਨਾਲ ਦੂਜੇ ਇਲਾਕਿਆਂ ਉੱਤੇ ਆਪਣਾ ਅਧਿਕਾਰ ਸਥਾਪਤ ਕਰ ਲੈਂਦੇ ਸਨ। ਬਰਤਾਨੀਆਂ (Britain) ਫ਼ਰਾਂਸ (France), ਪੁਰਤਗਾਲ (Portugal), ਹਾਲੈਂਡ (Holland) ਆਦਿ ਵੱਡੀਆਂ ਸਾਮਰਾਜਵਾਦੀ (Imperialest) ਤਾਕਤਾਂ ਸਨ। ਦੂਸਰਾ ਵਿਸ਼ਵ ਯੁੱਧ (Second World War) ਜੋ ਕਿ ਸੰਨ 1939 ਤੋਂ 1945 ਤੱਕ ਚੱਲਿਆ, ਨੇ ਇਹਨਾਂ ਸਾਮਰਾਜਵਾਦ ਤਾਕਤਾਂ (Imperialist) ਨੂੰ ਬਹੁਤ ਕਮਜ਼ੋਰ ਕਰ ਦਿੱਤਾ ਸੀ। ਏਸ਼ੀਆ ਅਤੇ ਅਫ਼ਰੀਕਾ ਵਿੱਚ ਲਗਾਤਾਰ ਸਾਮਰਾਜਵਾਦੀ ਤਾਕਤਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ ਸੁਤੰਤਰਤਾ ਸੰਘਰਸ਼ (Freedom Struggle) ਚੱਲ ਰਹੇ ਸਨ ਇਸਦੇ ਨਾਲ ਨਾਲ ਬਦਲਦੇ ਸਮੇ ਅਨੁਸਾਰ ਸਾਮਰਾਜੀ ਦੇਸ਼, ਗਰੀਬ ਦੇਸਾ ਨੂੰ ਲੁਟਣ ਦਾ ਨਵਾਂ ਢਾਚਾਂ ਉਸਾਰ ਰਹੇ ਸਨ ਜੋ ਅੰਤਰਰਾਸ਼ਟਰੀ ਵਪਾਰ ਅਤੇ ਸੰਸਥਾਵਾਂ ਤੇ ਖੜਾ ਸੀ। ਕਮਜ਼ੋਰ ਹੋਈਆਂ ਸਾਮਰਾਜਵਾਦੀ ਤਾਕਤਾਂ ਲਈ ਇਹਨਾਂ ਸੁੰਤਤਰਤਾ ਸੰਘਰਸ਼ਾਂ ਨੂੰ ਦਬਾਉਣਾ ਔਖਾ ਹੋ ਗਿਆ ਸੀ। ਸੁਤੰਤਰਤਾ ਸੰਘਰਸ਼ਾਂ ਦੇ ਸਦਕਾਂ ਏਸ਼ੀਆ ਅਤੇ ਅਫਰੀਕਾ ਦੇ ਦੇਸ਼ਾਂ ਨੇ ਸੁਤੰਤਰਤਾ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ ਸੀ। ਇਹਨਾਂ ਨਵੇਂ ਆਜ਼ਾਦ ਹੋਏ ਦੇਸ਼ਾਂ ਦੇ ਸਾਹਮਣੇ ਰਾਸ਼ਟਰ ਨਿਰਮਾਣ (Nation Building) ਇੱਕ ਵੱਡੀ ਚੁਣੌਤੀ ਦੇ ਰੂਪ ਵਿੱਚ ਉਭਰਿਆ।

ਰਾਸ਼ਟਰ ਨਿਰਮਾਣ
(Nation Building)

ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਰਾਹੀਂ ਲੋਕਾਂ ਵਿੱਚ ਸਾਂਝ ਦੀ ਭਾਵਨਾ ਪੈਦਾ ਕਰਨ ਲਈ ਉਪਰਾਲੇ ਕੀਤੇ ਜਾਂਦੇ ਹਨ ਜਿਵੇਂ ਰਾਸ਼ਟਰੀ ਚਿੰਨ੍ਹਾਂ, ਤਿਉਹਾਰਾਂ, ਗੀਤਾਂ, ਫਿਲਮਾਂ ਰਾਹੀ ਰਾਜ ਵਿੱਚ ਵੱਸਣ ਵਾਲੇ ਲੋਕਾਂ ਵਿੱਚ ਆਪਸੀ ਏਕਤਾ ਪੈਦਾ ਕੀਤੀ ਜਾ ਸਕੇ। ਅਜਿਹਾ ਕਰਨ ਲਈ ਵੱਖ-ਵੱਖ ਸੰਵਿਧਾਨਕ ਸੰਸਥਾਵਾਂ ਬਣਾਈਆਂ ਜਾਂਦੀਆਂ ਹਨ। ਜਿਨ੍ਹਾਂ ਦੇ ਆਧਾਰ 'ਤੇ ਰਾਸ਼ਟਰ ਦਾ ਨਿਰਮਾਣ ਪੁਲਾਂਘਾਂ ਪੁੱਟਦਾ ਹੈ। ਨਿਆਂਪਾਲਿਕਾ (Judiciary), ਚੋਣ ਕਮਿਸ਼ਨ (Election Commission), ਪ੍ਰਤੀਨਿਧ ਸੰਸਥਾਵਾਂ (Representative Institutions) ਰਾਹੀਂ ਨਿਰਪੱਖ ਲੋਕਤੰਤਰ ਦੀ ਵਚਨਬੱਧਤਾ ਦੁਹਰਾਈ ਜਾਂਦੀ ਹੈ। ਵਿਕਾਸ (Development), ਆਧੁਨਕੀਕਰਨ (Moderinzation), ਕਰਨ ਦੀ ਪ੍ਰਕਿਰਿਆ ਰਾਹੀਂ ਰਾਸ਼ਟਰ ਵਿੱਚ ਪੈਦਾਵਰ ਵਧਾਉਣ ਦੇ ਉਪਰਾਲੇ ਕੀਤੇ ਜਾਂਦੇ ਹਨ। ਵਿਕਾਸ ਦਾ ਲਾਭ ਸਾਰਿਆਂ ਤੱਕ ਪਹੁੰਚੇ ਇਹ ਪੱਕਿਆਂ ਕਰਨ ਲਈ ਲੋਕਤੰਤਰੀ ਰਿਵਾਜਾਂ ਨੂੰ ਪ੍ਰਫੁਲੱਤ ਕੀਤਾ ਜਾਂਦਾ ਹੈ। ਰਾਸ਼ਟਰ ਨਿਰਮਾਣ ਲਗਾਤਾਰ ਚੱਲਣ ਵਾਲਾ ਵਰਤਾਰਾ ਹੈ ਇਹ ਕਈ ਪ੍ਰਕਾਰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਉਤਰਾਵਾਂ ਚੜਾਵਾਂ ਵਿੱਚੋਂ ਦੀ ਲੰਘਦਾ ਅਤੇ ਆਪਣੇ ਰਸਤੇ ਵਿੱਚ ਮੁਸ਼ਕਲਾਂ ਅਤੇ ਵੰਗਾਰਾਂ ਦਾ ਸਾਹਮਣਾ ਕਰਦਾ ਹੋਇਆ ਤੇ ਉਹਨਾਂ ਨੂੰ ਹੱਲ ਕਰਨ ਦਾ ਯਤਨ ਕਰਦਾ ਰਹਿੰਦਾ ਹੈ। ਇਹ ਵੰਗਾਰਾਂ ਅੰਦਰੂਨੀ ਅਤੇ ਬਾਹਰੀ ਦੋਹੇਂ ਤਰ੍ਹਾਂ ਦੀਆਂ ਹੋ ਸਕਦੀਆਂ ਹਨ। ਮਿਸਾਲ ਦੇ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਸੰਨ 1776 ਵਿੱਚ ਆਜ਼ਾਦ (Independent) ਮੁਲਕ ਵਜੋਂ ਹੋਂਦ ਵਿੱਚ ਆ ਗਿਆ ਸੀ, ਪਰੰਤੂ 1954 ਤੋਂ 1968 ਤੱਕ ਸੰਯੁਕਤ ਰਾਜ ਅਮਰੀਕਾ (United States of America) ਵਿੱਚ ਨਸਲ ਅਧਾਰਿਤ ਭੇਦਭਾਵ ਖਤਮ ਕਰਨ ਲਈ ਨਾਗਰਿਕ ਅਧਿਕਾਰ ਅੰਦੋਲਨ (Civil Right Movement) ਚੱਲਿਆ। ਜਿਸਦੇ ਨਤੀਜੇ ਵਜੋਂ ਨਾਗਰਿਕ ਅਧਿਕਾਰ ਕਨੂੰਨ 1964 ਪਾਸ ਹੋਇਆ ਜਿਸਨੇ ਸਦੀਆਂ ਤੋਂ ਚੱਲੇ ਨਸਲ ਭੇਦ-ਭਾਵ (Racial Discrimination) ਨੂੰ ਖਤਮ ਕਰਕੇ ਸੰਯੁਕਤ ਰਾਜ ਅਮਰੀਕਾ ਨੂੰ ਅੰਦਰੂਨ ਮਜ਼ਬੂਤੀ ਪ੍ਰਦਾਨ ਕੀਤੀ।

ਰਾਸ਼ਟਰ ਨਿਰਮਾਣ ਦੇ ਸਮੇਂ ਕਈ ਵਾਰ ਬਾਹਰੀ ਹਮਲਿਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਭਾਰਤ ਨੂੰ ਪਾਕਿਸਤਾਨ ਅਤੇ ਚੀਨ ਵੱਲੋਂ ਹਮਲਵਾਰ ਰੁਖ ਦਾ ਸਾਹਮਣਾ ਕਰਨ ਪੈ ਰਿਹਾ ਹੈ। ਸੰਨ 1962 ਵਿੱਚ ਚੀਨ ਨੇ ਭਾਰਤ 'ਤੇ ਅਚਾਨਕ ਹਮਲਾ ਕਰਕੇ ਭਾਰਤ ਦੇ ਵਿਕਾਸ ਦੀ ਸ਼ਾਂਤਮਈ ਪ੍ਰਕਿਰਿਆ ਦੇ ਨਾਲ-ਨਾਲ ਸੁੱਰਖਿਆ (Security) ਬਾਰੇ ਸੋਚਣ ਬਾਰੇ ਵੀ ਮਜਬੂਰ ਕੀਤਾ। ਸੁਰੱਖਿਆ ਦੀ ਭਾਵਨਾ ਨਾਗਰਿਕਾਂ ਵਿੱਚ ਆਪਣੇ ਰਾਸ਼ਟਰ ਲਈ ਪ੍ਰੇਮ ਅਤੇ ਸਮਰਪਣ ਪੈਦਾ ਕਰਦੀ ਹੈ ਤੇ ਰਾਸ਼ਟਰ ਦੇ ਫੈਸਲਿਆ ਨੂੰ ਮੰਨਣ ਦਾ ਸਬੱਬ ਬਣਦੀ ਹੈ।

ਭਾਰਤ ਵਿਚ ਰਾਸ਼ਟਰੀ ਨਿਰਮਾਣ
(Nation Building in India)

ਆਜ਼ਾਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਦੇ ਸਮੇਂ ਤੋਂ ਹੀ ਭਾਰਤ ਦੀਆਂ ਵਿੱਲਖਣ (Unique) ਲੋੜਾਂ ਅਨੁਸਾਰ ਰਾਜ ਨਿਰਮਾਣ ਲਈ ਵਿਚਾਰ ਚਰਚਾਵਾਂ ਦਾ ਦੌਰ ਚੱਲ ਰਿਹਾ ਸੀ। ਸੰਨ 15 ਅਗਸਤ 1947 ਵਿਚ ਦੇਸ਼ ਆਜ਼ਾਦ ਹੋਣ ਦੇ ਨਾਲ-ਨਾਲ ਦੋ ਵੱਖਰੇ-ਵੱਖਰੇ ਭਾਰਤ ਅਤੇ ਪਾਕਿਸਤਾਨ (ਪੂਰਬੀ ਅਤੇ ਪੱਛਮੀ ਪਾਕਿਸਤਾਨ) ਵਿੱਚ ਵੰਡਿਆ ਗਿਆ। 14 ਅਗਸਤ ਦੀ ਰਾਤ ਨੂੰ ਜਵਾਹਰ ਲਾਲ ਨਹਿਰੂ ਦੁਆਰਾ ਸੰਵਿਧਾਨ ਸਭਾ ਵਿੱਚ ਦਿੱਤਾ ਭਾਸ਼ਨ Tryst with destiny, ਆਜ਼ਾਦ ਭਾਰਤ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਵੱਲ ਇਸ਼ਾਰਾ ਕਰਦਾ ਹੈ।

"Tryst with destiny" ਭਾਸ਼ਨ ਦੇ ਕੁਝ ਅੰਸ਼

"..... ਆਮ ਆਦਮੀ, ਕਿਸਾਨਾਂ ਅਤੇ ਮਜਦੂਰਾਂ ਲਈ ਆਜ਼ਾਦੀ ਅਤੇ ਮੌਕਾ ਲੈ ਕੇ ਆਉਣਾ; ਗਰੀਬੀ, ਅਗਿਆਨਤਾ ਅਤੇ ਬਿਮਾਰੀ ਨਾਲ ਲੜਨ ਅਤੇ ਖਤਮ ਕਰਨ ਲਈ; ਇੱਕ ਖੁਸ਼ਹਾਲ ਜਮਹੂਰੀ ਅਗਾਂਹਵਾਧੂ ਰਾਸ਼ਟਰ ਦਾ ਨਿਰਮਾਣ ਕਰਨ ਲਈ, ਅਤੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੰਸਥਾਵਾਂ ਬਣਾਉਣ ਲਈ ਜੋ ਹਰ ਆਦਮੀ ਤੇ ਔਰਤ ਲਈ ਨਿਆਂ ਅਤੇ ਜੀਵਨ ਦੀ ਸੰਪੂਰਨਤਾ ਨੂੰ ਯਕੀਨੀ ਬਨਾਉਣਗੀਆਂ।"

ਆਜ਼ਾਦੀ ਪ੍ਰਾਪਤ ਤੋਂ ਬਾਅਦ ਰਾਸ਼ਟਰ ਨਿਰਮਾਣ ਕਰਨ ਲਈ ਯੋਜਨਾ ਤਿਆਰ ਕਰਨਾ ਸਭ ਤੋਂ ਅਹਿਮ ਕਾਰਜ ਸੀ। ਭਾਰਤ ਵਿੱਚ ਰਾਸ਼ਟਰ ਨਿਰਮਾਣ ਦਾ ਕਾਰਜ ਅਸਾਨ ਨਹੀਂ ਸੀ ਸਗੋਂ ਇਸਦੇ ਸਾਹਮਣੇ ਕਈ ਵੰਗਾਰਾਂ ਸਨ ਜਿਨ੍ਹਾਂ ਨੂੰ ਨਜਿੱਠੇ ਬਿਨਾਂ ਅਗਾਂਹ ਵਧਣਾ ਸੰਭਵ ਨਹੀ ਸੀ।

ਸ਼ਰਨਾਰਥੀਆ ਦਾ ਪੁਨਰਵਾਸ (Rehabilitation of refugees) : ਬਰਤਾਨਵੀ ਸਰਕਾਰ ਦੀ ਮਾਊਂਟਬੈਟ ਯੋਜਨਾ (Mountbatten Plan) ਨੇ ਜਿੱਥੇ ਭਾਰਤ ਨੂੰ ਆਜ਼ਾਦ ਕੀਤਾ ਉੱਥੇ ਇਸ ਯੋਜਨਾ ਦੇ ਨਤੀਜੇ ਵੱਜੋਂ ਦੋ ਵੱਖਰੇ ਮੁਲਕ (ਭਾਰਤ ਅਤੇ ਪਾਕਿਸਤਾਨ) ਹੋਂਦ ਵਿੱਚ ਆਏ। ਇਸ ਵੰਡ ਨੂੰ ਨੇਪਰੇ ਚਾੜਨ ਲਈ ਰੈਡੱਕਲਿਫ ਕਮਿਸ਼ਨ ਬਣਿਆ। ਇਸ ਕਮਿਸ਼ਨ ਦੁਆਰਾ ਖਿੱਚੀ ਲਕੀਰ ਨੇ ਸਦੀਆਂ ਤੋਂ ਰਹਿੰਦੇ ਲੋਕਾਂ ਨੂੰ ਆਪਣੇ ਹੀ ਘਰ ਅਤੇ ਦੇਸ਼ ਵਿੱਚ ਪਰਾਇਆ ਬਣਾ ਦਿੱਤਾ। ਇਸ ਵੰਡ ਦਾ ਸਭ ਤੋਂ ਵੱਧ ਅਸਰ ਪੰਜਾਬ ਅਤੇ ਬੰਗਾਲ 'ਤੇ ਪਿਆ। ਦੋਹਾਂ ਸੂਬਿਆਂ ਵਿੱਚ ਮੁਸਲਮਾਨਾਂ ਦੀ ਜਨਸੰਖਿਆ ਵੱਧ ਹੋਣ ਕਰਕੇ ਇਹਨਾਂ ਸੂਬਿਆਂ ਦੇ ਦੋ ਹਿੱਸੇ ਕਰ ਦਿੱਤੇ ਗਏ ਪੰਜਾਬ ਦਾ ਪੱਛਮੀ ਹਿੱਸਾ ਅਤੇ ਬੰਗਾਲ ਦਾ ਪੂਰਬੀ ਹਿੱਸਾ ਪਾਕਿਸਤਾਨ ਦੇ ਹਿੱਸੇ ਆਇਆ।

ਮੈਂਬਰ:-	1. ਮੇਹਰ ਚੰਦ (ਜੱਜ)	ਮੈਂਬਰ:-	1. ਸੀ. ਸ. ਵਿਸ਼ਵਾਸ
	2. ਤੇਜਾ ਸਿੰਘ (ਜੱਜ)		2. ਬੀ. ਕੇ. ਸੁਖਰਜੀ
	3. ਦੀਨ ਮੁਹੰਮਦ (ਜੱਜ)		3. ਅਬੂ ਸਲੇਹ ਮੁਹੰਮਦ ਅਕਰਮ
	4. ਮੁਹੰਮਦ ਮੁਨੀਰ (ਜੱਜ)		4. ਐੱਸ. ਏ. ਰਹਿਮਾਨ

ਨੋਟ:- ਰੈਡੱਕਲਿਫ ਕਮਿਸ਼ਨ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ (Indian National Congress) ਅਤੇ ਮੁਸਲਿਮ ਲੀਗ (Muslim League) ਦੋ-ਦੋ ਮੈਂਬਰ ਸਨ। ਰੈਡੱਕਲਿਫ ਕਮਿਸ਼ਨ ਦੁਆਰਾ ਕੀਤੀ ਵੰਡ ਲਕੀਰ (Dividing Line) ਨੂੰ ਰੈਡੱਕਲਿਫ ਲਕੀਰ (Red Cliffe Line) ਕਹਿੰਦੇ ਹਨ ਜੋ ਭਾਰਤ ਅਤੇ ਪਾਕਿਸਤਾਨ ਨੂੰ ਨਿਖੇੜਦੀ ਹੈ।

ਇਸ ਵੰਡ ਨਾਲ ਭਾਰਤ ਅਤੇ ਪਾਕਿਸਤਾਨ ਦੇ ਘੁੱਗ ਵਸਦੇ ਪੰਜਾਬ ਖਿੱਤੇ ਵਿੱਚੋਂ ਫਿਰਕੂ ਆਧਾਰਤ ਜਨਸੰਖਿਆ ਦੀ ਅਦਲਾ ਬਦਲੀ ਹੋਈ। ਭਾਰਤ ਤੋਂ ਮੁਸਲਮਾਨਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਪਾਕਿਸਤਾਨ ਵੱਲ ਹਿਜ਼ਰਤ ਕੀਤੀ ਅਤੇ ਪਾਕਿਸਤਾਨ ਵਿੱਚ ਰਹਿੰਦੇ ਸਿੱਖਾਂ ਅਤੇ ਹਿੰਦੂਆਂ ਨੇ ਭਾਰਤ ਵੱਲ ਹਿਜ਼ਰਤ ਕੀਤੀ। ਸੰਸਾਰ ਵਿੱਚ ਪਹਿਲੀ ਵਾਰ ਐਨੇ ਵੱਡੇ ਪੱਧਰ 'ਤੇ ਜਨਸੰਖਿਆ ਦੀ ਅਦਲਾ ਬਦਲੀ ਹੋਈ। ਇਸ ਅਦਲਾ ਬਦਲੀ ਦੌਰਾਨ ਸਰਹੱਦ ਦੇ ਦੋਹੀਂ ਪਾਰ ਵੱਡੇ ਪੱਧਰ ਤੇ ਫਿਰਕੂ ਚੰਗੇ ਫਸਾਦ ਹੋਏ, ਘਰਾਂ ਦੀ ਇੱਜ਼ਤ ਸੰਭਾਲ਼ੀ ਜਾਂਦੀਆਂ ਔਰਤਾਂ ਸਮੇਤ ਅਣਗਿਣਤ ਲੋਕ ਇਸ ਖੂਨੀ ਸੰਘਰਸ਼ ਵਿੱਚ ਆਪਣੀ ਜਾਨ ਤੋਂ ਹੱਥ ਧੋ ਬੈਠੇ। ਪੰਜਾਬੀ ਦੀ ਪ੍ਰਸਿੱਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਵੰਡ ਦੇ ਇਸ ਦਰਦ ਨੂੰ ਬਿਆਨ ਕਰਨ ਲਈ "ਅੱਜ ਆਖਾਂ ਵਾਰਿਸ ਸ਼ਾਹਨੂੰ" ਕਵਿਤਾ ਦੀ ਰਚਨਾ ਕੀਤੀ।

ਫ਼ਿਲਮ ਪਿੰਜਰ ਅੰਮ੍ਰਿਤਾ ਪ੍ਰੀਤਮ ਦੁਆਰਾ ਲਿਖੇ ਗਏ ਨਾਵਲ 'ਪਿੰਜਰ' ਉਪਰ ਆਧਾਰਿਤ ਹੈ। ਫਿਲਮ ਵਿੱਚ ਵੰਡ ਦੀ ਤ੍ਰਾਸਦੀ ਨੂੰ ਯਥਾਰਥ ਵਾਂਗੂੰ ਦਿਖਾਇਆ ਗਿਆ ਹੈ। ਭਾਰਤ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸੀ ਪਰਵਾਸ ਕਰਕੇ ਆਏ ਹਿੰਦੂ

ਅਤੇ ਸਿੱਖ ਸਰਨਾਰਥੀਆਂ ਦੇ ਰਹਿਣ ਦਾ ਪ੍ਰਬੰਧ ਕਰਨਾ। ਅਜਿਹਾ ਕਰਨ ਲਈ ਸਰਨਾਰਥੀ ਕੈਂਪਾਂ (Refugee Camps) ਦਾ ਪ੍ਰਬੰਧ ਕੀਤਾ ਗਿਆ ਜਿੱਥੇ ਉਹਨਾਂ ਦੇ ਖਾਣ-ਪੀਣ ਅਤੇ ਰਹਿਣ ਦੀ ਵਿਵਸਥਾ ਕੀਤੀ ਗਈ। ਆਪਣਾ ਸਭ ਕੁਝ ਗਵਾ ਚੁੱਕੇ ਇਹਨਾਂ ਸਰਨਾਰਥੀਆਂ ਨੂੰ ਸਥਾਈ ਨਿਵਾਸ ਦੇਣਾ ਅਤੇ ਇਹਨਾਂ ਦੀ ਪਾਕਿਸਤਾਨ ਵਿੱਚ ਰਹਿ ਗਈਆਂ ਜਾਇਦਾਂਦਾ (Properties) ਦਾ ਬਦਲ ਮੁਹੱਈਆ ਕਰਵਾਉਣ ਲਈ ਯੋਜਨਾ ਤਿਆਰ ਕਰਨੀ ਅਤਿ ਜ਼ਰੂਰੀ ਸੀ। ਭਾਰਤ ਅੰਤਰਿਮ ਸਰਕਾਰ (Interim Government of India) ਦੁਆਰਾ ਮੁੜ ਵਸੇਬਾ ਵਿਭਾਗ (Department of Rehabilitation) ਦੀ ਸਥਾਪਨਾ ਕੀਤੀ ਗਈ. ਪਾਕਿਸਤਾਨ ਵਿੱਚ ਰਹਿ ਗਈ ਜਮੀਨ ਮਿਕਦਾਰ ਵਿੱਚ ਵੀ ਜ਼ਿਆਦਾ ਸੀ ਅਤੇ ਉਪਜਾਊ ਵੀ ਕਿਤੇ ਵੱਧ ਸੀ। ਜ਼ਮੀਨ ਤੋਂ ਇਲਾਵਾ ਪਰਵਾਸ ਕਰਨ ਵਾਲਿਆਂ ਲਈ ਜ਼ਜਬਾਤੀ ਤੌਰ ਤੇ ਨਵੇਂ ਇਲਾਕਿਆਂ ਨਾਲ ਸਾਂਝ ਬਣਾਉਣ ਲਈ ਸਮਾਂ ਲੱਗਣਾ ਸੀ। ਧਾਰਮਿਕ ਕੱਟੜਤਾ ਨੇ ਜੋ ਲੋਕਾਂ ਦੇ ਮਨਾਂ ਵਿੱਚ ਜੋ ਦੂਰੀਆਂ ਪਾਈਆਂ ਸਨ ਉਹਨਾਂ ਨੂੰ ਪੂਰਨ ਲਈ ਵੀ ਸਮਾਂ ਚਾਹੀਦਾ ਸੀ। ਵੰਡ ਦੇ ਕਾਰਨ ਹੋਏ ਆਵਾਸ (Immigration) ਅਤੇ ਪਰਵਾਸ (Migration) ਦੀਆਂ ਕਹਾਣੀਆਂ ਤੁਸੀ ਨਾਵਲਾਂ, ਕਵਿਤਾਵਾਂ ਅਤੇ ਬੁਜ਼ਰਗਾਂ ਦੀਆਂ ਹੱਡ-ਬੀਤੀਆਂ ਮੌਖਿਕ ਅਤੇ ਯੂ-ਟਿਊਬ (You Tube) ਰਾਹੀਂ ਦੇਖ ਅਤੇ ਸੁਣ ਸਕਦੇ ਹੋ। ਜਜ਼ਬਾਤੀ ਤੌਰ 'ਤੇ ਟੁੱਟੇ ਲੋਕਾਂ ਨੂੰ ਸਹਾਰਾ ਅਤੇ ਰਹਿਣ ਬਸੇਰੇ ਦਾ ਪ੍ਰਬੰਧ ਕਰਨਾ ਭਾਰਤ ਵਿੱਚ ਰਾਸ਼ਟਰ ਨਿਰਮਾਣ ਲਈ ਅਹਿਮ ਚੁਣੌਤੀ ਸੀ। ਦੇਸੀ ਰਿਆਸਤਾਂ ਨੂੰ ਭਾਰਤ ਵਿੱਚ ਸ਼ਾਮਲ ਕਰਨਾ Integrstion of Princely States with India) ਬਰਤਾਵੀਆਂ ਦੇ ਪ੍ਰਬੰਧ ਅਧੀਨ ਦੋ ਤਰ੍ਹਾਂ ਦੀਆਂ ਪ੍ਰਬੰਧਕੀ ਇਕਾਈਆਂ ਸਨ।



ਸੰਨ 1947 ਦੀ ਵੰਡ ਮੌਕੇ ਹਿਜਰਤ ਕਰਦੇ ਇੱਕ ਟੋਲੇ ਦੀ ਫ਼ਾਈਲ ਤਸਵੀਰ

ਭਾਰਤ ਦੇ ਇੱਕ ਤਿਹਾਈ ਹਿੱਸੇ ਵਿੱਚ ਦੇਸੀ ਰਿਆਸਤਾਂ ਦੀ ਹੋਂਦ ਸੀ। ਦੇਸੀ ਰਿਆਸਤਾਂ ਨੂੰ ਅੰਗਰੇਜ਼ਾਂ ਦੀ ਅਧੀਨਗੀ ਸਵਿਕਾਰ ਕਰਨ ਬਦਲੇ ਅੰਦਰੂਨੀ ਮਾਮਲਿਆਂ (Internal matters) ਵਿੱਚ ਕੁਝ ਹੱਦ ਤੱਕ ਸੁਤੰਤਰਤਾ ਪ੍ਰਾਪਤ ਸੀ ਮਾਊਂਟਬੈਟਨ ਯੋਜਨਾ (Mountbatten Plan) ਨੇ ਬਰਤਾਨਵੀ ਸੂਬਿਆਂ (British States) ਨੂੰ ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ ਪ੍ਰੰਤੂ ਦੇਸੀ ਰਿਆਸਤਾਂ ਨੂੰ ਆਪਣੇ ਭਵਿੱਖ ਨੂੰ ਤਹਿ ਕਰਨ ਦੀ ਆਜ਼ਾਦੀ ਦੇ ਦਿੱਤੀ ਭਾਵ ਇਹ ਰਿਆਸਤਾਂ ਭਾਰਤ ਜਾਂ ਪਾਕਿਸਤਾਨ ਵਿੱਚ ਸ਼ਾਮਿਲ ਹੋ ਸਕਦੀਆਂ ਸਨ ਜਾਂ ਆਪਣਾ ਸੁਤੰਤਰ ਦੇਸ਼ ਐਲਾਨ ਸਕਦੀਆਂ ਸਨ। ਇਹਨਾਂ ਰਿਆਸਤਾਂ ਨੂੰ ਭਾਰਤ ਵਿੱਚ ਸ਼ਾਮਿਲ ਕਰ। ਰਾਸ਼ਟਰ ਨਿਰਮਾਣ ਲਈ ਵੱਡੀ ਵੰਗਾਰ ਸੀ। ਦੇਸੀ ਰਿਆਸਤਾਂ ਨੂੰ ਭਾਰਤ ਵਿੱਚ ਮਿਲਾਉਣ ਦਾ ਕਾਰਜ ਸਾਡੇ ਦੇਸ਼ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ (home Minister) ਵੱਲਭ ਭਾਈ ਪਟੇਲ (Vallabhai Patel) ਨੂੰ ਸੌਂਪਿਆ ਗਿਆ। ਇਹਨਾਂ ਨੇ ਚੰਗੀ ਕੂਟਨੀਤੀ (Diplomacy) ਰਾਹੀਂ ਜ਼ਿਆਦਾਤਰ ਰਿਆਸਤਾਂ ਨੂੰ ਭਾਰਤ ਵਿੱਚ ਮਿਲਾ ਲਿਆ ਗਿਆ।

ਇਹਨਾਂ ਦੇਸੀ ਰਿਆਸਤਾਂ ਨੂੰ ਭਾਰਤ ਵਿੱਚ ਮਿਲਾਉਣ ਦਾ ਰਾਹ ਅਸਾਨ ਨਹੀਂ ਸੀ। ਤਰਵਨਕੋਰ (Travancore) ਰਿਆਸਤ ਨੇ ਆਜ਼ਾਦੀ ਤੋਂ ਹੀ ਪਹਿਲਾਂ ਹੀ ਆਪਣਾ ਸੁਤੰਤਰ ਦੇਸ਼ ਬਣਾਉਣ ਦਾ ਐਲਾਨ ਕਰ ਦਿੱਤਾ ਸੀ। ਸਰਦਾਰ ਪਟੇਲ ਦੇ

ਯਤਨਾਂ ਸਦਕਾ 30 ਜੁਲਾਈ, 1947 ਨੂੰ ਤਰਵਨਕੌਰ ਭਾਰਤ ਦਾ ਹਿੱਸਾ ਬਣਨ ਲਈ ਰਾਜ਼ੀ ਹੋ ਗਿਆ। ਜੂਨਾਗੜ, ਹੈਦਰਾਬਾਦ ਅਤੇ ਕਸ਼ਮੀਰ ਆਦਿ ਰਿਆਸਤਾਂ ਨੂੰ ਭਾਰਤ ਵਿੱਚ ਮਿਲਾਉਣ ਦਾ ਕਾਰਜ ਬੇਹੱਦ ਔਖਾ ਸੀ। ਜੂਨਾਗੜ੍ਹ (Junagarh) ਨੂੰ ਭਾਰਤ ਵਿੱਚ ਸ਼ਾਮਿਲ ਕਰਨ ਲਈ ਲੋਕਾਂ ਦੀ ਇੱਛਾ ਅਨੁਸਾਰ ਜਨਮਤ ਸੰਗ੍ਰਹਿ (Plebiscite) ਕਰਵਾਇਆ ਗਿਆ। ਜਿਸਦੇ ਨਤੀਜੇ ਵਜੋਂ ਜੂਨਾਗੜ੍ਹ, ਭਾਰਤ ਵਿੱਚ ਸ਼ਾਮਲ ਹੋ ਗਿਆ। ਹੈਦਰਾਬਾਦ ਸਭ ਤੋਂ ਵੱਡੀ ਰਿਆਸਤ ਸੀ। ਇਸਨੂੰ ਭਾਰਤ ਵਿੱਚ ਸ਼ਾਮਲ ਕਰਨ ਦੇ ਲਈ ਪੁਲਿਸ ਦੀ ਮਦਦ ਲਈ ਗਈ ਕਿਉਂਕਿ ਹੈਦਰਾਬਾਦ ਦੇ ਲੋਕ ਨਿਜ਼ਾਮ (Nizam) ਦੇ ਤਾਨਾਸ਼ਾਹੀ ਰਵੱਈਏ ਦੇ ਵਿਰੋਧ ਵਿੱਚ ਸਨ। ਲੋਕਾਂ ਦੇ ਵਿਦਰੋਹ ਅਤੇ ਪੁਲਿਸ ਦੀ ਮਦਦ ਨਾਲ ਹੈਦਾਰਾਬਾਦ ਨੂੰ ਭਾਰਤ ਵਿੱਚ ਸ਼ਾਮਲ ਕੀਤਾ ਗਿਆ। ਜੰਮੂ ਅਤੇ ਕਸ਼ਮੀਰ (Jammu & Kashmir) ਰਿਆਸਤ ਦਾ ਸ਼ਾਸਕ ਹਰੀ ਸਿੰਘ ਭਾਰਤ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ ਸਗੋਂ ਉਸਦੀ ਕੋਸ਼ਿਸ਼ ਸੀ ਕਿ ਭਾਰਤ ਅਤੇ ਪਾਕਿਸਤਾਨ ਨਾਲ ਗਲੱਬਾਤ ਕਰਕੇ ਸੁਤੰਤਰ ਦੇਸ਼ ਦਾ ਦਰਜਾ ਪ੍ਰਾਪਤ ਕਰ ਲਿਆ ਜਾਵੇ। ਪਾਕਿਸਤਾਨ ਜੰਮੂ ਕਸ਼ਮੀਰ ਵਿੱਚ ਮੁਸਲਮਾਨ ਬਹੁ ਗਿਣਤੀ ਵਿਚ ਹੋਣ ਕਰਕੇ ਆਪਣੇ ਵਿੱਚ ਸ਼ਾਮਿਲ ਕਰਨਾ ਚਾਹੁੰਦਾ ਸੀ। ਅਕਤੂਬਰ 1947 ਵਿੱਚ ਪਾਕਿਸਤਾਨ ਵਾਲੇ ਪਾਸਿਓਂ ਕਬਾਈਲੀਆਂ ਨੇ ਜੰਮੂ-ਕਸ਼ਮੀਰ ਉੱਪਰ ਹਮਲਾ ਕਰਕੇ ਇਸਨੂੰ ਪਾਕਿਸਤਾਨ ਵਿੱਚ ਰਲਾਉਣ ਦੀ ਕੋਸ਼ਿਸ਼ ਕੀਤੀ। ਇਸ ਸਥਿਤੀ ਨੇ ਮਹਾਰਾਜਾ ਹਰੀ ਸਿੰਘ ਤੋਂ ਸੈਨਿਕ ਮਦਦ ਲੈਣ ਲਈ ਮਜਬੂਰ ਕੀਤਾ ਭਾਰਤ ਨੇ Intrument of accession ਦੇ ਦਸਤਖਤ ਕਰਵਾਉਣ ਤੋਂ ਬਾਅਦ ਹੀ ਰਾਜੇ ਦੀ ਮਦਦ ਕਰਨ ਦੀ ਹਾਮੀ ਭਰੀ ਜਦੋਂ ਹਾਲਾਤ ਆਮ ਹੋ ਗਏ ਤਾਂ ਲੋਕਾਂ ਦੀ ਰਾਏ ਨਾਲ ਕਸ਼ਮੀਰ ਦਾ ਭਵਿੱਖ ਤੈਅ ਕੀਤਾ ਜਾਵੇਗਾ ਵਿਸ਼ੇਸ਼ ਖੁਦਮੁਖਤਿਆਰੀ ਦਿੰਦੇ ਹੋਏ ਜੰਮੂ-ਕਸ਼ਮੀਰ ਰਿਆਸਤ ਨੂੰ ਭਾਰਤ ਵਿੱਚ ਸ਼ਾਮਲ ਕਰ ਲਿਆ। ਭਾਰਤੀ ਉਪਮਹਾਦੀਪ ਦੇ ਵੱਖ ਵੱਖ ਹਿਸੇ ਅਲੱਗ - ਅਲੱਗ ਸਮੇਂ 'ਤੇ ਆਪਣੇ ਆਪ ਵਿੱਚ ਦੇਸ ਰਹੇ ਸਨ ਅਤੇ ਭਾਰਤੀ ਉਪਮਹਾਂਦੀਪ ਕਿਸੇ ਅਜ਼ਾਦ ਦੇਸ ਦੇ ਤੌਰ 'ਤੇ ਪਹਿਲੀ ਵਾਰ ਵਿਚਰ ਰਿਹਾ ਸੀ। ਇਸ ਲਈ ਉਪ ਮਹਾਦੀਪ ਦੀਆਂ ਸਾਰੀਆਂ ਕੌਮਾਂ ਦੀਆਂ ਆਸਾਂ 'ਤੇ ਉਮੀਦਾਂ ਦਾ ਭਾਰ ਸੰਵਿਧਾਨ ਤੇ ਸਰਕਾਰ ਦੇ ਮੋਢਿਆਂ 'ਤੇ ਸੀ।

ਲੋਕਤੰਤਰ ਦੀ ਬਹਾਲੀ

ਆਜ਼ਾਦੀ ਮਿਲਣ ਨਾਲ ਭਾਰਤੀ ਨੇਤਾਵਾਂ ਸਾਹਮਣੇ ਲੋਕਤੰਤਰ ਲਏ ਦੇਖੇ ਸੁਪਨਿਆਂ ਨੂੰ ਅਮਲੀ ਜਾਮਾਂ ਪਹਿਨਾਉਣ ਦੀ ਵੱਡੀ ਵੰਗਾਰ ਸੀ। ਸੰਵਿਧਾਨ ਸਭਾ ਵਿੱਚ ਭਾਰਤ ਨੂੰ ਲੋਕਤੰਤਰੀ ਦੇਸ਼ ਬਨਾਉਣ ਲਈ ਵੱਖ-ਵੱਖ ਪਹਿਲੂਆਂ ਤੇ ਵਿਚਾਰ-ਵਟਾਂਦਰਾ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਹੋਏ ਸੰਵਿਧਾਨ ਰਾਹੀ ਲੋਕਤੰਤਰ ਨਾਲ ਸੰਬਧਿਤ ਕਈ ਵਿਵਸਥਾਵਾਂ ਸਥਾਪਿਤ ਕੀਤੀਆਂ ਗਈਆਂ ਜਿਨ੍ਹਾਂ ਨੂੰ ਉਸ ਸਮੇਂ ਦੇ ਸਮਾਜਿਕ ਅਤੇ ਆਰਥਿਕ ਹਲਾਤ ਵਿੱਚ ਲਾਗੂ ਕਰਨਾ ਆਪਣੇ ਆਪ ਵਿੱਚ ਕ੍ਰਾਂਤੀਕਾਰੀ (revolutionary) ਕਦਮ ਸੀ। ਉਸ ਸਮੇਂ ਦਾ ਸਮਾਜ ਦਰਜਾਬੰਦ ਤਰੀਕੇ (Hierarchical Order) ਨਾਲ ਸੰਗਠਿਤ ਸੀ ਭਾਵ ਜਾਤ ਅਨੁਸਾਰ ਵਿਹਾਰ ਕਰਨ ਨੂੰ ਕੁਦਰਤੀ ਸੁਭਾਅ ਮੰਨਿਆ ਜਾਂਦਾ ਸੀ। ਅਜਿਹੇ ਸਮਾਜ ਵਿੱਚ ਰਾਜਨੀਤਕ ਜਾ ਸੰਵਿਧਾਨਕ (Consitutional) ਤਰੀਕਿਆ ਨਾਲ ਸਾਰਿਆਂ ਨੂੰ ਆਪਸ ਵਿੱਚ ਸਮਾਨ ਵਿਹਾਰ ਕਰਨ ਲਈ ਪ੍ਰੇਰਿਤ ਕਰਨਾ ਉਸ ਸਮੇਂ ਦੀ ਵੱਡੀ ਚੁਣੌਤੀ ਸੀ।

ਸੰਵਿਧਾਨ ਨਿਰਮਾਣ ਨਾਲ ਵੱਖ-ਵੱਖ ਲੋਕਤੰਤਰੀ ਸੰਸਥਾਵਾਂ ਦੀ ਨੀਂਹ ਰੱਖੀ ਗਈ ਜਿਨ੍ਹਾਂ ਨੇ ਕਾਨੂੰਨ ਦੇ ਸ਼ਾਸਨ ਅਨੁਸਾਰ ਸੰਵਿਧਾਨ ਨੂੰ ਲਾਗੂ ਕਰਦੇ ਹੋਏ ਭਾਰਤ ਨੂੰ ਲੋਕਤੰਤਰ ਰੂਪ ਦੇਣਾ ਸੀ। ਸੰਵਿਧਾਨਿਕ ਸੰਸਥਾਵਾਂ ਨਾਲ ਰਾਜਨੀਤਕ ਲੋਕਤੰਤਰ ਦੀ ਮਜਬੂਤ ਨੀਂਹ ਰੱਖੀ ਗਈ ਜੋ ਅੱਜ ਤੱਕ ਕਾਇਮ ਹੈ। ਸੰਨ 1952 ਵਿੱਚ ਸੰਪੂਰਨ ਹੋਈਆਂ ਪਹਿਲੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਸ਼ੁਰੂ ਹੋ ਕੇ ਰਾਜਨੀਤਕ ਲੋਕਤੰਤਰ ਸਫਲਤਾਪੂਰੂਵਕ ਸੰਨ 2024 ਵਿੱਚ 18 ਵੀਂ ਲੋਕ ਸਭਾ ਦੀਆਂ ਚੋਣਾਂ ਤੱਕ ਪਹੁੰਚ ਗਿਆ ਹੈ।

ਸੰਵਿਧਾਨ ਦੇ ਲਾਗੂ ਹੋਣ ਤੋ ਬਾਅਦ ਭਾਰਤ ਦੇ ਵੱਖ - ਵੱਖ ਖਿੱਤਿਆ ਵਿੱਚ ਵਸਦੀਆ ਕੌਮਾਂ ਨੇ ਸਰਕਾਰ ਵੱਲੋ ਕੀਤੇ ਵਾਅਦੀਆਂ ਨੂੰ ਪੂਰਾ ਕਰਨ ਦੀ ਮੰਗ ਕਰਨੀ ਸੁਰੂ ਕਰ ਦਿੱਤੀ ਜਿਸ ਵਿੱਚ ਹਰ ਕੌਮ ਅਪਣੇ ਖਿਤੇ ਵਿੱਚ ਖੁਦਮੁਖਤਿਆਰੀ, ਸੱਭਿਆਚਾਰ ਭਾਸ਼ਾ ਅਤੇ ਲੋਕਾਂ ਦਾ ਹਰ ਤਰਾਂ ਦਾ ਵਿਕਾਸ, ਚਹੁੰਦੇ ਸਨ ਪਰੰਤੂ ਭਾਰਤ ਦੀ ਏਕਤਾ ਨੂੰ ਬਰਕਰਾਰ ਰੱਖਣ ਲਈ ਤਾਕਤਵਰ ਕੇਦਰ ਦੇ ਅਧਾਰ ਤੇ ਸਖਤਾਈ ਨਾਲ ਬਹੁਤੇ ਖਿੱਤਿਆ ਦੀਆਂ ਮੰਗਾਂ ਠੁਕਰਾਂ ਦਿੱਤੀਆਂ ਜਾਂ ਦਬਾ ਦਿੱਤੀਆਂ ਗਈਆਂ ਜਿਸ ਕਾਰਨ ਬਹੁਤ ਸਾਰੇ ਸੰਘਰਸ ਸਰਕਾਰ ਖਿਲਾਫ ਹੋਏ ਜਿਸ ਵਿੱਚ ਆਧਰਾ ਪ੍ਰਦੇਸ, ਤਮਿਲਨਾਡੂ, ਪੰਜਾਬ ਆਦਿ ਸੂਬਿਆਂ ਦਾ ਸੰਘਰਸ਼ ਮੁੱਖ ਸੀ।

ਭਾਰਤ ਦੇ ਲੋਕਤੰਤਰ ਦਾ ਹੁਣ ਤੱਕ ਇਤਿਹਾਸ ਕਈ ਪ੍ਰਕਾਰ ਦੇ ਉਤਰਾਅ-ਚੜ੍ਹਾਅ ਦੀ ਗਵਾਹੀ ਭਰਦਾ ਹੈ। 25 ਜੂਨ 1975 ਨੂੰ ਆਲ ਇੰਡਿਆ ਰੇਡੀਓ (All India Radio) ਰਾਹੀ ਭਾਰਤ ਵਿੱਚ ਰਾਸ਼ਟਰੀ ਸੰਕਟਕਾਲ (National Emergency)

ਦੀ ਐਲਾਨ ਨੇ ਭਾਰਤੀ ਨਾਗਰਿਕਾਂ ਨੂੰ ਇਕਦਮ ਲੋਕਤੰਤਰ ਤੋਂ ਲੋਕਤੰਤਰੀ ਤਾਨਾਸ਼ਾਹੀ ਦਾ ਸਾਹਮਣਾ ਕਰਵਾ ਦਿੱਤਾ। ਰਾਸ਼ਟਰੀ ਸੰਕਟਕਾਲ ਦੌਰਾਨ ਭਾਰਤ ਦੀ ਪ੍ਰਧਾਨਮੰਤਰੀ ਇੰਦਿਰਾ ਗਾਂਧੀ ਨੇ ਲੋਕਾਂ ਤੋਂ ਉਹਨਾਂ ਦੀਆਂ ਰਾਜਨੀਤਕ ਸੁਤੰਤਰਤਾਵਾਂ ਖੋਹ ਲਈਆਂ। ਖਾਸ ਕਰਕੇ ਮੀਡੀਆ ਉੱਪਰ ਕਈ ਪ੍ਰਕਾਰ ਦੀਆਂ ਰੋਕਾਂ ਲਗਾ ਦਿੱਤੀਆਂ ਗਈਆਂ। ਸਰਕਾਰ ਦੀ ਵਿਰੋਧਤਾ ਕਰਨ ਵਾਲੇ ਰਾਜਨੀਤਿਕ ਲੀਡਰਾਂ ਨੂੰ ਜੇਲਾਂ ਵਿੱਚ ਸੁੱਟ ਦਿੱਤਾ ਗਿਆ।



ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮਰਜੈਂਸੀ ਵਿਰੁੱਧ ਸ਼ੁਰੂ ਕੀਤੇ ਮੋਰਚੇ ਸਮੇਂ 9 ਜੁਲਾਈ 1975 ਨੂੰ ਗ੍ਰਿਫਤਾਰੀ ਦੇਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਮੋਹਨ ਸਿੰਘ ਤੁੜ, ਸ. ਪ੍ਰਕਾਸ਼ ਸਿੰਘ ਬਾਦਲ, ਜੱਥੇ. ਜਗਦੇਵ ਸਿੰਘ ਤਲਵੰਡੀ, ਸ. ਆਤਮਾ ਸਿੰਘ, ਜੱਥੇ. ਗੁਰਚਰਨ ਸਿੰਘ ਟੌਹੜਾ, ਸ. ਬਸੰਤ ਸਿੰਘ ਖਾਲਸਾ ਖੜ੍ਹੇ ਹੋਏ।

ਸੰਕਟਕਾਲ (ਐਮਰਜੈਂਸੀ) ਦੌਰਾਨ ਸ਼੍ਰੋਮਣੀ ਅਕਾਲੀ ਦਾਲ ਦਾ ਜੱਥਾ ਐਮਰਜੈਂਸੀ ਵਿਰੁਧ ਅੰਦੋਲਨ ਤੇ ਗ੍ਰਿਫਤਾਰੀ ਦਿੰਦਾ ਹੋਇਆ

ਇਹ ਗੱਲ ਯਾਦ ਰੱਖਣ ਯੋਗ ਹੈ ਕਿ 6 ਵੀਂ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਜਨਵਰੀ 1977 ਵਿੱਚ ਹੋਇਆ ਅਤੇ ਰਾਸ਼ਟਰੀ ਸੰਕਟਕਾਲ ਦੇ ਦੌਰਾਨ ਹੀ 16 ਮਾਰਚ ਤੋਂ 20 ਮਾਰਚ, 1977 ਤੱਕ 6 ਵੀਂ ਲੋਕ ਸਭਾ ਲਈ ਚੋਣਾਂ ਹੋਈਆ। ਚੋਣ ਨਤੀਜਿਆਂ ਤੋਂ ਕੁਝ ਦਿਨ ਪਹਿਲਾਂ 21 ਮਾਰਚ 1977 ਨੂੰ ਰਾਸ਼ਟਰੀ ਸੰਕਟਕਾਲ ਸਮਾਪਤ ਕਰ ਦਿੱਤਾ ਗਿਆ।

ਸੰਕਟਕਾਲ ਕਾਲ ਦੌਰਾਨ ਪਈਆਂ ਵੋਟਾਂ (Elections) ਦੇ ਨਤੀਜਿਆਂ (Results) ਨੇ ਭਾਰਤੀ ਲੋਕਤੰਤਰ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਸਪਸ਼ਟ ਰੂਪ ਵਿੱਚ ਪ੍ਰਗਟ ਕੀਤਾ ਅਤੇ ਇੰਦਿਰਾ ਗਾਂਧੀ (Indira Gandhi) ਦੀ ਅਗਵਾਈ ਵਾਲੀ ਕਾਂਗਰਸ ਪਾਰਟੀ (Congress Party) ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਜਨਤਾ ਪਾਰਟੀ ਗਠਜੋੜ (Janta Alliance) ਨੇ ਬਹੁਮਤ ਹਾਸਲ ਕਰਕੇ ਪਹਿਲੀ ਵਾਰ ਸੰਘ ਵਿੱਚ ਗੈਰ ਕਾਂਗਰਸ ਪਾਰਟੀ ਦੀ ਸਰਕਾਰ ਬਣਾਈ। ਮੋਰਾਰਜੀ ਦੇਸਾਈ (Morarji Desai) ਭਾਰਤ ਦੇ ਪਹਿਲੇ ਗੈਰ ਕਾਂਗਰਸੀ ਪ੍ਰਧਾਨ ਮੰਤਰੀ ਬਣੇ। ਜਨਤਾ ਗਠਜੋੜ ਨੂੰ ਜਿੱਤਾ ਕੇ ਭਾਰਤੀ ਲੋਕਾ ਨੇ ਸਦਾ ਲਈ ਭਵਿੱਖ ਵਿੱਚ ਆਉਣ ਵਾਲੀਆ ਸਰਕਾਰ ਨੂੰ ਲੋਕਤੰਤਰੀ ਸਿਧਾਤਾਂ ਦੀ ਉਲੰਘਣਾ ਨਾ ਕਰਨ ਲਈ ਚੌਕੰਨਾ ਕਰ ਦਿੱਤਾ ਸੀ।

ਵਿਕਾਸ ਅਤੇ ਸਾਰਿਆਂ ਦਾ ਭਲਾ (Development and Well being of Entire Society) : ਸੰਵਿਧਾਨ ਰਾਹੀ ਸਮਾਨਤਾ (Equality) ਸਥਾਪਤ ਕਰਨ ਦੀ ਸਹੁੰ ਨੂੰ ਅਸਲੀ ਜਾਮਾ ਪਹਿਨਾਇਆ ਗਿਆ। ਵਿਕਾਸ ਰਾਹੀਂ ਭਲਾ ਸਾਰੇ ਸਮਾਜ ਦਾ ਹੋਵੇਗਾ ਨਾ ਕਿ ਕੁਝ ਗਿਣੇ-ਚੁਣੇ ਵਿਅਕਤੀਆਂ ਅਤੇ ਵਿਸ਼ੇਸ਼ ਵਰਗਾਂ ਦਾ ਸੋ ਅਜਿਹਾ ਕਰਨ ਲਈ ਗਰੀਬੀ ਨੂੰ ਦੂਰ ਕਰਨਾ ਸਭ ਤੋਂ ਵੱਡੀ ਵੰਗਾਰ ਸੀ। ਗਰੀਬੀ ਨੂੰ ਦੂਰ ਕਰਨ ਵਿਸ਼ੇਸ਼ ਮਾਡਲ ਨੂੰ ਅਪਣਾਉਣ ਦੀ ਲੋੜ ਸੀ। ਸੋਵੀਅਤ ਯੂਨੀਅਨ (Soviet Union) ਦੇ ਸਮਾਜਵਾਦੀ (Socialist) ਵਿਕਾਸ ਮਾਡਲ ਅਤੇ ਪੱਛਮ ਦੇ ਪੂੰਜੀਵਾਦੀ (Capitalist) ਮਾਡਲ ਸੰਸਾਰ ਵਿੱਚ ਪ੍ਰਚਲਿਤ ਸਨ। ਭਾਰਤ ਨੇ ਆਪਣੀਆਂ ਵਿਸ਼ੇਸ਼ ਲੋੜਾਂ ਨੂੰ ਧਿਆਨ ਵਿੱਚ ਰਖੱਦੇ ਹੋਏ ਵਿਚਕਾਰਲਾ ਮਾਡਲ ਭਾਵ ਮਿਸ਼ਰਿਤ ਆਰਥਿਕ ਮਾਡਲ (Mixed Economy Model) ਅਪਣਾਇਆ। ਇਸ ਮਾਡਲ ਵਿਚ ਮੰਡੀ (Market) ਅਤੇ ਸਰਕਾਰ (Government) ਦੋਵਾਂ ਦਾ ਰੋਲ ਅਹਿਮ ਹੁੰਦਾ ਹੈ।

ਸੰਨ 1950 ਯੋਜਨਾ ਕਮਿਸ਼ਨ (Planning Commission) ਦੀ ਸਥਾਪਨਾ ਕਰ ਦਿੱਤੀ ਗਈ ਅਤੇ ਪ੍ਰਧਾਨ ਮੰਤਰੀ ਨੂੰ ਕਮਿਸ਼ਨ ਦਾ ਚੇਅਰ ਪਰਸਨ ਥਾਪਿਆ ਜਾਣਾ ਤੈਅ ਕੀਤਾ ਗਿਆ। ਯੋਜਨਾ ਕਮਿਸ਼ਨ ਦਾ ਉਦੇਸ਼ ਪੰਜ ਸਾਲ ਲਈ ਯੋਜਨਾ ਤਿਆਰ ਕਰਕੇ ਨੀਤੀਆਂ ਦਾ ਨਿਰਮਾਣ ਕਰਨਾ ਸੀ। ਆਧੁਨੀਕਰਨ ਵਿਕਾਸ, ਆਤਮ-ਨਿਰਭਰਤਾ ਅਤੇ ਇਨਸਾਫ਼ ਪੰਜ ਸਾਲਾ ਯੋਜਨਾ (Five Year Plan) ਦੇ ਪ੍ਰਮੁੱਖ ਉਦੇਸ਼ ਸਨ। ਆਧੁਨੀਕਰਨ ਤੋਂ ਭਾਵ ਵਸਤੂਆਂ ਦੀ ਪੈਦਾਵਾਰ ਲਈ ਨਵੀ ਟੈਕਨੋਲੋਜੀ/ਤਕਨੀਕ (Technology) ਦੀ ਵਰਤੋਂ ਕਰਨਾ। ਫੈਕਟਰੀਆਂ ਵਿਚ ਵਸਤਾਂ ਦੀ ਪੈਦਾਵਾਰ ਵਧਾਉਣ ਲਈ ਨਵੀਆਂ ਤਕਨੀਕਾਂ/ਮਸ਼ੀਨਰੀ ਲਗਾਉਣ ਦੇ ਨਾਲ-ਨਾਲ ਕਿਸਾਨਾਂ ਦੁਆਰਾ ਨਵੇਂ ਸੋਧੇ ਹੋਏ ਬੀਜਾਂ ਦੀ ਵਰਤੋਂ ਰਾਹੀ ਉਪਜ (Production) ਨੂੰ ਵਧਾਉਣ ਹੀ ਆਧੁਨਕੀਕਰਨ (Modernisation) ਹੈ।

ਡਾ. ਸਵਾਮੀਨਾਥਨ ਨੂੰ ਹਰੀ ਕ੍ਰਾਂਤੀ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ ਉਹਨਾਂ ਨੇ ਭਾਰਤ ਨੂੰ ਭੁੱਖਮਰੀ ਤੋਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਭਾਰਤ ਦੇ ਵਿਕਾਸ ਨੂੰ ਅੱਗੇ ਵਧਾਉਣ ਲਈ ਨਵੇ ਕਾਰਖਾਨੇ ਬੈਂਕ, ਸੜਕਾਂ, ਬਿਜਲੀ ਪੈਦਾ ਕਰਨ ਲਈ ਡੈਮਾਂ ਦਾ ਨਿਰਮਾਣ ਕੀਤਾ ਗਿਆ। ਇਸਨੇ ਭਾਰਤ ਦੇ ਬੁਨਿਆਦੀ ਢਾਂਚੇ ਦਾ ਨਿਰਮਾਣ ਤਾਂ ਭਾਵੇ ਕਰ ਦਿੱਤਾ ਸੀ ਪਰ ਸਭ ਦੇ ਭਲੇ ਨੂੰ ਨਾਲ ਲੈ ਕੇ ਚੱਲਣ ਦਾ ਸਿਧਾਂਤ ਅਜੇ ਵੀ ਅਸਲੀ ਰੂਪ ਵਿੱਚ ਲਾਗੂ ਨਹੀਂ ਸੀ ਹੋਇਆ। ਸਭ ਦੇ ਭਲੇ ਨੂੰ ਧਿਆਨ ਵਿੱਚ ਰੱਖ ਕੇ ਭਾਵੇਂ ਕਈ ਯੋਜਨਾਵਾਂ ਬਣਾਈਆ ਗਈਆ ਪਰ ਪ੍ਰਨਾਲੀ ਦੀਆਂ ਅੰਦੂਰਨੀ ਘਾਟਾਂ ਕਾਰਨ ਇਹ ਯੋਜਨਾਵਾਂ ਪੂਰਨ ਰੂਪ ਵਿੱਚ ਕਾਮਯਾਬ ਨਾ ਹੋ ਸਕੀਆਂ। ਸੰਨ 1990 ਵਿੱਚ ਵੀ ਆਰਥਿਕ ਨੀਤੀ (New Economic Policy) ਰਾਹੀ ਸਰਕਾਰੀ ਖੇਤਰ ਨੂੰ ਨਿੱਜੀ ਖੇਤਰ ਲਈ (Private Sector) ਖੋਲ ਦਿੱਤਾ ਗਿਆਂ ਜਿਸਨੇ ਵਿਕਾਸ ਦਰ (Growth Rate) ਵਿੱਚ ਤਾਂ ਵਾਧਾ ਕੀਤਾ ਪ੍ਰੰਤੂ ਅਸਾਵੇਂ ਵਿਕਾਸ ਨਾਲ ਅਮੀਰ ਅਤੇ ਗਰੀਬ ਵਿਚਲਾ ਪਾੜਾ ਹੋਰ ਵਧਾਉਣ ਸ਼ੁਰੂ ਕਰ ਦਿੱਤਾ। ਖੇਤੀਬਾੜੀ ਨਾਲੋ ਨਿੱਜੀ ਉਦਯੋਗਾਂ ਨੂੰ ਜਿਆਦਾ ਤਵੱਜੋ ਦਿੱਤੀ ਜਾਣ ਲੱਗੀ। ਮਜ਼ਦੂਰ ਅਤੇ ਦਰਮਿਆਨੀ ਖੇਤੀਬਾੜੀ ਨਾਲ ਸਬੰਧਿਤ ਲੋਕਾਂ ਦਾ ਵਧਦੀ ਮਹਿੰਗਾਈ ਨੇ ਜੀਵਨ ਨਿਰਬਾਹ ਔਖਾ ਕਰ ਦਿੱਤਾ।

ਵੱਧਦੇ ਆਰਥਿਕ ਪਾੜੇ ਦੇ ਨਾਲ-ਨਾਲ ਉਦਯੋਗਪਤੀਆਂ ਦੇ ਹਿੱਤ ਅਤੇ ਆਮ ਲੋਕਾਂ ਦੇ ਹਿੱਤਾਂ ਵਿੱਚ ਅਸਾਵਾਂਪਣ ਆ ਗਿਆ। ਅਜਿਹੇ ਹੋਰ ਕਾਰਨਾਂ ਕਰਕੇ ਖੇਤੀਬਾੜੀ ਦੇ ਨਿੱਜੀਕਰਨ ਲਈ ਸੰਨ 2019 ਵਿੱਚ ਸਰਕਾਰ ਦੁਆਰਾ ਅਧਿਆਦੇਸ਼ (Ordinance) ਰਾਹੀਂ ਕੁਝ ਖੇਤੀਬਾੜੀ ਸੁਧਾਰਾਂ ਦੇ ਨਾਮ ਹੇਠਾਂ ਬਿੱਲ ਲਿਆਂਦੇ ਗਏ ਜਿਨ੍ਹਾਂ ਨੂੰ ਸੰਸਦ ਵਿੱਚ ਪਾਸ ਕੀਤਾ ਗਿਆ। ਪ੍ਰੰਤੂ ਕਿਸਾਨ ਨੂੰ ਇਹ ਕਾਨੂੰਨ ਖੇਤੀਬਾੜੀ ਵਿੱਚ ਸੁਧਾਰ ਨਾਲੋਂ ਖੇਤੀਬਾੜੀ ਅਤੇ ਕਿਸਾਨਾਂ ਦੇ ਵਿਰੋਧ ਵਿੱਚ ਜਿਆਦਾ ਲੱਗੇ ਜਿਸ ਨਤੀਜੇ ਵਜੋਂ ਦਿੱਲੀ ਵਿਖੇ ਵੱਡੇ ਪੱਧਰ ਉੱਤੇ ਸ਼ਾਂਤਮਈ ਅੰਦੋਲਨ (Peaceful Protest) ਰਾਹੀਂ ਇਹਨਾ ਕਾਨੂੰਨਾਂ ਦਾ ਵਿਰੋਧ ਦਰਜ ਕਰਵਾਇਆ। ਲੋਕਤੰਤਰ ਦੀ ਤਾਕਤ ਸਮਝਦਿਆਂ ਸਰਕਾਰ ਨੇ ਇਹਨਾਂ ਕਾਨੂੰਨ ਨੂੰ ਵਾਪਿਸ ਲੈ ਲਿਆ।

ਅਸਲ ਅਰਥਾਂ ਵਿੱਚ ਮਜਬੂਤ ਰਾਸ਼ਟਰ ਦਾ ਨਿਰਮਾਣ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਸਾਰੇ ਵਰਗਾਂ ਦੇ ਵਿਅਕਤੀਆਂ ਤੱਕ ਆਰਥਿਕ ਲਾਭ ਪਹੁੰਚੇ। ਕੁਝ ਵਿਅਕਤੀਆਂ ਦੇ ਅਮੀਰ ਹੋਣ ਨਾਲ ਰਾਸਟਰੀ ਆਮਦਨ (National Income) ਵਿੱਚ ਵਾਧਾ ਤਾਂ ਹੋ ਸਕਦਾ ਹੈ ਪ੍ਰੰਤੂ ਰਾਸ਼ਟਰ ਨਿਰਮਾਣ ਲਈ ਆਮਦਨ ਦਾ ਸਾਰੇ ਵਰਗਾਂ ਵਿਚ ਸਹੀ ਅਨੁਪਾਤ ਵਿੱਚ ਵੰਡਿਆ ਜਾਣਾ ਲਾਜ਼ਮੀ ਹੈ।

ਰਾਜਾਂ ਦਾ ਪੁਨਰਗਠਨ (State Reorganisation) : ਅਸੀ ਅਧਿਆਏ ਦੇ ਸ਼ੁਰੂਆਤੀ ਹਿੱਸੇ ਵਿੱਚ ਪੜਿਆ ਹੈ ਕਿ ਕਿਸ ਪ੍ਰਕਾਰ ਦੇਸੀ ਰਿਆਸਤਾਂ ਨੂੰ ਭਾਰਤ ਵਿੱਚ ਸ਼ਾਮਲ ਕੀਤਾ ਗਿਆ। ਭਾਰਤ ਦੇ ਪੁਨਰਗਠਨ ਦਾ ਕੰਮ ਏਥੇ ਖਤਮ ਨਹੀ ਸਗੋਂ ਸ਼ੁਰੂ ਹੁੰਦਾ ਹੈ। ਭਾਰਤ ਸਾਹਮਣੇ ਇਹ ਵੱਡੀ ਵੰਗਾਰ ਸੀ ਕਿ ਏਨੇ ਵਿਸ਼ਾਲ ਭਾਰਤ ਦਾ ਪੁਨਰਗਠਨ ਕਿਸ ਆਧਾਰ 'ਤੇ ਕੀਤਾ ਜਾਵੇ। ਅੰਗਰੇਜ਼ਾਂ ਨੇ ਸ਼ਾਸਨ ਪ੍ਰਬੰਧ ਵਿੱਚ ਸੌਖ ਲੈ ਕੇ ਆਉਣ ਲਈ ਬ੍ਰਿਟਿਸ਼ ਭਾਰਤ ਨੂੰ ਪ੍ਰਬੰਧਕੀ (Administrative) ਆਧਾਰ

'ਤੇ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ ਜਿਸਨੂੰ ਭਾਰਤੀ ਲੀਡਰ ਗੈਰ ਕੁਦਰਤੀ ਮੰਨਦੇ ਸਨ। ਕਾਂਗਰਸ ਨੇ ਆਪਣੇ ਨਾਗਪੁਰ ਸੈਸ਼ਨ (1920) ਵਿੱਚ ਭਾਸ਼ਾ ਦੇ ਆਧਾਰ ਤੇ ਸੂਬਿਆਂ ਦਾ ਪੁਨਰਗਠਨ (Reorganisation of States) ਦੀ ਵਚਨਬੱਧਤਾ ਪ੍ਰਗਟਾਈ ਸੀ।

ਆਜ਼ਾਦੀ ਮਿਲਦਿਆਂ ਹੀ ਸ਼ਾਸਨ ਪ੍ਰਬੰਧ ਚਲਾਉਣ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਅੰਗਰੇਜ਼ ਦੀ ਤਰਜ਼ 'ਤੇ ਪ੍ਰਬੰਧਕੀ ਅਤੇ ਇਤਿਹਾਸਕ ਆਧਾਰ ਤੇ 27 ਸੂਬਿਆਂ ਵਿੱਚ ਵੰਡਿਆ ਗਿਆ ਸੂਬਿਆਂ ਦਾ ਇਹ ਪ੍ਰਬੰਧ ਆਰਜ਼ੀ ਸੀ। ਸੂਬਿਆਂ ਦੇ ਇਸ ਆਰਜੀ ਪ੍ਰਬੰਧ ਦੀ ਜਗਾ ਤੇ ਪ੍ਰਾਂਤਾ ਦੇ ਸਥਾਈ ਪੁਨਰਗਠਨ ਦੀ ਮੰਗ ਉੱਠਣ ਲੱਗੀ ਸੀ। ਭਾਸ਼ਾ (Linguistic) ਦੇ ਆਧਾਰ 'ਤੇ ਰਾਜ ਬਣਾਉਣ ਦੀ ਸਭ ਤੋਂ ਪਹਿਲੀ ਮੰਗ ਵਿਸ਼ਾਲ ਆਂਧਰਾ ਅੰਦੋਲਨ ਦੇ ਰੂਪ ਵਿੱਚ ਮਦਰਾਸ ਪ੍ਰਾਂਤ ਵਿੱਚ ਉੱਠੀ। ਵਿਸ਼ਾਲ ਆਂਧਰਾ ਅੰਦੋਲਨ ਤੇਲਗੂ ਭਾਸ਼ਾ ਬੋਲਣ ਵਾਲਿਆਂ ਲਈ ਮਦਰਾਸ ਸੂਬੇ ਤੋਂ ਅਲੱਗ ਆਂਧਰਾ ਸੂਬਾ ਬਣਾਉਣ ਲਈ ਸੀ। ਗਾਂਧੀਵਾਦੀ ਕਾਂਗਰਸੀ ਲੀਡਰ ਪੋਟੀ ਸ੍ਰੀਰਾਮੁਲੂ (Potti Sriramullu) ਦੇ ਇਸ ਅੰਦੋਲਨ ਵਿੱਚ ਸ਼ਾਮਲ ਹੋਣ ਨਾਲ ਇਹ ਅੰਦੋਲਨ ਬਹੁਤ ਜ਼ੋਰ ਫੜ ਗਿਆ। ਪੋਟੀ ਸ੍ਰੀਰਾਮੁਲੂ ਨੇ ਸਰਕਾਰ ਤੋਂ ਆਪਣੀ ਗੱਲ ਮਨਵਾਉਣ ਲਈ ਗਾਂਧੀਵਾਦੀ ਸਿਧਾਤਾਂ ਅਨੁਸਾਰ ਮਰਨ ਵਰਤ (Death fast) ਰੱਖਿਆ ਪਰ ਮਰਨ ਵਰਤ ਦੇ 56 ਵੇਂ ਦਿਨ ਉਹਨਾਂ ਦੀ ਮੌਤ ਹੋਣ ਨਾਲ ਇਹ ਅੰਦੋਲਨ ਹਿੰਸਕ ਰੂਪ ਧਾਰਨ ਕਰ ਗਿਆ। ਅੰਦੋਲਨਕਾਰੀਆਂ ਦੇ ਦਬਾਅ ਕਾਰਨ ਭਾਰਤ ਸਰਕਾਰ ਨੇ 1953 ਵਿੱਚ ਭਾਸ਼ਾ ਦੇ ਆਧਾਰ ਤੇ ਪਹਿਲੇ ਪ੍ਰਾਂਤ ਆਂਧਰਾ ਪ੍ਰਦੇਸ਼ ਦਾ ਨਿਰਮਾਣ ਕੀਤਾ। ਆਂਧਰਾ ਪ੍ਰਦੇਸ਼ ਬਣਨ ਦੇ ਨਾਲ ਹੀ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਭਾਸ਼ਾ ਦੇ ਆਧਾਰ 'ਤੇ ਨਵੇਂ ਰਾਜਾਂ ਦੀ ਮੰਗ ਉੱਠਣ ਲੱਗੀ। ਇਹਨਾਂ ਮੰਗਾਂ ਨੂੰ ਸ਼ਾਂਤ ਕਰਨ ਲਈ 1953 ਵਿੱਚ ਰਾਜ ਪੁਨਰਗਠਨ ਕਮਿਸ਼ਨ (State Reorganisation Commission) ਦਾ ਨਿਰਮਾਣ ਕੀਤਾ। ਕਮਿਸ਼ਨ ਨੇ 1956 ਵਿੱਚ ਆਪਣੀ ਆਪਣੀ ਰਿਪੋਰਟ ਪੇਸ਼ ਕੀਤੀ ਅਤੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਨੇ ਪੁਨਰਗਠਨ ਦੀ ਮੰਗ ਸਵਿਕਾਰ ਕੀਤੀ। ਸੂਬਾ ਪੁਨਰਗਠਨ ਦੀਆਂ ਸਿਫਾਰਸ਼ਾਂ ਨੂੰ ਆਧਾਰ ਬਣਾ ਕੇ ਸੂਬਾ ਪੁਨਰਗਠਨ ਕਾਨੂੰਨ 1956 ਵਿੱਚ ਪਾਸ ਕੀਤਾ ਜਿਸ ਨਾਲ ਭਾਰਤ ਭਾਸ਼ਾ (Language) ਦੇ ਆਧਾਰ 'ਤੇ ਸੂਬਿਆਂ ਅਤੇ 6 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਪੁਨਰਗਠਨ ਕੀਤਾ ਗਿਆ। ਸੂਬਿਆਂ ਦਾ ਇਹ ਪੁਨਰਗਠਨ ਸੰਪੂਰਨ ਜਾ ਅੰਤਿਮ ਨਹੀਂ ਸੀ ਕਿਉਂਕਿ ਸਮੇਂ ਸਮੇਂ ਤੇ ਨਵੇਂ ਰਾਜਾਂ ਦੀ ਮੰਗ ਉੱਠਦੀ ਰਹੀ ਅਤੇ ਕਈ ਨਵੇਂ ਰਾਜ ਹੋਂਦ ਵਿੱਚ ਆਉਂਦੇ ਰਹੇ।

ਸੰਨ 1956 ਤੋਂ ਬਾਅਦ ਭਾਰਤ ਵਿੱਚ ਸੂਬਿਆਂ ਦਾ ਨਿਰਮਾਣ
(The Chronology of States 'bifurication in India after 1956)

- 1960-ਬੰਬੇ (Bombay) ਨੂੰ ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਵੰਡਣ ਨਾਲ ਗੁਜਰਾਤ (15 ਵਾਂ) ਨਵਾ ਸੂਬਾ ਬਣਿਆ।
- 1963-ਅਸਾਮ ਸੂਬੇ ਵਿੱਚੋਂ ਨਾਗਾਲੈਂਡ (16 ਵਾਂ) ਨਵਾਂ ਸੂਬਾ ਬਣਿਆ।
- 1966-ਸੂਬਾ-ਏ-ਪੰਜਾਬ ਵਿੱਚੋਂ ਹਿਮਾਚਲ ਪ੍ਰਦੇਸ਼ ਜੋ ਕੇਂਦਰ ਸ਼ਾਸ਼ਤ ਪ੍ਰਦੇਸ ਅਤੇ ਹਰਿਆਣਾ (17 ਵਾਂ) ਸੂਬਾ ਕੱਢਿਆ ਗਿਆ। ਹਿਮਾਚਲ ਪ੍ਰਦੇਸ਼ (18 ਵਾਂ) ਨੂੰ 1971 ਵਿੱਚ ਸੂਬੇ ਦਾ ਦਰਜਾ ਦਿੱਤਾ ਗਿਆ।
- 1972-ਮਨੀਪੁਰ (19 ਵਾਂ) ਤ੍ਰਿਪੁਰਾ (20 ਵਾਂ) ਮੇਘਾਲਿਆ (21 ਵਾਂ) ਸੂਬੇ ਹੋਂਦ ਵਿੱਚ ਆਏ।
- 1975-ਸਿੱਕਿਮ (22 ਵਾਂ) ਸੂਬਾ ਬਣਿਆ
- 1986-ਮਿਜ਼ੋਰਮ (23 ਵਾਂ) ਸੂਬੇ ਦਾ ਦਰਜਾ ਮਿਲਿਆ
- 1987-ਅਰੁਣਾਚਲ ਪ੍ਰਦੇਸ (24 ਵਾਂ) ਅਤੇ ਗੋਆ (25 ਵਾਂ) ਸੂਬਾ ਬਣੇ।
- 2000-ਮੱਧਪ੍ਰਦੇਸ ਵਿੱਚੋਂ ਛੱਤੀਸਗੜ, (26 ਵਾਂ) ਉਤਰਾ ਪ੍ਰਦੇਸ ਵਿੱਚੋਂ ਉਤਰਾਂਚਲ (27 ਵਾਂ) ਜੋ ਹੁਣ ਉਤਰਾਖੰਡ, ਬਿਹਾਰ ਵਿੱਚੋਂ ਝਾਰਖੰਡ (28 ਵਾਂ) ਛੇਵੇਂ ਸੂਬੇ ਹੋਂਦ ਵਿੱਚ ਆਏ।
- 2014-ਆਂਧਰਾ ਪ੍ਰਦੇਸ ਵਿੱਚੋਂ ਤੇਲੰਗਨਾ (29 ਵਾਂ) ਸੂਬਾ ਹੋਂਦ ਵਿਚ ਆਇਆ।

31 ਅਕਤੂਬਰ 2019 ਵਿੱਚ ਜੰਮੂ ਕਸ਼ਮੀਰ ਦਾ ਰਾਜ ਦਾ ਰੁਤਬਾ ਖਤਮ ਕਰਕੇ ਜੰਮੂ ਕਸ਼ਮੀਰ ਅਤੇ ਲਦੱਾਖ ਦੋ ਨਵੇਂ ਕੇਂਦਰ ਸ਼ਾਸਨ ਪ੍ਰਦੇਸ਼ ਬਣਾਏ ਜਿਸ ਨਾਲ ਸੂਬਿਆਂ ਦੀ ਕੁਲ ਗਿਣਤੀ 28 ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾ ਦੀ ਗਿਣਤੀ 9 ਹੋ ਗਈ। 26 ਜਨਵਰੀ 2020 ਵਿੱਚ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾ ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦਿਊ ਨੂੰ ਆਪਸ ਵਿੱਚ ਮਿਲਾ ਕੇਂਦਰ ਸ਼ਾਸਤ ਪ੍ਰਦੇਸ਼ ਬਣ ਦਿੱਤਾ ਜਿਸ ਨਾਲ ਕੇਂਦਰ ਪ੍ਰਦੇਸ਼ਾਂ ਦੀ ਗਿਣਤੀ 8 ਹੋ ਗਈ ਹੈ। (Union Territories) ਪਰ

ਅਜੇ ਵੀ ਭਾਰਤ ਦੇ ਕਈ ਹਿੱਸਿਆਂ ਵਿੱਚ ਨਵੇ ਰਾਜਾਂ ਦੀ ਮੰਗ ਬਰਕਰਾਰ ਹੈ। ਮਿਸਾਲ ਦੇ ਤੌਰ 'ਤੇ ਮਹਾਂਰਾਸ਼ਟਰ ਵਿੱਚ ਵਿਦਰਭ, ਉੱਤਰ ਪ੍ਰਦੇਸ਼ ਵਿੱਚ ਬੁੰਦੇਲਖੰਡ, ਹਰਿਤ ਪ੍ਰਦੇਸ, ਪੱਛਮੀ ਬੰਗਾਲ ਵਿੱਚ ਗੋਰਖਾਲੈਂਡ, ਅਸਾਮ ਵਿੱਦ ਬੋਡੋਲੈਂਡ ਆਦਿ। ਨਵੇਂ ਸੂਬਿਆਂ ਦੀ ਮੰਗ ਨੂੰ ਸਥਾਨਕ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਦਾ ਆਧਾਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। 1953 ਵਿੱਚ ਸੂਬਾ ਪੁਨਰਗਠਨ ਕਮਿਸ਼ਨ (State reorganisation) ਦੇ ਨਿਰਮਾਣ ਨਾਲ ਸ਼ੁਰੂ ਹੋਇਆ ਰਾਸ਼ਟਰ ਨਿਰਮਾਣ ਦਾ ਕੰਮ ਅਜੇ ਵੀ ਲਗਾਤਾਰ ਰੂਪ ਵਿੱਚ ਜਾਰੀ ਹੈ।

ਇਸ ਅਧਿਆਇ ਵਿੱਚ ਅਸੀ ਰਾਸ਼ਟਰ ਨਿਰਮਾਣ (Nation Building) ਨੂੰ ਸਮਝਣ ਦਾ ਯਤਨ ਕੀਤਾ। ਭਾਰਤ ਵਿੱਚ 1947 ਤੋਂ ਪਹਿਲਾਂ ਹੀ ਰਾਸ਼ਟਰ ਨਿਰਮਾਣ ਦੇ ਮਾਡਲਾਂ ਬਾਰੇ ਵਿਚਾਰ ਵਟਾਂਦਰਾ ਚਲ ਰਿਹਾ ਸੀ। ਗਾਂਧੀ ਜੀ ਨੇ ਆਰਥਿਕ ਵਿਕੇਂਦਰੀਕਰਨ (Decentralisatised) ਅਤੇ ਲਘੂ ਉਦਯੋਗਾਂ (Cottage Industries) ਦਾ ਵਿਚਾਰ ਦਿੱਤਾ। ਰਾਜਨੀਤੀ ਨੂੰ ਧਾਰਮਿਕ ਨਜ਼ਰੀਏ ਅਤੇ ਪੁਰਾਤਨ ਪਰੰਪਰਾਵਾਂ 'ਤੇ ਅਧਾਰਿਤ ਕਰਨ ਵਾਲਿਆ ਨੇ ਧਰਮ ਨਿਰਪੱਖਤਾ ਦਾ ਵਿਰੋਧ ਕਰਦਿਆਂ ਪਾਕਿਸਤਾਨ ਦੀ ਤਰਜ 'ਤੇ ਹਿੰਦੂ-ਰਾਸ਼ਟਰ ਬਣਾਉਮ ਲਈ ਜ਼ੋਰ ਪਾਇਆ ਸੰਵਿਧਾਨ ਨਿਰਮਾਤਾਵਾਂ (Constitution makers) ਨੇ ਵੱਖ-ਵੱਖ ਵਿਚਾਰਾਂ ਵਾਲੇ ਸੰਵਾਦ ਰਾਹੀ ਧਰਮ ਨਿਰਪੱਖ ਅਤੇ ਸਾਰਿਆਂ ਦੀ ਭਲਾਈ ਲਈ ਕਾਰਜ ਕਰਨ ਵਾਲੇ ਰਾਸ਼ਟਰ ਬਣਾਉਣ ਦੀ ਨੀਤੀ 'ਤੇ ਪਹਿਰਾ ਦਿੱਤਾ। ਸੰਨ 1940-50 ਦੇ ਦਹਾਕਿਆ ਵਿੱਚ ਬਹੁਤ ਸਾਰੇ ਰਾਸ਼ਟਰਾ ਨੇ ਆਜ਼ਾਦੀ ਪ੍ਰਾਪਤੀ ਕੀਤੀ ਪਰੰਤੂ ਉਹ ਧਾਰਮਿਕ ਅਤੇ ਨਸਲੀ ਜਾਂ ਭਾਸ਼ਾਈ ਝਗੜਿਆਂ ਕਾਰਨ ਰਾਸ਼ਟਰ ਨਿਰਮਾਣ ਦੀ ਪ੍ਰਕ੍ਰਿਆ ਨੂੰ ਲਗਾਤਾਰਤਾ ਦੇਣ ਵਿੱਚ ਨਾਕਾਮਯਾਬ ਰਹੇ ਅਤੇ ਖੇਰੂ-ਖੇਰੂ ਹੋ ਗਏ, ਭਾਰਤ ਵਿੱਚ ਵੱਖ-ਵੱਖ ਚੁਣੌਤੀਆਂ ਹੋਣ ਦੇ ਬਾਵਜੂਦ ਵੀ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਸਫਲਤਾਪੂਰਵਰ ਚੱਲ ਰਹੀ ਹੈ।

ਸ਼੍ਰੇਣੀ ਕਿਰਿਆਵਾ

1. ਵਿਦਿਆਰਥੀ ਅਧਿਆਪਕ ਦੀ ਸਹਾਇਤਾ ਨਾਲ ਕੋਈ ਦੋ ਦੇਸ਼ਾਂ ਵਿੱਚੋਂ ਰਾਸ਼ਟਰ ਨਿਰਮਾਣ ਨੂੰ ਸਮਝਣ ਦਾ ਯਤਨ ਕਰੇਗਾ।
2. ਵਿਦਿਆਰਥੀ ਸ਼੍ਰੇਣੀ ਵਿੱਚ ਸਮੂਹਾਂ ਅਨੁਸਾਰ ਰਾਸ਼ਟਰ ਨਿਰਮਾਣ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ ਵਟਾਂਦਰਾ ਕਰਨਗੇ।

ਅਭਿਆਸ

I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ-ਦੋ ਸ਼ਬਦਾਂ ਵਿੱਚ ਦਿਓ—

ੳ. ਕੋਈ ਵੀ ਦੋ ਸਾਮਰਾਜੀ ਤਾਕਤਾਂ ਦਾ ਨਾਂ ਲਿਖੋ।

ਅ. ਨਾਗਰਿਕ ਸਿਵਲ ਅਧਿਕਾਰ ਅੰਦੋਲਨ ਕਿੱਥੇ ਅਤੇ ਕਿਉਂ ਹੋਂਦ ਵਿੱਚ ਆਇਆ ?

ੲ. 'Tryst with pesting' ਕਿਸ ਨਾਲ ਸੰਬੰਧਤ ਹੈ ?

ਸ. ਸਰਨਾਰਥੀ ਕੌਣ ਹੁੰਦੇ ਹਨ ?

ਹ. ਵੰਡ ਦੇ ਦਰਦ ਨੂੰ ਬਿਆਨ ਕਰਦੀ ਕਵਿਤਾ ਦਾ ਸਿਰਲੇਖ ਅਤੇ ਕਵਿਤਰੀ ਦੀ ਨਾਂ ਲਿਖੋ ?

ਹੇਠ ਲਿਖੇ ਵਾਕਾਂ ਨੂੰ ਖਾਲੀ ਸਥਾਨ ਪਰ ਕੇ ਸੰਪੂਰਣ ਕਰੋ—

ਕ. ..... ਲਕੀਰਾ (ਰੇਖਾ) ਭਾਰਤ ਅਤੇ ਪਾਕਿਸਤਾਨ ਨੂੰ ਵੰਡਦੀ ਹੈ।

ਖ. ਜੂਨਾਗੜ ਨੂੰ ਭਾਰਤ ਵਿਚ ਸ਼ਾਮਲ ਕਰਨ ਲਈ ..... ਕਰਵਾਇਆ ਗਿਆ।

ਗ. ਹੈਦਰਾਬਾਦ ਦੇ ਲੋਕ ..... ਦੇ ..... ਰਵੱਈਏ ਦੇ ਵਿਰੋਧੀ ਸਨ।

ਘ. ਭਾਸ਼ਾ ਦੇ ਅਧਾਰ 'ਤੇ ਬਣਿਆ ਪਹਿਲਾ ਸੂਬਾ ..... ਹੈ।

ਙ. ਸੰਨ 1950 ਵਿੱਚ ..... ਦੀ ਸਥਾਪਨਾ ਕੀਤੀ ਗਈ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਸੁਤੰਤਰਤਾ ਸੰਘਰਸ਼ਾਂ ਨੇ ਰਾਸ਼ਟਰ ਨਿਰਮਾਣ ਲਈ ਰਾਹ ਕਿਵੇਂ ਪੱਧਰਾ ਕੀਤਾ।

ਅ. ਰਾਸ਼ਟਰ ਨਿਰਮਾਣ ਕੀ ਹੈ ?

ੲ. ਹੈਡਰਲਿੱਫ਼ ਕਮਿਸ਼ਨ ਉੱਪਰ ਸੰਖੇਪ ਨੋਟ ਲਿਖੋ।

ਸ. ਮਾਉਂਟਬੈਟਨ ਪਲੈਗ 'ਤੇ ਸੰਖੇਪ ਨੋਟ ਲਿਖੋ।

ਹ. ਪੰਜਾਬ ਅਤੇ ਬੰਗਾਲ ਦੀ ਵੰਡ ਦਾ ਆਮ ਲੋਕਾਂ ਤੇ ਕੀ ਅਸਰ ਪਿਆ ?

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਭਾਰਤ ਦੇ ਰਾਸ਼ਟਰ ਨਿਰਮਾਣ ਦੀਆਂ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਵਰਨਣ ਕਰੋ।

ਅ. ਭਾਰਤ ਵਿਚ ਰਾਸ਼ਟਰ ਨਿਰਮਾਣ ਦੇ ਵਰਤਾਰ ਦਾ ਵਰਨਣ ਕਰੋ।

ੲ. ਭਾਸ਼ਾ, ਭਾਰਤ ਵਿਚ ਬਣੇ ਸੂਬਿਆਂ ਦਾ ਕਿਵੇਂ ਸੋਚ ਬਣੀ ਅਤੇ ਭਾਸ਼ਾ ਨੂੰ ਲੋਕਾਂ ਨੇ ਮਹੱਤਵਰਪੂਰਨ ਕਿਉਂ ਮੰਨਿਆ।

ਸ. ਵੱਖ-ਵੱਖ ਰਾਜਨੀਤਕ ਸੰਸਥਾਵਾਂ ਰਾਸ਼ਟਰ ਨਿਰਮਾਣ ਵਿਚ ਕੀ ਭੂਮਿਕਾ ਅਦਾ ਕਰਦੀਆਂ ਹਨ ?

20

ਚੋਣ ਕਮਿਸ਼ਨ ; ਢਾਂਚਾ ਅਤੇ ਕਾਰਜ

[Election Commission ; Structure and Functions]

ਅਸੀ ਦਸਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ ਅਤੇ ਇਸ ਪਾਠ-ਪੁਸਤਕ ਦੇ ਰਾਹਾਂ ਲੋਕਤੰਤਰ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਲਈ ਹੈ। ਲੋਕਤੰਤਰ (Democracy) ਵਿੱਚ ਲੋਕਾਂ ਨੂੰ ਸਰਕਾਰ ਦੇ ਕੰਮਾਂ ਵਿੱਚ ਭਾਗੀਦਾਰ (Participent) ਬਣਾਇਆ ਜਾਂਦਾ ਹੈ। ਲੋਕਾਂ ਦੀ ਸਰਕਾਰ ਵਿੱਚ ਭਾਗੀਦਾਰੀ ਦੋ ਤਰੀਕਿਆਂ ਰਾਹੀਂ ਸੰਭਵ ਹੋ ਸਕਦੀ ਹੈ ਜਿਸਨੂੰ ਅਸੀ ਪ੍ਰਤੱਖ ਲੋਕਤੰਤਰ (Direct Democracy) ਅਤੇ ਅਪ੍ਰਤੱਖ ਲੋਕਤੰਤਰ (Indirect Democracy) ਕਹਿੰਦੇ ਹਾਂ। ਪ੍ਰਤੱਖ ਲੋਕਤੰਤਰ ਵਿੱਚ ਲੋਕ ਸਰਕਾਰ ਦੇ ਰੋਜ਼ਾਨਾ ਲਏ ਜਾਣ ਵਾਲੇ ਫੈਸਲਿਆਂ ਵਿੱਚ ਆਪ ਭਾਗ ਲੈਂਦੇ ਹਨ ਜਿਵੇਂ ਪ੍ਰਾਚੀਨ ਸਮੇਂ ਵਿੱਚ ਯੂਨਾਨ ਦੇ ਨਾਗਰਿਕ ਨਗਰ ਰਾਜ (City State) ਦੇ ਕੰਮ ਵਿੱਚ ਸਿੱਧਾ ਭਾਗ ਲੈਂਦੇ ਸਨ। ਅਪ੍ਰਤੱਖ ਲੋਕਤੰਤਰ ਵਿੱਚ ਲੋਕ ਆਪਣੇ ਪ੍ਰਤੀਨਿਧਾਂ/ਨੁਮਾਇੰਦਿਆਂ (Representatives) ਦੀ ਚੋਣ ਕਰਦੇ ਹਨ। ਲੋਕਾਂ ਦੇ ਪ੍ਰਤੀਨਿਧ ਸਰਕਾਰ ਦੇ ਕੰਮਾਂ ਵਿੱਚ ਭਾਗੀਦਾਰੀ ਬਣਦੇ ਹਨ। ਵਰਤਮਾਨ ਯੁੱਗ ਵਿੱਚ ਪ੍ਰਤੱਖ ਲੋਕਤੰਤਰ ਵੱਧ ਜਨਸੰਖਿਆ ਕਾਰਨ ਸੰਭਵ ਨਹੀਂ ਹੈ ਕਿਉਂਕਿ ਲੱਖਾਂ ਦੀ ਗਿਣਤੀ ਵਿੱਚ ਲੋਕ ਪ੍ਰਤੱਖ ਰੂਪ ਵਿੱਚ ਸਰਕਾਰ ਦੇ ਕੰਮਾਂ ਵਿੱਚ ਭਾਗ ਨਹੀਂ ਲੈ ਸਕਦੇ। ਵਰਤਮਾਨ ਰਾਜਾਂ (States) ਵਿੱਚ ਲੋਕਤੰਤਰ ਦਾ ਅਪ੍ਰਤੱਖ ਢੰਗ ਹੀ ਸੰਭਵ ਹੈ। ਚੋਣਾਂ (Elections) ਅਪ੍ਰਤੱਖ ਲੋਕਤੰਤਰ ਦੀ ਜਿੰਦ-ਜਾਨ ਹੁੰਦੀਆਂ ਹਨ। ਪ੍ਰਤੀਨਿਧਾਂ ਰਾਹੀ ਸ਼ਾਸਨ ਚਲਾਇਆ ਜਾਣ ਕਰਕੇ ਪ੍ਰਤੀਨਿਧਾਂ ਦੀ ਚੋਣ ਆਪਣੇ ਆਪ ਵਿੱਚ ਬਹੁਤ ਅਹਿਮ ਕਾਰਜ ਬਣ ਜਾਂਦੀ ਹੈ। ਚੋਣਾਂ ਨੂੰ ਇਮਾਨਦਾਰ ਅਤੇ ਸੁਤੰਤਰ (Free and Fair) ਬਣਾਉਣ ਲਈ ਕਿਸੇ ਸੰਵਿਧਾਨਕ ਸੰਸਥਾ (Constitutional Body) ਦਾ ਹੋਣਾ ਜ਼ਰੂਰੀ ਹੈ। ਭਾਰਤ ਵਿੱਚ ਇਹ ਜਿੰਮੇਵਾਰੀ ਭਾਰਤ ਦੇ ਚੋਣ ਕਮਿਸ਼ਨ (Election Commission of India) ਨੂੰ ਸੌਂਪੀ ਗਈ ਹੈ।

ਚੋਣਾਂ ਨੂੰ ਲੋਕਤੰਤਰੀ ਬਣਾਉਣ ਲਈ ਜ਼ਰੂਰੀ ਹੈ ਕਿ:-

- ਬਾਲਗ ਮਤ ਅਧਿਕਾਰ
- ਸਾਰਿਆਂ ਨੂੰ ਚੋਣ ਲੜਨ ਦਾ ਅਧਿਕਾਰ
- ਤੈਅ ਸ਼ੁਦਾ ਮਿਆਦ ਬਾਅਦ ਚੋਣਾਂ
- ਸੁਤੰਤਰ ਅਤੇ ਇਮਾਨਦਾਰ ਚੋਣ ਪ੍ਰਕ੍ਰਿਆ

ਭਾਰਤ ਦਾ ਚੋਣ ਕਮਿਸ਼ਨ (Election Commission of India) : ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਨੇ ਉਹਨਾਂ ਸਾਰੇ ਪੱਖਾਂ ਦਾ ਧਿਆਨ ਰੱਖਿਆ ਜਿਸ ਰਾਹੀਂ ਲੋਕਤੰਤਰ ਸਫ਼ਲ ਬਣਾਇਆ ਜਾ ਸਕੇ। ਲੋਕਤੰਤਰ ਨੂੰ ਸਫ਼ਲ ਬਣਾਉਣ ਲਈ ਸੰਵਿਧਾਨ ਨਿਰਮਾਤਾਵਾਂ ਸਾਹਮਣੇ ਇੱਕ ਵੱਡੀ ਵੰਗਾਰ ਸੀ ਕਿ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਕਿਸਨੂੰ ਸੌਂਪੀ ਜਾਵੇ। ਸੰਨ 1947 ਤੋਂ ਪਹਿਲਾਂ ਭਾਰਤ ਵਿੱਚ ਚੋਣਾਂ ਕਰਵਾਉਣ ਲਈ ਕਿਸੇ ਵੱਖਰੀ ਸੰਸਥਾ ਦਾ ਨਿਰਮਾਣ ਨਹੀਂ ਕੀਤਾ ਗਿਆ ਸੀ ਸਗੋਂ ਚੋਣਾਂ ਸਰਕਾਰ ਦੁਆਰਾ ਹੀ ਕਰਵਾਈਆਂ (Conduct) ਜਾਂਦੀਆਂ ਸੀ। ਅਜ਼ਾਦ ਭਾਰਤ ਵਿੱਚ ਚੋਣਾਂ ਨਿਰਪੱਖ, ਇਮਾਨਦਾਰ ਅਤੇ ਸੁਤੰਤਰ ਤਰੀਕੇ ਨਾਲ ਕਰਵਾਈਆਂ ਜਾਣਗੀਆਂ ਤਾਂ ਹੀ ਲੋਕਤੰਤਰ ਸਹੀ ਮਾਇਨੇ ਵਿੱਚ ਸਫ਼ਲ ਹੋ ਸਕਦਾ ਹੈ। ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਸੰਵਿਧਾਨ ਨਿਰਮਾਤਾਵਾਂ ਨੇ ਭਾਰਤ ਵਿੱਚ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਦੀ ਵਿਵਸਥਾ ਦਾ ਵਿਚਾਰ ਰੱਖਿਆ। ਚੋਣ ਕਮਿਸ਼ਨ ਨੂੰ ਹਰ ਪੱਖ ਤੋਂ ਸੁਤੰਤਰ, ਈਮਾਨਦਾਰੀ ਅਤੇ ਨਿਰਪੱਖ ਬਣਾਉਣ ਲਈ ਕਈ ਪ੍ਰਕਾਰ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ। ਭਾਰਤ ਦੇ ਸੰਵਿਧਾਨ ਦਾ ਭਾਗ (Part-XV (15) ਅਤੇ ਅਨੁਛੇਦ-324 ਤੋਂ 329 ਤੱਕ ਚੋਣ ਕਮਿਸ਼ਨ ਅਤੇ ਇਸਦੀ ਪ੍ਰਕਿਰਿਆ ਨਾਲ ਸੰਬਧਿਤ ਹੈ।



ਭਾਰਤੀ ਚੋਣ ਕਮਿਸ਼ਨ ਦਾ ਚਿਨ੍ਹ

ਭਾਰਤ ਦੀ ਚੋਣ ਪ੍ਰਕਿਰਿਆ ਨਾਲ ਸੰਬਧਤ ਅਨੁਛੇਦ
(Important Articles Related to Election Process in India)

1. ਅਨੁਛੇਦ 324–ਚੋਣ ਕਮਿਸ਼ਨ ਦੀ ਵਿਵਸਥਾ
2. ਅਨੁਛੇਦ 325–ਸਾਂਝੀਆਂ ਵੋਟਰ ਸੂਚੀਆਂ (ਸੰਯੁਕਤ ਚੋਣ ਪ੍ਰਨਾਲ਼ੀ)
3. ਅਨੁਛੇਦ 326–ਬਾਲਗ ਮੱਤ ਅਧਿਕਾਰ
4. ਅਨੁਛੇਦ 327–ਸੰਸਦ ਨੂੰ ਚੋਣਾਂ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ
5. ਅਨੁਛੇਦ 328–ਸੂਬਾਈ ਵਿਧਾਨਪਾਲਿਕਾ ਨੂੰ ਸੂਬੇ ਵਿਚ ਚੋਣਾਂ ਸੰਬੰਧੀ ਵਿਵਸਥਾਵਾਂ ਅਤੇ ਵੋਟਰ ਸੂਚੀਆਂ ਸਬੰਧੀ ਸਰਕਾਰ
6. ਅਨੁਛੇਦ 329–ਅਦਾਲਤਾਂ ਚੋਣਾਂ ਵਿੱਚ ਦਖ਼ਲਅੰਦਾਜੀ ਨਹੀਂ ਕਰ ਸਕਦੀਆਂ

ਚੋਣ ਕਮਿਸ਼ਨ ਦਾ ਢਾਂਚਾ-(Structure of election Commission) : ਸੰਵਿਧਾਨ ਦਾ ਅਨੁਛੇਦ 324 ਚੋਣਾਂ ਦਾ ਨਿਰਦੇਸ਼ਨ/ਨਿਗਰਾਨੀ (Superintendence), ਦਿਸ਼ਾ (Direction), ਕੰਟਰੋਲ (Control) ਕਰਨ ਲਈ ਚੋਣ ਕਮਿਸ਼ਨ ਦੀ ਵਿਵਸਥਾ/ਪ੍ਰਬੰਧ ਕੀਤੀ ਗਈ ਹੈ। ਲੋਕ ਸਭਾ, ਰਾਜ ਸਭਾ, ਸੂਬਾਈ ਵਿਧਾਨ ਸਭਾ (State legislative Assembly) ਸੂਬਾਈ ਵਿਧਾਨ ਪਰਿਸ਼ਦ (legislative council), ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀਆਂ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਭਾਰਤ ਦੇ ਚੋਣ ਕਮਿਸ਼ਨ ਨੂੰ ਸੌਂਪੀ ਗਈ ਹੈ। ਸੰਵਿਧਾਨ ਨਿਰਮਾਣ ਸਮੇਂ ਇਹ ਪ੍ਰਸ਼ਨ ਉਠਿਆ ਕਿ ਚੋਣ ਕਮਿਸ਼ਨ ਨੂੰ ਸਥਿਰ/ਸਥਾਈ ਸੰਸਥਾ ਬਣਾਇਆ ਜਾਵੇ ਤਾਂ ਅਸਥਾਈ/ਅਸਥਿਰ (Temporary) ਸੰਸਥਾ ਬਣਾਇਆ ਜਾਵੇ। ਗੰਭੀਰ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਚੋਣ ਕਮਿਸ਼ਨ ਇੱਕ ਮੈਂਬਰੀ (Single member) ਸਥਾਈ (Permanent) ਸੰਸਥਾ ਬਣਾਇਆ ਜਾਵੇ। ਹੋਰ ਮੈਂਬਰਾਂ ਦੀ ਹੋਂਦ ਸਮੇਂ ਦੀ ਲੋੜ 'ਤੇ ਛੱਡ ਦਿੱਤੀ ਜਾਵੇ। ਅਨੁਛੇਦ-324 ਰਾਹੀ ਇਹ ਪ੍ਰਬੰਧ ਕੀਤਾ ਗਿਆ ਕਿ ਇੱਕ ਮੁੱਖ ਚੋਣ ਕਮਿਸ਼ਨਰ (Chief Election Commission) ਅਤੇ ਹੋਰ ਚੋਣ ਕਮਿਸ਼ਨਰ (Election Commission) ਹੋਣਗੇ। ਹੋਰ ਚੋਣ ਕਮਿਸ਼ਨਰਾਂ ਨੂੰ ਨਿਯੁਕਤ ਕਰਨਾ ਰਾਸ਼ਟਰਪਤੀ ਦੀ ਇੱਛਾ 'ਤੇ ਛੱਡ ਦਿੱਤਾ ਗਿਆ।

25 ਜਨਵਰੀ, 1950 ਨੂੰ ਭਾਰਤ ਦੇ ਚੋਣ ਕਮਿਸ਼ਨਰ ਦੀ ਸਥਾਪਨਾ ਕੀਤੀ ਗਈ। ਭਾਰਤ ਦੇ ਸਭ ਤੋਂ ਪਹਿਲੇ ਮੁੱਖ ਚੋਣ ਕਮਿਸ਼ਨਰ (Chief Election Commission) ਸੁਕੁਮਾਰ ਸੇਨ (Sukumar Sen) ਸਨ। ਸੰਨ 2011 ਤੋਂ 25 ਜਨਵਰੀ ਨੂੰ ਹਰ ਸਾਲ ਰਾਸ਼ਟਰੀ ਵੋਟਰ ਦਿਵਸ (National Voters' Day) ਮਨਾਇਆ ਜਾਂਦਾ ਹੈ।

ਸੰਨ 1950 ਤੋਂ 1989 ਤੱਕ ਚੋਣ ਕਮਿਸ਼ਨਰ ਵਿੱਚ ਕੇਵਲ ਮੁੱਖ ਚੋਣ ਕਮਿਸ਼ਨਰ ਹੀ ਸੀ ਭਾਵ ਇਹ ਕਮਿਸ਼ਨਰ ਇੱਕ ਮੈਂਬਰੀ ਸੀ। ਸੰਨ 1989 ਵਿੱਚ 61 ਵੀ ਸੰਵਿਧਾਨਕ ਸੋਧ ਰਾਹੀਂ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ। ਇਸ ਨਾਲ ਚੋਣ ਕਮਿਸ਼ਨਰ ਦੇ ਕਾਰਜਾਂ ਵਿੱਚ ਵਾਧਾ ਹੋਣ ਲੱਗਾ। ਚੋਣਾਂ ਦੇ ਕਾਰਜਾਂ ਨੂੰ ਸਹੀ ਅਤੇ ਸਮਾਂ ਬੱਧ ਢੰਗ ਨਾਲ ਨੇਪਰੇ ਚਾੜਨ ਲਈ 1989 ਵਿੱਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਸਮੇਂ ਚੋਣ ਕਮਿਸ਼ਨਰ ਨੂੰ ਬਹੁ-ਮੈਂਬਰੀ (Multi member) ਬਣਾਇਆ ਗਿਆ। ਬਹੁ-ਮੈਂਬਰੀ ਚੋਣ ਕਮਿਸ਼ਨਰ ਵਿੱਚ ਮੁੱਖ ਚੋਣ ਕਮਿਸ਼ਨਰ ਅਤੇ ਦੋ ਹੋਰ ਕਮਿਸ਼ਨਰ ਸ਼ਾਮਲ ਕੀਤੇ ਗਏ। ਮੁੱਖ ਚੋਣ ਕਮਿਸ਼ਨਰ ਬਹੁ-ਮੈਂਬਰ ਚੋਣ ਕਮਿਸ਼ਨਰ ਵਿੱਚ ਚੇਅਰਮੈਨ/ਚੇਅਰਪਰਸਨ (Chair person) ਦੀ ਭੂਮਿਕਾ ਨਿਭਾਉਂਦਾ ਹੈ। ਸੰਨ 1990 ਵਿੱਚ ਚੋਣ ਕਮਿਸ਼ਨਰ ਨੂੰ ਮੁੜ ਇੱਕ ਮੈਂਬਰੀ ਬਣਾ ਦਿੱਤਾ ਗਿਆ। ਭਾਰਤ ਦੇ ਰਾਸ਼ਟਰਪਤੀ (President) ਸ੍ਰੀ ਸ਼ੰਕਰ ਦਿਆਲ ਸ਼ਰਮਾ ਨੇ (Shankar Dayal Sharma) ਮੁੜ 1993 ਵਿੱਚ ਦੋ ਹੋਰ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰਕੇ ਚੋਣ ਕਮਿਸ਼ਨਰ ਨੂੰ ਮੁੜ ਬਹੁ ਮੈਂਬਰੀ ਬਣਾ ਦਿੱਤਾ ਗਿਆ।

ਚੋਣ ਕਮਿਸ਼ਨਰਾਂ ਦੀ ਨਿਯੁਕਤੀ ਅਤੇ ਕਾਰਜਕਾਲ (Appointment and tenure of Election Commissioner) : ਚੋਣ ਕਮਿਸ਼ਨਰ ਦੇ ਮੈਬਰਾਂ ਭਾਵ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।

ਧਿਆਨਦੇਣ ਯੋਗ ਗੱਲ ਇਹ ਹੈ ਕਿ 10 ਅਗਸਤ, 2023 ਨੂੰ ਸੰਘੀ ਸਰਕਾਰ ਨੇ (Union Government) ਰਾਜ ਸਭਾ ਵਿੱਚ ਬਿੱਲ ਪੇਸ਼ ਕੀਤਾ ਜਿਸ ਵਿੱਚ ਚੋਣ ਕਮਿਸ਼ਨਰ ਦੇ ਮੈਬਰਾਂ ਦੀ ਨਿਯਕੁਤੀ ਲਈ ਇੱਕ ਪੈਨਲ ਬਣਾਉਣ ਦਾ ਪ੍ਰਸਤਾਵ ਪੇਸ਼ ਕੀਤਾ ਜਿਸ ਵਿੱਚ ਪ੍ਰਧਾਨ ਮੰਤਰੀ (ਪੈਨਲ ਦਾ ਚੇਅਰਮੈਨ), ਵਿਰੋਧੀ ਦਲ ਦਾ ਨੇਤਾ (Leader of Oppoisition) ਅਤੇ ਪ੍ਰਧਾਨ ਮੰਤਰੀ ਦੁਆਰਾ ਮੰਤਰੀ ਮੰਡਲ ਦਾ ਨਾਮਜ਼ਦ ਮੈਂਬਰ ਸ਼ਾਮਲ ਹੋਣਗੇ।

ਪੈਨਲ—

1. ਪ੍ਰਧਾਨ ਮੰਤਰੀ (ਚੇਅਰਮੈਨ/ਚੇਅਰਪਰਸਨ)
2. ਵਿਰੋਧੀ ਦਲ ਦਾ ਨੇਤਾ ਜਾਂ ਲੋਕ ਸਭਾ ਵਿੱਚ ਸਭ ਤੋਂ ਵੱਧ ਸੀਟਾਂ ਪ੍ਰਾਪਤ ਕਰਨ ਵਾਲੀ ਵਿਰੋਧੀ ਦਲ ਦਾ ਨੇਤਾ।
3. ਮੰਤਰੀ ਮੰਡਲ (Cabinet) ਦਾ ਮੈਂਬਰ (ਪ੍ਰਧਾਨਮੰਤਰੀ) ਦੁਆਰਾ ਨਿਯੁਕਤ ਕੀਤਾ ਜਾਵੇਗਾ।

(ਨੋਟ-ਇਸ ਬਿੱਲ ਦੇ ਪੇਸ਼ ਹੋਣ ਤੋਂ ਪਹਿਲਾਂ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਸੰਬੰਧੀ ਕੋਈ ਕਾਨੂੰਨ (Law) ਨਹੀਂ ਸੀ।)

ਚੋਣ ਕਮਿਸ਼ਨ ਕਾਨੂੰਨ, 1991 ਅਨੁਸਾਰ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦਾ ਕਾਰਜਕਾਲ (Tenure) 6 ਸਾਲ ਜਾਂ ਵੱਧ ਤੋਂ ਵੱਧ 65 ਸਾਲ ਦੀ ਉਮਰ ਤੱਕ ਤੈਅ ਕੀਤਾ ਗਿਆ ਹੈ। ਇਸਦਾ ਭਾਵ ਹੈ ਕਿ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰ ਆਹੁਦਾ ਪ੍ਰਾਪਤ ਕਰਨ ਤੋਂ ਬਾਅਦ 6 ਸਾਲ ਜਾਂ 65 ਸਾਲ ਦੀ ਉਮਰ ਵਿੱਚੋਂ ਜਿਹੜੀ ਵੀ ਸ਼ਰਤ ਪਹਿਲਾਂ ਪੂਰੀ ਕਰਦਾ ਹੈ ਉਸੇ ਸ਼ਰਤ ਦੇ ਆਧਾਰ 'ਤੇ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰ ਰਿਟਾਇਰ (Retire) ਹੋਣਗੇ।

ਤਨਖਾਹ (Salary)-ਚੋਣ ਕਮਿਸ਼ਨਰ ਦੇ ਮੈਬਰਾਂ ਉੱਤੇ ਦੇਸ਼ ਵਿੱਚ ਲੋਕਤੰਤਰ ਨੂੰ ਅਸਲ ਰੂਪ ਦੇਣ ਦੀ ਬਹੁਤ ਵੱਡੀ ਜਿੰਮੇਵਾਰੀ ਹੈ। ਉਹਨਾਂ ਨੂੰ ਆਪਣੀ ਇਹ ਜ਼ਿੰਮੇਵਾਰੀ ਪੂਰੀ ਇਮਾਨਦਾਰ ਅਤੇ ਆਰਥਿਕ ਤੌਰ 'ਤੇ ਸੁਰੱਖਿਅਤ ਹੋ ਕੇ ਨਿਭਾ ਸਕਣ ਦੇ ਕਾਬਲ ਬਣਾਉਣ ਲਈ ਉਹਨਾਂ ਦਾ ਅਹੁਦਾ ਸੁਪੀਰਮ ਕੋਰਟ ਦੇ ਜੱਜਾਂ ਦੇ ਬਰਾਬਰ ਬਣਾਇਆ ਗਿਆ ਹੈ। ਚੋਣ ਕਮਿਸ਼ਨਰ ਐਕਟ 1991 ਅਨੁਸਾਰ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਤਨਖਾਹ ਸੁਪਰੀਮ ਕੋਰਟ ਦੇ ਜੱਜਾਂ ਦੇ ਬਰਾਬਰ ਤੈਅ ਕੀਤੀ ਗਈ ਹੈ। ਵਰਤਮਾਨ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖਾਹ 2,50,000 (ਢਾਈ ਲੱਖ) ਰੁਪਏ ਹੈ। ਇਸ ਆਧਾਰ ਤੇ ਚੋਣ ਕਮਿਸ਼ਨਰ ਦੇ ਮੈਂਬਰਾਂ ਦੀ ਤਨਖਾਹ 2,50,000 (ਢਾਈ ਲੱਖ) ਰੁਪਏ ਹੈ।

ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਤਨਖਾਹ ਅਤੇ ਸ਼ਕਤੀਆਂ ਬਰਾਬਰ ਹਨ ਅਤੇ ਫੈਸਲੇ ਬਹੁਮਤ ਨਾਲ ਲਏ ਜਾਂਦੇ ਹਨ

ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦਾ ਢੰਗ
(Process of removal of Chief Election Commissioner)

ਭਾਰਤ ਵਿੱਚ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿੱਚ ਮੁੱਖ ਚੋਣ ਕਮਿਸ਼ਨਰ ਦੀ ਭੂਮਿਕਾ ਬਹੁਤ ਅਹਿਮ ਰਹੀ ਹੈ। ਸਾਬਕਾ ਮੁੱਖ ਚੋਣ ਕਮਿਸ਼ਨਰ ਟੀ. ਐੱਨ. ਸੇਸ਼ਨ (T. N. Seshan) ਦੁਆਰਾ ਚੋਣ ਪ੍ਰਕਿਰਿਆ (Election Process) ਵਿੱਚ ਕੀਤੇ ਗਏ ਸੁਧਾਰਾਂ ਸਦਕਾ ਹਮੇਸ਼ਾ ਯਾਦ ਕੀਤੇ ਜਾਂਦੇ ਰਹਿਣਗੇ।

ਮੁੱਖ ਚੋਣ ਕਮਿਸ਼ਨਰਾਂ ਦੁਆਰਾ ਵੱਖ-ਵੱਖ ਸਮਿਆਂ ਦੌਰਾਨ ਕੀਤੇ ਗਏ ਸੁਧਾਰ ਅਤੇ ਨਿਰਪੱਖਤਾ ਪੂਰਨ ਭੂਮਿਕਾ ਨਿਭਾਉਣ ਦਾ ਵੱਡਾ ਕਾਰਨ ਉਹਨਾਂ ਦੇ ਅਹੁਦੇ ਦਾ ਕਾਰਜਪਾਲਿਕਾ (Executive) ਦੇ ਪ੍ਰਭਾਵ ਤੋਂ ਮੁਕਤ ਹੋਣਾ ਮੰਨਿਆ ਜਾਂਦਾ ਹੈ। ਮੁੱਖ ਚੋਣ ਕਮਿਸ਼ਨਰ ਨੂੰ ਉਹਨਾਂ ਦੇ ਅਹੁਦੇ ਤੋਂ ਹਟਾਉਣ ਦਾ ਢੰਗ ਬਹੁਤ ਔਖਾ ਹੈ ਉਹਨਾਂ ਨੂੰ ਕਾਰਜਕਾਲ ਤੋਂ ਪਹਿਲਾਂ ਸਿਰਫ ਸੁਪਰੀਮ ਕੋਰਟ ਦੇ ਜੱਜਾਂ ਨੂੰ ਅਹੁਦੇ ਤੋਂ ਹਟਾਉਣ ਦੀ ਵਿਧੀ ਅਨੁਸਾਰ ਹੀ ਹਟਾਇਆ ਜਾ ਸਕਦਾ ਹੈ। ਮੁੱਖ ਚੋਣ ਕਮਿਸ਼ਨਰ ਨੂੰ ਰਾਸ਼ਟਰਪਤੀ ਉਦੋਂ ਹੀ ਅਹੁਦੇ ਤੋਂ ਹਟਾ ਸਕਦਾ ਹੈ ਜਦੋਂ ਸੰਸਦ ਦੇ ਦੋਵੇ ਸਦਨ ਵੱਖ-ਵੱਖ ਰੂਪ ਵਿੱਚ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਅਤੇ ਹਾਜ਼ਰ ਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਦੋ ਤਿਹਾਈ (2/3) ਬਹੁਮਤ ਨਾਲ ਮਤਾ ਪਾਸ ਕਰ ਦੇਣ ਚੋਣ ਕਮਿਸ਼ਨਰਾਂ ਨੂੰ ਰਾਸ਼ਟਰਪਤੀ ਮੁੱਖ ਚੋਣ ਕਮਿਸ਼ਨਰ ਦੀ ਸਿਫਾਰਸ਼ (Recommendation) 'ਤੇ ਅਹੁਦੇ ਤੋਂ ਹਟਾ ਸਕਦਾ ਹੈ।

ਸੂਬਾਈ ਪੱਧਰ 'ਤੇ ਚੋਣ ਕਮਿਸ਼ਨਰ ਨੂੰ ਮੁੱਖ ਚੋਣ ਅਧਿਕਾਰੀ (Chief Electoral Officer) ਸਹਾਇਤਾ ਪ੍ਰਦਾਨ ਕਰਦੇ ਹਨ। ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ/ਕਲੈਕਟਰ (Deputy Commissioner/Collector), ਜ਼ਿਲ੍ਹਾ ਰਿਟਰਨਿੰਗ ਅਫ਼ਸਰ (Returning Officer) ਦੀ ਭੂਮਿਕਾ ਨਿਭਾਉਂਦਾ ਹੈ। ਜ਼ਿਲ੍ਹਾ ਰਿਟਰਨਿੰਗ ਅਫ਼ਸਰ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਦੇ ਰਿਟਰਨਿੰਗ ਅਫਸਰ ਦੀ ਨਿਯੁਕਤੀ ਕਰਦਾ ਹੈ। ਇਸ ਢਾਂਚੇ ਨੂੰ ਹੇਠ ਲਿਖੇ ਦਿਮਾਗੀ ਨਕਸ਼ੇ (Mind Map) ਨਾਲ ਸਮਝ ਸਕਦੇ ਹਾਂ।



ਚੋਣ ਕਮਿਸ਼ਨਰ ਦੀ ਭੂਮਿਕਾ/ਕਾਰਜ
(Role & Functions of Election Commission)

ਚੋਣ ਕਮਿਸ਼ਨਰ ਦੀ ਭੂਮਿਕਾ (Role) ਉੱਪਰ ਸਾਡੇ ਦੇਸ਼ ਦਾ ਲੋਕਤੰਤਰ ਨਿਰਭਰ ਕਰਦਾ ਹੈ। ਕਿਸੇ ਵੀ ਲੋਕਤੰਤਰੀ ਦੇਸ਼ ਦੀ ਸਫਲਤਾ ਉੱਥੇ ਦੀ ਨਿਰਪੱਖ ਚੋਣਾਂ ਉੱਪਰ ਨਿਰਭਰ ਕਰਦੀ ਹੈ। ਭਾਰਤੀ ਸੰਵਿਧਾਨ ਦਾ ਅਨੁਛੇਦ-324 ਚੋਣ ਕਮਿਸ਼ਨਰ ਦਾ ਮੁੱਖ ਕੰਮ ਚੋਣਾਂ ਦੀ ਨਿਗਰਾਨੀ, ਚੋਣਾਂ ਨੂੰ ਦਿਸ਼ਾ ਦੇਣਾ ਅਤੇ ਕੰਟਰੋਲ ਕਰਨਾ ਹੈ। ਚੋਣ ਕਮਿਸ਼ਨਰ ਸੰਸਦ (Parliament) ਦੋ ਦੋਹਾਂ ਸਦਨ ਲੋਕ ਸਭਾ ਅਤੇ ਰਾਜ ਸਭਾ, ਰਾਸ਼ਟਰਪਤੀ (President) ਉਪ-ਰਾਸ਼ਟਰਪਤੀ (Vice President) ਸੂਬਾਈ ਵਿਧਾਨ ਸਭਾਵਾਂ (Legislative Assemblies) ਸੂਬਾਈ ਵਿਧਾਨ ਪਰਿਸ਼ਦ ਦੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ। ਚੋਣਾਂ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਕਰਵਾਉਣ ਲਈ ਜ਼ਰੂਰੀ ਹੈ ਕਿ ਇਸ ਪ੍ਰਕਾਰ ਦਾ ਮਾਹੌਲ ਸਿਰਜਿਆ ਜਾਵੇ ਜਿਸ ਵਿੱਚ ਵੋਟਰ ਬਿਨਾਂ ਕਿਸੇ ਡਰ ਅਤੇ ਭੈਅ ਦੇ ਆਪਣੀ ਵੋਟ ਦੀ ਵਰਤੋਂ ਕਰ ਸਕਣ। ਸੁਖਾਵੇਂ (Peaceful) ਤਰੀਕੇ ਨਾਲ ਚੋਣਾ ਕਰਵਾਉਣ ਲਈ ਚੋਣ ਕਮਿਸ਼ਨਰ ਅਨੇਕ ਪ੍ਰਕਾਰ ਦੇ ਕਾਰਜ ਕਰਦਾ ਹੈ।

ਕੋਈ ਵੀ ਨਾਗਰਿਕ ਚੋਣਾਂ ਵਿੱਚ ਭਾਗ ਲੈਣ ਬਾਰੇ ਤਾਂ ਹੀ ਸੋਚੇਗਾ ਜੇਕਰ ਉਸਦੀ ਆਪਣੀ ਵੋਟ ਬਣੀ ਹੋਵੇਗੀ। ਵੋਟ ਬਣਾਉਣ ਦੀ ਜਿੰਮੇਵਾਰੀ ਚੋਣ ਕਮਿਸ਼ਨਰ ਨੂੰ ਦਿੱਤੀ ਗਈ ਹੈ। ਕੋਈ ਵੀ ਨਾਗਰਿਕ ਜਦੋ 18 ਸਾਲ ਦੀ ਉਮਰ ਹੱਦ 'ਤੇ ਪਹੁੰਚ ਜਾਂਦਾ ਹੈ ਤਾਂ ਉਹ ਵੋਟ ਬਣਾਉਣ ਦਾ ਹੱਕਦਾਰ ਹੁੰਦਾ ਹੈ।

ਵੋਟ ਬਣਾਉਣ ਦਾ ਇਹ ਕੰਮ ਚੋਣ ਕਮਿਸ਼ਨਰ ਬੂਥ ਲੈਵਲ ਅਫਸਰ (Booth level officer) ਰਾਹੀ ਕਰਦਾ ਹੈ। ਤੁਸੀਂ ਵੀ ਆਪਣੇ ਬੂਥ ਲੈਵਲ ਅਫ਼ਸਰ ਨਾਲ ਰਾਬਤਾ ਕਾਇਮ ਕਰਕੇ ਉਸ ਦੁਆਰਾ ਕੀਤੇ ਜਾਂਦੇ ਕੰਮਾ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹੋ। ਅਧਿਆਪਕ ਸ਼੍ਰੇਣੀ ਕਿਰਿਆ ਲਈ ਸੰਬਧਿਤ ਬੂਥ ਲੈਵਲ ਅਫ਼ਸਰ ਨਾਲ ਵਿਦਿਆਰਥੀਆਂ ਨਾਲ ਮੁਲਾਕਾਤ ਕਰਵਾ ਕੇ ਉਹਨਾਂ ਦੁਆਰਾ ਕੀਤੇ ਜਾਂਦੇ ਕੰਮਾਂ ਦੀ ਜਾਣਕਾਰੀ ਦਵਾ ਸਕਦੇ ਹਨ।



61 ਵੀਂ ਸੰਵਿਧਾਨਕ ਸੋਧ ਰਾਹੀਂ ਵੋਟ ਬਣਾਉਣ ਦਾ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ। ਨਵੇਂ ਵੋਟਰਾਂ ਨੂੰ ਰਾਜਨੀਤੀ ਵਿੱਚ ਉਸਾਰੂ ਭੂਮਿਕਾ ਨਿਭਾਉਣ ਅਤੇ ਉਤਸ਼ਾਹਿਤ ਕਰਨ ਲਈ ਚੋਣ ਕਮਿਸ਼ਨਰ ਵੱਲੋਂ ਕਈ ਪ੍ਰਕਾਰ ਦੇ ਉਪਰਾਲੇ ਕੀਤੇ ਜਾਂਦੇ ਹਨ। ਬੂਥ ਲੈਵਲ ਅਫਸਰਾਂ ਦੁਆਰਾ ਵੋਟ ਬਣਾਉਣ, ਵੇਰਵਿਆਂ ਵਿੱਚ ਸੋਧ ਆਦਿ ਕੰਮਾਂ ਲਈ ਵਿਸ਼ੇਸ਼ ਕੈਂਪ ਲਗਵਾਏ ਜਾਂਦੇ ਹਨ। ਅਸੀ ਆਪਣੇ ਸਕੂਲ ਵਿੱਚ ਚੋਣਾ ਸੰਬੰਧੀ ਵੱਖ-ਵੱਖ ਦਿਵਸ ਮਨਾਂ ਕੇ ਆਪਣਾ ਯੋਗਦਾਨ ਪਾਉਂਦੇ ਹਾਂ। ਵਿਦਿਅਕ ਸੰਸਥਾਵਾਂ ਵਿੱਚ ਸਵੀਪ (SVEEP) ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਰਾਜਨੀਤੀ ਵਿੱਚ ਭਾਗੀਦਾਰੀ ਵਧਾਉਣ ਅਤੇ ਵੋਟਰ ਜਾਗਰੂਕਤਾ (Voter awarness) ਫੈਲਾਉਣ ਲਈ ਚੋਣ ਕਮਿਸ਼ਨਰ ਵੱਲੋਂ ਸ਼ੁਰੂ ਕੀਤਾ ਗਿਆ।

SVEEP (Systematic Voters Education and Electroal Participation)

ਰਾਜਨੀਤਕ ਦਲਾਂ (Political Parties) ਦੀ ਹੋਂਦ ਉੱਪਰ ਆਜ਼ਾਦੀ ਤੋਂ ਬਾਅਦ ਹੀ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਸਨ ਅਤੇ ਜੇ. ਪੀ. ਨਰਾਇਣ (J.P. Narayan) ਦੁਆਰਾ ਪਾਰਟੀ ਰਹਿਤ ਲੋਕਤੰਤਰ (Party less Democracy) ਦਾ ਵਿਚਾਰ ਦਿੱਤਾ ਗਿਆ। ਅਸੀ ਇਸ ਅਧਿਆਏ ਦੇ ਸ਼ੁਰੂ ਵਿੱਚ ਪੜਿਆ ਹੈ ਕਿ ਵਰਤਮਾਨ ਯੁੱਗ ਅਪ੍ਰਤੱਖ ਲੋਕਤੰਤਰ ਦਾ ਯੁੱਗ ਹੈ, ਜਿਸ

ਵਿੱਚ ਪ੍ਰਤੀਨਿਧਾਂ ਰਾਹੀ ਰਾਜਨੀਤੀ ਵਿੱਚ ਲੋਕ ਆਪਣੀ ਭਾਗੀਦਾਰੀ ਦਾ ਪ੍ਰਗਟਾਵਾ ਕਰਦੇ ਹਨ। ਪ੍ਰਤੀਨਿਧ ਲੋਕਤੰਤਰ ਰਾਜਨੀਤਕ ਦਲਾਂ ਤੋਂ ਬਿਨਾਂ ਸੰਭਵ ਨਹੀਂ ਹੈ। ਰਾਜਨੀਤਕ ਦਲਾਂ ਨੂੰ ਰਜਿਸਟਰ (Register) ਕਰਨ ਅਤੇ ਕੰਟਰੋਲ ਕਰਨਾ ਦਾ ਕੰਮ ਚੋਣ ਕਮਿਸ਼ਨਰ ਦੁਆਰਾ ਕੀਤਾ ਜਾਂਦਾ ਹੈ। ਰਾਜਨੀਤਿਕ ਦਲਾਂ ਲਈ ਚੋਣ ਕਮਿਸ਼ਨਰ ਕੋਲ ਰਜਿਸਟਰ ਹੋਣਾ ਲਾਜਮੀ ਹੈ। ਪ੍ਰਤੀਨਿਧ ਕਾਨੂੰਨ 1951 ਅਨੁਸਾਰ ਚੋਣ ਕਮਿਸ਼ਨਰ ਕੋਲ ਰਜਿਸਟਰੇਸ਼ਨ ਕਰਵਾਉਣ ਲਈ ਰਾਜਨੀਤਿਕ ਦਲ ਦਾ ਆਪਣਾ ਸੰਵਿਧਾਨ ਹੋਣਾ ਜਰੂਰੀ ਹੈ। ਪਾਰਟੀ/ਦਲ ਦਾ ਸੰਵਿਧਾਨ ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਦੇ ਵਿਰੁੱਧ ਨਹੀਂ ਹੋਣਾ ਚਾਹੀਦਾ। ਚੋਣ ਕਮਿਸ਼ਨਰ ਰਜਿਸਟਰ ਹੋਈਆਂ ਪਾਰਟੀਆਂ ਨੂੰ ਖੇਤਰੀ ਪਾਰਟੀਆਂ (Regional Parties) ਅਤੇ ਰਾਸ਼ਟਰੀ ਪਾਰਟੀਆਂ (National Political Parties) ਦੇ ਤੌਰ ਤੇ ਮਾਨਤਾ ਪ੍ਰਦਾਨ ਕਰਦਾ ਹੈ।

ਚੋਣ ਕਮਿਸ਼ਨਰ, ਰਜਿਸਟਰ ਹੋਏ ਰਾਜਨੀਤਕ ਦਲਾਂ ਨੂੰ ਚੋਣ ਨਿਸ਼ਾਨ (Election Symbols) ਵੀ ਪ੍ਰਦਾਨ ਕਰਦਾ ਹੈ। ਰਾਸ਼ਟਰੀ ਅਤੇ ਖੇਤਰੀ ਦਲਾਂ ਦੇ ਚੋਣ ਨਿਸ਼ਾਨ ਸਥਿਰ ਹੁੰਦੇ ਹਨ ਭਾਵ ਬਦਲਦੇ ਨਹੀਂ ਹਨ। ਗੈਰ ਮਾਨਤਾ ਪ੍ਰਾਪਤ ਰਾਜਨੀਤਕ ਦਲਾਂ ਨੂੰ ਚੋਣ ਨਿਸ਼ਾਨ ਹਰੇਕ ਚੋਣਾਂ ਵਿੱਚ ਚੋਣ ਕਮਿਸ਼ਨਰ ਵੱਲੋਂ ਨਵੇਂ ਦਿੱਤੇ ਜਾਂਦੇ ਹਨ।

ਕਿਸੇ ਰਾਜਨੀਤਕ ਦਲ ਵਿੱਚ ਫੁੱਟ ਪੈ ਜਾਂਦੀ ਹੈ ਅਤੇ ਰਾਜਨੀਤਿਕ ਦਲ ਦੋ ਧੜਿਆਂ (Groups) ਵਿੱਚ ਵੰਡਿਆ ਜਾਂਦਾ ਹੈ ਤਾਂ ਚੋਣ ਕਮਿਸ਼ਨ ਇਹ ਫੈਸਲਾ ਕਰਦਾ ਹੈ ਕਿ ਪਾਰਟੀ ਨਾਮ ਅਤੇ ਚੋਣ ਨਿਸ਼ਾਨ (Name & Symbol) ਕਿਸੇ ਧੜ੍ਹੇ ਨੂੰ ਦਿੱਤਾ ਜਾਵੇਗਾ।

ਮਹਾਰਾਸ਼ਟਰ ਦਾ ਖੇਤਰੀ ਦਲ ਸ਼ਿਵ ਸੈਨਾ (Shiv Sena) ਸ਼ਿੰਦੇ ਅਤੇ ਉੱਦਾਵ ਠਾਕਰੇ ਦੇ ਧੜਿਆਂ ਵਿੱਚ ਵੰਡਿਆ ਗਿਆ। ਅਧਿਆਪਕ ਦੀ ਮਦਦ ਨਾਲ ਪਤਾ ਕਰੋ ਕਿ ਸ਼ਿਵ ਸੈਨਾ ਦਾ ਨਾਮ ਅਤੇ ਚੋਣ ਨਿਸ਼ਾਨ ਕਿਸ ਧੜੇ (Group) ਦੇ ਹਿੱਸੇ ਆਇਆ।

ਰਾਜਨੀਤਕ ਦਲਾਂ ਦੁਆਰਾ ਕੀਤੀਆਂ ਜਾਂਦੀਆਂ ਕਾਰਵਾਈਆਂ ਉੱਪਰ ਚੋਣ ਕਮਿਸ਼ਨ ਲਗਾਤਾਰ ਨਿਗਰਾਨੀ ਰੱਖਦਾ ਹੈ। ਲੋਕ ਸਭਾ ਜਾਂ ਕਿਸੇ ਸੂਬੇ ਵਿੱਚ ਵਿਧਾਨ ਸਭਾ ਦੀਆਂ ਚੋਣ ਦੇ ਐਲਾਨ ਮਗਰੋਂ ਆਦਰਸ਼ ਚੋਣ ਜ਼ਾਬਤਾ (Model Code of Conduct) ਲਾਗੂ ਹੋ ਜਾਂਦਾ ਹੈ ਜੇਕਰ ਕੋਈ ਵੀ ਰਾਜਨੀਤਕ ਦਲ ਇਸ ਦੀ ਉਲੰਘਣਾ ਕਰਦਾ ਹੈ ਤਾ ਚੋਣ ਕਮਿਸ਼ਨ ਉਸ ਰਾਜਨੀਤਕ ਦਲ ਵਿਰੁੱਧ ਅਨੁਸ਼ਾਸਨੀ ਕਾਰਵਾਈ (Disciplinary action) ਕਰ ਸਕਦਾ ਹੈ। ਚੋਣ ਕਮਿਸ਼ਨ ਚੋਣ ਹਲਕਿਆਂ (Constituency) ਦੀ ਹੱਦ ਬੰਦੀ ਨਾਲ ਸੰਬੰਧਤ ਕਾਰਜ ਹੱਦਬੰਦੀ ਕਮਿਸ਼ਨ ਤੋਂ ਕਰਵਾਉਣਾ ਹੈ। ਹਰੇਕ ਜਨਗਣਨਾ (Census) ਤੋਂ ਬਾਅਦ ਹਲਕਿਆਂ ਦੀ ਘੱਟ/ਜਾਂ ਵੱਧ ਹੋਈ ਜਨਸੰਖਿਆ ਨੂੰ ਖਿਆਲ ਵਿੱਚ ਰੱਖਦੇ ਹੋਏ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੇ ਹਲਕਿਆਂ ਨੂੰ ਨਵੇ ਸਿਰੇ ਤੋਂ ਤੈਅ ਕਰਨਾ ਹੱਦਬੰਦੀ (Delimitation) ਕਮਿਸ਼ਨ ਦਾ ਕੰਮ ਹੈ।

ਹੱਦਬੰਦੀ ਕਰਨ ਲਈ ਹੱਦਬੰਦੀ ਕਮਿਸ਼ਨ (Delimitation Commission) ਦੀ ਵਿਵਸਥਾ ਕੀਤੀ ਜਾਂਦੀ ਹੈ। ਹੱਦਬੰਦੀ ਕਮਿਸ਼ਨ ਇੱਕ ਖੁਦਮੁਖਤਿਆਰ ਸੰਵਿਧਾਨਕ ਅਦਾਰਾ (Institution) ਹੈ। ਇਸਦੇ ਫੈਸਲਿਆਂ ਨੂੰ ਅਦਾਲਤਾਂ ਵਿੱਚ ਵੰਗਾਰਿਆ ਨਹੀਂ ਜਾ ਸਕਦਾ। ਹੱਦਬੰਦੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਧਰਾਤਲ 'ਤੇ ਲਾਗੂ ਕਰਨ ਲਈ ਚੋਣ ਕਮਿਸ਼ਨ ਅਹਿਮ ਭੂਮਿਕਾ ਨਿਭਾਉਂਦਾ ਹੈ।

ਨੋਟ- (i) ਭਾਰਤ ਦੇ ਸੰਵਿਧਾਨ 84 ਵੀ ਸੰਵਿਧਾਨਕ ਸੋਧ 2002 ਦੇ ਅਨੁਸਾਰ ਅਗਲਾ ਹੱਦਬੰਦੀ ਕਮਿਸ਼ਨ (Delimitation Commission) 2026 ਤੋਂ ਬਾਅਦ ਹੋਣ ਵਾਲੀ ਪਹਿਲੀ ਜਨਗਣਨਾ (Census) ਤੋਂ ਦੇ ਅਧਾਰ 'ਤੇ ਨਿਯੁਕਤ ਕੀਤਾ ਜਾਵੇਗਾ।

(ii) ਜੰਮੂ ਅਤੇ ਕਸ਼ਮੀਰ (Jammu & Kashmir) ਲਈ ਸਰਵਉੱਚ ਅਦਾਲਤ ਦੇ ਰਿਟਾ ਜੱਜ ਰੰਜਨ ਪ੍ਰਕਾਸ਼ ਦੇਸਾਈ (Rajana Prakash Desai) ਦੀ ਪ੍ਰਧਾਨਗੀ ਹੇਠ ਹੱਦਬੰਦੀ ਕਮਿਸ਼ਨ ਬਣਾਇਆ ਗਿਆ ਹੈ।

ਚੋਣਾਂ ਨਾਲ ਸੰਬਧਤ ਪੂਰਨ ਪ੍ਰਕਿਰਿਆ ਚੋਣ ਕਮਿਸ਼ਨ ਦੀ ਦੇਖ-ਰੇਖ ਵਿੱਚ ਹੁੰਦੀ ਹੈ। ਚੋਣ ਕਮਿਸ਼ਨ ਚੋਣਾਂ ਨਾਲ ਸੰਬਧਤ ਸਮਾਂ ਸਾਰਣੀ ਜਾਰੀ ਕਰਦਾ ਹੈ ਚੋਣ ਪ੍ਰਕਿਰਿਆ ਦੇ ਹਰ ਪੜਾਅ ਉੱਤੇ ਚੋਣ ਕਮਿਸ਼ਨ ਪੂਰੀ ਨਜ਼ਰ ਰੱਖਦਾ ਹੈ। ਉਮੀਦਵਾਰ ਦੇ ਨਾਮਜ਼ਗੀ ਪੱਤਰਾਂ ਦੀ ਪੂਰਨ ਤੌਰ 'ਤੇ ਜਾਂਚ ਪੜਤਾਲ ਕਰਦਾ ਹੈ ਕਿ ਉਮੀਦਵਾਰ ਚੋਣ ਲੜਨ ਲਈ ਤੈਅਸ਼ੁਦਾ ਸ਼ਰਤਾਂ ਪੂਰੀਆਂ ਕਰਦਾ ਹੈ ਜਾਂ ਨਹੀਂ।

ਜ਼ਮਾਨਤ ਰਕਮ

ਅਸੀ ਆਮ ਤੌਰ 'ਤੇ ਚੋਣਾਂ ਦੇ ਦਿਨਾਂ ਦੌਰਾਨ ਖਬਰਾਂ ਇੱਕ ਸੁਣਿਆ ਹੋਵੇਗਾ ਕਿ ਫਲਾਣੇ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋ ਗਈ। ਜਮਾਨਤ ਹਰੇਕ ਚੋਣਾਂ ਵਿੱਚ ਚੋਣ ਕਮਿਸ਼ਨ ਨੂੰ ਜਮ੍ਹਾਂ ਕਰਵਾਈ ਜਾਂਦੀ ਹੈ। ਕੁੱਲ ਪਈਆਂ ਵੋਟਾਂ ਦਾ 1/6 (ਛੇਵਾਂ ਹਿੱਸਾ) ਹਿੱਸਾ ਪ੍ਰਾਪਤ ਕਰਨ ਵਾਲੇ ਉਮੀਦਵਾਰ ਦੁਆਰਾ ਜਮ੍ਹਾਂ ਕਰਵਾਈ ਰਾਸ਼ੀ (ਰਕਮ) ਨੂੰ ਜ਼ਬਤ ਕਰ ਲਿਆ ਜਾਂਦਾ ਹੈ।

ਚੋਣਾਂ ਨੂੰ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਕਰਵਾਉਣ ਲਈ ਚੋਣ ਕਮਿਸ਼ਨ ਵੱਲੋਂ ਆਦਰਸ਼ ਚੋਣ ਜ਼ਾਬਤਾ (Model Code of Conduct) ਲਾਗੂ ਕੀਤਾ ਜਾਂਦਾ ਹੈ। ਆਦਰਸ਼ ਚੋਣ ਜ਼ਾਬਤੇ ਤੋਂ ਭਾਵ ਚੋਣ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਵੱਲੋਂ ਲਾਗੂ ਕੀਤੇ ਨਿਯਮ ਜਾਂ ਕਾਨੂੰਨ ਹਨ। ਆਦਰਸ਼ ਚੋਣ ਜ਼ਾਬਤਾ ਚੋਣਾਂ ਦੁਆਰਾ ਰਾਜਨੀਤਿਕ ਦਲਾਂ ਅਤੇ ਉਮੀਦਵਾਰਾਂ ਦੇ ਵਿਹਾਰ ਨੂੰ ਕੰਟਰੋਲ ਵਿੱਚ ਰੱਖਣ ਦਾ ਇੱਕ ਢੰਗ ਜਾਂ ਤਰੀਕਾ ਹੈ। ਚੋਣ ਪ੍ਰਕਿਰਿਆ ਦੌਰਾਨ ਅਨੁਸਾਰ ਚੋਣ ਜ਼ਾਬਤੇ ਰਾਹੀਂ ਨਫ਼ਰਤੀ ਭਾਸ਼ਣਾਂ, ਜਾਤ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਵਾਲੇ ਭਾਸ਼ਣਾਂ ਅਤੇ ਭ੍ਰਿਸ਼ਟਾਚਾਰ ਫੈਲਾਉਣ ਉੱਤੇ ਖਾਸ ਤੌਰ 'ਤੇ ਰੋਕ ਲਗਾਈ ਜਾਂਦੀ ਹੈ। ਆਦਰਸ਼ ਚੋਣ ਜ਼ਾਬਤੇ ਦੀ ਸਭ ਤੋਂ ਪਹਿਲੀ ਵਾਰ ਵਰਤੋਂ 1960 ਕੇਰਲ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਹੋਈ ਸੀ

ਚੋਣ ਪ੍ਰਕਿਰਿਆ ਵਿੱਚ ਚੋਣ ਪ੍ਰਚਾਰ ਦਾ ਅਹਿਮ ਸਥਾਨ ਹੁੰਦਾ ਹੈ। ਵੱਖ-ਵੱਖ ਰਾਜਨੀਤਿਕ ਦਲ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਈ ਪ੍ਰਕਾਰ ਦੇ ਹੱਥਕੰਢੇ (Means) ਅਪਣਾਉਂਦੇ ਹਨ। ਇਹਨਾਂ ਰਾਹੀਂ ਝੂਠੇ ਵਾਅਦੇ ਕਰਨਾ, ਸੋਸ਼ਲ ਮੀਡੀਆ ਦੀ ਵਰਤੋਂ ਰਾਹੀ ਅਤੇ ਚੋਣ ਰੈਲੀਆਂ ਤੇ ਜਲੂਸ ਦੁਆਰਾ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਚੋਣ ਪ੍ਰਚਾਰ ਵਿੱਚ ਰਾਜਨੀਤਿਕ ਦਲ ਆਪਣੇ ਉਮੀਦਵਾਰ ਰਾਹੀ ਇੱਕਤਰ ਕੀਤੇ ਧਨ ਨੂੰ ਆਪਣੀ ਮਨ ਮਰਜ਼ੀ ਅਨੁਸਾਰ ਵਰਤਣ ਦਾ ਯਤਨ ਕਰਦੇ ਹਨ। ਚੋਣਾਂ ਵਿੱਚ ਖਰਚ ਕੀਤੇ ਜਾਣ ਵਾਲੀ ਰਕਮ ਚੋਣ ਕਮਿਸ਼ਨ ਦੁਆਰ ਤੈਅ ਕੀਤੀ ਗਈ ਹੈ ਅਤੇ ਇਸ ਰਕਮ ਉਪਰ ਚੋਣ ਕਮਿਸ਼ਨ ਸਖ਼ਤ ਨਿਗਾਹ ਰੱਖਦਾ ਹੈ। ਚੋਣਾਂ ਦੌਰਾਨ ਤੈਅ ਰਕਮ ਤੋਂ ਉੱਪਰ ਖਰਚ ਨਾ ਕਰਨ ਦੇਣ ਦਾ ਕਰਨ ਚੋਣਾਂ ਦੌਰਾਨ ਪੈਸੇ ਦੇ ਪ੍ਰਭਾਵ ਨੂੰ ਕੰਟਰੋਲ ਅਧੀਨ ਰੱਖਣਾ ਹੈ।

ਪ੍ਰਤੀਨਿਧਤਾ ਕਾਨੂੰਨ 1996 ਰਾਹੀ ਚੋਣ ਪ੍ਰਚਾਰ ਦਾ ਸਮਾਂ 20 ਦਿਨ ਤੋਂ ਘਟਾ ਕੇ 14 ਦਿਨ ਕਰ ਦਿੱਤਾ ਗਿਆ। ਚੋਣ ਪ੍ਰਚਾਰ ਵੋਟਾਂ ਖ਼ਤਮ ਹੋਣ ਤੋਂ 48 ਘੰਟੇ ਪਹਿਲਾ ਸਮਾਪਤ ਹੋ ਜਾਂਦਾ ਹੈ।

ਚੋਣਾਂ ਦੇ ਮਹੌਲ ਨੂੰ ਅਮਨ-ਸ਼ਾਂਤੀ ਭਰਪੂਰ ਬਣਾਈ ਰੱਖਣਾ ਚੋਣ ਕਮਿਸ਼ਨ ਲਈ ਇੱਕ ਵੱਡੀ ਵੰਗਾਰ ਹੁੰਦਾ ਹੈ। ਚੋਣਾਂ ਦਾ ਸਮਾਂ ਨਜ਼ਦੀਕ ਹੋਣ 'ਤੇ ਸਾਰੇ ਨਾਗਰਿਕਾਂ ਲਈ ਹਥਿਆਰ ਜਮ੍ਹਾਂ ਕਰਵਾਉਣਾ ਜ਼ਰੂਰੀ ਹੁੰਦਾ ਹੈ। ਇਸਦਾ ਮਕਸਦ ਅਸਲੇ (Weapons) ਦੀ ਚੋਣਾਂ ਦੌਰਾਨ ਵਰਤੋਂ ਨੂੰ ਰੋਕਣਾ ਹੈ। ਡਰ ਦੇ ਮਹੌਲ ਵਿੱਚ ਹੋਣੀਆਂ ਚੋਣਾਂ ਅਸਲ ਜਨਮਤ (ਲੋਕ ਦੀ ਸਮੂਹਿਕ ਇੱਛਾ) ਦਾ ਪ੍ਰਗਟਾਵਾ ਨਹੀਂ ਹੁੰਦੀਆਂ। ਚੋਣ ਕਮਿਸ਼ਨ ਹਰ ਸੰਭਵ ਯਤਨ ਕਰਦਾ ਹੈ ਕਿ ਬਿਨਾਂ ਡਰ ਅਤੇ ਹਿੰਸਾ (Violence) ਦੇ ਚੋਣਾਂ ਦੀ ਪ੍ਰਕਿਰਿਆ ਪੂਰੇ ਚੜੇ ਤਾਂ ਜੋ ਲੋਕਤੰਤਰ ਵਿਚ ਆਮ ਜਨਤਾ ਦਾ ਵਿਸ਼ਵਾਸ ਬਣਿਆ ਰਹੇ।

ਚੋਣ ਸੁਧਾਰ
(Election Reform)

ਚੋਣ ਕਮਿਸ਼ਨ (Election Comission) ਨੇ ਚੋਣਾਂ ਨੂੰ ਪੱਖਪਾਤ ਤੋਂ ਬਿਨਾਂ ਨੇਪਰੇ ਚਾੜਨ ਲਈ ਚੋਣ ਪ੍ਰਕਿਰਿਆ ਨਾਲ ਸੰਬਧਤ ਬਹੁਤ ਸਾਰੇ ਸੁਧਾਰ ਕੀਤੇ ਹਨ। ਸੁਧਾਰਾਂ ਨੂੰ ਲਾਗੂ ਕਰਨ ਵਿੱਚ ਮੁੱਖ ਚੋਣ ਕਮਿਸ਼ਨਰਾਂ ਅਤੇ ਦੂਸਰੇ ਚੋਣ ਕਮਿਸ਼ਨਰਾਂ ਨੇ ਬਹੁਤ ਅਹਿਮ ਭੂਮਿਕਾ ਨਿਭਾਈ ਹੈ।



ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦਾ ਚਿੱਤਰ

ਮੁੱਖ ਚੋਣ ਸੁਧਾਰ
(Main Election Reform)

(i) 61 ਵੀਂ ਸੰਵਿਧਾਨਕ ਸੋਧ ਰਾਹੀ ਸੰਨ 1989 ਵਿੱਚ ਵੋਟ ਬਣਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕੀਤੀ ਗਈ।

(ii) EVMC (Electronic Voting Machine) ਦੀ ਸਭ ਤੋਂ ਪਹਿਲੀ ਵਰਤੋਂ ਕੇਰਲਾ ਦੀ Paravur ਦੀ ਅਸੈਂਬਲੀ ਹਲਕੇ ਵਿੱਚ 1982 ਵਿੱਚ ਕੀਤੀ। EVM ਦੀ ਵੱਡੇ ਪੱਧਰ ਤੇ ਵਰਤੋਂ 1998 ਵਿੱਚ ਸ਼ੁਰੂ ਹੋਈ।

(iii) ਸੰਨ 1993 ਵਿੱਚ ਵੋਟਰ ਫੋਟੋ ਪਹਿਚਾਣ ਪੱਤਰ (Elector's Photo Identity Card-Epic) ਦੀ ਸ਼ੁਰੂ ਹੋਈ।

(iv) ਸੰਨ 1996 ਵਿੱਚ ਸੰਸਦ ਅਤੇ ਸੂਬਿਆਂ ਵਿੱਚ ਉਪ ਚੋਣਾਂ (Bye Elections) 6 ਮਹੀਨਿਆਂਮ ਦੇ ਅੰਦਰ-ਅੰਦਰ ਕਰਵਾਉਣੀਆਂ ਜਰੂਰੀ ਕੀਤੀਆਂ।

(v) ਸੰਨ 1999 ਵਿੱਚ ਪੋਸਟਲ (Postal) ਵੈਂਟਿੰਗ ਦੀ ਵਿਵਸਥਾ ਕੀਤੀ ਗਈ।

(vi) ਸੰਨ 2003 ਵਿੱਚ ਸੁਰੱਖਿਆ ਸੈਨਾਵਾਂ (Armed forces) ਦੇ ਅਧਿਕਾਰੀਆਂ ਨੂੰ ਪਰਾਕਸੀ (Proxy) ਵੋਟ ਦੀ ਸਹੂਲਤ ਦਿੱਤੀ।

(vii) ਸੰਨ 2014 ਵਿੱਚ NOTA (None of the above) ਦੀ ਵਿਵਸਥਾ ਕੀਤੀ।

(viii) 2013 ਵਿੱਚ VVPAT (Voter Verifiable Paper audit) ਦੀ ਸ਼ੁਰੂਆਤ ਕੀਤੀ।

ਚੋਣ ਪ੍ਰਕਿਰਿਆ ਨੂੰ ਬੇਹਤਰ ਅਤੇ ਪਾਰਦਰਸ਼ੀ ਬਣਾਉਣ ਲਈ ਸਖ਼ਤ ਫ਼ੈਸਲੇ ਲਏ ਗਏ ਹਨ ਪ੍ਰੰਤੂ ਭਾਰਤ ਦੀ ਚੋਣ ਪ੍ਰਣਾਲੀ ਵਿੱਚ ਅਜੇ ਵੀ ਕਈ ਕਮੀਆਂ ਮੌਜੂਦ ਹਨ ਜੋ ਸੁਧਾਰਾਂ ਦੀ ਮੰਗ ਕਰਦੀਆਂ ਹਨ:-

(i) ਗੁੰਡਗਰਦੀ ਅਤੇ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਦੀ ਚੋਣਾਂ ਵਿੱਚ ਭਾਗ ਲੈਣ ਬਾਰੇ ਚੋਣ ਕਮਿਸ਼ਨ ਨੂੰ ਸਖ਼ਤ ਫੈਸਲਾ ਲੈਣਾ ਚਾਹੀਦਾ ਹੈ।

(ii) ਚੋਣਾਂ ਉੱਤੇ ਕੀਤੇ ਜਾਣ ਵਾਲੇ ਲੁਕਵੇਂ ਖਰਚ ਵਿੱਚ ਪਾਦਰਸ਼ਤਾ ਲਿਆਉਣੀ ਚਾਹੀਦੀ ਹੈ।



I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ-ਦੋ ਸ਼ਬਦਾਂ ਵਿੱਚ ਦਿਓ—

ੳ. ਲੋਕਤੰਤਰ ਦੀਆਂ ਦੋ ਕਿਸਮਾਂ ਲਿਖੋ।

ਅ. ਸੰਵਿਧਾਨ ਸੰਸਥਾ ਦਾ ਨਾਂ ਲਿਖੋ।

ੲ. ਭਾਰਤ ਦੇ ਸੰਵਿਧਾਨ ਦਾ ਭਾਗ XY ਅਤੇ ਅਨੁਛੇਦ-324 ਕਿਸ ਨਾਲ ਸੰਬੰਧਤ ਹੈ?

ਸ. ਬਾਲਗ ਮਤ ਅਧਿਕਾਰ ਕਿਸ ਅਨੁਭੇਦ ਵਿਚ ਵਰਣਿਤ ਹੈ?

ਹ. ਭਾਰਤ ਦਾ ਚੋਣ ਕਮਿਸ਼ਨ ਕਿਹੜੀਆਂ-ਕਿਹੜੀਆਂ ਚੋਣਾਂ ਕਰਵਾਉਣ ਲਈ ਪਾਬੰਦ ਹੈ?

ਹੇਠ ਲਿਖੇ ਵਾਕਾਂ ਨੂੰ ਖਾਲੀ ਸਥਾਨ ਪਰ ਕੇ ਸੰਪੂਰਣ ਕਰੋ—

ਕ. ਸੰਨ 1989 ਵਿਚ 61ਵੀ. ਸੰਵਿਧਾਨਕ ਸੋਧ ਰਾਹੀਂ ਵੋਟ ਪਾਉਣ ਦੀ ਉਮਰ ..... ਤੋਂ ..... ਸਾਲ ਕੀਤੀ ਗਈ।

ਖ. ਸੰਨ 1950 ਵਿਚ ..... ਦੀ ਸਥਾਪਨਾ ਕੀਤੀ ਗਈ।

ਗ. ਭਾਰਤ ਦੇ ਪਹਿਲੇ ਮੁੱਖ ਚੋਣ ਕਮਿਸ਼ਨਰ ..... ਸਨ।

ਘ. ਵਰਤਮਾਨ ਵਿਚ ਭਾਰਤ ਦਾ ਚੋਣ ਕਮਿਸ਼ਨ ..... ਮੈਂਬਰੀ ਹੈ।

ਙ. ਚੋਣ ਕਮਿਸ਼ਨਰਾਂ ਅਤੇ ਪ੍ਰਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ..... ਦੁਆਰਾ ਕੀਤੀ ਜਾਂਦੀ ਹੈ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਭਾਰਤ ਦੇ ਚੋਣ ਕਮਿਸ਼ਨ ਦਾ ਢਾਂਚਾ ਬਿਆਨ ਕਰੋ।

ਅ. ਚੋਣਾਂ ਨੂੰ ਲੋਕਤੰਤਰੀ ਬਣਾਉਣ ਲਈ ਕੀ-ਕੀ ਲਾਜ਼ਮੀ ਹੈ।

ੲ. ਚੋਣ ਕਮਿਸ਼ਨਰਾਂ ਦੀ ਨਿਯੁਕਤੀ ਬਾਰੇ ਬਣੇ ਪੈਨਲ ਵਿਚ ਕੌਣ-ਕੌਣ ਸ਼ਾਮਲ ਹੁੰਦਾ ਹੈ।

ਸ. ਸਵੀਪ (SVEEP) ਬਾਰੇ ਤੁਸੀਂ ਜਾਣਦੇ ਹੋ।

ਹ. ਬੂਥ ਲੈਵਲ ਅਫ਼ਸਰ (BLO) ਦੇ ਪੰਜ ਕਾਰਜ ਲਿਖੋ।

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਲੋਕਤੰਤਰ ਵਿਚ ਚੋਣ ਕਮਿਸ਼ਨ ਦੀ ਭੂਮਿਕਾ ਦਾ ਵਰਨਣ ਕਰੋ।

ਅ. ਭਾਰਤ ਚੋਣ ਕਮਿਸ਼ਨ ਦੇ ਵੱਖ-ਵੱਖ ਕਾਰਜਾਂ ਦਾ ਵਰਨਣ ਕਰੋ।

ੲ. ਭਾਰਤ ਵਿਚ ਕੀਤੇ ਗਏ ਵੱਖ-ਵੱਖ ਚੋਣਾਂ ਸੁਧਾਰਾਂ ਅਤੇ ਉਹਨਾਂ ਦੇ ਪਏ ਅਸਰ ਦਾ ਵਰਨਣ ਕਰੋ।

21

ਭਾਰਤ ਦੀ ਵਿਦੇਸ਼ ਨੀਤੀ : ਨਿਰਧਾਰਕ ਤੱਤ ਅਤੇ ਪ੍ਰਮੁੱਖ ਸਿਧਾਂਤ

[Foreign Policy of India ; Determinants and Major Principles]

ਇਕਾਈ–XI ਰਾਹੀਂ ਅਸੀਂ ਰਾਜਨੀਤੀ–ਸ਼ਾਸਤਰ ਦੇ ਪ੍ਰਮੁੱਖ ਵਿਸਿਆਂ ਵਿੱਚੋਂ ਇਕ ਅੰਤਰ–ਰਾਸ਼ਟਰੀ ਸਬੰਧਾਂ (International Relations) ਬਾਰੇ ਪੜ੍ਹਿਆ। ਅੰਤਰ–ਰਾਸ਼ਟਰੀ ਸਬੰਧਾਂ ਦਾ ਅਰਥ ਹੈ ਕਿ ਪ੍ਰਭੂਸੱਤਾ ਸੰਪੰਨ ਰਾਜਾਂ (Soverign States) ਦਰ ਮਿਆਨ ਸਬੰਧ। ਇਹਨਾਂ ਸਬੰਧਾਂ ਨੂੰ ਸਮਝਦੇ ਹੋਏ ਅਸੀਂ ਜਾਣਾਂਗੇ ਕਿ ਕੌਮਾਂਤਰੀ/ਅੰਤਰ–ਰਾਸ਼ਟਰੀ ਪੱਧਰ 'ਤੇ ਰਾਜਾਂ (States) ਦੀ ਸਰਦਾਰੀ ਹੈ ਕਿਉਂ ਜੋ ਰਾਜਾਂ ਤੋਂ ਉਪਰ ਕੋਈ ਉੱਚ–ਸੱਤ੍ਹਾ (Higher Authority) ਨਹੀਂ ਹੈ। ਇਸ ਵਿਚ ਰਾਜ ਖੁਦ ਹੀ ਆਪਣੀ ਸਲਾਮਤੀ/ਸੁਰੱਖਿਆ ਅਤੇ ਭਲਾਈ ਲਈ ਜ਼ਿੰਮੇਵਾਰ ਹਨ ਅਤੇ ਰਾਜ ਨੇ ਆਪਣੇ ਇਲਾਕੇ ਅਤੇ ਖ਼ੁਦ ਮੁਖਤਿਆਰੀ ਦੀ ਰਾਖੀ ਆਪ ਕਰਨੀ ਹੁੰਦੀ ਹੈ। ਅੰਤਰ–ਰਾਸ਼ਟਰੀ ਤੋਂ ਉਲਟ ਰਾਸ਼ਟਰੀ ਪੱਧਰ 'ਤੇ ਰਾਜ ਦੇ ਅੰਦਰ ਵੱਖ–ਵੱਖ ਸੰਸਥਾਵਾਂ ਵਿਅਕਤੀ ਦੀ ਜ਼ਿੰਦਗੀ, ਜਾਇਦਾਦ ਅਤੇ ਸਲਾਮਤੀ ਲਈ ਲੜੀਦਾਰ ਸੰਸਥਾਵਾਂ ਕੰਮ ਕਰਦੀਆਂ ਹਨ। ਪੁਲਿਸ, ਕਨੂੰਨ ਵਿਵਸਥਾ ਬਣਾਉਣੀ ਹੈ, ਪ੍ਰਸ਼ਾਸਨਿਕ ਅਧਿਕਾਰੀ (Bureaucrats) ਨੀਤੀਆਂ ਨੂੰ ਲਾਗੂ ਕਰਦੇ ਹਨ ਅਤੇ ਨਿਆਂਪਾਲਿਕਾ (Judiciary) ਅੰਤਰ–ਝਗੜਿਆਂ ਦਾ ਨਿਪਟਾਰਾ ਕਰਦੀ ਹੈ। ਕਈ ਵਾਰ ਝਗੜੇ ਨਾਗਰਿਕਾਂ ਵਿੱਚ ਆਪਸੀ ਨਾਂ ਹੋਕੇ ਰਾਜ ਅਤੇ ਨਾਗਰਿਕਾਂ ਦਰਮਿਆਨ ਵੀ ਹੁੰਦੇ ਹਨ। ਅਜਿਹੇ ਝਗੜਿਆਂ ਜਾਂ ਮਸਲਿਆਂ ਦਾ ਨਿਪਟਾਰਾ ਗਲੱਬਾਤ ਅਤੇ ਕਨੂੰਨ ਰਾਹੀਂ ਸਥਾਪਿਤ ਵਿਧੀ ਰਾਹੀਂ ਕੀਤੀ ਜਾਂਦਾ ਹੈ। ਅੰਤਰ–ਰਾਸ਼ਟਰੀ ਪੱਧਰ 'ਤੇ ਸ਼ਕਤੀ (Power), ਹਿੰਸਾ (Violence) ਰਾਹੀ ਰਾਜ ਆਪਣੇ ਹਿੱਤਾਂ (Interest) ਦਾ ਬਚਾਅ ਕਰਦੇ ਹਨ। ਰਾਸ਼ਟਰੀ ਹਿੱਤ ਭਾਵ ਰਾਜਾਂ ਦੇ ਹਿੱਤ ਜਿਵੇਂ ਭਾਰਤ (India), ਸੰਯੁਕਤ ਰਾਜ ਅਮਰੀਕਾ, (United States of America) ਚੀਨ (China) ਅਤੇ ਪਾਕਿਸਤਾਨ (Pakistan), ਆਦਿ ਰਾਜਾਂ ਦੇ ਵਿਸ਼ੇਸ਼ ਹਿੱਤ ਹੁੰਦੇ ਹਨ। ਵਖਰੇਵਿਆ ਦੇ ਹੁੰਦਿਆਂ ਹੋਇਆਂ ਵੀ ਰਾਸ਼ਟਰ ਦੀ ਸਲਾਮਤੀ, ਅੰਤਰ–ਰਾਸ਼ਟਰੀ ਵਪਾਰ (International Trade) ਵਿੱਚੋਂ ਨਾਗਰਿਕਾਂ ਦੇ ਆਰਥਿਕ ਲਾਭ ਅਤੇ ਸੱਭਿਆਚਾਰਕ ਤੌਰ 'ਤੇ ਰਾਸ਼ਟਰੀ ਪਛਾਣ ਦੀ ਸਿਰਜਣਾ ਪ੍ਰਮੁੱਖ ਰਾਸ਼ਟਰੀ ਹਿੱਤਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਹਰੇਕ ਰਾਜ (State) ਆਪਣੇ ਨਾਗਰਿਕਾਂ ਅਤੇ ਵਸਿੰਦਿਆਂ 'ਤੇ ਉਹਨਾਂ ਦੀ ਰਾਖੀ ਕਰਨ ਲਈ ਬਚਨਬੱਧ ਹੁੰਦਾ ਹੈ। ਬਾਹਰੀ ਹਮਲਿਆਂ, ਯੁੱਧਾਂ ਤੋਂ ਆਪਣੇ ਰਾਜ ਦੀ ਰਾਖੀ ਕਰਨਾ ਸਭ ਤੋਂ ਅਹਿਮ ਰਾਸ਼ਟਰੀ ਹਿੱਤ ਹੈ। ਵੱਖ–ਵੱਖ ਦੇਸ਼/ਰਾਜ ਆਪਸ ਵਿਚ ਵਪਾਰ ਕਰਦੇ ਹਨ ਅਤੇ ਸਾਰਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਆਪਣੇ ਮੁਲਕ ਲਈ ਵੱਧ ਤੋਂ ਵੱਧ ਮੁਨਾਫ਼ਾ ਬਣਾਇਆ ਜਾਵੇ ਤਾਂ ਜੋ ਨਾਗਰਿਕਾਂ ਦੀਆਂ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਇੱਛਾਵਾਂ ਦੀ ਭੁੱਖ ਪੂਰੀ ਜਾ ਸਕੇ। ਸੱਭਿਆਚਾਰਕ ਪਛਾਣ ਦੀ ਸਿਰਜਣਾ ਕਰਨਾ ਵੀ ਲਾਜ਼ਮੀ ਰਾਸ਼ਟਰੀ ਹਿੱਤ ਹੈ ਬੇਸ਼ੱਕ ਇਸ ਨਾਲ ਕੋਈ ਦਿਖਾਈ ਦੇਣ ਵਾਲਾ ਮੁਨਾਫ਼ਾ ਨਹੀਂ ਹੁੰਦਾ ਪਰੰਤੂ ਫਿਰ ਵੀ ਅਜਿਹਾ ਕਰਕੇ ਰਾਜ ਵੱਖ–ਵੱਖ ਮੰਚਾਂ (Platform) 'ਤੇ ਆਪਣੀ ਗੱਲ ਨੂੰ ਠੋਸ ਤਰੀਕੇ ਨਾਲ ਪੇਸ਼ ਕਰਨ ਦੇ ਯੋਗ ਹੁੰਦੇ ਹਨ। ਸੰਯੁਕਤ–ਰਾਸ਼ਟਰ ਦੇ ਅਹਿਮ ਅੰਗ ਜਰਨਲ ਅਸੈਂਬਲੀ ਦੀ 74 ਵੀਂ ਇਕੱਤਰਤਾ (2019) ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਉੱਚ ਪੱਧਰੀ ਸਮਾਗਮ ਵਿੱਚ ਮਹਾਤਮਾ ਗਾਂਧੀ ਜੀ 150 ਵੀਂ ਜੰਮਣ ਦਿਨ ਮੌਕੇ Leadership Matters : Relevance of Mahatma Gandhi in contemparary world ਦੇ ਸਿਰਲੇਖ ਅਧੀਨ ਮਨਾਇਆ। ਇਸ ਮੌਕੇ 'ਤੇ ਅੰਤਰ–ਰਾਸ਼ਟਰ ਦੇ ਸੈਕਟਰੀ ਜਨਰਲ/ ਸਕੱਤਰੇਤ ਐਨਟੋਨਿਓ ਗਟਰੈੱਸ, ਕੋਰੀਆ ਗਣਰਾਜ ਦੇ ਰਾਸ਼ਟਰਪਤੀ ਸ੍ਰੀ ਮੂਲ ਜਾਈ–ਇਨ (Moon Jai-in), ਸਿੰਘਾਪੁਰ ਦੇ ਪ੍ਰੰਧਾਨਮੰਤਰੀ ਸ੍ਰੀ ਲੀ ਹਸੇਨ ਲੂੰਗ (Mr. Lee Hsien Loony) ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਮੌਜੂਦ ਸ਼ਖਸੀਅਤਾਂ ਨੇ ਮਹਾਤਮਾ ਜੀ ਦੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਯਾਦ ਕੀਤਾ ਅਤੇ ਉਹਨਾਂ ਦੀ ਯਾਦ ਵਿਚ "ਗਾਂਧੀ ਸੋਲਰ ਪਾਰਕ" (Gandhi Solar Park) ਦੀ ਸਥਾਪਨਾ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਦੀ ਛੱਤ 'ਤੇ ਕੀਤੀ ਗਈ। ਅਜਿਹਾ ਕਰਨਾ ਸੱਭਿਆਚਾਰਕ ਪਛਾਣ ਸਿਰਜਣਾ ਨੂੰ ਪੇਸ਼ ਕਰਨਾ ਹੈ ਜੋ ਕਿ ਰਾਸ਼ਟਰ ਹਿੱਤਾਂ ਦੀ ਪੂਰਤੀ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ। ਰਾਸ਼ਟਰੀ ਹਿੱਤਾਂ ਦੀ ਸਿਰਜਣਾ ਖਲਾਅ (Vacuum) ਵਿੱਚੋਂ ਪੈਦਾ ਨਹੀਂ ਹੁੰਦੀ ਸਗੋਂ ਦੇਸ਼ ਦਾ ਇਤਿਹਾਸ, ਸੱਭਿਆਚਾਰਕ ਅਤੇ ਰਾਜਨੀਤਕ ਪ੍ਰਨਾਲ਼ੀ ਆਦਿ ਨਿਰਧਾਰਕ ਤੱਤ ਆਪਣੀ ਭੂਮਿਕਾ ਨਿਭਾਉਂਦੇ ਹਨ। ਕਿਸੇ ਵੀ ਦੇਸ ਦੀ ਆਪਣੇ ਹਿੱਤ, ਲੋੜਾਂ ਅਤੇ ਤਾਕਤ ਅਨੁਸਾਰ ਦੂਸਰੇ ਦੇਸਾਂ ਪ੍ਰਤੀ ਸੋਚ, ਨੀਤੀ, ਸਿਧਾਂਤਾਂ ਕਾਰਵਾਈ ਨੂੰ ਉਸ ਦੇਸ ਦੀ ਵਿਦੇਸ਼ ਨੀਤੀ ਕਿਹਾ ਜਾਂਦਾ ਹੈ।

ਵਿਦੇਸ਼ ਨੀਤੀ : ਭਾਰਤ ਦੀ ਵਿਦੇਸ਼ ਨੀਤੀ ਦੇ ਨਿਰਧਾਰਕ ਤੱਤ
(Foreign Policy : Determinants of India's Foreign Policy)

ਸੌਖੇ ਸ਼ਬਦਾਂ ਵਿੱਚ ਕਿਸੇ ਵੀ ਇਕ ਦੇਸ ਦੀ ਦੂਸਰੇ ਦੇਸ/ਦੇਸਾਂ ਬਾਰੇ ਆਪਣੇ ਹਿੱਤਾਂ ਅਤੇ ਚਲੰਤ/ਵਰਤਮਾਨ ਹਾਲਤਾਂ ਦੇ ਅਨੁਸਾਰ ਨਜ਼ਰਿਆ ਹੁੰਦਾ ਹੈ ਜਿਸ ਦੇ ਆਧਾਰ 'ਤੇ ਉਹ ਆਪਸ ਵਿੱਚ ਵਰਤ-ਵਰਤੇਵਾ/ਵਰਤਾਓ ਰੱਖਦੇ ਹਨ। ਇਹ ਨਜਰੀਏ/ਪਹੁੰਚ, ਵਰਤ-ਵਰਤੇਵੇਂ ਦੇ ਚੰਗ ਨੂੰ ਹੀ ਵਿਦੇਸ਼ ਨੀਤੀ ਕਿਹਾ ਜਾਂਦਾ ਹੈ।

ਰਾਜ ਆਪਣੀ ਵਿਦੇਸ਼ ਨੀਤੀ ਦਾ ਪ੍ਰਗਟਾਵਾ ਹੁੰਦੇ ਹਨ। ਉਸ ਦੇਸ ਦਾ ਸੱਭਿਆਚਾਰ, ਇਤਿਹਾਸ ਅਤੇ ਰਾਜਨੀਤਕ ਪ੍ਰਣਾਲੀ ਵਿਦੇਸ਼ ਨੀਤੀ ਨੂੰ ਬਣਾਉਣ ਵਿੱਚ ਅਹਿਮ ਯੋਗਦਾਨ ਅਦਾ ਕਰਦੇ ਹਨ।

ਕਿਸੇ ਵੀ ਦੋ ਦੇਸਾਂ ਦੀ ਨੀਤੀ ਇਕੋ ਜਿਹੀ ਨਹੀਂ ਹੁੰਦੀ ਅਤੇ ਇਸੇ ਤਰਜ਼ 'ਤੇ ਵਿਦੇਸ਼ ਨੀਤੀ ਵੀ ਅਲੱਗ-ਅਲੱਗ ਹੁੰਦੀ ਹੈ। ਭੂਗੋਲਿਕ ਸਥਿਤੀ ਅਤੇ ਕੁਦਰਤੀ ਸਾਧਨ ਸਥਿਰ ਰਹਿੰਦੇ ਹਨ ਅਤੇ ਅੰਦਰੂਨੀ ਤੇ ਬਾਹਰੀ ਤੱਤ ਬਦਲਦੇ ਰਹਿੰਦੇ ਹਨ। ਭਾਰਤ ਦੀ ਵਿਦੇਸ਼ ਨੀਤੀ ਦਾ ਪ੍ਰਮੁੱਖ ਉਦੇਸ਼ ਆਪਣੇ ਰਾਸ਼ਟਰੀ ਹਿੱਤਾਂ ਦੀ ਰਾਖੀ ਕਰਨਾ ਹੈ। ਇਹ ਰਾਖੀ ਰਾਜਨੀਤਕ ਤੌਰ 'ਤੇ ਆਜਾਦ ਰਹਿਣਾ ਅਤੇ ਬਾਹਰੀ ਮਲਿਆਂ/ਖਤਰਿਆਂ ਤੋਂ ਸਲਾਮਤੀ ਨੂੰ ਆਪਣੇ ਵਿਚ ਸ਼ਾਮਲ ਕਰਦੀ ਹੈ। ਭਾਰਤ ਜਦੋਂ ਦੀ ਆਪਣੇ ਆਪ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਪੇਸ਼ ਕਰਦਾ ਹੈ ਤਾਂ ਉਸਦੀ ਕੋਸ਼ਿਸ ਹੁੰਦੀ ਹੈ ਕਿ ਬਿਨ੍ਹਾਂ ਕਿਸੇ ਬਾਹਰੀ ਦਾਬੇ ਦੇ ਆਪਣੀ ਵਿਦੇਸ਼ ਨੀਤੀ ਘੜ ਸਕੇ ਭਾਵ ਦੂਜੇ ਦੇਸਾਂ ਨਾਲ ਸੈਨਿਕ, ਵਪਾਰਕ, ਸੱਭਿਆਚਾਰਕ ਸਬੰਧ ਬਣਾਉਂਦੇ ਸਮੇਂ ਕੋਈ ਵੀ ਤਾਕਤਵਾਰ ਮੁਲਕ ਭਾਰਤ ਨੂੰ ਡਰਾਵੇ ਵਿਚ ਨਾਂ ਰੱਖੇ। ਦੇਸ਼ ਦੀ ਸਲਾਮਤੀ ਦੇ ਨਾਲ-ਨਾਲ ਵਿਸ਼ਵ ਦੀ ਸਲਾਮਤੀ ਲਈ ਮੰਚ ਤਿਆਰੀ ਕਰਨਾ ਅਤੇ ਸਾਂਝੇ ਰੂਪ ਵਿਚ ਸਾਂਝੀ ਸਲਾਮਤੀ (Collective Security) ਬਨਾਉਣ ਵਿਚ ਆਪਣਾ ਯੋਗਦਾਨ ਪਾਉਣਾ ਭਾਰਤ ਲਈ ਅਹਿਮ ਹੈ।

ਭਾਰਤ ਦੀ ਵਿਦੇਸ਼ ਨੀਤੀ ਨੂੰ ਬਹੁਤ ਸਾਰੇ ਤੱਤ ਪ੍ਰਭਾਵਿਤ ਕਰਦੇ ਅਤੇ ਕਰ ਰਹੇ ਹਨ। ਕੁਝ ਤੱਤ ਜਿਓਂ ਦੀ ਤਿਓਂ ਰਹਿੰਦੇ ਹਨ ਅਤੇ ਕੁਝ ਤੱਤਾ ਸਦਾ ਬਦਲਦੇ ਰਹਿੰਦੇ ਹਨ।

ਇਹਨਾਂ ਨਿਰਧਾਰਤਕ ਤੱਤਾਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ :



ਵਿਦੇਸ਼ ਨੀਤੀ ਦੇ ਨਿਰਧਾਰਕ ਤੱਤਾਂ ਦਾ ਚਾਰਟ

(i) ਭਾਰਤ ਦੀ ਵਿਸ਼ੇਸ਼ ਭੂਗੋਲਿਕ ਸਥਿਤੀ (India's Special Gegoraphical Location) : ਭਾਰਤ ਦੀ ਵਿਸ਼ੇਸ਼ ਭੂਗੌਲਿਕ ਸਥਿਤੀ ਅਤੇ ਵਿਸਥਾਰ ਨੇ ਇਸਦੀ ਵਿਦੇਸ਼ ਨੀਤੀ ਨੂੰ ਦਿਸ਼ਾ ਦੇਣ ਵਿੱਚ ਖ਼ਾਸ ਯੋਗਦਾਨ ਪਾਇਆ ਹੈ। ਭਾਰਤ ਖੇਤਰਫ਼ਲ ਦੇ ਹਿਸਾਬ ਅਨੁਸਾਰ ਸੱਤਵਾਂ ਅਤੇ ਲਗਭਗ ਤੀਹ (30) ਲੱਖ ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਉਤਰ ਵਾਲੇ ਪਾਸੇ ਵਿਸ਼ਾਲ ਹਿਮਾਲਿਆ ਪਰਬਤ ਸਥਿਤ ਹੈ। ਪਾਕਿਸਤਾਨ ਪੱਛਮ ਵਿੱਚ, ਭੂਟਾਨ, ਚੀਨ ਅਤੇ ਨੇਪਾਲ ਪੂਰਵ ਉੱਤਰ ਦਿਸ਼ਾ, ਬੰਗਲਾਦੇਸ਼ ਅਤੇ ਮਿਆਂਮਾਰ ਪੂਰਬ ਵਿਚ ਸਥਿਤ ਹਨ। ਅਫ਼ਗਾਨਿ ਸਤਾਨ ਅਤੇ ਰੂਸ, ਜੰਮੂ ਕਸ਼ਮੀਰ ਦੇ ਨਾਲ ਲੱਗਦੇ ਦੇਸ ਹਨ। ਅਸੀਂ ਆਪਣੇ ਦੋਸਤਾਂ ਨੂੰ ਬਦਲ ਸਕਦੇ ਹਾਂ ਪਰੰਤੂ ਗੁਆਂਢੀਆਂ ਨੂੰ ਨਹੀਂ। ਸੋ ਭਾਰਤ ਹਮੇਸ਼ਾ ਕੋਸ਼ਿਸ ਕਰਦਾ ਹੈ ਇਹਨਾਂ ਗੁਆਂਢੀਆਂ (ਦੇਸਾਂ) ਨਾਲ ਹਮੇਸ਼ਾ ਹਲਾਤ 'ਤੇ ਰਿਸਤੇ ਸਾਜਗਾਰ ਬਣੇ ਰਹਿਣ ਕਿਉਂ ਜੋ 15000 ਕਿਲੋਮੀਟਰ ਦੀ ਜ਼ਮੀਨ ਸਰਹੱਦ ਹਮੇਸ਼ਾਂ ਹੀ ਝਗੜਿਆਂ ਵਿੱਚ ਬਦਲਣ ਨੂੰ ਤਿਆਰ-ਬਾਰ-ਤਿਆਰ ਗਲਵੱਕੜੀ ਪਾਈ ਖੜ੍ਹੀ ਹੈ। ਪੂਰਬ, ਪੱਛਮ, ਦੱਖਣ ਵਿਚ ਵਿਸਾਲ ਸਮੁੰਦਰ 'ਤੇ ਬੰਗਾਲ ਦੀ ਖਾੜੀ ਦਾ ਪਸਾਰ ਭਾਰਤ ਨੂੰ ਵਪਾਰਕ ਤੌਰ ਵਿਲੱਖਣ ਬੰਦਰਗਾਹੀ ਰਸਤੇ ਪ੍ਰਦਾਨ ਕਰ ਰਿਹਾ ਹੈ ਜੋ ਯੂਰਪ ਤੱਕ ਵਿਦੇਸੀ ਵਪਾਰ ਨੂੰ ਹੁਲਾਰਾ ਦੇਣ ਦੇ ਕਾਬਲ ਹਨ।

ਦੱਖਣ ਪੂਰਬ ਏਸ਼ੀਆ (Southest Asia) ਅਤੇ ਪੂਰਬ ਏਸ਼ੀਆਈ ਖੇਤਰ, ਵਪਾਰਕ ਨਜ਼ਰੀਆ ਨਾਲ ਮਹੱਤਵਪੂਰਨ ਖਿੱਤੇ ਹਨ। ਵਪਾਰਕ ਨਜ਼ਰੀਏ ਤੋਂ ਇਲਾਵਾ (Geopolitical) ਰਾਜਨੀਤਕ ਭੂਗੋਲ ਅਤੇ ਭੂਗੋਲਿਕ ਰਣਨੀਤੀ ਵਿਚ ਵੀ ਹਿੰਦ ਮਹਾਂਸਾਗਰ ਵਿਸੇਸ ਸਥਾਨ ਰੱਖਦਾ ਹੈ। ਫਰਾਂਸੀਸੀ (French), ਬਰਤਾਨੀਆ (Britian) ਡੱਚ (Dutch) ਅਤੇ ਪੁਰਤਗਾਲੀ (Portuguese) ਇਹਨਾਂ ਰਸਤਿਆਂ ਵਿੱਚੋਂ ਹੀ ਭਾਰਤ ਅਤੇ ਪੂਰਬ ਵਿਚ ਆਪਣੀਆਂ ਬਸਤੀਆਂ (Colonyies) ਬਣਾਉਣ ਲਈ ਕਾਮਯਾਬ ਹੋਏ। ਭਾਰਤ ਦੀ ਭਰਪੂਰ ਕੋਸ਼ਿਸ਼ ਰਹਿੰਦੀ ਹੈ ਕਿ ਉੱਤਰੀ ਖਿੱਤੇ ਦੇ ਨਾਲ ਨਾਲ ਹਿੰਦ ਮਹਾਂਸਾਗਰ ਸਾਂਤਮਈ ਅਤੇ ਵਿਦੇਸੀ ਸੈਨਿਕ ਅੱਡਿਆਂ ਤੋਂ ਮੁਕਤ ਰਹੇ। ਭਾਰਤ ਦੀ ਅਹਿਮੀਅਤ ਰਹਿੰਦੀ ਹੈ ਕਿ ਉਹ ਆਪਣੀ ਜਲ ਸੈਨਾ (Navy) ਨੂੰ ਮਜਬੂਤ ਬਣਾਏ ਅਤੇ ਮਜਬੂਤ ਜਲ ਸੈਨਾ ਸਕਤੀਆਂ ਨਾਲ ਦੋਸਤੀ ਬਣਾਏ ਰੱਖੇ ਬਰਤਾਨੀਆਂ ਅਤੇ ਸੰਯੁਕਤ ਰਾਜ ਅਮਰੀਕਾ ਵਿਸਵ ਦੀਆਂ ਮਜਬੂਤ ਜਲ ਸੈਨਾ ਸ਼ਕਤੀਆਂ ਹਨ। ਵਿਸ਼ੇਸ਼ ਭੂਗੋਲਿਕ ਸਥਿਤੀ ਕਾਰਨ ਭਾਰਤ, ਚੀਨ ਅਤੇ ਪਾਕਿਸਤਾਨ ਦੀਆਂ ਸੈਨਾਵਾਂ ਨਾਲ ਘਿਰਿਆ ਹੋਇਆ ਹੈ। ਇਹ ਤਿੰਨੋ ਮੁਲਕ ਪਰਮਾਣੂ ਸ਼ਕਤੀਆਂ ਹਨ ਇਸ ਕਰਕੇ ਭਾਰਤ ਬਾਹਰੀ ਸਹਿਯੋਗ ਅਤੇ ਅੰਦਰੂਨੀ ਅਗਵਾਈ ਨਾਲ ਗਲੱਬਾਤ ਰਾਹੀਂ ਸਾਂਤਮਈ-ਸਹਿਹੋਂਦ ਦੀ ਨੀਤੀ ਅਪਣਾਉਂਦਾ ਹੈ। ਭਾਰਤ ਦੱਖਣ-ਪੂਰਬ ਏਸੀਆ ਅਤੇ ਪੱਛਮੀ ਏਸ਼ੀਆ ਦਾ ਦਰਵਾਜਾ ਹੈ ਜੋ ਸਲਾਮਤੀ ਅਤੇ ਹਿੱਤਾਂ ਕਾਰਨ ਭਾਰਤ ਪੂਰੇ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਬਣਾਏ ਰੱਖਣਾ ਚਾਹੁੰਦਾ ਹੈ। ਭਾਰਤ ਸਾਰੇ ਗੁਆਂਢੀ ਦੇਸ, ਇਰਾਨ, ਇੰਡੋਨੇਸੀਆ, ਮਲੇਸੀਆ ਆਦਿ ਨਾਲ ਚੰਗੇ ਸਬੰਧਾਂ ਦਾ ਹਾਮੀ ਹੈ। ਏਸੀਅਨ (ASEAN) ਦੇਸਾਂ ਪ੍ਰਤੀ "ਪੂਰਬ ਵੱਲ ਦੇਖੋ ਨੀਤੀ (Look East policy) ਵੀ ਵਿਸੇਸ ਭੂਗੋਲਿਕ ਸਥਿਤੀ ਦੀ ਦੇਣ ਹੈ।

(ii) ਭਾਰਤ ਦੀਆਂ ਪਰੰਪਰਾਵਾਂ ਅਤੇ ਇਤਿਹਾਸਕ ਪਿਛੋਕੜ (Historical background & Traditions of India) : ਭੂਗੋਲਿਕ ਸਥਿਤੀ ਦੇ ਨਾਲ-ਨਾਲ ਇਤਿਹਾਸਕ ਪਰੰਪਰਾਵਾਂ ਭਾਰਤ ਦੀ ਵਿਦੇਸ ਨੀਤੀ ਨੂੰ ਤੈਅ ਕਰਦੀਆਂ ਆ ਰਹੀਆਂ ਹਨ। ਭਾਰਤ ਵਿਚ ਹਮਲਾਵਾਰੀ ਰੁੱਖ ਕਦੇ ਵੀ ਨਹੀਂ ਸਗੋਂ ਵੱਖ-ਵੱਖ ਧਾੜਈਂ/ਹਮਲਾਵਰ ਇਸ ਖਿੱਤੇ 'ਤੇ ਆਪਣਾ ਰਾਜ ਸਥਾਪਤ ਕਰਦੇ ਆਏ ਹਨ। ਵਿਦੇਸੀ ਹਮਲਾਵਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਇਥੇ ਹੀ ਵਸਦੇ ਰਹੇ ਹਨ ਅਤੇ ਐਥੋਂ ਦੀਆਂ ਰੀਤਾਂ ਤੇ ਰਿਵਾਜਾਂ ਅਨੁਸਾਰ ਢਲਦੇ ਵੀ ਰਹੇ ਹਨ।

ਭਾਰਤੀ ਉਪਮਹਾਦੀਪ ਪੁਰਾਣੇ ਸਮਿਆ ਵਿੱਚ ਵੱਖ-ਵੱਖ ਦੇਸਾਂ, ਕੌਮਾਂ ਵਿੱਚ ਵੰਡਿਆ ਰਿਹਾ ਅਤੇ ਵੱਖ-ਵੱਖ ਦਿਸਾਂਵਾਂ ਖਾਸਕਰ ਉਤਰ ਪੱਛਮ ਦੇ ਖੈਬਰ ਦਰ੍ਹੇ ਵੱਲੋ ਇਸ ਖਿੱਤੇ ਉਪਰ ਹਮਲੇ ਅਤੇ ਹਿਜ਼ਰਤ ਹੁੰਦੀ ਰਹੀ ਹੈ ਇਸ ਤਰਾਂ ਵੱਖ-ਵੱਖ ਹਮਲਵਾਰ ਆਪਣੇ ਸੱਭਿਆਚਾਰ, ਰੀਤੀ ਰਿਵਾਜਾ ਸਮੇਤ ਇਥੇ ਵਸਦੇ ਰਹੇ ਹਨ।

ਇਸਦਾ ਨਤੀਜਾ ਬਹੁ ਸੱਭਿਆਚਾਰ (Multi Culturalism) ਭਾਵ ਵੱਖ-ਵੱਖ ਪਰੰਪਰਾਵਾਂ, ਰੀਤੀ-ਰਿਵਾਜਾਂ, ਪਹਿਰਾਵਾ ਆਦਿ ਦਾ ਬਗੀਚੇ ਦੇ ਵੱਖ-ਵੱਖ ਫੁੱਲਾਂ ਵਾਂਗ ਇਕੱਠੇ ਰਹਿਣ ਵਿਚ ਨਿਕਲਿਆ ਹੈ। ਸੰਨ 1947 ਤੋਂ ਬਾਅਦ ਭਾਰਤ ਦੀ ਵਿਦੇਸ ਨੀਤੀ ਯੁੱਧਾਂ ਦੇ ਖਿਲਾਫ ਰਹਿਣ ਦਾ ਕਾਰਨ ਵੀ ਇਤਿਹਾਸਕ ਹੀ ਸੀ ਹੈ। ਅਹਿੰਸਾ (Non-Violent) ਦਾ ਸਿਧਾਂਤ ਵੀ ਭਾਰਤ ਦੀ ਸੁਤੰਤਰਤਾ ਪ੍ਰਾਪਤੀ ਲਈ ਲੜੇ ਗਏ ਸਾਂਤਮਈ ਸੰਘਰਸ਼ ਵਿਚੋਂ ਨਿਕਲਿਆ। ਮਹਾਤਮਾ ਗਾਂਧੀ ਜੀ ਦੀ ਇਹ ਧਾਰਨਾ ਭਾਰਤ ਦੀ ਵਿਦੇਸ਼ ਨੀਤੀ ਵਿਚ ਅਹਿਮ ਸਥਾਨ ਰੱਖਦੀ ਹੈ।

ਸਦੀਆਂ ਤੇ ਤਜਰਬਿਆਂ ਵਿੱਚੋਂ ਪੈਦਾ ਹੋਈਆਂ ਪਰੰਪਰਾਵਾਂ (Traditions) ਵੀ ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਢ ਬੰਨਦੀਆਂ ਹਨ। ਵਾਸੂਧੇਵਾ ਕੂਟੁਮਬਕਮ (Vusudheva Kutumbakam) ਭਾਵ "ਇਕ ਸੰਸਾਰ", ਅਹਿੰਸਾ (Non Violent), ਸਹਿਣਸ਼ੀਲਤਾ (Tolerance) ਅਤੇ ਭਰਾਤਰੀ ਭਾਵ ਆਦਿ ਪਰੰਪਰਾਵਾਂ ਅਤੇ ਸਿਧਾਂਤ ਭਾਰਤ ਦੀ ਵਿਦੇਸ ਨੀਤੀ ਨੂੰ ਤੈਅ

ਕਰਦੀਆਂ ਹਨ। ਸਾਂਤੀ, ਗਲੱਬਾਤ ਰਾਹੀਂ ਮਸਲਿਆਂ ਦਾ ਹੱਲ ਜਾਂ ਬਦਲਾ ਲੈਣ ਦੀ ਭਾਵਨਾ ਦੀ ਅਣਹੋਂਦ ਜੋ ਭਾਰਤ ਨੇ ਅਪਣਾਈ ਹੋਈ ਹੈ ਉਹ ਮੂਲ ਰੂਪ ਵਿਚ ਇਹਨਾਂ ਪਰੰਪਰਾਵਾਂ ਅਤੇ ਇਤਿਹਾਸਕ ਤਜਰਬਿਆਂ ਨੇ ਹੀ ਤੈਅ ਕੀਤੀ ਹੈ ਅਤੇ ਭਾਰਤ ਦੇ ਉਤਰ ਵਿੱਚ ਪੰਜਾਬੀ ਲੋਕਾ ਦਾ ਵਸੇਬਾ ਜੰਗਜੂ, ਬਹਾਦਰ ਹੋਣ ਕਾਰਨ ਭਾਰਤ ਦੀ ਸੈਨਿਕ ਸ਼ਕਤੀ ਵਿੱਚ ਤਾਕਤ ਪ੍ਰਦਾਨ ਕਰਦਾ ਹੈ।

(iii) ਸਮਰੱਥਾ (Capability) : ਦੇਸ਼ ਦੀ ਸਮਰੱਥਾ/ਕਾਬਲੀਅਤ (Capability) ਦਾ ਨਿਰਮਾਣ ਮੋਟੇ ਰੂਪ ਵਿੱਚ ਦੇਸ ਦੀ ਆਰਥਿਕਤਾ/ਆਰਥਿਕ ਸਥਿਤੀ (Economy/Economic Condition) 'ਤੇ ਨਿਰਭਰ ਕਰਦਾ ਹੈ। ਮਜਬੂਤ ਆਰਥਿਕਤਾ ਨਾਗਰਿਕਾ ਨੂੰ ਚੰਗਾ ਜੀਵਨ ਪੱਧਰ ਦੇਣ ਦੇ ਨਾਲ-ਨਾਲ ਅੰਤਰ-ਰਾਸ਼ਟਰੀ/ਕੌਮਾਂਤਰੀ ਰੁਤਬੇ (Status) ਵਿਚ ਵੀ ਵਾਧਾ ਕਰਦੀ ਹੈ। ਇਸ ਤੋਂ ਉਲਟ ਨੀਵੀਂ ਪੱਧਰ ਦੀ ਆਰਥਿਕਤਾ ਅੰਤਰ-ਰਾਸ਼ਟਰੀ ਪੱਧਰ 'ਤੇ ਪ੍ਰਭਾਵੀ ਭੂਮਿਕਾ ਅਦਾ ਕਰਨ ਤੋਂ ਵਿਹੁਣੀ ਸੱਖਣੀ ਹੀ ਰਹਿੰਦੀ ਹੈ। ਆਰਥਿਕ ਸਥਿਤੀ/ਆਰਥਿਕਤਾ ਕੱਚੇ ਮਾਲ (Raw materials) ਅਤੇ ਕੁਦਰਤੀ ਸਾਧਨਾਂ (Natural Resources) ਦੀ ਹੋਂਦ 'ਤੇ ਨਿਰਭਰ ਕਰਦੀ ਹੈ। ਇਹਨਾਂ ਤੋਂ ਇਲਾਵਾ ਨੀਤੀਆਂ ਤੇ ਮਨੁੱਖੀ ਵਸੀਲੇ (Human Resources) ਵੀ ਮਜਬੂਤ ਆਰਥਿਕਤਾ ਲਈ ਲਾਜਮੀ ਹੁੰਦੇ ਹਨ। ਭਾਰਤ ਕੋਲ ਬੇਅੰਤ ਜਲ ਸਰੋਤ/ਦਰਿਆ ਅਤੇ ਕੋਲਾ, ਤਾਂਬਾ, ਬਾਕਸਾਈਟ ਆਦਿ ਕੁਦਰਤੀ ਸਾਧਨ ਦੀ ਹੋਂਦ ਹੈ। ਇਸਦੇ ਨਾਲ-ਨਾਲ ਇਹਨਾਂ ਧਾਤਾਂ ਅਤੇ ਸਾਧਨਾਂ ਦੀ ਵਰਤੋਂ ਲਈ ਪੜ੍ਹੇ-ਲਿਖੇ/ਸਾਖ਼ਰ ਅਤੇ ਮਾਹਰ ਕਾਮਿਆਂ ਦੀ ਵੀ ਅਹਿਮੀਅਤ ਹੁੰਦੀ ਹੈ। ਸੰਨ 1947 ਤੋਂ ਬਾਅਦ ਭਾਰਤ ਨੇ ਖੇਤੀਬਾੜੀ, ਸਿੱਖਿਆ, ਵਿਗਿਆਨ ਅਤੇ ਤਕਨੀਕ ਵਿਚ ਤਰੱਕੀ ਕੀਤੀ ਹੈ ਪਰੰਤੂ ਵਿਕਾਸ ਪੱਖੋਂ ਹਾਲੇ ਵੀ ਪੱਛੜਿਆ ਹੋਇਆ ਹੈ। ਅੰਗਰੇਜਾਂ ਦੇ ਜਾਣ ਤੋਂ ਬਾਅਦ ਭਾਰਤ ਦੀ ਲੀਡਰਸ਼ਿਪ/ਅਗਵਾਈ ਕਰ ਰਹੀ ਕਾਂਗਰਸ ਪਾਰਟੀ ਇਸ ਗੱਲ ਤੋਂ ਜਾਣੂ ਸੀ ਕਿ ਭਾਰਤ ਦੇ ਵਿਕਾਸ ਲਈ ਵਿਦੇਸੀ ਸਰਕਾਰਾਂ ਖ਼ਾਸਕਾਰ ਸੰਯੁਕਤ ਰਾਜ ਅਮਰੀਕਾ (United States of America), ਬਰਤਾਨੀਆਂ (Britain) ਅਤੇ ਸੋਵੀਅਤ ਸੰਘ/ਰੂਸ (Soviet Union/Russia) ਤੋਂ ਧਨ, ਵਸਤੂਆਂ, ਸਿਖਲਾਈ ਆਦਿ ਦੀ ਜਰੂਰਤ ਪਏਗੀ। ਉਸ ਸਮੇਂ ਦੀ ਮੁਸਕਲ ਸੀ ਕਿ ਸੰਸਾਰ ਦੋ ਵਿਰੋਧੀ ਧੜਿਆਂ/ਗੁੱਟਾਂ ਵਿਚ ਵੰਡਿਆ ਹੋਇਆ ਸੀ। ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਵਿਚ ਪੱਛਮ ਪੂੰਜੀਵਾਦੀ (Capitalism) ਭਾਵ ਖੁੱਲ੍ਹੀ ਮਾਰਕੀਟ ਆਰਥਿਕਤਾ (Free market Economy) ਦੀ ਵਿਚਾਰਧਾਰਾ ਦਾ ਹਾਮੀ ਸੀ। ਸੋਵੀਅਤ ਸੰਘ/ਰੂਸ ਸਮਾਜਵਾਦ (Socialist) ਪੂਰਬ ਨੂੰ ਅਗਵਾਈ ਦੇ ਰਿਹਾ ਸੀ। ਭਾਰਤ ਨੇ ਇਹਨਾਂ ਆਰਥਿਕ ਅਤੇ ਸੈਨਿਕ ਧੜਿਆਂ ਦੀ ਸਿਆਸਤ ਤੋਂ ਦੂਰ ਰਹਿਣ ਲਈ ਗੁੱਟ-ਨਿਰਪੱਖਤਾ (Non Alignment) ਭਾਵ ਦੋਵਾਂ ਧੜਿਆਂ ਤੋਂ ਅਜਾਦ ਰਹਿਣ ਦੀ ਨੀਤੀ ਅਪਣਾਈ। ਗੁੱਟ ਨਿਰਪੱਖਤਾ ਦੀ ਨੀਤੀ ਅਪਣਾਉਣ ਦਾ ਕਾਰਨ ਜਿੱਥੇ ਗੁਟ ਸਿਆਸਤ ਤੋਂ ਦੂਰ ਰਹਿਣਾ ਸੀ ਉੱਥੇ ਹੀ ਰੂਸ/ਸੋਵੀਅਤ ਸੰਘ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਭਾਵ ਦੋਵਾਂ ਗੁੱਟਾਂ ਤੋਂ ਸਹਾਇਤਾ ਪ੍ਰਾਪਤ ਕਰਨਾ ਵੀ ਸੀ। ਭਾਰਤ ਨੇ ਇਸ ਵਿਦੇਸ ਨੀਤੀ ਦੇ ਬਾਹਰੀ ਪ੍ਰਭਾਵ ਤੋਂ ਮੁਕਤੀ ਦੇ ਨਾਲ-ਨਾਲ ਸਾਂਝੀ ਆਰਥਿਕਤਾ (Mixed Economy) ਦੀ ਨੀਤੀ ਅਪਣਾਈ। ਸਾਂਝੀ ਆਰਥਿਕਤਾ ਵਿਚ ਰਾਜ ਆਪਣੇ ਵਸੀਲਿਆਂ ਦੇ ਨਾਲ-ਨਾਲ ਢਾਂਚਿਆਂ ਦੀ ਉਸਾਰੀ ਕਰੇਗਾ ਜਿਵੇਂ ਕਿ ਡੈਮ, ਸੜਕਾਂ, ਕਾਰਖਾਨੇ ਆਦਿ ਅਤੇ ਨਿੱਜੀ ਅਦਾਰੇ ਵੀ ਨਾਲੋਂ-ਨਾਲ ਵੱਧਣ ਫੁਲੱਣਗੇ।

ਭਾਰਤ ਦੇ ਵਪਾਰ ਦਾ ਵੱਡਾ ਹਿੱਸਾ ਕੱਚੇ ਮਾਲ ਜਿਵੇਂ ਕਪਾਹ, ਚਾਹ ਨਿਰਯਾਤ (Export) ਅਤੇ ਮਸੀਨਰੀ ਤੇ ਤਕਨੀਕ ਆਯਾਤ (Import) ਦੇ ਰੂਪ ਵਿਚ ਸੰਯੁਕਤ ਰਾਜ ਅਮੀਰਕਾ ਅਤੇ ਪੱਛਮ-ਯੂਰਪੀਅਨ ਦੇਸਾਂ ਨਾਲ ਹੁੰਦਾ ਹੈ। ਵਪਾਰ, ਪੈਦਾਵਾਰ, ਖੇਤੀਬਾੜੀ, ਸੇਵਾਵਾਂ ਆਦਿ ਤੋਂ ਦੇਸ ਦੀ ਸਮੱਰਥਾ ਦਾ ਪਸਾਰ ਵੱਧਦਾ ਹੈ। ਕੇਵਲ ਕੱਚੇ ਮਾਲ ਅਤੇ ਕੁਦਰਤੀ ਸਾਧਨ/ਵਸੀਲੇ ਹੀ ਨਹੀਂ ਸਗੋਂ ਕਾਬਲ (Skilled) ਕਾਮੇ ਵੀ ਦੇਸ ਦੇ ਵਿਕਾਸ ਲਈ ਲੋੜੀਦੇ ਹਨ। ਇਹਨਾਂ ਤੱਤਾਂ ਦੀ ਸਮੂਹਿਕਤਾ ਤੋਂ ਦੇਸ ਦੀ ਸਮਰੱਥਾ ਵਿੱਚ ਵਾਧਾ ਹੁੰਦਾ ਹੈ। ਸੈਨਿਕ ਸ਼ਕਤੀ ਅਤੇ ਵੱਖ-ਵੱਖ ਮਨੁੱਖੀ ਸਿਖਲਾਈ ਸੰਸਥਾਵਾਂ ਦਾ ਨਿਰਮਾਣ ਵੀ ਦੇਸ ਦੀ ਆਰਥਿਕਤਾ 'ਤੇ ਨਿਰਭਰ ਕਰਦਾ ਹੈ। ਦੇਸ ਦੀ ਸੁਰੱਖਿਆ/ਸਲਾਮਤੀ ਦੇ ਲਈ ਲੋੜੀਂਦੇ ਹਥਿਆਰ, ਜਹਾਜ, ਪਣਡੁੱਬੀਆਂ, ਆਦਿ ਹੁਣ ਵੀ ਬਾਹਰੋਂ ਮੰਗਵਾਈਆਂ/ਖਰੀਦੀਆਂ ਜਾਂਦੀਆਂ ਹਨ। ਮਨੁੱਖੀ ਸਿਖਲਾਈ ਨੂੰ ਨਵੇਂ ਸਿਰਿਓਂ ਤੇ ਬਦਲੇ ਸਮੇਂ ਅਨੁਸਾਰ ਦੇਸ ਦੇ ਕੁਦਰਤੀ ਸਾਧਨਾਂ ਨੂੰ ਦੇਸ ਦੀ ਸਮਰੱਥਾ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਸਮਰੱਥਾ ਅਤੇ ਆਰਥਿਕਤਾ ਦਾ ਨੇੜਲਾ ਸਬੰਧ ਹੈ ਜੋ ਵਿਦੇਸ ਨੀਤੀ ਨੂੰ ਦਿਸ਼ਾ ਦੇਣ ਵਾਲਾ ਮਹੱਤਵਪੂਰਨ ਤੱਤ ਹੈ।

(iv) ਵੱਖ-ਵੱਖ ਸਰਕਾਰਾਂ ਅਧੀਨ ਅਗਵਾਈ (Leadership under various Government) : ਸਰਕਾਰਾਂ ਦੀ ਅਗਵਾਈ ਵੀ ਵਿਦੇਸ਼ ਨੀਤੀ ਨੂੰ ਦਿਸ਼ਾ ਦੇਣ ਵਾਲਾ ਲਾਜਮੀ ਤੱਤ ਹੈ। ਰਾਸ਼ਟਰੀ ਪੱਧਰ 'ਤੇ ਵੱਖ-ਵੱਖ ਮਹਿਕਮਿਆਂ ਦੇ ਮੰਤਰੀ ਆਪਣੇ ਕਾਰਜਾਂ ਲਈ ਜਿੰਮੇਵਾਰ 'ਤੇ ਜਵਾਬਦੇਹ ਹੁੰਦੇ ਹਨ। ਅੰਤਰ-ਰਾਸ਼ਟਰੀ/ਕੌਮਾਂਤਰੀ ਪੱਧਰ 'ਤੇ ਸਰਕਾਰ ਦਾ ਮੁਖੀ ਭਾਵ ਪ੍ਰਧਾਨਮੰਤਰੀ ਜਾਂ ਰਾਸ਼ਟਰਪਤੀ ਅਹਿਮ ਰੋਲ/ਭੂਮਿਕਾ ਅਦਾ ਕਰਦੇ ਹਨ। ਨੇਤਾ ਦੀਆਂ ਨਿੱਜੀ ਵਿਸ਼ੇਸ਼ਤਾਵਾਂ ਦੇਸ ਦੇ ਮੁੱਕਦਰ ਨੂੰ

ਤੈਅ ਕਰਦੀਆਂ ਹਨ ਜੋ ਵਿਦੇਸ਼ ਨੀਤੀ ਨੂੰ ਖਾਸ ਦਿਸ਼ਾ ਵਿਚ ਲੈ ਜਾਂਦੀਆਂ ਹਨ। ਉਦਾਹਰਣ ਦੇ ਤੌਰ 'ਤੇ ਵਰਤਮਾਨ ਵਿਚ ਰੂਸ ਦੇ ਰਾਸ਼ਟਰਪਤੀ ਵਾਲਦੀਮੀਰ ਪੂਤਿਨ (Valdimir Putin) ਦਾ ਯੂਕਰੇਨ (Ukrine) ਪ੍ਰਤੀ ਹਮਲਾਵਰ ਨੀਤੀ ਸੰਸਾਰ ਪੱਧਰ 'ਤੇ ਰੂਸ ਦੀ ਪ੍ਰਭੂਤੱਤਵ ਵਾਲੀ ਤਸਵੀਰ ਨੂੰ ਮੁੜ ਉਭਾਰ ਰਹੀ ਹੈ। ਸੰਯੁਕਤ ਰਾਜ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਵੁਡਰੋ ਵਿਲਸਨ (Woodrow Wilson) ਦੇ ਵਿਦੇਸ ਨੀਤੀ ਨੂੰ 20 ਵੀਂ ਸਦੀ ਦੇ ਸ਼ੁਰੂ ਦੇ ਦਹਾਕਿਆਂ ਵਿੱਚ ਅਤੇ ਮਿਖਾਇਲ ਗੋਰਬਾਚੇਵ (Mikhail Garbacher) ਨੇ ਸੋਵੀਅਤ ਸੰਘ ਦੀ ਵਿਦੇਸ ਨੀਤੀ ਨੂੰ 20 ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਆਪਣੀ ਅਗਵਾਈ ਨਾਲ ਦਿਸ਼ਾ ਦਿੱਤੀ। ਇਸੇ ਤਰ੍ਹਾਂ ਵੱਖ-ਵੱਖ ਸਰਕਾਰਾਂ ਦੇ ਆਗੂਆਂ ਅਧੀਨ ਭਾਰਤ ਦੀ ਵਿਦੇਸ ਨੀਤੀ ਵੀ ਕਰਵੱਟ ਬਦਲਦੀ ਰਹੀ ਹੈ। ਪੰਡਤ ਜਵਾਹਰ ਲਾਲ ਨਹਿਰੂ ਦਾ ਨਜਰੀਆ ਵਿਸ਼ਵ ਵਿਆਪੀ ਅਤੇ ਜਾਗਰੂਕ ਸੁਭਾਅ ਦਾ ਹੋਣ ਕਰਕੇ ਉਹਨਾਂ ਵਿੱਚੋਂ ਮਸਲਿਆਂ ਪ੍ਰਤੀ ਕਦੇ ਵੀ ਸੌੜੀ (Warrow) ਅਤੇ ਸਵੈ-ਕੇਂਦਰਤ (Self Centered) ਸੋਚ ਦਾ ਪ੍ਰਗਟਾਵਾ ਨਜ਼ਰ ਨਹੀਂ ਆਉਂਦਾ। ਉਹਨਾਂ ਦੀ ਦੂਰਗਾਮੀ ਸੋਚ ਦਾ ਪ੍ਰਗਟਾਵਾ 'ਪੰਚਸੀਲ' (Pancsheel) ਵਿਚ ਨਜ਼ਰ ਆਉਂਦਾ ਹੈ ਜੋ ਸਾਰੇ ਮੁਲਕਾਂ ਦੀ ਬਰਾਬਰੀ, ਸਾਂਤੀ ਅਤੇ ਹਥਿਆਰਬੰਦੀ/ਨਿਸ਼ਸ਼ਤਰੀਕਰਨ ਵਿਚੋਂ ਵੀ ਦਿਸੱਦਾ ਹੈ। ਪੰਡਤ ਨਹਿਰੂ ਸੰਸਾਰ ਵਿੱਚ ਵੱਡੀ ਭੂਮਿਕਾ ਨਿਭਾਉਣ ਦੀ ਨੀਤੀ 'ਤੇ ਚਲਦੇ ਸਨ। ਇਹਨ੍ਹਾਂ ਤੋਂ ਉਲਟ ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਆਪਣੇ ਗੁਆਂਢੀ ਮੁਲਕਾਂ ਨੂੰ ਜ਼ਿਆਦਾ ਤਵੱਜੋ/ਅਹਿਮੀਅਤ ਦੇਣ ਦੇ ਹਾਮੀ ਸਨ। ਸ਼ਾਸਤਰੀ ਜੀ ਦਾ ਕਾਰਜਕਾਲ ਲੰਮਾ ਸਮਾਂ ਨਹੀਂ ਰਿਹਾ ਉਹ ਤਾਸਕੰਤ (Tashkent) ਵਿਚ ਜਨਵਰੀ 1966 ਨੂੰ "ਤਾਸ਼ਕੰਤ ਸਮਝੌਤਾ" (Tashkent Agreement) ਤੋਂ ਬਾਅਦ ਸਵਰਗ ਸਧਾਰ ਗਏ। ਇਹ ਸਮਝੌਤਾ ਪਾਕਿਸਤਾਨ ਦੇ ਸਦਰ ਆਯੂਬ ਖਾਨ (Ayub khan) ਨਾਲ 1965 ਦੀ ਜੰਗ ਤੋਂ ਬਾਅਦ ਸਾਂਤੀ ਸਥਾਪਨਾ ਲਈ ਕੀਤਾ ਗਿਆ ਹੈ।

ਸੋਵੀਅਤ ਸੰਘ ਮੁਖੀ ਕੋਸੀਜਿਨ (Kosygin) ਦੇ ਸੱਦੇ 'ਤੇ ਲਾਲ ਬਹਾਦਰ ਸ਼ਾਸਤਰੀ ਅਤੇ ਅਯੂਬ ਖਾਨ, ਤਾਸ਼ਕੰਤ ਪਹੁੰਚੇ ਸਨ। ਭਾਰਤ ਦੀ ਪਹਿਲੀ ਇਸਤਰੀ ਅਤੇ ਤੀਜੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਿਰਾ ਗਾਂਧੀ ਸਖਤ ਅਤੇ ਫੈਸਲਾਕੁੰਨ ਆਗੂ ਸੀ। ਇਹਨਾਂ ਦੀ ਸਰਕਾਰ ਸਮੇਂ ਭਾਰਤ ਦੀ ਵਿਦੇਸ਼ ਨੀਤੀ ਆਦਰਸ਼ਵਾਦ ਤੋਂ ਦੂਰ ਅਤੇ ਸੱਚਾਈਆਂ ਅਤੇ ਹਲਾਤ ਦੇ ਅਨੁਸਾਰੀ ਸੀ। ਇਹਨਾਂ ਦੇ ਬੰਗਲਾਦੇਸ਼ ਦੀ ਅਜ਼ਾਦੀ, ਪ੍ਰਮਾਣੂ ਅਪਸਾਰ ਸੰਧੀ ਅਤੇ ਸੋਵੀਅਤ ਸੰਘ ਨਾਲ ਨੇੜਤਾ ਜਿਹੇ ਫੈਸਲੇ ਭਾਰਤ ਦੀਆਂ ਅੰਦਰੂਨੀ ਅਤੇ ਬਾਹਰੀ ਲੋੜਾਂ ਦੇ ਅਨੁਸਾਰੀ ਸਨ ਨਾਂ ਕਿ ਵਿਸ਼ਵ ਵਿਆਪੀ ਸਿਧਾਂਤ ਦਾ ਝਲਕਾਰਾ/ਅਟਲ ਬਿਹਾਰੀ ਵਾਜਪਾਈ (Atal Behari Vajpayee) ਜੀ ਪਾਕਿਸਤਾਨ ਅਤੇ ਅਮਰੀਕਾ ਨੂੰ ਚੰਗੇ ਸਬੰਧਾਂ ਦੇ ਪੱਖ ਵਿਚ ਸਨ। ਲਾਹੌਰ ਬੱਸ ਸੇਵਾ, ਕ੍ਰਿਕਟ ਕੂਟਨੀਤੀ ਭਾਵ ਭਾਰਤ ਅਤੇ ਪਾਕਿਸਤਾਨ ਦੀਆਂ ਦੀਆਂ ਆਪਸ ਵਿਚ ਮੈਚ ਖੇਡਣ ਦੇ ਨਾਲ-ਨਾਲ ਆਪਸੀ ਦੋਸਤੀ ਦੇ ਰਾਹ ਵੀ ਖੋਲਣ ਗੀਆਂ, ਅਟਲ ਜੀ ਦੀ ਦੂਰਗਾਮੀ ਸੋਚ ਦਾ ਪ੍ਰਗਟਾਵਾ ਸਨ। ਅਸੀਂ ਆਪਣੇ ਦੋਸਤਾਂ ਨੂੰ ਬਦਲ ਸਕਦੇ ਹਾਂ ਗੁਆਂਢੀਆਂ ਨੂੰ ਨਹੀਂ ਸੋ ਜੇਕਰ ਵਰਤਮਾਨ ਵਿਚ ਵੀ ਭਾਰਤ ਪਾਕਿਸਤਾਨ ਦੇ ਸਬੰਧ ਸੁਧਰਦੇ ਹਨ ਤਾਂ ਵਾਘਾ-ਬਾਡਰ ਰਾਹੀਂ ਵਾਪਰ ਦੀਆਂ ਅਪਾਰ ਸੰਭਾਵਨਾਵਾਂ ਹਨ। ਚੀਨ ਅਤੇ ਪਾਕਿਸਤਾਨ ਦੀ ਨੇੜਤਾ, ਭਾਰਤ ਪਾਕਿਸਤਾਨ ਦੀ ਅੰਦਰੂਨੀ ਸਿਆਸਤ ਅਜਿਹੀਆਂ ਸੰਭਾਵਨਾਵਾਂ ਦੇ ਰਾਹ 'ਚ ਰੋੜਾ ਹੈ। ਸਰਕਾਰਾਂ ਦੀ ਅਗਵਾਈ ਇਹਨਾਂ ਤਮਾਮ ਖਾਮੀਆਂ ਅਤੇ ਮੌਕਿਆਂ ਨੂੰ ਚੰਗੀ ਵਿਦੇਸ਼ ਨੀਤੀ ਰਾਹੀਂ ਦਿਸਾ ਪ੍ਰਦਾਨ ਕਰ ਸਕਦੀਆਂ ਹਨ ਕਿਉਂਕਿ ਭੂਤਕਾਲ ਵਿਚ ਵੀ ਅਜਿਹਾ ਹੁੰਦਾ ਆਇਆ ਹੈ। ਸੋ ਆਗੂਆਂ ਅਤੇ ਸਰਕਾਰਾਂ ਦੀ ਅਗਵਾਈ ਵੀ ਵਿਦੇਸ਼ ਨੀਤੀ ਨੂੰ ਨਿਰਧਾਰਤ ਕਰ ਵਾਲਾ ਅਹਿਮ ਤੱਤ ਹੈ।

(v) ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਰੁਝਾਨ/ਰੁਖ (National and international Milieu) : ਅੰਤਰ ਰਾਸ਼ਟਰੀ ਸਬੰਧਾਂ ਵਿੱਚ ਦੇਸ ਦਾ ਅੰਦਰੂਨੀ ਮਹੌਲ ਦਾ ਮਹੱਤਵ ਬਹੁਤ ਮਾਇਨੇ ਰੱਖਦਾ ਹੈ। ਦੇਸ਼ ਦੀ ਵਿਦੇਸ਼ ਨੀਤੀ ਨੂੰ ਤੈਅ ਕਰਨ ਵਿਚ ਇਹ ਵਿਸ਼ੇਸ਼ ਤੱਤ ਵਜੋਂ ਭੂਮਿਕਾ ਨਿਭਾਉਂਦਾ ਹੈ। ਦੇਸ ਜਾਂ ਰਾਸ਼ਟਰ ਦੇ ਅੰਦਰੂਨੀ ਮਹੌਲ/ਬਿਹਤਰ ਵਿਚ ਸਰਕਾਰ ਦੀ ਕਿਸਮ, ਰਾਜਨੀਤਕ ਸੱਭਿਆਚਾਰ ਖ਼ਾਸ ਕਰਕੇ ਲੋਕ ਮਤ, ਰਾਜਨੀਤਕ ਪਾਰਟੀਆਂ/ਦਲ, ਰਾਜਨੀਤਕ ਆਗੂਆਂ ਦੀ ਸੂਝ-ਬੂਝ ਆਦਿ ਸਾਮਲ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਅੰਗਰੇਜਾਂ ਦੇ ਜਾਣ ਤੋਂ ਬਾਅਦ ਜਦੋਂ ਸੱਤਾ ਭਾਰਤ ਦੇ ਲੋਕਾਂ ਕੋਲ ਆਈ ਤਾਂ ਅਸੀਂ ਲੋਕਤੰਤਰੀ ਵਿਵਸਥਾ ਦੀ ਚੋਣ ਨੀਤੀ ਤੇ ਅਨੇਕਤਾ ਵਿਚ ਏਕਤਾ (Unity in diversity) ਦੇ ਸਿਧਾਂਤ ਨੂੰ ਅਪਣਾਇਆ। ਇਸ ਸਿਧਾਂਤ ਦੇ ਜ਼ਰੀਏ ਇਲਾਕਾਈਆਂ, ਧਾਰਮਿਕ ਅਤੇ ਭਾਸ਼ਾਈ/ਸੱਭਿਆਚਾਰਕ ਵਿੱਲਖਣਤਾਵਾਂ ਨੂੰ ਇਕ ਧਾਗੇ ਵਿਚ ਪ੍ਰੋਣ ਦਾ ਯਤਨ ਕੀਤਾ। ਸੰਸਦੀ ਸ਼ਾਸਨ ਪ੍ਰਣਾਲੀ ਰਾਹੀਂ ਲੋਕ ਆਪਣੀ ਸਰਕਾਰ ਤੈਅ ਸਮੇਂ ਅਨੁਸਾਰ ਚੁਣਦੇ ਹਨ। ਸਰਕਾਰ ਬੇਸੱਕ ਵਿਦੇਸ਼ ਨੀਤੀ 'ਤੇ ਅਹਿਮ ਅਤੇ ਪ੍ਰਮੁੱਖ ਹੱਕ ਰਖੱਦੀ ਹੈ ਫਿਰ ਵੀ ਸੰਸਦ ਦਾ ਕੰਟਰੋਲ ਸਰਕਾਰ ਨੂੰ ਜਵਾਬਦੇਹ ਬਣਾਉਂਦਾ ਹੈ। ਸੰਸਦੀ ਕੰਟਰੋਲ ਰਾਹੀਂ ਵਿਰੋਧੀ ਪਾਰਟੀਆਂ ਨੂੰ ਵੀ ਵਿਦੇਸ ਨੀਤੀ ਨੂੰ ਪ੍ਰਭਾਵਿਤ ਕਰਨ ਦਾ ਹੱਕ ਮਿਲਦਾ ਹੈ। ਭਾਰਤ ਦੀ ਵਿਦੇਸ ਨੀਤੀ ਆਮ ਤੌਰ 'ਤੇ ਗੁੱਟ-ਨਿਰਪੱਖਤਾ ਅਤੇ ਸਾਂਤਮਈ ਸਹਿਹੋਂਦ ਆਦਿ ਮੁਦਿਆਂ 'ਤੇ ਸਾਰੀਆਂ ਰਾਜਨੀਤਕ ਧਿਰਾਂ ਦੀ ਸਹਿਮਤੀ 'ਤੇ

ਬਣਦੀ ਰਹੀ ਹੈ। ਫਿਰ ਵੀ ਇਤਿਹਾਸ ਦੀਆਂ ਕੁਝ ਉਦਾਹਰਨਾਂ ਹਨ ਜੋ ਇਸ ਤੋਂ ਉਲਟ ਹਨ। ਤਾਸਕੰਤ ਸਮਝੌਤੇ ਸਮੇਂ ਵਿਰੋਧ ਅਤੇ ਭਾਰਤ-ਅਮਰੀਕਾ ਅਣੂ ਸਮਝੌਤੇ ਸਮੇਂ ਵਿਰੋਧੀ ਧਿਰ ਦੀ ਅਸਹਿਮਤੀ ਵੱਖਰੀ ਉਦਾਹਰਨ ਪੇਸ ਕਰਦੀਆਂ ਹਨ। ਭਾਰਤ ਵਿਚ ਲੋਕਤੰਤਰ ਪਰੰਪਰਾਵਾਂ ਦੀ ਮਜਬੂਤੀ ਜਾਂ ਕੰਮਜੋਰੀ ਵਿਦੇਸ ਨੀਤੀ ਨੂੰ ਤੈਅ ਕਰਦੀ ਰਹੀ ਹੈ। ਭਾਰਤੀ ਜਨਤਾ ਪਾਰਟੀ (BJP) ਅਤੇ ਸਾਮਵਾਦੀ ਪਾਰਟੀ (ਮਾਰਕਸਵਾਦੀ) (CPM) ਵਿਸ਼ਵੀਕਰਨ (Globalisation), ਵਿਸ਼ਵ ਵਪਾਰ ਸੰਗਠਨ (World Trade Organisation) ਆਦਿ ਦੀ ਭੂਮਿਕਾ ਬਾਰੇ ਵੱਖੋ-ਵੱਖਰੀ ਰਾਏ ਰੱਖਦੀਆਂ ਹਨ। ਇਹਨਾਂ ਦੋ ਧੁਰਿਆਂ ਵਿਚੋਂ ਜਿਹੜੀ ਵੀ ਪਾਰਟੀ ਦੀ ਸਰਕਾਰ ਹੋਏਗੀ ਉਹ ਭਾਰਤ ਦੀ ਵਿਦੇਸ ਨੀਤੀ ਨੂੰ ਆਪਣੇ ਸਿਧਾਂਤਾਂ ਅਤੇ ਸਮਝ ਅਨੁਸਾਰ ਦਿਸਾ ਦੇਣ ਦੀ ਕੋਸ਼ਿਸ਼ ਕਰੇਗੀ। ਖੇਤਰੀ ਪਾਰਟੀਆਂ ਖ਼ਾਸ ਕਰਕੇ ਪੰਜਾਬ ਅਤੇ ਤਾਮਿਲਨਾਡੂ ਵਿਚ ਸ੍ਰੀ ਲੰਕਾ ਅਤੇ ਪਾਕਿਸਤਾਨ ਲਈ ਬਣਾਈ ਗਈ ਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਤਾਮਿਲਨਾਡੂ ਦੀ ਤਰ੍ਹਾਂ ਸ੍ਰੀ ਲੰਕਾ ਦੇ ਉੱਤਰ ਅਤੇ ਪੂਰਬੀ ਇਲਾਕਿਆਂ ਵਿੱਚ ਤਾਮਿਲ ਭਾਈਚਾਰੇ ਦੇ ਲੋਕ ਵਸਦੇ ਹਨ ਜਿਹਨਾਂ ਦੀਆਂ ਸੱਭਿਆਚਾਰਕ ਜੜਾਂ ਭਾਰਤ ਦੇ ਸੂਬੇ ਤਾਮਿਲਨਾਡੂ ਨਾਲ ਜੁੜੀਆਂ ਹੋਈਆਂ ਹਨ। ਪੰਜਾਬ, ਸੱਭਿਆਚਾਰਕ ਅਤੇ ਧਾਰਮਿਕ ਰੂਪ ਕਰਕੇ ਪਾਕਿਸਤਾਨ ਨਾਲ ਸਬੰਧਾਂ ਵਿੱਚ ਅਹਿਮ ਸੋਚ ਰੱਖਦਾ ਹੈ। ਭਾਸਾ ਦੀ ਸਾਂਝ ਅਤੇ ਵਪਾਰਕ ਤੌਰ ਤੇ ਮੁਨਾਫ਼ੇ ਦਾ ਸੁਪਨਾ ਵਾਗਾ ਸਰਹੱਤ ਰਾਹੀਂ ਹੋਣ ਦੀ ਉਮੀਦ ਵਪਾਰੀ ਵਰਗ ਲਈ ਵੀ ਭੂਮਿਕਾ ਨਿਰਧਾਰਤ ਕਰਦੀ ਹੈ। ਅਜਿਹੀਆਂ ਹੀ ਹੋਰ ਵਪਾਰਕ, ਭਾਸਾਈ, ਸੱਭਿਆਚਾਰਕ, ਧਾਰਮਿਕ, ਇਲਾਕਾਈ ਲੋੜਾਂ ਭਾਰਤ ਦੀ ਵਿਦੇਸ਼ ਨੀਤੀ ਨੂੰ ਤੈਅ ਕਰਨ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ। ਇਕ ਦੇਸ਼ ਦੀ ਬਾਹਰੀ ਦੇਸਾਂ ਨਾਲ ਰਿਸਤਿਆਂ ਨੂੰ ਅੰਤਰ ਰਾਸ਼ਟਰੀ ਰੁਝਾਨ ਦੀ ਤੈਅ ਕਰਦੇ ਹਨ। ਪਹਿਲੇ ਵਿਸ਼ਵ ਯੁੱਧ (1919) ਤੋਂ ਬਾਅਦ ਅਤੇ ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਦਾ ਸਮਾਂ ਬੜਾ ਉਲਝਣਾ ਭਰਪੂਰ ਸੀ। ਇਸ ਸਮੇਂ ਜਾਂ ਆਮਤੌਰ 'ਤੇ ਵੀ ਦੂਸਰਾ ਮੁਲਕ ਕੀ ਕਰੇਗਾ ਇਸਦਾ ਅੰਦਾਜ਼ਾ ਲਾਉਣਾ ਅਸੰਭਵ ਹੀ ਹੁੰਦਾ ਸੀ। ਸੰਯੁਕਤ ਰਾਜ ਅਮਰੀਕਾ ਨੇ ਸੋਵੀਅਤ ਸੰਘ ਨੂੰ ਮਾਨਤਾ ਦਿੱਤੀ ਕਿਉਂ ਜੋ ਸੰਨ 1933 ਵਿਚ ਹਿਟਲਰ ਦੀ ਚੜਤ ਨਾਲ ਜਰਮਨੀ ਮਜਬੂਰੀ ਨਾਲ ਪੁਰਾਣੇ ਪ੍ਰਬੰਧ ਨੂੰ ਚੁਣੌਤੀ ਦੇ ਰਿਹਾ ਸੀ। ਆਮਤੌਰ 'ਤੇ ਇਕ ਦੂਜੇ ਦੀਆਂ ਵਿਰੋਧੀ ਧਿਰਾਂ ਨੂੰ ਸਾਂਝੇ ਦੁਸਮਣ ਜਰਮਨੀ ਨੇ ਇਕ ਕਰ ਦਿੱਤਾ ਸੀ।

ਸ਼ੀਤ ਯੁੱਧ ਦਾ ਕਾਲ (1945-90) ਵੀ ਵਿਸ਼ਵ ਦੇ ਸਾਰੇ ਮੁਲਕਾਂ ਦੀ ਵਿਦੇਸ਼ੀ ਨੀਤੀ ਤੈਅ ਕਰ ਰਿਹਾ ਸੀ। ਇਹ ਵਰ੍ਹੇ ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਸੰਘ/ਰੂਸ ਦੇ ਆਪਸੀ ਸੰਘਰਸ ਦੀ ਕਹਾਣੀ ਹਨ। ਭਾਰਤ ਵੱਲੋਂ ਅਪਣਾਈ ਗਈ ਗੁੱਟ-ਨਿਰਪੱਖਤਾ ਦੀ ਨੀਤੀ ਨੂੰ ਵੀ ਗੁੱਟਾਂ ਦੀ ਸਿਆਸਤ ਨੇ ਜਨਮ ਦਿੱਤਾ। ਸ਼ੀਤ ਯੁੱਧ ਹਥਿਆਰਾਂ ਲਈ ਦੌੜ ਅਤੇ ਬੇਭਰੋਸਗੀ ਦਾ ਸਿਖਰ ਮੰਨਿਆ ਜਾਂਦਾ ਹੈ। ਸੰਨ 1990-91 ਵਿਚ ਸੋਵੀਅਤ ਸੰਘ ਬਿਖਰ ਗਿਆ ਅਤੇ ਨਵੇਂ 15 ਰਾਜਾਂ ਦਾ ਜਨਮ ਹੋਇਆ ਜਿਸ ਵਿੱਚੋਂ ਰੂਸ (Russia) ਸੋਵੀਅਤ ਸੰਘ ਦੇ ਵਾਰਸ ਵਜੋਂ ਉਭਰਿਆ। ਇਸ ਬਦਲਦੇ ਅੰਤਰ-ਰਾਸਟਰੀ ਹਾਲਤਾਂ ਅਤੇ ਤਾਕਤਾਂ ਦੀ ਬਦਲਦੀ ਭੂਮਿਕਾ ਸਦਕਾ ਸੰਨ 1974 ਵਿਚ ਭਾਰਤ ਨੇ ਪਰਮਾਣੂ ਸ਼ਕਤੀ ਹਾਸਲ ਕਰਨ ਲਈ ਧਮਾਕੇ ਕੀਤੇ। ਅਜਾਦੀ ਸਮੇਂ ਭਾਰਤ ਹਥਿਆਰਾਂ ਦੀ ਦੌੜ ਖ਼ਾਸ 1998 ਵਿਚ ਖ਼ੁਦ ਪਰਮਾਣੂ ਦੇਸਾਂ ਦੀ ਸ੍ਰੇਣੀ ਵਿਚ ਸੁਮਾਰ ਹੋ ਗਿਆ। ਅਜਿਹਾ ਵਰਤਾਰਾ ਹੁਣ ਤੱਕ ਵੀ ਚੱਲ ਰਿਹਾ ਹੈ ਕਿਉਂਕਿ ਅੰਤਰ-ਰਾਸ਼ਟਰੀ ਪੱਧਰ 'ਤੇ ਆਈਆਂ ਤਬਦੀਲੀਆਂ ਅਤੇ ਉਭਰੀਆਂ ਚੁਣੌਤੀਆਂ ਵਿਦੇਸ ਨੀਤੀ ਨੂੰ ਤੈਅ ਕਰਨ ਦਾ ਮਾਦਾ ਰੱਖਦੀਆਂ ਹਨ।

ਭਾਰਤ ਦੀ ਵਿਦੇਸ਼ ਨੀਤੀ ਦੇ ਪ੍ਰਮੁੱਖ ਸਿਧਾਂਤ
(Basic Principle of India's Foreign Policy)

ਭਾਰਤ ਦੀ ਵਿਦੇਸ਼ ਨੀਤੀ ਨੂੰ ਦਸ਼ਾ ਅਤੇ ਦਿਸ਼ਾ ਦੇਣ ਵਾਲੇ ਕੁਝ ਅਹਿਮ ਸਿਧਾਂਤ ਹਨ ਜੋ ਵੱਖ-ਵੱਖ ਨਿਰਧਾਰਕ ਤੱਤਾਂ ਦੀ ਉਪਜ ਹਨ। ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਹੀ ਭਾਰਤ ਦੇ ਆਗੂਆਂ ਨੂੰ ਅਜਾਦ ਹੋਣ ਦੀ ਉਮੀਦ ਨਜ਼ਰ ਆਉਣ ਲੱਗੀ ਸੀ। ਉਸ ਸਮੇਂ ਦੇ ਦੂਰ ਅੰਦੇਸੀ ਆਗੂਆਂ ਨੇ ਅਜਾਦ ਭਾਰਤ ਦੇ ਵਿਦੇਸ ਨਾਲ ਰਿਸ਼ਤਿਆਂ ਨੂੰ ਸਾਜਗਾਰ ਬਣਾਉਣ ਲਈ ਸਿਧਾਂਤਾ ਦੀ ਸਿਰਜਣਾ ਆਰੰਭ ਦਿੱਤੀ ਸੀ। ਭਾਰਤ ਦੇ ਸੰਵਿਧਾਨ ਦੇ ਚੌਥੇ ਭਾਗ ਵਿੱਚ ਅਨੁਛੇਦ -51 ਭਾਰਤ ਦੀ ਵਿਦੇਸ਼ ਨੀਤੀ ਪ੍ਰਤੀ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ। ਇਹਨਾਂ ਸਿਧਾਂਤਾਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

(i) ਸਾਂਤਮਈ ਸੰਸਾਰ (Peaceful World) : ਭਾਰਤ ਦੀ ਅਜਾਦੀ ਤੋਂ ਪਹਿਲਾਂ ਸੰਸਾਰ ਦੋ ਯੁੱਧਾਂ ਵਿੱਚੋਂ ਗੁਜਰਿਆ ਜੀ ਜਿਸ ਦੇ ਭਿਆਨਕ ਸਿੱਟਿਆਂ ਨੇ ਮਨੁੱਖਤਾ ਦਾ ਬੇਇੰਤਹਾ ਕਤਲੇਆਮ ਕੀਤਾ ਸੀ। ਜਪਾਨ ਦੇ ਸ਼ਹਿਰ ਹੀਰੋਸੀਮਾ (Hiroshima) ਅਤੇ ਨਾਗਾਸਾਕੀ (Nagasaki) ਵਿੱਚ 06 ਅਤੇ 09 ਅਗਸਤ 1945 ਨੂੰ ਸੰਯੁਕਤ ਰਾਜ ਅਮਰੀਕਾ ਨੇ ਪਰਮਾਣੂ ਧੰਬ ਸੁੱਟੇ ਜਿਸਦੇ ਕਾਰਨ ਲਗਭਗ ਢਾਈ ਲੱਖ (25000) ਨਾਗਰਿਕਾਂ ਦੀ ਮੌਤ ਹੋ ਗਈ। ਯੁੱਧ ਦਾ ਇਹ ਭਿਆਨਕ ਮੰਜਰ ਇਨਸਾਨੀਅਤ



ਪੰਚਸ਼ੀਲ

ਲਈ ਸਰਮਸਾਰ ਵਾਲਾ ਦਿਨ ਸੀ। ਇਹੋ ਜਿਹੇ ਹੋਰ ਕਾਰਨਾਂ ਦੇ ਵਾਪਰਨ ਸਮੇਂ ਭਾਰਤ ਅਜਾਦੀ ਵੱਲ ਵੱਧ ਰਿਹਾ ਸੀ। ਭਾਰਤ ਨੇ ਅਜਾਦੀ ਤੋਂ ਬਾਅਦ ਆਪਣੀ ਵਿਦੇਸ ਨੀਤੀ ਨੂੰ ਵਿਸ਼ਵ ਸਾਂਤੀ ਨੂੰ ਵਧਾਉਣ ਵੱਲ ਸੇਧਤ ਕੀਤਾ। ਭਾਰਤ ਦਾ ਮੰਨਣਾ ਹੈ ਕਿ ਵਿਚਾਰਧਾਰਕ ਤੌਰ 'ਤੇ ਜਾਂ ਰਾਜਨੀਤਕ ਵਖਰੇਵਿਆਂ ਨੂੰ ਹਥਿਆਰਾਂ ਨਾਲ ਨਹੀਂ ਵਿਸ਼ਵ ਸ਼ਾਂਤੀ ਲਈ ਭਾਰਤ ਨੇ ਗੁੱਟ ਨਿਰਪੱਖਤਾ ਦੀ ਨੀਤੀ ਨੂੰ ਚੁਣਿਆ। ਅਜਿਹਾ ਕਰਨ ਨਾਲ, ਦੋ ਮਹਾਂ ਸ਼ਕਤੀਆਂ ਦੀ ਆਪਸੀ ਸਿਆਸਤ ਤੋਂ ਭਾਰਤ ਨੂੰ ਬਚਾਇਆ ਜਾ ਸਕਦਾ ਸੀ। ਗੁੱਟ ਨਿਰਪੱਖਤਾ ਦੀ ਨੀਤੀ ਇੱਕਲੇ ਰਹਿਣ (Isolationism), ਦੀ ਨੀਤੀ ਨਹੀਂ ਸੀ। ਸਗੋਂ ਅੰਤਰ ਰਾਸ਼ਟਰੀ ਮਾਮਲਿਆਂ ਵਿਚ ਸਾਲਾਮੀ/ਵਿਚੋਲਗੀ ਦੀ ਭੂਮਿਕਾ ਰਾਹੀਂ ਸਾਂਤੀ ਅਤੇ ਸਥਿਰਤਾ ਪੈਦਾ ਕਰਨਾ ਇਸ ਨੀਤੀ ਦਾ ਪ੍ਰਮੁੱਖ ਮੰਤਵ ਸੀ। ਇਸ ਤੋਂ ਇਲਾਵਾ ਗੁੱਟ-ਨਿਰਪੱਖਤਾ ਬੇਲਾਗਤਾ (Neutarality) ਦੀ ਨੀਤੀ ਵੀ ਨਹੀਂ ਹੈ। ਜਿਹੜੇ ਦੇਸ਼ ਸੰਸਾਰ ਦੇ ਮਸਲਿਆਂ ਅਤੇ ਜੰਗਾਂ ਤੋਂ ਬੇਲਾਗ (Neutral) ਰਹਿੰਦੇ ਹਨ। ਉਹ ਨੈਤਿਕ ਤੌਰ ਤੇ ਕੋਈ ਵੀ ਪੱਖ ਨਹੀਂ ਲੈਂਦੇ। ਭਾਰਤ ਦੀ ਗੁੱਟ ਨਿਰਪੱਖਤਾ ਦੀ ਨੀਤੀ ਸੰਸਾਰ ਵਿੱਚ ਜੰਗਾਂ ਨੂੰ ਪੈਦਾ ਹੋਣ ਤੋਂ ਰੋਕਣ ਅਤੇ ਚੱਲ ਰਹੇ ਯੁੱਧਾਂ ਨੂੰ ਰੋਕਣ ਵਿਚ ਸੁਚਾਰੂ ਭੂਮਿਕਾ ਨਿਭਾਉਣ ਦੀ ਨੀਤੀ ਹੈ। ਸਗੋਂ ਗੱਲਬਾਤ, ਵਿਚੋਲਗੀ ਜਾਂ ਸਾਲਸੀ ਨਾਲ ਸੁਲਝਾਉਣ ਦਾ ਯਤਨ ਕਰਨਾ ਜ਼ਿਆਦਾ ਬੇਹਤਰ ਰਾਹ ਹੈ। ਭਾਰਤ ਹਮੇਸ਼ਾ ਵਿਸ਼ਵ ਸ਼ਾਂਤੀ ਅਤੇ ਭਰਾਤਰੀ ਭਾਵ ਨੂੰ ਪ੍ਰਗਟ ਕਰਨ ਵਾਲੇ ਸਿਧਾਂਤਾ ਦੇ ਕਾਇਮ ਰਹਿਣ ਲਈ ਤੱਤਪਰ ਰਿਹਾ ਹੈ। ਹਾਲਾਂਕਿ ਵੱਖ-ਵੱਖ ਸਮੇਂ ਤੇ ਵੱਖ-ਵੱਖ ਕੌਮਾਂ ਤੇ ਦੇਸਾਂ ਵੱਲੋਂ ਭਾਰਤ ਉਪਰ ਪੱਖਪਾਤ ਕਰਨ ਦੇ ਦੋਸ਼ ਲਾਏ ਜਾਂਦੇ ਰਹੇ ਹਨ।

(ii) ਬਸਤੀਵਾਦ ਦੇ ਖ਼ਾਤਮੇ ਦਾ ਸਮਰਥਕ (Supparter of to end the colonialism) : ਸੰਨ 1947 ਵਿਚ ਭਾਰਤ ਅਜ਼ਾਦ ਹੋਣ ਤੋਂ ਬਾਅਦ ਖੁਦਗਰਜ਼ੀ ਅਤੇ ਕੇਵਲ ਆਪਣੇ ਹਿੱਤਾਂ ਤੱਕ ਸੀਮਤ ਨਹੀਂ ਰਿਹਾ ਸਗੋਂ ਏਸ਼ੀਆ ਅਤੇ ਅਫ਼ਰੀਕਾ ਵਿੱਚੋਂ ਬਸਤੀਵਾਦ ਦੇ ਖ਼ਾਤਮੇ ਲਈ ਹਰ ਸੰਭਵ ਯਤਨ ਕਰਨ ਦਾ ਪੱਖ ਪੂਰਦਾ ਰਿਹਾ। ਭਾਰਤ, ਅੰਗਰੇਜ਼ਾਂ/ਬਰਤਾਨੀਆਂ ਦੀ ਬਸਤੀ (Colony) ਜਿਸਨੂੰ ਬਰਤਾਨੀਆਂ ਦੀ ਸਰਕਾਰ ਚਲਾਉਂਦੀ ਸੀ। ਇਸ ਨੂੰ ਖ਼ਤਮ ਕਰਨ ਲਈ ਲੰਮਾ ਅਜ਼ਾਦੀ ਸੰਘਰਸ ਚਲਾਇਆ ਅਤੇ ਅਜ਼ਾਦੀ ਦੀ ਪ੍ਰਾਪਤ ਕੀਤੀ। ਆਪਣੀ ਤਰਜ਼ 'ਤੇ ਏਸੀਆ ਅਤੇ ਅਫ਼ਰੀਕਾ ਵਿਚ ਚਲ ਰਹੇ ਅਜ਼ਾਦੀ ਸੰਘਰਸ਼ ਦੀ ਸਹਾਇਤਾ ਕਰਨਾ ਅਤੇ ਸਵੈਰਾਜ ਦਾ ਸਮਰਥਨ ਕਰਨ ਭਾਰਤ ਦੀ ਵਿਦੇਸ਼ ਨੀਤੀ ਦਾ ਸਿਧਾਂਤ ਰਿਹਾ ਸੀ। ਨਵੇਂ ਅਜ਼ਾਦ ਹੋ ਹਰੇ ਮੁਲਕਾਂ ਨੂੰ ਬਾਕੀ ਮੁਲਕਾਂ ਦੇ ਬਰਾਬਰ ਅਧਿਕਾਰ ਦਵਾਉਣ ਅਤੇ ਰਾਜਾਂ ਦੀ ਸਮਰੱਥਾ ਅਤੇ ਸ਼ਕਤੀ ਦੇ ਹੁੰਦਿਆਂ ਵਿਤਕਰੇ ਨੂੰ ਦੂਰ ਕਰਨਾ ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਢਲਾ ਸਿਧਾਂਤ ਹੈ। ਦੇਸ਼ਾਂ ਦਾ ਬਰਾਬਰੀ ਦੇ ਨਾਲ-ਨਾਲ ਸਾਰੇ ਨਸਲ ਦੇ ਲੋਕਾਂ ਦੀ ਬਰਾਬਰ ਇੱਜ਼ਤ ਮਾਣ ਸਤਿਕਾਰ ਕਾਇਮ ਕਰਨਾ ਵੀ ਪ੍ਰਮੁੱਖ ਸਿਧਾਂਤਕ ਸਮਝ ਰਹੀ ਹੈ। ਉਦਾਹਰਨ ਦੇ ਤੌਰ 'ਤੇ ਦੱਖਣੀ ਅਫ਼ਰੀਕਾ (South Africa) ਵਿਚ ਨਸਲ ਭੇਦ (apartheid) ਦੀ ਹੋਂਦ ਵੀ ਬਸਤੀਵਾਦ ਦਾ ਹੀ ਰੂਪ ਸੀ ਜਿਸ ਨੂੰ ਗੋਰਿਆਂ ਅਤੇ ਜ਼ਲੂ (Zulu) ਨਸਲ ਦੇ ਅਫ਼ਰੀਕਨਾਂ ਵਿਚ ਅੰਗਰੇਜ਼ਾਂ ਨੇ ਆਪਣੇ ਰਾਜ ਨੂੰ ਬਣਾਏ ਰੱਖਣ ਲਈ ਪੈਦਾ ਕੀਤਾ ਸੀ। ਇਤਿਹਾਸਕ ਹੈ ਕਿ ਜੰਗ/ਲੜਾਈ

ਹਮੇਸਾਂ ਹਥਿਆਰਾਂ ਨਾਲ ਨਹੀਂ ਸਗੋਂ ਕੰਮਜੋਰ ਧਿਰ ਨੂੰ ਆਪਣੇ ਤੋਂ ਨੀਵਾਂ ਦਿਖਾ ਕਿ ਅਤੇ ਉਹਨਾਂ ਦੇ ਮਨ ਅੰਦਰ ਹੀਣ ਭਾਵਨਾ ਪੈਦਾ ਕਰਕੇ ਲੜੀ ਤੇ ਜਿੱਤੀ ਜਾਂਦੀ ਹੈ। ਭਾਰਤ ਅਫਰੀਕਾ ਵਿਚ ਇਸ ਬਸਤੀਵਾਦੀ ਸੋਚ ਨੂੰ ਖ਼ਤਮ ਕਰਕੇ ਸਾਰੇ ਮਨੁੱਖਾਂ ਦਾ ਬਰਾਬਰ ਦਾ ਰੁਤਬਾ ਕਾਇਮ ਕਰਨ ਦਾ ਹਾਮੀ ਸੀ। ਬਰਾਬਰਤਵੀਂ ਨੂੰ ਪ੍ਰਾਪਤ ਕਰਨ ਲਈ ਵਿਦੇਸੀ ਸਰਕਾਰ ਦਾ ਉੱਥੋਂ ਜਾਣਾ ਭਾਵ ਬਸਤੀਵਾਦ ਖਾਤਮਾ ਲਾਜ਼ਮੀ ਸੀ।

(iii) ਨਵੇਂ ਮੁਲਕਾਂ ਅਤੇ ਵਸਿੰਦਿਆਂ ਦਾ ਆਰਥਿਕ ਵਿਕਾਸ (Economic development of Emerging Nations and their peoples) : ਭਾਰਤ ਵਾਂਗ ਹੋਰ ਨਵੇਂ ਦੇਸ਼ਾਂ ਦਾ ਉਦੇ 20 ਵੀਂ ਸਦੀ ਦੇ ਦੂਜੇ ਅੱਧ ਦੀ ਵਿਸੇਸਤਾ ਹੈ। ਭਾਰਤ ਨੇ ਕੋਸਿਸ ਕੀਤੀ ਕਿ ਨਵੇਂ ਅਜਾਦ ਹੋਏ ਰਾਜਾਂ ਦਾ ਆਰਥਿਕ ਵਿਕਾਸ ਪਹਿਲਾਂ ਤੋਂ ਵਿਕਾਸਤ ਭਾਵ ਆਰਥਿਕ ਅਤੇ ਉਦਯੋਗਿਕ ਤੌਰ 'ਤੇ ਮੋਹਰੀ ਦੇਸਾਂ ਦੀ ਸਹਾਇਤਾਂ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਕਰਕੇ ਭਾਰਤ ਨੇ ਨਾਂ ਕੇਵਲ ਵਿਕਾਸ ਨੂੰ ਅਹਿਮੀਅਤੀ ਦਿੱਤੀ ਸਗੋਂ ਬਾਕੀ ਨਵੇਂ ਮੁਲਕਾਂ ਦੇ ਆਰਥਿਕ ਵਿਕਾਸ ਨੂੰ ਸਾਂਝੇ ਰੂਪ ਵਿਚ ਨੇਪਰੇ ਚਾੜਨ ਲਈ ਅਧਾਰ ਕੋਸ਼ਿਸਾਂ ਕੀਤੀਆਂ।

ਗੁੱਟ ਨਿਰਪੱਖਤਾ ਦੀ ਨੀਤੀ ਵੀ ਨਵੇਂ ਅਜਾਦ ਹੋਏ ਮੁਲਕਾਂ ਨੂੰ ਗੁੱਟ ਸਿਆਸਤ ਤੋਂ ਬਚਾਉਣ ਅਤੇ ਦੋਵਾਂ ਧੜਿਆਂ/ਗੁੱਟਾਂ ਤੋਂ ਸਹਾਇਤਾ ਪ੍ਰਾਪਤ ਕਰਕੇ ਆਰਥਿਕ ਵਿਕਾਸ ਲਈ ਰਾਹ ਪੱਧਰਾ ਕਰਨ ਲਈ ਹੀ ਅਪਣਾਈ ਗਈ ਸੀ। ਆਰਥਿਕ ਵਿਕਾਸ ਤੋਂ ਵਿਰਵੇ ਦੇਸ ਕਦੇ ਬਿਮਾਰੀਆਂ, ਖੁੜਾਂ, ਵਿੱਚੋਂ ਬਾਹਰ ਨਹੀਂ ਆ ਸਕਣਗੇ ਅਤੇ ਨਾਂ ਹੀ ਬਾਹਰੀ ਹਮਲਿਆਂ ਤੋਂ ਆਪਣੀ ਰਾਖੀ ਕਰ ਸਕਣਗੇ। ਆਰਥਿਕ ਨਾਂ ਬਰਾਬਰੀ ਦੇਸ ਦੇ ਅੰਦਰੋਂ ਵੀ ਵਿਦਰੋਹ ਪੈਦਾ ਕਰਨ ਦਾ ਕਾਰਜ ਕਰ ਸਕਦੀ ਹੈ ਇਸ ਲਈ ਆਪਣੇ ਸਾਂਝੇ ਵਸੀਲਿਆਂ ਅਤੇ ਵਿਕਸਤ ਦੇਸਾਂ ਦੀ ਸਹਾਇਤਾ ਨਾਲ ਨਾਗਰਿਕਾਂ ਅਤੇ ਨਵੇਂ ਮੁਲਕਾਂ ਦੀ ਆਰਥਿਕ ਤਰੱਕੀ ਭਾਰਤ ਦੀ ਵਿਦੇਸ ਨੀਤੀ ਪ੍ਰਮੁੱਖ ਸਿਧਾਂਤ ਰਿਹਾ ਹੈ।

(iv) ਪੰਚਸ਼ੀਲ (Panchsheel) : ਪੰਚਸ਼ੀਲ ਸਮਝੌਤਾ ਸੰਨ 29 ਅਪ੍ਰੈਲ 1954 ਵਿਚ ਭਾਰਤ ਅਤੇ ਚੀਨ ਦਰਮਿਆਨ ਹੋਇਆ ਸੀ ਪਰੰਤੂ ਇਹ ਸਮਝੌਤੇ ਤੋਂ ਵੱਧ ਕੇ ਭਾਰਤ ਦੀ ਵਿਦੇਸ਼ ਨੀਤੀ ਦਾ ਅਹਿਮ ਸਿਧਾਂਤ ਹੈ। ਇਸ ਸਿਧਾਂਤ ਵਿਚ ਹਮਲਾਵਰਾ ਨਾ ਹੋਣਾ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਾਂ ਦੇਣਾ ਅਤੇ ਸ਼ਾਂਤਮਈ ਸਹਿਹੋਂਦ ਆਦਿ ਸੰਕਲਪ ਸਾਮਲ ਹਨ ਜੋ ਸਾਰੇ ਰਾਜਾਂ ਦੀ ਬਰਾਬਰੀ ਦੇ ਅਧਾਰਤ ਹਨ। ਭਾਰਤ ਦੀ ਵਿਦੇਸ ਨੀਤੀ ਆਪਸੀ ਝਗੜਿਆਂ/ਮਸਲਿਆਂ ਦਾ ਨਿਪਟਾਰਾ ਕਰਨ ਲਈ ਤਾਕਤ (Force) ਦੇ ਇਸਤੇਮਾਲ ਨੂੰ ਸਹੀ ਨਹੀਂ ਮੰਨਦੀ ਸਗੋਂ ਗਲੱਬਾਤ, ਸਾਲਸੀ ਅਤੇ ਕੂਟਨੀਤੀ ਨੂੰ ਮਾਮਲਿਆਂ ਦਾ ਹੱਲ ਕਰਨ ਲਈ ਪਹਿਲ ਦਿੰਦੀ ਹੈ। ਇਹਨਾਂ ਕਾਰਨਾਂ ਕਰਕੇ ਭਾਰਤ ਅੰਤਰਰਾਸ਼ਟਰੀ ਕਾਨੂੰਨ (International Law) ਅਤੇ ਸੰਯੁਕਤ ਰਾਸ਼ਟਰ ਜਿਹੀਆਂ ਸੰਸਥਾਵਾਂ ਨੂੰ ਆਪਸੀ ਮਤਭੇਦਾਂ ਅਤੇ ਝਗੜਿਆਂ ਦਾ ਨਿਪਟਾਰਾ ਕਰਨ ਲਈ ਅਹਿਮ ਮੰਨਦਾ ਹੈ ਜੋ ਪੰਚਸ਼ੀਲ ਦੇ ਸਿਧਾਂਤ ਨੂੰ ਲਾਗੂ ਕਰਵਾਉਣ ਦਾ ਹੀ ਕਾਰਜ ਕਰਦੀਆਂ ਹਨ।

ਪੰਚਸ਼ੀਲ ਪੰਜ ਸਿਧਾਂਤਾਂ ਦਾ ਇੱਕ ਸਮੂਹ ਹੈ ਜੋ ਸ਼ਾਂਤੀਪੂਰਨ ਸਹਿਹੋਂਦ ਅਤੇ ਆਪਸੀ ਸਤਿਕਾਰ ਨੂੰ ਦਰਸਾਉਂਦਾ ਹੈ। "ਪੰਚਸ਼ੀਲ" ਸ਼ਬਦ "ਪੰਚ" ਅਤੇ "ਸ਼ੀਲ" ਸ਼ਬਦ ਤੋ ਆਇਆ ਹੈ ਜਿਸਦਾ ਅਰਥ ਹੈ "ਪੰਜ" ਅਤੇ ਸਿਧਾਂਤ।

ਪੰਚਸ਼ੀਲ ਦੇ ਪੰਜ ਸਿਧਾਂਤ

1. **ਆਪਸੀ ਸਤਿਕਾਰ** : ਇੱਕ ਦੂਜੇ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਤਿਕਾਰ।
2. **ਅਪਸੀ ਗੈਰ ਹਮਲਾਵਰ** : ਇੱਕ ਦੂਜਸਰੇ ਉਪਰ ਹਮਲਾ ਨਾ ਕਰਨਾ।
3. **ਆਪਸੀ ਗੈਰ ਦਖਲਅੰਦਾਜ਼ੀ** : ਇੱਕ ਦੂਜੇ ਦੇ ਅੰਦਰੂਨੀ ਮਾਮਲਿਆ ਵਿੱਚ ਕੋਈ ਦਖਲ ਨਹੀ।
4. **ਸਮਾਨਤਾ ਅਤੇ ਆਪਸੀ ਲਾਭ** : ਆਪਸੀ ਲਾਭ ਅਤੇ ਸਮਾਨਤਾ ਲਈ ਸਹਿਯੋਗ।
5. **ਸ਼ਾਂਤੀਪੂਰਨ ਸਹਿਹੋਂਦ** : ਸ਼ਾਂਤੀਪੂਰਵਕ ਇਕੱਠੇ ਰਹਿਣਾ।

ਭਾਰਤ ਦੀ ਵਿਦੇਸ ਨੀਤੀ ਸਾਂਤਮਈ, ਕਾਨੂੰਨਾਂ ਦੀ ਪਾਲਣਾ ਕਰਨਾ ਆਪਣੇ ਗੁਆਂਢੀਆਂ ਅਤੇ ਬਾਕੀ ਦੇਸਾਂ ਨਾਲ ਚੰਗੇਰੇ ਰਿਸਤੇ ਬਣਾਉਣ ਨੂੰ ਅਹਿਮ ਮੰਨਦੀ ਹੈ। ਸਿਧਾਂਤਕ ਪਹੁੰਚ ਅਤੇ ਹਾਲਤਾਂ ਵਿਚ ਵਖਰੇਵਾਂ ਅਤੇ ਵਿਰੋਧ ਚਲਦਾ ਰਹਿੰਦਾ ਹੈ। ਉਦਾਹਰਨ ਦੇ ਤੌਰ 'ਤੇ ਭਾਰਤ ਦੇ ਪਹਿਲੇ ਪ੍ਰਧਾਨ, ਮੰਤਰੀ ਨੇ ਹਿੰਦੀ-ਚੀਨੀ ਭਾਈ-ਭਾਈ ਦਾ ਨਾਅਰਾ ਦਿੱਤੀ ਪਰੰਤੂ 1962 ਵਿਚ ਭਾਰਤ ਨੂੰ ਚੀਨ ਵਾਲੇ ਪਾਸੇਓਂ ਹਮਲੇ ਦਾ ਸਾਹਮਣਾ ਕਰਨਾ ਪਿਆ ਜਿਸਦਾ ਅਸਰ ਭਾਰਤ ਦੀ ਵਿਦੇਸ ਨੀਤੀ ਤੇ ਵੀ ਪਿਆ। ਬਾਅਦ ਵਿਚ ਬਣੇ ਪ੍ਰਧਾਨ ਮੰਤਰੀ ਆਦਰਸਾਂ ਦੀ ਥਾਂ ਹਿੱਤਾਂ ਨੂੰ ਪਹਿਲ ਦੇਣ ਲਈ ਮਜਬੂਰ ਹੋਏ। ਸੰਨ 2024 ਵਿਚ ਬੰਗਲਾਦੇਸ ਵਿਚ ਹੋਇਆ ਤਖਤਾਪਲਟ ਵੀ ਭਾਰਤ ਦੀ ਵਿਦੇਸ ਨੀਤੀ ਨੂੰ ਨਵੇਂ ਸਿਰੇ ਤੋਂ ਘਟਣ ਲਈ ਅਹਿਮ ਹੋਏਗਾ ਕਿਉਂ ਜੋ

ਅੰਤਰ-ਰਾਸ਼ਟਰੀ ਸ਼ਕਤੀਆਂ ਇਸ ਖੇਤਰ ਵਿਚ ਆਪਸੀ ਮੁਕਾਬਲੇ ਵਿਚ ਭਾਰਤ ਲਈ ਨਵੀਆਂ ਚੁਣੌਤੀਆਂ ਸਿਰਜਣਗੀਆਂ ਜੋ ਭਾਰਤ ਦੀ ਸਲਾਮਤੀ ਲਈ ਚੰਗੀ ਖ਼ਬਰ ਨਹੀਂ ਹੋਏਗੀ। ਵਿਦੇਸ ਨੀਤੀ ਵਰਤਮਾਨ ਵਿਚ ਆਪਣੀ ਭੂਗੋਲਿਕ ਸਲਾਮਤੀ ਅਤੇ ਸੁਰੱਖਿਆ ਦੇ ਆਲੇ-ਦੁਆਲੇ ਘੁੰਮਦੀ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਕਿਹੜਾ ਦੇਸ਼ ਭਾਰਤ ਦਾ ਗੁਆਂਢੀ ਦੇਸ਼ ਨਹੀ ਹੈ ?

(i) ਪਾਕਿਸਤਾਨ (ii) ਕਜ਼ਾਕਸਤਾਨ

(iii) ਚੀਨ (iv) ਸ਼੍ਰੀ ਲੰਕਾ

ਅ. ਭਾਰਤ ਅਤੇ ਚੀਨ ਵਿਚਾਲੇ ਸਮਝੌਤੇ ਲਈ ਮਿੱਥੇ ਸਿਧਾਂਤਾਂ ਨੂੰ ਕੀ ਕਿਹਾ ਜਾਂਦਾ ਸੀ ?

(i) ਪੰਚਸ਼ੀਲ (ii) ਸਾਰਕ

(iii) ਆਸਿਆਨ (iv) ਬਰਿਕਸ

ੲ. "ਵਾਸੂਦੇਵ ਕੰਟੂਮਬਮ" ਤੋਂ ਕੀ ਭਾਵ ਹੈ ?

(i) ਪੂਰਾ ਵਿਸ਼ਵ ਇੱਕ ਪਰਿਵਾਰ (ii) ਵਿਸ਼ਵ ਹਿੰਸਾ

(iii) ਵਿਸ਼ਵ ਗੁਰੂ (iv) ਇੱਕ ਪਰਿਵਾਰ ਦਾ ਵਿਸ਼ਵ 'ਤੇ ਕਾਬੂ

ਸ. ਵਿਦੇਸ਼ ਨੀਤੀ ਲਈ ਕਿਸੇ ਇੱਕ ਨਿਰਧਾਰਕ ਤੱਤ ਦਾ ਨਾਮ ਲਿਖੋ।

ਹ. ਭੂਗੋਲਿਕ ਰਾਜਨੀਤੀ ਵਿੱਚ ਵਰਾਕ ਤੌਰ 'ਤੇ ਭਾਰਤ ਲਈ ਕਿਹੜਾ ਮਹਾਂਸਾਗਰ ਮੁੱਖ ਭੂਮਿਕਾ ਨਿਭਾਉਂਦਾ ਹੈ ?

ਕ. ਅਮਰੀਕੀ ਅਤੇ ਰੂਸੀ ਧੜਿਆਂ ਤੋਂ ਅਲੱਗ ਭਾਰਤ ਨੇ ਕਿਹੜੀ ਨੀਤੀ ਅਪਣਾਈ ਸੀ ?

ਖ. ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਘਾੜ੍ਹਾ ਕਿਸਨੂੰ ਮੰਨਿਆ ਜਾਂਦਾ ਹੈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਭਾਰਤ ਦੀ ਭੂਗੋਲਿਕ ਸਥਿਤੀ ਬਾਰੇ ਲਿਖੋ।

ਅ. ਗੁਟ ਨਿਰਲੇਪ ਅੰਦੋਲਨ 'ਤੇ ਨੋਟ ਲਿਕੋ।

ੲ. ਭਾਰਤ ਦੀ ਬਸਤੀਵਾਦ ਸੰਬੰਧੀ ਧਾਰਨਾ 'ਤੇ ਨੋਟ ਲਿਖੋ।

ਸ. ਵਿਦੇਸ਼ ਨੀਤੀ ਵਿੱਚ ਰਾਸ਼ਟਰੀ ਹਿੱਤਾਂ ਦੀ ਮਹੱਤਤਾ ਦੱਸੋ।

ਹ. ਪੰਚਸ਼ੀਲ 'ਤੇ ਨੋਟ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਭਾਰਤ ਦੀ ਵਿਦੇਸ਼ ਨੀਤੀ ਦੇ ਮੁੱਖ ਨਿਰਧਾਰਿਕ ਤੱਤਾਂ ਦਾ ਵਰਨਣ ਕਰੋ।

ਅ. ਭਾਰਤ ਦੀ ਵਿਦੇਸ਼ ਨੀਤੀ ਦੇ ਸਿਧਾਂਤਾ ਦਾ ਵਰਨਣ ਕਰੋ।

22

ਭਾਰਤ ਅਤੇ ਸੰਯੁਕਤ ਰਾਸ਼ਟਰ, ਸਾਰਕ

[India and United Nation, SAARC]

ਮਨੁੱਖ ਦੁਆਰਾ ਆਪਣੀ ਜ਼ਿੰਦਗੀ ਸੌਖਾਲੀ ਅਤੇ ਵਧੀਆ ਬਣਾਉਣ ਵਾਸਤੇ ਕਿਸੇ ਖਾਸ ਕੰਮ ਜਾਂ ਟੀਚੇ ਨੂੰ ਪ੍ਰਾਪਤ ਕਰਨ ਲਈ ਵੱਖ-ਵੱਖ ਤਰੀਕੇ ਘੜੇ ਜਾਂਦੇ ਹਨ ਅਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਹਨਾਂ ਤਰੀਕਿਆਂ ਵਿੱਚ ਸਾਰੇ ਲੋਕਾਂ ਦੀ ਸਾਂਝ ਹੋਵੇ। ਲੋਕਾਂ ਦੇ ਕਿਸੇ ਸਾਂਝੇ ਟੀਚੇ ਜਾਂ ਕੋਈ ਕਾਰਜ ਕਰਨ ਲਈ ਸੰਗਠਿਤ ਹੋਏ ਸਮੂਹ ਨੂੰ ਸੰਸਥਾ ਕਿਹਾ ਜਾਂਦਾ ਹੈ। ਹਰੇਕ ਸੰਸਥਾ ਦੇ ਆਪਣੇ ਨਿਯਮ, ਰੂਪ ਅਤੇ ਢਾਂਚਾ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਸਿੱਖਿਆ ਵਾਸਤੇ ਸਕੂਲ ਕਾਲਜ ਅਤੇ ਯੂਨੀਵਰਸਿਟੀਆਂ, ਵੱਖ ਵੱਖ ਪੱਧਰ ਦੀਆਂ ਸਿੱਖਿਆ ਸੰਸਥਾਵਾਂ ਹਨ। ਵਿੱਤ ਦੇ ਲੈਣ ਦੇਣ ਨਾਲ ਸਬੰਧਤ ਬੈਂਕ ਵਿਤ ਸੰਸਥਾਵਾਂ ਹਨ।

ਸੰਸਥਾਵਾਂ ਦਾ ਘੇਰਾ ਪਿੰਡ, ਜ਼ਿਲ੍ਹੇ ਸੂਬੇ, ਦੇਸ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਵੀ ਹੁੰਦਾ ਹੈ। ਪਿੰਡਾਂ ਵਿੱਚ ਖੇਡ ਮੇਲੇ ਜਾਂ ਲੋਕ ਭਲਾਈ ਦੇ ਕੰਮਾਂ ਲਈ ਬਣੇ ਕਲੱਬ ਜਾਂ ਖੇਡ ਸੰਸਥਾਵਾਂ ਪਿੰਡ ਪੱਧਰ ਦੀਆਂ ਸੰਸਥਾਵਾਂ ਦੀ ਉਦਾਹਰਨ ਹਨ। ਸੂਬੇ ਦੇ ਲਈ ਕਨੂੰਨ ਬਣਾਉਣ ਲਈ ਵਿਧਾਨ ਸਭਾ ਸੂਬਾ ਪੱਧਰੀ ਸੰਸਥਾ ਹੈ ਦੇਸ ਲਈ ਕਨੂੰਨ ਬਨਾਉਣ ਲਈ ਸੰਸਦ ਦੇਸ ਪੱਧਰੀ ਸੰਸਥਾ ਹੈ। ਪਰੰਤੂ ਕੁਝ ਸੰਸਥਾਵਾਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਸਿਰਫ ਕਿਸੇ ਦੇਸ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਲਈ ਵੱਖ-ਵੱਖ ਦੇਸ਼ਾਂ ਵਿਚਾਲੇ ਸਹਿਯੋਗ ਭਲਾਈ ਅਤੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੰਮ ਕਰਦੀਆਂ ਹਨ। ਇਹਨਾਂ ਸੰਸਥਾਵਾਂ ਨੂੰ ਅੰਤਰ ਰਾਸ਼ਟਰੀ ਸੰਸਥਾਵਾਂ ਕਿਹਾ ਜਾਂਦਾ ਹੈ। ਵੱਖ-ਵੱਖ ਦੇਸ਼ ਇਹਨਾਂ ਸੰਸਥਾਵਾਂ ਦੇ ਮੈਂਬਰ ਹੁੰਦੇ ਹਨ। ਇਹ ਸੰਸਥਾਵਾਂ ਕਈ ਵਾਰ ਟੀਚੇ ਅਧਾਰਿਤ ਹੁੰਦੀਆਂ ਹਨ ਜੋ ਖਾਸ ਟਿੱਚੇ ਨੂੰ ਪ੍ਰਾਪਤ ਕਰਨ ਲਈ ਬਣਾਈਆਂ ਜਾਂਦੀਆਂ ਹਨ। ਇਸਦੇ ਉਲਟ ਕਈ ਸੰਸਥਾਵਾਂ ਹਰ ਤਰ੍ਹਾਂ ਦੇ ਕਾਰਜ ਕਰਨ ਲਈ ਸਦੀਵੀ ਹੁੰਦੀਆਂ ਹਨ। ਉਦਾਹਰਨ ਦੇ ਤੌਰ 'ਤੇ ਸੰਯੁਕਤ ਰਾਸ਼ਟਰ ਅਜਿਹੀ ਸੰਸਥਾ ਹੈ ਜੋ ਸਾਰੇ ਵਿਸਵ ਦੇ ਦੇਸ਼ਾਂ ਵਿਚਕਾਰ, ਸਹਿਯੋਗ ਤੇ ਸ਼ਾਂਤੀ ਸਥਾਪਿਤ ਕਰਨ ਲਈ ਹੋਂਦ ਵਿੱਚ ਆਈ ਅਤੇ ਵਿਸ਼ਵ ਦੀ ਹਰ ਤਰ੍ਹਾਂ ਦੀ ਮੁਸ਼ਕਿਲ ਨਾਲ ਨਜਿੱਠਣ ਲਈ ਵੱਖ-ਵੱਖ ਦੇਸ਼ਾਂ ਨਾਲ ਸਹਿਯੋਗ ਕਰਨਾ, ਫੈਸਲਾ ਲੈਣਾ ਅਤੇ ਕਾਰਵਾਈ ਕਰਨ ਦਾ ਦਮ ਰੱਖਦੀ ਹੈ। ਤਾਂ ਜੋ ਮਨੁੱਖੀ ਜਿੰਦਗੀ ਨੂੰ ਦੇਸ਼ਾਂ ਵਿਚਕਾਰ ਹੁੰਦੇ ਯੁੱਧਾਂ, ਸਮਾਜਿਕ-ਆਰਥਿਕ ਧੱਕੇਸ਼ਾਹੀਆਂ ਨਸਲੀ ਵਿਰੋਧਾਂ ਆਦਿ ਤੋਂ ਬਚਾਇਆ ਜਾਵੇ ਅਤੇ ਅਜਿਹਾ ਪੰਚ ਤਿਆਰ ਕੀਤਾ ਜਾ ਸਕੇ ਜਿਥੇ ਵਿਸ਼ਵ ਦੇ ਹਰ ਮਸਲੇ ਭਾਈਚਾਰੇ ਦੀ ਮੁਸ਼ਕਿਲ ਨੂੰ ਵਿਚਾਰਿਆ ਅਤੇ ਹੱਲ ਕਰਨ ਲਈ ਫੈਸਲਾ ਲਿਆ ਜਾ ਸਕੇ।



ਸੰਯੁਕਤ ਰਾਸਟਰ ਨਾਲ ਸਬੰਧਤ ਕੁਝ ਅੰਤਰਰਾਸਟਰੀ ਸੰਸਥਾਵਾਂ ਦੇ ਚਿੰਨ੍ਹ

ਪਹਿਲੇ ਵਿਸ਼ਵ ਯੁੱਧ ਸੰਨ 1914 ਤੋਂ 1919 ਤੱਕ ਤੋਂ ਬਾਅਦ, ਯੁੱਧਾਂ ਤੋਂ ਬਚਣ ਲਈ ਅਤੇ ਆਲਮੀ ਮਨੁੱਖ ਜਾਤੀ ਦੀ ਰੱਖਿਆ ਲਈ ਸੰਨ 1919-20 ਵਿੱਚ ਰਾਸ਼ਟਰ ਸੰਘ (League of Nations) ਦੀ ਸਥਾਪਨਾ ਕੀਤੀ ਗਈ ਪਰ ਫ਼ਿਰ ਵੀ ਸੰਨ 1939 ਵਿਚ ਦੂਸਰਾ ਵਿਸ਼ਵ ਯੁੱਧ (ਸੰਨ 1939 ਤੋਂ 1945 ਤੱਕ) ਅਰੰਭ ਹੋਇਆ ਜਿਸ ਦੌਰਾਨ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋਇਆ। ਇਸ ਉਪਰੰਤ ਵਿਸ਼ਵ ਦੇ ਮੋਢੀ ਦੇਸ਼ਾਂ ਨੇ ਵਿਸ਼ਵ ਸ਼ਾਂਤੀ ਲਈ ਕਿਸੇ ਸੰਸਥਾ ਦੀ ਸਥਾਪਨਾ ਲਈ ਮਹੱਤਵਪੂਰਨ ਯਤਨ ਕਰਨੇ ਸ਼ੁਰੂ ਕਰ ਦਿੱਤੇ।

ਯਾਦ ਰੱਖਣਯੋਗ ਗੱਲਾਂ

ਰਾਸ਼ਟਰ ਸੰਘ ਪਹਿਲਾ ਅੰਤਰ ਰਾਸ਼ਟਰੀ ਸੰਗਠਨ ਸੀ, ਜਿਸਦਾ ਮੁੱਖ ਮੰਤਵ ਵਿਸ਼ਵ ਸ਼ਾਂਤੀ ਨੂੰ ਬਣਾਈ ਰੱਖਣਾ ਸੀ। ਇਸਦੀ ਸਥਾਪਨਾ 10 ਜਨਵਰੀ 1920 ਪਹਿਲੇ ਵਿਸ਼ਵ ਯੁੱਧ ਨੂੰ ਸਮਾਪਤ ਕਰਨ ਵਾਲੀ 'ਪੈਰਿਸ ਸਾਂਤੀ ਕਾਨਫਰੰਸ' ਦਾ ਨਤੀਜਾ ਸੀ।

25 ਅਪ੍ਰੈਲ 1945 ਨੂੰ ਅੰਤਰ ਰਾਸ਼ਟਰੀ ਸੰਗਠਨ ਦੀ ਸਥਾਪਨਾ ਅਤੇ ਵਿਸ਼ਵ ਭਰ ਵਿੱਚੋਂ ਯੁੱਧਾਂ ਨੂੰ ਸਮਾਪਤ ਕਰਨ ਲਈ ਸੰਯੁਕਤ ਰਾਜ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ (San Franusco) ਵਿੱਚ ਇੱਕ ਅੰਤਰ ਰਾਸ਼ਟਰੀ ਸੰਮੇਲਨ ਹੋਇਆ। ਇਸ ਸੰਮੇਲਨ ਵਿੱਚ 51 ਦੇਸ਼ਾਂ ਨੇ ਭਾਗ ਲਿਆ। ਇਹਨਾਂ 51 ਮੈਬਰਾਂ ਨੂੰ ਸੰਯੁਕਤ ਰਾਸ਼ਟਰ ਦੇ ਮੁੱਢਲੇ ਮੈਂਬਰ ਕਿਹਾ ਜਾਂਦਾ ਹੈ ਅਤੇ ਭਾਰਤ ਇਹਨਾਂ ਮੈਂਬਰ ਵਿਚ ਸ਼ਾਮਲ ਸੀ। ਇਹ ਸੰਮੇਲਨ 26 ਜੂਨ 1945 ਤੱਕ ਚਲਦਾ ਰਿਹਾ ਅਤੇ ਇਸ ਸੰਮੇਲਨ ਉਪਰੰਤ ਇੱਕ ਚਾਰਟਰ ਦੇ ਸਾਰੇ ਮੈਂਬਰਾਂ ਨੇ ਦਸਤਖ਼ਤ ਕੀਤੇ ਜਿਸ ਰਾਹੀਂ 'ਸੰਯੁਕਤ ਰਾਸ਼ਟਰ' ਦੀ ਸਥਾਪਨਾ ਹੋਈ।

ਅੰਤ ਵਿੱਚ 24 ਅਕਤੂਬਰ 1945 ਨੂੰ ਅਮਰੀਕਾ, ਰੂਸ, ਚੀਨ, ਫਰਾਂਸ ਅਤੇ ਬਰਤਾਨੀਆ (Britain) ਦੁਆਰਾ ਇਸਨੂੰ ਮਨਜ਼ੂਰੀ ਦੇਣ ਤੇ ਸੰਯੁਕਤ ਰਾਸ਼ਟਰ ਨਿਯਮਿਤ ਰੂਪ ਵਿੱਚ ਹੋਂਦ ਵਿੱਚ ਆਇਆ। ਹੁਣ ਹਰ ਸਾਲ 24 ਅਕਤੂਬਰ ਨੂੰ 'ਸੰਯੁਕਤ ਰਾਸ਼ਟਰ ਦਿਵਸ' (United Nations Day) ਵਜੋਂ ਮਨਾਇਆ ਜਾਂਦਾ ਹੈ।

ਸੰਯੁਕਤ ਰਾਸ਼ਟਰ ਸੰਘ

ਸੰਯੁਕਤ ਰਾਸ਼ਟਰ ਬਾਰੇ ਮਹੱਤਵਪੂਰਨ ਜਾਣਕਾਰੀ

ਸੰਯੁਕਤ ਰਾਸ਼ਟਰ ਦੇ ਚਾਰਟਰ 'ਤੇ 26 ਜੂਨ 1945 ਨੂੰ ਦਸਤਖ਼ਤ ਕੀਤੇ ਗਏ।

24 ਅਕਤੂਬਰ 1945 ਨੂੰ ਸੰਯੁਕਤ ਰਾਸ਼ਟਰ ਦਾ ਚਾਰਟ ਲਾਗੂ ਹੋਇਆ।

ਸੰਯੁਕਤ ਰਾਸ਼ਟਰ ਦੀ ਸਥਾਪਨਾ 24 ਅਕਤੂਬਰ 1945 ਨੂੰ ਹੋਈ ਸੀ।

ਸੰਯੁਕਤ ਰਾਸ਼ਟਰ ਦਾ ਮੁੱਖ ਦਫ਼ਤਰ ਨਿਊਯਾਰਕ ਵਿਖੇ ਸਥਿਤ ਹੈ।

ਸੰਯੁਕਤ ਰਾਸ਼ਟਰ ਦੇ ਹੁਣ ਤੱਕ ਕੁੱਲ 193 ਮੈਂਬਰ ਰਾਜ ਅਤੇ 02 ਨਿਗੀਖਕ ਰਾਜ ਹਨ।

UNITED NATIONS

ਸੰਯੁਕਤ ਰਾਸ਼ਟਰ ਦੇ ਉਦੇਸ਼

ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਨੇ ਅਨੁਛੇਦ-1 ਵਿਚਲੀਆਂ ਵਿਵਸਥਾਵਾਂ ਤੋਂ ਸਾਨੂੰ ਇਸਦੇ ਹੇਠ ਲਿਖੇ ਉਦੇਸ਼ਾਂ ਦੀ ਜਾਣਕਾਰੀ ਮਿਲਦੀ ਹੈ:-

1. ਆਉਣ ਵਾਲੀਆਂ ਪੀੜ੍ਹੀਆਂ ਨੂੰ ਯੁੱਧ ਦੇ ਖਤਰੇ ਤੋਂ ਬਚਾਉਣਾ।
2. ਸਮਾਜ ਦਾ ਵਿਕਾਸ ਅਤੇ ਬਿਹਤਰ ਜੀਵਨ ਪੱਧਰ ਵਿਕਸਿਤ ਕਰਨਾ.
3. ਅੰਤਰਰਾਸ਼ਟਰੀ ਕਨੂੰਨਾਂ ਲਈ ਸਤਿਕਾਰ ਪੈਦਾ ਕਰਨਾ।
4. ਮਨੁੱਖੀ ਅਧਿਕਾਰਾਂ ਵਿਚ ਮੁੜ ਵਿਸ਼ਵਾਸ ਜਗਾਉਣਾ।

ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਨੂੰ ਪੜ੍ਹ ਕੇ ਅਸੀ ਸਮਝ ਸਕਦੇ ਹਾਂ ਕਿ ਸੰਯੁਕਤ ਰਾਸ਼ਟਰ ਦਾ ਮੁੱਢਲਾ ਕਾਰਜ ਵੱਖ-ਵੱਖ ਦੇਸ਼ਾਂ ਦਰਮਿਆਨ ਹੋਣ ਵਾਲੇ ਝਗੜਿਆਂ ਨੂੰ ਆਪਸੀ ਸਹਿਯੋਗ ਅਤੇ ਸਾਲਸੀ ਨਾਲ ਸੁਲਝਾਉਣਾ ਹੈ ਤਾਂ ਜੋ ਯੁੱਧਾਂ ਦੀ ਤਬਾਹੀ ਤੋਂ ਮਾਨਵਤਾ ਨੂੰ ਬਚਾਇਆ ਜਾ ਸਕੇ ਅਤੇ ਵੱਖ-ਵੱਖ ਦੇਸ਼ਾਂ ਨੂੰ ਯੁੱਧ ਤੋਂ ਟਾਲਿਆ ਜਾ ਸਖਤੀ ਨਾਲ ਰੋਕਿਆ ਜਾ ਸਕੇ। ਪੂਰੇ ਵਿਸ਼ਵ

ਵਿੱਚ ਲੋਕਾਂ ਦਾ ਰਹਿਣ-ਸਹਿਣ, ਰੋਜ਼ੀ-ਰੋਟੀ ਅਤੇ ਆਰਥਿਕ ਹਾਲਤਾਂ ਵਿੱਚ ਸੁਧਾਰ ਕਰਨਾ ਤਾਂ ਜੋ ਪੂਰੇ ਵਿਸ਼ਵ ਦੇ ਮਨੁੱਖਾਂ ਨੂੰ ਆਰਥਿਕ ਸਮਾਜਿਕ ਅਤੇ ਹਰ ਤਰ੍ਹਾਂ ਦੇ ਭੇਦਭਾਵ ਅਤੇ ਧੱਕੇਸ਼ਾਹੀ ਤੋਂ ਬਚਾਇਆ ਜਾ ਸਕੇ ਕਿਉਂਕਿ ਕਿਸੇ ਵੀ ਖਿੱਤੇ ਵਿੱਚ ਮਾਨਵਤਾ ਨਾਲ ਹੁੰਦੀ ਧੱਕੇਸ਼ਾਹੀ ਅਤੇ ਆਰਥਿਕ ਭੇਦਭਾਵ ਲੋਕਾਂ ਮਨਾਂ ਵਿੱਚ ਰੋਹ ਦੀ ਸਥਿਤੀ ਪੈਦਾ ਕਰਦਾ ਹੈ ਜੋ ਭਵਿੱਖ ਵਿੱਚ ਵੱਡੀ ਹਿੰਸਾ ਦਾ ਕਾਰਨ ਬਣ ਸਕਦਾ ਹੈ ਇਹ ਵੱਖ-ਵੱਖ ਦੇਸ਼ਾ ਵਿਚਾਲੇ ਬਣੇ ਅੰਤਰਰਾਸ਼ਟਰੀ ਕਨੂੰਨਾਂ ਨੂੰ ਲਾਗੂ ਕਰਵਾਉਣ ਲਈ ਯਤਨ ਕਰਦਾ ਹੈ ਕਿਉਂਕਿ ਵੱਖ-ਵੱਖ ਦੇਸ਼ ਜੇਕਰ ਕਨੂੰਨਾਂ ਦੇ ਅਨੁਸ਼ਾਸਨ ਵਿੱਚ ਰਹਿਣਗੇ ਤਾਂ ਆਪਸੀ ਝਗੜਿਆਂ ਦੀ ਸੰਭਾਵਨਾ ਘੱਟ ਹੋਵੇਗੀ। ਪੂਰੇ ਵਿਸ਼ਵ ਮਨੁੱਖਾਂ ਦੇ ਲਈ ਮੁੱਢਲੇ ਅਧਿਕਾਰਾਂ ਦੀ ਰੱਖਿਆ ਕਰਨਾ। ਇਸ ਦੇ ਲਈ ਕਿਸੇ ਦੇਸ ਦੇ ਲੋਕਾਂ ਨਾਲ ਧੱਕਾ ਕਰ ਰਹੀ ਸਰਕਾਰ ਨੂੰ ਰੋਕਣਾ ਜਾ ਜ਼ੁਲਮ ਸਹਿ ਰਹੇ ਮਨੁੱਖਾਂ ਜਾਂ ਭਾਈਚਾਰਿਆਂ ਦੀ ਸਹਾਇਤਾ ਕਰਨਾ ਸ਼ਾਮਿਲ ਹੈ।

ਸੰਯੁਕਤ ਰਾਸ਼ਟਰ ਸੰਘ ਦੇ ਸਿਧਾਂਤ

ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਨੇ ਅਨੁਛੇਦ-2 ਵਿੱਚ ਕੁੱਝ ਸਿਧਾਂਤਾਂ ਦਾ ਵਰਣਨ ਕੀਤਾ ਗਿਆ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹਨ।

1. ਸੰਯੁਕਤ ਰਾਸ਼ਟਰ ਸੰਘ ਮੈਂਬਰ ਰਾਜਾਂ ਦੀ ਪ੍ਰਭੂਸੱਤਾ ਸੰਪਨਤਾ ਅਤੇ ਸਮਾਨਤਾ ਦੇ ਸਿਧਾਂਤ ਉੱਪਰ ਅਧਾਰਿਤ ਹੈ।
2. ਇਸਦੇ ਸਾਰੇ ਮੈਂਬਰ ਆਪਸੀ ਝਗੜਿਆਂ ਦੇ ਨਿਪਟਾਰੇ ਲਈ ਸ਼ਾਂਤੀ ਪੂਰਨ ਢੰਗਾਂ ਦੀ ਵਰਤੋਂ ਕਰਨਗੇ ਤਾਂ ਜੋ ਵਿਸ਼ਵ ਸ਼ਾਂਤੀ ਬਣੀ ਰਹੇ।
3. ਸਾਰੇ ਮੈਂਬਰ ਕਿਸੇ ਰਾਜ ਦੀ ਅਖੰਡਤਾ ਅਤੇ ਸੁਤੰਤਰਤਾ ਦੇ ਵਿਰੁੱਧ ਨਾ ਤਾਂ ਧਮਕੀ ਦੇਣਗੇ ਅਤੇ ਨਾ ਹੀ ਬਲ ਜਾਂ ਤਾਕਤ ਦੀ ਵਰਤੋਂ ਕਰਨਗੇ।
4. ਸਾਰੇ ਮੈਂਬਰ ਰਾਸ਼ਟਰ ਸੰਯੁਕਤ ਰਾਸ਼ਟਰ ਵੱਲੋਂ ਚਾਰਟਰ ਅਨੁਸਾਰ ਕੀਤੀ ਕਾਰਵਾਈ ਨਾਲ ਸਹਿਮਤੀ ਪ੍ਰਗਟ ਕਰਨਗੇ।
5. ਸੰਯੁਕਤ ਰਾਸ਼ਟਰ ਸੰਘ ਮੈਂਬਰ, ਰਾਸ਼ਟਰਾਂ ਦੇ ਘਰੇਲੂ ਕੰਮਾਂ ਵਿੱਚ ਕਿਸੇ ਪ੍ਰਕਾਰ ਦੀ ਦਖ਼ਲਅੰਦਾਜ਼ੀ ਨਹੀਂ ਕਰੇਗਾ, ਜਿਸ ਨਾਲ ਪ੍ਰਭੂਸੱਤਾ ਦੇ ਸਿਧਾਂਤ ਨੂੰ ਧੱਕਾ ਲੱਗੇ।

ਯਾਦ ਰੱਖਣ ਯੋਗ ਗੱਲਾਂ

ਇੱਥੇ ਇਹ ਜ਼ਰੂਰੀ ਯਾਦ ਰੱਖਣਾ ਕਿ UNO ਦੇ ਮੈਂਬਰਾਂ ਤੋਂ ਇਲਾਵਾਂ ਜਿਹੜੇ ਰਾਸ਼ਟਰ ਇਸਦੇ ਮੈਂਬਰ ਨਹੀਂ ਹਨ, ਉਹਨਾਂ ਵਿੱਚੋਂ ਨਿਰੀਖਕ (Observer) ਦੀ ਰੁਤਬਾ (Status) ਵਿੱਚ ਮਹਾਂਸਭਾ ਦੁਆਰਾ UNO ਦੀਆਂ ਮੀਟਿੰਗਾਂ ਵਿੱਚ ਭਾਗ ਲੈਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਪਰ ਨਿਰੀਖਕ ਨੂੰ ਮਹਾਂਸਭਾ ਵਿੱਚ ਵੋਟ ਦੇਣ ਦਾ ਅਧਿਕਾਰ ਨਹੀਂ ਹੁੰਦਾ। ਫਲਸਤੀਨ (Palstine) ਅਤੇ ਵੈਟੀਕਨ ਸਿਟੀ (Vatican City) ਨਿਰੀਖਕ ਮੈਂਬਰ ਹਨ।

ਭਾਰਤ ਇਸਦਾ ਮੁੱਢਲਾ ਮੈਂਬਰ ਹੈ ਕਿਉਂਕਿ ਭਾਰਤ 24 ਅਕਤੂਬਰ 1945 ਨੂੰ ਸਾਨਫਰਾਂਸਿਸਕੋ ਸੰਮੇਲਨ ਵਿੱਚ ਸ਼ਾਮਿਲ ਸੀ। ਸੰਯੁਕਤ ਰਾਸ਼ਟਰ ਦੇ ਕੁੱਲ 193 ਮੈਂਬਰ ਹਨ।

ਸੰਯੁਕਤ ਰਾਸ਼ਟਰ ਦੇ ਮੁੱਖ ਅੰਗ

ਸੰਯੁਕਤ ਰਾਸ਼ਟਰ ਦੇ ਕੁੱਲ 6 ਮੁੱਖ ਅੰਗ ਹਨ:-

1. ਮਹਾਂਸਭਾ (General Assembly)
2. ਸਲਾਮਤੀ ਕੌਂਸਲ (Security Council)
3. ਆਰਥਿਕ ਅਤੇ ਸਮਾਜਿਕ ਕੌਂਸਲ (Economic & Social)
4. ਅਮਾਨਤੀ ਕੌਂਸਲ (Trusteeship Council)
5. ਨਿਆਂ ਦੀ ਅੰਤਰਰਾਸ਼ਟਰੀ ਅਦਾਲਤ (International court of Justice)
6. ਸਕੱਤਰੇਤ (Secretariat)



ਸੰਯੁਕਤ ਰਾਸ਼ਟਰ ਦੇ ਅੰਗਾਂ ਦਾ ਮਾਡਲ

1. ਆਓ ਇਹਨਾਂ ਅੰਗਾਂ ਦਾ ਵਿਸਥਾਰ ਸਹਿਤ ਵਰਣਨ ਕਰੀਏ

1. ਮਹਾਂਸਭਾ : ਮਹਾਂਸਭਾ ਸੰਯੁਕਤ ਰਾਸ਼ਟਰ ਦਾ ਬਹੁਤ ਮਹੱਤਵਪੂਰਨ ਅੰਗ ਹੈ। ਜੇਕਰ ਮਹਾਂਸਭਾ ਨੂੰ UN ਦੀ ਵਿਧਾਨਪਾਲਿਕਾ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਤੋਂ ਇਲਾਵਾ ਇਸਨੂੰ ਆਲਮੀ ਪੰਚਾਇਤ (World Panchayat) ਵੀ ਕਿਹਾ ਜਾਂਦਾ ਹੈ। ਹਰੇਕ ਮੈਂਬਰ ਰਾਸ਼ਟਰ ਆਪਣੇ ਪੰਜ ਪ੍ਰਤੀਨਿਧ ਮਹਾਂਸਭਾ ਵਿੱਚ ਭੇਜ ਸਕਦਾ ਹੈ, ਪਰ ਹਰੇਕ ਰਾਜ ਨੂੰ ਕੇਵਲ ਇੱਕ ਵੋਟ ਹੀ ਪ੍ਰਾਪਤ ਹੁੰਦੀ ਹੈ; ਇਸ ਤੋਂ ਇਲਾਵਾ ਕੋਈ ਵੀ ਰਾਜ ਮਹਾਂਸਭਾ ਦਾ ਮੈਂਬਰ ਬਣ ਸਕਦਾ ਹੈ। 14 ਜੁਲਾਈ 2011 ਨੂੰ South Sudan ਦੇ ਇਸਦੇ ਮੈਂਬਰ ਬਣਨ ਨਾਲ ਇਸਦੇ ਮੈਂਬਰਾਂ ਦੀ ਗਿਣਤੀ 193 ਹੋ ਗਈ ਹੈ। ਮਹਾਂਸਭਾ ਦਾ ਸਭਾਪਤੀ ਦਾ ਕਾਰਜਕਾਲ ਇੱਕ ਸਾਲ ਦਾ ਹੁੰਦਾ ਹੈ। ਉਸਨੂੰ ਗੁਪਤ ਮਤੱਦਾਨ ਰਾਹੀ ਚੁਣਿਆ ਜਾਂਦਾ ਹੈ। ਮਹਾਂਸਭਾ ਦਾ ਸਮਾਗਮ ਸਾਲ ਵਿੱਚ ਘੱਟ ਤੋਂ ਘੱਟ ਇੱਕ ਵਾਰ ਜ਼ਰੂਰ ਹੁੰਦਾ ਹੈ। ਆਮ ਤੌਰ ਤੇ ਇਹ ਸਮਾਗਮ ਸਤੰਬਰ ਮਹੀਨੇ ਦੇ ਤੀਜੇ ਮੰਗਲਵਾਰ ਨੂੰ ਬੁਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੰਕਟਕਾਲੀ ਸ਼ੈਸਨ/ਇਜਲਾਸ ਵੀ ਬੁਲਾਇਆ ਜਾ ਸਕਦਾ ਹੈ। ਮਹਾਂਸਭਾ ਦੇ ਸਾਰੇ ਫੈਸਲੇ ਵੋਟ ਦੁਆਰਾ ਕੀਤੇ ਜਾਂਦੇ ਹਨ।

ਮਹਾਂਸਭਾ ਵਿਚਾਰ-ਵਟਾਂਦਰਾ ਕਰਦੀ ਹੈ ਅਤੇ ਸੰਯੁਕਤ ਰਾਸ਼ਟਰ ਦੇ ਚਾਰਟਰ ਵਿਚ ਸਾਮਲ ਮਾਮਲਿਆਂ ਬਾਰੇ ਮਤਾ ਪਾਸ ਕਰਨ ਦਾ ਕਾਰਜ ਕਰਦੀ ਹੈ। ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੇ ਬਜਟ ਦੀ ਪ੍ਰਵਾਨਗੀ ਦੇਣਾ ਆਦਿ ਸ਼ਾਮਲ ਹੈ।

2. ਸਲਾਮਤੀ ਕੌਂਸਲ (Security Council) : ਸਲਾਮਤੀ ਕੌਂਸਲ ਸੰਯੁਕਤ ਰਾਸ਼ਟਰ ਦਾ ਕਾਰਜਸਾਧਕੀ ਅੰਗ ਹੈ ਦੇ ਕੁੱਲ 15 ਮੈਂਬਰ ਹਨ 5 ਸਥਾਈ ਅਤੇ 10 ਅਸਥਾਈ। ਇਸ਼ਦੇ ਪੰਜ ਸਥਾਈ ਮੈਂਬਰ ਹੇਠ ਲਿਖੇ ਅਨੁਸਾਰ ਹਨ।

R–Russia (ਰੂਸ)

E–England (ਇੰਗਲੈਂਡ)

C–China (ਚੀਨ)

A–America (ਅਮਰੀਕਾ)

F–France (ਫਰਾਂਸ)

ਉਪਰੋਕਤ ਪੰਜ ਸਥਾਈ ਮੈਂਬਰਾਂ ਤੋਂ ਇਲਾਵਾ 10 ਅਸਥਾਈ ਮੈਂਬਰਾਂ ਦੀ ਚੋਣ ਮਹਾਂਸਭਾ ਦੁਆਰਾ 2/3 ਬਹੁਮਤ ਨਾਲ ਦੋ ਸਾਲ ਲਈ ਕੀਤੀ ਜਾਂਦੀ ਹੈ ਸਲਾਮਤੀ ਕੌਂਸਲ ਦੁਆਰਾ ਕੀਤੇ ਜਾਣ ਵਾਲੇ ਫੈਸਲਿਆਂ 'ਤੇ ਇਹਨਾਂ 5 ਸਥਾਈ ਮੈਂਬਰਾਂ ਦਾ ਸਹਿਮਤ ਹੋਣਾ ਜ਼ਰੂਰੀ ਹੈ। ਇਹਨਾਂ ਪੰਜ ਸਥਾਈ ਮੈਂਬਰ ਵਿੱਚੋਂ ਜੇਕਰ ਕੋਈ ਇਕ ਮੈਂਬਰ ਵੀ ਕਿਸੇ ਮੁੱਦੇ ਤੇ ਅਸਹਿਮਤ ਹੁੰਦੀ ਹੈ ਤਾਂ ਫੈਸਲਾ ਨਹੀਂ ਲਿਆ ਜਾ ਸਕਦਾ ਅਤੇ ਇਸ ਅਸਹਿਮਤੀ ਨੂੰ ਸਬੰਧਤ ਮੈਂਬਰ ਵੀ ਵੀਟੋ ਸ਼ਕਤੀ (Veto Power) ਕਿਹਾ ਜਾਂਦਾ ਹੈ। ਸਲਾਮਤੀ ਕੌਂਸਲ ਦੀ ਬੈਠਕ ਦੋ ਹਫਤਿਆਂ ਬਾਅਦ ਹੁੰਦੀ ਹੈ। ਇਹ ਸੰਯੁਕਤ ਰਾਸ਼ਟਰ ਦਾ ਲਗਾਤਾਰ ਕੰਮ ਕਰਦਾ ਰਹਿਣ ਵਾਲਾ ਅੰਗ ਹੈ। ਇਸ ਤੋਂ ਇਲਾਵਾ ਸਲਾਮਤੀ ਕੌਂਸਲ ਦਾ ਇੱਕ ਸਪੀਕਰ ਹੁੰਦਾ ਹੈ। ਸਲਾਮਤੀ ਕੌਂਸਲ ਦਾ ਹਰ ਮੈਂਬਰ ਰੋਮਨ ਅੱਖਰਾਂ ਦੀ ਤਰਤੀਬ ਅਨੁਸਾਰ ਵਾਰੀ-ਵਾਰੀ ਇਕ ਮਹੀਨੇ ਲਈ ਸਭਾਪਤੀ ਬਣਦਾ ਹੈ। ਇਹ ਸੰਯੁਕਤ ਰਾਸ਼ਟਰ ਦੇ ਫੈਸਲਿਆਂ ਨੂੰ ਲਾਗੂ ਕਰਦੀ ਹੈ।

ਸਲਾਮਤੀ ਕੌਂਸਲ ਦਾ ਮੁੱਖ ਕਾਰਜ ਅੰਤਰ-ਰਾਸ਼ਟਰ/ਕੌਮਾਂਤਰੀ ਸ਼ਾਂਤੀ ਅਤੇ ਸਲਾਮਤੀ ਬਣਾਏ ਰੱਖਦਾ ਹੈ। ਸਲਾਮਤੀ ਕੌਂਸਲ ਵਾਰਤਾਕਾਰੀ (Negotiatar), ਨਿਰੀਖਣਕਾਰੀ (Observer), ਅਮਨ-ਸਥਾਪਕ (Peace keeper) ਅਤੇ ਅਮਨ ਸ਼ਾਂਤੀ ਲਾਗੂ ਕਰਤਾ ਇਸਦਾ ਭਾਵ ਹੈ ਕਿ ਪਹਿਲਾਂ ਗੱਲਬਾਤ ਰਾਹੀਂ ਮਸਲਿਆਂ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਮੁੱਦੇ/ਮਸਲੇ ਵਿਚ ਸ਼ਾਮਲ ਧਿਰਾਂ/ਦੇਸਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਂਦੀ ਹੈ। ਨਜ਼ਰਸਾਨੀ ਦੌਰਾਨ ਦੋਸੀ ਪਾਏ ਜਾਂਦੇ ਦੇਸ/ਰਾਜ ਉਪਰ ਆਰਥਿਕ ਪਾਬੰਦੀਆਂ/ਰੋਕਾਂ ਲਾ ਦਿੱਤੀਆਂ ਜਾਂਦੀਆਂ ਹਨ। ਫਿਰ ਵੀ ਜੇਕਰ ਸਬੰਧ ਰਾਜ ਸਲਾਮਤੀ ਕੌਂਸਲ ਦੇ ਫੈਸਲੇ ਨਾਲ ਸਹਿਮਤ ਨਹੀਂ ਹੁੰਦਾ ਤਾਂ ਉਸ ਵਿਰੁੱਧ ਸੰਯੁਕਤ ਰਾਸ਼ਟਰੀ ਦੀ ਸਾਂਤੀ ਸੈਨਾ (Peace Keeping Forces) ਭੇਜ ਕੇ ਕਰਵਾਈ ਵੀ ਕੀਤੀ ਜਾਂਦੀ ਹੈ।

ਯਾਦ ਰੱਖਣਯੋਗ

- ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੇ ਪੰਜ ਸਥਾਈ ਮੈਂਬਰ (ਰੂਸ, ਇੰਗਲੈਂਡ, ਚੀਨ, ਅਮਰੀਕਾ, ਫਰਾਂਸ) ਵੀਟੋ ਸ਼ਕਤੀ ਪ੍ਰਾਪਤ ਦੇਸ਼ ਹਨ।
- ਨਾਕਾਰਨ ਦਾ ਅਧਿਕਾਰ/ਵੀਟੋ ਸ਼ਕਤੀ ਤੋਂ ਭਾਵ, ਸਲਾਮਤੀ ਕੌਂਸਲ ਦੇ ਸਥਾਈ ਮੈਂਬਰਾਂ ਨੂੰ ਉਚੇਚੇ ਵੋਟ ਦਾ ਅਧਿਕਾਰ ਹੈ।

3. ਆਰਥਿਕ ਅਤੇ ਸਮਾਜਿਕ ਕੌਂਸਲ : ਸੰਯੁਕਤ ਰਾਸ਼ਟਰ ਦਾ ਇੱਕ ਮਹੱਤਪੂਰਨ ਉਦੇਸ਼ ਰਾਜਾਂ ਦੇ ਆਰਥਿਕ ਅਤੇ ਸਮਾਜਿਕ ਕਲਿਆਣ ਕਰਨਾ ਅਤੇ ਉਹਨਾਂ ਦਾ ਵਿਕਾਸ ਕਰਨਾ ਹੈ, ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਦੇਸ਼ਾਂ ਵਿੱਚ ਸਮਾਜਿਕ ਅਤੇ ਆਰਥਿਕ ਸਹਿਯੋਗ ਵਿਸ਼ਵ ਸਾਂਤੀ ਦੀ ਸਥਾਪਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਮੂਲ ਰੂਪ ਵਿੱਚ ਇਸਦੇ 18 ਮੈਂਬਰ ਸਨ, ਅਗਸਤ 1966 ਵਿੱਚ ਇਸਦੇ 27 ਮੈਂਬਰ ਹੋ ਗਏ ਅਤੇ 1973 ਵਿੱਚ ਇਹ ਸੰਖਿਆ 54 ਹੋ ਗਈ। ਇਸਦੇ ਮੈਂਬਰ ਮਹਾਂਸਭਾ ਦੁਆਰਾ 3 ਸਾਲ ਲਈ ਚੁਣੇ ਜਾਂਦੇ ਹਨ। ਇਹਨਾਂ ਵਿੱਚੋਂ 1/3 ਮੈਂਬਰ ਹਰ ਸਾਲ ਰਿਟਾਇਰ ਹੁੰਦੇ ਹਨ, ਉਹਨਾਂ ਦੀ ਜਗ੍ਹਾ ਨਵੇਂ ਮੈਂਬਰ ਚੁਣ ਲਏ ਜਾਂਦੇ ਹਨ। ਆਰਥਿਕ ਅਤੇ ਸਮਾਜਿਕ ਕੌਂਸਲ ਦੀਆਂ ਸਲਾਨਾ ਦੋ ਬੈਠਕਾਂ ਹੁੰਦੀਆਂ ਹਨ। ਆਰਥਿਕ ਅਤੇ ਸਮਾਜਿਕ ਪਰਿਸ਼ਦ ਦੁਆਰਾ ਵੱਖ-ਵੱਖ ਦੇਸ਼ਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨਾਲ ਸਬੰਧਿਤ ਮਹੱਤਵਪੂਰਨ ਕੰਮ ਕੀਤੇ ਜਾਂਦੇ ਹਨ। ਵਿਸ਼ਵ ਵਿਚ ਆਰਥਿਕ ਤੌਰ 'ਤੇ ਗਰੀਬ ਦੇਸਾਂ ਦੀ ਚੋਣ ਕਰਕੇ ਉਹਨਾਂ ਨੂੰ ਫੰਡ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ। ਵਿਸ਼ਵ ਵਿਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਭੇਦਭਾਵ ਜਾਂ ਧੱਕੇਸ਼ਾਹੀ ਝੱਲ ਰਹੇ ਸਮੂਹਾਂ ਦੀ ਪਛਾਣ ਕਰਕੇ ਇਸਦਾ ਹੱਲ ਲੱਭਣ ਲਈ ਵੱਖ-ਵੱਖ ਪ੍ਰੋਗਰਾਮ ਵੀ ਚਲਾਉਂਦੀ ਹੈ।

4. ਅਮਾਨਤੀ ਪ੍ਰੀਸ਼ਦ (Trusteeship Council) : ਸੰਯੁਕਤ ਰਾਸ਼ਟਰ ਦੇ ਕੁਝ ਪੱਛੜੇ ਹੋਏ ਸਵੈ-ਸ਼ਾਸਨ ਤੋਂ ਰਹਿਤ ਖੇਤਰਾਂ ਦੀ ਜ਼ਿੰਮੇਵਾਰੀ ਵੀ ਸੰਭਾਲਦਾ ਹੈ ਅਤੇ ਇਹਨਾਂ ਖੇਤਰਾਂ ਦਾ ਪ੍ਰਸਾਸਨਿਕ ਪ੍ਰਬੰਧ ਚਲਾਉਂਦੀ ਸੀ। ਅਮਾਨਤੀ ਪ੍ਰੀਸ਼ਦ ਇਹਨਾਂ ਖੇਤਰਾਂ ਦੀ ਦੇਖਭਾਲ ਦਾ ਕੰਮ ਕਰਦੀ ਹੈ।

ਅਮਾਨਤੀ ਪ੍ਰੀਸ਼ਦ ਦੀਆਂ ਸਾਲ ਵਿੱਚ ਦੋ ਬੈਠਕਾਂ ਹੁੰਦੀਆਂ ਹਨ, ਇੱਕ ਬੈਠਕ ਜਨਵਰੀ ਅਤੇ ਦੂਸਰੀ ਜੂਨ ਮਹੀਨੇ ਵਿੱਚ ਕਰਵਾਈ ਜਾਂਦੀ ਹੈ। ਅਮਾਨਤੀ ਪ੍ਰੀਸ਼ਦ ਗੁਲਾਮ ਜਾਤੀਆਂ ਨੂੰ ਸੁਤੰਤਰ ਹੋਣ ਵਿੱਚ ਮਦਦ, ਅੰਤਰਰਾਸ਼ਟਰੀ ਸ਼ਾਂਤੀ ਬਣਾਏ ਰੱਖਣ, ਟਰਸੱਟੀ ਸ਼ਿਪ ਪ੍ਰਦੇਸ਼ਾਂ ਦਾ ਦੌਰਾ ਕਰਨਾ, ਬਿਨੈ ਪੱਤਰ ਪ੍ਰਾਪਤ ਕਰਨਾ ਅਤੇ ਉਹਨਾਂ ਦੀ ਪੜਤਾਲ ਕਰਨਾ ਆਦਿ ਕੰਮ ਕਰਦੀ ਹੈ।

5. ਨਿਆਂ ਦੀ ਅੰਤਰਰਾਸ਼ਟਰੀ ਅਦਾਲਤ (International Court of Justice) : ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਅਧਿਆਇ-14 ਵਿੱਚ ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਦੀ ਵਿਵਸਥਾ ਕੀਤੀ ਗਈ ਹੈ। ਇਹ ਸੰਯੁਕਤ ਰਾਸ਼ਟਰ ਦਾ

ਨਿਆਂਇਕ ਅੰਗ ਹੈ। ਇਸਦੀ ਸਥਾਪਨਾ ਦਾ ਮੁੱਖ ਉਦੇਸ਼ ਅੰਤਰਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਸ਼ਾਂਤੀਪੂਰਵਕ ਢੰਗ ਨਾਲ ਕਰਨਾ ਹੈ। ਇਸ ਤਹਿਤ ਪਹਿਲਾਂ 1899 ਵਿੱਚ 'ਵਿਚੋਲਪਣ ਦੀ ਸਥਾਈ ਅਦਲਾਤ' ਫਿਰ 'ਅੰਤਰਰਾਸ਼ਟਰੀ ਨਿਆਂ ਦੀ ਸਥਾਈ ਅਦਾਲਤ' (Permanant Court of International Justice) ਦੀ ਸਥਾਪਨਾ ਕੀਤੀ ਗਈ। 1946 ਵਿੱਚ 'ਅੰਤਰਰਾਸ਼ਟਰੀ ਨਿਆਂ ਦੀ ਸਥਾਈ ਅਦਾਲਤ' ਨੂੰ ਭੰਗ ਕਰ ਦਿੱਤਾ ਗਿਆ ਅਤੇ ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਦੀ ਸਥਾਪਨਾ ਕੀਤੀ ਗਈ।

ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਦੇ ਮੈਂਬਰ ਹੁੰਦੇ ਹਨ। ਇਸ ਦੇ 15 ਜੱਜ ਹੁੰਦੇ ਹਨ, ਜਿਨ੍ਹਾਂ ਦੀ ਚੋਣ ਸੁਰੱਖਿਆ-ਪਰਿਸ਼ਦ ਦੀ ਸਿਫਾਰਿਸ਼ ਤੇ ਮਹਾਂਸਭਾ ਦੁਆਰਾ 9 ਸਾਲ ਦੇ ਕਾਰਜਕਾਲ ਲਈ ਕੀਤੀ ਜਾਂਦੀ ਹੈ। ਹਰੇਕ ਤਿੰਨ ਸਾਲ ਬਾਅਦ ਇਸਦੇ 1/3 ਮੈਂਬਰ ਸੇਵਾ ਮੁਕਤ ਹੋ ਜਾਂਦੇ ਹਨ। ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਵਿੱਚ ਰਾਜਾਂ ਦੀ ਆਪਸੀ ਸਹਿਮਤੀ ਨਾਲ ਪੇਸ਼ ਕੀਤੇ ਗਏ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

ਯਾਦ ਰੱਖਣਯੋਗ

ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਨੂੰ 'ਸੰਸਾਰ ਦੀ ਸੁਪਰੀਮ ਕੋਰਟ' ਵੀ ਕਿਹਾ ਜਾਂਦਾ ਹੈ। ਇਸ ਅਦਾਲਤ ਦਾ ਸਥਾਨ ਹੇਗ (Hague) ਨੀਂਦਰਲੈਂਡ ਵਿੱਚ ਹੈ।

6. ਸਕੱਤਰੇਤ (Secretariat) : ਸਕੱਤਰੇਤ ਸੰਯੁਕਤ ਰਾਸ਼ਟਰ ਦੇ ਮਹੱਤਵਪੂਰਨ ਅੰਗਾਂ ਵਿੱਚ ਇੱਕ ਹੈ। ਸੰਯੁਕਤ ਰਾਸ਼ਟਰ ਦਾ ਪ੍ਰਸ਼ਾਸਕੀ ਅੰਗ ਵੀ ਕਿਹਾ ਜਾਂਦਾ ਹੈ। ਇਸ ਅੰਗ ਦਾ ਮੁੱਖ ਕੰਮ ਸੰਯੁਕਤ ਰਾਸ਼ਟਰ ਦੇ ਹੋਰ ਅੰਗਾਂ ਦੁਆਰਾ ਤਿਆਰ ਕੀਤੀਆਂ ਨੀਤੀਆਂ ਨੂੰ ਪ੍ਰਸਾਸਤ ਕਰਨ ਅਤੇ ਉਹਨਾਂ ਵਿੱਚ ਤਾਲਮੇਲ ਪੈਦਾ ਕਰਨਾ ਹੈ। ਸਕੱਤਰ ਜਨਰਲ ਇਸਦਾ (ਸਕੱਤਰੇਤ) ਇੰਚਾਰਜ ਹੁੰਦਾ ਹੈ। ਇਸਦਾ ਮੁੱਖ ਕੰਮ ਸੰਯੁਕਤ ਰਾਸ਼ਟਰ ਦਾ ਰਿਕਾਰਡ ਰੱਖਣਾ ਅਤੇ ਬਕਾਇਆ ਕਾਰਜਾਂ ਨੂੰ ਪੂਰਾ ਕਰਨਾ ਹੁੰਦਾ ਹੈ। ਇੱਥੇ ਇਹ ਵਿਸ਼ੇਸ਼ ਵਰਣਨਯੋਗ ਹੈ ਕਿ ਬਕਾਇਆ ਕਾਰਜ ਉਹ ਕਾਰਜ ਹੁੰਦੇ ਹਨ ਜੋ ਕਿ ਚਾਰਟਰ ਦੁਆਰਾ ਕਿਸੇ ਵੀ ਅੰਗ ਨੂੰ ਨਹੀਂ ਸੌਂਪੇ ਗਏ। ਸਕੱਤਰ ਜਨਰਲ ਦੀ ਨਿਯੁਕਤੀ ਸੁਰੱਖਿਆ ਸਮਿਤੀ ਦੀ ਸਿਫ਼ਾਰਿਸ਼ ਅਤੇ ਸਥਾਈ ਮੈਂਬਰਾਂ ਦੀ ਮਨਜ਼ੂਰੀ ਨਾਲ ਮਹਾਂਸਭਾ ਦੁਆਰਾ ਕੀਤੀ ਜਾਂਦੀ ਹੈ। ਸਕੱਤਰ ਜਨਰਲ ਦੀ ਸਹਾਇਤਾ ਲਈ 9 ਸਹਾਇਕ (ਸਹਾਇਕ) ਸਕੱਤਰ ਜਨਰਲ ਹੁੰਦੇ ਹਨ।

ਸ੍ਰੀ ਅਨਟੋਨੀਓ ਗਟਰਸ (Sh. Antonio Guterres) ਵਰਤਮਾਨ ਸਕੱਤਰ ਜਨਰਲ ਹਨ। ਇਹਨਾਂ ਦੀ ਨਿਯੁਕਤੀ 13 ਅਕਤੂਬਰ 2016 ਨੂੰ ਮਹਾਂਸਭਾ ਦੁਆਰਾ ਕੀਤੀ ਗਈ ਹੈ।

ਸੰਯੁਕਤ ਰਾਸ਼ਟਰ ਦੀਆਂ ਉਚੇਚੀਆਂ ਏਜੰਸੀਆਂ
(Specalised Agencies of United Nations)

ਅੰਤਰਰਾਸ਼ਟਰੀ ਪੱਧਰ ਤੇ ਸੰਯੁਕਤ ਰਾਸ਼ਟਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਅਤੇ ਸਹਿਯੋਗ ਦੇ ਵਾਧੇ ਲਈ ਸੰਯੁਕਤ ਰਾਸ਼ਟਰ ਦੀਆਂ ਕੁਲ 17 ਉਚੇਚੀਆਂ ਏਜੰਸੀਆਂ ਹਨ ਜਿਹਨਾਂ ਵਿੱਚ ਕੁਝ ਹੇਠ ਲਿਖੀਆਂ ਹਨ:-

(ੳ) ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ (United Nations Educational Scientific and Cultural Organisation–UNESCO)

(ਅ) ਵਿਸ਼ਵ ਸਿਹਤ ਸੰਘ (World Health Organisation–WHO)

(ੲ) ਅੰਨ ਅਤੇ ਖੇਤੀਬਾੜੀ ਸੰਘ (Food And Agricultural Organisation–F.A.O.)

(ਸ) ਅੰਤਰਰਾਸ਼ਟਰੀ ਮਜ਼ਦੂਰ ਸੰਘ (International Labour Organisation–I.L.O.)

(ਹ) ਅੰਤਰਰਾਸ਼ਟਰੀ ਪੁਨਰ ਨਿਰਮਾਣ ਅਤੇ ਵਿਕਾਸ ਬੈਂਕ (International Bank of Reconstruction and Development–I.B.R.O.)

(ਕ) ਅੰਤਰਰਾਸ਼ਟਰੀ ਮੁਦਰਾ ਫੰਡ (International Monetary Fund:- I.M.F.)

(ਖ) ਵਿਸ਼ਵ ਪੋਸਟਲ ਸੰਘ (Universal Postal Union–U.P.U.)

ਭਾਰਤ ਅਤੇ ਸੰਯੁਕਤ ਰਾਸ਼ਟਰ
(India and United Nations)

ਭਾਰਤ ਸੰਯੁਕਤ ਰਾਸ਼ਟਰ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਹੈ, ਜਿਸਨੇ ਇਸਦੇ ਚਾਰਟਰ ਤੇ ਦਸਤਖ਼ਤ ਕੀਤੇ ਸਨ। ਭਾਰਤ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਦਾ ਸਮਰਥਕ ਹੈ। ਭਾਰਤ ਵੱਲੋਂ ਸਮੇਂ-ਸਮੇਂ ਤੇ ਇਸ ਸੰਗਠਨ ਨੂੰ ਪੂਰਨ ਸਹਿਯੋਗ ਦਿੱਤਾ ਜਾਂਦਾ ਹੈ। 1948 ਵਿੱਚ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਨੂੰ ਸੰਬੋਧਨ ਕਰਨ ਸਮੇਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਸ਼੍ਰੀ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ, "ਇਸ ਮਹਾਂਸਭਾ ਵਿੱਚ ਮੈਂ ਆਪਣੇ ਦੇਸ਼ ਦੇ ਲੋਕਾਂ ਅਤੇ ਆਪਣੀ ਸਰਕਾਰ ਵੱਲੋਂ ਕਹਿਣਾ ਚਾਹਾਂਗਾ ਕਿ ਅਸੀਂ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਅਤੇ ਉਦੇਸ਼ਾਂ ਦੀ ਪੂਰਨ ਤੌਰ ਤੇ ਪਾਲਣਾ ਕਰਦੇ ਹਾਂ ਅਤੇ ਇਹਨਾਂ ਦੀ ਪੂਰਤੀ ਲਈ ਅਸੀਂ ਪੂਰਨ ਯੋਗਤਾ ਸਹਿਤ ਯਤਨ ਕਰਾਂਗੇ।"

ਭਾਰਤ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦਾ 07 ਵਾਰ ਅਸਥਾਈ ਮੈਂਬਰ ਰਹਿ ਚੁੱਕਾ ਹੈ। ਭਾਰਤ ਸੁਰੱਖਿਆ ਪਰਿਸ਼ਦ ਦੀ ਸਥਾਈ ਮੈਂਬਰਸ਼ਿਪ ਦਾ ਦਾਅਵਾ ਕਰਦਾ ਆ ਰਿਹਾ ਹੈ। ਭਾਰਤ ਗਰੁੱਪ-4 (G4) ਸੰਗਠਨ (ਬ੍ਰਾਜ਼ੀਲ, ਜਰਮਨੀ, ਜਪਾਨ ਅਤੇ ਭਾਰਤ) ਦਾ ਮੈਂਬਰ ਰਿਹਾ ਹੈ ਅਤੇ ਇਹ ਗਰੁੱਪ ਸਲਾਮਤੀ ਕੌਂਸਲ ਵਿੱਚ ਸਥਾਈ ਮੈਂਬਰਸ਼ਿਪ ਦੀ ਮੰਗ ਕਰ ਰਿਹਾ ਹੈ ਅਤੇ ਇਸਦੇ ਪ੍ਰੋਗਰਾਮ ਵਿੱਚ ਵੱਧ-ਚੜ੍ਹ ਕੇ ਭੂਮਿਕਾ ਨਿਭਾਈ ਹੈ। ਅਮਾਨਤੀ ਕੌਂਸਲ ਵਿੱਚ 1968-1961 ਤੱਕ ਭਾਰਤ ਨੇ ਆਪਣੀ ਸਰਗਰਮ ਭੂਮਿਕਾ ਨਿਭਾਈ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਦੇ ਨਾਤੇ (F.A.O.) (ਅੰਨ ਅਤੇ ਖੇਤੀਬਾੜੀ ਸੰਘ) ਦਾ ਵੀ ਕਿਰਿਆਸ਼ੀਲ ਮੈਂਬਰ ਹੈ।

ਸੰਯੁਕਤ ਰਾਸ਼ਟਰ ਵਿੱਚ ਸਮੇਂ-ਸਮੇਂ ਤੇ ਭਾਰਤੀ ਅਧਿਕਾਰੀਆਂ ਨੂੰ ਵੀ ਅਹੁਦੇ ਪ੍ਰਾਪਤ ਹੋਏ। 1954 ਵਿੱਚ ਸ੍ਰੀਮਤੀ ਵਿਜੇ ਲਕਸ਼ਮੀ ਪੰਡਤ ਮਹਾਂਸਭਾ ਦੀ ਪ੍ਰਧਾਨ ਚੁਣੀ ਗਈ, 1956 ਵਿੱਚ ਡਾ. ਰਾਧਾ ਕ੍ਰਿਸ਼ਨਨ ਵਿਸ਼ਵ ਅਨਾਜ ਅਤੇ ਖੇਤੀ ਸੰਸਥਾ (F.A.O.) ਦੇ ਪ੍ਰਧਾਨ ਚੁਣੇ ਗਏ। ਡਾ. ਨਾਗੇਂਦਰ ਸਿੰਘ ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਦੇ ਜੱਜ ਚੁਣੇ ਗਏ ਸਨ, ਉਹ ਨਿਆਂ ਦੀ ਅੰਤਰਰਾਸ਼ਟਰੀ ਅਦਾਲਤ ਦੇ ਪ੍ਰਧਾਨ ਜੱਜ ਰਹੇ ਹਨ।

ਭਾਰਤ ਵੱਲੋਂ ਸੰਯੁਕਤ ਰਾਸ਼ਟਰ ਦੇ ਉਦੇਸਾਂ ਅਤੇ ਸਿਧਾਂਤਾਂ ਵਿੱਚ ਵਿਸ਼ਵਾਸ ਪ੍ਰਗਟ ਕਰਦੇ ਹੋਏ, ਇਸਨੂੰ ਆਪਣੇ ਵਿਦੇਸ਼ ਨੀਤੀ ਦਾ ਵਿੱਚ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ, ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਉਦੇਸ਼ ਵੀ ਸੰਯੁਕਤ ਰਾਸ਼ਟਰ ਦੀ ਤਰ੍ਹਾਂ ਵਿਸ਼ਵ ਸ਼ਾਂਤੀ ਸਥਾਪਿਤ ਕਰਨਾ ਹੀ ਹੈ। ਭਾਰਤ ਵੱਲੋਂ ਸੰਯੁਕਤ ਰਾਸ਼ਟਰ ਨੂੰ ਕੋਰੀਆ ਸਮੱਸਿਆ, ਗਾਜ਼ਾ ਅਤੇ ਕਾਂਗੋ ਅਤੇ ਈਰਾਨ-ਇਰਾਕ ਯੁੱਧ ਬੰਦ ਕਰਵਾਉਣ ਵਿੱਚ ਸਾਲਸੀ ਭੂਮਿਕਾ ਨਿਭਾਈ। ਇਸੇ ਤਰ੍ਹਾਂ ਭਾਰਤ ਦੀ ਵਿਦੇਸ਼ ਨੀਤੀ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਨਾਲ ਮੇਲ ਖਾਂਦੇ ਹੋਏ ਸਮਰਾਜਵਾਦ ਅਤੇ ਉਪਨਿਵੇਸ਼ਵਾਦ ਦਾ ਵਿਰੋਧ, ਨਿਸ਼ਸ਼ਤਰੀਕਰਣ ਦਾ ਸਮਰਥਨ ਕਰਦੀ ਹੈ।

ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਮੈਂਬਰ ਰਾਜ ਸਮੇਂ-ਸਮੇਂ ਤੇ ਵਿੱਤੀ ਸਹਾਇਤਾ ਦਿੰਦੇ ਹਨ, ਕਿਉਂਕਿ ਸੰਯੁਕਤ ਰਾਸ਼ਟਰ ਸੰਘ ਕੋਲ ਕੋਈ ਸਥਾਈ ਵਿੱਤੀ ਸਾਧਨ ਨਹੀਂ ਹਨ। ਇਸੇ ਤਰ੍ਹਾਂ ਬਾਕੀ ਮੈਂਬਰਾਂ ਦੇ ਨਾਲ-ਨਾਲ ਭਾਰਤ ਸੰਯੁਕਤ ਰਾਸ਼ਟਰ ਦੇ ਸਾਰੇ ਖਰਚੇ ਦਾ 2.5% ਹਿੱਸਾ ਦੇ ਰਿਹਾ ਹੈ।

ਸੋ ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਰਤ ਸੰਯੁਕਤ ਰਾਸ਼ਟਰ ਦਾ ਮੈਂਬਰ ਹੀ ਨਹੀਂ, ਸਗੋਂ ਸਰਗਰਮ ਮੈਂਬਰ ਹੈ। ਭਾਰਤ ਵੱਲੋਂ ਸੰਯੁਕਤ ਰਾਸ਼ਟਰ ਦੀਆਂ ਹਰ ਤਰ੍ਹਾਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਪਹਿਲ ਕਦਮੀ ਨੀਤੀ ਜਾਂਦੀ ਰਹੀ ਹੈ। ਭਾਰਤ ਅਤੇ ਸੰਯੁਕਤ ਰਾਸ਼ਟਰ ਦਾ ਭਵਿੱਖ ਉਜਲ ਹੈ।

ਜਿਸ ਤਰ੍ਹਾਂ ਭਾਰਤ ਸੰਯੁਕਤ ਰਾਸ਼ਟਰ ਦਾ ਮੈਂਬਰ ਹੈ, ਇਸ ਤਰ੍ਹਾਂ ਹੀ ਭਾਰਤ ਸਾਰਕ ਦਾ ਵੀ ਮੈਂਬਰ ਹੈ।

ਆਓ ਆਪਾਂ ਸਾਰਕ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ ਕਿ ਇਹ ਕੀ ਹੈ ?

ਸਾਰਕ (SAARC)

20 ਵੀਂ ਸਦੀ ਦੇ ਅੱਧ ਤੱਕ ਦੱਖਣੀ ਏਸ਼ੀਆਂ ਦੇ ਦੇਸ਼ਾਂ ਨੇ ਵਿਦੇਸ਼ੀ ਗੁਲਾਮੀ ਅਤੇ ਸਾਮਰਾਜਵਾਦ ਤੋਂ ਮੁਕਤੀ ਪ੍ਰਾਪਤ ਕਰ ਲਈ ਸੀ। ਜਿਸ ਨਾਲ ਦੇਖਣੀ ਏਸ਼ੀਆ (South Asia) ਦੇ ਕੁਝ ਦੇਸ਼ ਕੌਮੀ ਸੰਘਰਸ਼ ਨਾਲ ਆਜ਼ਾਦ ਹੋ ਗਏ ਪਰੰਤੂ ਬਹੁਤ ਸਾਰੀਆਂ ਕੌਮਾਂ ਨੂੰ ਮਿਲਾ ਕੇ ਰਾਜਾਂ ਦੇਸਾਂ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਇਸ ਖਿੱਤੇ ਵਿੱਚ ਵੱਖ-ਵੱਖ ਕੌਮਾਂ ਦਾ ਖੁਦਮੁਖਤਿਆਰੀ ਅਤੇ ਬਰਾਬਰੀ ਲਈ ਆਪਸ ਵਿੱਚ ਸੰਘਰਸ਼ ਸ਼ੁਰੂ ਹੋ ਗਿਆ। ਇਸ ਲਈ ਆਰਥਿਕ ਵਿਕਾਸ ਦੀ ਜਗ੍ਹਾ ਦੇਸ਼ਾਂ ਲਈ ਆਪਣੀ ਹੋਂਦ/ ਸਥਿਰਤਾ ਬਰਕਰਾਰ ਰੱਖਣਾ ਮੁੱਖ ਮੁੱਦਾ ਬਣ ਗਿਆ। ਇਸ ਦੇ ਨਾਲ ਉਪ ਮਹਾਂਦੀਪ ਦੇ ਦੇਸ਼ ਬੇਰੁਜਗਾਰੀ, ਗਰੀਬੀ, ਅਨਪੜ੍ਹਤਾ, ਭੁੱਖਮਰੀ ਆਦਿ ਸਮੱਸਿਆਵਾਂ ਨਾਲ ਵੀ ਜੂਝ ਰਹੇ ਸਨ। ਇਹਨਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਦੱਖਣੀ ਏਸ਼ੀਆਈ

ਦੇਸ਼ਾਂ ਨੇ ਆਪਣੇ ਪੱਧਰ ਤੇ ਯਤਨ ਕਰਨੇ ਸ਼ੁਰੂ ਕਰ ਦਿੱਤੇ। ਪਰ ਇਹਨਾਂ ਯਤਨਾਂ ਸਦਕਾ ਵੀ ਪੂਰਨ ਸਫਲਤਾ ਨਹੀਂ ਮਿਲੀ। ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਇਹ ਸਮੱਸਿਆਵਾਂ ਦੱਖਣੀ ਏਸ਼ੀਆਈ ਦੇਸ਼ਾਂ ਦੀ ਇੱਕੋ-ਜਿਹੀਆਂ ਸਨ, ਜੋ ਇਹਨਾਂ ਦੇ ਹੱਲ ਵੀ ਇੱਕੋ-ਜਿਹੇ ਸਨ। ਸੋ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਯਤਨਾਂ ਦੀ ਲੋੜ ਸੀ, ਜਿਸ ਲਈ ਆਪਸੀ ਸਹਿਯੋਗ ਜ਼ਰੂਰੀ ਸੀ। ਆਪਸੀ ਸਹਿਯੋਗ ਦੀ ਪੂਰਤੀ ਲਈ ਹੀ ਸਾਰਕ ਹੋਂਦ ਵਿੱਚ ਆਇਆ।

ਸਾਰਕ ਦਾ ਅਰਥ ਅਤੇ ਜਨਮ

ਸਾਰਕ ਦੱਖਣੀ ਏਸ਼ੀਆ ਦੇ ਅੱਠ ਦੇਸ਼ਾਂ ਦਾ ਖੇਤਰੀ ਸੰਗਠਨ ਹੈ। ਸਾਰਕ ਦਾ ਪੂਰਾ ਨਾਂ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ (SAARC–South Asian Association of Regional Co-operation) ਹੈ।

ਸਾਰਕ ਦੀ ਸਥਾਪਨਾ 8 ਦਸੰਬਰ 1985 ਵਿੱਚ ਹੋਈ ਸੀ, ਉਸ ਸਮੇਂ ਇਸਦੇ 7 ਮੈਂਬਰ (ਭਾਰਤ, ਪਾਕਿਸਤਾਨ, ਭੂਟਾਨ, ਬੰਗਲਾਦੇਸ਼, ਨੇਪਾਲ, ਸ਼੍ਰੀਲੰਕਾ ਅਤੇ ਮਾਲਦੀਵ) ਸਨ। ਪਰ ਅਫਗਾਨਿਸਤਾਨ ਨਵੰਬਰ 2005 ਵਿੱਚ ਢਾਕਾ ਵਿੱਚ ਹੋਏ 13 ਵੇਂ ਸਿਖਰ ਸੰਮੇਲਨ ਵਿੱਚ ਸ਼ਾਮਲ ਹੋਇਆ।

ਖੇਤਰੀ ਸੰਗਠਨ–(Regional Organisation) ਖੇਤਰੀ ਦੇਸ਼ਾਂ ਦਾ ਅਜਿਹਾ ਸਮੂਹ ਹੁੰਦਾ ਹੈ ਜੋ ਇੱਕ ਖਾਸ ਭੂਗੋਲਿਕ ਖਿੱਤੇ ਨਾਲ ਸਬੰਧਤ ਹੁੰਦੇ ਹਨ। ਜਿਵੇਂ–ਯੂਰਪੀਅਨ ਯੂਨੀਅਨ, ਸਾਰਕ, ਆਸੀਆਨ ਇਹਨਾਂ ਵੱਖ-ਵੱਖ ਖੇਤਰੀ ਸੰਗਠਨਾਂ ਵਿੱਚ ਕੇਵਲ ਸੰਬਧਤ ਖੇਤਰ ਦੇ ਦੇਸ਼ ਹੀ ਮੈਂਬਰ ਹੁੰਦੇ ਹਨ ਦਾ ਮੁੱਖ ਅਧਾਰ ਆਰਥਿਕ, ਵਪਾਰਿਕ, ਤਕਨੀਕੀ ਅਤੇ ਸਿਹਤ ਦੇ ਖੇਤਰ ਵਿੱਚ ਵਿਕਾਸ ਕਰਨਾ ਹੈ।



ਸਾਰਕ ਦੇ ਮੈਂਬਰ ਦੇਸ

ਪਿਛੋਕੜ : ਦੱਖਣੀ ਏਸ਼ੀਆ ਦੇ ਦੇਸ਼ਾਂ ਦੇ ਖੇਤਰੀ ਸੰਘ ਦੀ ਸਥਾਪਨਾ ਦਾ ਵਿਚਾਰ ਸਭ ਤੋਂ ਪਹਿਲਾਂ ਨੇਪਾਲ ਦੇ ਰਾਜਾ ਵਰਿੰਦਰ ਨੇ ਦਿੱਤਾ ਸੀ। ਇਸ ਉਪਰੰਤ 1970 ਦੇ ਆਖਰੀ ਸਮੇਂ ਵਿੱਚ ਬੰਗਲਾ ਦੇਸ਼ ਦੇ ਰਾਸ਼ਟਰਪਤੀ ਜ਼ਿਆ-ਉਰ-ਰਹਿਮਾਨ ਨੇ ਵੀ ਇਸਦਾ ਸੁਝਾਅ ਦਿੱਤਾ ਸੀ। ਉਹਨਾਂ ਨੇ ਦੱਖਣੀ ਏਸ਼ੀਆਂ ਦੇ ਦੇਸ਼ਾਂ ਦੀਆਂ ਸਾਂਝੀਆਂ-ਸਮੱਸਿਆਵਾਂ ਦੇ ਹੱਲ ਲਈ ਇੱਕ ਸਾਂਝੀ ਸਹਿਕਾਰੀ ਸੰਸਥਾ ਦੀ ਸਥਾਪਨਾ ਦਾ ਵਿਚਾਰ ਪ੍ਰਗਟ ਕੀਤਾ ਸੀ।

ਸਾਰਕ ਦੀ ਸਥਾਪਨਾ ਲਈ ਪਹਿਲੀ ਬੈਠਕ ਅਪ੍ਰੈਲ 1981 ਵਿੱਚ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਵਿੱਚ ਹੋਈ, ਜਿਸ ਵਿੱਚ ਭਾਰਤ, ਪਾਕਿਸਤਾਨ, ਭੂਟਾਨ, ਨੇਪਾਲ, ਬੰਗਲਾਦੇਸ਼, ਸ੍ਰੀ ਲੰਕਾ ਅਤੇ ਮਾਲਦੀਵ ਦੇ ਵਿਦੇਸ਼ ਸਕੱਤਰਾਂ ਨੇ ਭਾਗ ਲਿਆ। ਇਸ ਉਪਰੰਤ ਨਵੰਬਰ 1981 ਵਿੱਚ ਨੇਪਾਲ ਦੀ ਰਾਜਧਾਨੀ ਕਾਠਮਾਂਡੂ, 1982 ਵਿੱਚ ਇਸਲਾਮਾਬਾਦ (ਪਾਕਿਸਤਾਨ), ਮਾਰਚ 1983 ਵਿੱਚ ਢਾਕਾ (ਬੰਗਲਾਦੇਸ਼) ਅਤੇ ਜੁਲਾਈ 1983 ਵਿੱਚ ਢਾਕਾ (ਬੰਗਲਾਦੇਸ਼) ਅਤੇ ਜੁਲਾਈ 1983 ਵਿੱਚ ਨਵੀਂ ਦਿੱਲੀ (ਭਾਰਤ) ਵਿੱਚ ਬੈਠਕ ਹੋਈ, ਅਗਸਤ 1983 ਵਿੱਚ ਉਪਰੋਕਤ ਬੈਠਕਾਂ ਦੌਰਾਨ ਤਿਆਰ ਕੀਤੇ ਗਏ ਘੋਸ਼ਣਾ ਪੱਤਰ ਨੂੰ ਸੱਤ ਰਾਜਾਂ ਦੇ ਵਿਦੇਸ਼ ਮੰਤਰੀਆਂ ਦੁਆਰਾ ਪ੍ਰਵਾਨ ਕੀਤਾ ਗਿਆ ਅੰਤ ਵਿੱਚ ਸੱਤ ਦੇਸ਼ਾਂ ਦੇ ਮੁਖੀਆਂ ਦਾ ਪਹਿਲਾ ਸਿਖਰ ਸੰਮੇਲਨ ਦਸੰਬਰ 1985 ਵਿੱਚ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਹੋਇਆ ਅਤੇ ਇਸ ਐਲਾਨ ਪੱਤਰ ਨੂੰ ਅਪਣਾਇਆ ਗਿਆ।

ਯਾਦ ਰੱਖਣਯੋਗ

- ਸਿਖਰ ਸੰਮੇਲਨ ਤੋਂ ਭਾਵ ਉਹ ਸੰਮੇਲਨ ਜਿਸ ਵਿੱਚ ਮੈਂਬਰ ਦੇਸ਼ਾਂ ਦੇ ਮੁਖੀ ਜਾਂ ਸ਼ਾਮਲ ਹੁੰਦੇ ਹਨ।
- ਸਾਰਕ ਦਾ ਪਹਿਲਾ ਸਿਖਰ ਸੰਮੇਲਨ 1985 ਢਾਕਾ (ਬੰਗਲਾਦੇਸ਼) ਵਿੱਚ ਹੋਇਆ ਸੀ। ਹੁਣ ਤੱਕ ਇਸਦੇ 18 ਸਿਖਰ ਸੰਮੇਲਨ ਹੋ ਚੁੱਕੇ ਹਨ।
- ਸਾਰਕ (ਮਹੱਤਵਪੂਰਨ ਤੱਥ)
- ਸਾਰਕ ਦਾ ਪੂਰਾ ਨਾਂ:- ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ
- ਸਥਾਪਨਾ:- 8 ਦਸੰਬਰ 1985 (ਢਾਕਾ) (ਬੰਗਲਾਦੇਸ਼)
- ਮੁੱਖ ਦਫਤਰ:- ਕਾਠਮੰਡੂ (ਨੇਪਾਲ)
- ਦਫ਼ਤਰੀ ਭਾਸ਼ਾ:- ਅੰਗਰੇਜ਼ੀ

ਸਾਰਕ ਦੇ ਮੈਂਬਰ ਦੇਸ਼

1. ਭਾਰਤ
2. ਪਾਕਿਸਤਾਨ
3. ਬੰਗਲਾਦੇਸ਼
4. ਨੇਪਾਲ
5. ਮਾਲਦੀਵ
6. ਸ੍ਰੀਲੰਕਾ
7. ਭੂਟਾਨ
8. ਅਫਗਾਨਿਸਤਾਨ

ਸਾਰਕ ਦਾ ਉਦੇਸ਼
(Objectives of SAARC)

ਸਾਰਕ ਦੇਸ਼ ਵਿੱਚ ਕੌਮੀ ਸੰਘਰਸ਼ ਦੀ ਵਿਰਾਸਤ ਅਤੇ ਆਰਥਿਕ ਸਮਾਜਿਕ ਪੱਛੜਾਪਣ ਹੋਣ ਕਰਕੇ ਸਾਰੇ ਦੇਸ਼ਾਂ ਦੀਆਂ ਸਮੱਸਿਆਵਾਂ ਸਾਂਝੀਆਂ ਹਨ। ਇਸ ਲਈ ਆਪਸੀ ਵਖਰੇਵੇਂ ਤੋਂ ਉਪੱਰ ਉੱਠ ਕੇ ਆਰਥਿਕ ਵਿਕਾਸ ਲਈ ਸਾਰੇ ਦੇਸ਼ਾਂ ਨੇ ਸਹਿਯੋਗ ਕਰਨ ਕੁੱਝ ਉਦੇਸ਼ ਮਿੱਥੇ ਹਨ:-

1. ਦੱਖਣੀ ਏਸ਼ੀਆ ਦੇ ਲੋਕਾਂ ਦੇ ਕਲਿਆਣ ਲਈ ਯਤਨ ਕਰਨਾ।
2. ਦੱਖਣੀ ਏਸ਼ੀਆ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ।
3. ਦੱਖਣੀ ਏਸ਼ੀਆਈ ਖੇਤਰ ਦਾ ਸਮਾਜਿਕ, ਆਰਥਿਕ, ਸੱਭਿਆਚਾਰਕ ਵਿਕਾਸ ਕਰਨਾ.
4. ਆਪਸੀ ਵਿਸ਼ਵਾਸ ਵਿੱਚ ਵਾਧਾ ਕਰਨਾ।
5. ਇੱਕ ਦੂਜੇ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਉਹਨਾਂ ਦੀ ਕਦਰ ਕਰਨਾ।

6. ਦੂਜੇ ਵਿਕਾਸਸ਼ੀਲ ਦੇਸ਼ਾਂ ਨਾਲ ਸਹਿਯੋਗ ਦਾ ਵਾਧਾ ਕਰਨਾ।
7. ਸਾਂਝੇ ਹਿੱਤਾਂ ਵਾਲੇ ਮਾਮਲਿਆਂ ਤੇ ਸਾਂਝੀ ਵਿਚਾਰ ਵਿਚਾਰ ਚਰਚਾ।

ਸਾਰਕ ਦੇ ਸਿਧਾਂਤ
(Principles of SAARC)

ਸਾਰਕ ਦੇ ਸਿਧਾਂਤ ਹੇਠ ਲਿਖੇ ਅਨੁਸਾਰ ਹਨ:-

1. ਇੱਕ ਦੂਜੇ ਰਾਜ ਦੀ ਪ੍ਰਭੂਸੱਤਾ, ਅਖੰਡਤਾ ਦਾ ਸਤਿਕਾਰ ਕਰਨਾ।
2. ਇੱਕ ਦੂਜੇ ਦੀ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਨਾ ਕਰਨਾ।
3. ਆਪਸੀ ਸਹਿਯੋਗ ਵਿੱਚ ਵਾਧਾ ਕਰਨਾ।
4. ਸਾਰੇ ਫੈਸਲੇ ਆਮ ਸਹਿਮਤੀ ਨਾਲ ਕੀਤੇ ਜਾਣਗੇ।
5. ਸਾਰਕ ਦੇਸ਼ਾਂ ਵਿਚਰਾਲੇ ਸਹਿਯੋਗ ਇੱਕ-ਦੂਜੇ ਦੇਸ਼ ਨਾਲ ਸਹਿਯੋਗ ਦੇ ਰਸਤੇ ਵਿੱਚ ਕੋਈ ਵੀ ਰੁਕਾਵਟ ਨਹੀਂ ਬਣੇਗਾ।

ਸਾਰਕ ਦਾ ਸੰਗਠਨਾਤਮਕ ਢਾਂਚਾ
(Organisation Structure of SAARC)

ਸਾਰਕ ਦਾ ਢਾਂਚਾ—

1. ਸਾਰਕ ਸਿਖਰ ਸੰਮੇਲਨ : ਰਾਜਾਂ ਦੇ ਮੁੱਖੀ
   (SAARC Summit) (Head of States)
2. ਮੰਤਰੀ ਪਰਿਸ਼ਦ : ਰਾਜਾਂ ਦੇ ਵਿਦੇਸ਼ ਮੰਤਰੀ
   (Council of Minister) (Foreign Minister the of states)
3. ਸਥਾਈ ਕਮੇਟੀ (Standing Committee) : ਰਾਜਾਂ ਦੇ ਵਿਦੇਸ਼ ਸਕੱਤਰ
   (Foreign Secretary of States)
4. ਪ੍ਰੋਗਰਾਮ ਕਮੇਟੀ (Programme Committee) : ਸਾਰਕ ਦੇ ਵਿਸ਼ੇਸ਼ ਪ੍ਰੋਗਰਾਮ ਵਾਲੇ ਰਾਜਾਂ ਦੇ ਨੁਮਾਇਏ
   (Representative of special Programme States)
5. ਤਕਨੀਕੀ ਕਮੇਟੀ Techncial Committee) : ਰਾਜਾਂ ਦੇ ਨੁਮਾਇਦੇ
   (Representative of States)
6. ਸਕੱਤਰੇਤ (Secretariate) : ਜਰਨਲ ਸਕੱਤਰ ਪ੍ਰਮੁੱਖ ਅਹੁੰਦਦਾਰ ਹੁੰਦਾ ਹੈ ਜਿਸਦੀ ਨਿਯੁਕਤੀ ਮੈਂਬਰਾਂ ਵਿੱਚੋਂ ਕੀਤੀ ਜਾਂਦੀ ਹੈ।

ਸਾਰਕ ਦਾ ਪ੍ਰਬੰਧ ਚਲਾਉਣ ਲਈ ਮੈਂਬਰਾਂ ਦੁਆਰਾ ਆਪਣੀ ਇੱਛਾ ਅਨੁਸਾਰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਜਿਸ ਵਿੱਚ ਭਾਰਤ 32%, ਪਾਕਿਸਤਾਨ 25%, ਨੇਪਾਲ 11%, ਬੰਗਲਾਦੇਸ਼ 11%, ਸ੍ਰੀਲੰਕਾ 11%, ਅਫਗਾਨਿਸਤਾਨ 11%, ਭੂਟਾਨ 5%, ਮਾਲਦੀਵ 5%, ਯੋਗਦਾਨ ਪਾਉਂਦਾ ਹੈ।

ਸਾਰਕ ਦੀ ਮਹੱਤਤਾ

1. ਸਾਂਝਾ ਮੰਚ (Common Platform) : ਸਾਰਕ ਦੇਸ਼ਾਂ ਦੀਆਂ ਸਮੱਸਿਆਵਾਂ ਇੱਕੋ ਜਿਹੀਆਂ ਸਨ। ਸਾਰਕ ਇਹਨਾਂ ਸਮੱਸਿਆਵਾਂ (ਭੁੱਖਮਰੀ, ਗਰੀਬੀ, ਅਨਪੜ੍ਹਤਾ) ਆਦਿ ਦੇ ਹੱਲ ਲਈ ਇੱਕ ਸਾਂਝਾ ਮੰਚ ਪ੍ਰਦਾਨ ਕਰਦਾ ਹੈ, ਜਿੱਥੇ ਇਹ ਸਾਰੇ ਦੇਸ਼ ਆਪਣੀਆਂ ਸਮੱਸਿਆਵਾਂ ਜੋ ਕਿ ਲਗਭਗ ਸਾਂਝੀਆਂ ਹਨ ਤੇ ਵਿਚਾਰ ਕਰ ਸਕਦੇ ਹਨ ਅਤੇ ਉਹਨਾਂ ਦਾ ਸਾਂਝਾ ਹੱਲ ਕੱਢਦੇ ਹਨ।

2. ਆਰਥਿਕ ਵਿਕਾਸ (Economic Development) : ਸਾਰਕ ਆਪਣੇ ਮੈਂਬਰ ਰਾਸ਼ਟਰਾਂ ਦੇ ਆਰਥਿਕ ਵਿਕਾਸ ਦੇ ਮੌਕੇ ਵੀ ਪ੍ਰਦਾਨ ਕਰਦਾ ਹੈ। ਸਾਰਕ ਦੇ ਮੈਂਬਰ ਦੇਸ਼ ਵਪਾਰ ਕਰਦੇ ਹਨ। ਭਾਵ ਇਨ੍ਹਾਂ ਦੇਸ਼ਾਂ ਵਿੱਚ ਆਯਾਤ-ਨਿਰਯਾਤ ਹੁੰਦਾ ਹੈ। 1 ਜਨਵਰੀ 2006 ਨੂੰ ਸਾਰਕ ਦੇਸ਼ਾਂ ਦੁਆਰਾ ਦੱਖਣੀ ਏਸ਼ੀਆਈ ਸੁਤੰਤਰ ਵਪਾਰ ਸਮਝੌਤਾ (SAF TA) ਕੀਤਾ ਗਿਆ।

3. ਸੱਭਿਆਚਾਰਕ ਸਾਂਝ : ਸਾਰਕ ਦੇ ਸ਼ਾਮਲ ਦੇਸ਼ ਇੱਕ ਦੂਜੇ ਦੇਸ਼ ਵਿੱਚ ਆਪਣੇ ਸੱਭਿਆਚਾਰਕ ਪ੍ਰੋਗਰਾਮ ਕਲਾਕਾਰਾਂ ਰਾਹੀ ਪੇਸ਼ ਕਰਦੇ ਹਨ। ਜਿਸ ਨਾਲ ਸੱਭਿਆਚਾਰ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਜੇਕਰ ਸੱਭਿਆਚਾਰਕ ਸਾਂਝ ਪੈਦਾ ਹੋਵੇਗੀ ਤਾਂ ਆਪਸੀ ਦੂਰੀਆਂ ਖਤਮ ਹੋ ਜਾਂਦੀਆਂ ਹਨ।

4. ਆਪਸੀ ਸਹਿਯੋਗ (Mutual Cooperation) : ਸਾਰਕ ਦੇ ਸਾਮਲ ਮੈਂਬਰ ਰਾਸ਼ਟਰ ਦੂਸਰੇ ਮੈਂਬਰ ਰਾਸ਼ਟਰਾਂ ਦੀ ਸੰਭਵ ਖੇਤਰਾਂ ਵਿੱਚ ਮਦਦ ਕਰਦੇ ਹਨ। ਕੁਦਰਤੀ ਆਫਤਾਂ ਅਤੇ ਆਰਥਿਕ ਸਮਾਜਿਕ ਸੰਕਟ ਸਮੇਂ ਸਾਰਕ ਦੇਸ਼ ਇੱਕ ਦੂਸਰੇ ਦੀ ਸਹਾਇਤਾ ਕਰਦੇ ਹਨ।

6. ਵਾਤਾਵਰਣ ਵਿੱਚ ਸੁਧਾਰ : ਸਾਰਕ ਦੁਆਰਾ ਵਾਤਾਵਰਣ ਵਿੱਚ ਸੁਧਾਰ ਲਈ ਨਿਰੰਤਰਨ ਉਪਰਾਲੇ ਕੀਤੇ ਜਾ ਰਹੇ ਹਨ। ਇਸ ਕਾਰਜ ਲਈ ਕਈ ਵਾਰ ਬੈਠਕਾਂ ਵੀ ਹੋ ਚੁੱਕੀਆਂ ਹਨ, ਜਿਸ ਵਿੱਚ ਵਾਤਾਵਰਣ ਨਾਲ ਸੰਬੰਧਿਤ ਮੁੱਦਿਆਂ ਤੇ ਵਿਚਾਰ ਵਟਾਦਰਾ ਕੀਤਾ ਗਿਆ।

ਸਾਪਟਾ : ਸਾਰਕ ਮੈਂਬਰ ਦੇਸ਼ਾਂ ਵੱਲੋਂ ਆਪਸੀ ਵਪਾਰ ਅਤੇ ਆਪਸੀ ਸਹਿਯੋਗ ਵਿੱਚ ਵਾਧੇ ਲਈ 11 ਅਪ੍ਰੈਲ 1993 ਨੂੰ South Asian Prefereatial Trading Agreement (SAAPTA) ਤੇ ਹਸਤਾਖਰ ਕੀਤੇ ਅਤੇ 7 ਦਸੰਬਰ 1995 ਨੂੰ ਲਾਗੂ ਕੀਤਾ ਗਿਆ।

ਸਾਫਟਾ (SAFTA) : (South Asian Free Trade Area) (SAFTA) ਜਾਂ ਦੱਖਣੀ ਏਸ਼ੀਆ ਮੁਕਤ ਵਪਾਰ ਖੇਤਰ ਸਮਝੌਤਾ ਸਾਰਕ ਦੇ ਮੈਂਬਰ ਦੇਸ਼ਾਂ ਦੁਆਰਾ 12 ਵੇਂ ਸਿਖਰ ਸੰਮੇਲਨ ਇਸਲਾਮਾਬਾਦ (ਪਾਕਿਸਤਾਨ) ਵਿਖੇ 6 ਜਨਵਰੀ 2004 ਨੂੰ ਪੇਸ਼ ਕੀਤਾ ਗਿਆ। ਇਸਦਾ ਮੁੱਖ ਉਦੇਸ਼ ਸਾਰਕ ਦੇਸ਼ਾਂ ਵਿੱਚ ਵਪਾਰ ਦੇ ਵਿਕਾਸ ਲਈ 'ਮੁਕਤ ਵਪਾਰ ਜਾਂ ਖੁੱਲ੍ਹਾ ਵਪਾਰ' ਸੀ। ਇਹ ਸਮਝੌਤਾ 1 ਜਨਵਰੀ 2006 ਵਿੱਚ ਲਾਗੂ ਹੋਇਆ ਸੀ।

ਸਾਰਕ ਦੀਆਂ ਸਮੱਸਿਆਵਾਂ
(Problems of SAARC)

ਹੁਣ ਅਸੀਂ ਸਾਰਕ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਬਾਰੇ ਪੜ੍ਹਾਂਗੇ, ਕਿ ਕਿਹੜੀਆਂ ਔਕੜਾਂ ਦੇ ਕਾਰਨ ਸਾਰਕ ਦੇ ਉਦੇਸ਼ ਪ੍ਰਾਪਤ ਕਰਨ ਵਿੱਚ ਪੂਰਨ ਰੂਪ ਵਿੱਚ ਸਫ਼ਲ ਨਹੀਂ ਹੋ ਰਿਹਾ।

1. ਵੱਖ-ਵੱਖ ਰਾਜਨੀਤਕ ਪ੍ਰਨਾਲੀਆਂ (Different Political System) : ਸਾਰਕ ਵਿਚਲੇ ਸਾਰੇ ਮੈਂਬਰ ਦੇਸ਼ਾਂ ਦੀਆਂ ਰਾਜਨੀਤਿਕ ਪ੍ਰਣਾਲੀਆਂ ਵੱਖ-ਵੱਖ ਹਨ, ਜਿਵੇਂ ਭਾਰਤ ਅਤੇ ਸ੍ਰੀ ਲੰਕਾ ਵਿੱਚ ਲੋਕਤੰਤਰੀ ਗਣਰਾਜ, ਭੂਟਾਨ ਵਿੱਚ ਰਾਜਤੰਤਰ, ਪਾਕਿਸਤਾਨ, ਬੰਗਲਾਦੇਸ਼ ਅਤੇ ਮਾਲਦੀਵ ਆਦਿ ਧਰਮਤੰਤਰ ਰਾਜ ਹਨ।

2. ਆਪਸੀ ਅਵਿਸ਼ਵਾਸ (Mutual Distrust) : ਸਾਰਕ ਵਿੱਚ ਸ਼ਾਮਲ ਦੇਸ਼ਾਂ ਵਿੱਚ ਆਪਸ ਵਿੱਚ ਪੂਰਨ ਵਿਸ਼ਵਾਸ ਨਹੀਂ ਹੈ। ਅਸੀ ਦੂਸਰੇ ਦੇਸ਼ਾਂ ਦੇ ਬਜਾਇ ਜੇਕਰ ਭਾਰਤ ਅਤੇ ਪਾਕਿਸਤਾਨ ਦੀ ਗੱਲ ਕਰੀਏ ਤਾਂ ਹਾਲੇ ਵੀ ਸ਼ੱਕ – ਸ਼ੁਬ੍ਹੇ ਬਰਕਰਾਰ ਹਨ।

3. ਭਾਰਤ ਦਾ ਸਥਾਨ (Position of India) : ਜਿਵੇਂ ਕਿ ਸਾਨੂੰ ਪਤਾ ਹੈ ਕਿ ਭਾਰਤ ਜਨਸੰਖਿਆਂ, ਸੈਨਿਕ ਸ਼ਕਤੀ ਅਤੇ ਅਕਾਰ ਵਿੱਚ ਆਪਣੇ ਗੁਆਂਢੀ ਦੇਸ਼ਾਂ ਨਾਲੋਂ ਕਾਫ਼ੀ ਅੱਗੇ ਹੈ। ਭਾਵੇ ਸਾਰਕ ਦੇ ਮੈਂਬਰ ਦੇਸ਼ ਆਪਸੀ ਸਹਿਯੋਗ ਦੇ ਵਾਧੇ ਲਈ ਨਿਰੰਤਰ ਯਤਨ ਕਰ ਰਹੇ ਹਨ, ਪਰ ਫਿਰ ਵੀ ਭਾਰਤ ਪ੍ਰਤੀ ਉਹਨਾਂ ਦੀ ਦ੍ਰਿਸ਼ਟੀ ਸ਼ੱਕ ਵਾਲੀ ਹੈ।

4. ਸੰਮੇਲਨਾਂ ਦਾ ਸਮਾਂ ਨਿਸ਼ਚਿਤ ਨਹੀਂ : ਭਾਵੇ ਕਿ ਸਾਰਕ ਦੇ ਚਾਰਟਰ ਵਿੱਚ ਸਿਖਰ ਸੰਮੇਲਨ ਦੇ ਸਲਾਨਾ ਹੋਣ ਬਾਰੇ ਜ਼ਿਕਰ ਕੀਤਾ ਗਿਆ ਹੈ। ਇਹ ਸੰਮੇਲਨ ਸਲਾਨਾ ਨਹੀਂ ਹੋ ਰਹੇ।

5. ਆਪਣੇ ਰਾਸ਼ਟਰੀ ਹਿੱਤਾਂ ਨੂੰ ਤਰਜੀਹ (Preference to own interest) : ਸਾਰਕ ਦੇ ਸ਼ਾਮਲ ਮੈਂਬਰ ਦੇਸ਼ ਸਾਰਕ ਦੇ ਉਦੇਸ਼, ਸਾਂਝੀਆਂ ਸਮੱਸਿਆਵਾਂ, ਸਾਂਝੇ ਹੱਲ ਦੀ ਬਜਾਇ ਆਪਣੇ-ਆਪਣੇ ਰਾਸ਼ਟਰੀ ਹਿੱਤਾਂ ਨੂੰ ਤਰਜੀਹ ਦਿੰਦੇ ਹਨ।

6. ਮੈਂਬਰ ਦੇਸ਼ਾਂ ਦੇ ਆਪਸੀ ਵਿਵਾਦ (Mutual disputes of SAARC Member Counteries) : ਸਾਰਕ ਦੇ ਮੈਂਬਰ ਦੇਸ਼ਾਂ ਦੇ ਆਪਸੀ ਵਿਵਾਦ ਜਿਵੇਂ ਭਾਰਤ ਤੇ ਪਾਕਿਸਤਾਨ ਵਿਚਾਰ ਕਸ਼ਮੀਰ ਸਮੱਸਿਆ ਅਤੇ ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਸਰਹੱਦੀ ਵਿਵਾਦ ਦੀ ਸਾਰਕ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦਾ ਹੈ।

ਸਾਰਕ ਵਿੱਚ ਭਾਰਤ ਦੀ ਭੂਮਿਕਾ

(Role of India in SAARC)

:ਸਾਰਕ ਵਿੱਚ ਸ਼ਾਮਲ ਦੇਸ਼ਾਂ ਵਿੱਚੋਂ ਭਾਰਤ ਸਾਰਕ ਦਾ ਸਭ ਤੋਂ ਵੱਡਾ ਦੇਸ਼ ਹੈ। ਸਾਰਕ ਦੇ ਖੇਤਰ ਦੀ ਕੁੱਲ ਜਨਸੰਖਿਆ ਦਾ 77%, ਕੁੱਲ ਖੇਤਰ ਦਾ 72%, ਭਾਰਤ ਦਾ ਹੈ। ਭਾਰਤ ਸਾਰਕ ਦੀ ਸ਼ੁਰੂਆਤ ਤੋਂ ਹੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ। ਸਾਰਕ ਦਾ ਦੂਜਾ ਸਿਖਰ ਸੰਮੇਲਨ 16-17 ਨਵੰਬਰ 1986 ਨੂੰ ਬੰਗਲੌਰ (ਭਾਰਤ) ਵਿੱਚ ਹੀ ਹੋਇਆ ਸੀ। ਹੁਣ ਤੱਕ ਭਾਰਤ ਵਿੱਚ ਸਾਰਕ ਦੇ ਤਿੰਨ ਸਿਖਰ ਸੰਮੇਲਨ ਹੋ ਚੁੱਕੇ ਹਨ। 2-4 ਮਈ 1995 ਨੂੰ ਸਾਰਕ ਦਾ ਅੱਠਵਾਂ ਸਿਖ਼ਰ ਸੰਮੇਲਨ ਨਵੀਂ ਦਿੱਲੀ ਵਿਖੇ ਹੋਇਆ ਸੀ। ਜਿਸ ਵਿੱਚ 'ਸਾਪਟਾ' ਵਰਗੇ ਮਹੱਤਵਪੂਰਨ ਸਮਝੌਤੇ ਤੇ ਮੈਂਬਰ ਰਾਸ਼ਟਰਾਂ ਵੱਲੋਂ ਸਹਿਮਤੀ ਦਿੱਤੀ ਗਈ ਸੀ। ਭਾਰਤ ਵੱਲੋਂ ਸਾਰਕ ਦੇ ਸਿਖਰ ਸੰਮੇਲਨਾਂ ਵਿੱਚ ਮੰਚ ਨੂੰ ਹਮੇਸ਼ਾ ਹੀ ਅੱਤਵਾਦ ਨੂੰ ਠੱਲ੍ਹ ਪਾਉਣ ਦੇ ਲਈ ਵਰਤਿਆ ਗਿਆ। ਉਮੀਦ ਹੈ ਕਿ ਭਾਰਤ ਇਸੇ ਤਰ੍ਹਾਂ ਹੀ ਜ਼ੋਰ-ਸ਼ੋਰ ਨਾਲ ਸਾਰਕ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਰਹੇਗਾ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਸੰਯੁਕਤ ਰਾਸ਼ਟਰ ਦੀ ਸਥਾਪਨਾ ਕਦੋ ਹੋਈ ?

(i) 24 ਅਕਤੂਬਰ, 1945 (ii) 5 ਅਕਤੂਬਰ, 1940

(iii) 9 ਸੰਤਬਰ, 1946 (iv) 26 ਜਨਵਰੀ, 1950

ਅ. ਕਿਹੜਾ ਦੇਸ਼ ਸਲਾਮਤੀ ਪਰਿਸ਼ਦ ਦਾ ਸਥਾਈ ਮੈਂਬਰ ਨਹੀਂ ਹੈ ?

(i) ਚੀਨ (ii) ਭਾਰਤ

(iii) ਰੂਸ (iv) ਫ਼ਰਾਂਸ

ੲ. ਕਿਹੜੀ ਸੰਸਤਾ ਸੰਯੁਕਤ ਰਾਸ਼ਟਰ ਦਾ ਅੰਗ ਨਹੀਂ ਹੈ ?

(i) ਮਹਾਂ ਸਭਾ (ii) ਸਕੱਤਰੇਤ

(iii) ਸਲਾਮਤੀ ਪਰਿਸ਼ਦ (iv) ਐਮਨੈਸਟੀ ਇੰਟਰਨੈਸ਼ਨਲ

ਸ. WHO ਦਾ ਪੂਰਾ ਨਾਮ ਲਿਖੋ।

ਹ. ਅੰਤਰਰਾਸ਼ਟਰੀ ਪੱਧਰ 'ਤੇ ਕਰਜ਼ਾ ਦੇਣ ਵਾਲੀ ਸੰਸਤਾ ਦਾ ਨਾਮ ਲਿਖੋ।

ਕ. ਸਾਰਕ ਦਾ ਮੁੱਖ ਦਫਤਰ ਕਿਥੇ ਸਥਿਤ ਹੈ ?

ਖ. ਭਾਰਤ ਸਾਰਕ ਲਈ ਕਿੰਨੀ ਵਿੱਤੀ ਸਹਾਇਤਾ ਦਿੰਦਾ ਹੈ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਸੰਯੁਕਤ ਰਾਸ਼ਟਰ 'ਤੇ ਨੋਟ ਲਿਖੋ।

ਅ. ਮਹਾਂ ਸਭਾ ਬਾਰੇ ਜਾਣਕਾਰੀ ਦਿਓ।

ੲ. ਸਿਖਰ ਸੰਮੇਲਨ ਕੀ ਹੁੰਦਾ ਹੈ ?

ਸ. ਸਾਰਕ ਦੇ ਮੁੱਖ ਉਦੇਸ਼ ਬਾਰੇ ਲਿਖੋ।

ਹ. ਸਾਰਕ ਦੇ ਸੰਸਥਾਤਮਕ ਢਾਂਚੇ ਬਾਰੇ ਜਾਣਕਾਰੀ ਦਿਓ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਸੰਯੁਕਤ ਰਾਸ਼ਟਰ ਦੇ ਸਾਰੇ ਅੰਜਾਂ ਦਾ ਵਰਨਣ ਕਰੋ।

ਅ. ਭਾਰਤ ਦਾ ਸੰਯੁਕਤ ਰਾਸਟਰ ਵਿੱਚ ਭੂਮਿਕਾ ਬਾਰੇ ਲਿਖੋ।

ੲ. ਸੰਯੁਕਤ ਰਾਸਟਰ ਦੀ ਮੁੱਖ ਏਜੰਸੀਆਂ ਦਾ ਵਰਨਣ ਕਰੋ।

23

ਭਾਰਤ ਦੇ ਪਾਕਿਸਤਾਨ, ਚੀਨ, ਰੂਸ ਅਤੇ ਸੰਯੁਕਤ ਰਾਜ ਅਮਰੀਕਾ ਨਾਲ ਸੰਬੰਧ

[India's Relations with Pakistan, China, Russia and the United States]

ਅੰਤਰ-ਰਾਸ਼ਟਰੀ (ਕੌਮਾਂਤਰੀ) ਪੱਧਰ ਤੇ ਦੇਸ਼ ਆਪਣੇ ਹਿੱਤਾਂ ਅਤੇ ਲੋੜਾਂ ਅਨੁਸਾਰ ਇਕ ਦੂਸਰੇ ਨਾਲ ਰਿਸ਼ਤੇ ਸੰਬੰਧ ਬਣਾਉਂਦੇ ਹਨ। ਇਹਨਾਂ ਸੰਬੰਧਾਂ ਨੂੰ ਅੰਤਰ-ਰਾਸ਼ਟਰੀ ਸੰਬੰਧ ਕਿਹਾ ਜਾਂਦਾ ਹੈ ਕਿਉਂਕਿ ਇਹ ਵੱਖ ਵੱਖ ਰਾਸ਼ਟਰਾਂ ਰਾਜਾਂ ਦਰਮਿਆਨ ਸੰਬੰਧ ਹੁੰਦੇ ਹਨ। ਵੱਖ-ਵੱਖ ਦੇਸ਼ਾਂ ਦਰਮਿਆਨ ਸੰਬੰਧ ਸਹਿਯੋਗ ਤੇ ਸਹਿਮਤੀ ਵਾਲੇ ਜਾਂ ਆਪਸੀ ਵਿਰੋਧ ਵਾਲੇ ਹੋ ਸਕਦੇ ਹਨ। ਉਦਾਹਰਨ ਦੇ ਤੌਰ ਤੇ ਭਾਰਤ ਦੇ ਚੀਨ ਅਤੇ ਪਾਕਿਸਤਾਨ ਨਾਲ ਸੰਬੰਧ ਆਪਸੀ ਵਿਰੋਧ ਤੇ ਖਿਚੋਤਾਣ ਵਾਲੇ ਰਹੇ ਹਨ। ਇਸਦੇ ਉਲਟ ਭਾਰਤ ਦੇ ਸੋਵੀਅਤ ਸੰਘ ਤੇ ਸੰਨ 1990 ਤੋਂ ਬਾਅਦ ਰੂਸ ਨਾਲ ਸੰਬੰਧ ਸਹਿਯੋਗ ਵਾਲੇ ਹਨ। ਭਾਰਤ ਦੇ ਸੰਸਾਰ ਦੇ ਸਾਰੇ ਦੇਸ਼ਾਂ ਨਾਲ ਹੀ ਸੰਬੰਧ ਸਥਾਪਤ ਹਨ। ਇਹਨਾਂ ਵਿਚੋਂ ਚੀਨ, ਪਾਕਿਸਤਾਨ, ਰੂਸ ਅਤੇ ਸੰਯੁਕਤ ਰਾਜ ਅਮਰੀਕਾ ਅਜਿਹੇ ਦੇਸ ਹਨ ਜਿਹੜੇ ਭਾਰਤ ਦੀ ਵਿਦੇਸ਼ ਨੀਤੀ ਅਤੇ ਅੰਤਰਰਾਸ਼ਟਰੀ ਸਥਿਤੀ ਤੇ ਰੁਤਬੇ ਨੂੰ ਮੁੱਖ ਰੂਪ ਵਿਚ ਪ੍ਰਭਾਵਿਤ ਕਰਦੇ ਹਨ।

ਭਾਰਤ-ਪਾਕਿਸਤਾਨ

(India and Pakistan)

ਬਰਤਾਨਵੀ (British) ਸਾਮਰਾਜ ਨੇ ਮੌਕੇ ਦੀ ਨਜਾਕਤ ਨੂੰ ਸਮਝਿਆਂ ਆਪਣੇ ਸਾਮਰਾਜ ਨੂੰ ਭਾਰਤ ਤੇ ਪਾਕਿਸਤਾਨ ਦਰਮਿਆਨ ਵੰਡ ਦਿੱਤਾ। ਇਸ ਵੰਡ ਦੇ ਕਾਰਜ ਨੂੰ ਨੇਪਰੇ ਚਾੜਨ ਲਈ ਸਾਈਰਿਲ ਰੈਡਕਲਿਫ਼ (Cyril Radcliffe) ਨੂੰ ਸਰਹੱਦੀ-ਹੱਦਬੰਦੀ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ ਸੀ। ਪੰਜਾਬ ਅਤੇ ਬੰਗਾਲ ਨੂੰ ਵੰਡਣਾ ਇਸ ਕਮਿਸ਼ਨ ਦਾ ਮੁੱਖ ਕਾਰਜ ਸੀ। ਜਿਸ ਵਿੱਚ ਸਦੀਆ ਤੋ ਇੱਕਠੀਆ ਵਸਦੀਆ ਪੰਜਾਬੀ ਅਤੇ ਬੰਗਾਲੀ ਕੌਮਾਂ ਨੂੰ ਧਰਮ ਦੇ ਅਧਾਰ ਤੇ ਵੰਡਣਾ ਸੀ ਕਿਉਂਕਿ ਇਤਿਹਾਸ ਵਿੱਚ ਇਹ ਕੌਮਾਂ ਆਪੋ ਆਪਣੇ ਖਿੱਤੇ ਵਿੱਚ ਖੁਦਮੁਖਤਿਆਰ ਰਹੀਆ ਸੀ। ਸਾਇਰਿਨ ਰੈਡਕਲਿਫ਼ ਦਾ ਨਾਂ ਤੋਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੱਦ ਨੂੰ ਰੈਡਰਲਿਫ਼ ਹੱਦ ਵੀ ਦੀ (Radcliffe Line) ਕਿਹਾ ਜਾਂਦਾ ਹੈ। ਭਾਰਤ-ਪਾਕਿਸਤਾਨ ਦੀ ਵੰਡ, ਵਸੋਂ ਦਾ ਤਬਾਦਲਾ, ਸਰਹੱਦ, ਕਸ਼ਮੀਰ, ਪੰਜਾਬ ਤੇ ਬੰਗਾਲ ਦਾ ਖੇਤਰਾਂ ਬਾਰੇ ਦੋਵਾਂ ਦੇਸ਼ਾਂ ਦੇ ਦਾਅਵੇ ਲੋਕਾਂ ਨੇ ਅਣਮੰਨੇ ਮਨ ਨਾਲ ਮੰਨ ਲਏ ਸਨ। ਆਮ ਲੋਕਾਂ ਨੂੰ ਨਹੀਂ ਪਤਾ ਸੀ ਕਿ ਸਵੇਰੇ ਪਾਕਿਸਤਾਨ ਵਿਚ ਹੋਵਾਂਗੇ ਜਾਂ ਭਾਰਤ ਵਿਚ।



1947 ਦੀ ਵੰਡ ਦੇ ਦੌਰਾਨ ਹਿਜ਼ਰਤੀ ਆਪਣੀ ਜਨਪ ਭੂਮੀ ਤੋਂ ਸਰਕਾਰ ਵੱਲੋਂ ਦੱਸੇ ਵੱਲ ਹਿਜ਼ਰਤ ਕਰਦੇ ਹੋਏ।

ਲੋਕ ਮਨਾਂ ਦੀਆਂ ਰੀਝਾਂ, ਰੋਸੇ ਅੰਤਰਰਾਸ਼ਟਰੀ ਹਲਾਤ ਦੇ ਸਾਹਮਣੇ ਬੌਣੇ ਹੋ ਗਏ। ਅਜ਼ਾਦੀ ਤੋਂ ਬਾਅਦ ਅੱਜ ਵੀ ਪੰਜਾਬ ਦੇ ਲੋਕ 1947 ਦੀ ਭਾਰਤ-ਪਾਕਿ ਵੰਡ ਨੂੰ ਹੱਲੇ ਕਹਿੰਦੇ ਹਨ। ਇਹਨਾਂ ਹੱਲਿਆਂ ਵਿੱਚ ਲੱਖਾਂ ਲੋਕਾਂ ਦਾ ਖੂਨ ਡੁੱਲਿਆ। ਅਫਸੋਸ ਦੀ ਗੱਲ ਡੋਲਣ ਵਾਲੇ ਮੁਸਲਮਾਨ, ਹਿੰਦੂ, ਸਿੱਖਾਂ ਦੇ ਧੜਿਆਂ ਵਿਚ ਵਿਚਰ ਰਹੇ ਸਨ। ਸਦੀਆਂ ਤੋਂ ਇਕੱਠੇ ਵਸ ਰਹੇ ਲੋਕਾਂ ਵਿਚ ਸਿਆਸਤ ਨੇ ਜਹਿਰ ਘੋਲ ਦਿੱਤੀ ਸੀ। ਦੋਨਾਂ ਮੁਲਕਾਂ ਦਰਮਿਆਨ ਸੱਭਿਆਚਾਰਕ ਸਾਂਝ ਦੇ ਨਾਲ-ਨਾਲ ਵੱਖ-ਵੱਖ ਮੁੱਦਿਆਂ ਤੇ ਆਪਸੀ ਖਿਚੋਤਾਣ ਚਲਦੀ ਆ ਰਹੀ ਹੈ ਕਿਉਂ ਜੋ ਸੰਸਾਰ ਦੇ ਕੋਈ ਵੀ ਹੋਰ ਮੁਲਕ ਮੁਲਕ ਭਾਰਤ-ਪਾਕਿਸਤਾਨ ਦੀ ਸਾਂਝ ਵਰਗੇ ਨਹੀਂ ਹਨ।

ਅਜ਼ਾਦੀ ਸੰਘਰਸ਼ ਸਮੇਂ ਮੁਸਲਿਮ ਲੀਗ (Muslim League) ਦੇ ਆਗੂ ਮੁਹੰਮਦਅਲੀ ਜਿਨਾਹ (Mohammad Ali Jinnah) ਅਤੇ ਕਾਗਰਸ ਹਿੰਦੂ ਜਥੇਬੰਦੀਆ ਦੇ ਲੀਡਰ ਭਵਿੱਖ ਦੇ ਸ਼ਾਸਨ ਪ੍ਰਬੰਧ ਢਾਚੇ ਲਈ ਸਹਿਮਤੀ ਨਹੀਂ ਬਣੀ ਨੇ ਮੁਸਲਮਾਨਾਂ ਲਈ ਵੱਖਰਾ ਦੇਸ਼ ਬਣਾਉਣ ਲਈ ਸੰਘਰਸ਼ ਕੀਤਾ। ਜਿਨਾਹ ਦਾ ਮੰਨਣਾ ਸੀ ਕਿ ਹਿੰਦੂ ਅਤੇ ਮੁਸਲਮਾਨ ਦੋਨੋਂ ਅਲੱਗ-ਅਲੱਗ ਸਮੁਦਾਇ (Communities) ਹਨ। ਇਸ ਲਈ ਕਾਨੂੰਨ ਅਨੁਸਾਰ ਤੇ ਅਬਾਦੀ ਦੇ ਹਿਸਾਬ ਨਾਲ ਘੱਟ ਗਿਣਤੀ ਤੇ ਬਹੁਗਿਣਤੀ ਦੀ ਤਾਕਤ ਵਿੱਚ ਸਤੁੰਲਨ ਬਣਾਉਣ ਲਈ ਵਿਸ਼ੇਸ਼ ਅਧਿਕਾਰਾ ਦੀ ਮੰਗ ਕੀਤੀ ਗਈ ਸੀ ਜੋ ਕਾਗਰਸੀ ਲੀਡਰਾਂ ਨੂੰ ਮਨਜ਼ੂਰ ਨਹੀ ਸੀ ਉਸ ਸਮੇਂ ਭਾਰਤੀ ਰਾਸ਼ਟਰੀ ਕਾਂਗਰਸ (Indian National Congress) ਇਸ ਉੱਪ ਮਹਾਂਦੀਪ ਨੂੰ ਭਾਰਤ ਅਤੇ ਪਾਕਿਸਤਾਨ ਨੂੰ ਵੰਡਣ ਦਾ ਵਿਰੋਧ ਕਰਦੀ ਸੀ। ਇਸ ਵਿਰੋਧ ਦੇ ਕਾਰਨ ਪਾਕਿਸਤਾਨ ਦੇ ਮਨ ਵਿਚ ਹਮੇਸ਼ਾਂ ਲਈ ਭਾਰਤ ਪ੍ਰਤੀ ਬੇਭਰੋਸਗੀ ਘਰ ਕਰ ਗਈ ਕਿ ਭਾਰਤ ਕਦੇ ਵੀ ਪਾਕਿਸਤਾਨ ਦਾ ਦੋਸਤ ਨਹੀਂ ਬਣ ਸਕਦਾ। ਪੰਜਾਬ ਵਿੱਚ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪੱਖੋ ਸਿੱਖ ਮੋਹਰੀ ਸਨ ਅਤੇ 1849 ਵਿੱਚ ਅੰਗਰੇਜ਼ਾਂ ਨੇ ਦੇਸ ਪੰਜਾਬ ਨੂੰ ਭਾਰਤ ਵਿੱਚ ਸ਼ਾਮਿਲ ਕਰਕੇ ਇੱਕ ਸੂਬਾ ਬਣਾ ਲਿਆ ਸੀ ਪਰੰਤੂ ਜਦੋ ਵੰਡ ਹੋਈ ਤਾਂ ਦੋ ਰਾਸ਼ਟਰਾਂ ਦੇ ਅਧਾਰ 'ਤੇ ਵੰਡ ਹੋਈ ਜਿਸ ਵਿੱਚ ਪੰਜਾਬੀਆਂ ਖਾਸਕਰ ਸਿੱਖਾ ਨੂੰ ਅਣਗੋਲਿਆ ਕੀਤਾ ਗਿਆ। ਵੰਡ ਦਾ ਅਧਾਰ ਆਧੁਨਿਕ ਉਤਰ ਪ੍ਰੇਦਸ ਤੇ ਕਰਾਚੀ ਆਦਿ ਨਾਲ ਸਬੰਧਤ ਥਾਵਾਂ ਦੇ ਵਿਵਾਦ ਕਾਰਨ ਹੋਇਆ ਸੀ ਪਰ ਵੰਡਿਆ ਪੰਜਾਬ ਤੇ ਬੰਗਾਲ ਗਿਆ ਇਸ ਤੋ ਇਲਾਵਾ ਬੇਭਰੋਸਗੀ ਦੇ ਸਭ ਤੋਂ ਅਹਿਮ ਮੁੱਦਾ ਕਸ਼ਮੀਰ ਦਾ ਹੈ।

ਕਸ਼ਮੀਰ ਅਤੇ ਭਾਰਤ-ਪਾਕਿਸਤਾਨ (Kashmir and India-Pakistan) : ਅੰਗਰੇਜ਼ਾਂ ਦੇ ਸਿੱਧੇ ਸਾਸਨ ਤੋਂ ਇਲਾਵਾ ਰਿਆਸਤਾਂ ਨੂੰ ਖੁੱਲ ਸੀ ਕਿ ਉਹ ਆਪਣੀ ਕਿਸਮਤ ਦਾ ਫ਼ੈਸਲਾ ਖੁਦ ਕਰ ਸਕਦੀਆਂ ਸਨ। ਜੰਮੂ-ਕਸ਼ਮੀਰ ਤੋਂ ਇਲਾਵਾ ਬਾਕੀ ਰਿਆਸਤਾਂ ਭਾਰਤ ਜਾਂ ਪਾਕਿਸਤਾਨ ਨੂੰ ਚੁਣ ਚੁੱਕੀਆਂ ਸਨ। ਸੰਨ 1947 ਤੱਕ ਜੰਮੂ-ਕਸ਼ਮੀਰ ਦੀ ਪਰਜਾ ਅਤੇ ਸ਼ਾਸਕ ਦੁਬਿਧਾ ਵਿਚ ਸਨ। ਪਾਕਿਸਤਾਨ ਕਸ਼ਮੀਰ ਤੇ ਦਾਵਾ ਕਰਦਾ ਸੀ ਕਿਉਂਕਿ ਮੁਸਲਮਾਨ ਬਹੁ-ਸੰਖਿਅਕ ਇਲਾਕਾ ਹੋਣ ਕਰਕੇ ਆਮ ਲੋਕਾਂ ਦਾ ਪਹਿਚਾਣ ਪਾਕਿਸਤਾਨ ਨਾਲ ਜੁੜਦੀ ਸੀ। 1849 ਵਿੱਚ ਪੰਜਾਬ ਉਪਰ ਅੰਗਰੇਜਾਂ ਦੇ ਕਬਜੇ ਤੋ ਬਾਅਦ ਜੰਮੂ ਅਤੇ ਕਸਮੀਰ ਅਲੱਗ ਸੂਬਾ ਬਣਾ ਕੇ ਗੁਲਾਬ ਸਿੰਘ ਨੂੰ ਵੇਚ ਦਿੱਤਾ ਗਿਆ ਸੀ ਅਤੇ 1947 ਵਿੱਚ ਜੰਮੂ ਕਸਮੀਰ ਦਾ ਸਾਸਕ ਹਰੀ ਸਿੰਘ, ਗੁਲਾਬ ਸਿੰਘ ਦਾ ਪੜਪੋਤਾ ਸੀ। ਰਾਜਾ ਹਰੀ ਸਿੰਘ ਜੰਮੂ-ਕਸ਼ਮੀਰ ਦਾ ਹਿੰਦੂ ਸ਼ਾਸਕ ਸੀ ਪਰੰਤੂ ਪਰਜਾ ਮੁਸਲਮਾਨ ਸੀ। ਹਰੀ ਸਿੰਘ ਨੇ ਕੋਈ ਫ਼ੈਸਲਾ ਅਕਤੂਬਰ 1947 ਤੱਕ ਨਾ ਲਿਆ। ਜਦੋਂ ਤੱਕ ਪਾਕਿਸਤਾਨ ਨੇ ਹਥਿਆਰਬੰਦ ਘੁਸਪੈਠ ਨਾਂ ਕਰ ਦਿੱਤੀ। ਰਾਜਾ



ਚਿੱਤਰ 23.2

ਨੇ ਭਾਰਤ ਤੋਂ ਮੱਦਦ ਲੈ ਕੇ 'Instrument of Accession' ਤੇ ਹਸਤਾਖਰ ਕੀਤੇ ਅਤੇ ਕਸ਼ਮੀਰ ਨੂੰ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ। ਪੰਡਤ ਜਵਾਹਰ ਲਾਲ ਨਹਿਰੂ ਨੇ ਸਾਫ਼ ਕੀਤਾ ਜਦੋਂ ਪਾਕਿਸਤਾਨ ਤੋਂ ਹਮਲਾਵਰ ਮੁੜ ਜਾਣਗੇ ਤਾਂ ਜੰਮੂ-ਕਸ਼ਮੀਰ ਦੇ ਭਵਿੱਖ ਦਾ ਫ਼ੈਸਲਾ ਲੋਕ-ਰਾਏ ਅਨੁਸਾਰ ਕੀਤਾ ਜਾਵੇਗਾ। ਅਕਤੂਬਰ 1947 ਤੋਂ ਲੈਕੇ ਅੱਜ ਤੱਕ ਕਸ਼ਮੀਰ ਸੰਬੰਧੀ ਮਸਲਾ ਚਲਦਾ ਆ ਰਿਹਾ ਹੈ। ਝਗੜੇ ਦੇ ਹੱਲ ਲਈ ਸੰਨ 1948 ਵਿੱਚ ਭਾਰਤ ਨੇ ਸੰਯੁਕਤ ਰਾਸ਼ਟਰ ਦੀ ਮੱਦਦ ਮੰਗੀ ਜਿਸਦੀ ਸਿੱਟੇ ਵਜੋਂ 1 ਜਨਵਰੀ 1949 ਤੋਂ ਜੰਗਬੰਦੀ (Ceasefire) ਲਾਗੂ ਕੀਤੀ ਗਈ। ਪਾਕਿਸਤਾਨ ਦੀ ਇਸ ਘੁਸਪੈਠ ਨੇ ਜੰਮੂ-ਕਸ਼ਮੀਰ ਦਾ ਵੱਡਾ ਹਿੱਸਾ ਆਪਣੇ ਕਬਜੇ ਵਿਚ ਕਰ ਲਿਆ ਜਿਸਨੂੰ ਪਾਕਿਸਤਾਨੀ ਕਬਜੇ ਵਾਲਾ ਕਸ਼ਮੀਰ (Pakistan occupied kashmir) ਕਿਹਾ ਜਾਂਦਾ ਹੈ। ਸੰਯੁਕਤ ਰਾਸ਼ਟਰ ਦੀ ਵਿਚੋਲਗੀ ਸਦਕਾ ਬਹੁਤ ਸਾਰੀਆਂ ਯੋਜਨਾਵਾਂ ਕਸ਼ਮੀਰ ਸਮੱਸਿਆ ਨੂੰ ਹੱਲ ਕਰਨ ਲਈ ਪੇਸ ਕੀਤੀਆਂ ਗਈਆਂ ਪਰੰਤੂ ਆਪਸੀ ਦੁਸ਼ਮਣੀ ਦੇ ਸਦਕਾ ਕੋਈ ਵੀ ਯੋਜਨਾ ਸਫ਼ਲ ਨਹੀਂ ਹੋ ਸਕੀ।

(Plebiscite) ਬਾਰੇ ਭਾਰਤ ਦਾ ਤਰਕ ਹੈ ਕਿ ਪਹਿਲਾਂ ਪਾਕਿਸਤਾਨ ਕਸ਼ਮੀਰ ਤੋਂ ਆਪਣਾ ਕਬਜਾ ਛੱਡੇ ਅਤੇ ਆਪਣੀਆਂ ਫੌਜਾਂ ਨੂੰ ਵਾਪਸ ਬੁਲਾਏ ਫਿਰ ਹੀ ਲੋਕ ਰਾਏ ਕਰਾਉਣੀ ਸੰਭਵ ਹੈ। ਸੰਯੁਕਤ ਰਾਸ਼ਟਰ ਦੇ ਮਤੇ-1948 ਅਨੁਸਾਰ ਪਾਕਿਸਤਾਨ ਫੌਜਾਂ ਵਾਪਸ ਬੁਲਾਉਣ ਤੋਂ ਇਨਕਾਰੀ ਹੈ। ਸੰਨ 1954 ਵਿਚ ਭਾਰਤ ਦੇ ਸੰਵਿਧਾਨ ਅਨੁਸਾਰ ਜੰਮੂ-ਕਸ਼ਮੀਰ ਵਿਚ ਸੰਵਿਧਾਨ ਸਭਾ ਦੀਆਂ ਵੋਟਾਂ ਕਰਾਉਣ ਨਾਲ ਹੀ ਸਾਲਸੀ (Meditation) ਦਾ ਰਾਹ ਬੰਦ ਹੋ ਗਿਆ। ਪਾਕਿਸਤਾਨ ਫਿਰ ਵੀ ਕਸ਼ਮੀਰ ਨੂੰ ਹਾਸਲ ਕਰਨ ਲਈ ਪੁਰਜੋਰ ਕੋਸ਼ਿਸ਼ ਕਰਦਾ ਆ ਰਿਹਾ। ਸੰਨ 1962 ਵਿਚ ਭਾਰਤ-ਚੀਨ ਯੁੱਧ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਨਾਲ ਕਸ਼ਮੀਰ ਖਿੱਤੇ ਤੋਂ ਜੰਗ ਛੇੜ ਦਿੱਤੀ ਪਰੰਤੂ ਭਾਰਤੀ ਫੋਜਾਂ ਨੇ 1965 ਦੀ ਇਸ ਜੰਗ ਨੂੰ ਆਪਣੀ ਬਹਾਦਰੀ ਨਾਲ ਜਿੱਤ ਲਿਆ। ਇਸ ਜੰਗ ਦਾ ਨਿਪਟਾਰਾ ਕਰਾਉਣ ਲਈ ਸੋਵੀਅਤ ਸੰਘ ਜੋ ਹੁਣ ਰੂਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੀ ਭੂਮਿਕਾ ਅਹਿਮ ਰਹੀ। ਸੋਵੀਅਤ ਸੰਘ-ਰੂਸ ਦੇ ਪ੍ਰੀਮੀਅਰ ਪ੍ਰਧਾਨ (Premier) ਕੋਸੀਗਿਨ (kosygin) ਨੇ ਭਾਰਤ ਦੇ ਪ੍ਰਧਾਨ-ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੂੰ ਤਾਸਕੰਤ (Tashkent) ਸ਼ਹਿਰ ਵਿਖੇ 1965 ਦੀ ਜੰਗ ਬਾਬਤ ਸਮਝੌਤਾ ਕਰਨ ਲਈ ਰਾਜ਼ੀ ਕਰ ਲਿਆ। ਆਪਸੀ ਲੈਣ-ਦੇਣ (Bargaining) ਅਤੇ ਸੋਵੀਅਤ ਸੰਘ ਦੀ ਮਜ਼ਬੂਤ ਵਿਚੋਲਗੀ ਨੇ ਦੋਵਾਂ ਦੇਸ਼ਾਂ ਨੂੰ ਸਮਝੌਤਾ ਕਰਨ ਲਈ ਮਨਾਇਆ। ਇਸ ਸਮਝੌਤੇ ਨੂੰ 'ਤਾਸਕੰਤ ਸਮਝੌਤਾ' (Tashkent agreement) ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਹਿਤ ਭਾਰਤ ਨੇ ਪਾਕਿਸਤਾਨ ਤੋਂ ਕਬਜਾਈ ਧਰਾਤਲ ਵਾਪਸ ਕਰਨਾ ਮੰਨ ਲਿਆ ਸੀ।

ਸੰਨ 2019 ਵਿਚ ਭਾਰਤ ਨੇ ਧਾਰਾ 370 ਨੂੰ ਖ਼ਤਮ ਕਰ ਦਿੱਤਾ ਜਿਸਦੇ ਵਿਰੋਧ ਵਿਚ ਪਾਕਿਸਤਾਨ ਨੇ ਇਸ ਮਸਲੇ ਨੂੰ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਵਿਚ ਵੀ ਮੁੱਦਾ ਉਠਾਇਆ। ਭਾਰਤ ਕਸ਼ਮੀਰ ਨੂੰ ਆਪਣਾ ਅੰਦਰੂਨੀ ਮਾਮਲੇ ਦੇ ਤਰਕ ਨਾਲ ਪੇਸ਼ ਕੀਤਾ ਅਤੇ ਕਿਹਾ ਕਿ ਭਾਰਤ ਕਸ਼ਮੀਰ ਵਿਚ ਪਾਕਿਸਤਾਨ ਦੀ ਕਿਸੇ ਵੀ ਦਖ਼ਲ ਨੂੰ ਬਰਦਾਸ਼ਤ ਨਹੀਂ ਕਰੇਗਾ। ਧਾਰਾ 370 ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਨਾਲ ਸੰਬੰਧਤ ਹੈ। ਇਹ ਧਾਰਾ ਐੱਨ ਗੋਪਾਲ ਸੁਆਮੀ ਨੇ ਦਿੱਤੀ ਸੀ ਜੋ ਕਿ ਸੰਵਿਧਾਨ ਸਭਾ ਦੇ ਮੈਂਬਰ ਸਨ। ਭਾਰਤ ਦੀ ਸਰਵਉੱਚ ਅਦਾਲਤ ਨੇ 11 ਦਸੰਬਰ 2023 ਨੂੰ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ ਕਿ ਅਨੁਛੇਦ 370 ਅਤੇ 35A ਨੂੰ ਖ਼ਤਮ ਕਰਨ ਦਾ ਸੰਸਦ ਦਾ ਫੈਸਲਾ ਠੀਕ ਹੈ ਅਤੇ ਅਨੁਛੇਦ ਅਸਥਾਈ ਰੂਪ ਵਿੱਚ ਸਮੇਂ ਦੀ ਨਜ਼ਾਕਤ ਸਮਝਦਿਆਂ ਸੰਵਿਧਾਨ ਵਿਚ ਸ਼ਾਮਲ ਕੀਤਾ ਗਿਆ ਸੀ।

ਯਾਦ ਰੱਖਣ ਯੋਗ

ਪਾਕਿਸਤਾਨ ਵਿੱਚ ਜ਼ਿਆਦਾਤਰ ਲੋਕ ਪੰਜਾਬੀ ਬੋਲਦੇ ਹਨ ਪਰੰਤੂ ਅਜ਼ਾਦੀ ਤੋ ਬਾਅਦ ਉੱਥੇ ਦੀ ਸਰਕਾਰੀ ਭਾਸ਼ਾ ਉਰਦੂ ਬਣਾਈ ਗਈ। ਸ਼ਹਿਰੀ ਵਰਗ ਵੱਲੋ ਇਸਦਾ ਪ੍ਰਚਾਰ ਵੱਡੇ ਪੱਧਰ 'ਤੇ ਕੀਤਾ ਗਿਆ ਤੇ ਪ੍ਰਾਚੀਨ ਸਮਿਆਂ ਤੋ ਚੱਲੀ ਆ ਰਹੀ ਇਸ ਖਿੱਤੇ ਦੀ ਕੁਦਰਤੀ ਬੋਲੀ ਪੰਜਾਬੀ ਨੂੰ ਗੰਵਾਰੂ ਭਾਸ਼ਾ ਐਲਾਨਿਆ ਗਿਆ। ਇਹੀ ਹਾਲ ਪੰਜਾਬੀ ਦਾ ਭਾਰਤੀ ਪੰਜਾਬ ਵਿੱਚ ਹੋਇਆ ਪ੍ਰੰਤੂ ਪੰਜਾਬੀ ਸੂਬੇ ਦੇ ਸੰਘਰਸ਼ ਕਰਕੇ ਭਾਰਤੀ ਪੰਜਾਬ ਵਿੱਚ ਪੰਜਾਬੀ ਰਾਜ ਭਾਸ਼ਾ ਹੈ ਪਰ ਪੰਜਾਬ ਦੇ ਪੁਰਾਣੇ ਖੇਤਰ ਹਰਿਆਣਾ, ਹਿਮਾਚਲ, ਉਤਰੀ ਰਾਜਸਥਾਨ ਤੇ ਦਿੱਲੀ ਵਿੱਚ ਰਾਜਨੀਤਕ ਕਾਰਨਾਂ ਕਰਕੇ ਹਿੰਦੀ ਅਤੇ ਜੰਮੂ ਕਸਮੀਰ ਵਿੱਚ ਡੋਗਰੀ ਤੇ ਉਰਦੂ ਦਾ ਬੋਲਬਾਲਾ ਹੈ।

ਪੂਰਬੀ ਪਾਕਿਸਤਾਨ ਵਿਚ ਬਗਾਵਤ (Revot in Eastern Pakistan) : ਸੰਨ 1905 ਵਿਚ ਲਾਰਡ ਕਰਜ਼ਨ ਨੇ ਬੰਗਾਲ ਦੀ ਵੰਡ ਕੀਤੀ ਜਿਸਦੇ ਸਿੱਟੇ ਵੱਜੋਂ ਪੂਰਬੀ ਬੰਗਾਲ ਅਤੇ ਪੱਛਮੀ ਬੰਗਾਲ ਦਾ ਉਦੈ ਹੋਇਆ। ਭਾਰਤ ਦੀ ਵੰਡ ਸਮੇਂ ਪੱਛਮੀ ਬੰਗਾਲ (West Bengal) ਭਾਰਤ ਦੇ ਹਿੱਸੇ ਆਇਆ ਅਤੇ ਪੂਰਬੀ ਬੰਗਾਲ (East Bengal) ਪਾਕਿਸਤਾਨ ਦੇ ਹਿੱਸੇ ਆਇਆ।

ਪੂਰਬੀ ਬੰਗਾਲ ਨੂੰ ਵੰਡ ਤੋਂ ਬਾਅਦ ਪੂਰਬੀ ਪਾਕਿਸਤਾਨ (Eastern Pakistan) ਬਣਾਇਆ ਗਿਆ। ਪੂਰਬੀ ਪਾਕਿਸਤਾਨ ਦੀ ਭਾਸ਼ਾ ਬੰਗਲਾ ਸੀ ਪੱਛਮੀ ਪਾਕਿਸਤਾਨ ਜਿਸਦੀ ਸਰਹੱਦ ਪੰਜਾਬ ਵਿਚੋਂ ਕੱਢੀ ਗਈ, ਦੀ ਸਰਕਾਰੀ ਭਾਸ਼ਾ ਉਰਦੂ ਬਣਾਈ ਗਈ। ਸਮਾਂ ਪਾ ਕੇ ਭਾਸ਼ਾ, ਪ੍ਰਸ਼ਾਸਨਕ ਵਿਤਕਰਾ ਆਦਿ ਪੂਰਬੀ ਪਾਕਿਸਤਾਨ, ਪਾਕਿਸਤਾਨ ਤੋਂ ਅਜ਼ਾਦ ਹੋ ਕੇ ਬੰਗਲਾਦੇਸ਼ ਬਣ ਗਿਆ। ਬੰਗਲਾਦੇਸ਼ ਦੇ ਅਜ਼ਾਦੀ ਸੰਘਰਸ਼ ਵਿਚ ਭਾਰਤ ਦੀ ਵਿਸ਼ੇਸ਼ ਭੂਮਿਕਾ ਰਹੀ ਸੀ। ਬੰਗਲਾਦੇਸ਼ ਦੇ ਅਲੱਗ ਦੇਸ਼ ਬਨਣ ਨਾਲ ਪਾਕਿਸਤਾਨ ਦੀ ਸਥਿਤੀ ਖੇਤਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕਮਜ਼ੋਰ ਹੋਈ। ਇਸ ਸਮੇਂ ਸੰਯੁਕਤ ਰਾਜ ਅਮਰੀਕਾ ਪਾਕਿਸਤਾਨ ਦੇ ਹੱਕ ਵਿਚ ਅਤੇ ਸੋਵੀਅਤ ਸੰਘ ਨੇ ਭਾਰਤ ਦਾ ਪੱਖ ਪੂਰਿਆ ਸੀ। ਇੰਦਿਰਾ ਗਾਂਧੀ ਜੀ ਗੁੱਟ-ਨਿਰਪੱਖਤਾ ਦੇ ਨਾਲ-ਨਾਲ ਆਪਣਾ ਝੁਕਾਅ ਸੋਵੀਅਤ ਸੰਘ ਵਜੋ ਕਰਨ ਕਰਕੇ ਅੰਤਰ-ਰਾਸ਼ਟਰੀ ਪੱਧਰ ਤੇ ਗੁੱਟ ਨਿਰਪੱਖਤਾ ਕੰਮਜੋਰ ਹੋਣ ਲੱਗੀ। ਸੰਨ 1971 ਦੇ ਅਗਸਤ ਵਿਚ ਭਾਰਤ ਨੇ ਸੋਵੀਅਤ ਸੰਘ ਨਾਲ 'ਦੋਸਤੀ ਦੀ ਸੰਧੀ' (Tready of Friendship) ਕਰ ਲਈ ਸੀ। ਇਹ ਸੰਧੀ 20 ਸਾਲਾਂ ਲਈ ਕੀਤੀ ਗਈ ਸੀ ਅਤੇ ਇਕ ਦੂਜੇ ਤੇ ਹਮਲਾ ਹੋਣ ਦੀ ਸਥਿਤੀ ਵਿਚ ਇਕ-ਦੂਜੇ ਦਾ ਸਾਥ ਦੇਣ ਇਸ ਸੰਧੀ ਕੇਂਦਰੀ ਪਹਿਲੂ ਸੀ। ਸੋਵੀਅਤ ਸੰਘ ਦੀ ਭਾਰਤ ਦੇ ਨਾਲ ਸੰਧੀ ਕਾਰਨ ਹੀ ਸੰਯੁਕਤ ਰਾਜ ਅਮਰੀਕਾ ਨੇ 1971 ਵਿਚ ਬੰਗਲਾਦੇਸ਼ ਬਨਣ ਭਾਵ ਪਾਕਿਸਤਾਨ ਟੁੱਟਣ ਦੇ ਸਮੇਂ ਪਾਕਿਸਤਾਨ ਦਾ ਸਾਥ ਦੇਣ ਦੀ ਕੋਸੀਸ ਕੀਤੀ ਸੀ। ਬੰਗਲਾ ਦੇਸ਼ ਅਜ਼ਾਦੀ ਵਿਚ ਭਾਰਤ ਦੀ ਭੂਮਿਕਾ ਨੂੰ ਅਮਰੀਕਾ ਨੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਮੰਨਿਆ ਅਤੇ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ। ਭਾਰਤ ਆਪਣੀ ਕਾਰਵਾਈ ਨੂੰ ਰਾਸ਼ਟਰੀ ਸਲਾਮਤੀ ਅਤੇ ਸੁਰੱਖਿਆ ਦੇ ਨਜ਼ਰੀਏ ਤੋਂ ਪੇਸ਼ ਕਰਨ ਦਾ ਤਰਕ ਦਿੰਦਾ ਹੈ। ਵਰਤਮਾਨ ਵਿਚ ਬੰਗਲਾਦੇਸ਼ ਦੇ ਹਲਾਤ ਭਾਰਤ ਦੀ ਸੁਰੱਖਿਆ ਲਈ ਚੁਣੌਤੀਪੂਰਨ ਬਣੇ ਹੋਏ ਹਨ।

ਚੰਗੇ ਸੰਬੰਧਾਂ ਦੀ ਉਮੀਦ (Hope of good relations) : ਅੰਤਰ-ਰਾਸ਼ਟਰੀ ਸੰਬੰਧਾਂ ਬਾਬਤ ਅਕਸਰ ਕਿਹਾ ਜਾਂਦਾ ਹੈ ਕਿ ਦੇਸ਼ਾਂ ਲਈ ਕੋਈ ਪੱਕਾ ਦੋਸਤ ਜਾਂ ਦੁਸ਼ਮਣ ਨਹੀਂ ਹੁੰਦਾ ਸਗੋਂ ਰਾਸ਼ਟਰੀ ਹਿੱਤ ਦੇਸਾਂ ਦੀ ਪਹਿਲ ਹੁੰਦੇ ਹਨ। ਕਮਜ਼ੋਰ ਦੇਸ਼ਾਂ ਲਈ ਪੱਕੇ ਦੋਸਤਾਂ ਦੀ ਲੋੜ ਹੁੰਦੀ ਹੈ। ਬੰਗਲਾਦੇਸ਼ ਦੇ ਬਨਣ ਨਾਲ ਪਾਕਿਸਤਾਨ ਦੀ ਸਥਿਤੀ ਕਮਜ਼ੋਰ ਹੋ ਗਈ ਸੀ। ਭਾਰਤ ਦੱਖਣੀ ਏਸ਼ੀਆ ਦਾ ਤਾਕਤਵਰ ਦੇਸ਼ ਬਣਕੇ ਉਭਰ ਰਿਹਾ ਸੀ। ਸ੍ਰੀਮਤੀ ਇੰਦਿਰਾ ਗਾਂਧੀ ਦਾ ਪ੍ਰਧਾਨ ਮੰਤਰੀ ਕਾਲ ਭਾਰਤ ਦੀ ਵਿਦੇਸ਼ ਨੀਤੀ ਉੱਚੇ ਆਦਰਸ਼ਾਂ ਅਨੁਸਾਰ ਢਾਲ ਰਿਹਾ ਸੀ। ਭਾਰਤ ਨੇ ਪਾਕਿਸਤਾਨ ਨੂੰ ਚੰਗੇ ਸੰਬੰਧ ਬਨਾਉਣ ਲਈ ਸੁਨੇਹਾ ਭੇਜਿਆ ਜਿਸਦੇ ਸਿੱਟੇ ਵਜੋਂ ਸ਼ਿਮਲ਼ਾ ਸੁਲਾਹਨਾਮਾ -1972(Shimla pact-1972) ਹੋਇਆ। ਇਸ ਸੁਲਾਹਨਾਮਾ ਸਦਕਾ ਭਾਰਤ ਪਾਕਿਸਤਾਨ ਨੇ ਆਪਸੀ ਮਸਲਿਆਂ ਨੂੰ ਗੱਲਬਾਤ ਰਾਹੀਂ ਸਲਝਾਉਣ ਲਈ ਰਜ਼ਾਮੰਦੀ ਪ੍ਰਗਟਾਈ। ਕਸ਼ਮੀਰ ਅਤੇ ਹੋਰ ਮਾਮਲਿਆਂ ਨੂੰ ਬਿਨਾਂ ਕਿਸੇ ਤੀਜੀ ਧਿਰ ਜਾਂ ਮੁਲਕ, ਸੰਸਥਾ ਦਾ ਦਖ਼ਲ ਦੇ ਸੁਲਝਾਉਣ ਦੀ ਸਹਿਮਤੀ ਪ੍ਰਗਟਾਈ। ਬੰਗਲਾਦੇਸ਼ ਦੀ ਅਜਾਦੀ ਸਮੇਂ ਭਾਰਤ ਨੇ ਵੱਡੀ ਗਿਣਤੀ ਵਿਚ ਪਾਕਿਸਤਾਨ ਦੇ ਫੌਜੀ ਬੰਦੀ ਬਣਾ ਲਏ ਸਨ। ਇਹਨਾਂ ਦੀ ਰਿਹਾਈ ਵੀ ਇਸ ਸੁਲਾਨਾਮੇ ਦੀ ਸ਼ਰਤ ਸੀ। ਤੀਜੀ ਮਹੱਤਵਪੂਰਨ ਗੱਲ ਸਿਮਲਾ ਸੁਲ੍ਹਾਨਾਮੇ ਦੀ ਸੀ ਕਿ ਸੰਨ 1949 ਵਿੱਚ ਜੰਗਬੰਦੀ ਰੇਖਾ (Ceasefire line) ਨੂੰ 1972 ਤੋਂ ਬਾਅਦ (Line of control) ਬਦਲਿਆ ਨਹੀ ਜਾਵੇਗਾ। ਇਸਦੇ ਨਾਲ-ਨਾਲ ਸੈਕਟਰੀ ਪੱਧਰ ਦੀ ਵਾਰਤਾਲਾਪ ਸ਼ੁਰੂ ਹੋਈ।

ਰਾਹ-I ਸਰਕਾਰਾਂ ਦਰਮਿਆਨ ਕੂਟਨੀਤਿਕ ਸੰਬੰਧ

(Track-I-Formal diplomatic engagement between the national government)

ਰਾਹ-II ਵੱਖ-ਵੱਖ ਵਪਾਰਕਾਂ ਸੰਸਥਾਵਾਂ ਰਾਹੀਂ ਗੱਲਬਾਤ ਜੋ ਸਰਕਾਰੀ ਮਾਨਤਾ ਪ੍ਰਾਪਤ ਹੋਣ।

(Track II- Coperation through government affiliated institutions ex, enterprises and business councils)

ਰਾਹ-III ਲੋਕਾਂ ਦਰਮਿਆਨ ਆਪਸੀ ਗੱਲਬਾਤ

(Peoples to peoples dialogue)

ਦੇਸ਼ਾਂ ਦਰਮਿਆਨ ਸਹਿਯੋਗ ਦੇ ਢੰਗ
(Ways cooperation among states)

ਵਾਜਪਾਈ ਜੀ ਦੁਆਰਾ ਲੋਕਾਂ ਨੂੰ ਲੋਕਾਂ ਨਾਲ ਗੱਲਬਾਤ ਅਤੇ ਸਾਂਝ ਪੈਦਾ ਕਰਨ ਲਈ ਬੱਸ ਕੂਟਨੀਤੀ ਨੇ ਅਹਿਮ ਭੂਮਿਕਾ ਨਿਭਾਈ। ਵਟਵਾਰੇ ਦੌਰਾਨ ਵਿਛੜ ਗਏ ਪਰਿਵਾਰ ਇਕ ਦੂਜੇ ਮਿਲਕੇ ਖ਼ੁਸ਼ ਸਨ। ਦਹਾਕਿਆਂ ਦੀਆਂ ਦੂਰੀਆਂ ਘਟਦੀਆਂ

ਲੱਗੀਆਂ। ਬਚਪਨ ਵਿਚ ਵਿਛੜੇ ਪਰਿਵਾਰ ਆਪਸ ਵਿਚ ਮਿਲਣ ਲੱਗੇ। ਅੰਗਰੇਜ਼ਾਂ ਦੁਆਰਾ ਖਿੱਚੀ ਸਰਹੱਦ ਲੋਕਾਂ ਦੇ ਮਨਾਂ ਵਿੱਚ ਸਰਹੱਦ ਖਿੱਚਣ ਵਿਚ ਕਾਮਯਾਬ ਨਾਂ ਹੁੰਦੀ ਦਿਸੀ। ਲਾਹੌਰ ਐਲਾਨਨਾਮਾ (Lahore declaration) 21 ਫਰਵਰੀ 1999 ਨੂੰ ਭਾਰਤ ਪਾਕਿਸਤਾਨ ਵਿਚਕਾਰ ਨੇਪਰੇ ਚੜਿਆ। ਇਸ ਐਲਾਨਨਾਮਾ ਰਾਹੀਂ ਵੱਖ-ਵੱਖ ਮਾਮਲਿਆਂ ਜਿਵੇਂ ਕਸ਼ਮੀਰ ਅਤੇ ਪਰਮਾਣੂ ਹਥਿਆਰਾਂ ਦਾ ਇਸਤੇਮਾਲ ਬਾਰੇ ਆਪਸੀ ਸਹਿਮਤੀ ਬਣੀ।

ਪਾਕਿਸਤਾਨ ਦੀ ਅੰਦਰੂਨੀ ਸਿਆਸਤ ਕਾਰਨ ਇਹ ਐਲਾਨਨਾਮਾ ਅਸਲ ਰੂਪ ਵਿਚ ਲੰਮਾ ਸਮਾਂ ਨਾ ਚੱਲ ਸਕਿਆ। ਸੰਨ 1999 ਦੇ ਕਾਰਗਿਲ ਯੁੱਧ ਅਤੇ ਦਸੰਬਰ 2001 ਵਿਚ ਭਾਰਤ ਦੀ ਸੰਸਦ ਤੇ ਹਮਲੇ ਕਾਰਨ ਰਿਸ਼ਤੇ ਫਿਰ ਤੋਂ ਲੀਹੋਂ ਲਹਿ ਗਏ। ਪਾਕਿਸਤਾਨ ਦੀ ਧਾਰਮਿਕ ਕੱਟੜਤਾ ਵਿਚੋਂ ਉਪਜਿਆ ਅੱਤਵਾਦ ਭਾਰਤ ਨਾਲ ਸੰਬੰਧਾਂ ਦੇ ਰਾਹ ਦਾ ਰੋੜਾ ਹੈ।

ਕਰਤਾਰਪੁਰ ਲਾਂਘਾ (Kartarpur Corridar) : ਅਣਵੰਡੇ ਪੰਜਾਬ ਵਿਚ ਸਿੱਖ ਗੁਰੂ ਸਹਿਬਾਨਾਂ ਨਾਲ ਸੰਬੰਧਤ ਸਥਾਨਾਂ ਗੁਰੂਦੁਆਰਿਆਂ ਦੀ ਖਿੱਚ ਪੂਰਬੀ ਪੰਜਾਬ ਨੂੰ ਹਮੇਸ਼ਾ ਹੀ ਰਹੀ। ਪਾਕਿਸਤਾਨ ਅਤੇ ਭਾਰਤ ਦਰਮਿਆਨ ਸੰਬੰਧਾਂ ਨੂੰ ਸੁਧਾਰਨ ਲਈ ਪਾਕਿਸਤਾਨ ਨੇ ਸੰਨ 2019 ਵਿਚ ਪਹਿਲੇ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਅਹਿਮ ਰਿਸ਼ਤਾ ਰੱਖਣ ਵਾਲੇ ਕਰਤਾਰ ਸਾਹਿਬ ਨਾਂ ਹੇਠ ਲਾਂਘਾ ਖੋਲਿਆ ਗਿਆ। ਪਾਕਿਸਤਾਨ ਦੇ ਪ੍ਰਧਾਨਮੰਤਰੀ ਇਮਰਾਨ ਖਾਨ ਵੱਲੋਂ ਭਾਰਤ ਵੱਲ ਵਧਾਇਆ ਗਿਆ ਦੋਸਤੀ ਦਾ ਹੱਥ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਅਹਿਮ ਕਾਰਜ ਹੋ ਨਿਬੜਿਆ। ਇਸ ਦੇ ਨਾਲ-ਨਾਲ ਦੋਵਾਂ ਮੁਲਕਾਂ ਦੀ ਅੰਦਰੂਨੀ ਸਿਆਸਤ ਹਮੇਸ਼ਾ ਹੀ ਚੰਗੇ ਸੰਬੰਧਾਂ ਨੂੰ ਤੈਅ ਕਰਦੀ ਆਈ ਹੈ। ਇਹੋ ਜਿਹੇ ਹੋਰ ਵਸੀਲਿਆਂ ਅਤੇ ਮੌਕਿਆਂ ਰਾਹੀਂ ਸੱਭਿਆਚਾਰ ਅਦਾਨ-ਪ੍ਰਦਾਨ ਤੋਂ ਹੁੰਦਿਆਂ ਵਪਾਰਕ ਰਿਸ਼ਤਿਆਂ ਅਤੇ ਵਧੀਆ ਰਾਜਨੀਤਕ ਰਿਸ਼ਤਿਆਂ ਤੱਕ ਪਹੁੰਚਿਆਂ ਜਾ ਸਕਦਾ ਹੈ। ਇਸਦੇ ਨਾਲ ਹੀ ਪੁਰਾਣੇ ਸਮਿਆਂ ਤੋ ਗੋਤਾਂ, ਸੱਭਿਆਚਾਰ, ਭਾਸ਼ਾ ਦੇ ਤੌਰ ਤੇ ਇੱਕਠੇ ਰਹੇ ਖਿੱਤੇ ਵਿਚਕਾਰਲੀ ਲਕੀਰ ਨੂੰ ਮਿਟਾਊਣ ਲਈ ਵੀ ਲੋਕ ਜ਼ਜਬਾਤੀ ਹਨ।



ਕਰਤਾਰਪੁਰ ਸਾਹਿਬ ਕੋਰੀਡੋਰ ਨਕਸ਼ਾ

ਕਾਰਗਿਲ ਯੁੱਧ (1999) ਕਾਰਗਿਲ ਯੁੱਧ 1999 ਭਾਰਤ ਅਤੇ ਪਾਕਿਸਤਾਨ ਵਿਚਕਾਰ 03 ਮਈ 1999 ਤੋਂ 26 ਜੁਲਾਈ 1999 ਤੱਕ ਚਲਦਾ ਰਿਹਾ। ਉਸ ਸਮੇਂ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਕੇ.ਆਰ. ਨਰਾਇਣਨ ਅਤੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਸਨ। ਇਸ ਯੁੱਧ ਨੂੰ ਫਤਿਹ ਕਰਲ ਲਈ ਭਾਰਤੀ ਸੈਨਾ ਦੁਆਰਾ ਅਪਰੇਸ਼ਨ ਵਿਜੇ ਚਲਾਇਆ ਗਿਆ ਸੀ।

ਭਾਰਤ-ਪਾਕਿਸਤਾਨ ਸਮਝੌਤੇ

ਭਾਰਤ-ਪਾਕਿਸਤਾਨ ਵਿਚਕਾਰ ਕਈ ਮਹੱਤਵਪੂਰਨ ਸਮਝੌਤੇ ਹੋਏ ਸਨ। ਇਹਨਾਂ ਦਾ ਵਰਣਨ ਨਿਮਨ ਅਨੁਸਾਰ ਹੈ-

1. ਨਹਿਰੂ-ਲਿਆਕਤ ਅਲੀ ਸਮਝੌਤਾ (1950) : ਨਹਿਰੂ ਲਿਆਕਤ ਸਮਝੌਤੇ ਨੂੰ ਦਿੱਲੀ ਸਮਝੌਤੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸਮਝੌਤੇ 8 ਅਪ੍ਰੈਲ 1950 ਨੂੰ ਭਾਰਤ ਦੇ ਪ੍ਰਧਾਨਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਂ ਵਿਚਕਾਰ ਨਵੀਂ ਦਿੱਲੀ ਵਿਖੇ ਹੋਇਆ ਸੀ। ਇਸ ਸਮਝੌਤੇ ਦਾ ਉਦੇਸ਼ ਦੋਹਾਂ ਦੇਸ਼ਾਂ ਵਿੱਚ ਘੱਟ ਗਿਣਤੀ ਲੋਕਾਂ ਦੇ ਹਿੱਤਾ ਦੀ ਰੱਖਿਆ ਕਰਨਾ ਸੀ ਅਤੇ ਦੋਹਾਂ ਦੇਸ਼ਾਂ ਵਿੱਚ ਘੱਟ ਗਿਣਤੀ ਕਮਿਸ਼ਨ ਦੀ ਸਥਾਪਨਾ ਕਰਨਾ ਸੀ।



ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਲਿਆਕਤ ਅਲੀ ਸੰਨ 1950 ਵਿੱਚ ਨਾਗਰਿਕਤਾ ਤੇ ਘੱਟ ਗਿਣਤੀਆਂਦੀ ਸੁਰੱਖਿਆ ਲਈ ਸਮਝੌਤਾ ਕਰਦੇ ਹੋਏ

2. ਨਹਿਰੂ-ਨੂੰਨ ਸਮਝੌਤਾ (1958) : ਨਹਿਰੂ-ਨੂਨ ਸਮਝੌਤਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਤੰਬਰ 1958 ਵਿੱਚ ਹੋਇਆ ਸੀ। ਇਸ ਸਮਝੌਤੇ ਤੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਫਿਰੋਜ ਖਾਂ ਨੂਨ ਵਿਚਕਾਰ ਹੋਇਆ ਸੀ। ਇਹ ਸਮਝੌਤਾ ਭਾਰਤ-ਪਾਕਿਸਤਾਨ ਵਿਚਕਾਰ ਸੀਮਾ ਵਿਵਾਦਾਂ ਨੂੰ ਹੱਲ ਕਰਨਾ ਸੀ।



ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਫਿਰੋਜ਼ ਖਾਨ ਨੂੰਨ ਸੀਮਾ ਵਿਵਾਦ ਸਬੰਧੀ 1958 ਨੂੰ ਸਮਝੌਤਾ ਕਰਨ ਸਮੇ।

3. ਸਿੰਧ-ਜਲ ਸੰਧੀ 1960 : ਭਾਰਤ ਅਤੇ ਪਾਕਿਸਤਾਨ ਵਿਚਕਾਰ ਪਾਣੀਆਂ ਦੀ ਵੰਡ ਨਾਲ ਸੰਬੰਧਿਤ ਸਮਝੌਤਾ 19 ਸਤੰਬਰ 1960 ਨੂੰ ਭਾਰਤ ਦੇ ਪ੍ਰਧਾਨਮੰਤਰੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਆਯੂਬ ਖਾਂ ਦੁਆਰਾ ਕਰਾਚੀ ਵਿੱਚ ਸਹੀਬੱਧ ਕੀਤਾ ਗਿਆ ਸੀ। ਇਹ ਸੰਧੀ ਪੂਰਬੀ ਨਦੀਆਂ ਬਿਆਸ, ਰਾਵੀ ਅਤੇ ਸਤਲੁਜ ਦਾ ਕੰਟਰੋਲ ਭਾਰਤ ਨੂੰ ਦਿੰਦੀ ਹੈ ਜਦਕਿ ਸਿੰਧ, ਚਨਾਬ ਤੇ ਜਿਹਲਮ ਉਤੇ ਪਾਕਿਸਤਾਨ ਦੇ ਕੰਟਰੋਲ ਦਾ ਸਮਰਥਨ ਕਰਦੀ ਹੈ।



ਭਾਰਤ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨਾਲ ਸਿੰਧ ਸਮਝੌਤਾ 1960 ਤੇ ਦਸਤਖਤ ਕਰਦੇ ਹੋਏ

4. ਕੱਛ ਸਮਝੌਤਾ (1965) : 1965 ਵਿੱਚ ਰਣ ਕੱਛ ਦੇ ਖੇਤਰ ਸੰਬੰਧੀ ਭਾਰਤ-ਪਾਕਿਸਤਾਨ ਵਿਚਕਾਰ ਇੱਕ ਸਮਝੌਤਾ ਹੋਇਆ ਸੀ, ਜਿਸ ਨੂੰ ਕੱਝ ਸਮਝੌਤੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਅਨੁਸਾਰ ਰਣ ਕੱਛ ਦੇ ਝਗੜੇ ਨੂੰ ਸਮਾਪਤ ਕਰਨ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਦੀ ਸਥਾਪਨਾ ਦਾ ਸੁਝਾਅ ਦਿੱਤਾ ਗਿਆ ਸੀ।



ਕੱਛ ਦੇ ਵਿਵਾਦੀ ਖੇਤਰ ਦਾ ਨਕਸ਼ਾ

5. ਤਾਸ਼ਕੰਦ ਸਮਝੌਤਾ : ਇਹ ਸਮਝੌਤਾ ਭਾਰਤ ਅਤੇ ਪਾਕਿਸਤਾਨ ਵਿਚਕਾਰ 1965 ਯੁੱਧ ਦੇ ਮਸਲੇ ਨੂੰ ਸੁਲਝਾਉਣ ਲਈ ਰੂਸ ਦੇ ਸ਼ਹਿਰ ਤਾਸ਼ਕਦ ਵਿਖੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਸ਼੍ਰੀ ਆਯੂਬ ਖਾਂ ਵਿਚਕਾਰ 10 ਜਨਵਰੀ 1966 ਨੂੰ ਹੋਇਆ ਸੀ। ਇੱਥੇ ਇਹ ਵਿਸ਼ੇਸ਼ ਵਰਣਨਯੋਗ ਹੈ ਕਿ ਸਮਝੌਤੇ ਤੋਂ ਅਗਲੇ ਦਿਨ ਭਾਰਤੀ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੀ ਦਿਹਾਂਤ ਰੂਸ ਵਿੱਚ ਹੀ ਹੋ ਗਿਆ ਸੀ।



ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ, ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਅਤੇ ਸੋਵੀਅਤ ਸੰਘ ਦੇ ਪ੍ਰੀਮੀਅਰ ਕੋਸ਼ਿਰਾਨ ਤਾਸ਼ਕੰਦ ਸਮਝੌਤੇ ਦੌਰਾਨ।

6. ਸ਼ਿਮਲਾ ਸਮਝੌਤਾ 1972 : 02 ਜੁਲਾਈ 1972 ਨੂੰ ਸ਼ਿਮਲਾ ਵਿਖੇ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਦੋਨਾਂ ਦੇਸ਼ਾਂ ਦੇ ਆਪਸੀ ਮਤਭੇਦਾਂ ਨੂੰ ਸਮਾਪਤ ਕਰਨ ਲਈ ਇੱਕ ਸਮਝੌਤਾ ਹੋਇਆ ਸੀ। ਇਸ ਸਮਝੌਤੇ ਨੂੰ ਸ਼ਿਮਲਾ ਸਮਝੌਤਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰੀਂ ਗਾਂਧੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜੁਲਫ਼ਿਕਾਰ ਅਲੀ ਭੁੱਟੋ ਨੇ ਦਸਤਖ਼ਤ ਕੀਤੇ ਸਨ।



ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ 2 ਜੁਲਾਈ 1972 ਨੂੰ ਸਿਮਲ੍ਹਾ ਸਮਝੌਤੇ ਉਪਰ ਹਸਤਾਖਰ ਕਰਦੇ ਹੋਏ।

ਭਾਰਤ-ਪਾਕਿ ਸੰਬੰਧਾਂ ਦੀ ਵਰਤਮਾਨ ਸਥਿਤੀ

ਭਾਰਤ-ਪਾਕਿਸਤਾਨ ਵਿਚਾਲੇ ਵਰਤਮਾਨ ਸੰਬੰਧ ਬਹੁਤ ਚੰਗੇ ਨਹੀਂ ਹਨ। ਇਹਨਾਂ ਸੰਬੰਧਾਂ ਵਿੱਚ ਤਣਾਅ ਬਣਿਆ ਰਹਿੰਦਾ ਹੈ। ਇਸ ਖਿੱਚੋ-ਤਾਣ ਦੇ ਕੁੱਝ ਤੱਤਕਾਲੀ ਕਾਰਨ ਵੀ ਹਨ :

(ੳ) ਧਾਰਾ 370 ਦਾ ਖਾਤਮਾ : ਭਾਰਤ ਨੇ ਧਾਰਾ 370 ਨੂੰ 5 ਅਗਸਤ 2019 ਵਿੱਚ ਸਮਾਪਤ ਕੀਤਾ ਤਾਂ ਪਾਕਿਸਤਾਨ ਨੇ ਇਸਤੇ ਆਪਣਾ ਤਿੱਖਾਂ ਪ੍ਰਤੀਕਰਮ ਦਿੱਤਾ ਅਤੇ ਜੀ ਐਨ ਮਹਾਸਭਾ ਵਿੱਚ ਵੀ ਇਹ ਮੁੱਦਾ ਉਠਾਇਆ। ਪਰ ਭਾਰਤ ਦੀ ਨਜ਼ਰ ਵਿੱਚ ਭਾਰਤ-ਪਾਕਿਸਤਾਨ ਦੇ ਸੰਬੰਧ ਦੋਵਾਂ ਮੁਲਕਾਂ ਦੀ ਅੰਦਰੂਨੀ ਸਿਆਸਤ, ਕਸ਼ਮੀਰ ਸਮੱਸਿਆ, ਦਹਿਸ਼ਤਵਾਦ, ਬੇਭਰੋਸਗੀ ਦੇ ਆਲੇ-ਦੁਆਲੇ ਘੁੰਮਦੀ ਹੈ। ਇਹਨਾਂ ਉਲਝਣਾਂ ਨੂੰ ਸਹੀ ਸਮੇਂ ਦਾ ਇੰਤਜਾਰ ਹੈ ਤਾਂ ਜੋ ਚੰਗੇ ਵਪਾਰਕ, ਰਿਸ਼ਤਿਆਂ ਵਿਚ ਤਬਦੀਲ ਹੋ ਸਕਣ। ਜਰਮਨੀ ਅਤੇ ਵੀਆਤਨਾਮ ਜਿਹੀਆਂ ਉਦਾਹਰਨਾਂ ਸਾਡੇ ਸਾਹਮਣੇ ਹਨ ਜੋ ਲੰਮਾ ਸਮਾਂ ਵੰਡੇ ਰਹਿਣ ਤੋਂ ਬਾਅਦ ਮੁੜ ਇਕਮਿਕ ਹੋ ਗਏ ਹਨ।

ਭਾਰਤ-ਚੀਨ ਸੰਬੰਧ
(India-China Relations)

ਭਾਰਤ ਅਤੇ ਚੀਨ ਸੰਸਾਰ ਦੀਆਂ ਪੁਰਾਤਨ ਸੱਭਿਆਤਵਾਂ ਵਿਚੋਂ ਆਪਣਾ ਸਥਾਨ ਰੱਖਦਿਆਂ ਹਨ। ਦੋਵਾਂ ਸੱਭਿਅਤਾਵਾਂ ਦੀ ਆਪਸੀ ਸਾਂਝ ਸਦੀਆਂ ਪੁਰਾਣੀ ਹੈ। ਸਾਂਝ ਵਾਲੇ ਸਮੇਂ ਵਿਚ ਬੁੱਧ ਧਰਮ ਦੇ ਅਨੁਯਾਈ ਅਤੇ ਚੀਨੀ ਯਾਤਰੀ ਆਪਸ ਵਿੱਚ ਵਰਤਾਲਾਪ ਕਰਦੇ ਰਹੇ ਹਨ। ਰਾਸ਼ਟਰ-ਰਾਜਾਂ ਦੇ ਜਨਮ ਨੇ ਇਹਨਾਂ ਰਿਸ਼ਤਿਆਂ ਨੂੰ ਰਾਜਨੀਤਿਕ ਰੰਗਤ ਦਿੱਤੀ ਹੈ। ਸੰਨ 1949 ਵਿਚ ਸਾਮਵਾਦੀ ਕ੍ਰਾਂਤੀ ਤੋਂ ਬਾਅਦ ਚੀਨ, ਚੀਨ ਲੋਕਾਂ ਦਾ ਗਣਰਾਜ (People's Republic of china) ਦੇ ਨਾਂ ਨਾਲ ਅਤੇ ਮਾਓ-ਜੇ-ਤੁੰਗ ਦੀ ਅਗਵਾਈ ਕਾਰਨ ਨਾਮਣਾ ਖੱਟਣ ਵਿਚ ਕਾਮਯਾਬ ਹੋਇਆ ਹੈ। ਚੀਨ ਅਤੇ ਭਾਰਤ ਦੋਨੋਂ ਹੀ ਏਸੀਆ ਦੇ ਤਾਕਤਵਰ ਦੇਸ਼ ਹਨ। ਭਾਰਤ ਅਤੇ ਚੀਨ ਪੱਛਮ ਲੋਕਾਂ ਨੂੰ ਆਪਣੇ-ਆਪਣੇ ਸੱਭਿਆਚਾਰ ਨਾਲ ਅਗਵਾਈ ਦੇਣ ਲਈ ਟਕਰਾਅ ਵਿਚ ਰਹੇ ਹਨ। ਭਾਰਤ ਪਹਿਲਾ ਦੇਸ਼ ਸੀ ਜਿਸਨੇ ਚੀਨ ਨੂੰ ਸਾਮਵਾਦੀ ਦੇਸ਼ ਦੇ ਤੌਰ ਤੇ ਮਾਣਤਾ ਦਿੱਤੀ ਸੀ। ਭਾਰਤ ਸਾਰੇ ਗੁਆਂਢੀਆਂ ਨਾਲ ਹੀ ਦੋਸਤੀ ਵਾਲੇ ਸੰਬੰਧਾਂ ਦਾ ਹਾਮੀ ਹੈ। ਇਸੇ ਤਰਜ ਚੀਨ ਵੱਲ ਦੋਸਤੀ ਦੀ ਪਹਿਲ ਵੀ ਕਰਦਾ ਆਇਆ ਹੈ। ਸੰਯੁਕਤ ਰਾਸ਼ਟਰ ਦੀ ਮੈਂਬਰੀ ਦੀ ਪ੍ਰਾਪਤੀ ਸਮੇਂ ਚੀਨ ਦੀ ਮਦਦ ਕਰਨਾ ਭਾਰਤ ਦੇ ਰੁਖ ਦਾ ਸੰਕੇਤ ਸੀ। ਇਸ ਤੋਂ ਇਲਾਵਾ ਵੱਖ-ਵੱਖ ਮਸਲਿਆਂ ਤੇ ਭਾਰਤ ਚੀਨ ਦਾ ਪੱਖ ਪੂਰਦਾ ਰਿਹਾ ਹੈ। ਚੀਨ ਅਤੇ ਭਾਰਤ ਦੇ ਸੰਬੰਧਾਂ ਹੇਠ ਲਿਖੇ ਮੁੱਖ ਨੁਕਤਿਆਂ ਰਾਹੀਂ ਸਮਝਿਆ ਜਾ ਸਕਦਾ ਹੈ।

1. ਤਿੱਬਤ : ਭਾਰਤ-ਚੀਨ ਸੰਬੰਧ (Tibet India-China Relations) ਸਿੱਖ ਸਾਮਰਾਜ ਦੇ ਸਮੇ ਜਨਰਲ ਜੋਰਵਰ ਸਿਘ ਤੇ ਚੀਨ (ਤਿੱਬਤ) ਦਰਮਿਆਨ ਸੰਨ 1842 ਨੂੰ ਚੂਜ਼ਲ ਦੇ ਸਥਾਨ ਤੇ ਸੀਮਾ ਸਬੰਧੀ ਸਮਝੌਤਾ ਹੋਇਆ ਸੀ। 1849 ਈ. ਨੂੰ ਅੰਗਰੇਜ਼ਾਂ ਦਾ ਪੰਜਾਬ ਉਪਰ ਕਬਜੇ ਤੋ ਬਾਅਦ ਸਿਮਲਾ ਵਿਖੇ 1914 ਨੂੰ ਬ੍ਰਿਟਿਸ ਭਾਰਤ ਅਤੇ ਤਿੱਬਤ ਦਰਮਿਆਨ ਮੈਕਮੋਹਨ ਰੇਖਾ ਤੇ ਸਮਝੌਤਾ ਹੋਇਆ ਸੀ ਪਰੰਤੂ ਚੀਨ ਤਿੱਬਤ ਨੂੰ ਆਪਣਾ ਹਿੱਸਾ ਅਤੇ ਮੱਕਮੋਹਨ ਰੇਖਾ ਨੂੰ ਰੱਦ ਕਰਦਾ ਹੈ ਭਾਰਤ ਦੇ ਉੱਤਰ-ਪੂਰਬ ਵੱਲ ਤਿੱਬਤ ਦਾ ਇਲਾਕਾ ਹੈ। ਤਿੱਬਤ ਨੂੰ ਭਾਰਤ ਆਪਣੇ ਅਤੇ ਚੀਨ ਦਰਮਿਆਨ ਇਕ ਨਿਰਪੱਖ (Buffer) ਰਾਜ ਮੰਨਦਾ ਸੀ। ਸੰਨ 1950 ਵਿਚ ਚੀਨ ਨੇ ਤਿਬੱਤ ਨੂੰ ਆਪਣੇ ਅਧੀਨ ਕਰ ਲਿਆ। ਜਿਸਦੇ ਸਿੱਟੇ ਵਜੋਂ ਭਾਰਤ-ਚੀਨ ਦੀਆਂ ਖੇਤਰਫਲ ਪੱਖੋ ਦੂਰੀਆਂ ਘੱਟ ਗਈਆਂ ਅਤੇ ਸਰਹੱਦ ਦੀ ਸਮੱਸਿਆ ਪੈਦਾ ਹੋਣ ਦੀ ਸੰਭਾਵਾਂਨਾ ਵੱਧ ਗਈ। ਤਿੱਬਤ ਤੇ ਕਬਜਾਂ ਹੁੰਦਿਆਂ ਹੀ ਚੀਨ ਦਾ ਰਵਈਆ ਬਦਲ ਗਿਆ। ਭਾਰਤ ਵੱਲੋਂ ਤਿੱਬਤੀਅਨ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਗੱਲਬਾਤ ਕਰਨ ਦੀ ਨੀਤੀ ਨੂੰ ਚੀਨ ਵੱਲੋਂ ਅੰਦਰੂਨੀ ਮਾਮਲਿਆਂ ਵਿਚ ਦਖਲ ਦਾ ਨਾਂ ਦਿੱਤਾ ਜਾਣ ਲੱਗਿਆ। ਸੰਨ 1949-50 ਵਿਚ ਚੀਨ ਵੱਲੋਂ ਦੋਸਤੀ ਦਾ ਰਵੱਈਆ ਤਿੱਬਤ ਉੱਤੇ ਕਬਜਾ ਕਰਨ ਦਾ ਰਾਹ ਹੀ ਸੀ। ਸੰਨ 1959 ਵਿਚ ਤਿਬੱਤ ਨੇ ਚੀਨ ਦੇ ਖਿਲਾਫ਼ ਵਿਦਰੋਹ ਕਰ ਦਿੱਤਾ। ਚੀਨ ਨੇ ਵਿਦਰੋਹ ਦੀ ਲਹਿਰ ਨੂੰ ਸਖਤੀ ਨਾਲ ਕੁਚਲ ਦਿੱਤਾ। ਤਿੱਬਤ ਦੇ ਮੁੱਖੀ 'ਦਲਾਈਲਾਮਾ' ਨੇ ਭਾਰਤ ਵਿਚ ਸ਼ਰਨ ਲੈ ਲਈ। ਚੀਨ ਨੇ ਤਿੱਬਤ ਦੀ ਬਚੀ-ਖੁਚੀ ਖੁਦਮੁਖ਼ਤਿਆਰੀ ਵੀ ਖੋਹ ਲਈ। ਭਾਰਤ ਵੱਲੋਂ ਦਲਾਈਲਾਮਾ ਨੂੰ ਸ਼ਰਨ ਦੇਣਾ ਚੀਨ ਵੱਲੋਂ ਭਾਰਤ ਪ੍ਰਤੀ ਨਰਾਜ਼ਗੀ ਕਾਰਨ ਬਣ ਉੱਭਰਿਆ।



ਜਨਰਲ ਜ਼ੋਰਾਵਰ ਸਿੰਘ ਕਹਿਲੂਰੀਆ

2. ਪੰਚਸ਼ੀਲ : ਭਾਰਤ-ਚੀਨ ਸੰਬੰਧ (Panchsheel India-china relations) : ਉੱਤਰੀ ਅਤੇ ਦੱਖਣੀ ਕੋਰੀਆ ਦੀ ਜੰਗ ਸਮੇਂ ਚੀਨ ਨੇ ਉਤਰੀ ਕੋਰੀਆ ਦਾ ਸਾਥ ਦਿੱਤਾ ਪਰੰਤੂ ਭਾਰਤ ਨੇ ਚੀਨ ਨੂੰ ਹਮਲਾਵਰ ਦੇਸ਼ ਨਾਂ ਮੰਨਿਆ। ਭਾਰਤ ਵੱਲੋਂ ਕੋਰੀਅਨ ਯੁੱਧ ਵਿਚ ਨਿਭਾਈ ਗਈ ਨਿਰਪੱਖ ਅਤੇ ਸਾਲਸੀ ਦੀ ਭੂਮਿਕਾ ਕਾਰਨ ਚੀਨ-ਭਾਰਤ ਸੰਬੰਧਾਂ ਵਿਚ ਤਾਜ਼ਗੀ ਆ ਗਈ। ਸੰਨ 1954 ਵਿਚ 29 ਅਪ੍ਰੈਲ ਨੂੰ ਭਾਰਤ ਦੇ ਪ੍ਰਧਾਨਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਚੀਨ ਦੇ ਪ੍ਰਧਾਨ ਚਾਊ-ਇਨ-ਲਾਈ



ਭਾਰਤ ਚੀਨ ਦਰਮਿਅਲ ਪੰਚਸ਼ੀਲ ਸਮਝੌਤੇ ਨੂੰ ਦਰਸਾਉਦਾ ਚਿੱਤਰ

ਦਰਮਿਆਨ ਪੰਚਸ਼ੀਲ ਸਮਝੌਤਾ ਹੋਇਆ। ਇਸ ਸਮਝੌਤਾ ਨੇ ਤਿੱਬਤ ਨੂੰ ਪੱਕੇ ਤੌਰ ਤੇ ਚੀਨ ਦੇ ਅਧੀਨ ਮੰਨ ਲਿਆ। ਇਸ..ਵਿਚ ਭਾਰਤ-ਚੀਨ ਦੋਸਤੀ ਦੀ ਸੰਧੀ 1954 ਦੀ ਪ੍ਰਸਤਾਵਨਾ ਵਿੱਚ ਪੰਚਸ਼ੀਲ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ।

ਪੰਚ ਸ਼ੀਲ ਸਿਧਾਂਤ
(Principal of Panchsheel)

1. ਇਕ-ਦੂਜੇ ਦੇਸ਼ ਦੀ ਭੂਗੋਲਿਕ ਅਖੰਡਤਾ ਅਤੇ ਪ੍ਰਭੂਸੱਤਾ ਦਾ ਸਤਿਕਾਰ
2. ਇਕ-ਦੂਜੇ ਦੇਸ਼ ਤੇ ਹਮਲਾ ਨਾਂ ਕਰਨਾ।
3. ਇਕ-ਦੂਜੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾਂ ਕਰਨਾ
4. ਆਪਸੀ ਸਹਿਯੋਗ
5. ਸ਼ਾਂਤਮਈ ਸਹਿਹੋਂਦ

ਦੋਸਤੀ ਦੀ ਇਸ ਸੰਧੀ ਨਾਲ ਭਾਰਤ-ਚੀਨ ਸੰਬੰਧਾਂ ਵਿਚ ਸੁਧਾਰ ਆਇਆ। ਹਿੰਦੀ-ਚੀਨੀ ਭਾਈ ਭਾਈ ਦਾ ਨਾਅਰਾ ਇਸ ਗੱਲ ਦਾ ਗਵਾਹ ਹੈ ਕਿ ਦੋਵਾਂ ਮੁਲਕਾਂ ਵਿਚ ਰਿਸਤੇ ਸਿਆਸਤ ਦੇ ਸ਼ਿਖਰ ਵਜੋਂ ਪ੍ਰਤੀਤ ਹੋ ਰਹੇ ਸਨ। ਇਸ ਸਮਝੌਤੇ ਨੂੰ ਭਾਰਤ ਦੀ ਚੜਤ ਵਜੋਂ ਪੇਸ਼ ਕੀਤਾ ਜਾਣਾ ਅਤੇ ਲੋਕਾਂ ਵਿਚ ਵਿਦੇਸ਼ੀ ਰਿਸਤਿਆਂ ਸਮੇਂ ਮੁਲਕ ਦੀ ਚੜਤ ਮੰਨਣਾ ਇਕ ਜ਼ਜਬਾਤੀ ਪੇਸ਼ਕਾਰੀ ਹੈ ਜੋ ਹੁਣ ਵੀ ਨਜ਼ਰ ਪੈਂਦੀ ਹੈ।

3. ਸਰਹੱਦੀ ਵਿਵਾਦ ਅਤੇ ਭਾਰਤ-ਚੀਨ ਸੰਬੰਧ
(Boundary dispute and indo-china relations)

17 ਸਤੰਬਰ 1842 ਨੂੰ ਚੂਜਲ ਦੇ ਸਥਾ ਤੇ ਸਿੱਖ ਸਾਮਰਾਜ ਦੇ ਜਨਰਲ ਜੋਰਾਵਰ ਸਿੰਘ ਅਤੇ ਤਿੱਬਤ ਸਰਕਾਰ ਦਰਮਿਆਨ ਸੀਮ ਸਬੰਧੀ ਸੰਧੀ ਹੋਈ ਸੰਨ 1849 ਨੂੰ ਅੰਗਰੇਜਾ ਨੇ ਪੰਜਾਬ ਉਪਰ ਕਬਜਾ ਕਰਕੇ ਬਰਤਾਨਵੀਂ ਸਾਮਰਾਜ ਵਿੱਚ ਮਿਲ ਲਿਆ ਸੰਨ 1914 ਵਿਚ ਬਰਤਾਨੀਆ ਅਤੇ ਤਿੱਬਤ ਦਰਮਿਆਨ ਸਰਹੱਦ ਸੰਬੰਧੀ ਸ਼ਿਮਲਾ-ਸੰਧੀ ਕੀਤੀ ਗਈ ਜਿਸ ਦੇ ਨਤੀਜੇ ਵਜੋਂ ਟਵਾਂਗ (Tawang) ਅਤੇ ਤਿੱਬਤ ਦੇ ਦੱਖਣੀ ਭਾਗ ਨੂੰ ਬਰਤਾਨਵੀ ਭਾਰਤ ਦਾ ਹਿੱਸਾ ਮੰਨਿਆ ਗਿਆ। ਇਸ ਹੱਦਬੰਦੀ ਨੂੰ

ਮੈਕਮੋਹਨ ਰੇਖਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ ਉਸ ਸਮੇਂ ਬਰਤਾਨਵੀ ਵਿਦੇਸ਼-ਸੈਕਟਰੀ ਸਰ ਹੈਨਰੀ ਮੈਕਮੋਹਨ ਦੇ ਨਾਂ ਨਾਲ ਜੁੜੀ ਹੋਈ ਹੈ। ਸਰ ਮੈਕਮੋਹਨ ਬਰਤਾਨਵੀ-ਭਾਰਤ ਵੱਲੋਂ ਸੰਧੀ ਕਰਨ ਵਾਲੇ ਆਹੁਦੇਦਾਰ ਸਨ। ਬਰਤਾਨਵੀ ਸਰਕਾਰ ਦੇ ਉੱਤਰ-ਅਧਿਕਾਰੀ ਵਜੋਂ ਭਾਰਤ ਮੈਕਮੋਹਨ ਰੇਖਾ ਨੂੰ ਭਾਰਤ-ਚੀਨ ਸਰਹੱਦ ਵਜੋਂ ਮਾਣਤਾ ਦਿੰਦਾ ਹੈ ਪਰ ਚੀਨ ਇਸ ਰੇਖਾ ਨੂੰ ਨਕਾਰਦਾ ਹੈ। ਚੀਨ ਅਰੁਣਾਚਲ ਪ੍ਰਦੇਸ ਤੇ ਲਦਾਖ ਨੂੰ ਆਪਣਾ ਇਲਾਕਾ ਮੰਨਦਾ ਹੈ। 1950 ਦਰਮਿਆਨ ਚੀਨ ਨੇ ਲਦਾਖ ਦੇ ਅਕਸਾਈ ਚਿਨ (Aksai chin) ਵਿਚੋਂ ਦੀ ਸੜਕ ਦਾ ਨਿਰਮਾਣ ਕਰ ਲਿਆ ਸੀ। ਸੰਨ 1959 ਜਦੋਂ ਤਿੱਬਤ ਤੇ ਚੀਨ ਕਬਜਾ ਕਰ ਰਿਹਾ ਸੀ ਤਾਂ ਚੀਨ ਮੈਕਮੋਹਨ ਰੇਖਾ ਤੋਂ ਭਾਰਤ ਵਾਲੇ ਪਾਸੇ ਆਪਣਾ ਇਲਾਕਾ ਨਕਸਿਆਂ ਰਾਹੀਂ ਦਿਖਾ ਰਿਹਾ ਸੀ। ਮੈਕਮੋਹਨ ਰੇਖਾ ਦੇ ਝਗੜੇ ਸਮੇਂ ਸੰਨ 1962 ਵਿੱਚ ਭਾਰਤ ਤੇ ਹਮਲਾ ਕਰ ਦਿੱਤਾ। ਜੰਗ ਦੇ ਨਤੀਜਾ ਵਜੋਂ ਚੀਨ ਨੇ ਭਾਰਤ ਦਾ ਵਿਸ਼ਾਲ ਖੇਤਰ ਆਪਣੇ ਕਬਜੇ ਅਧੀਨ ਕਰ ਲਿਆ ਅਤੇ ਜੰਗਬੰਦੀ ਦਾ ਐਲਾਨ ਕਰ ਦਿੱਤਾ। ਇਸ ਜੰਗ ਤੋਂ ਬਾਅਦ ਚੀਨ-ਭਾਰਤ ਸੰਬੰਧ ਸੁਧਾਰਨ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਵਿਚੋਂ ਕੋਲੰਬੋ-ਪ੍ਰਸਤਾਵ (Columbo proposal) ਵਿਸ਼ੇਸ਼ ਸਥਾਨ ਰੱਖਦਾ ਹੈ। ਚੀਨ ਨੇ ਇਸ ਪ੍ਰਸਤਾਵ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਚੀਨ ਨੇ ਪਾਕਿਸਤਾਨ ਨਾਲ ਦੋਸਤੀ ਵਧਾ ਕੇ ਭਾਰਤ ਨੂੰ ਰੋਕਣ ਅਤੇ ਇਕੱਲਾ ਛੱਡਣ ਦੀ ਨੀਤੀ ਅਪਣਾਈ ਹੋਈ ਹੈ। ਵਰਤਮਾਨ ਵਿਚ ਵੀ ਭਾਰਤ ਦੀ ਫੌਜ ਅਤੇ ਚੀਨ ਦੀ ਫੌਜੀ ਆਪਸੀ ਟਕਰਾਅ ਵਿਚ ਰਹੇ ਹਨ ਜਿਸਦਾ ਕਾਰਨ ਉਪਰੋਕਤ ਤੱਥਾਂ ਵਿਚ ਲੁਕਿਆ ਪਿਆ ਹੈ।

ਚੀਨ ਅਤੇ ਭਾਰਤ ਦਰਮਿਆਨ ਸਰਹੱਦ ਬਾਬਤ ਝਗੜਿਆਂ ਦੇ ਬਾਵਜੂਦ ਭਾਰਤ ਚੀਨ ਤੋਂ ਪ੍ਰਾਪਤ ਆਯਾਤ (Impart) ਮਾਮਲੇ ਵਿੱਚ ਪਹਿਲੇ ਨੰਬਰ ਤੇ ਹੈ। ਸਰਹੱਦ ਤੋਂ ਖਿਚੋਤਾਣ ਚੰਗੇ ਵਪਾਰਕ ਰਿਸ਼ਤਿਆਂ ਤੇ ਬਹੁਤਾ ਅਸਰ ਨਹੀਂ ਕਰ ਰਹੀ। ਭਾਰਤ ਦੀ ਸੁਰੱਖਿਆ ਦੇ ਖ਼ਤਰੇ ਨੂੰ ਜਾਣਦਿਆਂ ਬਹੁਤ ਸਾਰੀਆਂ ਮੋਬਾਇਲ ਐਪਸ ਤੇ ਪਿਛਲੇ ਸਮੇਂ ਵਿਚ ਪਾਬੰਦੀ ਲਗਾਈ ਗਈ। ਸਸਤੇ ਉਤਪਾਦ ਦੀ ਲੋੜ ਭਾਰਤ ਨੂੰ ਚੀਨ ਤੇ ਨਿਰੰਤਰ ਨਾਲ ਰੱਖਣ ਵਿਚ ਕਾਮਯਾਬ ਰਹੀ ਹੈ। ਭਾਰਤ ਦਾ ਵਿਕਾਸ ਕਰਨ ਦੀ ਦਰ ਹੀ ਚੀਨ ਤੇ ਨਿਰੰਤਰਤਾ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਹੋ ਸਕਦੀ ਹੈ। ਆਉਣ ਵਾਲਾ ਦਹਾਕਾ ਭਾਰਤ-ਚੀਨ ਦੇ ਨਾਲ-ਨਾਲ ਪੂਰੇ ਸੰਸਾਰ ਲਈ ਸੁਰਖਿਆ, ਭੋਜਨ ਲੋੜਾਂ, ਤਕਨੀਕ ਆਦਿ ਦੇ ਮਸਲਿਆਂ ਵਿਚ ਅਹਿਮ ਰਹਿਣ ਵਾਲਾ ਹੈ।

ਭਾਰਤ ਦੇ ਸੰਯੁਕਤ ਰਾਜ ਅਮਰੀਕਾ ਅਤੇ ਰੂਸ ਨਾਲ ਸੰਬੰਧ
(India's Relations with United States of America and Russia)

ਸੰਨ 1940 ਤੋਂ ਪਹਿਲਾਂ ਅਤੇ ਖ਼ਾਸ ਕਰਕੇ ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਸੰਯੁਕਤ ਰਾਜ ਅਮਰੀਕਾ (United states of America) ਅਤੇ ਯੂਰਪੀਅਨ ਸ਼ਕਤੀਆਂ ਦੀ ਚੜ੍ਹਤ ਸੀ। ਇਹਨਾਂ ਸਮਿਆਂ ਵਿਚ ਜਿੱਥੇ ਸੰਸਾਰ ਜੰਗਾਂ-ਯੁੱਧਾਂ ਤੋਂ ਪੀੜਤ ਸੀ ਉੱਥੇ ਹੀ ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਸੰਘ ਨਾਮਕ ਦੋ ਮਹਾਂ-ਸ਼ਕਤੀਆਂ (Super-powers) ਦਾ ਉਭਾਰ ਵੀ ਵਰਨਣਯੋਗ ਹੈ। ਮਹਾਂ ਸ਼ਕਤੀਆਂ ਦੀ ਆਪਸੀ ਖਿਚੋਤਾਣ ਵਾਲੇ ਸਮੇਂ ਨੂੰ ਸ਼ੀਤ ਯੁੱਧ (Cold-war) ਦਾ ਕਾਲ ਮੰਨਿਆ ਜਾਂਦਾ ਹੈ ਜੋ ਦੋਨੋਂ ਮਹਾਂ-ਸ਼ਕਤੀਆਂ ਦਰਮਿਆਨ ਯੁੱਧ ਤਾਂ ਨਹੀਂ ਹੋਇਆ ਪ੍ਰੰਤੂ ਬਹੁਤੀ ਵਾਰ ਯੁੱਧ ਹੁੰਦਾ-ਹੁੰਦਾ ਟਲਿਆ ਜਰੂਰ। ਸ਼ੀਤ-ਯੁੱਧ ਦੀਆਂ ਦੋ ਧਿਰਾਂ ਆਪਸ ਵਿਚ ਵਿਚਾਰਧਾਰਕ (Ideological) ਵਿਰੋਧ ਦੀਆਂ ਪ੍ਰਤੀਕ ਸਨ। ਸੰਯੁਕਤ ਰਾਜ ਅਮਰੀਕਾ ਪੱਛਮ ਦੇ ਪੂੰਜੀਵਾਦ (Capitalism) ਅਤੇ ਸੋਵੀਅਤ ਸੰਘ ਪੂਰਬ ਵਿਚ ਸਮਾਜਵਾਦ (socalism) ਦੀਆਂ ਝੰਡਾ ਬਰਦਾਰ ਸਨ। ਇਹ ਮਹਾਂ-ਸ਼ਕਤੀਆਂ ਸੈਨਿਕ ਅਤੇ ਆਰਥਿਕ ਤੌਰ ਤੇ ਬੇਅੰਤ ਤਾਕਤਵਰ ਸਨ ਕਿ ਸੰਸਾਰ ਦੇ ਕਿਸੇ ਵੀ ਕੋਨੇ ਚ ਜਾ ਕੇ ਆਪਣੀ ਮਨ-ਮਰਜੀ ਕਰ ਸਕਦੀਆਂ ਸਨ। ਅਜਿਹੇ ਸਮੇਂ ਸੰਨ 1947 ਵਿਚ ਭਾਰਤ ਅਜ਼ਾਦ ਹੋਇਆ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਵੱਲੋਂ ਦੋਹਾਂ ਮਹਾਂ-ਸ਼ਕਤੀਆਂ ਨਾਲ ਚੰਗੇ ਸੰਬੰਧ ਕਾਇਮ ਕਰਨ ਦੀ ਨੀਤੀ ਰੱਖੀ ਗਈ ਜੋ ਅਸਲ ਵਿਚ ਮੁਸ਼ਕਿਲ ਕਾਰਜ ਸੀ। ਲੋਕਤੰਤਰ ਦੇ ਨਜ਼ਰੀਏ ਤੋਂ ਮੰਨਿਆ ਗਿਆ ਕਿ ਸੰਯੁਕਤ ਰਾਜ ਅਮਰੀਕਾ ਸੰਸਾਰ ਦਾ ਸਭ ਤੋਂ ਵੱਡਾ ਅਤੇ ਪਹਿਲਾ ਲੋਕਤੰਤਰ ਦੇਸ਼ ਹੈ ਸੋ ਇਹਨਾਂ ਦੀ ਨਜ਼ਦੀਕੀ ਹੋਣੀ ਲਾਜਮੀ ਹੈ। ਦੂਜੇ ਪਾਸੇ ਪੰਡਤ ਜਵਾਹਰ ਲਾਲ ਨਹਿਰੂ ਦਾ ਲੋਕਤੰਤਰ ਨਾਲ-ਨਾਲ ਸਮਾਜਵਾਦ ਵੱਲ ਝੁਕਾਅ ਸੋਵੀਅਤ ਸੰਘ ਵੱਲ ਝੁਕਣ ਦਾ ਕਾਰਨ ਨਜ਼ਰ ਆਉਂਦਾ ਸੀ।

ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਸੰਬੰਧ
(India and United States of America Relations)

ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਹੀ ਅਮਰੀਕਾ ਨਾਲ ਸੰਬੰਧ ਦੀ ਨੀਂਹ ਰੱਖੀ ਜਾ ਰਹੀ ਸੀ। ਬਰਤਾਨੀਆਂ ਨੂੰ ਅਮਰੀਕਾ ਦਾ ਜੋਰ ਦੇ ਕੇ ਇਹ ਕਹਿਣਾ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਭਾਰਤ ਨੂੰ ਸਵੈ-ਸਰਕਾਰ ਭਾਵ ਆਜ਼ਾਦੀ ਦੇਣ ਲਾਜਮੀ ਹੈ। ਇਸ ਗੱਲ ਦਾ ਪ੍ਰਤੀਕ ਹੈ ਕਿਉਂਕਿ ਜੋ ਹਿਟਲਰ (Hitler) ਖਿਲਾਫ਼ ਲੜਨ ਲਈ ਭਾਰਤ ਮੱਦਦ ਕਰ ਰਿਹਾ ਸੀ।

ਸ਼ੀਤ-ਯੁੱਧ ਦੌਰਾਨ ਭਾਰਤ-ਅਮਰੀਕਾ ਸੰਬੰਧ
(India's Relations with America during old war)

ਸੰਯੁਕਤ ਰਾਜ ਅਮਰੀਕਾ ਦੀਆਂ ਉਮੀਦਾਂ ਤੋਂ ਉਲਟ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਮਹਾਂ-ਸ਼ਕਤੀਆਂ ਤੋਂ ਦੂਰੀ ਬਣਾ ਲਈ ਅਤੇ ਗੁੱਟਾਂ ਤੋਂ ਨਿਰਪੱਖ ਰਹਿਣ ਉੱਪਰ ਧਿਆਨ ਕੇਂਦਰਤ ਕਰ ਲਿਆ। ਅਜਿਹਾ ਕਰਨਾ ਭਾਰਤ ਦੇ ਨਜ਼ਰੀਏ ਤੋਂ ਸਹੀ ਸੀ ਕਿਉਂ ਜੋ ਅਜਾਦ ਤੌਰ ਤੇ ਵਿਚਰਨ ਲਈ ਦੇਸ਼ ਦੀ ਵਿਦੇਸ਼ ਨੀਤੀ ਦੋ ਪ੍ਰਮੁੱਖ ਗੁੱਟਾਂ ਤੋਂ ਸੁਤੰਤਰ ਹੋਣੀ ਚਾਹੀਦੀ ਹੈ ਤਾਂ ਜੋ ਭਾਰਤ ਆਪਣੇ ਹਿੱਤਾਂ ਅਤੇ ਨਜ਼ਰ ਤੋਂ ਆਪਣੇ ਰਿਸ਼ਤੇ ਬਣਾ ਸਕੇ। ਭਾਰਤ ਦੁਆਰਾ ਅਪਣਾਈ ਗਈ ਇਸ ਨੀਤੀ ਅਤੇ ਨਜ਼ਰੀਏ ਨੂੰ ਅਮਰੀਕਾ ਨੇ ਆੜੀ ਤੋੜਨ ਵਾਲੀ ਸੋਚ ਸਮਝਿਆ। ਸ਼ੀਤ ਯੁੱਧ ਦੇ ਕਾਰਨ ਦੁਸ਼ਮਣੀ ਭਾਰਤ ਦੇ ਦਰਵਾਜੇ ਤੱਕ ਆ ਪਹੁੰਚੀ ਜਦੋਂ ਪਾਕਿਸਤਾਨ ਨੇ ਅਮਰੀਕੀ ਧੜੇ ਦੀ ਮੈਂਬਰੀ ਹਾਸਲ ਕਰ ਲਈ। ਅਮਰੀਕਾ ਪਾਕਿਸਤਾਨ ਨੂੰ ਆਰਥਿਕ ਅਤੇ ਸੈਨਿਕ ਮੱਦਦ ਦੇ ਕੇ ਸੋਵੀਅਤ ਸੰਘ ਦੇ ਪਸਾਰ ਨੂੰ ਰੋਕਣਾ ਚਾਹੁੰਦਾ ਸੀ ਪਰੰਤੂ ਪਾਕਿਸਤਾਨ, ਭਾਰਤ ਖਿਲਾਫ਼ ਇਹਨਾਂ ਸਾਧਨਾਂ ਦੀ ਵਰਤੋਂ ਕਰਨ ਨੂੰ ਕਾਹਲਾ ਸੀ। ਭਾਰਤ ਦੀ ਗੁੱਟ-ਨਿਰਪੱਖਤਾ ਦੀ ਨੀਤੀ ਨੂੰ ਸੰਨ 1962 ਦੀ ਚੀਨ ਨਾਲ ਜੰਗ ਸਮੇਂ ਝਟਕਾ ਲੱਗਿਆ। ਭਾਰਤ ਵਿੱਚੋਂ ਅਵਾਜਾਂ ਉਠੱਣ ਲੱਗੀਆਂ ਕਿ ਚੀਨ ਦੇ ਖਿਲਾਫ਼ ਭਾਰਤ ਨੂੰ ਅਮਰੀਕਾ ਦਾ ਸਾਥੀ ਬਣਕੇ ਟਕਰਣਾ ਚਾਹੀਦਾ ਹੈ। ਅਮਰੀਕਾ ਵੀ ਉਮੀਦ ਲਾਈ ਬੈਠਾ ਸੀ। ਭਾਰਤ ਨੂੰ ਚੀਨ ਅਤੇ ਸੋਵੀਅਤ ਸੰਘ ਵਾਲੇ ਸਾਮਵਾਦੀ ਧੜੇ ਵਿਰੁੱਧ ਖੜਾ ਕੀਤਾ ਜਾ ਸਕਦਾ ਹੈ। ਭਾਰਤ ਦੀ ਮੰਗ ਤੇ ਅਮਰੀਕਾ ਨੇ ਕੁਝ ਸੈਨਿਕ ਸਾਜੋ ਸਮਾਨ ਭੇਜਕੇ ਚੰਗਾ ਸੁਨੇਹਾ ਦਿੱਤਾ। ਪਰੰਤੂ 1965 ਦੀ ਭਾਰਤ-ਪਾਕਿ ਜੰਗ ਸਮੇਂ ਅਮਰੀਕਾ ਨੇ ਪਾਕਿਸਤਾਨ ਦਾ ਸਾਥ ਦਿੱਤਾ। ਇਸ ਸਾਥ ਕਾਰਨ ਉਮੀਦ ਦੀ ਆਸ ਭਾਫ਼ ਬਣਕੇ ਉੱਡ ਗਈ। ਚੀਨ ਅਤੇ ਅਮਰੀਕਾ ਦੇ ਰਿਸ਼ਤੀਆਂ ਨੇ 1970 ਵਿਆਂ ਚ ਸਕਾਰਾਤਮਕ ਮੋੜ ਲਿਆ।

ਬੰਗਲਾਦੇਸ਼ ਬਨਣ ਤੋਂ ਪਹਿਲਾਂ ਅਮਰੀਕਾ ਐਥੇ ਚਲ ਰਹੇ ਸੰਘਰਸ਼ ਨੂੰ ਵਿਦਰੋਹ ਮੰਨਦਾ ਸੀ। ਉਸ ਦਾ ਮੰਨਣਾ ਸੀ ਕਿ ਇਸ ਨੂੰ ਕੁਚਲ ਦੇਣਾ ਪਾਕਿਸਤਾਨ ਦਾ ਅੰਦਰੂਨੀ ਮਾਮਲਾ ਅਤੇ ਅਧਿਕਾਰ ਹੈ। ਬੰਗਲਾਦੇਸ਼ ਯੁੱਧ 1971 ਸਮੇਂ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਅਮਰੀਕਾ ਨੇ ਭਾਰਤ ਤੇ ਆਰਥਿਕ ਸਹਾਇਤਾ ਤੇ ਪਾਬੰਦੀਆਂ ਲਾਉਣ ਲਈ ਮਤਾ ਪੇਸ਼ ਕੀਤਾ। ਇਸਦੇ ਨਾਲ-ਨਾਲ ਸੈਨਿਕ ਕਾਰਵਾਈ ਦੀ ਤਿਆਰੀ ਵੀ ਭਾਰਤ ਖਿਲਾਫ਼ ਕਰ ਲਈ ਗਈ ਸੀ। ਬੰਗਾਲ ਦੀ ਖਾੜੀ ਵਿਚ ਅਮਰੀਕਾ ਦਾ ਪਰਮਾਣੂ ਯੁਕਤ ਬੇੜਾ ਉਤਾਰ ਦਿੱਤਾ ਗਿਆ ਸੀ ਤਾਂ ਜੋ ਪਾਕਿਸਤਾਨ ਨੂੰ ਹਾਰ ਤੋਂ ਬਚਾਇਆ ਜਾ ਸਕੇ। ਦੂਜੇ ਪਾਸੇ ਅਗਸਤ 1971 ਦੀ ਸ਼ਾਂਤੀ, ਮਿੱਤਰਤਾ ਅਤੇ ਸਹਿਯੋਗ ਸੰਧੀ ਦੇ ਕਾਰਨ ਸੋਵੀਅਤ ਸੰਘ ਵੀ ਭਾਰਤ ਦਾ ਸਾਥ ਦੇਣ ਲਈ ਤਿਆਰ-ਬਰ-ਤਿਆਰ ਸੀ। ਸੈਨਿਕ ਅਤੇ ਯੋਜਨਾ ਪੱਖੋਂ ਭਾਰਤ-ਅਮਰੀਕਾ ਰਿਸ਼ਤੇ ਬਹੁਤੇ ਚੰਗੇ ਨਜ਼ਰ ਨਹੀਂ ਪੈਂਦੇ।

ਭਾਰਤ ਦੀ ਅਮਰੀਕਾ ਵੱਲੋ ਸਹਾਇਤਾ (America help to India) : ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਦੇ ਰਾਜਨੀਤਕ ਰਿਸ਼ਤੇ ਚੰਗੇ ਨਹੀਂ ਰਹੇ ਜਿਸਦਾ ਵੱਡਾ ਕਾਰਨ ਪਾਕਿਸਤਾਨ ਨਾਲ ਅਮਰੀਕਾ ਦੇ ਸਪੱਸ਼ਟ ਸੰਬੰਧ ਜ਼ਿੰਮੇਵਾਰ ਰਹੇ ਹਨ। ਅਮਰੀਕਾ ਭਾਰਤ ਨੂੰ ਆਰਥਿਕ ਅਤੇ ਅਨਾਜ ਦੀ ਸਹਾਇਤਾ ਸੁਰੂ ਤੋਂ ਹੀ ਕਰਦਾ ਆ ਰਿਹਾ ਹੈ। ਬੰਗਲਾਦੇਸ਼ ਸੰਕਟ ਸਮੇਂ ਆਰਥਿਕ ਪਾਬੰਦੀਆਂ ਦਾ ਮਤਾ ਪੇਸ਼ ਕਰਨ ਸਮੇਂ ਮੁਫਤ ਅਨਾਜ ਵੰਡ ਰਹੀਆਂ ਏਜੰਸੀਆਂ ਨੂੰ ਬਾਹਰ ਰੱਖਿਆ ਗਿਆ ਸੀ। ਸੰਨ 1951 ਵਿਚ ਪਹਿਲੀ ਅਨਾਜ ਸਹਾਇਤਾ ਦੇ ਖੇਪ ਭਾਰਤ ਭੇਜੀ ਗਈ ਸੀ। ਅਮਰੀਕਾ ਦੀ ਸੰਸਦ ਨੇ ਪਬਲਿਕ ਕਾਨੂੰਨ 480 ਰਾਹੀਂ ਇਹ ਪੱਕਾ ਕੀਤਾ ਕਿ ਅਮਰੀਕਾ ਵਿਚਲੀ ਵਾਧੂ ਕਣਕ ਭਾਰਤ ਨੂੰ ਵੇਚੀ ਜਾਵੇਗੀ। ਅਨਾਜ ਦੇ ਰੂਪ ਵਿਚ ਸਹਾਇਤਾ ਭੇਜਣ ਤੋਂ ਇਲਾਵਾ ਖੇਤੀਬਾੜੀ, ਕੱਚੇ ਮਾਲ ਦੇ ਵਿਕਾਸ, ਲਈ ਅਮਰੀਕਾ ਮੱਦਦ ਕਰਦਾ ਆ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਨੇ ਭਾਰਤ ਵਿੱਚ ਉਦਯੋਗ ਦਾ ਵਿਕਾਸ ਕਰਨ ਲਈ ਲੋੜੀਂਦੀ ਮਸ਼ੀਨਰੀ ਬਾਬਤ ਮੱਦਦ ਕਦੇ ਨਹੀਂ ਕੀਤੀ। ਉਦਯੋਗਾਂ, ਕਾਰਖਾਨਿਆਂ ਆਦਿ ਲਈ ਹਮੇਸ਼ਾ ਸੋਵੀਅਤ ਸੰਘ (ਹੁਣ ਰੂਸ) ਹੀ ਅੱਗੇ ਆਇਆ ਹੈ। ਧਨ ਦੀਆਂ ਲੋੜਾਂ ਲਈ ਲੋੜੀਂਦੇ ਕਰਜੇ ਵੀ ਅੰਤਰ-ਰਾਸ਼ਟਰੀ ਮੁਦਰਾ ਕੋਸ਼ (International Monetary Fund) ਅਤੇ ਵਿਸ਼ਵ ਬੈਂਕ (World Bank) ਵੀ ਅਮਰੀਕਾ ਦੀ ਸਹਿਮਤੀ ਅਨੁਸਾਰ ਹੀ ਭਾਰਤ ਨੂੰ ਕਰਜਾ ਦਿੰਦੀਆਂ ਆ ਰਹੀਆਂ ਹਨ।

3. ਸ਼ੀਤ ਯੁੱਧ ਤੋਂ ਬਾਅਦ ਦੇ ਭਾਰਤ ਅਮਰੀਕਾ ਸੰਬੰਧ (India-America Relations after cold war) : ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਅਮਰੀਕਾ ਇਕਲੌਤੀ ਮਹਾਂ-ਸ਼ਕਤੀ ਸੰਸਾਰ ਨੂੰ ਆਪਣਿਆਂ ਇਸ਼ਾਰਿਆਂ ਤੇ ਨਚਾ ਰਹੀ ਹੈ। ਇਹਨਾਂ ਬਦਲੀਆਂ ਅੰਤਰ-ਰਾਸ਼ਟਰੀ ਸਥਿਤੀਆਂ ਨੇ ਨਵੇਂ ਮੌਕੇ ਪੇਸ਼ ਕੀਤੇ ਹਨ। ਅਮਰੀਕਾ ਦੇ ਰਾਸ਼ਟਰਪਤੀ ਜੇ. ਕਲਿੰਟਨ (J Clinton) ਨੇ ਕਾਰਗਿਲ ਯੁੱਧ 1999 ਸਮੇਂ ਪਾਕਿਸਤਾਨ ਨੂੰ ਆਪਣੀਆਂ ਫੌਜਾਂ ਕੰਟਰੋਲ ਰੇਖਾ (Line of control) ਤੋਂ ਅੰਦਰ ਰੱਖਣ ਲਈ ਮਨਾਉਣਾ ਇਕ ਵੱਡਾ ਹੁੰਗਾਰਾ ਸੀ। ਭਾਰਤ ਅੱਤਵਾਦ ਦੀ ਸਮੱਸਿਆ ਲਈ ਅਮਰੀਕਾ ਨਾਲ ਵਾਰ-ਵਾਰ ਗੱਲਬਾਤ ਦੇ ਮੌਕੇ ਤਲਾਸ਼ਦਾ ਰਿਹਾ। ਪਰੰਤੂ ਅਮਰੀਕਾ ਅੱਤਵਾਦ ਨੂੰ ਗੰਭੀਰਤਾ ਨਾਲ ਨਹੀਂ ਲੈ ਰਿਹਾ ਸੀ। ਸਤੰਬਰ 11 ਸੰਨ 2001 ਨੂੰ

ਅਮਰੀਕਾ ਦੇ ਸ਼ਹਿਰ ਤੇ ਅੱਤਵਾਦ ਹਮਲੇ ਨੇ ਅਮਰੀਕਾ ਦਾ ਅੱਤਵਾਦ ਪ੍ਰਤੀ ਰਵੱਈਆ ਹੀ ਬਦਲ ਦਿੱਤਾ। ਜਿਸਦੇ ਨਤੀਜੇ ਵੱਜੋਂ ਅਮਰੀਕਾ ਨੇ ਅੱਤਵਾਦ ਦੇ ਖਾਤਮੇ ਲਈ ਸਾਰੇ ਦੇਸ਼ਾਂ ਦਾ ਸਹਿਯੋਗ ਅਤੇ ਸਾਥ ਮੰਗਣ ਨੂੰ ਅਹਿਮ ਮੁੱਦਾ ਬਣਾ ਲਿਆ।

ਅਮਰੀਕਾ ਨਿਸ਼ਸਤਰੀਕਰਨ ਭਾਵ ਹਥਿਆਰਾਂ ਦੀ ਪਹੁੰਚ ਖਾਸ ਕਰਕੇ ਪਰਮਾਣੂ ਹਥਿਆਰਾਂ ਦੀ ਪਹੁੰਚ ਸੀਮਤ ਕਰਨਾ ਚਾਹੁੰਦਾ ਸੀ ਜਿਸ ਦੇ ਮੱਦੇ ਨਜ਼ਰ ਭਾਰਤ ਤੋਂ ਵਿਆਪਕ ਅਪ੍ਰਸਾਰ ਸੰਧੀ-1996 (Comprehensive) ਤੇ ਹਸਤਾਖਰ ਕਰਾਉਣਾ ਚਾਹੁੰਦਾ ਸੀ। ਭਾਰਤ ਨੇ ਅਮਰੀਕਾ ਦੀ ਉਮੀਦ ਦੇ ਉਲਟ ਸੰਨ 1998 ਵਿਚ ਪੋਖਰਣ (Pokhran) ਵਿਖੇ ਪਰਮਾਣੂ ਧਮਾਕੇ ਕਰਕੇ ਆਪਣੇ ਆਪ ਨੂੰ ਪਰਮਾਣੂ ਹਥਿਆਰ ਵਾਲਾ ਰਾਜ ਐਲਾਨ ਦਿੱਤਾ। ਸਿੱਟੇ ਵਜੋਂ ਅਮਰੀਕਾ ਨੇ ਸੈਨਿਕ ਅਤੇ ਆਰਥਿਕ ਪਾਬੰਦੀਆਂ ਲਗਾ ਕਿ ਭਾਰਤ ਨੂੰ ਕਸੂਰਵਾਰ ਦਰਸਾਇਆ। ਇਹਨਾਂ ਪਾਬੰਦੀਆਂ ਨੂੰ ਹਟਾਉਣ ਲਈ ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜਸਵੰਤ ਸਿੰਘ ਨੇ ਸੰਯੁਕਤ ਰਾਜ ਅਮਰੀਕਾ ਦੇ ਰਾਜ ਉਪ-ਸਕੱਤਰ (Deputy Secrtary of State) ਦਰਮਿਆਨ ਵਾਰਤਾਲਾਪ ਰਾਹੀਂ ਕੁਝ ਪਾਬੰਦੀਆਂ ਹਟਾਈਆਂ ਗਈਆਂ। ਨਵੇਂ ਆਰਥਿਕ ਸੁਧਾਰਾਂ ਨੇ ਭਾਰਤ ਦੀ ਅਰਥ ਵਿਵਸਥਾ ਨੂੰ ਵਿਦੇਸ਼ੀ ਨਿਵੇਸ਼ ਲਈ ਖੋਲ ਦਿੱਤਾ ਨਤੀਜੇ ਵਜੋਂ ਸਹਾਇਤਾ ਦੀ ਥਾਂ ਬਾਹਰੋਂ ਨਿਵੇਸ਼ ਕੀਤੇ ਜਾਣ ਵਾਲੇ ਢੰਗਾਂ ਨੇ ਲੈ ਲਈ। ਬਦਲੀਆਂ ਅੰਤਰ-ਰਾਸ਼ਟਰੀ ਸਥਿਤੀਆਂ ਅਤੇ ਮੌਕਿਆਂ ਨੇ ਭਾਰਤ ਅਤੇ ਅਮਰੀਕਾ ਦੇ ਸੰਬੰਧ ਨੂੰ ਵੀ ਨਵੇਂ ਮਹੌਲ ਬੁਨਣ ਦਾ ਮੌਕਾ ਪੇਸ਼ ਕੀਤਾ।

4. ਭਾਰਤ ਅਤੇ ਅਮਰੀਕਾ ਵਿਚਕਾਰ ਪਰਮਾਣੂ ਸਮਝੌਤਾ-123 (Nuclear Agreement 123, between India and USA) : ਭਾਰਤ ਦੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਅਤੇ ਅਮਰੀਕਾ ਦੇ ਰਾਸ਼ਟਰਪਤੀ ਜੌਰਜ ਬੁੱਸ (George bush) ਨੇ 2005 ਵਿਚ ਸਾਂਝੇ ਬਿਆਨ ਰਾਹੀਂ ਐਲਾਨ ਕੀਤਾ ਕੇ ਦੋਵੇਂ ਮੁਲਕ ਸਿਵਲ-ਪਰਮਾਣੂ ਸਮਝੌਤੇ (Civil Nuclear deal) ਨੂੰ 2006 ਤੱਕ ਨੇਪਰੇ ਚਾੜਨਗੇ। ਭਾਰਤ ਲਈ ਇਹ ਸਮਝੌਤਾ ਯੂਰੇਨੀਅਮ (Uranium) ਦਾ ਲੋੜੀਂਦੀ ਖੇਪ ਮੁਹੱਈਆ ਕਰਾਏਗਾ ਜੋ ਪਲਾਂਟ ਲਈ ਲਾਜਮੀ ਹੈ। ਇਸਦੇ ਨਾਲ-ਨਾਲ ਇਹ ਸਮਝੌਤਾ ਵੱਖ-ਵੱਖ ਦੇਸ਼ਾਂ ਤੋਂ ਯੂਰੇਨੀਅਮ ਖਰੀਦਣ ਦੀ ਖੁੱਲ ਪ੍ਰਦਾਨ ਕਰੇਗਾ। ਪਰਮਾਣੂ ਸਮਝੌਤੇ ਬਾਬਤ ਜੁਲਾਈ 2006 ਵਿਚ ਅਮਰੀਕਾ ਦੀ ਕਾਂਗਰਸ ਦੇ ਪ੍ਰਤੀਨਿਧ ਸਦਨ (House of Representatives) ਨੇ ਹਾਈਡ ਐਕਟ (Hyde Act) ਪਾਸ ਕਰ ਦਿੱਤਾ। ਇਸ ਐਕਟ ਦੇ ਪਾਸ ਹੋਣ ਨਾਲ ਅਮਰੀਕਾ ਨੇ ਪਰਮਾਣੂ ਮਸਲਿਆਂ ਬਾਰੇ ਸਹਿਯੋਗ ਕਰਨ ਅਤੇ ਪਰਮਾਣੂ ਅਪ੍ਰਸਾਰ ਸੰਧੀ ਨੂੰ ਹਸਤਾਖ਼ਰ ਕਰਨ ਦੀ ਭਾਰਤ ਨੂੰ ਛੁੱਟ ਦੇ ਦਿੱਤੀ।

> ਪਰਮਾਣੂ ਹਥਿਆਰ ਅਪ੍ਰਸਾਰ ਸੰਧੀ ਜਾਂ ਪਰਮਾਣੂ ਹਥਿਆਰ ਰੋਕੂ ਸੰਧੀ ਵੱਖ-ਵੱਖ ਦੇਸ਼ਾਂ ਦਰਮਿਆਨ ਪਰਮਾਣੂ ਹਥਿਆਰਾਂ ਦੇ ਪ੍ਰਸਾਰ ਨੂੰ ਰੋਕਣ ਲਈ ਸੰਨ 1968 ਲਈ ਹਸਤਾਖਰ ਕਰਾਉਣ ਬਾਬਤ ਪੇਸ਼ ਕੀਤੀ ਗਈ ਸੀ। ਇਹ ਸੰਧੀ ਸੰਨ 1970 ਤੋਂ ਲਾਗੂ ਕੀਤੀ ਗਈ। ਇਸ ਸੰਧੀ ਨੂੰ ਸੰਯੁਕਤ ਰਾਸ਼ਟਰ ਦੁਆਰਾ ਸਪੋਂਸਰ ਕੀਤੀ। 18 ਮੈਂਬਰਾਂ ਦੀ ਹਥਿਆਰਬੰਦੀ/ਨਿਸ਼ਸਤਰੀਕਰਨ ਕਮੇਟੀ ਨੇ ਤਿਆਰ ਕੀਤੀ ਸੀ। ਭਾਰਤ ਉਹਨਾਂ ਪੰਜ ਦੇਸ਼ਾਂ ਵਿੱਚ ਹੈ ਜਿਹਨਾਂ ਨੇ ਜਾਂ ਤਾਂ ਇਸ ਸੰਧੀ ਤੇ ਹਸਤਾਖ਼ਰ ਨਹੀਂ ਕੀਤੇ ਜਾਂ ਸੰਧੀ ਤੋਂ ਪਿੱਛੇ ਹੱਟ ਗਏ ਹਨ। ਪਾਕਿਸਤਾਨ, ਇਜ਼ਰਾਈਲ, ਉੱਤਰ ਕੋਰੀਆ ਅਤੇ ਦੱਖਣੀ-ਸੁਡਾਨ ਵੀ ਇਸੇ ਲੜੀ ਦੇ ਮੈਂਬਰ ਹਨ। ਭਾਰਤ ਇਸ ਸੰਧੀ ਨੂੰ ਪੱਖਪਾਤੀ ਮੰਨਦਾ ਕਿਉਂ ਜੋ ਇਹ ਚੀਨ, ਅਮਰੀਕਾ, ਫਰਾਂਸ, ਰੂਸ ਅਤੇ ਬਰਤਾਨੀਆਂ ਤੋਂ ਇਲਾਵਾ ਹੋਰ ਕਿਸੇ ਦੇਸ਼ ਨੂੰ ਪਰਮਾਣੂ ਹਥਿਆਰ ਬਣਾਉਣ ਜਾਂ ਪਰਮਾਣੂ ਪੈਦਾ ਕਰਨ ਤੋਂ ਰੋਕਦੀ ਹੈ।

ਭਾਰਤ-ਅਮਰੀਕਾ ਦਾ ਪਰਮਾਣੂ ਸੰਧੀ 10 ਅਕਤੂਬਰ 2008 ਨੂੰ ਉਸ ਸਮੇਂ ਦੇ ਭਾਰਤ ਦੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਅਤੇ ਅਮਰੀਕਾ ਦੇ ਰਾਸ਼ਟਰਪਤੀ ਜਾਰਜ਼ ਬੁੱਸ਼ ਦੀ ਮੌਜੂਦਗੀ ਵਿਚ ਹਸਤਾਖਰ ਕੀਤਾ ਗਿਆ। ਇਸ ਸੰਧੀ ਦਾ ਨਾਂ 123-ਸਮਝੌਤਾ ਹੈ ਜਿਸਦਾ ਪਿਛੋਕੜ ਅਮਰੀਕਾ ਦੀ ਸਰਕਾਰ ਦੁਆਰਾ ਪਾਸ ਕੀਤੇ ਗਏ ਪਰਮਾਣੂ-ਉਰਜਾ ਐਕਟ 1954 (Atomic Energy Act-1954) ਦੇ ਭਾਗ 123 ਵਿਚ ਪਿਆ ਹੈ। ਭਾਰਤ-ਅਮਰੀਕਾ ਦਰਮਿਆਨ ਇਹ ਸਮਝੌਤਾ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (International Atomic Energy Agency) ਦੁਆਰਾ ਵੱਖ-ਵੱਖ ਸਮੇਂ ਦੀਆਂ ਸ਼ਰਤਾਂ ਦੇ ਅਧੀਨ ਹੈ ਜੋ ਪਰਮਾਣੂ ਖਰੀਦ ਸਮੇਂ ਲਾਗੂ ਹੋਣਗੀਆਂ।

ਸੰਯੁਕਤ ਰਾਜ ਅਮਰੀਕਾ ਦੇ ਭਾਰਤ ਨਾਲ ਉਮੀਦਾਂ ਤੋਂ ਉਲਟ ਬੁਰੇ ਦੌਰ ਵਿਚੋਂ ਲੰਘਦੇ ਹੋਏ ਪਰਮਾਣੂ ਸਮਝੌਤੇ ਹੋਣ ਨਾਲ ਕਾਫ਼ੀ ਸੁਧਰ ਗਏ ਹਨ। ਅਮਰੀਕਾ ਹਿੰਦ ਮਹਾਂਸਾਗਰ ਵਿਚ ਅਤੇ ਵੱਖ-ਵੱਖ ਦੇਸ਼ਾਂ ਵਿਚ ਫੈਲੇ ਸੈਨਿਕ ਟਿਕਾਣਿਆ ਕਰਨ ਭਾਰਤ ਦੇ ਅਖੰਡਤਾ ਅਤੇ ਸਲਾਮਤੀ ਲਈ ਅਹਿਮ ਸ਼ਕਤੀ ਹੈ। ਵਰਤਮਾਨ ਬੰਗਲਾਦੇਸ਼, ਚੀਨ ਆਦਿ ਦੇਸ਼ਾਂ ਨਾਲ ਨਜਿੱਠਣ ਲਈ ਅਮਰੀਕਾ ਦਾ ਸਾਥ ਭਾਰਤ ਲਈ ਕਾਫ਼ੀ ਅਹਿਮ ਹੋ ਜਾਂਦਾ ਹੈ। ਇਸ ਤੋਂ ਇਲਾਵਾ ਭਾਰਤ ਦੇ ਬਹੁਤ ਸਾਰੇ ਲੋਕ ਅਮਰੀਕਾ ਵਿਚ ਜਾ ਕੇ ਵੱਸ ਰਹੇ ਹਨ ਜਿਹਨਾਂ ਦੇ ਹਿੱਤ ਤਕਨੀਕ ਅਤੇ ਸਿਹਤ ਖੇਤਰ ਵਿਚ ਚੰਗੇ ਰਿਸ਼ਤਿਆਂ ਦੀ ਭੂਮਿਕਾ ਬੰਨ ਰਹੇ ਹਨ। ਬਦਲਦੇ ਸੰਸਾਰ ਵਿਚ ਭਾਰਤ-ਅਮਰੀਕਾ ਦੇ ਸੰਬੰਧ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਲਈ ਕਾਰਜ ਕਰਨ ਦੇ ਕਾਬਜ ਹਨ।



ਅਮਰੀਕੀ ਰਾਸ਼ਟਰਪਤੀ ਜ਼ੌਰਜ ਬੁਸ਼ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਪ੍ਰਮਾਣੂ ਸਮਝੌਤੇ ਤੋਂ ਬਾਅਦ ਪ੍ਰੈਸ ਕਾਨਫ਼ਰੰਸ ਦੌਰਾਨ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ 2025 ਵਿੱਚ ਅਮਰੀਕਾ ਵਿੱਚ ਨਿਵਾਸ ਨਾਲ ਸਬੰਧਤ ਕਈ ਕਨੂੰਨਾ ਵਿੱਚ ਤਬਦੀਲੀ ਕਾਰਨ ਬਿਨਾ ਦਸਤਾਵੇਜਾ ਤੋ ਅਮਰੀਕਾ ਗਏ ਭਾਰਤੀਆਂ ਨੂੰ ਫੌਜੀ ਜਹਾਜ ਰਹੀ ਭਾਰਤ ਛੱਡ ਕੇ ਜਾਣ ਨਾਲ ਭਾਰਤ ਅਮਰੀਕੀ ਰਿਸਤੀਆਂ ਵਿੱਚ ਦੁਬਾਰਾ ਖਟਾਸ ਆਈ ਹੈ

ਭਾਰਤ-ਸੋਵੀਅਤ ਸੰਘ (ਰੂਸ) ਸੰਬੰਧ
(India-Soviet Russia Relations)

ਸੰਨ 1991 ਵਿਚ ਸੋਵੀਅਤ ਸੰਘ ਦੇ ਵਿਘਟਨ ਤੋਂ ਬਾਅਦ ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਦੀ ਗੱਲ ਨੇ ਭਾਰਤ ਅਤੇ ਸੋਵੀਅਤ ਸੰਘ ਦੇ ਸੰਬੰਧਾਂ ਦੀ ਰਿਵਾਇਤ ਨੂੰ ਫਿੱਕਾ ਪਾ ਦਿੱਤਾ ਹੈ। ਰੂਸ ਵਿਚ ਸੰਨ 1917 ਵਿਚ ਕ੍ਰਾਂਤੀ ਹੋਈ ਜਿਸ ਨੇ ਭਾਰਤ ਦੀ ਅਜ਼ਾਦੀ ਲਈ ਲੜਾਈ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਮਹਾਤਮਾ ਗਾਂਧੀ ਅਤੇ ਲਿਓ ਟਾਲਸਟਾਏ (leo Tolstoy) ਦਰਮਿਆਨ ਚਿੱਠੀਆਂ ਰਾਹੀਂ ਵਾਰਤਾਲਾਪ ਸ਼ੁਰੂ ਹੋਇਆ। ਜਿਸ ਨੇ ਰੂਸ ਅਤੇ ਭਾਰਤ ਦੀਆਂ ਸਮਾਨਤਾਵਾਂ ਬਾਰੇ ਪਤਾ ਲਗਾਉਣ ਦਾ ਕਾਰਜ ਕੀਤਾ। ਸੰਨ 1917 ਵਿਚ ਰੂਸ ਵਿਚ ਬੋਲਸ਼ੇਵਿਕ ਕ੍ਰਾਂਤੀ (Bolshevik) ਨੇ ਲੈਨਿਨ (Lenin) ਦੀ ਅਗਵਾਈ ਵਿਚ ਸੰਸਾਰ ਦੇ ਇਤਿਹਾਸ ਵਿਚ ਨਵਾਂ ਅਧਿਆਇ ਜੋੜ ਦਿੱਤਾ। ਸੋਵੀਅਤ ਸੰਘ ਨੇ ਕੋਸ਼ਿਸ਼ ਕੀਤੀ ਕਿ ਭਾਰਤ ਦੀ ਆਜ਼ਾਦੀ ਨਾਲ ਏਸ਼ੀਆ ਵਿਚ ਨਵੇਂ ਮੌਕਿਆਂ ਦੀ ਸਿਰਜਣਾ ਹੋਏਗੀ। ਸੰਨ 1927 ਵਿਚ ਬੋਲਸੇਵਿਕ ਕ੍ਰਾਂਤੀ ਦੀ ਦਸਵੀਂ ਵਰੇਗੰਢ ਮੌਕੇ ਮੌਜੂਦ ਪੰਡਤ ਜਵਾਹਰ ਲਾਲ ਨਹਿਰੂ ਸੋਵੀਅਤ ਸੰਘ ਦੀ ਯੋਜਨਾਬੰਦੀ (Planning) ਤੋਂ ਪ੍ਰਭਾਵਿਤ ਹੋਏ। ਰਾਜ (State) ਦੀ ਉਸਾਰੂ ਭੂਮਿਕਾ ਨਾਲ ਸਿਰਜਿਆਂ ਜਾਂ ਰਹੀਆਂ ਸੰਸਥਾਵਾਂ ਦੀ ਲੋੜ ਭਾਰਤ ਵਰਗੇ ਦੇਸ਼ਾਂ ਵਿਚ ਵਿਕਾਸ ਕਰਨ ਲਈ ਲ਼ਾਜ਼ਮੀ ਲੱਗਣ ਲੱਗੀ। ਸੋਵੀਅਤ ਸੰਘ ਦਾ ਵਿਕਾਸ ਮਾਡਲ (Development) ਜੋ ਸਮਾਜਿਕ ਨਿਆਂ, ਬਰਾਬਰੀ, ਮਨੁੱਖੀ ਸਤਿਕਾਰ ਨੂੰ ਅਹਿਮੀਅਤ ਦਿੰਦਾ ਹੈ। ਉਹ ਭਾਰਤ ਲਈ ਵੀ ਵਰਦਾਨ ਸਾਬਤ ਹੋਣ ਦੀ ਕਾਬਲੀਅਤ ਰੱਖਦਾ ਹੈ।

ਅਜ਼ਾਦੀ ਤੋਂ ਬਾਅਦ ਭਾਰਤ ਅਤੇ ਸੋਵੀਅਤ ਸੰਘ ਦੇ ਸੰਬੰਧਾਂ ਦੀ ਸ਼ਾਨਦਾਰ ਸ਼ੁਰੂਆਤ ਹੋਈ। ਸੋਵੀਅਤ ਸੰਘ ਨੇ ਰਾਜਨੀਤਕ, ਕੂਟਨੀਤਕ ਅਤੇ ਰਣਨੀਤਕ ਤੌਰ ਤੇ ਭਾਰਤ ਨੂੰ ਉਚੇਚਾ ਸਹਿਯੋਗ ਦਿੱਤਾ ਜਿਹਨਾਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ।

1. ਭਾਰਤ ਦੇ ਉਦਯੋਗਿਕ ਵਿਕਾਸ ਵਿਚ ਸੋਵੀਅਤ ਸੰਘ ਰੂਸ ਦਾ ਯੋਗਦਾਨ (Contribution of Soviet Union/ Russia into the idustrial development of India) : ਭਾਰਤ ਦੀਆਂ ਵਿਸ਼ੇਸ਼ ਲੋੜਾਂ ਦੇ ਕਾਰਨ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਵੱਖ-ਵੱਖ ਉਦਯੋਗਾਂ ਵਿਚ ਮੁਹਾਰਤ ਪ੍ਰਾਪਤ ਮੁਲਕ ਤੋਂ ਸਹਿਯੋਗ ਪ੍ਰਾਪਤ ਕਰਨ ਦੀ ਚੇਸ਼ਟਾ ਰੱਖੀ। ਸੋਵੀਅਤ ਸੰਘ ਤੋਂ



ਬੋਲਸੇਵਿਕ ਕ੍ਰਾਂਤੀ ਦੌਰਾਨ ਲੈਨਿਨ ਕ੍ਰਾਂਤੀਕਾਰੀਆ ਨੂੰ ਸੰਬੋਧਨ ਕਰਦੇ ਹੋਏ

ਪ੍ਰਭਾਵਿਤ ਹੋ ਕੇ ਭਾਰਤ ਨੇ ਆਰਥਿਕ ਵਿਕਾਸ ਲਈ ਵਿਕਾਸ ਦਾ ਯੋਜਨਾਬੱਧ ਮਾਡਲ ਅਪਣਾਇਆ। ਇਸ ਮਾਡਲ ਨੂੰ ਲਾਗੂ ਕਰਨ ਲਈ ਰਾਜ ਦੇ ਸਹਿਯੋਗ ਨਾਲ ਵਿਸ਼ਾਲ ਉਦਯੋਗਾਂ ਨੂੰ ਲਾਉਣਾ ਲਾਜ਼ਮੀ ਸੀ। ਸੰਨ 1955 ਵਿਚ ਭਾਰਤ ਅਤੇ ਸੋਵੀਅਤ ਸੰਘ ਨੇ ਉਦਯੋਗਾਂ ਦੇ ਵਿਕਾਸ ਲਈ ਸਮਝੌਤੇ ਤੇ ਹਸਤਾਖ਼ਰ ਕੀਤੇ ਜਿਸ ਨਾਲ ਭਾਰਤੀ ਸ਼ਹਿਰ ਭਿਲਾਈ (Bhilai) ਵਿਖੇ ਸਟੀਲ ਪਲਾਟ ਲਗਾਉਣ ਤੈਅ ਕੀਤਾ ਗਿਆ। ਭਿਲਾਈ ਛਤੀਸਗੜ ਵਿਚ ਸਥਿਤ ਹੈ। ਝਾਰਖੰਡ ਦੇ ਸ਼ਹਿਰ ਬੋਕਾਰੋ (Bokaro) ਵਿਖੇ ਵੀ ਸੋਵੀਅਤ ਸੰਘ ਦੀ ਸਹਾਇਤਾ ਨਾਲ ਲੋਹਾ ਅਤੇ ਇਸਪਾਤ ਪਲਾਟ ਸਥਾਪਤ ਕੀਤਾ ਗਿਆ। ਸੋਵੀਅਤ ਸੰਘ ਦੇ ਸਹਿਯੋਗ ਨਾਲ ਕਈ ਉਦਯੋਗ ਭਾਰਤ ਲਈ ਲੋੜਾਂ ਦੀ ਪੂਰਤੀ ਲਈ ਲਗਵਾਏ ਗਏ ਜੋ ਭਾਰਤ ਲਈ ਮੀਲ ਪੱਥਰ ਸਾਬਤ ਹੋਇਆ। ਅਮਰੀਕਾ ਖੇਤੀਬਾੜੀ ਅਨਾਜ ਰਾਹੀ ਮੱਦਦ ਕਰ ਰਿਹਾ ਸੀ ਪਰੰਤੂ ਤਕਨੀਕ ਅਤੇ ਉਦਯੋਗਾਂ ਦੀ ਸਥਾਪਤੀ ਸੋਵੀਅਤ ਸੰਘ ਦੁਆਰਾ ਕਰਵਾਈ ਜਾ ਰਹੀ ਸੀ। ਸੋਵੀਅਤ ਸੰਘ ਦੁਆਰਾ ਉਦਯੋਗਿਕ ਵਿਕਾਸ ਲਈ ਕੀਤੇ ਗਏ ਕਾਰਜ ਭਾਰਤ ਵਿਚ ਲੋਹਾ, ਕੋਲਾ, ਇਸਪਾਤ ਜਿਹੀਆਂ ਮੁੱਢਲੀਆਂ ਉਦਯੋਗਿਕ ਇਕਾਇਆਂ ਸਥਾਪਤ ਕਰਨ ਲਈ ਵਰਦਾਨ ਸਾਬਤ ਹੋ ਰਹੇ ਸਨ। ਉਦਯੋਗਾਂ ਤੋਂ ਇਲਾਵਾ ਸੋਵੀਅਤ ਸੰਘ ਤੋਂ ਸਹਾਇਤਾ, ਵਪਾਰ ਅਤੇ ਧਨ ਦੇ ਰੂਪ ਵਿਚ ਪ੍ਰਾਪਤ ਹੋ ਰਹੀ ਸੀ। ਇਸ ਸਹਾਇਤਾ ਤੇ ਵਿਆਜ ਦਰ ਸਤ ਪ੍ਰਤੀਸ਼ਤ ਦੇ ਅੰਦਰ-ਅੰਦਰ ਸੀ ਇਸ ਤੋਂ ਉਲਟ ਪੱਛਮੀ ਮੁਲਕ ਭਾਰਤ ਤੋਂ 06 ਪ੍ਰਤੀਸ਼ਤ ਤੱਕ ਵਿਆਜ ਪ੍ਰਾਪਤ ਕਰ ਰਹੇ ਸਨ। ਦਸੰਬਰ 1953 ਵਿਚ ਭਾਰਤ ਨੇ ਵਪਾਰ ਸਮਝੌਤਾ ਕੀਤਾ ਜਿਸ ਦੀ ਵਿਸ਼ੇਸ਼ਤਾ ਸੀ ਕਿ ਭਾਰਤ ਸੋਵੀਅਤ ਸੰਘ ਨੂੰ ਰੁਪਏ (Ruppee) ਦੇ ਵਿਚ ਅਦਾਇਗੀ ਕਰੇਗਾ ਜਦੋਂ ਕਿ ਪੱਛਮ ਨੂੰ ਡਾਲਰ (Dollar) ਵਿਚ ਅਦਾਇਗੀ ਦੀ ਸ਼ਰਤ ਸੀ। ਸੋਵੀਅਤ, ਭਾਰਤ ਪੱਖੀ ਫੈਸਲਿਆਂ ਨਾਲ ਭਾਰਤ ਨਾਲ ਰਿਸ਼ਤਿਆਂ ਨੂੰ ਨਵੀਆਂ ਬੁਲੰਦੀਆਂ ਤੇ ਲਿਜਾ ਰਿਹਾ ਸੀ।

2. ਕੂਟਨੀਤਕ ਮਾਮਲਿਆਂ ਵਿਚ ਰੂਸ ਸੋਵੀਅਤ ਸੰਘ ਦਾ ਸਾਥ (Cooperation in Strategic matter by soviet union/Russia) : ਭਾਰਤ ਨੂੰ ਸੋਵੀਅਤ ਸੰਘ ਦਾ ਕੂਟਨੀਤਕ (Strategic) ਅਤੇ ਰਾਜਨੀਤਕ ਰਿਸ਼ਤਿਆਂ ਵਿਚ ਵੀ ਸਾਥ ਇਹਨਾਂ ਮੁਲਕਾਂ ਦਰਮਿਆਨ ਰਿਸ਼ਤੀਆਂ ਦਾ ਅਹਿਮ ਪੱਖ ਹੈ। ਸੰਯੁਕਤ ਰਾਸ਼ਟਰ ਵਿਚ ਸਲਾਮਤੀ ਕੌਂਸਲ (Security Counsil) ਦੇ ਸਥਾਈ ਮੈਂਬਰ ਨੂੰ ਕਿਸੇ ਮਸਲੇ ਨੇ ਵੀਟੋ ਭਾਵ ਨਕਾਰਨ ਦਾ ਅਧਿਕਾਰ ਹੈ। ਸੋਵੀਅਤ ਸੰਘ ਨੇ ਪਾਕਿਸਤਾਨ ਵੱਲੋਂ ਕਸ਼ਮੀਰ ਦੇ ਮੁੱਦੇ ਨੂੰ ਅੰਤਰ-ਰਾਸ਼ਟਰੀ ਸੰਸੰਥਾਵਾਂ ਅਤੇ ਮਹਾਂ-ਸ਼ਕਤੀਆਂ ਦੇ ਸਹਿਯੋਗ ਨਾਲ ਕਰਨ ਵਾਲੇ ਮਤਿਆਂ (Resolutions) ਨੂੰ ਸੰਨ 1957, 1962, 1971 ਵਿਚ ਸੋਵੀਅਤ ਸੰਘ ਨੇ ਆਪਣੀ ਵੀਟੋ (Veto) ਦੇ ਅਧਿਕਾਰ ਰਾਹੀਂ ਨਕਾਰਿਆ। ਸੰਨ 2019 ਵਿਚ ਭਾਰਤ ਦੁਆਰਾ ਅਨੁਛੇਦ 370 ਅਤੇ 354 ਨੂੰ ਤਬਦੀਲ ਕਰਨ ਨੂੰ ਪਾਕਿਸਤਾਨ ਨੇ ਇਸ ਮੁੱਦੇ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਰੂਸ (Russia) ਨੇ ਕਸ਼ਮੀਰ ਬਾਬਤ ਇਸ ਮਸਲੇ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਐਲਾਨਿਆ। ਇਸ ਦੇ ਨਾਲ-ਨਾਲ ਕਿਹਾ ਕਿ ਭਾਰਤ-ਪਾਕਿਸਤਾਨ ਕਸ਼ਮੀਰ ਮਸਲੇ ਨੂੰ ਸ਼ਿਮਲਾ ਸਮਝੌਤੇ 1972 ਅਤੇ ਲਾਹੌਰ ਐਲਾਨਿਆ-1999 ਦੀਆਂ ਮੱਦ ਰਾਹੀਂ ਦੁਵੱਲੀ (Bilateral) ਗੱਲਬਾਤ ਰਾਹੀ ਹੱਲ ਕਰਨ।

ਸੰਨ 1966 ਵਿਚ ਤਾਸਕੰਦ ਸਮਝੌਤੇ ਵਿਚ ਵਿਚੋਲਗੀ। (ਸਾਲਸੀ) ਦੀ ਭੂਮਿਕਾ ਰਾਹੀਂ ਸੋਵੀਅਤ ਸੰਘ ਨੇ ਭਾਰਤ-ਪਾਕਿ 1965 ਦੇ ਯੁੱਧ ਦਾ ਫ਼ੈਸਲਾ ਕਰਾਉਣ ਵਿਚ ਆਪਣੇ ਵਡਮੁੱਲਾ ਯੋਗਦਾਨ ਪਾਇਆ ਸੀ। ਪੂਰਬੀ ਪਾਕਿਸਤਾਨ ਵਿਚ



ਸੋਵੀਅਤ ਸੰਘ ਦੇ ਬਰਿਜ਼ਨੇਵ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦੋਸਤਾਨਾ ਸੰਧੀ ਦੇ ਦਸਤਾਂਵੇਜ਼ ਸੌਂਪਦੇ ਹੋਏ।



ਸਰਦਾਰ ਸਵਰਨ ਸਿੰਘ, ਵਿਦੇਸ਼ ਮੰਤਰੀ ਭਾਰਤ ਅਤੇ ਏ.ਏ. ਗ੍ਰੋਮਏਕੋ, ਵਿਦੇਸ਼ ਮੰਤਰੀ ਸੋਵੀਅਤ ਸੰਘ ਦੋਸਤਾਨਾ ਸੰਧੀ 1971 ਤੇ ਦਸਤਖਤ ਕਰਦੇ ਹੋਏ

ਉਠੀ ਬਗਾਵਤ ਦੇ ਨਤੀਜੇ ਵਜੋਂ ਪਾਕਿਸਤਾਨ ਦਾ ਸਾਥ ਦੇਣ ਲਈ ਅਮਰੀਕਾ ਨੇ ਆਪਣਾ ਸਮੁੰਦਰੀ ਬੇੜਾ ਬੰਗਾਲ ਦੀ ਖਾੜੀ ਵਿਚ ਉਤਾਰ ਦਿੱਤਾ ਸੀ। ਭਾਰਤ ਦੀ ਮਦਦ ਲਈ ਸੋਵੀਅਤ ਸੰਘ ਨੇ ਪ੍ਰਸ਼ਾਤ ਮਹਾਂਸਾਗਰ (Pacific Ocean) ਵਿਚੋਂ ਲੜਾਕੂ ਬੇੜਿਆਂ ਨੂੰ ਹਿੰਦ ਮਹਾਂਸਾਗਰ (Indian Ocean) ਵੱਲ ਮੋੜਨ ਦਾ ਸੰਕੇਤ ਕਰ ਦਿੱਤਾ ਸੀ। ਸੋਵੀਅਤ ਸੰਘ ਦਾ ਅਜਿਹਾ ਕਾਰਜ ਭਾਰਤ ਨਾਲ ਹੋਈ ਅਗਸਤ 1971 ਵਿਚ ਹੋਈ ਸ਼ਾਂਤੀ, ਦੋਸਤੀ ਅਤੇ ਸਹਿਯੋਗ ਸੰਧੀ 1971 (Triaty of Peace, Friendship and Cooperation-1971) ਦਾ ਸਿੱਟਾ ਸੀ। ਭਾਰਤ ਵੱਲੋਂ ਕੀਤੀ ਗਈ ਇਸ ਸੰਧੀ ਆਪਣੀ ਕਿਸਮ ਦੀ ਪਹਿਲ ਸੰਧੀ ਸੀ ਜੋ ਇੱਕ-ਦੂਜੇ ਤੇ ਹਮਲਾ ਹੋਣ ਦੀ ਸਥਿਤੀ ਵਿਚ ਆਪਸੀ ਸਲਾਹ-ਮਸ਼ਵਰੇ ਨੂੰ ਕੇਂਦਰ ਵਿਚ ਰੱਖ ਕੇ ਕੀਤੀ ਗਈ ਸੀ। ਸੋਵੀਅਤ ਸੰਘ ਦੇ ਸਹਿਯੋਗ ਕਰਨ ਨਾਲ ਪਾਕਿਸਤਾਨ ਦਾ ਪੂਰਬੀ ਭਾਗ, ਸੰਨ 1971 ਵਿਚ ਬੰਗਲਾਦੇਸ਼ ਬਣ ਗਿਆ ਜਿਸ ਨਾਲ ਪਾਕਿਸਤਾਨ ਜੋ ਅਮਰੀਕਾ ਦਾ ਸਹਿਯੋਗੀ ਸੀ ਕਮਜੋਰ ਹੋ ਗਿਆ। ਬੰਗਲਾਦੇਸ਼ ਦੇ ਉਦੇ ਨਾਲ ਭਾਰਤ ਦੀ ਸਥਿਤੀ ਪੂਰਬ-ਏਸੀਆ ਵਿਚ ਮਜਬੂਤ ਹੋ ਗਈ। ਸੋਵੀਅਤ ਸੰਘ ਦੀ ਅਫਿਗਾਨਸਤਾਨ ਵਿਚ ਦਖਲ (invade) ਨੇ ਭਾਰਤ ਨੂੰ ਉਲਝਣ ਵਿਚ ਪਾ ਦਿੱਤਾ। ਭਾਰਤ ਦਾ ਕਾਰਜ ਪਾਕਿਸਤਾਨ ਅਤੇ ਅਮਰੀਕਾ ਦੇ ਬਣੇ ਸੈਨਿਕ ਗੁੱਟ ਨੇ ਅਸਾਨ ਕਰ ਦਿੱਤਾ। ਅੰਤਰ-ਰਾਸ਼ਟਰੀ ਪੱਧਰ ਤੇ ਹਲਾਤ ਬਦਲ ਰਹੇ ਸਨ ਜਿਸ ਦਾ ਪ੍ਰਤੀਕ ਮਿਖਾਇਲ ਗੋਰਬਾਚੇਵ (Mikhail Gorbucher) ਦੀ ਅਗਵਾਈ ਵਿਚ ਸੋਵੀਅਤ ਸੰਘ ਆਪਣੇ ਵਿਦੇਸ਼ੀ ਰਿਸ਼ਤਿਆਂ ਵਿਚ ਤਬਦੀਲੀ ਕਰ ਰਿਹਾ ਸੀ। ਗੋਰਬਾਚੇਵ ਅਮਰੀਕਾ ਨਾਲ ਮਿਲਕੇ ਆਪਣਾ ਧਿਆਨ ਸਾਂਝਾ ਯੂਰਪੀਅਨ ਘਰ (Common Europeon Home) ਬਣਾਉਣ ਵੱਲ ਕਰ ਦਿੱਤਾ। ਅਜਿਹਾ ਕਰਨ ਨਾਲ ਵਿਕਾਸ-ਸ਼ੀਲ (Developing) ਰਾਜਾਂ ਦਾ ਮਹੱਤਵ ਘੱਟ ਗਿਆ।

ਸੰਨ 1962 ਵਿਚ ਭਾਰਤ-ਚੀਨ ਜੰਗ ਤੋਂ ਥੋੜਾ ਸਮਾਂ ਪਹਿਲਾਂ ਸੋਵੀਅਤ ਸੰਘ ਅਤੇ ਭਾਰਤ ਦਰਮਿਆਨ ਸਿਰਾ-ਸਮਝੌਤਾ (Mig-Deal) ਹੋਇਆ ਜਿਸਦਾ ਵਿਰੋਧ ਚੀਨ ਵੱਲੋਂ ਕੀਤਾ ਗਿਆ ਸੀ। ਸੰਨ 1985 ਤੋਂ ਬਾਅਦ ਚੀਨ ਦੇ ਨਾਲ ਸੋਵੀਅਤ ਸੰਘ ਦੇ ਸੰਬੰਧ ਵੀ ਮੁੜ ਲੀਹ ਤੇ ਆ ਗਏ ਸਨ।

3. ਸੰਨ 1991 ਤੋਂ ਬਾਅਦ ਰੂਸ ਨਾਲ ਭਾਰਤ ਦੇ ਸੰਬੰਧ (India-Russia relations after 1991) : ਦਸੰਬਰ 1991 ਵਿਚ ਯੈਲਟਸਿਨ (Yeltsin) ਦੀ ਅਗਵਾਈ ਵਿਚ ਰੂਸ, ਯੂਕਰੇਨ ਅਤੇ ਬੈਲਾਰੂਸ ਤਿੰਨ ਪ੍ਰਮੁੱਖ ਸੋਵੀਅਤ ਗਣਰਾਜਾਂ (Republics) ਨੇ ਸੋਵੀਅਤ ਸੰਘ ਦੇ ਟੁੱਟਣ (disbanded) ਦਾ ਐਲਾਨ ਕਰ ਦਿੱਤਾ। ਸਾਮਵਾਦੀ ਪਾਰਟੀ ਦੀ ਸਰਦਾਰੀ ਦਾ ਅੰਤ ਕਰਕੇ ਇਸਦੇ ਰੋਕ ਲਗਾ ਦਿੱਤੀ ਗਈ। ਸਮਾਜਵਾਦ (Socialism) ਦੀ ਥਾਂ ਤੇ ਪੂੰਜੀਵਾਦ (capitalism) ਅਤੇ ਲੋਕਤੰਤਰ (Democracy) ਨੂੰ ਆਪਣਾ ਲਿਆ ਗਿਆ। ਜੈਲਟਸਿਨ (Yeltsin) ਦੀ ਅਗਵਾਈ ਵਿਚ ਰੂਸ ਦੀ ਅਮਰੀਕਾ ਨਾਲ ਦੋਸਤੀ ਵਧਣ ਲੱਗੀ। ਸੋਵੀਅਤ ਸੰਘ ਦੀ ਵਿਰਾਸਤ ਵਜੋਂ ਰੂਸ ਨੂੰ ਸਲਾਮਤੀ ਕੌਂਸਲ ਦੀ ਸਥਾਈ ਮੈਂਬਰੀ ਦਿੱਤੀ ਗਈ। ਜੈਲਟਸਿਨ ਦੀ ਭਾਰਤ ਫੇਰੀ ਦੌਰਾਨ ਦੋਸਤੀ ਅਤੇ ਸਹਿਯੋਗ ਸੰਧੀ 1993 ਤੇ ਹਸਤਾਖ਼ਰ ਕੀਤੇ ਗਏ। ਇਸ ਸੰਧੀ ਨੇ ਸ਼ਾਂਤੀ, ਦੋਸਤੀ ਅਤੇ ਸਹਿਯੋਗ ਸੰਧੀ 1971 ਦਾ ਬਦਲ ਕੀਤਾ ਕਿਉਂ ਜੋ ਇਹ ਸੰਧੀ 20 ਸਾਲਾਂ ਲਈ ਕੀਤੀ ਗਈ ਸੀ। ਸੰਨ 1993 ਦੀ ਸੰਧੀ ਵਿਚੋਂ ਸਲਾਮਤੀ ਦੀ ਮੱਦ ਨੂੰ ਖ਼ਤਮ ਕਰਕੇ ਇਸ ਨੂੰ ਸ਼ਾਂਤੀ ਅਤੇ ਮਿੱਤਰਤਾਪੂਰਨ ਰਿਸ਼ਤਿਆਂ ਤੱਕ ਮਹਿਦੂਦ ਕਰ ਦਿੱਤਾ ਗਿਆ ਸੀ। ਅਕਤੂਬਰ 2000 ਵਿਚ

ਰੂਸ ਦੇ ਰਾਸ਼ਟਰਪਤੀ ਵਲਾਦੀਮੇਰ ਪੁਤਿਨ ਦੇ ਭਾਰਤ ਦੌਰੇ ਦੌਰਾਨ ਭਾਰਤ-ਰੂਸ ਰਣਨੀਤਕ ਭਾਈਵਾਲੀ ਐਲਾਮ ਨਾਮਾ (Declaration on the India-Russia strategic partnership) ਤੇ ਹਸਤਾਖ਼ਰ ਕੀਤੇ ਗਏ। ਇਸਦੇ ਅਗਲੇ ਵਰੇ ਭਾਵ 2001 ਵਿਚ ਭਾਰਤ ਦੇ ਪ੍ਰਧਾਨਮੰਤਰੀ ਰੂਸ ਗਏ ਜਿੱਥੇ ਉਹਨਾਂ ਅੰਤਰ-ਰਾਸ਼ਟਰੀ ਅੱਤਵਾਦ ਲਈ ਐਲਾਨਨਾਮਾ (Declaration on International Terrorism) ਤੇ ਹਸਤਾਖ਼ਰ ਕੀਤੇ। ਇਸ ਐਲਾਨ ਨਾਮੇ ਰਾਹੀਂ ਦੋਵਾਂ ਮੁਲਕਾਂ ਨੂੰ ਪੱਛਮ ਦੋ ਮੂਹੀ ਰਵੱਈਆ ਨੂੰ ਨੰਗਾ ਕਰਨ ਦਾ ਅਹਿਦ ਕੀਤਾ। ਪੱਛਮ ਅੱਤਵਾਦ ਨੂੰ ਉਸ ਸਮੇਂ ਲਾਜਮੀ ਸਮੱਸਿਆ ਨਹੀਂ ਸਮਝਦਾ ਸੀ। ਸਰਦਾਰ ਮਨਮੋਹਨ ਸਿੰਘ ਦੀ ਸਰਕਾਰ ਸਮੇਂ ਰੂਸ ਦੇ ਰਾਸ਼ਟਰਪਤੀ ਦੇ ਦੌਰੇ ਨੂੰ ਮਹੱਤਵਪੂਰਨ ਮੰਨਦਿਆਂ ਕਿਹਾ ਕਿ ਰੂਸ ਭਾਰਤ ਦਾ ਅਹਿਮ ਰਣਨੀਤਕ ਭਾਈਵਾਲ ਹੈ। ਰੂਸ ਵੱਖ-ਵੱਖ ਮੁੱਦਿਆਂ ਅਤੇ ਸੰਸਥਾਵਾਂ ਜਿਵੇਂ ਕਿ ਭਾਰਤ ਦੀ ਸਲਾਮਤੀ ਕੌਂਸਲ ਵਿਚ ਸਥਾਈ ਮੈਂਬਰੀ ਦੀ ਹਿਮਾਇਤ, ਪਰਮਾਣੂ ਪ੍ਰਦਾਨ ਕਰਤਾ ਗਰੁੱਪ (Nuclear Supplier Group) ਦੀ ਮੈਂਬਰੀ ਅਤੇ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ ਦੀ ਮੈਂਬਰੀ ਦੀ ਮੈਂਬਰੀ ਦਾ ਹਮਾਇਤ ਰੂਸ ਵੱਖ-ਵੱਖ ਮੰਗਾਂ ਰਾਹੀਂ ਕਰਦਾ ਰਿਹਾ ਹੈ।

ਰੂਸ ਅਤੇ ਭਾਰਤ ਅਜਿਹੇ ਦੋ ਹੀ ਮੁਲਕ ਹਨ ਜਿਹਨਾਂ ਦਰਮਿਆਨ ਸਲਾਨਾ ਮੰਤਰੀ-ਪੱਧਰ ਸੁਰੱਖਿਆ ਰੀਵਿਓ (Annual Ministerial level defence reviews) ਦੀ ਵਿਵਸਥਾ ਹੈ। ਭਾਰਤ-ਰੂਸ ਅੰਤਰ-ਰਾਸ਼ਟਰ ਕਮਿਸ਼ਨ (Indo-Russian Inter-Governmental Commission) ਇਕ ਵਿਆਪਕ ਸਰਕਾਰੀ ਵਿਵਸਥਾ ਹੈ ਜੋ ਦੋਵਾਂ ਮੁਲਕਾਂ ਦਰਮਿਆਨ ਵਿਲੱਖਣ ਰਿਸ਼ਤਾ ਹੈ। ਭਾਰਤ ਸਰਕਾਰ ਦੇ ਸਾਰੇ ਮਹਿਕਮੇ ਇਸ ਵਿਚ ਭਾਗ ਲੈਂਦੇ ਹਨ।

ਭਾਰਤ ਦੇ ਵਰਤਮਾਨ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਰੂਸ ਨੂੰ ਸਥਿਰ ਤੇ ਪਰਖਿਆ ਹੋਇਆ ਮਿੱਤਰ ਐਲਾਨਿਆ। 2022 ਵਿੱਚ ਰੂਸ-ਭਾਰਤ ਰਿਸ਼ਤਿਆਂ ਦੀ ਮਹੱਤਤਾ ਦਰਸਾਈ ਸੀ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਭਾਰਤ ਅਤੇ ਪਾਕਿਸਤਾਨ ਨੂੰ ਪਾਜਬ ਵਿੱਚੋਂ ਦੀ ਵੰਡਣ ਵਾਲੀ ਰੇਖਾ ਨੂੰ ਕੀ ਕਿਹਾ ਜਾਂਦਾ ਹੈ ?

(i) ਡੂਰੰਡ ਰੇਖਾ (ii) ਰੈਡ ਕਲਿੱਫ਼ ਰੇਖਾ

(iii) ਸਮਾਂਤਰ ਰੇਖਾ (iv) ਥਾਰ ਲਾਈਨ

ਅ. ਰਾਜਾ ਹਰੀ ਸਿੰਘ ਦੀ ਪਿਛੋਕੜ ਕਿਸ ਸਾਮਰਾਜ ਨਾਲ ਜੁੜਦਾ ਹੈ ?

(i) ਮਰਾਠਾ ਸਾਮਰਾਜ (ii) ਸਿੱਖ ਸਾਮਰਾਜ

(iii) ਬੰਗਾਲੀ ਸਾਮਰਾਜ (iv) ਅਫ਼ਗਾਨ ਰਾਜ

ੲ. ਤਾਸ਼ਕੰਦ ਸਮਝੌਤਾ ਭਾਰਤ-ਪਾਕਿਸਤਾਨ ਵਿਚਕਾਰ ਕਿਸ ਦੇਸ਼ ਨੇ ਕਰਵਾਇਆ ਹੈ ?

(i) ਬ੍ਰਿਟੇਨ (ਯੂ.ਕੇ.) (ii) ਅਮਰੀਕਾ (ਯੂ. ਐੱਸ. ਏ.)

(iii) ਯੂ.ਐੱਸ.ਐੱਸ. ਆਰ (ਰੂਸ) (iv) ਫ਼ਰਾਂਸ

ਸ. ਸੰਨ 2019 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਖੁਲ੍ਹੇ ਲਾਂਘੇ ਨੂੰ ਕੀ ਕਿਹਾ ਜਾਂਦਾ ਹੈ ?

(i) ਬੰਗਾਲ ਕੌਰੀਡੋਰ (ii) ਕੇਰਲਾ ਕੌਰੀਡੋਰ

(iii) ਕਰਤਾਰਪੁਰ ਕੌਰੀਡੋਰ (iv) ਉੜੀਸਾ ਕੌਰੀਡੋਰ

ਹ. ਸ਼ਿਮਲਾ ਸਮਝੌਤਾ ਕਿਨ੍ਹਾਂ ਦੇਸ਼ਾਂ ਵਿਚਾਲੇ ਅਤੇ ਕਦੋ ਹੋਇਆ ?

ਕ. ਭਾਰਤ ਅਤੇ ਚੀਨ ਵਿਚਾਲੇ ਬੀਤੇ ਸਮਿਆਂ ਵਿੱਚ, ਕਿਹੜਾ ਦੇਸ਼ "ਬਫ਼ਰ ਰਾਜ" ਦੇ ਤੌਰ 'ਤੇ ਵਿਚਰ ਰਿਹਾ ਸੀ ?

ਖ. ਭਾਰਤ ਅਤੇ ਚੀਨ ਵਿਚਾਲੇ ਜੰਗ ਕਦੋਂ ਹੋਈ ? ਇਸਨੂੰ ਜੰਗ ਦੀ ਥਾਂ ਝੜਾ ਕਿਉਂ ਕਿਹਾ ਜਾਂਦਾ ਹੈ ?

ਗ. ਭਾਰਤੋ ਅਤੇ ਅਮਰੀਕਾ ਵਿਚਾਲੇ ਹੋਏ ਪ੍ਰਮਾਣੂ ਸਮਝੌਤੇ ਨੂੰ ਕੀ ਨਾਮ ਦਿੱਤਾ ਜਾਂਦਾ ਹੈ ?

ਘ. ਰੂਸੀ ਕ੍ਰਾਂਤੀ ਕਦੋਂ ਹੋਈ ਸੀ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਤਾਸ਼ਕੰਦ ਸਮਝੌਤੇ ਉਪਰ ਨੋਟ ਲਿਖੋ।

ਅ. ਪੰਚਸ਼ੀਲ ਸਮਝੌਤੇ ਬਾਰੇ ਤੁਸੀ ਕੀ ਜਾਣਦੇ ਹੋ ?

ੲ. ਚੂਜ਼ਲ ਦੀ ਸੰਧੀ (1842) ਉਪਰ ਨੋਟ ਲਿਖੋ।

ਸ. ਭਾਰਤ ਅਤੇ ਪਾਕਿਸਤਾਨ ਵਿਚਕਾਰ ਕਸ਼ਮੀਰ ਸਮੱਸਿਆ ਬਾਰੇ ਲਿਖੋ।

ਹ. ਸਿੰਧ ਜਲ ਸਮਝੌਤੇ ਉਪਰ ਨੋਟ ਲਿਖੋ।

ਕ. ਭਾਰਤ ਅਤੇ ਪਾਕਿਸਤਾਨ ਦੀ ਵੰਡ ਦੇ ਕੋਈ ਚਾਰ ਕਾਰਨ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਭਾਰਤ ਅਤੇ ਅਮਰੀਕਾ ਵਿੱਚਾਲੇ ਸੰਬੰਧਾਂ ਦਾ ਵਰਨਣ ਕਰੋ।

ਅ. ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਬੰਧਾਂ ਨੂੰ ਕਾਰਨਾਂ ਸਹਿਤ ਬਿਆਨ ਕਰੋ।

ੲ. ਭਾਰਤ ਅਤੇ ਚੀਨ ਵਿਚਕਾਰ ਸੰਬੰਧਾਂ ਦੀ ਚਰਚਾ ਕਰੋ।

ਸ. ਭਾਰਤ ਲਈ ਰੂਸ ਵੱਲੋਂ ਕੀਤੀ ਗਈ ਸਹਾਇਤਾ ਦਾ ਵਰਨਣ ਕਰੋ।

24

ਸੰਸਾਰ ਦੇ ਪ੍ਰਮੁੱਖ ਮਸਲੇ ; ਮਨੁੱਖੀ ਅਧਿਕਾਰ, ਨਿਸ਼ਸਤਰੀਕਰਨ, ਵਿਸ਼ਵੀਕਰਨ ਅਤੇ ਪਰਵਾਸ ਤੇ ਅਵਾਸ

[Major World Issues ; Human Rights, Disasmament, Globalisation, Migration and Immigration]

ਅਸੀਂ ਗਿਆਰਵੀਂ ਸ਼੍ਰੇਣੀ ਵਿਚ ਮੌਲਿਕ ਅਧਿਕਾਰਾਂ (Fundamental Rights) ਬਾਰੇ ਪੜਿਆ ਹੈ। ਇਹ ਅਧਿਕਾਰ ਰਾਜ (state) ਵਿਚ ਰਹਿਣ ਵਾਲੇ ਨਾਗਰਿਕਾਂ (citizens) ਨੂੰ ਪ੍ਰਾਪਤ ਹੁੰਦੇ ਹਨ। ਮੌਲਿਕ ਅਧਿਕਾਰਾਂ ਵਾਂਗ ਹੀ ਮਨੁੱਖੀ ਅਧਿਕਾਰ (Human Rights) ਇਕ ਅਜਿਹਾ ਸੰਕਲਪ ਹੈ ਜੋ ਸੰਸਾਰ ਵਿਚ ਰਹਿਣ ਵਾਲੇ ਸਾਰੇ ਵਾਸੀਆਂ ਦੇ ਅਧਿਕਾਰਾਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ। ਮਨੁੱਖੀ ਅਧਿਕਾਰਾਂ ਦਾ ਸੰਕਲਪ (concepts) ਇਸ ਗੱਲ ਤੇ ਜੋਰ ਦਿੰਦਾ ਹੈ ਕਿ ਸੰਸਾਰ ਵਿੱਚ ਵਸਣ ਵਾਲੇ ਸਾਰੇ ਲੋਕ ਸਮਾਨ/ਬਰਾਬਰ ਦਾ ਰੁਤਬਾ (status) ਰੱਖਦੇ ਹਨ। ਸੰਨ 1948 ਵਿੱਚ 10 ਦਸੰਬਰ ਨੂੰ ਸੰਯੁਕਤ ਰਾਸ਼ਟਰ (United Nations) ਦੀ ਮਹਾਂ ਸਭਾ ਨੇ ਮਨੁੱਖੀ ਅਧਿਕਾਰਾਂ ਦਾ ਵਿਸ਼ਵ ਵਿਆਪੀ ਐਲਾਨ (Universal Declaration of Human Rights) ਕੀਤਾ। ਜ਼ਿਆਦਾਤਰ ਦੇਸ਼ਾਂ ਵਿੱਚ 10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਹਾੜਾ (Human Rights Day) ਮਨਾਇਆ ਜਾਂਦਾ ਹੈ।



ਰਾਜ (state) ਮਨੁੱਖੀ ਅਧਿਕਾਰਾਂ ਨਾਲ ਸਿਧਾਂਤਕ ਤੌਰ ਤੇ ਭਾਵ ਗੱਲੀਬਾਤੀ ਤਾਂ ਸਹਿਮਤ ਹਨ ਪਰੰਤੂ ਕੋਈ ਵੀ ਦੇਸ਼ ਆਪਣੇ ਦੇਸ਼ ਅੰਦਰੂਨੀ ਮਾਮਲਿਆਂ ਵਿਚ ਕਿਸੇ ਹੋਰ ਮੁਲਕ ਨੂੰ ਦਖ਼ਲ-ਅੰਦਾਜੀ (interference) ਦੀ ਇਜ਼ਾਜਤ ਨਹੀਂ ਦਿੰਦਾ। ਸੰਯੁਕਤ ਰਾਸ਼ਟਰ ਦਾ ਮਨੁੱਖੀ ਅਧਿਕਾਰਾਂ ਬਾਰੇ ਉੱਚ ਕਮਿਸ਼ਨਰ (United Nations High Commissioner for Human Rights) ਦੀ ਜ਼ਿੰਮੇਵਾਰੀ ਹੈ ਕਿ ਉਹ ਸੰਸਾਰ ਵਿੱਚ ਮਨੁੱਖੀ ਅਧਿਕਾਰਾਂ ਦੀ ਗਤੀਵਿਧੀਆਂ (Activities) ਦੀ ਨਿਗਰਾਨੀ ਕਰਦਾ ਹੈ। ਉੱਚ-ਕਮਿਸ਼ਨਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਣ ਬਾਰੇ ਜਾਂਚ ਕਰਦਾ ਹੈ ਅਤੇ ਰੋਕਥਾਮ ਕਰਨ ਲਈ ਜਿੰਮੇਵਾਰ ਕਾਰਜ ਕਰਦਾ ਹੈ। ਮਨੁੱਖੀ ਅਧਿਕਾਰਾਂ ਦਾ ਉੱਚ-ਕਮਿਸ਼ਨਰ ਦਫ਼ਤਰ (Office of the High Commissioner for Human Rights-OHCHR) ਸੰਯੁਕਤ ਰਾਸ਼ਟਰ ਦੀਆਂ ਮਨੁੱਖੀ ਅਧਿਕਾਰਾਂ ਬਾਰੇ ਕਾਰਵਾਈਆਂ ਸੰਬੰਧੀ ਕਾਰਜ ਕਰਦਾ ਹੈ। ਪੂਰੇ ਵਿਸਵ ਦੇ ਨਾਗਰਿਕਾ ਲਈ ਮਨੁੱਖੀ ਅਧਿਕਾਰ ਇੱਕ ਪੈਮਾਨਾ ਹਨ ਕਿ ਹਰ ਇੱਕ ਦੇਸ ਵਿੱਚ ਉਥੋਂ ਦੀ ਸਰਕਾਰ ਆਪਣੇ ਨਾਗਾਰਿਕਾਂ ਨੂੰ ਘੱਟੋ ਘੱਟ ਇਹ ਅਧਿਕਾਰ ਜਰੂਰ ਦੇਵੇ।

ਮਨੁੱਖੀ ਅਧਿਕਾਰਾਂ ਦਾ ਵਿਸ਼ਵ ਵਿਆਪੀ ਐਲਾਨ 1948
(Universal Declaration of Human Rights)

ਮਨੁੱਖੀ ਅਧਿਕਾਰਾਂ ਲਈ ਮੀਲ ਪੱਥਰ (Milestone) ਦਸਤਾਵੇਜ ਮੰਨਿਆ ਜਾਂਦਾ ਹੈ। ਇਸ ਦਸਤਾਵੇਜ ਨੂੰ ਅਸਲੀ ਰੂਪ ਦੇਣ ਲਈ ਵੱਖ-ਵੱਖ ਪਿਛੋਕੜਾਂ ਅਤੇ ਪੜਾਵਾਂ ਵਾਲੇ ਨੁਮਾਇੰਦਿਆਂ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ (United nation's General Assembly) ਵਿੱਚ ਪੈਰਿਸ ਵਿਖੇ 10 ਦਸੰਬਰ 1948 ਨੂੰ ਜਨਰਲ ਅਸੈਂਬਲੀ ਦੇ ਪ੍ਰਸਤਾਵ (Resolution) 217A (III) ਰਾਹੀਂ ਕਬੂਲਿਆ ਇਸਦੇ ਐਲਾਨ ਰਾਹੀਂ ਪਹਿਲੀ ਵਾਰ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ (Protection) ਨੂੰ ਵਿਸ਼ਵਵਿਆਪੀ (Universal) ਤੌਰ ਤੇ ਯਕੀਨੀ ਬਣਾਇਆ ਗਿਆ। ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਐਲਾਨ ਨੇ ਨਾਗਰਿਕ ਸਿਵਲ ਤੇ ਰਾਜਨੀਤਕ ਅਧਿਕਾਰਾਂ ਬਾਰੇ ਅੰਤਰ-ਰਾਸ਼ਟਰੀ, ਕੌਮਾਂਤਰੀ ਇਕਾਰਨਾਮਾ-1966 (International Covenant on civil and political rights-1966) ਅਤੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਅਧਿਕਾਰਾਂ ਬਾਰੇ ਅੰਤਰ-ਰਾਸ਼ਟਰੀ, ਕੌਮਾਂਤਰੀ ਇਕਾਰਨਾਮਾ-1966 ਨਾਲ ਮਿਲਕੇ ਕੌਮਾਂਤਰੀ, ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਬਿੱਲ (International bill of Human Rights) ਦਾ ਮੁੱਢ ਬੰਨਿਆ।

ਯਾਦ ਰੱਖਣ ਯੋਗ ਗੱਲਾਂ

ਆਧੁਨਿਕ ਸਮੇ ਵਿੱਚ ਸਰਕਾਰਾਂ, ਧਰਮ, ਜਾਤ ਨਸਲ ਆਦਿ ਦੀ ਆੜ ਵਿੱਚ ਰਾਸਟਰਵਾਦ ਦੇ ਨਾਮ ਤੇ ਕਈ ਪ੍ਰਕਾਰ ਦੇ ਸਾਧਨਾਂ ਰਾਂਹੀ ਅਜਿਹਾ ਮਹੌਲ ਬਣਾ ਦਿੰਦੀਆ ਹਨ ਜਿਸ ਵਿੱਚ ਕਿਸੇ ਦੇਸ ਦੇ ਨਾਗਾਰਿਕਾਂ ਨੂੰ ਆਪਣੇ ਦੇਸ ਦੇ ਕਿਸੇ ਹੋਰ ਧਰਮ ਨਸਲ ਜਾ ਸੱਭਿਆਚਾਰ ਨਾਲ ਸਬੰਧਤ ਲੋਕ ਦੁਸਮਣ ਲੱਗਣ ਲੱਗ ਜਾਦੇ ਹਨ ਅਤੇ ਉਹਨਾ ਦੇ ਮਨੁਖੀ ਅਧਿਕਾਰ ਵੀ ਉਹਨਾਂ ਨੂੰ ਦਹਿਸ਼ਤਗਰਦੀ ਘਟਨਾਵਾਂ ਜਾਪਦੀਆ ਹਨ ਸੋ ਪੂਰਾ ਵਿਸਵ ਜਦੋ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਦਾ ਹੈ ਤਾਂ ਝੂਠਾ ਰਾਸਟਰਵਾਦੀ ਹੇਜ਼ ਕਰਕੇ ਲੋਕਾਂ ਨੂੰ ਪੂਰਾ ਵਿਸਵ ਦਹਿਸਤਗਰਦ ਦੀ ਮਦਦ ਕਰਦਾ ਜਾਪਦਾ ਹੈ ਇਸ ਲਈ ਮਨੁੱਖੀ ਅਧਿਕਾਰਾਂ ਲਈ ਸਹਿਜ ਤੇ ਸਹਿਣਸੀਲਤਾ ਬਹੁਤ ਜਰੂਰੀ ਹੈ।

ਸਿਵਲ ਨਾਗਰਿਕ ਅਤੇ ਰਾਜਨੀਤਕ ਅਧਿਕਾਰ
(Civil and Political Rights)

ਸਿਵਲ ਨਾਗਰਿਕ ਤੇ ਰਾਜਨੀਤਕ ਅਧਿਕਾਰਾਂ ਬਾਰੇ ਕੌਮਾਂਤਰੀ ਅੰਤਰਰਾਸ਼ਟਰੀ ਇਕਾਰਨਾਮਾ 1976 ਵਿੱਚ ਲਾਗੂ ਕੀਤਾ ਗਿਆ। ਇਹ ਇਕਾਰਨਾਮਾ ਘੁੰਮਣ-ਫਿਰਨ ਦੀ ਸੁਤੰਤਰਤਾ, ਕਾਨੂੰਨ ਦੇ ਸਾਹਮਣੇ ਸਮਾਨਤਾ, ਵਿਚਾਰ ਵਿਅਕਤ ਕਰਨ ਦੀ ਅਜਾਦੀ, ਧਰਮ ਅਤੇ ਚੇਤਨਾ ਦੀ ਸੁਤੰਤਰਤਾ, ਸ਼ਾਂਤਮਈ ਰੂਪ ਵਿੱਚ ਇੱਕਤਰਤਾ ਦੀ ਖੁੱਲ, ਸੰਘ ਸਮੂਹ ਬਨਾਉਣ ਦੀ ਸੁਤੰਤਰਤਾ ਅਤੇ ਘੱਟ-ਗਿਣਤੀਆਂ ਦੀ ਸੁਰੱਖਿਆ ਆਦਿ ਨੂੰ ਆਪਣੇ ਵਿੱਚ ਸ਼ਾਮਲ ਕਰਦਾ ਹੈ। ਇਹ ਇਕਰਾਰਨਾਮਾ ਕੁੱਝ ਗਤੀਵਿਧੀਆਂ ਦੀ ਮਨਾਹੀ ਵੀ ਕਰਦਾ ਹੈ ਜੋ ਮਨੁੱਖੀ ਜ਼ਿੰਦਗੀ ਤੇ ਸ਼ਖਸੀਅਤ ਲਈ ਮਾਰੂ ਹਨ। ਬੁਰੇ ਤਰੀਕੇ ਦਾ ਤਸਦੱਦ ਜਾਂ ਸਜ਼ਾ, ਗੁਲਾਮੀ, ਬਿਨਾਂ ਗੁਨਾਹ ਕੀਤਿਆਂ ਗ੍ਰਿਫਤਾਰੀ ਜਾਂ ਨਜ਼ਰਬੰਦੀ ਵਿਅਕਤੀ ਦੀ ਨਿੱਜਤਾ ਵਿਚ ਚੋਰੀ ਮੋਰੀ, ਯੁੱਧ ਦਾ ਪ੍ਰਚਾਰ, ਧਾਰਮਿਕ ਕੱਟੜਤਾ ਅਤੇ ਨਸਲ ਦੀ ਪ੍ਰਮੁੱਖਤਾ ਆਦਿ ਦਾ ਵਿਰੋਧ ਵੀ ਇਸ ਇਕਰਾਰਨਾਮੇ ਰਾਹੀਂ ਕਲਮ ਬੰਦ ਕੀਤਾ ਗਿਆ ਹੈ।

ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰ (Economic, Social and Cultural Rights)

ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਇਕਰਾਰਨਾਮਾ ਵੀ 1916 ਵੀ ਲਾਗੂ ਕੀਤਾ ਗਿਆ। ਇਹ ਇਕਰਾਰਨਾਮਾ ਹੇਠ ਲਿਖੇ ਮਨੁੱਖੀ ਅਧਿਕਾਰਾਂ ਨੂੰ ਸ਼ਾਮਲ ਕਰਦਾ ਹੈ

- ਸਹੀ ਅਤੇ ਚੰਗੀਆਂ ਸਥਿਤੀਆਂ ਵਿੱਚ ਕੰਮ ਕਰਨ ਦਾ ਅਧਿਕਾਰ
- ਸਮਾਜਿਕ ਸੁਰੱਖਿਆ ਦਾ ਅਧਿਕਾਰ, ਘਰ, ਰੁਜ਼ਗਾਰ ਆਦਿ।
- ਜੀਵਨ ਦੇ ਢੁੱਕਵੇਂ ਮਿਆਰ
- ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਉਚੇਰੇ ਮਿਆਰ
- ਸਿੱਖਿਆ ਅਤੇ ਸੱਭਿਆਚਾਰਕ ਅਜ਼ਾਦੀ
- ਵਿਗਿਆਨਕ ਤਰੱਕੀ ਦੇ ਲਾਭਾਂ ਦਾ ਅਧਿਕਾਰ

ਨਾਗਰਿਕ ਅਤੇ ਰਾਜਨੀਤਕ
(Civil and Political)

ਨਾਗਰਿਕ ਤੇ ਰਾਜਨੀਤਕ ਅਧਿਕਾਰ ਉਦਾਰਵਾਦੀ (Liberal) ਅਧਿਕਾਰ ਅਤੇ ਪਹਿਲੀ ਪੀੜ੍ਹੀ (First Generation) ਦੇ ਮਨੁੱਖੀ ਅਧਿਕਾਰ ਅਖਵਾਉਂਦੇ ਹਨ। ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰਾਂ ਨੂੰ ਸਮਾਜਵਾਦੀ (Socialist) ਅਤੇ ਦੂਜੀ ਪੀੜ੍ਹੀ (Second Generation) ਦੇ ਮਨੁੱਖੀ ਅਧਿਕਾਰ ਕਿਹਾ ਜਾਂਦਾ ਹੈ।

- ਤੀਜੀ ਪੀੜ੍ਹੀ ਦੇ ਮਨੁੱਖੀ ਅਧਿਕਾਰ
- ਖ਼ੁਦਮਖ਼ਤਿਆਰੀ
- ਸ਼ਾਂਤੀ
- ਵਿਕਾਸ
- ਵਾਤਾਵਰਣਕ ਸੁਰੱਖਿਆ

ਮਨੁੱਖੀ ਅਧਿਕਾਰਾਂ ਬਾਰੇ ਕੌਂਸਲ

ਮਨੁੱਖੀ ਅਧਿਕਾਰ ਕੌਂਸਲ ਦੀ ਸਥਾਪਨਾ 15 ਮਾਰਚ 2006 ਨੂੰ ਜਨਰਲ ਅਸੈਂਬਲੀ ਰਾਹੀਂ ਕੀਤੀ ਗਈ। ਇਸ ਕੌਂਸਲ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦਾ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ (Un commission on Human Rights) ਇੱਕ ਮਹਤੱਵਪੂਰਨ ਸੰਸਥਾ ਸੀ ਜੋ ਮਨੁੱਖੀ ਅਧਿਕਾਰਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਸੀ। ਮਨੁੱਖੀ ਅਧਿਕਾਰ ਕੌਂਸਲ ਦੇ 47 ਮੈਂਬਰ ਹਨ ਜੋ ਵੱਖ-ਵੱਖ ਰਾਜਾਂ ਦੇ ਨਮਾਇੰਦੇ ਹੁੰਦੇ ਹਨ। ਰਾਜਾਂ ਦੇ ਨੁਮਾਇੰਦੇ ਮਨੁੱਖੀ ਅਧਿਕਾਰਾਂ ਦਾ ਵਿਸਥਾਰ ਅਤੇ ਰੱਖਿਆ ਕਰਨ ਦਾ ਕਾਰਜ ਕਰਦੇ ਹਨ। ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਣ ਤੇ ਜਾਂ ਸੰਕਟਕਾਲ ਹੋਣ ਬਾਰੇ ਪ੍ਰਸਤਾਵ ਪੇਸ਼ ਕਰਦੇ ਹਨ।ਮਨੁੱਖੀ ਅਧਿਕਾਰ ਕੌਂਸਲ ਕੋਲ ਸਮਾਂਬੱਧ ਵਿਸ਼ਵਵਿਆਪੀ ਪੜਤਾਲ (Universal periodic review) ਇਕ ਅਜਿਹਾ ਹੀ ਢੰਗ ਹੈ ਜਿਹਦੇ ਰਾਹੀ ਸੰਯੁਕਤ ਰਾਸ਼ਟਰ ਦੇ 193 ਮੈਂਬਰ ਵਿੱਚ ਮਨੁਖੀ ਅਧਿਕਾਰਾਂ ਦੇ ਹਲਾਤ ਦਾ ਪਤਾ ਕੀਤਾ ਜਾਂਦਾ ਹੈ। ਇਹ ਪੜਤਾਲ (Review) ਸਹਿਯੋਗੀ ਅਤੇ ਰਾਜਾਂ (States) ਰਾਹੀਂ ਕੀਤਾ ਜਾਂਦਾ ਹੈ ਜਿਸ ਦੀ ਨਿਗਰਾਨੀ ਕੌਂਸਲ ਦੁਆਰਾ ਕੀਤੀ ਜਾਂਦੀ ਹੈ। ਪੜਤਾਲੀਆਂ ਰਿਪੋਰਟ ਵਿਚ ਰਾਜ ਆਪਣੇ ਅਧਿਕਾਰ ਖੇਤਰ ਵਿੱਚ ਮਨੁੱਖੀ ਅਧਿਕਾਰਾਂ ਦੀ ਕਾਰਗੁਜ਼ਾਰੀ ਦਾ ਜ਼ਿਕਰ ਹੁੰਦਾ ਹੈ। ਇਹ ਪੜਤਾਲ (Review) ਸਾਰੇ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਸਮਾਨਤਾ ਅਤੇ ਵਿਸ਼ਵਵਿਆਪੀ ਨਜ਼ਰੀਆ ਵਿਕਸਤ ਕਰਨ ਲਈ ਕੀਤਾ ਜਾਂਦਾ ਹੈ।

ਅਮਨੈਸਟੀ ਇੰਟਰਨੈਸ਼ਨਲ (Amenesty International) ਇੱਕ ਗੈਰ-ਸਰਕਾਰੀ ਸੰਸਥਾ (Non-Governmental Organisation) ਜੋ ਮਨੁੱਖੀ ਅਧਿਕਾਰਾਂ ਲਈ ਕਾਰਜ ਕਰਦੀ ਹੈ। ਇਸਦਾ ਵਿਸ਼ੇਸ਼ ਧਿਆਨ ਰਾਜਨੀਤਕ ਬੰਦੀਆਂ ਕੈਦੀਆਂ (Political prisoners) ਦੀ ਰਿਹਾਈ ਵੱਲ ਹੁੰਦਾ ਹੈ ਜਿਹਨਾਂ ਨੂੰ ਅਮਨੈਸਟੀ ਦੇ ਸੰਸਥਾਪਕ ਪੀਟਰ ਬੇਨੇਸਨ (Peter Benenson) ਚੇਤਨਾ ਦੇ ਬੰਦੀ ਜਾਂ ਭੁੱਲੇ-ਵਿਸਰੇ ਬੰਦੀ। ਕੋਈ ਕਹਿੰਦਾ ਹੈ ਅਮਨੰਸਟੀ ਦੀ ਸਥਾਪਨਾ 1961 ਵਿੱਚ ਲੰਡਨ (London) ਵਿਖੇ ਕੀਤੀ ਗਈ ਸੀ।

ਮਨੁੱਖੀ ਅਧਿਕਾਰਾਂ ਨੂੰ ਚੁਣੌਤੀ
(Challenging human rights)

ਮਨੁੱਖੀ ਅਧਿਕਾਰਾਂ ਦੀ ਸਰਵ ਵਿਆਪਕਤਾ ਭਾਵ ਸਾਰੇ ਸੰਸਾਰ ਵਿੱਚ ਇਹਨਾਂ ਅਧਿਕਾਰਾਂ ਦੀ ਹਰਮਨ-ਪਿਆਰਤਾ ਅਤੇ ਹੋਂਦ ਨੂੰ ਸਿਧਾਂਤਕ ਤੌਰ ਤੇ ਸਹੀ ਮੰਨਣ ਬਾਰੇ ਸਵਾਲ ਉਠਾਏ ਜਾ ਰਹੇ ਹਨ। ਵੱਖ-ਵੱਖ ਸਮਾਜਾਂ (Societies) ਵਿੱਚ ਰਹਿਣ ਵਾਲੇ ਲੋਕਾਂ ਦੇ ਵਿਸ਼ਵਾਸ (Belief) ਅਤੇ ਨੈਤਿਕਤਾ (Morality) ਵੱਖਰੀ-ਵੱਖਰੀ ਹੁੰਦੀ ਹੈ। ਵਿਸ਼ਵ ਦੀ ਕੋਈ ਇੱਕ ਨੈਤਿਕਤਾ ਨਹੀਂ ਹੋ ਸਕਦੀ। ਇਹਨਾਂ ਕਾਰਨਾਂ ਕਰਕੇ ਮਨੁੱਖੀ ਅਧਿਕਾਰਾਂ ਦੀ ਸੂਚੀ (List) ਤਿਆਰ ਨਹੀਂ ਕੀਤੀ ਜਾ ਸਕਦੀ ਸਗੋਂ ਹਰੇਕ ਸਮਾਜ ਵਿੱਚ ਅਧਿਕਾਰਾਂ ਦੀ ਵਿਲੱਖਣਤਾ (urigueness) ਹੋਣਾ ਸੁਭਾਵਕ ਗੱਲ ਹੈ। ਮਨੁੱਖੀ ਅਧਿਕਾਰਾਂ ਦੀ ਹੋਂਦ ਤੇ ਸਵਾਲ ਹੋਣਾ ਇੱਕ ਵੱਡੀ ਚੁਣੌਤੀ ਦੇ ਰੂਪ ਵਿੱਚ ਉਭਰੀ ਹੈ। ਪੱਛਮੀ ਦੇਸ਼ਾਂ ਵਿੱਚ ਵਿਅਕਤੀ ਦੀ ਜ਼ਿੰਦਗੀ ਬਹੁਤ ਨਿੱਜੀ ਹੈ ਜਿਸ ਵਿੱਚ ਪਰਿਵਾਰ (family) ਸਮਾਜ (Society) ਅਤੇ ਰਾਜ (State) ਦੇ ਰੋਲ ਨੂੰ ਦਖ਼ਲਅੰਦਾਜੀ ਦੀ ਤਰ੍ਹਾਂ ਸਮਝਿਆ ਜਾਂਦਾ ਹੈ। ਏਸ਼ੀਆ

(Asia) ਅਤੇ ਅਫ਼ਰੀਕਾ (Africa) ਮਹਾਂਦੀਪ (Coninent) ਵਿੱਚ ਰਹਿੰਦੇ ਲੋਕਾਂ ਲਈ ਪਰਿਵਾਰ, ਸਮਾਜ ਅਤੇ ਰਾਜ ਨੂੰ ਇੱਜ਼ਤ ਦੀ ਨਜ਼ਰ ਅਤੇ ਸਹਾਇਕ ਉਸਾਰੂ ਭੂਮਿਕਾ (Role) ਨਿਭਾਉਣ ਵਾਲੀਆਂ ਸੰਸਥਾਵਾਂ (institutions) ਮੰਨਿਆ ਜਾਂਦਾ ਹੈ। ਇਹਨਾਂ ਕਾਰਨਾਂ ਕਰਕੇ ਹੀ ਮਨੁੱਖੀ ਅਧਿਕਾਰਾਂ ਦੀ ਸਰਵ-ਵਿਆਪਕਤਾ (Universality) ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾ ਰਿਹਾ ਹੈ।

ਮਨੁੱਖੀ ਅਧਿਕਾਰਾਂ ਬਾਰੇ ਪ੍ਰਮੁੱਖ ਸੰਸਥਾਵਾਂ ਜਿਵੇਂ ਔਕਸਫੈਮ (Oxfam), ਐਮਨੈਸਟੀ ਇੰਟਰਨੈਸ਼ਨਲ (Amensty International) ਅਤੇ ਹਿਊਮਨ ਰਾਈਟਸ ਵਾਚ (Human Rights watch) ਤਾਕਤਵਰ ਦੇਸ਼ ਖ਼ਾਸਕਰ ਅਮਰੀਕਾ ਦੀ ਤਿੱਖੀ ਅਲੋਚਨਾ ਕਰਦੇ ਰਹਿੰਦੇ ਹਨ। ਇਹਨਾਂ ਸੰਸਥਾਵਾਂ ਦਾ ਮੰਨਣਾ ਹੈ ਕਿ ਸੰਯੁਕਤ ਰਾਜ ਅਮਰੀਕਾ (United states of America) ਮਨੁੱਖੀ ਅਧਿਕਾਰਾਂ ਬਾਰੇ ਹੋਕਾ ਦਿੰਦਾ ਹੈ ਪਰੰਤੂ ਜਦੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਮੁਲਕ ਆਪਣੇ ਖੇਮੇ ਦੇ ਹੋਣ ਤਾਂ ਕਾਰਵਾਈ ਕਰਨ ਲਈ ਅੱਗੇ ਨਹੀਂ ਆਉਂਦੇ ਹਨ। ਉਦਾਹਰਣ ਦੇ ਤੌਰ ਇਜ਼ਰਾਈਲ-ਫਿਲਸਤੀਨ ਹਮਾਸ ਜੰਗ ਦੇ ਮਾਮਲੇ ਵਿਚ ਅਮਰੀਕਾ ਅਤੇ ਇਜ਼ਰਾਈਲ ਦੀ ਜੁਗਲਬੰਦੀ ਜੱਗ-ਜਾਹਰ ਹੈ। ਨੌਂ ਦਸੰਬਰ ਸੰਨ 2023 ਨੂੰ ਸੰਯੁਕਤ ਰਾਸ਼ਟਰ ਦੀ ਸੁਰੱਖਿਆ, ਸਲਾਮਤੀ ਕੌਂਸਲ (Security Counsil) ਵਿਚ ਸੰਯੁਕਤ ਅਰਬ ਅਮੀਰਾਤ (United Arab Emirate) ਵੱਲੋਂ ਗਾਜ਼ਾ (Gaza) ਵਿੱਚ ਮਨੁੱਖਤਾ ਦੇ ਅਧਾਰ 'ਤੇ ਜੰਗਬੰਦੀ ਕਰਨ ਦੇ ਮਤੇ ਦੇ ਵਿਰੋਧ ਵਿੱਚ ਆਪਣੀ ਵੀਟੋ (Veto) ਦੀ ਵਰਤੋਂ ਕਰਦਿਆਂ ਮਤਾ ਪਾਸ ਨਹੀਂ ਹੋਣ ਦਿੱਤਾ। ਯਾਦ ਰਹੇ ਕਿ ਸੁਰੱਖਿਆ ਕੌਂਸਲ ਦੇ ਕੁੱਲ 15 ਮੈਂਬਰ ਹਨ ਜਿਹਨਾਂ ਵਿੱਚੋਂ 5 ਸਥਾਈ (Permanent) ਅਤੇ 10 ਅਸਥਈ (Temperary) ਮੈਂਬਰ ਹਨ।

1. ਸੰਯੁਕਤ ਰਾਜ ਅਮਰੀਕਾ (United States of America)
2. ਇੰਗਲੈਂਡ (England)
3. ਰੂਸ (Russia)
4. ਫਰਾਂਸ (France)
5. ਚੀਨ (China)

ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਵਿੱਚ ਫੈਸਲੇ ਲੈਣ ਲਈ ਪੰਜ ਸਥਾਈ ਮੈਂਬਰਾਂ ਦੀ ਸਹਿਮਤੀ ਹੋਣੀ ਲਾਜ਼ਮੀ ਹੈ। ਪੰਜਾਂ ਮੈਂਬਰਾਂ ਵਿੱਚ ਇੱਕ (1) ਮੈਂਬਰ ਦੇਸ਼ ਦੀ ਅਸਹਿਮਤੀ ਨੂੰ (Veto power) (ਵੀਟੋ ਸ਼ਕਤੀ) ਕਿਹਾ ਜਾਂਦਾ ਹੈ.



ਫਲਸਤੀਨ ਦੇ ਗਾਜਾ ਖੇਤਰ ਵਿੱਚ ਇਜਰਾਦਿਲ ਵੱਲੋ ਹਸਪਤਾਨ ਉਪਰ ਕੀਤੇ ਹਮਲੇ ਤੋ ਬਾਅਦ ਬੁਚਾਅ ਲਈ ਭੱਜਦੇ ਹੋਏ ਲੋਕ।



ਪੰਜਾਬ ਵਿੱਚ 1984 ਤੋਂ ਬਾਅਦ ਹਕੂਮਤ ਵੱਲੋ ਮੁਕਾਬਲਾ ਬਣਾ ਕੇ ਮਾਰੇ ਗਏ ਲੋਕਾ ਦੇ ਪਰਿਵਾਰਕ ਮੈਂਬਰ ਅਤੇ ਇਸ ਸਮੇਂ ਦੌਰਾਨ ਮਾਰੇ ਗਏ ਲੋਕਾਂ, ਜਿੰਨ੍ਹਾ ਨੂੰ ਅਣਪਛਾਤੇ ਕਹਿ ਕੇ ਸੰਸਕਾਰ ਕਰ ਦਿੱਤਾ ਗਿਆ ਸੀ, ਉਹਨਾ ਦੀ ਜਾਣਕਾਰੀ ਇਕੱਠੇ ਕਰਕੇ ਇਨਸਾਫ ਲਈ ਹਾਂ ਦਾ ਨਾਅਰਾ ਮਾਰਨ ਵਾਲੇ ਜਸਵੰਤ ਸਿੰਘ ਖਾਲੜਾ, ਜਿਨ੍ਹਾਂ ਨੂੰ ਬਾਅਦ ਵਿੱਚ ਕਤਲ ਕਰ ਦਿੱਤਾ ਗਿਆ ਸੀ।

ਪ੍ਰਾਚੀਨ ਸਮੇਂ ਤੋਂ ਮਨੁੱਖ ਹਥਿਆਰਾਂ ਤੇ ਨਿਰਭਰ ਰਿਹਾ ਹੈ। ਦੁਨੀਆਂ ਦੀਆਂ ਸਾਰੀਆਂ ਸਰਕਾਰਾਂ ਅਪਣੀ ਸੈਨਾ, ਪੁਲਿਸ ਆਦਿ ਨੂੰ ਹਥਿਆਰ ਦੇ ਕੀ ਹੀ ਆਮ ਲੋਕਾਈ ਨੂੰ ਕਾਬੂ ਕਰਦੀਆਂ ਹਨ ਵੱਖ ਵੱਖ ਸੱਭਿਆਚਾਰਾਂ ਦੇ ਹਥਿਆਰ ਰੱਖਣ ਸਬੰਧੀ ਮੱਤ ਵੱਖੋ ਵੱਖਰੀ ਹੈ ਪੱਛਮ ਵਿੱਚ ਹਥਿਆਰ ਕਾਨੂੰਨ ਦੇ ਦਾਅਰੇ ਅਨੁਸਾਰ ਰੱਖਣਾ ਸੁਤੰਤਰਤਾ ਦੀ ਨਿਸ਼ਾਨੀ ਹੈ ਪਰ ਕਈ ਮੁਲਕਾ ਵਿੱਚ ਸਰਕਾਰੀ ਅਧਿਕਾਰੀਆਂ ਤੋ ਬਿਨਾਂ ਆਮ ਲੋਕਾਂ ਕੋਲ ਹਥਿਆਰ ਨੂੰ ਮਾੜਾ ਮੰਨਿਆ ਗਿਆ ਹੈ। ਪਰੰਤੂ ਇਸ ਸਬੰਧੀ ਵੱਖ ਵੱਖ ਧਰਮਾ ਦੇ ਤਰਕ ਵੀ ਵੱਖੋ ਵੱਖਰੇ ਹਨ ਉਦਹਾਰਨ ਦੇ ਤੌਰ ਤੇ ਖਾਲਸਾ ਪੰਥ ਦੀ ਸਾਜਨਾ ਤੋ ਬਾਅਦ ਸਿੱਖ ਧਰਮ ਵਿੱਚ ਹਥਿਆਰ ਰੱਖਣਾ ਜਰੂਰੀ ਮਨੌਤ ਹੈ ਪਰਤੂੰ ਉਹ ਹਥਿਆਰ ਗਰੀਬ, ਮਜਲੂਮ, ਨਿਤਾਣੇ ਦੇ ਹੱਕ ਲਈ ਤਕੜੇ, ਦੋਸ਼ੀ ਤੇ ਜਾਲਮ ਦੇ ਖਿਲਾਫ ਹੋਣ ਅਤੇ ਹਥਿਆਰ ਰੱਖਣ ਤੋਂ ਪਹਿਲਾਂ ਵਿਆਕਤੀ ਦਾ ਇਨਸਾਨੀਅਤ ਪ੍ਰਤੀ ਸੰਤ ਵਾਲਾ ਆਚਰਨ ਜਰੂਰੀ ਹੈ।

ਜੰਗ (War) ਦੇ ਸਮੇਂ ਮਨੁੱਖੀ ਅਧਿਕਾਰਾਂ ਦਾ ਬੁਰੀ ਤਰ੍ਹਾਂ ਘਾਣ ਹੁੰਦਾ ਹੈ। ਯੂਕਰੇਨ-ਰੂਸ ਯੁੱਧ ਦੀਆਂ ਤਸਵੀਰਾਂ ਦੀ ਅਸੀਂ ਅਕਸਰ ਹੀ ਵੱਖ-ਵੱਖ ਮਾਧਿਅਮਾਂ ਰਾਹੀਂ ਦੇਖਦੇ ਹਾਂ। ਬੱਚਿਆਂ, ਔਰਤਾਂ, ਬਜੁਰਗਾਂ ਨੂੰ ਖ਼ਾਸ ਕਰਕੇ ਅਤੇ ਦੋਨਾਂ ਧਿਰਾਂ ਦਾ ਬੇਅੰਤ ਨੁਕਸਾਨ ਹੁੰਦਾ ਹੈ। ਜ਼ਰੂਰੀ ਵਸਤਾਂ ਜਿਵੇਂ ਪਾਣੀ, ਰਸ਼ਦ, ਦਵਾਇਆਂ ਦੀ ਕਮੀ ਕਾਰਨ ਹਜਾਰਾਂ ਦੀ ਗਿਣਤੀ ਵਿਚ ਮੌਤਾਂ ਹੁੰਦੀਆਂ ਹਨ। ਤਾਕਤਵਰ ਦੇਸ਼ ਆਪਣੇ ਵਪਾਰਕ ਅਤੇ ਕੂਟਨੀਤਕ (Trade and Diplmatic) ਸੰਬੰਧਾਂ ਨੂੰ ਬਣਾਏ ਰੱਖਣ ਲਈ ਮਨੁੱਖੀ ਅਧਿਕਾਰਾਂ ਦੀ ਅਣਗਹਿਲੀ ਕਰਦੇ ਹਨ। ਜੰਗ ਦੇ ਖ਼ਤਮ ਹੋਣ ਤੋਂ ਬਾਅਦ ਗਰੀਬੀ ਅਤੇ ਬੁੜਾਂ ਜੰਗ ਪ੍ਰਭਾਵਿਤ ਖੇਤਰਾਂ ਨੂੰ ਆਪਣੀ ਜਕੜ ਵਿਚ ਲੈ ਲੈਂਦੀਆਂ ਹਨ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲਾਜ਼ਮੀ ਹੈ ਕਿ ਸਾਰੇ ਮੁਲਕ ਇਕੱਠੇ ਹੋਕੇ ਇਹਨਾਂ ਨੂੰ ਲਾਗੂ ਕਰਨ ਲਈ ਜ਼ਰੂਰੀ ਕਦਮ ਚੱਕਣ।

ਵਰਤਮਾਨ ਵਿੱਚ ਵਾਤਾਵਰਣ ਵਿਚ ਹੁੰਦੀਆਂ ਤਬਦੀਲੀਆਂ ਮਨੁੱਖਤਾ ਦੇ ਲਈ ਵੱਡੀ ਚੁਣੌਤੀ ਹਨ। ਮੁਨਾਫ਼ੇ, ਕਮਾਉਣ ਦੀ ਸੋਚ ਨੇ ਬੁਰੀ ਤਰ੍ਹਾਂ ਕੁਦਰਤੀ ਸਾਧਨਾਂ ਨੂੰ ਪਲੀਤ ਕੀਤਾ ਹੈ। ਹੁਣ ਵੀ ਜੇਕਰ ਸੰਸਾਰ ਦੇ ਨੇਤਾਵਾਂ ਨੇ ਵਰਤਮਾਨ ਦੀਆਂ ਚੁਣੌਤੀਆਂ ਵੱਲ ਧਿਆਨ ਨਾਂ ਦਿੱਤਾ ਤਾਂ ਮਨੁੱਖਤਾ ਲਈ ਅਗਲਾ ਪੈਂਡਾ ਬੜੀਆਂ ਤੰਗੀਆਂ ਅਤੇ ਚੁਣੌਤੀਆਂ ਵਾਲਾ ਹੋਏਗਾ।

ਨਿਸ਼ਸਤਰੀਕਰਨ
(Disarmament)

ਸੰਯੁਕਤ ਰਾਸ਼ਟਰ ਦੀ ਸਥਾਪਨਾ ਤੋਂ ਬਾਅਦ ਹੀ ਹਥਿਆਰਾਂ ਦੇ ਕੰਟਰੋਲ ਬਾਰੇ ਵਿਚਾਰਾਂ ਸ਼ੁਰੂ ਹੋ ਗਈਆਂ ਸਨ। ਸੰਨ 1946 ਵਿੱਚ ਜਨਰਲ ਅਸੈਂਬਲੀ (General Assembly) ਨੇ ਮਤਾ ਪਾਸ ਕੀਤਾ ਜਿਸ ਰਾਹੀਂ ਸੰਯੁਕਤ ਰਾਸ਼ਟਰ ਐਟਮੀ ਊਰਜਾ ਕਮਿਸ਼ਨ (UNAEC) ਦੀ ਸਥਾਪਨਾ ਕੀਤੀ ਗਈ। ਐਟਮੀ ਹਥਿਆਰਾਂ ਦੇ ਖ਼ਾਤਮੇ ਲਈ ਕਾਰਜ ਕਰਨਾ ਅਤੇ ਐਟਮੀ (Atomic) ਊਰਜਾ ਨੂੰ ਸ਼ਾਂਤਮਈ ਢੰਗ ਲਈ ਵਰਤਣ ਦੇ ਵਸੀਲੇ ਤਿਆਰ ਕਰਨਾ ਇਸ ਕਮਿਸ਼ਨ ਦਾ ਪ੍ਰਮੁੱਖ ਟੀਚਾ ਸੀ।

ਯਾਦ ਰੱਖਣ ਯੋਗ

ਪੰਜਾਬ ਵਿੱਚ ਸਿੰਧ ਘਾਟੀ ਦੀ ਸੱਭਿਅਤਾ ਸਹਿਰੀਕਰਨਾ ਕਲਾਂ ਅਤੇ ਹੋਰ ਤਰੀਕਿਆਂ ਵਿੱਚ ਅਗਾਹਵਧੂ ਸੀ ਪਰੰਤੂ ਉਥੋ ਕੋਈ ਵੀ ਵੱਡਾ ਜਾ ਮਾਰੂ ਹਥਿਆਰ ਬਰਾਮਦ ਨਹੀ ਹੋਇਆ।

ਸ਼ਸਤਰੀਕਰਨ (Arnament) ਤੋਂ ਭਾਵ ਹੈ ਕਿ ਵੱਖ-ਵੱਖ ਤਰਾਂ ਦੇ ਹਥਿਆਰਾਂ ਨੂੰ ਬਣਾਉਣਾ ਅਤੇ ਪ੍ਰਾਪਤ ਕਰਨਾ। ਕੌਮਾਂਤਰੀ (International) ਪੱਧਰ ਤੇ ਵੱਖ-ਵੱਖ ਦੇਸਾਂ ਵਿੱਚ ਮਾਰੂ ਹਥਿਆਰਾਂ ਦੀ ਪ੍ਰਾਪਤੀ ਲਈ ਲੱਗੀ ਦੌੜ ਨੂੰ ਹਥਿਆਰੀ ਦੌੜ (Arm Race) ਕਿਹਾ ਜਾਂਦਾ ਹੈ। ਸਾਰੇ ਦੇਸ਼ ਹੀ ਆਪਣੀ ਸੁਰੱਖਿਆ ਲਈ ਹਥਿਆਰਾਂ ਪ੍ਰਾਪਤ ਕਰਨਾ ਚਾਹੁੰਦੇ ਹਨ ਪਰੰਤੂ 1945 ਤੋਂ ਬਾਅਦ ਸੰਸਾਰ ਦੋ ਵਿਰੋਧੀ ਧਿਰਾਂ ਵਿਚ ਵੰਡਿਆ ਗਿਆ। ਸੰਯੁਕਤ ਰਾਜ ਅਮਰੀਕਾ (United States of America) ਅਤੇ ਸੋਵੀਅਤ ਸੰਘ-ਸਮਾਜਵਾਦੀ ਗਣਰਾਜਾਂ ਦੀ ਯੂਨੀਅਨ (Union of Soviet Sociolist republic) ਸੰਸਾਰ ਦੇ ਦੋ ਵਿਰੋਧੀ ਧਿਰਾਂ ਦੀ ਅਗਵਾਈ ਕਰ ਰਹੇ ਸਨ। ਬੇਸ਼ਕ ਸੰਸਾਰ ਇਹਨਾਂ ਦੋਨਾਂ ਧਿਰਾਂ ਦੀ ਠੰਢੀ ਜੰਗ ਵਿੱਚੋਂ ਗੁਜ਼ਰ ਰਿਹਾ ਸੀ। ਠੰਡੀ ਜੰਗ ਤੋਂ ਭਾਵ ਹੈ ਕਿ ਜਦੋਂ ਦੁਸ਼ਮਣੀ ਤਾਂ ਹੋਵੇ ਪਰੰਤੂ ਦੇਸ਼ ਜੰਗ ਦੇ ਮੈਦਾਨ ਵਿੱਚ ਸੰਘਰਸ਼ ਨਾਂ ਕਰ ਰਹੇ ਹੋਣ। ਠੰਡੀ ਜੰਗ ਦੌਰਾਨ ਹੀ ਸੋਵੀਅਤ ਯੂਨੀਅਨ ਅਤੇ ਸੰਯੁਕਤ ਰਾਜ ਅਮਰੀਕਾ ਆਪਣੇ ਹਿੱਤਾਂ ਦੀ ਪੂਰਤੀ ਲਈ ਵੱਖ-ਵੱਖ ਤਰਾਂ ਦੇ ਮਾਰੂ ਹਥਿਆਰ ਤਿਆਰ ਕਰ ਰਹੇ ਸਨ। ਮਾਰੂ ਹਥਿਆਰਾਂ ਉਪਰ ਕੰਟਰੋਲ ਕਰਨ ਲਈ ਵੀ ਵਿਚਾਰਾਂ ਸ਼ੁਰੂ ਹੋ ਚੁੱਕੀਆਂ ਹਨ।

ਨਿਸਸਤਰੀਕਰਨ (Disarament) ਤੋਂ ਭਾਵ ਹੈ ਕਿ ਹਥਿਆਰਾਂ ਨੂੰ ਘੱਟ ਕਰਨਾ ਜਾਂ ਹਥਿਆਰਾਂ ਦੀ ਪੈਦਾਵਾਰ ਨੂੰ ਘਟਾਉਣਾ ਐਟਮੀ (Atomic) ਹਥਿਆਰਾਂ ਤੇ ਕੰਟਰੋਲ ਕਰਨਾ ਨਿਸ਼ਸਤਰੀਕਰਨ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ।

ਨਿਸ਼ਸਤਰੀਕਰਨ ਲਈ ਉਪਰਾਲੇ
(Efforts for Disaramament)

ਸੰਯੁਕਤ ਰਾਸ਼ਟਰ ਐਟਮੀ ਊਰਜਾ ਕਮਿਸ਼ਨ (United Nations Atomic Energy Commission-UNAEC) ਬੇਸਕ 24 ਜਨਵਰੀ 1946 ਨੂੰ ਸਥਾਪਤ ਕੀਤਾ ਗਿਆ ਸੀ ਪਰੰਤੂ ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਸੰਘ ਦੀ ਆਪਸੀ ਅਸਹਿਮਤੀ (Disagreement) ਕਾਰਨ ਇਸਨੂੰ ਕਦੇ ਵੀ ਲਾਗੂ ਨਾਂ ਕੀਤਾ ਜਾ ਸਕਿਆ। ਕੌਮਾਂਤਰੀ (International) ਪੱਧਰ ਤੇ ਸਾਂਝੇ ਮਸਲਿਆਂ ਦਾ ਹੱਲ ਸੰਸਾਰ ਦੀਆਂ ਪ੍ਰਮੁੱਖ ਸ਼ਕਤੀਆਂ ਬਿਨ੍ਹਾਂ ਸੰਭਵ ਨਹੀਂ ਹੁੰਦਾ। ਅਮਰੀਕਾ ਅਤੇ ਸੋਵੀਅਤ ਸੰਘ ਆਪਣੇ-ਆਪਣੇ ਹਿੱਤਾਂ (Interest) ਨੂੰ ਪ੍ਰਮੁੱਖਤਾ ਦਿੰਦੇ ਸਨ ਅਤੇ ਨਿਸ਼ਸਤਰੀ ਕਰਨ (Disaramament) ਨੂੰ ਪਿੱਛੇ ਰੱਖਦੇ ਸਨ।

ਕੌਮਾਂਤਰੀ ਐਟਮੀ ਊਰਜਾ ਦੇ ਕੰਟਰੋਲ ਨੂੰ ਅਮਰੀਕਾ ਦੇ ਰਾਸ਼ਟਰਪਤੀ ਆਈਜ਼ਨਹਾਵਰ (Eisenhower) ਦੇ ਸ਼ਾਂਤੀ ਲਈ ਐਟਮਾਂ (Atoms for peace) ਭਾਸ਼ਣ ਨਾਲ 08 ਦਸੰਬਰ 1953 ਨੂੰ ਹੁਲਾਰਾ ਮਿਲਿਆ ਸ਼ਾਂਤੀ ਲਈ ਐਟਮ ਪਰਮਾਣੂ ਵਾਰਤਾਲਾਪ ਨੂੰ ਲਾਗੂ ਕਰਨ ਲਈ 29 ਜੁਲਾਈ 1957 ਵਿੱਚ ਕੌਮਾਂਤਰੀ ਐਟਮੀ ਊਰਜਾ ਏਜੰਸੀ (International Atomic Energy Agency) ਦੀ ਸਥਾਪਨਾ ਕੀਤੀ। ਸਾਂਤੀ ਤੋਂ ਇਲਾਵਾ ਸੈਨਿਕ ਇਸਤੇਮਾਲ ਲਈ ਐਟਮੀ ਪਰਮਾਣੂ ਊਰਜਾ ਦੀ ਵਰਤੋਂ ਨੂੰ ਰੋਕਣ ਦੀ ਨਿਗਰਾਨੀ ਕਰਨਾ ਇਸ ਏਜੰਸੀ ਦਾ ਕਾਰਜ ਸੀ।

ਸੋਵੀਅਤ ਯੂਨਿਅਨ, ਬਰਤਾਨੀਆ (United Kingdom) ਅਤੇ ਅਮਰੀਕਾ ਨੇ ਐਟਮੀ, ਪਰਮਾਣੂ ਹਥਿਆਰ, ਬੰਬ (Nuclear Weapon) ਤਿਆਰ ਕਰ ਲਏ ਸਨ ਅਤੇ ਇਹ ਤਿੰਨੋਂ ਮਿਲਕੇ ਪਰਮਾਣੂ ਨਿਸ਼ਸਤਰੀਕਰਨ (Nuclear Disaramament) ਬਾਰੇ ਵਿਚਾਰਾਂ ਕਰ ਰਹੇ ਸਨ। ਅੰਤ 1963 ਵਿੱਚ ਤਿੰਨੋਂ ਦੇਸ਼ ਅੰਸ਼ਕ ਟੇਸਟ ਪਾਬੰਦੀ ਸੰਧੀ (Partial Test Ban Treaty) ਲਈ ਰਾਜ਼ੀ ਹੋ ਗਏ। ਇਸ ਸੰਧੀ ਰਾਹੀਂ ਪਰਮਾਣੂ ਨੂੰ ਟੈਸਟ ਕਰਨ ਲਈ ਵਾਯੂਮੰਡਲ (Atmosphere), ਬਾਹਰੀ ਪੁਲਾੜ (Outer Space), ਪਾਣੀ ਦੇ ਅੰਦਰ ਭਾਵ ਸਮੁੰਦਰ ਵਿਚ ਟੈਸਟ ਕਰਨ ਦੀ ਮਨਾਹੀ ਕੀਤੀ ਅਤੇ ਕੇਵਲ ਪਤਾਲ (Underground) ਵਿਚ ਹੀ ਪਰਮਾਣੂ ਦੀ ਟੈਸਟਿੰਗ ਕੀਤੀ ਜਾ ਸਕਦੀ ਹੈ।

ਪਰਮਾਣੂ ਐਟਮੀ ਹਥਿਆਰਾਂ ਦੇ ਫੈਲਾਅ ਤੇ ਤਕਨੀਕ ਨੂੰ ਰੋਕਣ ਲਈ ਅਤੇ ਸ਼ਾਂਤੀ ਲਈ ਪਰਮਾਣੂ ਦੀ ਵਰਤੋਂ ਕਰਨ ਲਈ ਇਕ ਸੰਧੀ ਕੀਤੀ ਗਈ। ਇਸ ਸੰਧੀ ਦਾ ਨਾਂ ਸੀ ਪਰਮਾਣੂ ਪ੍ਰਸਾਰ ਰੋਕੋ ਸੰਧੀ ਜਿਸ ਨੇ ਪਰਮਾਣੂ ਨਿਸ਼ਸਤਰੀ ਕਰਨ ਨੂੰ ਲਾਜ਼ਮੀ ਤੌਰ ਤੇ ਲਾਗੂ ਕਰਨਾ ਸੀ। ਸੰਯੁਕਤ ਸਮੂਹ ਦੀ ਸਥਾਪਨਾ ਕੀਤੀ ਗਈ। ਇਹ ਸਮੂਹ ਨੇ ਸੰਵੇਦਨਸ਼ੀਲ ਪਰਮਾਣੂ ਨਿਰਯਾਤ (Senstive Nuclear Exports) ਅਤੇ ਯੂਰੇਨੀਅਮ (Uranium) ਨੂੰ ਨਿਰਯਾਤ ਕਰਨ ਲਈ ਸਖਤ ਸ਼ਰਤਾਂ ਲਗਾਈਆਂ ਤਾਂ ਜੋ ਅਸਾਨੀ ਨਾਲ ਹੋਰ ਦੇਸ਼ ਪਰਮਾਣੂ ਹਥਿਆਰਾਂ ਨੂੰ ਬਣਾਉਣ ਭਾਵ ਸ਼ਸਤਰੀਕਰਨ ਕਰਨ ਦਾ ਕਾਰਜ ਔਖਾ ਹੋ ਜਾਵੇ। ਨਿਸ਼ਸਤਰੀਕਰਨ ਦਾ ਅਰਥ ਕੇਵਲ ਪਹਿਲਾਂ ਤੋਂ ਬਣੇ ਹਥਿਆਰਾਂ ਦੀ ਰੋਕਥਾਮ ਹੀ ਨਹੀਂ ਸਗੋਂ ਨਵੇਂ ਹਥਿਆਰਾਂ ਨੂੰ ਬਣਨ ਤੋਂ ਰੋਕਣਾ ਵੀ ਹੈ।

ਸੰਯੁਕਤ ਰਾਸ਼ਟਰ ਦੇ ਨਿਸ਼ਤਰੀਕਰਨ ਬਾਰੇ ਪਹਿਲੇ ਵਿਸ਼ੇਸ਼ ਇਜਲਾਸ-1978 ਰਾਹੀਂ ਚੀਨ, (China) ਫਰਾਂਸ (France), ਸੋਵੀਅਤ ਸੰਘ (Soviet Union), ਇੰਗਲੈਂਡ/ਬਰਤਾਨੀਆਂ (England/United Kingdom-UK) ਅਤੇ ਸੰਯੁਕਤ ਰਾਜ ਅਮਰੀਕਾ (United States of America) ਨੇ ਸਾਂਝੇ ਬਿਆਨ (Unilateral Statement) ਰਾਹੀਂ ਪਰਮਾਣੂ ਹਥਿਆਰਾਂ ਦੀ ਪਹਿਲ ਵਿੱਚ (First Use) ਵਰਤੋਂ ਕਰਨ ਦੀ ਮਨਾਹੀ ਕੀਤੀ ਹੈ ਭਾਵ ਕਿਸੇ ਵੀ ਦੇਸ਼ ਉੱਤੇ ਇਹ ਪੰਜ ਦੇਸ਼ ਪਰਮਾਣੂ, ਐਟਮੀ ਬੰਬ ਦੀ ਵਰਤੋਂ ਨਹੀਂ ਕਰਨਗੇ.

ਸੰਨ 1987 ਵਿੱਚ ਮਿਜ਼ਾਇਲ (Missile) ਤਕਨੀਕ ਦੇ ਨਿਰਯਾਤ (Exporters) ਸੱਤ ਦੇਸ਼ਾਂ ਨੇ ਪਰਮਾਣੂ-ਯੁਕਤ ਬਲਾਸਟਿਕ (Ballistic) ਜਾਂ ਕਰਊਜ਼ ਮਿਜਾਇਲ ਨੇ ਸਾਂਝੀਆਂ ਸੇਧਾਂ ਜਾਰੀ ਕੀਤੀਆਂ ਸਨ।

ਰਾਸ਼ਟਰ ਦੀ ਸਰਪ੍ਰਸਤ ਸੰਸਥਾ 118 ਦੇਸ਼ਾਂ ਦੀ ਨਿਸ਼ਸਤਰੀਕਰਨ ਬਾਰੇ ਕਮੇਟੀ (Eighteen Nation Committee on Disarmament) ਨੇ 1965 ਅਤੇ 1968 ਦੇ ਦਰਮਿਆਨ ਪ੍ਰਮਾਣੂ ਅਪ੍ਰਸ਼ਾਰ ਸੰਧੀ ਬਾਰੇ ਵਿਚਾਰ-ਵਿਟਾਂਦਰਾ ਕਰਵਾਉਣ ਦੀ ਜਿੰਮੇਵਾਰੀ ਨਿਭਾਈ। ਇਹ ਯਾਦ ਰੱਖਣ ਯੋਗ ਹੈ ਕਿ ਭਾਰਤ ਨੇ ਇਸ ਸੰਧੀ ਉੱਤੇ ਹਸਤਾਖਰ ਨਹੀਂ ਕੀਤੇ ਪਰੰਤੂ ਪਾਕਿਸਤਾਨ ਨੇ

ਹਸਤਾਖ਼ਰ ਕਰਨ ਦੇ ਬਾਵਜੂਦ ਵੀ ਸੰਧੀ ਦੀ ਸਰਤਾਂ ਨੂੰ ਨਹੀਂ ਮੰਨਿਆ। ਭਾਰਤ ਨੇ ਸਾਂਤੀਮਈ ਉਦੇਸਾ ਲਈ 1974 ਵਿੱਚ ਪਰਮਾਣੂ ਧਮਾਕੇ ਕੀਤੇ।

ਭਾਰਤ ਨੇ 18 ਮਈ 1974 ਨੂੰ ਪੱਖਾਰਨ-I (Pakhran-I) ਦੇ ਨਾਂ ਹੇਠ ਰਾਜਸਥਾਨ (Rajashan) ਵਿੱਚ ਪਹਿਲੇ ਪਰਮਾਣੂ ਬੰਬ ਟੈਸਟ ਕੀਤੇ। ਇਹਨਾਂ ਧਮਾਕਿਆਂ ਨੂੰ ਔਪਰੇਸ਼ਨ ਮੁਸਕਰਾਉਂਦਾ ਬੁੱਧਾ (Operation Smiling Buddha) ਜਾਂ ਔਪਰੇਸ਼ਨ ਖੁਸ਼ ਕ੍ਰਿਸ਼ਨ (Operation Happy Krishna) ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਭਾਰਤ ਵੱਲੋਂ ਕੀਤੇ ਧਮਾਕਿਆਂ ਦੇ ਨਤੀਜੇ ਵਜੋਂ ਕੁਝ ਪਰਮਾਣੂ ਇਧਨ ਦੀ ਸਪਲਾਈ ਕਰਨ ਵਾਲੇ ਦੇਸਾ ਨੇ ਇਹ ਲਾਜ਼ਮੀ ਸਮਝਿਆ ਕਿ ਪਰਮਾਣੂ ਨਿਰਯਾਤ (Nuclear Export) ਬਾਰੇ ਸੇਧਾਂ (Guide lines) ਦਾ ਹੋਣਾ ਲਾਜ਼ਮੀ ਹੈ। ਸੰਨ 1975 ਵਿੱਚ ਪਰਮਾਣੂ ਭੰਡਾਰ ਪ੍ਰਦਾਨ ਕਰਨ ਵਾਲੇ ਸਮੂਹ (Nuclear Suppliers Group) ਅਤੇ ਭਾਰਤ-ਸੰਯੁਕਤ ਰਾਜ ਅਮਰੀਕਾ ਪਰਮਾਣੂ ਸਹਿਯੋਗ ਸਮਝੌਤਾ (India-United States of America Nuclear Cooperation agreement-2008) ਪਹਿਲੀ ਅਕਤੂਬਰ 2008 ਨੂੰ ਅਮਰੀਕਾ ਦੀ ਕਾਂਗਰਸ ਨੇ ਪਰਮਾਣੂ ਸਹਿਯੋਗ ਸਮਝੌਤੇ ਤੇ ਮੋਹਰ ਲਗਾ ਦਿੱਤੀ ਜੋ ਜੁਲਾਈ 2005 ਵਿੱਚ ਦੋਹਾਂ ਦੇਸ਼ਾਂ ਦਰਮਿਆਨ ਹੋਇਆ ਸੀ।

ਇਸ ਸਮਝੌਤੇ ਤੋਂ ਪਹਿਲਾਂ ਸੰਯੁਕਤ ਰਾਜ ਅਮਰੀਕਾ ਨੇ ਭਾਰਤ ਨੂੰ ਪਰਮਾਣ-ਤਕਨੀਕ ਦੇਣ ਤੇ ਰੋਕ ਲਗਾਈ ਹੋਈ ਸੀ ਪਰੰਤੂ ਸਮਝੌਤੇ ਤੋਂ ਬਾਅਦ ਪਰਮਾਣੂ ਤਕਨੀਕ ਭਾਰਤ ਨੂੰ ਦੇਣ ਦੀ ਸਹਿਮਤੀ ਦੇ ਦਿੱਤੀ।

ਹਥਿਆਰਾਂ ਦੀ ਮਿਕਦਾਦ ਹੱਦ ਨਿਸਚਤ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਜ਼ਾਰੀ ਹਨ ਪਰੰਤੂ ਨਵੇਂ-ਨਵੇਂ ਢੰਗ ਤਰੀਕਿਆਂ ਨਾਲ ਨਿਸ਼ਸਤਰੀਕਰਨ ਨੂੰ ਪਿੱਠ ਦਖਾਉਂਦਿਆਂ ਪਰਮਾਣੂ ਹਥਿਆਰਾਂ ਵਾਲੇ ਦੇਸਾਂ ਦੀ ਗਿਣਤੀ ਵਧੀ ਹੈ। ਚੀਨ, ਫਰਾਂਸ, ਰੂਸ, ਬਰਤਾਨੀਆ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਇਲਾਵਾ ਭਾਰਤ, ਪਾਕਿਸਤਾਨ ਅਤੇ ਉੱਤਰੀ ਕੋਰੀਆ ਕੋਲ ਵੀ ਪਰਮਾਣੂ ਹਥਿਆਰ ਹਨ। ਅਰਬ ਵਿਚ ਇਜਰਾਈਲ ਕੋਲ ਵੀ ਪਰਮਾਣੂ ਹਥਿਆਰ ਹੋਣ ਦੀ ਗੱਲ ਚਲਦੀ ਰਹਿੰਦੀ ਹੈ। ਅਮਰੀਕਾ ਅਤੇ ਇਜ਼ਰਾਈਲ ਦੀ ਆਪਸੀ ਨੇੜਤਾ ਕਾਰਨ ਅਮਰੀਕਾ ਵੱਲੋਂ ਜ਼ਿਆਦਾਤਰ ਇਸ ਸੰਬੰਦੀ ਚੁੱਪੀ ਵੀ ਵੱਟੀ ਜਾਂਦੀ ਹੈ।

ਇਹਨਾਂ ਨੂੰ ਮਿਜਾਇਲਾ ਤਕਨੀਕ ਕੰਟਰੋਲ ਰਜ਼ੀਮ (Missile Technology Control Regime) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਮੂਹ (Regime) ਚਾਹੁੰਦਾ ਹੈ ਕਿ ਪਰਮਾਣੂ ਪ੍ਰਸਾਰ ਦੇ ਨੁਕਸਾਨ ਨੂੰ ਪਰਮਾਣੂ ਤਕਨੀਕ ਦੇ ਨਿਰਯਾਤ ਨੂੰ ਕੰਟਰੋਲ ਕਰਕੇ ਘਟਾਇਆ ਜਾ ਸਕਦਾ ਹੈ। ਹੇਗ ਕੋਡ ਆੱਫ ਕੰਡਕਟ (The Hague Code of conduct) ਸੰਨ 2002 ਵਿੱਚ ਸ਼ੁਰੂ ਕੀਤਾ ਗਿਆ ਜਿਸ ਰਾਹੀਂ ਮਿਜ਼ਾਇਲ ਅਤੇ ਇਸਦੇ ਭਾਗਾਂ (Parts) ਦੀ ਸਪਲਾਈ ਬਾਰੇ ਉੱਚੇ ਪੱਧਰ (Standards) ਦਾ ਵਿਕਾਸ ਕਰਨ ਉਪਰ ਜੋਰ ਦਿੱਤਾ ਗਿਆ।

ਵਿਆਪਕ ਟੈਸਟ ਪਾਬੰਦੀ ਸੰਧੀ 1996 (Comprehensive Test Ban Treaty 1996) ਜੋ ਅੰਸ਼ਕ ਟੈਸਟ ਪਾਬੰਦੀ ਸੰਧੀ 1968 ਤੋਂ ਵੀ ਅਗਾਹ ਦਾ ਕਦਮ ਸੀ। ਸੰਨ 1996 ਵਿੱਚ ਇਸ ਸੰਧੀ ਨੂੰ ਹਸਤਾਖਰਾਂ ਲਈ ਸਰਵਜਨਕ ਕੀਤਾ ਗਿਆ। ਪਰੰਤੂ ਇਹ ਕਦੇ ਵੀ ਲਾਗੂ ਨਹੀਂ ਕੀਤੀ ਗਈ। ਭਾਰਤ ਅਤੇ ਪਾਕਿਸਤਾਨ ਨੇ 1998 ਵਿੱਚ ਪਰਮਾਣੂ ਹਥਿਆਰ ਤਿਆਰ ਕਰ ਲਏ ਸਨ ਅਤੇ ਵਿਆਪਕ ਟੈਸਟ ਪਾਬੰਦੀ ਸੰਧੀ 1996 ਤੇ ਹਸਤਾਖਰ ਨਹੀਂ ਕੀਤੇ।

ਡੇਵਿਡ ਹੈਲਡ ਅਤੇ ਮੈਕ ਗਰਿਓ (David Held and Mc Crew) ਅਨੁਸਾਰ ਵਿਸ਼ਵੀਕਰਨ, ਵਿਸ਼ਵਵਿਆਪੀ ਆਪਸ ਵਿਚ ਜੁੜੇ ਹੋਏ ਤੀਵਾਰ, ਤੇਜ ਅਤੇ ਵੱਧ ਰਹੇ ਪ੍ਰਭਾਵ ਨੂੰ ਕਿਹਾ ਹੈ (Globalisation as 'the unidening, intensifying, speeding, UP and growing impact of word-wide interconnected ness)

ਵਿਸ਼ਵੀਕਰਨ ਨੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਨਜਦੀਕੀਆਂ ਨੂੰ ਵਧਾਇਆ ਹੈ। ਵਿਸ਼ਵ ਸੰਸਾਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੀ ਜਾਣਕਾਰੀ ਬਹੁਤ ਤੇਜ਼ੀ ਨਾਲ ਫੈਲ ਜਾਂਦੀ ਹੈ। ਵਿਸ਼ਵ ਸੰਸਾਰ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਲਏ ਗਏ ਫੈਸਲੇ ਚਾਹੇ ਉਹ ਕਿਸੇ ਵੀ ਨਿਸ਼ਸਤਰੀਕਰਣ ਨੂੰ ਚੁਣੌਤਿਆਂ ਵੀ ਰਹੀਆਂ ਹਨ ਪਰੰਤੂ ਬਦਲਦੇ ਸੰਦਰਭਾਂ ਵਿੱਚ ਨਵੇਂ ਰੂਪ ਵਿਚ ਇਹ ਹਮੇਸਾ ਹੀ ਚਰਚਾ ਦਾ ਵਿਸ਼ਾ ਰਹਿੰਦਾ ਹੈ। ਸੰਨ 2010 ਵਿੱਚ ਪਰਮਾਣੂ ਸੁਰੱਖਿਆ ਸਲਾਮਤੀ ਸੰਮੇਲਨ (Nuclear Security Summit) ਰਾਹੀਂ ਰੇਡੀਉਲੋਜ਼ੀਕਲ (Radiological) ਅਤੇ ਪਰਮਾਣੂ ਦੀ ਸੁਰੱਖਿਆ ਲਈ ਕੋਸ਼ਿਸ਼ ਕੀਤੀ ਗਈ। ਪਰਮਾਣੂ ਪ੍ਰਾਪਤੀ ਕਰਨ ਦੀ ਹੋੜ ਨੂੰ ਘਟਾਉਣ ਦੀਆਂ ਹਮੇਸ਼ਾ ਹੀ ਕੋਸ਼ਿਸ਼ਾਂ ਹੋ ਰਹੀਆਂ ਹਨ।

ਸੰਨ 1946 ਤੋਂ ਲੈਕੇ ਵਰਤਮਾਨ ਤੱਕ ਨਿਸ਼ਸਤਰੀਕਰਨ ਦੀਆਂ ਚਰਚਾਵਾਂ ਚੱਲ ਰਹੀਆਂ ਹਨ ਪਰੰਤੂ ਦੇਸ਼ਾਂ ਦੀ ਆਪਸੀ ਬੇਭਰੋਸਗੀ, ਰਾਸ਼ਟਰੀ ਹਿੱਤਾਂ ਨੂੰ ਸਾਂਝੇ ਨਾਲੋਂ ਪਹਿਲ ਅਤੇ ਤਾਕਤਵਰ ਦੇਸ਼ਾਂ ਦੇ ਸੰਸਾਰਕ ਹਿੱਤ ਨਿਸ਼ਸਤਰੀਕਰਨ ਦੇ ਰਾਹ ਵਿੱਚ ਰੋੜਾ ਹਨ ਜਿਹਨਾਂ ਨੂੰ ਦੂਰ ਕੀਤਿਆਂ ਬਿਨਾਂ ਨਿਸ਼ਸਤਰੀਕਰਨ ਸੰਭਵ ਨਹੀਂ ਹੈ।

ਵਿਸ਼ਵੀਕਰਨ
(Globalisation)

ਅਸੀਂ ਵਰਤਮਾਨ ਵਿਚ ਅਕਸਰ ਹੀ ਸੁਣਦੇ ਹਾਂ ਕਿ ਅੱਜ ਦਾ ਸਮਾਂ ਵਿਸ਼ਵੀਕਰਨ ਦਾ ਹੈ। ਨੇਤਾ ਆਪਣੀਆਂ ਰੈਲੀਆਂ ਦੌਰਾਨ ਵੀ ਵਿਸ਼ਵੀਕਰਨ ਦੀ ਗੱਲ ਕਰਦੇ ਹਨ। ਇੱਕਵੀਂ ਸਦੀ ਨੂੰ ਵਿਸ਼ਵ ਦੀ ਸਦੀ (Global Century) ਵਡਿਆਇਆ ਜਾਂਦਾ ਹੈ। ਕੀ ਵਿਸ਼ਵੀਕਰਨ ਇਕ ਪ੍ਰਕਿਰਿਆ (Process) ਹੈ ਜਾਂ ਕੋਈ ਵਿਸ਼ੇਸ਼ ਸਥਿਤੀ, ਇਹਨਾਂ ਸਵਾਲਾਂ ਦੇ ਹੱਲ ਰਾਹੀਂ ਅਸੀਂ ਵਿਸ਼ਵਕਰਨ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਫੈਸਲੇ ਚਾਹੇ ਕਿਸੇ ਵੀ ਖਿੱਤੇ ਵਿਚ ਲਏ ਗਏ ਹੋਣ ਉਹਨਾਂ ਦਾ ਪ੍ਰਭਾਵ ਵਿਸ਼ਵੀ ਹੁੰਦਾ ਹੈ ਨਾਂ ਕੇ ਖੇਤਰੀ। ਸੀਰੀਆ, ਯੂਕਰੇਨ ਜਾਂ ਫਿਲਸਤੀਨ ਵਿੱਚ ਜੰਗ ਦੇ ਮਾਰੇ ਅਤੇ ਉਜਾੜੇ ਲੋਕ ਸ਼ਰਨ (Asylum) ਦੀ ਭਾਲ ਵਿੱਚ ਗੈਰ-ਕਾਨੂੰਨੀ ਪਰਵਾਸੀ ਬਣ ਜਾਂਦੇ ਹਨ। ਅਮੀਰ ਤੇ ਤਾਕਤਵਰ ਦੇਸ਼ਾਂ ਦੀ ਮੱਦਦ ਨਾਲ ਉਜਾੜੇ ਲੋਕ ਫਿਰ ਇਹਨਾਂ ਦੇਸ਼ਾਂ ਵਿਚ ਹੀ ਸ਼ਰਨ ਭਾਲਦੇ ਹਨ।



ਕਰੋਨਾ (Corona) ਮਹਾਂਮਾਰੀ ਬੇਸ਼ਕ ਚੀਨ ਵਿਚੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ ਪਰੰਤੂ ਇਸਦੀ ਪਹੁੰਚ ਸਾਰੇ ਵਿਸ਼ਵੀ ਤੱਕ ਸੀ। ਸੰਨ 2019 ਤੋਂ 2022 ਤੱਕ ਸਾਰੇ ਵਿਸ਼ਵ ਨੂੰ ਆਪਣੇ ਚਰਨਾ ਵਿਚ ਲਈ ਰੱਖਿਆ। ਅਜਿਹਾ ਵਿਸ਼ਵੀਕਰਨ ਕਾਰਨ ਪੈਦਾ ਹੋਈ ਨੇੜਤਾ ਕਾਰਨ ਸੰਭਵ ਹੋਇਆ। ਇਸ ਤੋਂ ਇਲਾਵਾ ਮਾਰੂ ਹਥਿਆਰਾਂ ਦੀ ਪਹੁੰਚ ਵੀ ਵਿਸ਼ਵੀਕਰਨ ਕਰਕੇ ਹੀ ਸੰਭਵ ਹੈ।

ਵਿਸ਼ਵੀਕਰਨ ਦੇ ਪਹਿਲੂ ਢੰਗ
(Aspects of Globalisation)

ਵਿਸ਼ਵੀਕਰਨ ਇਕ ਬਹੁਪੱਖੀ ਸਾਂਝਾ ਦਾ ਪਿਟਾਰਾ ਹੈ। ਇਹ ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਕ ਪ੍ਰਕਿਰਿਆਵਾਂ ਦਾ ਸੁਮੇਲ ਹੈ।

ਆਰਥਿਕ ਵਿਸ਼ਵੀਕਰਨ (Economic Globalisation)

ਦੇਸ਼ਾਂ ਦੀਆਂ ਆਰਥਿਕਤਾਵਾਂ ਹੁਣ ਆਪਣੇ ਦੇਸ ਤੱਕ ਮਹਿਦੂਦ ਨਹੀਂ ਹਨ ਸਗੋਂ ਉਹ ਪੂੰਜੀਵਾਦ (Capitalism) ਵਾਲੀ ਸਾਂਝੀ ਮੰਡੀ (Single market) ਵਿਚ ਸਮੋ ਚੁਕੀਆਂ ਹਨ। ਉਦਾਹਰਣ ਦੇ ਤੌਰ ਯੁੱਧ ਯੂਕਰੇਨ ਅਤੇ ਰੂਸ ਦਰਮਿਆਨ ਹੁੰਦਾ ਹੈ ਪਰੰਤੂ ਮਹਿੰਗਾਈ ਸਾਰੇ ਵਿਸ਼ਵ ਵਿੱਚ ਫੈਲ ਜਾਂਦੀ ਹੈ। ਅਜਿਹਾ ਹੋਣ ਦਾ ਕਾਰਨ ਹੈ ਕਿ ਸਪਲਾਈ ਲੜੀਆਂ ਆਪਸ ਵਿਚ ਜੁੜੀਆਂ ਹੋਈਆਂ ਹਨ ਜਦੋਂ ਇਹਨਾਂ ਵਿਚ ਰੁਕਾਵਟ ਆਉਂਦੀ ਹੈ ਤਾਂ ਵਸਤੂਆਂ ਦੇ ਨਿਰਮਾਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਵਿਸ਼ਵ ਦੇ ਅਲੱਗ-ਅਲੱਗ ਖਿੱਤੇ ਵੱਖਰੀਆਂ ਵਸਤੂਆਂ ਬਨਾਉਣ ਵਿਚ ਮੁਹਾਰਤ ਹਾਸਲ ਕਰ ਚੁੱਕੇ ਹਨ। ਸਾਰੀਆਂ ਵਸਤਾਂ ਇੱਕੋ ਦੇਸ਼ ਵਿਚ ਪੈਦਾ/ਬਣਾਇਆਂ ਨਹੀਂ ਜਾਂਦੀਆਂ। ਕੁਝ ਮੁਲਕ ਕੇਵਲ ਕੱਚਾ ਮਾਲ (Raw material) ਮੁਹੱਈਆ ਕਰਵਾਉਂਦੇ ਹਨ, ਕੁਝ ਵਸਤਾਂ ਤਿਆਰ ਕਰਦੇ ਹਨ ਅਤੇ ਹੋਰ ਸਪਲਾਈ ਕਰਦੇ ਹਨ।

ਸੱਭਿਆਚਾਰਕ ਵਿਸ਼ਵੀਕਰਨ (Cultural Globalisation)

ਵਿਸ਼ਵ ਨੂੰ ਇੱਕੋ-ਜਿਹਾ ਬਣਾਉਣ ਦਾ ਕਾਰਜ ਜ਼ੋਰਾਂ ਤੇ ਹੈ। ਵਿਸ਼ਵ ਦੇ ਇੱਕ ਹਿੱਸੇ ਵਿਚ ਪੈਦਾ ਕੀਤੀ ਜਾਣਕਾਰੀ (information), ਵਸਤਾਂ (Commodities) ਅਤੇ ਤਸਵੀਰਾਂ (images) ਰਾਹੀਂ ਵੱਖ-ਵੱਖ ਭਾਸ਼ਾਵਾਂ, ਦੇਸ਼ਾਂ, ਖੇਤਰਾਂ ਅਤੇ ਵਿਅਕਤੀਆਂ ਦੀਆਂ ਵਿਲੱਖਣਤਾਵਾਂ ਨੂੰ ਮਿਟਾ ਕੇ ਇੱਕੋ-ਜਿਹਾ ਵਿਸ਼ਵ ਬਣਾਉਣ ਵਾਲੀ ਰੁਚੀ ਦਿਖਾਈ ਦੇ ਰਹੀ ਹੈ। ਅੰਗਰੇਜ਼ੀ ਭਾਸ਼ਾ ਨੂੰ ਰੁਜਗਾਰ ਦੀ ਭਾਸ਼ਾ ਤੇ ਬਾਕੀ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਪਿਛਾਂਹ ਖਿੱਚੂ (Backward) ਸੋਚ ਦਾ ਪ੍ਰਗਟਾਵਾ ਦੱਸਿਆ ਜਾ ਰਿਹਾ ਹੈ। ਸੱਭਿਆਚਾਰਕ ਵਖਰੇਵਿਆਂ ਨੂੰ ਮਿਟਾ ਕੇ ਪੱਛਮੀ ਸੱਭਿਆਚਾਰ ਖਾਸ ਕਰਕੇ ਅਮਰੀਕਾ ਦੇ ਸੱਭਿਆਚਾਰ ਨੂੰ ਵਿਸ਼ਵ ਦਾ ਸੱਭਿਆਚਾਰ ਮੰਨਿਆ ਜਾ ਰਿਹਾ ਹੈ। ਵੱਧ ਤੋਂ ਵੱਧ ਵਸਤਾਂ ਨੂੰ ਭੋਗਣਾ, ਰੂਹਾਨੀ ਖੁਸ਼ੀ ਤੋਂ ਨਿਰਲੇਪ ਵਸਤਾਂ ਦੀ

ਖੁਸ਼ੀ ਨੂੰ ਸਲਾਹਿਆ ਜਾਂਦਾ ਹੈ। ਸਮਾਜ ਤੋਂ ਤੋੜ ਕੇ ਮਨੁੱਖ ਨੂੰ ਕੇਵਲ ਆਪਣੇ ਤੱਕ ਮਹਿਦੂਦ ਮੰਨਦਿਆਂ ਅਤੇ ਇਕਲਾਪੇ ਨੂੰ ਸਿਰਜਣਾ ਕਰਨ ਦਾ ਸਾਧਨ ਦਰਸਾਉਂਦਿਆਂ ਭਾਵਨਾਤਮਕ ਰੁਚੀਆਂ, ਲੋੜਾਂ ਨੂੰ ਭੌਤਿਕ ਲੋੜਾ ਤੋਂ ਨੀਵਾਂ ਮੰਨਿਆ ਜਾ ਰਿਹਾ ਹੈ। ਇਹ ਸਭ ਕੁਝ ਐਨੀ ਚਮਕ ਦਮਕ ਨਾਲ ਸ਼ੋਸਲ ਮੀਡੀਆ ਦੇ ਸਾਧਨਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ ਕਿ ਪੂਰਬ, ਅਫਰੀਕਾ ਅਤੇ ਏਸੀਆ ਆਦਿ ਖਿੱਤਿਆਂ ਵਿਚ ਵੱਸਦੇ ਨੌਜਵਾਨ ਅਤੇ ਮੁਟਿਆਰਾਂ ਨੂੰ ਵਿਸ਼ਵੀਕਰਨ ਸੱਭਿਆਚਾਰਕ ਤੌਰ ਤੇ ਆਪਣੇ ਕਲਾਵੇ ਵਿਚ ਲੈ ਰਿਹਾ। ਪੂਰਬੀ ਅਤੇ ਅਫਰੀਕਾ ਦੇ ਕੁੱਝ ਹਿੱਸਿਆ ਦੇ ਲੋਕ ਆਪਣੇ ਸੱਭਿਆਚਾਰ ਨੂੰ ਸਵਾਲੀਆ ਨਜ਼ਰਾਂ ਨਾਲ ਦੇਖ ਰਹੇ ਹਨ।ਮੀਡੀਆ ਦੇ ਵੱਖ-ਵੱਖ ਸਾਧਨਾਂ ਰਾਹੀਂ ਵਾਰ-ਵਾਰ ਇੱਕੋ ਤਰਾਂ ਦੇ ਪ੍ਰੋਗਰਾਮ ਅਤੇ ਤਸਵੀਰਾਂ ਮਨੁੱਖਾਂ ਵਿਚਲੀਆਂ ਵਿਲੱਖਣਤਾਵਾਂ ਤਰੇੜਾਂ ਮਿਟਾ ਕੇ ਉਹਨਾਂ ਨੂੰ ਇੱਕੋ-ਜਿਹਾ ਬਣਨ ਲਈ ਪ੍ਰੇਰਦੀਆਂ ਹਨ। ਮਨੁੱਖ ਦਾ ਇੱਕੋ-ਵਰਗਾ ਹੋਣ ਅਤੇ ਬਰਾਬਰ/ਸਮਾਨ ਵਿੱਚ ਅੰਤਰ ਹੈ। ਇਕੋ-ਵਰਗੇ ਮਨੁੱਖ ਅਸਲ ਮਾਇਨਿਆਂ ਵਿੱਚ ਸੁਤੰਤਰ ਹੁੰਦੇ ਹੋਏ ਵੀ ਪੱਛਮੀ ਪੂੰਜੀਵਾਦੀ ਸੰਭਿਆਚਾਰ ਦੇ ਗੁਲਾਮ ਬਣ ਰਹੇ ਹਨ। ਨਿੱਜਤਾ ਦੇ ਨਾਂ ਹੇਠ ਨਸ਼ੇ, ਇਕੱਲਤਾ, ਨਮੌਸੀ, ਪੈਸੇ ਦੀ ਦੌੜ ਲਗਾਤਾਰ ਮਨ-ਪਰਚਾਵੇ ਵਾਲੀ ਜ਼ਿੰਦਗੀ ਨੂੰ ਪਹਿਲ ਦੇ ਕੇ ਸਾਂਝੀਆਂ ਜ਼ਿੰਮੇਵਾਰੀਆਂ ਵਾਲੀ ਜ਼ਿੰਦਗੀ ਤੋਂ ਦੂਰ ਕਰ ਰਹੇ ਹਨ।

ਖ਼ਪਤਕਾਰੀ ਸੱਭਿਆਚਾਰ
(Consumer's Culture)

ਖ਼ਪਤਕਾਰੀ ਸੱਭਿਆਚਾਰ ਨੂੰ ਖਾਸਤੌਰ ਤੇ ਸੰਯੁਕਤ ਰਾਜ ਅਮਰੀਕਾ (United States of America) ਅਤੇ ਆਮਤੌਰ ਤੇ ਪੂੰਜੀਵਾਦੀ ਆਰਥਿਕਤਾ (Capitalist Economy) ਨਾਲ ਸੰਬੰਧਤ ਮੰਨਿਆ ਜਾਂਦਾ ਹੈ। ਇਹ ਜ਼ਿੰਦਗੀ ਨੂੰ ਪੈਸਾ ਕਮਾਉਣ ਅਤੇ ਪੈਸੇ ਨਾਲ ਬਣੀਆਂ ਵਸਤਾਂ ਖਰੀਦਣ ਦੀ ਨੇੜੇ-ਤੇੜੇ ਹੀ ਸਮਝ ਦਾ ਹੈ। ਪੈਸੇ ਅਤੇ ਵਸਤਾਂ ਦੀ ਲਾਲਸਾ ਹੀ ਮਨੁੱਖ ਦਾ ਪ੍ਰਮੁੱਖ ਟੀਚਾ ਮੰਨਿਆ ਜਾਂਦਾ ਹੈ। ਉਦਾਸੀ, ਖੁਸ਼ੀ, ਚਾਅ, ਚਿੰਤਾ ਆਦਿ ਦੀ ਹੋਂਦ ਵਸਤਾਂ ਰਾਹੀਂ ਪ੍ਰਾਪਤ ਅਤੇ ਦੂਰ ਕੀਤਾ ਜਾ ਸਕਦੀ ਹੈ।

राजनीतिक विश्वीकरन (Political globalisation) : ਵਿਸ਼ਵੀਕਰਨ ਦੇ ਅਮਲ (Process) ਨੇ ਨੀਤੀ-ਨਿਰਮਾਣ ਦੀਆਂ ਜਿੰਮੇਵਾਰੀਆਂ ਰਾਸ਼ਟਰੀ ਸਰਕਾਰਾਂ (National Governments) ਤੋਂ ਕੌਮਾਂਤਰੀ ਸੰਸਥਾਵਾਂ (International organisations) ਦੇ ਕਾਰਜ-ਖੇਤਰ ਵਿਚ ਆ ਗਈਆਂ ਹਨ। ਖਾਸ ਕਰਕੇ ਆਰਥਿਕ ਖੇਤਰ ਦੀਆਂ ਕੌਮਾਂਤਰੀ ਸੰਸਥਾਵਾਂ ਜਿਵੇ ਕਿ ਵਿਸ਼ਵ ਬੈਂਕ (World Bank), ਕੌਮਾਂਤਰੀ ਮੁਦਰਾ ਕੋਸ਼ (International Monetary Fund) ਅਤੇ ਵਿਸ਼ਵ ਵਪਾਰ ਸੰਗਠਨ (World Trade Organisation) ਵਿੱਚ ਲਏ ਜਾਣ ਵਾਲੇ ਫੈਸਲੇ ਦੇਸ਼ ਰਾਸ਼ਟਰੀ ਸਰਕਾਰਾਂ ਨਾਲੋਂ ਵੱਧ ਮਹੱਤਵ ਰੱਖਦੇ ਹਨ। ਰੂਸ-ਯੂਕਰੇਨ ਦਰਮਿਆਨ ਚੱਲ ਰਹੇ ਯੁੱਧ ਦੇ ਕਾਰਨਾਂ ਵਿੱਚੋਂ ਯੂਕਰੇਨ ਵੱਲੋਂ ਨਾਟੋ / NATO (Nort Atlantic Treaty Organisation) ਦੇ ਮੈਂਬਰਸ਼ਿਪ ਲੈਣ ਦੀ ਜ਼ਿੱਦ ਇਕ ਜ਼ਰੂਰੀ ਕਾਰਨ ਹੈ।

ਨਾਟੋ (NATO)

ਉੱਤਰੀ ਅੰਧ ਮਹਾਂਸਾਗਰੀ ਸੰਗਠਨ ਸੰਸਥਾ ਇਕ ਆਪਸੀ ਸੁਰੱਖਿਆ ਲਈ ਇੱਕ ਗੱਠ-ਜੋੜ ਹੈ। ਇਸ ਸਮਝੌਤੇ ਦਾ ਅਹਿਦਨਾਮਾ 04 ਅਪ੍ਰੈਲ 1949 ਨੂੰ ਲਿਆ ਗਿਆ। ਇਸ ਸੰਗਠਨ ਦਾ ਪ੍ਰਮੁੱਖ ਉਦੇਸ ਰੂਸੀ (Russian) ਸਮਾਜਵਾਦ ਦੀ ਪਹੁੰਚ ਨੂੰ ਰੋਕਣਾ ਸੀ। ਨਾਟੋ ਬਾਹਰਲੇ ਹਮਲੇ ਤੋਂ ਆਪਣੀ ਰੱਖਿਆ ਕਰਨੀ, ਗੱਲਬਾਤ ਰਾਹੀਂ ਆਪਸੀ ਝਗੜਿਆਂ ਦਾ ਹੱਲ ਆਏ ਹਨ। ਇਸਦੇ ਮੁੱਖ ਦਫ਼ਤਰ ਪਹਿਲਾਂ ਪੈਰਿਸ (Peris) ਅਤੇ ਵਰਤਮਾਨ ਵਿਚ ਬਰੂਸਲਰ (Brussels) ਵਿੱਚ ਹੈ। ਜੰਗ ਜਾਂ ਸ਼ਾਂਤੀ ਸਥਾਪਤ ਕਰਨਾ ਵੀ ਦੇਸ਼ ਦੀਆਂ ਸਰਕਾਰਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ ਸਗੋਂ ਕੌਮਾਂਤਰੀ ਸੁਰੱਖਿਆ ਸੰਗਠਨ ਅਤੇ ਕੌਮਾਂਤਰੀ ਆਰਥਿਕ ਸੰਗਠਨਾਂ ਦੀ ਰਾਜਨੀਤੀ ਹੀ ਵਿਸ਼ਵ ਦੇ ਸਾਰੇ ਮਸਲਿਆਂ ਧਾਰੇ ਨੀਤੀ ਨਿਰਮਾਣ (Policy making) ਦਾ ਕਾਰਜ ਕਰਦੀ ਹੈ।

ਸਮਕਾਲੀ ਵਿਸ਼ਵੀਕਰਨ
(Contemparary Globalisation)

ਵਿਸ਼ਵੀਕਰਨ ਮੇਲ-ਜੋਲ ਦਾ ਗੁੰਝਲਦਾਰ (complex) ਵਰਤਾਰਾ ਜਰੂਰ ਹੈ। ਇਹ ਆਪਣੀ ਸਮਕਾਲੀ ਸਥਿਤੀ ਵਿਚ ਵੱਖ-ਵੱਖ ਪੜਾਵਾਂ ਵਿਚੋਂ ਦੀ ਹੁੰਦਿਆਂ ਹੋਇਆਂ ਪਹੁੰਚਿਆ ਹੈ।

ਵਿਸ਼ਵੀਕਰਨ ਦੀਆਂ ਤਿੰਨ ਲਹਿਰਾਂ
(The three waves of Globalisation)

- **ਪਹਿਲੀ ਲਹਿਰ (First wave)** : ਖੋਜਾਂ ਦਾ ਕਾਲ (1450–1850), ਯੂਰੀਪੀਅਨਾਂ ਦੇ ਫੈਲਾਅ ਅਤੇ ਜਿੱਤਾਂ ਰਾਹੀਂ ਹੋਂਦ ਵਿਚ ਆਇਆ।
- **ਦੂਜੀ ਲਹਿਰ (Second wave)** : 1850–1945 ਦੇ ਦਰਮਿਆਨ ਵੱਖ-ਵੱਖ ਯੂਰਪੀਅਨ ਸਮਰਾਜ ਦੇ ਸ਼ਿਖਰ ਦੇ ਸਮੇਂ ਨੂੰ ਮੰਨਿਆ ਜਾਂਦਾ ਹੈ।
- **ਤੀਜੀ ਲਹਿਰ (Third waves)** : ਸੰਨ 1960 ਤੋਂ ਬਾਅਦ ਵਾਲੇ ਸਮੇਂ ਨੂੰ ਮਨੁੱਖੀ ਸੰਬੰਧਾਂ ਵਿਚ ਕ੍ਰਾਂਤੀ ਕਾਰੀ ਤਬਦੀਲੀਆਂ ਦਾ ਦੌਰ ਮੰਨਿਆ ਜਾਂਦਾ ਹੈ

ਸਮਕਾਲੀ ਵਿਸ਼ਵੀਕਰਨ ਬਹੁਪੱਖੀ (Multidimensional) ਹੈ। ਰਾਜਨੀਤਕ, ਆਰਥਿਕ ਅਤੇ ਸਮਾਜਿਕ ਤੌਰ ਤੇ ਵਿਸ਼ਵੀਕਰਨ ਨੇ ਮਨੁੱਖਾਂ ਦੀ ਜ਼ਿੰਦਗੀ ਨੂੰ ਆਪਣੇ ਕਲਾਵੇ ਵਿਚ ਲਿਆ ਹੈ। ਪਹਿਲੀ ਅਤੇ ਦੂਜੀ ਲਹਿਰ ਦੌਰਾਨ ਵਿਸਵੀਕਰਨ ਆਰਥਿਕ ਤੌਰ ਤੇ ਤਾਂ ਵਿਸ਼ਵ ਨੂੰ ਆਪਣੇ ਵਿੱਚ ਸਮੋ ਰਿਹਾ ਹੈ ਪਰੰਤੂ ਬਾਕੀ ਪੱਖਾਂ ਨੂੰ ਅਣਛੋਹਿਆ ਛੱਡ ਰਿਹਾ ਸੀ। ਸਮਕਾਲੀ ਵਿਸ਼ਵੀਕਰਨ, ਸੱਭਿਆਚਾਰਕ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਤੌਰ ਤੇ ਵੱਖ-ਵੱਖ ਪਾਸਿਓ ਵਿਸ਼ਵ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਵਰਤਮਾਨ ਸਮਕਾਲੀ ਵਿਸ਼ਵੀਕਰਨ ਬਹੁਪੱਖੀ ਹੋਣ ਦੇ ਨਾਲ-ਨਾਲ ਅਸਮਾਨ ਤੇ ਉੱਘੜ-ਦੁੱਘੜ (Uneven) ਵੀ ਹੈ। ਵਿਸ਼ਵ ਦੇ ਕੁੱਝ ਹਿੱਸੇ ਬਹੁਤ ਵਿਕਸਤ ਹੋ ਰਹੇ ਹਨ ਜਿਵੇਂ ਉੱਤਰੀ ਅਮਰੀਕਾ (North America), ਯੂਰਪ ਜਿਹੇ ਖਿਤੇ ਬਹੁਤ ਵਿਕਸਤ ਹੋ ਗਏ ਹਨ। ਦੂਜੇ ਪਾਸੇ ਅਫ਼ਰੀਕਾ (Africa) ਅਤੇ ਦੱਖਣੀ ਅਮਰੀਕਾ (South America) ਜਿਹੇ ਖਿੱਤੇ ਬਹੁਤ ਪਿੱਛੜੇ ਹਨ। ਸਮਕਾਲੀ ਵਿਸ਼ਵੀਕਰਨ ਸਾਰਿਆਂ ਦੇਸ਼ਾਂ ਅਤੇ ਖਿੱਤਿਆਂ ਲਈ ਲਾਹੇ ਦਾ ਸੌਦਾ ਨਹੀਂ ਹੈ।

ਸਮਕਾਲੀ ਵਿਸ਼ਵੀਕਰਨ ਸਾਰਿਆਂ ਸਮਾਜਿਕ ਅਤੇ ਸੱਭਿਆਚਾਰਕ ਸਮੂਹਾਂ ਲਈ ਇਕਰੂਪੀ ਅਸਰ ਨਹੀਂ ਕਰਦਾ ਸਗੋਂ ਸਾਰਿਆਂ ਸਮੂਹਾਂ ਲਈ ਬਹੁਰੂਪੀਆਂ (Asymmetrical) ਹੈ। ਚੀਜਾਂ ਦੀ ਪਹੁੰਚ ਨੂੰ ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿਚ ਪਹੁੰਚਣ ਲਈ ਅਤੇ ਮਹਿੰਗਾਈਆਂ ਵਸਤਾਂ ਦੀ ਸਾਂਝੀ ਮੰਡੀ ਬਨਾਉਣ ਲਈ ਵਿਸ਼ਵੀਕਰਨ ਅਮੀਰਾਂ ਦੇ ਦਿਲ ਨੂੰ ਭਾਉਂਦਾ ਹੈ। ਗਰੀਬਾਂ ਲਈ ਸਸਤੀਆਂ ਵਸਤਾਂ ਦੀਆਂ ਛੋਟੀਆਂ ਦੁਕਾਨਦਾਰੀਆਂ ਨੂੰ ਖ਼ਤਮ ਕਰਦਾ ਹੈ। ਇਹਨਾਂ ਕਾਰਨਾਂ ਕਰਕੇ ਅਮੀਰਾਂ-ਗਰੀਬਾਂ ਲਈ ਸਮਕਾਲੀ ਵਿਸ਼ਵੀਕਰਨ ਦੋ ਮੂੰਹਾਂ ਜਾਂ ਬਹੁਰੂਪੀਆ ਹੈ। ਅਮੀਰ-ਦੇਸ਼ਾਂ ਅਤੇ ਗਰੀਬ ਦੇਸ਼ਾਂ ਬਾਵ ਵਿਕਸਤ ਅਤੇ ਅਣਵਿਕਸਤ ਦੇਸਾਂ ਲਈ ਵੀ ਵਿਸ਼ਵੀਕਰਨ ਦਾ ਵਰਤਾਰਾ ਸਮਾਨ ਰੂਪ ਵਿਚ ਕਾਰਜ ਨਹੀਂ ਕਰਦਾ।

ਵਿਸ਼ਵੀਕਰਨ ਬਹੁਪੱਖੀ ਵਰਕਾਰਾ ਹੈ। ਸਾਡੀਆਂ ਜ਼ਿੰਦਗੀਆਂ ਨੂੰ ਤੈਅ ਕਰਨ ਵਾਲੀਆਂ ਘਟਨਾਵਾਂ ਅਤੇ ਫ਼ੈਸਲੇ ਹਜਾਰਾਂ ਮੀਲਾ ਦੀ ਦੂਰੀ ਤੋਂ ਲਏ ਜਾ ਰਹੇ ਹਨ। ਵਿਸ਼ਵੀਕਰਨ ਨੇ ਭੂਗੋਲਿਕ ਦੂਰੀਆਂ ਦੀ ਪ੍ਰਸੰਗਤਾ ਨੂੰ ਘਟਾਇਆ ਹੈ ਕਿਉਂਕਿ ਮੋਬਾਇਲ ਜਾਂ ਹੋਰ ਸਾਧਨਾਂ ਰਾਹੀਂ ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਚਲੰਤ ਰੂਪ ਵਿਚ ਹੀ ਸਾਡੇ ਤੱਕ ਪਹੁੰਚ ਰਹੀਆਂ ਹਨ। ਰਾਸ਼ਟਰੀ ਅਤੇ ਖਿੱਤਾਈ (Regional) ਦੀ ਜਗ੍ਹਾ ਤੇ ਵਿਸ਼ਵ (Global) ਲੈ ਰਿਹਾ ਹੈ। ਵਿਸ਼ਵੀਕਰਨ ਵਰਤਮਾਨ ਦਾ ਵਰਤਾਰਾ ਹੈ ਜਿਸ ਨੂੰ ਮਨਸੂਈ ਬੌਧਿਕਤਾ (Artificial intelligence) ਹੋਰ ਵੀ ਤੇਜੀ ਲਿਆਏਗੀ।

ਪਰਵਾਸ ਅਤੇ ਆਵਾਸ
(Migration & Immigration)

ਪਰਵਾਸ ਅਤੇ ਆਵਾਸ ਬਾਰਵੀਂ ਸ਼੍ਰੇਣੀ ਦੀ ਪੁਸਤਕ ਦੇ ਨਾਲ਼-ਨਾਲ਼ ਵਿਸ਼ਵ ਦਾ ਅਹਿਮ ਸਵਾਲ ਹੈ। ਇਸ ਮੁੱਦੇ ਰਾਹੀਂ ਅਸੀਂ ਪਰਵਾਸ ਦੀਆਂ ਕਿਸਮਾਂ ਅਤੇ ਕਾਰਨਾਂ ਬਾਰੇ ਜਾਣੂ ਹੋਣ ਦੇ ਨਾਲ਼-ਨਾਲ਼ ਨਵੇਂ ਸਥਾਨ ਜਾਂ ਦੇਸ਼ ਵਿਚ ਆ ਕੇ ਵਸੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਨੂੰ ਵੀ ਜਾਣਾਗੇ।

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਾਹਰ/ਪਰਦੇਸ਼ (Foreign Country) ਭੇਜਣ ਵਾਲੇ ਏਜੰਟਾਂ/ਕੰਪਨੀਆਂ ਦੇ ਬੋਰਡ ਲਗਭਗ ਹਰੇਕ ਚੁਰਾਹੇ, ਸੜਕਾਂ ਆਦਿ 'ਤੇ ਦੇਖਣ ਨੂੰ ਮਿਲਦੇ ਹਨ। ਪਰਦੇਸ ਜਾਣ ਨੂੰ ਹੀ ਪਰਵਾਸ (Migration) ਕਿਹਾ ਜਾਂਦਾ ਹੈ। ਅਸੀਂ ਬਦਲਦੇ ਮੌਸਮਾਂ ਵਿੱਚ ਦੇਖਦੇ ਹਾਂ ਕਿ ਪਰਵਾਸੀ-ਪੰਛੀ (Migratory Birds) ਵੀ ਪ੍ਰਵਾਸ ਕਰਕੇ ਸਾਡੇ ਆਲੇ-

ਦੁਆਲੇ ਦਿਖਾਈ ਦਿੰਦੇ ਹਨ। ਗਰਮੀਆਂ ਵਿੱਚ ਕੋਇਲ ਪਹਾੜਾਂ ਵਿੱਚੋਂ ਪੰਜਾਬ ਆਉਂਦਾ ਅਜਿਹਾ ਹੀ ਪੰਛੀ ਹੈ। ਪਰਦੇਸੀ ਦਾ ਇੱਕਲਾ ਮਤਲਬ ਪਰਾਏ/ਬਿਗ਼ਾਨੇ ਦੇਸ਼ ਵਿਚੋਂ ਆਇਆ ਪੰਛੀ ਜਾਂ ਮਨੁੱਖ ਨਹੀਂ ਸਗੋਂ ਕਿਸੇ ਹੋਰ ਧਰਾਤਲ ਤੋਂ ਆਇਆ ਵੀ ਹੋ ਸਕਦਾ ਹੈ ਜੋ ਉਸੇ ਦੇਸ਼ ਦੀਆਂ ਵੱਖਰੀਆਂ ਭੂਗੋਲਿਕ (Geographical) ਜਗ੍ਹਾਂ ਦਾ ਵਾਸੀ ਹੋਵੇ।

ਪਰਵਾਸ ਤੇ ਆਵਾਸ ਤੋਂ ਭਾਵ - ਇੱਥੇ ਅਸੀਂ ਪਰਵਾਸ ਤੋਂ ਅਰਥ ਆਪਣੀ ਇੱਛਾ ਅਨੁਸਾਰ ਕਿਸੇ ਥਾਂ ਜਾ ਵਸਣ ਤੋਂ ਲਵਾਂਗੇ ਜਿੱਥੇ ਜਾਂ ਤਾਂ ਜਾ-ਵਸਣ ਦੀ ਕੋਈ ਮਨਾਹੀ ਨਾ ਹੋਵੇ ਜਾਂ ਫ਼ੇਰ ਉਸ ਥਾਂ 'ਤੇ ਜਾ ਕੇ ਉਥੋਂ ਦੇ ਨਿਯਮਾਂ ਅਨੁਸਾਰ ਪ੍ਰਵਾਨਗੀ ਲੈ ਕੇ ਰਿਹਾ ਜਾ ਸਕਦਾ ਹੋਵੇ ਜਿਵੇ ਕਿ ਦੇਸ਼ ਦੇ ਅੰਦਰ ਹੀ ਦੂਸਰੇ ਸੂਬਿਆਂ ਪ੍ਰਾਂਤਾਂ ਵਿੱਚ ਜਾ ਵਸਣਾ ਜਾਂ ਕਿਸੇ ਵਿਦੇਸ਼ ਪਰਦੇਸ ਵਿੱਚ ਪਨਾਹ ਲੈਣਾ (asylum) ਤੇ ਪ੍ਰਵਾਨਗੀ ਮਿਲਣ ਮਗਰੋਂ ਵੱਸ ਜਾਣਾ।

ਆਵਾਸ ਤੋਂ ਭਾਵ ਹੈ ਆ - ਵੱਸਣਾ। ਇਹ ਕਿਰਿਆ ਕਿਸੇ ਦੇਸ ਦੇ ਅੰਦਰ ਤਾਂ ਨਹੀ ਹੁੰਦੀ ਪਰ ਕਿਸੇ ਪਰਦੇਸ ਵਿੱਚ ਲਾਗੂ ਹੁੰਦੀ ਹੈ। ਜਿਥੇ ਹੋਰ ਦੇਸਾਂ ਤੋ ਆ - ਵਸਣ ਲਈ ਨਿਯਮ ਬਣੇ ਹੁੰਦੇ ਹਨ ਭਾਵ ਇੰਮੀਗਰੇਸ਼ਨ (immigration) ਨਿਯਮ ਤੇ ਵਿਅਕਤੀ ਆਪਣੇ ਮੂਲ ਦੇਸ਼ ਤੋ ਅਰਜ਼ੀ ਦੇ ਕੇ ਨਿਯਮਾਂ ਅਨੁਸਾਰ ਇਜਾਜ਼ਤ ਲੈ ਕੇ ਉਸ ਦੇਸ਼ ਜਾ ਵਸਦਾ ਹੈ ਜਿਹੜਾ ਦੇਸ਼ ਉਸ ਵਿਅਕਤੀ ਨੂੰ ਆ-ਵਸਣ ਦੀ ਇਜਾਜ਼ਤ ਦੇ ਰਿਹਾ ਹੁੰਦਾ ਹੈ।



ਅਸੀਂ ਅਕਸਰ ਹੀ ਬਿਹਾਰ ਜਾਂ ਉੱਤਰ ਪ੍ਰਦੇਸ਼ ਆਦਿ ਇਲਾਕਿਆਂ/ਸੂਬਿਆਂ ਤੋਂ ਆਏ ਲੋਕਾਂ ਨੂੰ ਪਰਦੇਸੀ ਸਮਝਦੇ ਹਾਂ। ਪੁਰਾਣੇ ਸਮਿਆਂ ਵਿਚ ਹਰ ਉਹ ਵਿਅਕਤੀ ਜੋ ਉਸ ਪਿੰਡ ਨਾਲ ਸਬੰਧ ਨਹੀਂ ਰੱਖਦਾ ਸੀ ਉਸ ਨੂੰ ਪਰਦੇਸੀ ਕਿਹਾ ਜਾਂਦਾ ਸੀ। ਵਰਤਮਾਨ ਵਿਚ ਵੀ ਇਹ ਚਲਨ ਜਾਰੀ ਹੈ। ਰਾਸ਼ਟਰੀ ਪਰਵਾਸ ਜਾਂ ਅੰਦਰੂਨੀ ਪਰਵਾਸ (National Migration or Internal Migration) ਤੋਂ ਭਾਵ ਹੈ ਕਿ ਇਕ ਦੇਸ਼ ਦੇ ਵਿਚ ਪਰਵਾਸ ਹੋਣਾ। ਅੰਦਰੂਨੀ ਪ੍ਰਵਾਸ ਵੱਖ-ਵੱਖ ਕਾਰਨ ਹੋ ਸਕਦੇ ਹਨ। ਇਹਨਾਂ ਕਾਰਨਾਂ ਨੂੰ ਆਰਥਿਕ ਨਜ਼ਰੀਏ ਤੋਂ ਦੇਖੀਏ ਤਾਂ ਇਹ ਸਮਝ ਪੈਂਦਾ ਹੈ ਕਿ ਘੱਟ-ਵਿਕਸਤ ਇਲਾਕਿਆਂ ਤੋਂ ਵੱਧ ਵਿਕਸਤ ਇਲਾਕਿਆਂ ਵੱਲ ਮਨੁੱਖ ਪਰਵਾਸ ਕਰਦੇ ਹਨ। ਉਦਾਹਰਨ ਦੇ ਤੌਰ 'ਤੇ ਜਿਹੜੇ ਇਲਾਕਿਆਂ/ਸੂਬਿਆਂ ਵਿਚ ਰੁਜ਼ਗਾਰ/ਕੰਮ ਦੀ ਘਾਟ ਹੋਵੇਗੀ ਉੱਥੋਂ ਵੱਧ ਵਿਕਸਿਤ ਇਲਾਕਿਆਂ ਵੱਲ ਲੋਕਾਂ ਦਾ ਆਉਣਾ ਸੁਭਾਵਕ ਹੋ ਜਾਂਦਾ ਹੈ। ਪੰਜਾਬ (Punjab) ਖੇਤੀਬਾੜੀ ਤੌਰ 'ਤੇ ਵਿਕਸਤ ਹੋਣ ਕਰਕੇ ਝੋਨੇ (Paddy) ਦੇ ਸੀਜ਼ਨ ਵਿਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਏ ਲੋਕਾਂ ਨੂੰ ਕੰਮ ਮੁਹੱਈਆ ਕਰਵਾਉਂਦਾ ਹੈ। ਆਰਥਿਕ ਕਾਰਨਾਂ ਵਿਚੋਂ ਹੀ ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕਾਂ ਦਾ ਪਰਵਾਸ ਵੱਧਦਾ ਹੈ। ਸ਼ਹਿਰਾਂ ਵਿਚ ਜਨਸੰਖਿਆ ਅਤੇ ਕੰਮਾਂ ਦੀਆਂ ਭਿੰਨਤਾਵਾਂ ਕਾਰਨ ਲੋਕ ਪਿੰਡਾਂ ਤੋਂ ਆਪਣੀ ਰਿਹਾਇਸ਼ (Residence) ਸ਼ਹਿਰਾਂ ਵਿੱਚ ਬਣਾ ਰਹੇ ਹਨ। ਛੋਟੇ ਸ਼ਹਿਰਾਂ ਤੋਂ ਵੱਡੇ ਸ਼ਹਿਰਾਂ ਵੱਲ ਹੋ ਰਿਹਾ ਪਰਵਾਸ ਵੀ ਵਿਸ਼ਵ ਵਿਆਪੀ (World Wide) ਵਰਤਾਰਾ ਹੈ। ਸੋ ਅੰਦਰੂਨੀ/ਰਾਸ਼ਟਰੀ ਪਰਵਾਸ ਇੱਕੋ ਦੇਸ਼ ਦੀਆਂ ਹੱਦਾ (Boundry) ਅੰਦਰ ਵਾਪਰ ਰਿਹਾ ਵਰਤਾਰਾ ਹੈ। ਦੇਸ਼ ਵਿੱਚ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿਚ ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਸਿਹਤ ਦਾ ਖਿਆਲ ਰੱਖਣ ਲਈ ਗਰਾਉਂਡ, ਹਸਪਤਾਲ ਆਦਿ ਦੀ ਸੁਵਿਧਾਵਾਂ ਲੋਕਾਂ ਨੂੰ ਆਪਣੇ ਵੱਲ ਖਿੱਚ ਰਹੀਆਂ ਹਨ। ਸਾਰੇ ਸ਼ਹਿਰ ਜਾਂ ਇਲਾਕੇ ਬਰਾਬਰ ਦਾ ਰੁਤਬਾ ਨਹੀਂ ਰੱਖਦੇ। ਭਾਰਤ

ਵਿਚ ਮੁੰਬਈ (Mumbai) ਨੂੰ ਸੁਪਨਿਆਂ ਦਾ ਸ਼ਹਿਰ ਕਿਹਾ ਜਾਂਦਾ ਹੈ। ਮੁੰਬਈ ਵਿਚ ਬਣਦੀਆਂ ਫਿਲਮਾਂ ਅਤੇ ਚਮਕ-ਦਮਕ ਭਰਪੂਰ ਜ਼ਿੰਦਗੀ ਨੌਜਵਾਨ ਅਤੇ ਮੁਟਿਆਰਾਂ ਨੂੰ ਆਪਣੇ ਵੱਲ-ਖਿੱਚਦੀ ਹੈ। ਦੇਸ਼ ਦੇ ਅੰਦਰ ਪਰਵਾਸ ਦੇ ਨਾਲ-ਨਾਲ ਲੋਕ ਵੱਖ-ਵੱਖ ਮੁਲਕਾਂ ਵਿਚ ਵੀ ਰੁਜ਼ਗਾਰ ਜਾਂ ਪਨਾਹ (Asylum) ਲੈਣ ਲਈ ਜਾਂਦੇ ਹਨ। ਅਜਿਹੇ ਪ੍ਰਵਾਸ ਨੂੰ ਕੌਮਾਂਤਰੀ ਪਰਵਾਸ ਕਿਹਾ ਜਾਂਦਾ ਹੈ। ਸ਼ਹਿਰਾਂ ਦੀ ਤਰਾਂ ਵਿਸ਼ਵ ਦੇ ਮੁਲਕ ਵੀ ਵਿਕਾਸ ਦੀ ਲੜੀ (Hierurchy of Development) ਵਿਚ ਪਰੋਏ ਹੋਏ ਹਨ। ਸੰਯੁਕਤ ਰਾਜ ਅਮਰੀਕਾ, ਇੰਗਲੈਂਡ ਸਿਖਰਲੇ ਅਤੇ ਏਸ਼ੀਆਂ, ਅਫ਼ਰੀਕਾ ਦੇ ਬਹੁਤੇ ਮੁਲਕ ਇਸ ਲੜੀ ਦੇ ਹੇਠਲੇ ਸਥਾਨਾਂ 'ਤੇ ਵਿਰਾਜਮਾਨ ਹਨ।



ਵਿਕਾਸਸ਼ੀਲ ਅਤੇ ਵਿਕਾਸ-ਵਿਹੁਣੇ ਮੁਲਕਾਂ ਤੋਂ ਲੋਕ ਵੱਡੀ ਗਿਣਤੀ ਵਿਚ ਪਰਵਾਸ ਕਰ ਰਹੇ ਹਨ। ਪ੍ਰਵਾਸ ਦੀ ਮੰਜ਼ਲ ਸੰਯੁਕਤ ਰਾਜ ਅਮਰੀਕਾ ਅਤੇ ਇੰਗਲੈਂਡ ਬਣ ਰਹੇ ਹਨ। ਵਿਦਿਆਰਥੀਆਂ ਦੇ ਰੂਪ ਵਿਚ ਵੀ ਲੱਖਾਂ ਨੌਜਵਾਨਾਂ ਅਤੇ ਮੁਟਿਆਰਾਂ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਵੱਲ ਪਰਵਾਸ ਕਰ ਰਹੀਆਂ ਹਨ। ਪਰਵਾਸ ਕਰ ਰਹੇ ਲੋਕਾਂ ਵਿਚ ਵਿਆਪਕ ਵਖਰੇਵੇਂ ਹਨ। ਸੰਯੁਕਤ ਰਾਜ ਅਮਰੀਕਾ (United States of America) ਵਿਚ ਵਿਦਿਆਰਥੀ ਤੌਰ 'ਤੇ ਪਹੁੰਚ ਰਹੇ ਨੌਜਵਾਨਾਂ ਅਤੇ ਮੁਟਿਆਰਾਂ ਲਈ ਨਾਗਰਿਕਤਾ (Citizenship) ਪ੍ਰਾਪਤ ਕਰਨ ਦਾ ਰਾਹ ਔਖਾ ਹੈ। ਨੌਜਵਾਨਾਂ ਅਤੇ ਮੁਟਿਆਰਾਂ ਤੋਂ ਇਲਾਵਾ ਲੋਕ ਪਰਿਵਾਰ ਸਣੇ ਵੀ ਡੌਂਕੀ (Donkey) ਲਗਾ ਕਿ ਵੀ ਮੈਕਸੀਕੋ (Mexico) ਸਰਹੱਦ ਵਾਲੇ ਪਾਸਿਓਂ ਜਾ ਰਹੇ ਹਨ।



ਪਨਾਮਾ (Pannma) ਦੇ ਜੰਗਲਾਂ ਰਾਹੀਂ ਸੰਯੁਕਤ ਰਾਜ ਅਮਰੀਕਾ ਜਾਣ ਦੀ ਜ਼ਿੱਦ ਵੱਖ-ਵੱਖ ਯੂ-ਟਿਊਬ (Youtube) ਵੀਡੀਓਜ਼ ਅਤੇ ਫਿਲਮਾਂ ਦੁਆਰਾ ਪੇਸ਼ ਕੀਤੀਆਂ ਕਹਾਣੀਆਂ ਵਿੱਚ ਦੇਖੀ ਜਾ ਸਕਦੀ ਹੈ। ਵਿਕਸਤ ਮੁਲਕਾਂ ਖ਼ਾਸਕਰ ਅਮਰੀਕਾ ਵਿਚ ਜਾਣਾ ਇਕੱਲਾ ਆਰਥਿਕ ਕਾਰਨਾਂ ਦੀ ਉਪਜ ਨਹੀਂ ਹੈ। ਅਫਰੀਕਾ (Africa), ਏਸ਼ੀਆ (Asia) ਅਤੇ ਦੱਖਣੀ ਅਮਰੀਕਾ (South America) ਵਿਚਲੇ ਦੇਸਾਂ ਦੀ ਆਰਥਿਕਤਾ ਅਤੇ ਸੁੰਘੜਦੇ ਰੁਜ਼ਗਾਰ ਦੇ ਸਾਧਨ ਤੇ ਮੌਕੇ, ਭ੍ਰਿਸ਼ਟਾਚਾਰ, ਗਰੀਬੀ, ਨਿੱਜੀਕਰਨ ਆਦਿ ਤੋਂ ਪੈਦਾ ਹੋਈਆਂ ਚਣੌਤੀਆਂ ਲੋਕਾਂ ਦੇ ਚੰਗੇਰੇ ਭਵਿੱਖ ਦੇ ਸੁਪਨਿਆਂ ਨਾਲ ਮੇਲ ਨਹੀਂ ਖਾਂਦੀਆਂ। ਅਸਾਵਾਂ (Unequal) ਵਿਕਾਸ ਵੀ ਕੁੱਝ ਮੁਲਕਾਂ ਨੂੰ ਅਮੀਰ ਅਤੇ ਬਾਕੀਆਂ ਨੂੰ ਗਰੀਬ ਕਰ ਰਿਹਾ ਹੈ। ਅਰਥਚਾਰਿਆਂ ਵਿੱਚੋਂ ਪੈਦਾ ਹੋਈਆਂ ਚੁਣੌਤੀਆਂ ਲੋਕਾਂ ਨੂੰ ਆਪਣੇ ਘਰ ਵਾਰ ਛੱਡਕੇ ਬਿਗਾਨੇ ਮੁਲਕਾਂ ਵਿਚ ਨਵੀਂ ਦੁਨੀਆਂ ਵਸਾਉਣ ਲਈ ਪ੍ਰੇਰਿਤ ਕਰ ਰਹੀਆਂ ਹਨ। ਆਪਣਾ ਮੁਲਕ ਛੱਡ ਕੇ ਦੂਜੇ ਮੁਲਕਾਂ ਜਾਣਾ ਪ੍ਰਵਾਸ ਦੇ ਦੋ-ਰੁਪਾਂ ਨੂੰ ਪੇਸ਼ ਕਰਦਾ ਹੈ।

(i) ਥੁੜ੍ਹਵਕਤੀ ਜਾਂ ਆਰਜ਼ੀ ਪਰਵਾਸ (Temporary Migration)

(ii) ਕੱਲੁ ਵਕਤੀ ਜਾਂ ਪੱਕਾ ਪਰਵਾਸ (Permanent Migration)

(i) ਥੁੜ੍ਹਵਕਤੀ ਪਰਵਾਸ (Temporary Migration) ਤੋਂ ਅਰਥ ਹਨ ਕਿ ਕੁਝ ਸਾਲਾਂ ਲਈ ਦੂਸਰੇ ਮੁਲਕ ਵਿਚ ਚਲੇ ਜਾਣਾ। ਇਹ ਕੁਝ ਸਾਲ ਲਈ ਵਾਰ ਦਹਾਕਿਆਂ ਵਿਚ ਵੀ ਬਦਲ ਜਾਂਦੇ ਹਨ। ਅਰਬ ਰਾਜਾਂ (Arab States) ਵਿਚ ਹੁੰਦਾ ਪਰਵਾਸ ਵਕਤੀ ਹੁੰਦਾ ਹੈ। ਅਰਬ ਦੇਸ਼ਾਂ ਵਿਚ ਤੇਲ ਕੰਪਨੀਆਂ ਅਤੇ ਹੋਰ ਕੰਮਾਂ ਲਈ ਕਾਮਿਆਂ ਦੀ ਲੋੜ ਹੁੰਦੀ ਹੈ। ਕੁਵੈਤ (Kuwait), ਬਹਿਰੀਨ (Bahrain) , ਕਤਰ (Qatar), ਸਾਊਦੀਅਰਬ (Saudi, Arabia) ਆਦਿ ਦੇਸਾਂ ਨੂੰ ਵਖ਼ਤੀ ਪਰਵਾਸ ਲਈ ਚੁਣਿਆ ਜਾਂਦਾ ਹੈ। ਇਹਨਾਂ ਮੁਲਕਾਂ ਵਿੱਚ ਪਰਸੀਅਨ (Persian) ਗਲਫ਼ (Gulf) ਦੇਸ਼ ਵੀ ਆ ਜਾਂਦਾ ਹਨ।

(ii) ਕੁੱਲ ਵਕਤੀ ਪਰਵਾਸ (Permanent Migration) ਤੋਂ ਅਰਥ ਹਨ ਕਿ ਆਪਣਾ ਦੇਸ਼ ਛੱਡਕੇ ਦੂਜੇ ਦੇਸ ਦੀ ਨਾਗਰਿਕਤਾ ਪ੍ਰਾਪਤ ਕਰਨ ਅਤੇ ਉੱਥੇ ਪੱਕੇ ਤੌਰ 'ਤੇ ਵਸਣ ਨੂੰ ਪੱਕਾ ਪਰਵਾਸ ਕਿਹਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ, (United States of America), ਇੰਗਲੈਂਡ (England), ਅਸਟਰੇਲੀਆ (Australia) ਅਤੇ ਕੈਨੇਡਾ (Canada) ਆਦਿ ਮੁਲਕਾਂ ਵਿਚ ਪਰਵਾਸ ਕਰਕੇ ਗਏ ਵਿਅਕਤੀ ਪੱਕੇ ਤੌਰ 'ਤੇ ਇਹਨਾਂ ਮੁਲਕਾਂ ਵਿੱਚ ਰਹਿਣ ਨੂੰ ਪਹਿਲ ਦਿੰਦੇ ਹਨ।

ਆਪਣੀ ਮਨਮਰਜੀ ਨਾਲ ਚੰਗੇਰੀ ਜ਼ਿੰਦਗੀ ਦੀ ਭਾਲ ਲਈ ਆਪਣਾ ਮੁਲਕ ਛੱਡਣ ਦੇ ਨਾਲ-ਨਾਲ ਕਈ ਹੋਰ ਕਾਰਨ ਪਰਵਾਸ ਦਾ ਕਾਰਨ ਬਣਦੇ ਹਨ। ਪਨਾਹ (Asylum) ਲੈਣੀ ਵੀ ਪਰਵਾਸ ਕਰਨ ਦਾ ਢੰਗ ਹੈ। ਪਨਾਹ ਲੈਣ ਵਾਲੇ ਨੂੰ ਪਨਾਹਗੀਰ . ਕਿਹਾ ਜਾਂਦਾ ਹੈ। ਉਹ ਮਨੁੱਖ ਜਿਹੜਾ ਧਾਰਮਿਕ ਅੱਤਿਆਚਾਰ ਜਾਂ ਰਾਜਨੀਤਕ ਕਾਰਨਾਂ ਕਰਕੇ ਕਿਸੇ ਹੋਰ ਦੇਸ਼ ਅੰਦਰ ਪਨਾਹ ਜਾਂ ਸ਼ਰਨ ਲੈਂਦਾ ਹੈ ਉਸਨੂੰ ਪਨਾਹਗੀਰ ਜਾਂ ਸ਼ਰਨ ਲੈਣਾ ਵਾਲਾ ਕਿਹਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਵਿਚ ਪਨਾਹ/ਸ਼ਰਨ ਲੈਣ ਲਈ ਪਨਾਹਗੀਰ ਦਾ ਅਮਰੀਕਾ ਵਿਚ ਮੌਜੂਦ ਹੋਣਾ ਜ਼ਰੂਰੀ ਹੈ। ਇਹਨਾਂ ਕਾਰਨਾਂ ਕਰਕੇ ਬਹੁਤ ਸਾਰੇ ਪਨਾਹ ਚਾਹੁੰਦੇ ਲੋਕ ਵੀ ਅੱਖਿਆ ਪੈਂਡਿਆਂ ਵਿਚੋਂ ਦੀ ਹੁੰਦੇ ਹੋਏ ਉੱਥੇ ਪਹੁੰਚਦੇ ਹਨ। ਯੂਕਰੇਨ ਅਤੇ ਰੂਸ ਜੰਗ ਦੇ ਸਤਾਏ ਲੋਕ ਯੂਕਰੇਨ ਨੂੰ ਸੁਰੱਖਿਅਤ ਜਗ੍ਹਾਂ ਨਾਂ ਮੰਨਦੇ ਹੋਏ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਪਨਾਹ ਲੈਣ ਦੀ ਅਰਜੀ ਲਾਉਂਦੇ ਹਨ ਜੋਂ ਆਪਣੀ ਜ਼ਿੰਦਗੀ ਨੂੰ ਸ਼ਾਂਤੀ ਅਤੇ ਸੁਖਾਲੇ ਹਲਾਤ ਵਿਚ ਗੁਜ਼ਾਰ ਸਕਣ। ਫਿਲਸਤੀਨ ਅਤੇ ਇਜ਼ਰਾਇਲ, ਸੀਰੀਆ, ਲੈਬਨਾਨ ਆਦਿ ਦੇਸ਼ਾਂ ਵਿੱਚ ਯੁੱਧ ਅਤੇ ਯੁੱਧ ਤੋਂ ਬਾਅਦ ਪੈਦਾ ਹੋਏ ਕਾਰਨਾਂ ਕਰਕੇ ਇਹਨਾਂ ਮੁਲਕਾਂ ਵਿੱਚੋਂ ਲੋਕ ਉਜੜਕੇ ਦੂਜੇ ਮੁਲਕਾਂ ਵਿਚ ਪਨਾਹ/ਸ਼ਰਨ ਪ੍ਰਾਪਤ ਕਰਨ ਲਈ ਮਜਬੂਰ ਹੁੰਦੇ ਹਨ। ਕੌਮਾਂਤਰੀ/ਅੰਤਰਰਾਸ਼ਟਰੀ ਝਗੜਿਆਂ ਅਤੇ ਜੰਗਾਂ ਦੇ ਕਾਰਨ ਬਹੁਤਾ ਕਰਕੇ ਵਪਾਰਕ ਹੁੰਦੇ ਹਨ। ਮੁਨਾਫੇ ਕਮਾਉਣ ਦੀ ਲਾਲਸਾ ਮੁਲਕਾਂ ਨੂੰ ਮੁਲਕਾਂ ਨਾਲ ਅਤੇ ਧਰਮਾਂ ਨੂੰ ਧਰਮਾਂ ਨਾਲ ਲੜਾਉਣ ਲਈ ਅੱਗ ਦਾ ਕੰਮ ਕਰਦੀ ਹੈ। ਕਈ ਵਾਰ ਇੱਕੋ ਮੁਲਕ ਦੇ ਅੰਦਰ ਪੈਦਾ ਹੋਈ ਖਿੱਚੋਤਾਣ ਵੀ ਵੱਖ-ਵੱਖ ਧਰਮਾਂ ਅਤੇ ਸਮੁਦਾਈਆਂ (Communities) ਨੂੰ ਇੱਕ-ਦੂਜੇ ਦੇ ਦੁਸ਼ਮਣ ਬਣਾ ਦਿੰਦੀ ਹੈ। ਰਾਜ (State) ਅਤੇ ਸਰਕਾਰ (Government) ਜਦੋਂ ਕਿਸੇ ਇਕ ਸਮੁਦਾਇ ਨੂੰ ਦਬਾਉਣ ਲਈ ਪੱਬਾਂ-ਭਾਰ ਹੋ ਜਾਂਦੇ ਹਨ ਤਾਂ ਉਸ ਸਮਦਾਇ ਦੇ ਲੋਕ ਵੀ ਪਨਾਹ/ਸ਼ਰਨ ਲੈਣ ਲਈ ਮਜਬੂਰ ਹੋ ਜਾਂਦੇ ਹਨ। ਪਨਾਹ ਲੈਣਾ ਅਤੇ ਆਰਥਿਕ ਕਾਰਨ ਲੋਕਾਂ ਨੂੰ ਪਰਵਾਸ ਕਰਨ ਲਈ ਮਜਬੂਰ ਕਰਦੇ ਹਨ। ਪਨਾਹ ਲੈਣ ਨੂੰ ਧੱਕੇਸ਼ਾਹੀ/ਜਬਰੀ ਪਰਵਾਸ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਢੰਗ ਸੁਪਨਿਆਂ 'ਚੋਂ ਪੈਦਾ ਨਹੀਂ ਹੋਇਆ ਹੁੰਦਾ ਸਗੋਂ ਮਜਬੂਰੀਆਂ ਅਤੇ ਜ਼ੁਲਮ ਤੋਂ ਉਪਜਿਆ ਹੁੰਦਾ ਹੈ।

ਪਰਵਾਸ (Migration) ਕਰਕੇ ਬਿਗਾਨੇ ਮੁਲਕਾਂ ਵਿਚ ਵਸੇ ਲੋਕਾਂ ਨੂੰ ਉੱਥੇ ਦੇ ਵਸਨੀਕਾਂ, ਸਰਕਾਰਾਂ ਵੱਲੋਂ ਵੀ ਵੰਗਾਰਾਂ/ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਸਨੀਕਾਂ ਅਤੇ ਸਰਕਾਰਾਂ ਵੱਲੋਂ ਪਰਵਾਸੀਆਂ ਨੂੰ ਬੇਗਾਨੇ ਜੋ ਆ ਕੇ ਉਹਨਾਂ ਦੀ ਧਰਤੀ 'ਤੇ ਵੱਸ ਗਏ ਹਨ, ਸਮਝਿਆ ਜਾਂਦਾ ਹੈ। ਨਵ-ਵਸਿਆਂ ਨੂੰ ਨਵੇਂ-ਕਾਨੂੰਨੀ ਅਤੇ ਸੱਭਿਆਚਾਰਕ ਮਾਹੌਲ ਵਿਚ ਘੁਲਦਿਆਂ ਸਮਾਂ ਲਗਦਾ ਹੈ। ਆਰਥਿਕਤਾ, ਥੁੜ੍ਹਾਂ ਵਿਚ ਪੈਦਾ ਹੋਇਆਂ ਨੂੰ ਖੁਸ਼ੀਆਂ ਬਖ਼ਸ਼ਦੀ ਹੈ ਪਰੰਤੂ ਆਪਣੀ ਭਾਸ਼ਾ, ਲੋਰੀ ਅਖਣੱਤ ਤੋਂ ਸੱਖਣੇ ਹਿਰਦਿਆਂ ਨੂੰ ਧੂਹ ਪੈਂਦੀ ਹੈ। ਅੱਤ ਦੀ ਮਿਹਨਤ ਨਾਲ ਘਰ, ਗੱਡੀਆਂ ਖਰਦੀਣ ਤੋਂ ਪਹਿਲਾਂ ਕਰਜ਼ਾ ਉਤਾਰਣਾ ਅਤੇ ਮਾਪਿਆਂ ਵੱਲੋਂ ਸੌਂਪੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿਚ ਜਵਾਨੀ ਲੰਘ ਜਾਂਦੀ ਹੈ। ਆਰਥਿਕਤਾ ਮਜ਼ਬੂਤ ਹੁੰਦਿਆਂ ਅੰਦਰਲਾ ਸੱਭਿਆਚਾਰਕ ਸੰਘਰਸ਼ ਜਾਗਦਾ ਹੈ। ਬਿਗਾਨੇ ਮੁਲਕਾਂ ਵਿਚ ਬੈਠਿਆਂ ਆਪਣੀ ਭਾਸ਼ਾ ਅਤੇ ਸੱਭਿਆਚਾਰ ਹੋਰ ਵੀ ਦਿਲਕਸ਼ ਲੱਗਣ ਲੱਗਦਾ ਹੈ। ਆਪਣੀ ਸੱਭਿਆਚਰਕ ਹੋਂਦ ਖ਼ਤਮ ਹੁੰਦੀ ਜਾਪਦੀ ਹੈ। ਸਿਆਣਾ ਹੁੰਦਾ ਪਰਵਾਸੀ, ਸਰਕਾਰ ਨੂੰ ਸੱਭਿਆਚਾਰ ਤੋਂ ਨਿਖੇੜਦਾ ਹੈ। ਆਰਥਿਕਤਾ ਵਿਚਲੀਆਂ ਖਾਮੀਆਂ ਸਰਕਾਰ ਦੀਆਂ ਜ਼ਿੰਮੇਵਾਰੀਆਂ ਸਨ ਜੋ ਉਸ ਨੇ ਪੂਰੀਆ ਨਹੀਂ ਕੀਤੀਆਂ। ਬਿਗਾਨੇ ਮੁਲਕ ਦਾ ਸੱਭਿਆਚਾਰ ਜੋ ਸ਼ੁਰੂ ਵਿਚ ਖਿੱਚਦਾ ਸੀ ਹੁਣ ਆਪਣੇ ਸੱਭਿਆਚਾਰ ਦੇ ਬਰਾਬਰ ਹੀ ਜਾਪਦਾ ਹੈ। ਜ਼ਿੰਦਗੀ ਦੇ ਤਮਾਮ ਤਜਰਬੇ ਜਿੰਦਗੀ ਨੂੰ ਸਮਝਣ ਦੇ ਕਾਬਲ ਕਰਦੇ ਜਾਂਦੇ ਹਨ। ਜਵਾਨੀ ਦੇ ਇਨ੍ਹਾਂ ਵਿੱਚ ਪੱਛਮੀ ਰੰਗ ਵਿਚ ਰੰਗੀ ਦੁਨੀਆਂ ਜਿਸ ਵਿਚ ਚੀਜ਼ਾਂ ਦੀ ਭੁੱਖ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਹੀ ਜ਼ਿੰਦਗੀ ਲਗਦੀ ਸੀ।

ਸਮਾਂ ਗੁਜ਼ਰਨ ਨਾਲ ਮੋਬਾਇਲ 'ਤੇ ਵਾਰ-ਵਾਰ ਆਉਂਦੀਆਂ ਮਸ਼ਹੂਰੀਆਂ (Advertisement) ਦੀ ਚਾਲ ਸਮਝ ਆਉਣ ਲੱਗਦੀ ਹੈ। ਮਨੁੱਖ ਆਪਣੇ ਅੰਦਰੋਂ ਆਪਣੀ ਜ਼ਿੰਦਗੀ ਦੇ ਮਾਇਨੇ (Meaning) ਖੋਜਣ ਲੱਗਦਾ ਹੈ। ਉਪਰੋਕਤ ਸੰਘਰਸ਼ ਪਰਵਾਸੀ ਦੇ ਮਨ ਦੀ ਮਨੋ-ਦਸ਼ਾ ਵਿਚਲੀ ਪੀੜਾ, ਉਲਝਣ ਦੇ ਪ੍ਰਗਟਾਵੇ ਦਾ ਅੰਸ਼ ਮਾਤਰ ਹੀ ਹੈ।

ਅਭਿਆਸ

I. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ—

ੳ. ਸੰਯੁਕਤ ਰਾਸ਼ਟਰ ਦੁਆਰਾ ਮਨੁੱਖੀ ਅਧਿਕਾਰਾਂ ਦਾ ਐਲਾਨ ਕਦੋਂ ਕੀਤਾ ਗਿਆ ?

(i) 10 ਦਸੰਬਰ, 1948 (ii) 6 ਜਨਵਰੀ, 2006

(iii) 5 ਦਸੰਬਰ, 1947 (iv) 5 ਫਰਵਰੀ, 1950

ਅ. ਮਨੁਖੀ ਅਧਿਕਾਰ ਕੌਂਸਲ ਦੀ ਸਥਾਪਨਾ ਕਿਸ ਦੁਆਰਾ ਕੀਤੀ ਗਈ ?

(i) ਸਲਾਮਤੀ ਪਰਿਸ਼ਦ (ii) ਮਹਾਂ ਸਭਾ

(iii) ਸਕੱਤਰੇਤ (iv) ਟਰੱਸਟੀਸ਼ਿਪ ਕੌਂਸਲ

ਇ. ਸੰਯੁਕਤ ਰਾਸ਼ਟਰ ਦੀਆਂ ਮਨੁੱਖੀ ਅਧਿਕਾਰਾਂ ਲਈ ਗ਼ੈਰ ਰਾਜਨੀਤਕ ਸੰਸਥਾਵਾਂ ਕਿਹੜੀਆਂ ਨਹੀਂ ਹਨ ?

(i) ਐਮਨੈਸਟੀ ਇੰਟਰਨੈਸ਼ਨਲ (ii) ਔਕਸਫ਼ੈਮ

(iii) ਹਿਊਮਨ ਰਾਈਟਸ ਵਾਚ (iv) ਰਿਲਾਇੰਸ ਇੰਡਸਟਰੀਜ਼

ਸ. ਸੁਰੱਖਿਆ ਪਰਿਸ਼ਦ ਦੇ ਕੁੱਲ ਕਿੰਨੇ ਮੈਂਬਰ ਹੁੰਦਾ ਹਨ ?

(i) 13 (ii) 10

(iii) 5 (iv) 15

ਹ. ਸਲਾਮਤੀ ਕੌਂਸਲ ਦੇ 5 ਸਥਾਈ ਮੈਂਬਰਾਂ ਵਿੱਚ ਕਿਸੇ ਮੁੱਦੇ ਤੇ ਇੱਕ ਮੈਂਬਰੀ ਦੀ ਵੀ ਅਸਹਿਮਤੀ ਨੂੰ ਕੀ ਕਿਹਾ ਜਾਂਦਾ ਹੈ ?

ਕ. ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਪੂਰਾ ਵਿਸ਼ਵ ਕਿਨ੍ਹਾਂ ਦੋ ਪ੍ਰਮੁੱਖ ਸ਼ਕਤੀਆਂ ਵਿਚਾਲੇ ਵੰਡਿਆ ਗਿਆ ?

ਖ. PTBT ਦਾ ਪੂਰਾ ਨਾਮ ਲਿਖੋ।

ਗ. ਭਾਰਤ ਨੇ ਪਹਿਲਾ ਪ੍ਰਮਾਣੂ ਬੰਬ ਟੈਸਟ ਕਿੱਥੇ ਕੀਤਾ ਸੀ ?

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ—

ੳ. ਸੰਯੁਕਤ ਰਾਸ਼ਟਰ ਬਾਰੇ ਲਿਖੋ।

ਅ. ਮਨੁੱਖੀ ਅਧਿਕਾਰਾ ਦੇ ਵਿਸ਼ਵ-ਵਿਆਪੀ ਐਲਨ ਤੋਂ ਕੀ ਭਾਵ ਹੈ ?

ਇ. ਸਿਵਲ ਨਾਗਰਿਕ ਅਤੇ ਰਾਜਨੀਤਕ ਅਧਿਕਾਰ ਕਿਹੜੇ ਹੁੰਦੇ ਹਨ ?

ਸ. ਨਿਸ਼ਸਤਰੀਕਰਨ ਦਾ ਅਰਥ ਬਿਆਨ ਕਰੋ।

ਹ. ਵਿਸ਼ਵੀਕਰਨ ਤੋਂ ਕੀ ਭਾਵ ਹੈ ?

ਕ. ਖਪਤਕਾਰੀ ਸੱਭਿਆਚਾਰ ਬਾਰੇ ਉਦਾਹਰਨ ਸਹਿਤ ਲਿਖੋ।

ਖ. ਨਾਟੋ ਉਪਰ ਨੋਟ ਲਿਖੋ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ।

ੳ. ਸਿਵਲ ਨਾਗਰਿਕ ਅਤੇ ਰਾਜਨੀਤਕ ਅਧਿਕਾਰਾਂ ਦਾ ਉਦਾਹਰਨਾਂ ਸਹਿਤ ਵਰਨਣ ਕਰੋ।

ਅ. ਨਿਸ਼ਸਤਰੀਕਰਨ ਲਈ ਕੀਤੇ ਗਏ ਮੁੱਖ ਉਪਰਾਲਿਆਂ ਦਾ ਵਰਨਣ ਕਰੋ।

ਇ. ਵਿਸ਼ਵੀਕਰਨ ਦੇ ਵੱਖ-ਵੱਖ ਪਹਿਲੂਆਂ ਦਾ ਵਰਨਣ ਕਰੋ।

'ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ', ਪੰਜਾਬ।